ੴ ਸਤਿਗੁਰ ਪ੍ਰਸਾਦਿ॥

# ਸ੍ਰੀ ਅਸ਼ਟ ਗੁਰ ਚਮਤਕਾਰ

[ਭਾਗ-੩]

- ਅਰਥਾਤ -

ਜੀਵਨ ਪ੍ਰਸੰਗ ਛੇਵੀਂ ਪਾਤਸ਼ਾਹੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

**ਭਾਈ ਸਾਹਿਬ ਭਾਈ ਵੀਰ ਸਿੰਘ**

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ

ਨਵੀਂ ਦਿੱਲੀ-110001



www.sikhbookclub.com

## ਛਪਾਈ ਦਾ ਵੇਰਵਾ

| | | | |
|---|---|---|---|
| ਪਹਿਲੀ | ਵਾਰ | ਫਰਵਰੀ, | 1981 |
| ਦੂਜੀ | ਵਾਰ | ਨਵੰਬਰ, | 1993 |
| ਤੀਜੀ | ਵਾਰ | ਅਪ੍ਰੈਲ, | 1996 |
| ਚਉਥੀ | ਵਾਰ | ਜੂਨ, | 2000 |
| ਪੰਜਵੀਂ | ਵਾਰ | ਜਨਵਰੀ, | 2005 |
| ਛੇਵੀਂ | ਵਾਰ | ਮਈ, | 2008 |
| ਸਤਵੀਂ | ਵਾਰ | ਜੁਲਾਈ, | 2010 |

Sri Asht Guru Chamatkar Vol.-III
Bhai Vir Singh

ISBN : 978-93-80854-04-5


© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ


7ਵੀਂ ਛਾਪ : ਜੁਲਾਈ, 2010

***ਪ੍ਰਕਾਸ਼ਕ :***
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer :***
Printograph
2966/41, Beadon Pura
Karol Bagh, New Delhi-110 005

ਮੁੱਲ : 150/- ਰੁਪਏ



www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਅਸ਼ਟ ਗੁਰ ਚਮਤਕਾਰ ਭਾਗ-੩


## ਛਪਾਈ ਦਾ ਵੇਰਵਾ

| | |
|---|---|
| ਪਹਿਲੀ | ਫਰਵਰੀ, ੧੯੮੧ |
| ਦੂਜੀ | ਨਵੰਬਰ, ੧੯੯੩ |
| ਤੀਜੀ | ਅਪ੍ਰੈਲ, ੧੯੯੬ |
| ਚਉਥੀ | ਜੂਨ, ੨੦੦੦ |
| ਪੰਜਵੀਂ | ਜਨਵਰੀ, ੨੦੦੮ ਕੰਪਿਊਟਰਾਈਜ਼ਡ |





www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੩

## ਚਿਤ੍ਰ-ਚਿਤ੍ਰਣ

**ਛੇਵੇਂ ਪਾਤਸ਼ਾਹ,** ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਚਿਤ੍ਰ ਜੋ ਇਸ ਪੁਸਤਕ ਵਿਚ ਦਿਤਾ ਗਿਆ ਹੈ, ਆਰਟਿਸਟ ਸੋਭਾ ਸਿੰਘ ਦਾ ਸ਼ਾਹਕਾਰ ਹੈ। ਇਸਦੀ ਇਕ ਖਾਸ ਵਿਸ਼ੇਸ਼ਤਾ ਵੀ ਹੈ: ਭਾਵੇਂ ਬੁਰਸ਼ ਤਾਂ ਸੋਭਾ ਸਿੰਘ ਦਾ ਹੈ ਤੇ ਉਸਦੇ ਹੱਥੋਂ ਹੀ ਏਹ ਚਿਤ੍ਰਿਆ ਗਇਆ, ਪਰ ਇਸਦਾ ਅਨੁਭਵ, ਆਕਾਰ, ਪ੍ਰਤਿਭਾ, ਖਣਾਵਟ, ਖੂਬਸੂਰਤੀ ਆਦਿ ਦਾ ਪ੍ਰੋਤਸਾਹਨ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਹੈ।

ਜਿਥੋਂ ਤਕ ਸਾਨੂੰ ਪਤਾ ਹੈ, ਜਿਤਨੇ ਨਕਸ਼-ਨਿਗਾਰ, ਰੇਖਾ, ਚਿਤ੍ਰ, ਗੁਰੂ ਸਾਹਿਬਾਨ ਦੇ ਮਿਲਦੇ ਹਨ, ਏਹ ਸਭ ਗੁਰੂ-ਕਾਲ-ਚਕਰ ਦੇ ਮਗਰੋਂ ਉਕਰੇ ਗਏ ਹਨ। ਇਨ੍ਹਾਂ ਵਿਚੋਂ ਕੋਈ ਵੀ ਐਸਾ ਚਿਤ੍ਰ ਨਹੀਂ ਜੋ ਗੁਰੂ ਸਾਹਿਬਾਨ ਦੇ ਸਮਕਾਲੀ ਚਿਤ੍ਰਕਾਰ ਨੇ ਬਣਾਇਆ ਹੋਵੇ। ਇਸੇ ਕਾਰਨ ਭਾਈ ਸਾਹਿਬ ਜੀ ਕਹਿੰਦੇ ਹੁੰਦੇ ਸਨ ਕਿ ਇਨ੍ਹਾਂ ਸਾਰੀਆਂ ਤਸਵੀਰਾਂ ਵਿਚ ਚਿਤ੍ਰਕਾਰਾਂ ਦੇ ਆਪੋ ਆਪਣੇ ਦਿਮਾਗੀ ਰੂਪ ਨਜ਼ਰੀ ਆਉਂਦੇ ਹਨ। ਜਿਵੇਂ ਕਿਵੇਂ ਕਿਸੇ ਚਿਤ੍ਰਕਾਰ ਨੂੰ ਸੁਝਿਆ ਉਸੇ ਤਰ੍ਹਾਂ ਉਸਨੇ ਆਪਣੇ ਮਨੋਵੇਧਕ ਗਜਾਤ ਅਨੁਸਾਰ ਚਿਤ੍ਰ ਨੂੰ ਘੜ ਦਿਤਾ। ਮਿਸਾਲ ਦੇ ਤੌਰ ਤੇ ਵੇਖੋ ਗੁਰੂ ਸਾਹਿਬ ਦੇ ਮੁਗਲ-ਕਾਲ ਦੇ ਸਮੇਂ ਦੇ ਬਣਾਏ ਹੋਏ ਚਿਤ੍ਰ। ਇਨ੍ਹਾਂ ਸਭਨਾਂ ਵਿਚ ਗੁਰੂ ਸਾਹਿਬਾਨ ਦੇ ਚਿਹਰੇ ਦੀ ਛਾਪ ਕਿਸੇ ਮੁਸਲਮਾਨ ਫਕੀਰ ਯਾ ਮੁਗਲ ਡੀਲ ਡੋਲ ਨਾਲ ਮਿਲਦੀ ਜੁਲਦੀ ਹੈ, ਜੋ ਸਾਡੀ ਜਾਂਚੇ ਕਦੀ ਵੀ ਸਹੀ ਨਹੀਂ ਹੋ ਸਕਦੀ।

ਪਿਛਲੀ ਸਦੀ ਦੇ ਅਖੀਰਲੇ ਦਹਾਕੇ ਤੋਂ ਫਰਾਂਸ ਵਿਚ ਸ਼ੁਰੂ ਹੋਈ ਚਿਤ੍ਰਕਾਰੀ ਦੀ ਇਕ ਵਿਸ਼ੇਸ਼ ਸ਼ੈਲੀ ਇਮਪ੍ਰੈਸ਼ਨਿਜ਼ਮ (Impressionism) ਹੈ ਜਿਸਨੇ ਕਲਾ ਕੌਸ਼ਲ ਹੁਨਰ ਵਿਚ ਇਕ ਨਵਾਂ ਇਨਕਲਾਬ ਲਿਆ ਦਿਤਾ। ਇਸ ਤੋਂ ਪਹਿਲਾਂ ਚਿਤ੍ਰਕਾਰ ਕੁਦਰਤ ਦੀ ਖੂਬਸੂਰਤੀ ਨੂੰ ਅਪਣੇ ਚਿਤ੍ਰ ਵਿਚ ਪੈਦਾ ਕਰਨ ਦੀ ਯੋਗਤਾ ਨੂੰ ਹੀ ਸਫਲਤਾ ਸਮਝਦੇ ਸਨ। ਪਰ ਫਰਾਂਸ ਦੇ ਯੁਵਕ ਚਿਤ੍ਰਕਾਰਾਂ ਨੇ ਇਸ ਰੀਤ ਨੂੰ ਛਡਕੇ ਆਪੋ ਆਪਣੇ ਪ੍ਰਭਾਵਾਂ ਅਨੁਸਾਰ ਬਣਾਈ ਚਿਤ੍ਰਕਾਰੀ ਨੂੰ ਤਰਜੀਹ ਦਿਤੀ। ਚਿਤ੍ਰਕਾਰੀ ਦਾ ਰੂਪ ਹੁਣ ਬਦਲ ਗਇਆ। ਨਾ ਹੀ ਇਸ ਵਿਚ ਪੁਰਾਣੀ ਖੂਬਸੂਰਤੀ ਨਜ਼ਰੀ ਆਉਂਦੀ ਸੀ ਤੇ ਨਾ ਹੀ ਇਸਦੇ ਸੂਤ, ਦਿਸ਼ਾ ਯਾ ਰੰਗਤ ਵਿਚ ਪਹਿਲੇ ਵਰਗੀ ਪੁਨਰ ਉਤਪਾਦਨ। ਜਿਵੇਂ ਕਿਸੇ ਆਰਟਿਸਟ ਨੂੰ ਸੁਝਿਆ ਉਵੇਂ ਹੀ ਉਸਨੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰ ਵਿਖਾਈ। ਏਸ ਸਾਰੇ ਵੇਰਵੇ ਨੂੰ ਦੱਸਣ ਦਾ ਸਾਡਾ ਪ੍ਰਯੋਜਨ ਕੇਵਲ ਏਹ ਹੈ ਕਿ ਗੁਰੂ ਸਾਹਿਬਾਨ ਦੇ ਚਿਤ੍ਰ ਮਨ-ਘੜਤ ਹਨ ਜੋ ਵਖੋ ਵਖ ਚਿਤਕਾਰਾਂ ਦੀ ਕਲਪਨਾ ਯਾ ਨਿਰੂਪਣ ਸ਼ਕਤੀ ਨੂੰ ਮੂਰਤੀਮਾਨ ਕਰਦੇ ਹਨ।


www.sikhbookclub.com

1940 ਦੇ ਲਗ-ਪਗ, ਸੋਭਾ ਸਿੰਘ ਇਕ ਅਣਪਛਾਤਾ ਯੁਵਕ ਚਿਤ੍ਰਕਾਰ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸਨੂੰ ਲਾਹੌਰ ਤੋਂ ਅੰਮ੍ਰਿਤਸਰ ਸਦ ਘਲਿਆ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਿਤ੍ਰ ਨੂੰ ਬਣਾਉਣ ਦਾ ਕੰਮ ਸੌਂਪਿਆ। ਹਰ ਹਫਤੇ ਦੋ ਹਫਤੇ ਮਗਰੋਂ, ਸੋਭਾ ਸਿੰਘ ਅੰਮ੍ਰਿਤਸਰ ਆਉਂਦਾ ਤੇ ਆਪਣੇ ਵਾਹੇ ਹੋਏ ਚਿਤ੍ਰ ਦਾ ਨਮੂਨਾ ਦਿਖਾਉਂਦਾ। ਘੰਟਿਆਂ ਬੱਧੀ ਭਾਈ ਸਾਹਿਬ ਸੋਭਾ ਸਿੰਘ ਨੂੰ ਹਿਦਾਇਤਾਂ ਦਿੰਦੇ ਰਹਿੰਦੇ। ਗੁਰੂ ਸਾਹਿਬ ਦੀ ਵਿਅਕਤੀਗਤ ਸ਼ਖਸੀਅਤ ਉਪਰ ਰੋਸ਼ਨੀ ਪਾਉਂਦੇ, ਜਿਸਮਾਨੀ ਡੀਲਡੋਲ, ਆਤਮਕ ਅਤੇ ਰੂਹਾਨੀ ਪ੍ਰਭਾਵ, ਚਿਹਰੇ ਤੇ ਨੇਤਰਾਂ ਦੀ ਕਸ਼ਸ਼ ਨੂੰ ਵਿਸਥਾਰਦੇ ਤੇ ਸਪਸ਼ਟ ਕਰਦੇ। ਸੋਭਾ ਸਿੰਘ ਨੇ ਅਨੇਕ ਚਿਤ੍ਰ ਬਣਾਏ ਤੇ ਉਹਨਾਂ ਵਿਚ ਭਾਈ ਸਾਹਿਬ ਦੇ ਆਦੇਸ਼ ਅਨੁਸਾਰ ਅਦਲਾ ਬਦਲੀ ਕਰਦਾ ਰਿਹਾ। ਚਿਤ੍ਰ ਨੂੰ ਅੰਤਮ ਰੂਪ ਦੇਣ ਵਿਚ ਤਕਰੀਬਨ ਛੇ ਮਹੀਨੇ ਲਗ ਗਏ।

ਏਹ ਚਿਤ੍ਰ ਉਸ ਅਣਥਕ ਮਿਹਨਤ ਦਾ ਪਰਿਣਾਮ ਹੈ ਜਿਸ ਵਿਚ ਇਕ ਪਾਸੇ ਤਾਂ ਸੋਭਾ ਸਿੰਘ ਵਰਗੇ ਮਹਾਨ ਚਿਤ੍ਰਕਾਰ ਦੀ ਕਲਾਤਮਕ ਸੁੰਦਰਤਾ ਹੈ ਅਤੇ ਦੂਜੇ ਪਾਸੇ ਭਾਈ ਸਾਹਿਬ ਜੀ ਜੇਹੇ ਅਨੁਭਵੀ ਸੰਤ-ਕਵੀ ਦਾ ਪ੍ਰੋਤਸਾਹਨ ਤੇ ਗਜਾਤ ਇਸ ਵਿਚ ਡੁਲ੍ਹ ਡੁਲ੍ਹ ਪੈਂਦੀ ਹੈ। ਭਾਈ ਸਾਹਿਬ ਕੇਵਲ ਇਕ ਸੰਤ-ਫਕੀਰ ਹੀ ਨਹੀਂ ਸਨ, ਸਗੋਂ ਅਜੋਕੇ ਜਮਾਨੇ ਦੇ ਇਕ ਮਾਨਜਵਰ ਵਿਦਵਾਨ, ਸਿਖ ਇਤਿਹਾਸ ਤੇ ਫਲਸਫਾ ਦੇ ਦਾਰਸ਼ਨਿਕ ਪ੍ਰਤਿਨਿਧੀ ਵੀ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜੋ ਰੂਪ ਏਸ ਚਿਤ੍ਰ ਤੋਂ ਨਜ਼ਰੀ ਆਉਂਦਾ ਹੈ, ਉਹ ਮਾਨੋਂ ਭਾਈ ਸਾਹਿਬ ਦੀ ਨਿਜੀ ਅਨੁਭਵਤਾ ਦਾ ਸਰੂਪ ਹੈ, ਜਿਸ ਵਿਚੋਂ ਗੁਰੂ ਸਹਿਬ ਦੀ ਦੈਵੀ ਸ਼ਖਸੀਅਤ, ਮੀਰੀ-ਪੀਰੀ ਦੇ ਮਾਲਕ ਦੀ ਡੀਲ ਡੌਲ, ਰੂਹਾਨੀ ਤੇ ਤੇਜਸਵੀ ਸਰੂਪ ਦੀ ਝਲਕ ਪੈਂਦੀ ਹੈ।

ਏਸ ਚਿਤ੍ਰ ਦਾ ਅਸਲ, ਕੇਂਦਰ ਪਾਸ, ਪੰਚਬਟੀ ਵਿਖੇ, ਸੁਰਖਸ਼ਤ ਹੈ।

**ਸ਼ਿਵਨਾਥ ਸਿੰਘ**

ਪੰਚਬਟੀ ਡੇਹਰਾਦੂਨ
16-1-1981






www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥


# ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੩

## ਤਿਨਕ-ਤਰਲਾ

**੧. ਭਾਈ ਸਾਹਿਬ** ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਪ੍ਰਸੰਗ, ਬੰਬਈ ਵਿਖੇ ੧-੩-੫੫ ਨੂੰ ਅਰੰਭ ਕੀਤੇ, ਜਿਵੇਂ ਕਿ ਆਪ ਜੀ ਦੀ ਹਸਤ-ਲਿਖਤ ਤੋਂ ਪ੍ਰਗਟ ਹੈ:—


੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

੨. ਇਸ ਕਾਰਜ ਨੂੰ ਸਿਰੇ ਚਾੜ੍ਹਣ ਲਈ ਆਪ ਜੀ ਨੇ ਇਕ ਵਿਉਂਤ ਉਲੀਕੀ, ਕਈ ਯਾਦਾਸ਼ਤਾਂ ਨੋਟ ਕੀਤੀਆਂ, ਇਹ ਨੋਟ ਆਪ ਦੀ ਆਪਣੀ ਕਲਮ ਦੀ ਨਵਿਸ਼ਤ ਵਿਚ ਪੰਚ-ਬਟੀ ਵਿਚ ਵਿਦਮਾਨ ਹਨ। ਇਕ ਨੋਟ ਦੇ ਪਹਿਲੇ ਪੰਨੇ ਦਾ Fascimile ਸਫਾ ਨੰ: (vi) ਉਪਰ ਦਿਤਾ ਹੈ, ਨਾਲ ਹੀ ਇਕ ਨੋਟ-ਬੁਕ ਦੇ ਟਾਈਟਲ ਦਾ ਚਿਤਰ ਹੇਠ ਦਿਤਾ ਹੈ। ਇਸ ਨੋਟ-ਬੁਕ ਵਿਚ ਟ੍ਰੈਕਟਾਂ ਦੇ ਨੰਬਰ ਆਦਿ ਯਾਦਾਸ਼ਤਾਂ ਹਨ।



**(ਛੇਵੇਂ ਸਤਿਗੁਰ ਦੇ ਜੀਵਨ ਸੰਬੰਧੀ ਸੂਚੀ ਤੇ ਟ੍ਰੈਕਟਾਂ ਤੇ ਲੇਖਾਂ ਦੇ ਨੰਬਰ ਤੇ ਪਤੇ)**

੩. ਇਹ ਸਾਰਾ ਮਸਾਲਾ ਇੱਕ ਬਸਤੇ ਵਿਚ ਇਕੱਤ੍ਰ ਸੀ, ਜਦੋਂ ਜਦੋਂ ਜਿੱਥੇ ਜਿੱਥੇ ਆਪ ਇਸ ਕਾਰਜ ਦੀ ਪੂਰਤੀ ਲਈ ਲਿਖਣ ਬੈਠਦੇ, ਇਹ ਬਸਤਾ ਨਾਲ ਰਹਿੰਦਾ, ਇਸ ਵਿਚ ਅਸਲ ਲਿਖਤ ਅਤੇ ਉਤਾਰੇ ਰਖੇ ਸਨ। ਇਹ ਕਾਰਜ ਅਜੇ ਜਾਰੀ ਸੀ ਕਿ ਧੁਰੋਂ ਸਦੇ ਆ ਗਏ। ੧੦-੬-੧੯੫੭ ਨੂੰ ਆਪ ਗੁਰ-ਗੋਦ ਜਾ ਬਿਰਾਜੇ।

੪. ਫੇਰ ਭਾਈ ਸਾਹਿਬ ਦੇ ਛੋਹੇ ਕਾਰਜਾਂ ਦੀ ਪੂਰਤੀ, ਉਹਨਾਂ ਦੇ ਵੀਰ ਡਾਕਟਰ ਬਲਬੀਰ ਸਿੰਘ ਜੀ ਨੇ, ਆਪ ਜੀ ਦੀ ਵਸੀਅਤ ਮੁਜਬ, ਸੰਭਾਲੀ। ਡਾਕਟਰ ਸਾਹਿਬ ਨੇ--




www.sikhbookclub.com

* ਸੰਖਯਾ ਪੋਥੀ ਦੇ ੭ ਭਾਗ ਛਾਪ ਕੇ

* ਅਸ਼ਟ ਗੁਰ ਚਮਤਕਾਰ ਦੇ ਦੂਜੇ ਭਾਗ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ) ਨੂੰ ਛਾਪੇ ਦਾ ਜਾਮਾ ਪਹਿਨਾ ਕੇ, ਭਲੀ-ਭਾਂਤ ਜ਼ਿਮੇਵਾਰੀ ਨਿਬਾਹੀ।

੫. ਫੇਰ ਆਪ (ਡਾ. ਬਲਬੀਰ ਸਿੰਘ ਜੀ) ਨੇ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਮਹਾਂ ਕਾਰਜ ਨੂੰ ਆਰੰਭ ਕੀਤਾ। ਇਹ ਕਾਰਜ ਚਲ ਹੀ ਰਿਹਾ ਸੀ ਕਿ ਧੁਰੋਂ ਸਦੇ ਆ ਗਏ ਅਰ ਆਪ ੧-੧੦-੧੯੭੪ ਨੂੰ ਗੁਰੂ-ਗੋਦ ਜਾ ਬਿਰਾਜੇ। ਇਸ ਤੋਂ ਪਹਿਲੇ ਆਪ ਵਿਰਸੇ ਵਿਚ ਮਿਲੀ ਭਾਈ ਸਾਹਿਬ ਦੀ ਜਾਇਦਾਦ : ਖਾਲਸਾ ਸਮਾਚਾਰ, ਖਾਲਸਾ ਸਮਾਚਾਰ ਦੀਆਂ ਪ੍ਰਕਾਸ਼ਤ ਪੁਸਤਕਾਂ ਅਤੇ ਭਾਈ ਸਾਹਿਬ ਦਾ ੬੦, ਲਾਰੈਂਸ ਰੋਡ, ਅੰਮ੍ਰਿਤਸਰ ਦਾ ਨਿਵਾਸ ਅਸਥਾਨ "ਭਾਈ ਵੀਰ ਸਿੰਘ ਸਾਹਿਤਯ ਸਦਨ" ਨਵੀਂ ਦਿੱਲੀ ਨੂੰ ਪ੍ਰਦਾਨ ਕਰ ਚੁਕੇ ਸਨ। ਫੇਰ ਆਪ ਨੇ ਆਪਣੇ ਜੀਨੇ-ਹਯਾਤ ਇਕ ਸਾਹਿਤਯ ਕੇਂਦਰ ਬਨਾਇਆ। ਇਸ ਦੇ ਨੀਯਮਾਂ ਉਪਨੀਯਮਾਂ ਨੂੰ ਰਜਿਸਟਰਡ ਕਰਵਾਉਣ ਲਈ ਵਿਸ਼ੇਸ਼ ਆਦਮੀ ਨੂੰ ਲਖਨਊ ਭੇਜਿਆ ਅਤੇ ਕੁਦਰਤ ਦੇ ਖੇਲ— ਜਦ ੪-੧੦-੧੯੭੪ ਨੂੰ ਆਪ ਦੀਆਂ ਅਸਤੀਆਂ ਪਾਉਂਟਾ ਸਾਹਿਬ ਅਸਥਾਨ ਵਿਖੇ ਜਮਨਾ ਵਿਚ ਜਲ-ਪ੍ਰਵਾਹ ਹੋ ਰਹੀਆਂ ਸਨ, ਉਸ ਦਿਨ ਸਰਕਾਰ ਨੇ 'ਡਾਕਟਰ ਬਲਬੀਰ ਸਿੰਘ ਸਾਹਿਤਯ ਕੇਂਦਰ' ਨੂੰ ਸ੍ਰੀਕਾਰਤਾ ਦਿਤੀ।

੬. ਡਾ: ਸਾਹਿਬ ਦੇ ਸਚਖੰਡ ਪਿਆਨੇ ਮਗਰੋਂ, ਉਨ੍ਹਾਂ ਦੀ ਸਪੁਤ੍ਰੀ ਬੀਬੀ ਮਹਿੰਦਰ ਕੌਰ ਤੇ ਬੀਬੀ ਜੀ ਦੇ ਪਤੀ ਸ੍ਰ: ਸ਼ਿਵਨਾਥ ਸਿੰਘ ਜੀ ਨੇ ਕੇਂਦਰ ਨੂੰ ਅਮਲੀ ਜਾਮਾ ਪਹਿਨਾਣ ਦੇ ਜਤਨ ਅਰੰਭ ਦਿਤੇ। ਸਭ ਤੋਂ ਪਹਿਲਾਂ ਬੀਬੀ ਮਹਿੰਦਰ ਕੌਰ ਨੇ ਪੰਚਬਟੀ ਦੀ ਸਾਰੀ ਜਾਇਦਾਦ ਸਣੇ ਚਾਰ ਪੁਸ਼ਤਾਂ (ਬਾਬਾ ਕਾਨ੍ਹ ਸਿੰਘ, ਡਾ: ਚਰਨ ਸਿੰਘ, ਭਾਈ ਸਾਹਿਬ ਭਾਈ ਵੀਰ ਸਿੰਘ ਅਤੇ ਡਾ: ਬਲਬੀਰ ਸਿੰਘ) ਦੀ ਬਹੁਮੁਲੀ ਸੌ ਸਾਲਾਂ ਦੇ ਲਗਪਗ ਵਿਚ ਇਕਤ੍ਰ ਕੀਤੀ ਹੋਈ ਪੁਸਤਕਾਲਯ, ਹੋਰ ਚਿਤ੍ਰਾਂ ਆਦਿ ਵਸਤੂਆਂ ਸਮੇਤ ਕੇਂਦਰ ਨੂੰ ਪਰਦਾਨ ਕੀਤੀ। ਉਸਤੋਂ ਉਪਰੰਤ ਡਾ: ਇੰਦਰਜੀਤ ਸਿੰਘ, ਪ੍ਰੈਜ਼ੀਡੈਂਟ ਡਾ: ਬਲਬੀਰ ਸਿੰਘ ਸਾਹਿਤਯ ਕੇਂਦਰ ਦੀ ਅਗਵਾਈ ਹੇਠ, ਸ੍ਰ: ਸ਼ਿਵਨਾਥ ਸਿੰਘ ਜੀ ਨੇ ਕੇਂਦਰ ਦੀ ਆਨਰੇਰੀ ਸਕਤ੍ਰ ਦੀ ਜ਼ਿਮੇਵਾਰੀ ਸੰਭਾਲੀ। ਕੇਂਦਰ ਚਾਹੁੰਦਾ ਹੈ ਕਿ ਪੰਚਬਟੀ ਜੋ ਸਾਲਾਂ-ਬੱਧੀ ਭਾਈ ਸਾਹਿਬ ਅਤੇ ਉਨ੍ਹਾਂ ਦੇ ਵੀਰ, ਡਾ: ਬਲਬੀਰ ਸਿੰਘ ਜੀ ਦਾ ਨਿਵਾਸ ਅਸਥਾਨ ਟਿਕਿਆ ਰਿਹਾ, ਇਕ ਸਥਿਰ ਮੈਮੋਰੀਅਲ ਬਣ ਜਾਏ, ਜਿਸ ਵਿਚ ਦੋਨੋਂ ਵੀਰਾਂ ਦੀਆਂ ਯਾਦਗਾਰਾਂ ਦੀ ਯੋਗ ਪਰਦਰਸ਼ਨੀ ਕੀਤੀ ਜਾਏ। ਕੇਂਦਰ ਆਪਣੇ ਪੁਸਤਕਾਲਯ ਤੇ ਬਹੁਮੁਲੇ ਛਪੇ— ਅਨਛਪੇ ਮਸੌਦਿਆਂ ਨੂੰ ਵੀ ਸੰਭਾਲ ਰਿਹਾ ਹੈ। ਖਰੜਿਆਂ ਦਾ ਤਤਕਰਾ ਵੀ ਬਣ ਰਿਹਾ ਹੈ। ਕੇਂਦਰ ਦੀ ਆਸ਼ਾ ਹੈ ਕਿ ਇਸ ਦੀ ਲਾਇਬ੍ਰੇਰੀ ਖੋਜੀ ਵਿਦਵਾਨਾਂ ਦਾ ਇਕ ਉਘਾ ਮਰਕਜ਼ ਬਣ ਜਾਏ।



# ਨੋਟ ਛੇਵੇਂ ਗੁਰੂ ਦੀ ਲਾਈਫ ਦੇ

੧. ਭੋਗ ਪੁਆਯਾ ਪਿਤਾ ਦਾ।

੨. ਭਾਈ ਬੁੱਢੇ ਨੇ ਸੇਲੀ ਟੋਪੀ ਅਗੇ ਰਖੀ, ਗੁਰੂ ਨੇ ਨਾਂਹ ਕੀਤੀ, ਸ਼ਸਤ੍ਰ ਪਹਿਨੇ।

੩. ਮਸੰਦਾਂ ਸ਼ਕਾਇਤ ਕੀਤੀ ਮਾਤਾ ਪਾਸ।

੪. ਗੁਰੂ ਨੇ ਮਸੰਦਾਂ ਨੂੰ ਸ਼ਸਤ੍ਰ ਭੇਟਾ ਲਿਆਉਣ ਦੀ ਆਗਜਾ ਦਿਤੀ।

੫. ਸੋਮਵਾਰ, ਹਾੜ ਦੀ ਸੁਦੀ ਪੰਚਮੀ ਸੰਮਤ ੧੬੬੩ ਨੂੰ ਤਖ਼ਤ ਅਕਾਲ ਤਖ਼ਤ ਬੁੰਗੇ ਦੀ ਨੀਂਹ ਧਰੀ।

੬. ਪਹਿਲਵਾਨ ਸੂਰਮੇ ਆਉਣ ਲਗੇ, ਅਰ ਨੌਕਰ ਰਖੇ

੭. ਫੇਰ ੫੦੦ ਮਾਝਾ, ਦੁਆਬਾ, ਮਾਲਵਾ ਦੇ ਆਏ, ਇਨ੍ਹਾਂ ਨੇ ਕਿਹਾ ਕਿ ਸਾਡੇ ਪਾਸ ਕਿਛ ਨਹੀਂ ਹੈ। ਅਸੀ ਆਪਨੀ ਜਾਨ ਅਰਪਨ ਕਰਦੇ ਹਾਂ। ਸਿੱਖ ਕਰੋ ਤੇ ਸੇਵਾ ਲਵੋ। ਗੁਰੂ ਨੇ ਘੋੜੇ ਅਰ ਸ਼ਸਤ੍ਰ ਦਿਤੇ, ਇਕ ਇਕ ਨੂੰ ਇਕ ਇਕ ਘੋੜਾ। ਬਿੱਧੀ ਚੰਦ, ਪਿਰਾਣ, ਜੇਠਾ, ਪੈੜਾ, ਲੰਗਾਹਾ, ਸੌ ਸੌ ਦੇ ਜੱਥੇਦਾਰ ਕੀਤੇ।

੭. ਜਿਤਨੇ ਛਪਣ ਯੋਗ ਖਰੜੇ ਹਨ, ਉਹਨਾਂ ਦੇ ਪ੍ਰਕਾਸ਼ਨ ਦੇ Project ਬਣਾਏ ਜਾ ਰਹੇ ਹਨ, ਇਹ ਓਹਨਾਂ ਕੰਮਾਂ ਵਿਚੋਂ ਪਹਿਲਾ ਵਿਸ਼ੇਸ਼ ਪ੍ਰਕਾਸ਼ਨ ਹੈ। ਇਸ ਵਿਚ ਜਿਹੜੇ ਪ੍ਰਸੰਗ ਛੇਵੇਂ ਸਤਿਗੁਰ ਜੀ ਦੇ ਜੀਵਨ ਸੰਬੰਧੀ ਪਹਿਲੇ ਛਪ ਚੁਕੇ ਸਨ, ਉਹਨਾਂ ਦੀ ਛਾਪਣ ਦੀ ਆਗਿਆ ਪੁਸਤਕ ਵਿਚ ਪੁਨਰ ਪ੍ਰਕਾਸ਼ਨ ਲਈ ਭਾਈ ਵੀਰ ਸਿੰਘ ਸਾਹਿਤਜ ਸਦਨ, ਨਵੀਂ ਦਿਲੀ ਅਤੇ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੀ, ਜਿਸ ਲਈ ਇਨ੍ਹਾਂ ਸੰਸਥਾਵਾਂ ਦਾ ਹਾਰਦਿਕ ਧੰਨਵਾਦਿ! ਇਸ ਤਰ੍ਹਾਂ ਇਹ ਸਾਰੀ ਦੀ ਸਾਰੀਂ ਲਿਖਤ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ ਹੈ, ਇਸ ਦੀ ਨਿਰੋਲਤਾ ਨੂੰ ਹੀ ਕਾਇਮ ਰਖਣ ਦਾ ਇਹ ਇਕ ਤਿਨਕ-ਤਰਲਾ ਹੈ,— ਜ਼ਹੇ ਕਿਸਮਤ ਕਬੂਲ ਸ਼ਵਦ!

ਡੇਹਰਾਦੂਨ 20-2-1981 — ਹਰਭਜਨ ਸਿੰਘ



www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੩

# ਪ੍ਰਾਰੰਭਕ ਬਿਨੈ

(੧)

**ਸ੍ਰੀ ਅਸ਼ਟ ਗੁਰ ਚਮਤਕਾਰ** ਦਾ ਪਹਿਲਾ ਭਾਗ ਅਪ੍ਰੈਲ ੧੯੫੨ ਵਿਚ ਛਪਿਆ ਸੀ। ਏਸ ਭਾਗ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰ ਦਾਸ ਜੀ ਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਜੀਵਨ ਪ੍ਰਸੰਗ ਦਿਤੇ ਗਏ ਹਨ। ਏਸ ਗ੍ਰੰਥ ਦਾ ਦੂਜਾ ਭਾਗ, ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਪ੍ਰਸੰਗ ਦਰਜ ਹਨ, ਗੁਰਪੁਰਵਾਸੀ ਡਾ: ਬਲਬੀਰ ਸਿੰਘ ਜੀ ਨੇ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਅਕਾਲ ਚਲਾਣੇ ਮਗਰੋਂ ੧੯੬੮ ਵਿਚ ਸੰਪਾਦਨ ਕੀਤਾ। ਭਾਈ ਸਾਹਿਬ ਨੇ, ਏਸ ਗ੍ਰੰਥ ਦੇ ਤੀਜੇ ਭਾਗ ਲਈ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਜੀਵਨ ਪ੍ਰਸੰਗ ਬੰਬਈ ਵਿਖੇ ੧-੩-੧੯੫੫ ਨੂੰ ਲਿਖਣੇ ਸ਼ੁਰੂ ਕੀਤੇ। ਪਰ ਇਸ ਕਾਰਜ ਨੂੰ ਭਾਈ ਸਾਹਿਬ ਆਪਣੇ ਬਾਕੀ ਦੇ ਦੋ ਸਾਲ ਦੇ ਜੀਵਨ-ਕਾਲ ਵਿਚ ਅੰਤਮ ਰੂਪ ਨ ਦੇ ਸਕੇ। ਭਾਈ ਸਾਹਿਬ ਦੇ ਸਚਖੰਡ ਪਿਆਨੇ ਮਗਰੋਂ ਇਨ੍ਹਾਂ ਪ੍ਰਸੰਗਾਂ ਦਾ ਮਸੌਦਾ ਤਾਂ ਡਾ: ਬਲਬੀਰ ਸਿੰਘ ਜੀ ਪਾਸ ਰਿਹਾ ਤੇ ਇਨ੍ਹਾਂ ਦੇ ਮਗਰੋਂ ਡਾ: ਬਲਬੀਰ ਸਿੰਘ ਸਾਹਿਤਜ ਕੇਂਦਰ ਪਾਸ ਆ ਗਿਆ। ਬਹੁਤ ਸਾਰੇ ਨਿਕਟਵਰਤੀ ਸਜਨਾਂ ਨੇ ਏਸ ਨੂੰ ਛੇਤੀ ਛਪਾਵਨ ਦੀ ਮੰਗ ਕੀਤੀ ਪਰ ਸਵਾਲ ਸੀ ਕਿ ਆਇਆ ਇਸ ਅਪੂਰਨ ਪੁਸਤਕ, ਨੂੰ ਛਪਵਾ ਦਿਤਾ ਜਾਏ ਯਾ ਇਸ ਨੂੰ ਯੋਗ ਢੰਗ ਨਾਲ ਸੰਪੂਰਨ ਕਰਨ ਦਾ ਪ੍ਰਬੰਧ ਕੀਤਾ ਜਾਏ? ਪਰ ਪੁਸਤਕ ਨੂੰ ਸੰਪੂਰਨ ਕਰਨ ਵਿਚ ਬੜੀਆਂ ਕਠਨਾਈਆਂ ਸਨ। ਨਾ ਤਾਂ ਕੇਂਦਰ ਪਾਸ ਕੋਈ ਐਸਾ ਲਿਖਾਰੀ ਸੀ, ਜੋ ਇਸ ਕਾਰਜ ਨੂੰ ਸੰਭਾਲ ਸਕੇ ਤੇ ਨਾ ਹੀ ਇਤਿਹਾਸਕ ਖੋਜ ਕਰਨ ਦੇ ਪੂਰੇ ਸਾਧਨ। ਅੰਤ ਵਿਚ ਇਹ ਨਿਰਣਾ ਲਿਤਾ ਗਿਆ ਕਿ ਭਾਈ ਸਾਹਿਬ ਦੀ ਲਿਖਤ ਵਿਚ ਕੋਈ ਵਾਧਾ ਯਾ ਅਦਲਾ ਬਦਲੀ ਨ ਕੀਤੀ ਜਾਏ ਤੇ ਉਹ ਹੂ-ਬਹੂ ਜਿਵੇਂ ਆਪ ਜੀ ਨੇ ਲਿਖੀ ਸੀ, ਪਾਠਕਾਂ ਪਾਸ ਪੇਸ਼ ਕੀਤੀ ਜਾਏ। ਏਸ ਨਿਰਣਜ ਦੀ ਪ੍ਰੋੜ੍ਹਤਾ ਇਸ ਵਿਚਾਰ ਤੇ ਵੀ ਹੁੰਦੀ ਹੈ, ਕਿ ਸ੍ਰੀ ਗੁਰੂ ਨਾਨਕ ਚਮਤਕਾਰ, ਸ੍ਰੀ ਗੁਰ ਕਲਗੀਧਰ ਚਮਤਕਾਰ ਅਤੇ ਸ੍ਰੀ ਅਸ਼ਟ ਗੁਰ ਚਮਤਕਾਰ ਇਤਿਹਾਸਕ ਅਨੁਸੰਧਾਨ ਅਨੁਸਾਰ ਪੂਰੀ ਤਰ੍ਹਾਂ ਛਾਣਿਆ ਪੁਣਿਆ ਹੋਇਆ ਮੁਕੰਮਲ ਇਤਿਹਾਸ ਨਹੀਂ ਪਰ ਸਿਖੀ ਜੀਵਨ ਜਿਵੇਂ ਗੁਰੂ ਸਾਹਿਬਾਨ ਦੇ ਸਮੇਂ ਜੀਵਿਆ ਗਿਆ ਦਾ ਹੂ-ਬ-ਹੂ ਅਖਰ— ਚਿਤ੍ਰ ਹੈ। ਏਸ ਵਿਸ਼ੇ ਉਪਰ ਭਾਈ ਸਾਹਿਬ ਜੀ ਨੇ ਸ੍ਰੀ ਅਸ਼ਟ ਗੁਰ ਚਮਤਕਾਰ (ਭਾਗ ਪਹਿਲੇ) ਦੇ ਭੂਮਿਕਾ ਵਿਚ ਇਉਂ ਲਿਖਿਆ ਹੈ:—

"(ਇਨ੍ਹਾਂ) ਪ੍ਰਸੰਗਾਂ ਦਾ ਮਸਾਲਾ ਇਤਿਹਾਸਾਂ, ਰਵਾਇਤਾਂ, ਗੁਰਸ਼ਬਦਾਂ ਦੀ ਉਥਾਨਕਾ ਆਦਿ ਤੋਂ ਖੋਜ ਖੋਜ ਕੇ ਲੀਤਾ ਗਿਆ ਹੈ। ਪਰ ਏਹ ਤਰੀਕਾਂ, ਸੰਮਤਾਂ ਤੇ ਵਾਕਿਆਤ ਦਾ ਸੂਚੀਪਤ੍ਰ ਮਾਤ੍ਰ ਛਾਣਿਆ ਪੁਣਿਆ ਇਤਿਹਾਸ ਨਹੀਂ, ਇਹ ਸਿਖੀ ਜੀਵਨ ਦਾ ਇਤਿਹਾਸ ਹੈ,

ਜੋ ਜੀਵਨ ਦੀਆਂ ਤਸਵੀਰਾਂ ਅੱਖਾਂ ਅਗੇ ਲਿਆਕੇ ਸਿਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਕਰਦਾ ਤੇ ਜਾਚ ਸਿਖਾਲਦਾ ਹੈ। ਫਿਰ ਇਹ ਗੁਰਬਾਣੀ ਦਾ ਟੀਕਾ ਹੈ, ਪਰ ਅਰਥ ਤੇ ਪਦ ਪਦਾਰਥਾਂ ਦੇ ਪ੍ਰਯਾਵਾਂ ਮਾਤ੍ਰ ਦੇ ਬੋਧਾਂ ਦਾ ਗ੍ਰੰਥ ਨਹੀਂ। ਇਹ ਗੁਰਬਾਣੀ ਦੇ ਭਾਵਾਂ ਦੀ ਚਿਤ੍ਰਸ਼ਾਲਾ ਹੈ। ਸੋ ਇਤਿਹਾਸ ਤੇ ਗੁਰਬਾਣੀ ਦੁਇ ਮਿਲਕੇ ਇਹ ਇਤਿਹਾਸ ਦੇ ਸ਼ੀਸ਼ੇ ਵਿਚ ਗੁਰਬਾਣੀ ਦੀ ਜੜੀ ਹੋਈ ਮੂਰਤੀ ਮੂਰਤੀਮਾਨ ਹੋ ਦਿਸਦੀ ਹੈ। ਅਰਥਾਤ ਜੋ ਤਾਅਲੀਮ ਗੁਰੂ ਸਾਹਿਬਾਂ ਨੇ ਦਿਤੀ ਤੇ ਜਿਸ ਮੁਤਾਬਿਕ ਉਨ੍ਹਾਂ ਦੇ ਸਮੇਂ ਗੁਰਸਿਖਾਂ ਨੇ ਜੀਵਨ ਬਸਰ ਕੀਤੇ, ਦੁਖ ਸੁਖ ਝੱਲੇ, ਮੁਸ਼ਕਲਾਂ ਦੇ ਸਾਹਮਣੇ ਕੀਤੇ ਤੇ ਉਚੇ ਜੀਵਨਾਂ ਵਿਚ ਜਗਤ ਯਾਤ੍ਰਾ ਕਰ ਗਏ, ਇਥੋਂ ਦਾ ਵਾਸਾ ਸਫਲਾ ਗਏ, ਤੇ ਅਗਲੇ ਜੀਵਨ ਦੀ ਸਫਲਤਾ ਨਾਲ ਲੈ ਗਏ, ਅਤੇ ਜਿਵੇਂ ਸਤਿਗੁਰਾਂ ਤੋਂ ਉਨ੍ਹਾਂ ਨੂੰ ਅਗੁਵਾਈ, ਸਿਖਜਾ ਤੇ ਰੂਹਾਨੀ ਆਧਾਰ ਮਿਲਦਾ ਰਿਹਾ ਉਹ ਸਭੋ ਕੁਝ ਹੂ-ਬਹੂ ਅੱਖਾਂ ਅਗੇ ਲਿਆ ਦੇਣ ਦਾ ਪ੍ਰਯਤਨ ਹੈ। ਪ੍ਰਯੋਜਨ ਕੇਵਲ ਇਹ ਨਹੀਂ ਕਿ ਉਨ੍ਹਾਂ ਸੁਹਣੇ ਹਾਲਾਂ ਨੂੰ ਵਾਚ ਕੇ ਨਿਰਾ ਘੜੀ ਪਰ ਦਾ ਪ੍ਰਚਾਵਾ ਮਾਤ੍ਰ ਹੋ ਜਾਵੇ, ਸਗੋਂ ਵਿਸ਼ੇਸ਼ ਇਹ ਕਿ ਜੋ ਉਸ ਪ੍ਰਕਾਰ ਦਾ ਜੀਵਨ ਬਸਰ ਕਰਨਾ ਚਾਹੇ, ਉਸ ਨੂੰ ਆਪਣੇ ਜੀਵਨ ਨੂੰ ਉਸ ਸੱਚੇ ਵਿਚ ਢਾਲ ਲੈਣ ਲਈ ਰਹਿਨੁਮਾਈ ਮਿਲ ਜਾਵੇ। ਇਹ ਬੀ ਪ੍ਰਯਤਨ ਰਿਹਾ ਹੈ ਕਿ ਗੁਰਬਾਣੀ ਦੇ ਭਾਵ ਜੋ ਗੁਰਬਾਣੀ ਵਿਚ ਸੁਤੇ ਹੀ ਜਗ੍ਹਾ ਜਗ੍ਹਾ ਖੁੱਲ੍ਹ ਰਹੇ ਹਨ ਤੇ ਜੋ ਗੁਰੂ ਜੀ ਦੇ ਨਿਰੋਲ ਆਸ਼ਯ ਸਹੀ ਹੁੰਦੇ ਹਨ, ਗੁਰਬਾਣੀ ਦੇ ਉਹ ਆਪਣੇ ਆਸ਼ੇ, ਬਾਹਰਲੀ ਮਿਲਾਵਟ ਮਿਲਾਏ ਬਿਨਾਂ, ਜਿਵੇਂ ਦੇ ਪ੍ਰਦੀਪਤ ਹੁੰਦੇ ਹਨ, ਉਹ ਠੀਕ ਆਪਣੀ ਨਿਰੋਲਤਾ ਵਿਚ ਨਿਰੂਪਣ ਹੋਣ। ਉਹ ਗੁਰਸਿਖਾਂ ਦੇ ਪ੍ਰਸੰਗਾਂ ਵਿਚ ਜਿਵੇਂ ਸੱਚ-ਮੁੱਚ ਵਰਤੀਂਦੇ ਰਹੇ, ਤਿਵੇਂ ਇਤਿਹਾਸਕ ਕ੍ਰਮ ਤੇ ਕੀਮਤ ਕੂਤ ਵਿਚ ਲਿਖੇ ਗਏ ਹਨ ਤਾਂ ਜੋ ਗੁਰਸਿਖ, ਗੁਰਮੁਖ, ਗੁਰ ਸੰਤ ਅਤੇ 'ਪ੍ਰਵਾਣ ਗ੍ਰਿਹਸਤ-ਉਦਾਸ' ਦੇ ਮਾਰਗ ਉਤੇ ਤੁਰਨ ਵਾਲੇ ਸੱਚੇ ਸੂਰਬੀਰ ਖਾਲਸਾ, ਧਰਮਾਤਮਾ, ਪ੍ਰੋਪਕਾਰੀ ਤੇ ਪਜਾਰ-ਪੁੰਜ ਆਦਰਸ਼ਕ ਇਨਸਾਨ ਪੈਦਾ ਹੁੰਦੇ ਰਹਿਣ ਤੇ ਉਨ੍ਹਾਂ ਦੀ ਪ੍ਰਫੁੱਲਤਾਈ ਜਗਤ ਪੀੜਾ ਹਰਨੇ ਵਿਚ ਸਹਾਈ ਰਹੇ।"

ਇਹ ਭਾਈ ਸਾਹਿਬ ਦੇ ਕੀਮਤੀ ਵਿਚਾਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਜੀਵਨ ਪ੍ਰਸੰਗ ਦੀ ਲਿਖਤ ਉਪਰ ਵੀ ਪੂਰੀ ਤਰ੍ਹਾਂ ਢੁਕਦੇ ਹਨ। ਭਾਵੇਂ ਇਹ ਲਿਖਤ ਗੁਰੂ ਸਾਹਿਬ ਦੇ ਸਾਰੇ ਜੀਵਨ ਦਾ ਪੂਰਾ ਸੰਗ੍ਰਹਿ ਨਹੀਂ ਪਰ ਇਸਦਾ ਅਧੂਰਾਪਨ ਕਿਸੀ ਤਰ੍ਹਾਂ ਵੀ ਭਾਈ ਸਾਹਿਬ ਦੇ ਉਪਰ ਲਿਖੇ ਵਿਚਾਰਾਂ ਨੂੰ ਖੰਡਨ ਨਹੀਂ ਕਰਦਾ। ਸਾਡਾ ਪ੍ਰਯਾਸ ਤਾਂ ਕੇਵਲ ਭਾਈ ਸਾਹਿਬ ਜੀ ਦੀਆਂ ਅਨਛਪੀਆਂ ਲਿਖਤਾਂ ਨੂੰ ਪਾਠਕਾਂ ਪਾਸ ਪਹੁੰਚਾਣ ਦਾ ਹੈ ਜੋ ਭਾਈ ਸਾਹਿਬ ਦੀ ਦਿਵਜ-ਪ੍ਰੇਰਣਾ, ਆਤਮਕ ਦ੍ਰਿਸ਼ਟੀਕੋਣ, ਅਧਿਆਤਮਕ ਸੂਖਮਤਾਂ ਦੀਆਂ, ਸਦਾ ਵਾਂਗ ਝਲਕਾਂ ਮਾਰਦੀਆਂ ਹਨ।

(੨)

ਗੁਰਪੁਰਵਾਸੀ ਡਾ: ਬਲਬੀਰ ਸਿੰਘ ਜੀ ਨੇ ਸ੍ਰੀ ਅਸ਼ਟ ਗੁਰ ਚਮਤਕਾਰ (ਭਾਗ ੨) ਦੀ ਭੂਮਿਕਾ ਵਿਚ, ਤਿਆਗ, ਵੈਰਾਗ ਤੇ ਉਦਾਸੀਨਤਾ ਦੇ ਮਾਇਆਵਾਦ ਫ਼ਲਸਫ਼ਿਆਂ ਅਤੇ ਗੁਰਬਾਣੀ ਦੇ ਅਸੂਲਾਂ ਵਿਚ ਜੋ ਭਿੰਨ-ਭੇਦ ਹੈ ਉਸ ਨੂੰ ਵੀ ਬੜੇ ਸੁਚੱਜੇ ਢੰਗ ਨਾਲ ਦਰਸਾਇਆ ਹੈ। ਇਸ ਵਿਸ਼ੇ ਉਪਰ

ਡਾਕਟਰ ਸਾਹਿਬ ਨੇ, "ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ੧ ਤੇ ਭਾਗ ੨)" ਦੀਆਂ ਭੂਮਕਿਆਂ ਵਿਚ ਵੀ ਬੜੀ ਵਿਦਵੱਤਾ ਭਰੀ ਵਿਆਖਿਆ ਕੀਤੀ ਹੈ। ਅਸੀਂ ਇਨ੍ਹਾਂ ਵਿਚਾਰਾਂ ਦਾ ਇਸ ਪੁਸਤਕ ਵਿਚ ਵਰਣਨ ਕਰਨਾ ਜ਼ਰੂਰੀ ਸਮਝਦੇ ਹਾਂ। ਡਾਕਟਰ ਸਾਹਿਬ ਲਿਖਦੇ ਹਨ:-

"'ਤਿਆਗ', 'ਵੈਰਾਗ' ਤੇ 'ਉਦਾਸ', ਇਹ ਤਿੰਨ ਸ਼ਬਦ ਹਨ ਜੋ ਇਕ ਕੁੰਜੀ ਵਾਕੁਣ ਹਨ ਜੋ ਉਸ ਸਮੇਂ ਦੇ ਅਧਿਆਤਮਵਾਦ ਦੇ ਰਹੱਸ ਨੂੰ ਖੋਲ੍ਹ ਕੇ ਸਪਸ਼ਟ ਕਰਦੇ ਹਨ। ਇਨ੍ਹਾਂ ਤਿੰਨ੍ਹਾਂ ਸ਼ਬਦਾਂ ਵਿਚ ਵੀ ਪਰਸਪਰ ਅਰਥਭੇਦ ਹੈ। ਤਿਆਗ ਤੋਂ ਮਤਲਬ ਉਹ ਕਰਮ ਹੈ ਜਿਸ ਦੁਆਰਾ ਤੁਸੀਂ ਸਥੂਲ ਸੰਪਤਿ ਨੂੰ ਤਰਕ ਕਰ ਦਿੰਦੇ ਹੋ। ਪਰ ਵੈਰਾਗ ਕੇਵਲ ਮਾਨਸਿਕ ਅਵਸਥਾ ਹੈ। ਵੈਰਾਗ ਵਿਚ ਕਿਸੇ ਸ਼ੈ ਦੇ ਛੱਡਣ ਦੀ ਲੋੜ ਨਹੀਂ, ਕੇਵਲ ਮਨ ਦਾ ਲਗਾਉ ਉਨ੍ਹਾਂ ਚੀਜ਼ਾਂ ਤੋਂ ਹਟਾਉਣਾ ਹੈ। ਸਿਰਫ਼ ਮਨ ਦੀ ਪਕੜ ਨੂੰ ਛੱਡਣਾ ਹੈ ਨਾ ਕਿ ਵਸਤਾਂ ਨੂੰ। 'ਤਿਆਗ' ਅਤੇ 'ਵੈਰਾਗ' ਦੇ ਏਹ ਫ਼ਰਕ ਤਾਂ ਮੋਟੇ ਹਨ ਜੋ ਸਮਝ ਵਿਚ ਆ ਜਾਂਦੇ ਹਨ। ਪਰ ਸ਼ਬਦ 'ਉਦਾਸ' ਉਹ ਅਵਸਥਾ ਹੈ ਜਿਸ ਉਪਰ ਤਿਆਗ ਅਤੇ ਵੈਰਾਗ ਦੁਆਰਾ ਪਹੁੰਚਣਾ ਹੈ। 'ਉਦਾਸ' ਮੰਜ਼ਿਲ ਹੈ, ਰਸਤਾ ਨਹੀਂ, 'ਉਦਾਸ' ਸਿੱਧ ਅਵਸਥਾ ਹੈ ਸਾਧਨ ਨਹੀਂ। ਹਿੰਦੂ ਫ਼ਿਲਾਸਫ਼ੀ ਸਾਨੂੰ ਕਿਸੇ ਐਸੇ ਸਿੱਧਾਂਤ ਵਲ ਵੀ ਖੜਦੀ ਹੈ।

ਜਿਨ੍ਹਾਂ ਨੇ ਸਾਂਖ ਦਰਸ਼ਨ, ਜੋ ਛੇ ਸ਼ਾਸਤ੍ਰਾਂ ਵਿਚੋਂ ਮੁੱਢਲਾ ਹੈ, ਦਾ ਪਾਠ ਕੀਤਾ ਹੈ, ਉਨ੍ਹਾਂ ਨੂੰ ਪਤਾ ਹੈ ਕਿ ਏਸ ਫ਼ਿਲਮਫ਼ੇ ਦੇ ਮੁਤਾਬਿਕ ਪੁਰਸ਼ (ਆਤਮਾ) ਦਾ ਸੁਭਾਵ 'ਉਦਾਸੀਨ' ਹੈ। ਉਹ ਆਤਮਾ, ਜੋ ਵਿਵੇਕ ਦੁਆਰਾ ਪ੍ਰਕਿਰਤੀ ਤੋਂ ਅਲੱਗ ਹੋ ਗਿਆ, ਉਹ ਆਪਣੀ ਮੋਕਸ਼ ਅਵਸਥਾ ਵਿਚ 'ਉਦਾਸੀਨ' ਹੈ। ਯੋਗ ਦਰਸ਼ਨ ਦੀ 'ਕੈਵਲਜ' ਮੁਕਤੀ ਦੀ ਅੰਦਰੋਂਵਾਰ ਕਿਸੇ ਐਸੀ ਹੀ ਹਾਲਤ ਦੀ ਆਖਰੀ ਮੰਜ਼ਿਲ ਹੈ। ਸਾਂਖ ਅਤੇ ਯੋਗ ਤੋਂ ਇਲਾਵਾ ਦੋ ਹੋਰ ਸ਼ਾਸਤ੍ਰ, ਜਿਨ੍ਹਾਂ ਦਾ ਨਾਮ ਨਜਾਯ ਅਤੇ ਵੇਸ਼ੇਸ਼ਿਕ ਹੈ, ਵੀ ਇਸ ਤੋਂ ਵੱਧ ਕਿਸੇ ਹੋਰ ਉੱਚੀ ਅਵਸਥਾ ਦਾ ਪ੍ਰਤਿਪਾਦਨ ਨਹੀਂ ਕਰਦੇ। ਇਨ੍ਹਾਂ ਦੇ ਮੁਤਾਬਿਕ ਤਾਂ 'ਆਤਮਾ' ਚੇਤੰਨ ਹੀ ਨਹੀਂ, ਕੇਵਲ ਸਰੀਰ ਦੇ ਸੰਜੋਗ ਹੋਣ ਕਰਕੇ ਹੀ ਚੇਤਨਤਾ ਪੈਦਾ ਹੁੰਦੀ ਹੈ। ਪੰਜਵਾਂ ਸ਼ਾਸਤ੍ਰ ਜੋ 'ਮੀਮਾਂਸਾ' ਦੇ ਨਾਮ ਹੇਠ ਜਾਂਦਾ ਹੈ, ਕੇਵਲ ਯੱਗ ਹੋਮ ਦੀ ਵਿਧਿ ਵਿਚ ਹੀ ਰਹਿ ਜਾਂਦਾ ਹੈ; ਉਸ ਵਿਚ 'ਵਿਧਿ' (ritual) ਹੀ ਮੁੱਖ ਚੀਜ਼ ਹੈ, ਦੇਵਤੇ ਗੌਣ ਹੋ ਜਾਂਦੇ ਹਨ, ਈਸ਼੍ਵਰ ਦੀ ਵੀ ਕੋਈ ਲੋੜ ਨਹੀਂ ਰਹਿੰਦੀ। ਈਸ਼੍ਵਰ ਜੇ ਹੈ ਵੀ, ਤਾਂ ਵੀ ਉਹ ਇਕ ਬੇਲੋੜੀ ਜੇਹੀ ਚੀਜ਼ ਹੈ। ਛੇਵਾਂ ਸ਼ਾਸਤ੍ਰ ਵੇਦਾਂਤ ਹੈ। ਇਸ ਦਾ ਜ਼ਿਆਦਾ ਪ੍ਰਚਾਰ 'ਅਦ੍ਵੈਤ ਵੇਦਾਂਤ' ਦੇ ਨਾਮ ਹੇਠ ਹੋਇਆ ਹੈ।

'ਅਦ੍ਵੈਤ' ਦਾ ਪੂਰਾ ਜ਼ੋਰ ਇਸ ਗਲ ਉਪਰ ਲਗਾ ਹੈ ਕਿ 'ਜਗਤ ਮਿਥਜਾ' ਹੈ। ਏਸ ਸਿੱਧਾਂਤ ਨੂੰ ਦ੍ਰਿੜਾਉਣ ਵਿਚ ਹੀ ਸਾਰੀ ਤਾਕਤ ਖਰਚ ਹੋ ਗਈ। 'ਜਗਤ ਮਿਥਜਾ ਹੈ' ਇਸ ਗਲ ਨੂੰ 'ਗੁਰ ਮੰਤ੍ਰ' ਬਣਾ ਕੇ, ਏਸੇ ਦੇ ਪਾਠ ਦਾ ਰਟਣ ਹੀ ਹੁੰਦਾ ਰਿਹਾ ਹੈ। ਸਾਰਥਕ ਗਲ ਪੱਲੇ ਕੁਝ ਨਾ ਪੈ ਸਕੀ।

ਗੁਰੂ ਅਰਜਨ ਦੇਵ ਜੀ ਦਾ ਵਾਕ ਹੈ:

**ਸਲੋਕ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥੧॥**

{ਗਉੜੀ (ਸੁਖਮਨੀ) ਮ: ੫; ਪੰਨਾ, ੨੬੫}

ਸਪਸ਼ਟ ਹੈ ਕਿ ਉਨ੍ਹਾਂ ਸਾਰੇ ਸ਼ਾਸਤ੍ਰ ਯਥਾ ਗਿਆਨ-ਸ਼ਾਸਤ੍ਰ (Epistimology), ਸੱਤਾ ਸ਼ਾਸਤ੍ਰ (Ontology), ਹੇਤੂ ਸ਼ਾਸਤ੍ਰ (ਤਰਕ, ਮੰਤਕ ਆਦਿਕ) ਪੜ੍ਹੇ ਤੇ ਵਿਚਾਰੇ ਸਨ; ਨਹੀਂ ਤਾਂ ਓਹ ਐਸੇ ਜ਼ੋਰਦਾਰ ਵਾਕ ਇੰਵ ਨਾ ਆਖਦੇ ਜੈਸੇ ਕਿ ਉਨ੍ਹਾਂ ਕਹੇ:-

**'ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ'॥** ਇਹ ਸਾਰਾ ਕੁਝ 'ਪੇਖ ਕੇ ਤੇ ਢੰਢੋਲ ਕੇ' ਫੇਰ ਉਹ ਆਪ ਕਿਸ ਨਤੀਜੇ ਉਪਰ ਪਹੁੰਚੇ ਸਨ? ਜਿਥੋਂ ਤਕ ਤਿਆਗ, ਵੈਰਾਗ ਅਤੇ ਉਦਾਸ ਦਾ ਤਅੱਲਕ ਹੈ, ਉਨ੍ਹਾਂ ਦਾ ਖਿਆਲ ਵਚਿੱਤ੍ਰ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਮੁਕਤ ਪੁਰਸ਼ ਜੋ ਹੈ, ਉਹ ਉਦਾਸੀਨ ਨਹੀਂ, ਪਰੰਤੂ ਇਸ ਦੇ ਉਲਟ 'ਰਸ ਸਰੂਪ' ਹੈ। ਐਸੇ ਰਸ ਰੂਪ ਆਤਮ ਨੂੰ ਦੁਨੀਆਂ ਦੇ ਬੰਧਨ ਨਹੀਂ ਪੈਂਦੇ। ਸੰਸਾਰਕ ਚੀਜ਼ਾਂ ਦੀ ਉਸ ਨੂੰ ਕੋਈ ਪਕੜ ਨਹੀਂ। ਉਸ ਦਾ ਲਗਾਉ ਦੁਨਿਆਵੀ ਪਦਾਰਥਾਂ ਤੇ ਵਡਿਆਈਆਂ ਨਾਲ ਨਹੀਂ। ਉਸ ਦਾ ਕਿਸੇ ਵੀ ਮਾਇਕ ਪਦਾਰਥ ਨਾਲ ਰਾਗ ਨਹੀਂ। ਐਸ ਤਰ੍ਹਾਂ ਉਹ ਵੈਰਾਗੀ ਹੁੰਦਾ ਹੋਇਆ ਉਦਾਸੀਨ ਨਹੀਂ ਪਰੰਤੂ ਰਸ ਰੂਪ ਹੈ, ਉਨ੍ਹਾਂ ਨੇ ਇਸ ਆਸ਼ੇ ਨੂੰ ਦਰਸਾਉਣ ਲਈ ਸ਼ਬਦ 'ਰਸਿਕ ਬੈਰਾਗੀ' ਵਰਤਿਆ ਹੈ; ਯਥਾ:

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਦੀ ਸੋਈ ਜਾਗੀ॥੨॥**

{ਗਉੜੀ ਮਹਲਾ ੫, ਪੰਨਾ ੨੦੪}

ਸ੍ਰੀ ਗੁਰੂ ਅਰਜਨ ਦੇਵ ਜੀ ਆਪ ਇਕ ਪਰਮ ਸੁੱਚਾ ਨਮੂਨਾ ਸਨ 'ਰਸਿਕ ਬੈਰਾਗੀ' ਦਾ ਜਿਨ੍ਹਾਂ ਨੇ ਜੀਵਨ ਦੇ ਬੰਧਨਾਂ ਨੂੰ ਖੇੜਾ ਖੁਸ਼ੀ ਦੇ ਚਾਓ ਵਿਚ ਰੰਗ ਦਿਤਾ।"

(੩)

ਗੁਰੂ ਨਾਨਕ ਦੇਵ ਜੀ ਦਾ ਉਪਦੇਸ ਹੈ :—

**"ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥੪॥੧॥੮॥"**

{ਸੂਹੀ ਮਹਲਾ ੧ ਪੰਨਾ ੭੩੦}

ਮੁਰਾਦ ਹੈ ਅੰਜਨ— ਮਾਇਆ, ਸੰਸਾਰ ਵਿਚ ਰਹਿੰਦਿਆਂ ਨਿਰੰਜਨ ਅਥਵਾ ਨਿਰਲੇਪ ਪ੍ਰਭੂ ਵਿਚ ਲੀਨ ਹੋਣਾ ਹੀ ਜੁਗਤੀ ਹੈ ਜਿਸ ਨੂੰ ਗੁਰੂ ਜੀ 'ਸਹਿਜ ਜੋਗ' ਦਰਸਾਉਂਦੇ ਹਨ :—

**ਗੁਰਿ ਮਨੁ ਮਾਰਿਓ ਕਰਿ ਸੰਜੋਗੁ॥ ਅਹਿਨਿਸਿ ਰਾਵੇ ਭਗਤਿ ਜੋਗੁ॥**
**ਗੁਰ ਸੰਤ ਸਭਾ ਦੁਖੁ ਮਿਟੈ ਰੋਗੁ॥ ਜਨ ਨਾਨਕ ਹਰਿ ਵਰੁ ਸਹਜ ਜੋਗੁ॥੪॥੬॥**

{ਬਸੰਤ ਮਹਲਾ ੧, ਪੰਨਾ ੧੧੭੦}

ਇਹ ਹੈ ਉਹ ਜੋਗ ਜੋ ਗ੍ਰਿਹਸਤ ਜੀਵਨ ਬਤੀਤ ਕਰਦਿਆਂ, ਭਗਤੀ ਰਾਹੀਂ, ਹਰੀ ਚਰਨਾਂ ਨੂੰ ਪ੍ਰਾਪਤ ਕਰਨਾ ਹੈ। ਇਸੀ ਪ੍ਰਕ੍ਰਿਆ ਨੂੰ ਗੁਰੂ ਅਰਜਨ ਦੇਵ ਜੀ ਨੇ 'ਰਾਜ ਜੋਗ' ਨਾਲ ਸੰਬੋਧਨ ਕੀਤਾ ਹੈ। ਗੁਰ ਵਾਕ ਹੈ :—

**ਥਿਰ ਥਿਰ ਚਿਤ ਥਿਰ ਹਾਂ॥ ਬਨੁ ਗ੍ਰਿਹੁ ਸਮਸਰਿ ਹਾਂ॥**

ਰਾਜਨ ਜੋਗੁ ਕਰਿ ਹਾਂ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ॥੨॥੧॥੧੫੭॥

{ਆਸਾ ਮਹਲਾ ੫, ਪੰਨਾ ੪੦੯}

ਇਹ ਉਹ ਜੋਗ ਹੈ ਜਿਸਦਾ ਭੱਟ ਬਾਣੀ ਵਿਚ ਵੀ ਵਰਣਨ ਹੈ। ਪਰ ਇਹ ਪਤੰਜਲੀ ਦਾ ਰਾਜ ਜੋਗ ਨਹੀਂ। ਇਸ ਰਾਜ ਜੋਗ ਦੀ ਪ੍ਰੇਰਣਾ ਤਾਂ ਰਾਜਾ ਜਨਕ ਤੋਂ ਮਿਲਦੀ ਹੈ, ਜੋ ਰਾਜਾ ਵੀ ਸੀ ਤੇ ਜੋਗੀ ਵੀ। ਇਸ ਰਾਜ ਜੋਗ ਦੇ ਮਾਨਜਵਰ ਆਦਰਸ਼ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰੂਪਮਾਨ ਕੀਤਾ ਜਿਨ੍ਹਾਂ ਨੇ ਮੁਲਕ ਲਈ, ਧਰਮ ਲਈ, ਸੁੱਚੇ, ਜੀਵਨ ਲਈ ਸਭ ਕੁਝ ਵਾਰ ਦੇਣ ਦੀ ਜੁਗਤ ਸਿਖਾਈ, ਸਰਬ ਕਲਿਆਣ ਲਈ ਹਰ ਮੈਦਾਨ ਫਤਹਿ ਪਾਈ ਤੇ ਸਦਾ ਲਈ ਆਦਰਸ਼ਕ ਮਿਸਾਲ ਕਾਇਮ ਕੀਤੀ।

ਸ੍ਰੀ ਗੁਰੂ ਹਰਿ ਗੋਬਿੰਦ ਜੀ ਛੋਟੀ ਉਮਰ ਤੋਂ ਹੀ 'ਰਾਜ ਜੋਗ' ਦੇ ਰੰਗਾਂ ਵਿਚ ਰੰਗੇ ਨਜ਼ਰੀ ਆਉਂਦੇ ਸਨ। ਗੁਰਗਾਦੀ ਬਿਰਾਜਨ ਸਮੇਂ, ਜਦ ਉਨ੍ਹਾਂ ਦੀ ਆਯੂ, ਮੱਸਾਂ ੧੧ ਸਾਲਾਂ ਦੀ ਸੀ, ਸੇਲੀ ਟੋਪੀ ਦੀ ਥਾਂ ਦਸਤਾਰ ਸਜਵਾਈ ਜਿਸ ਵਿਚ ਕਲਗੀ ਲਗੀ ਹੋਈ ਸੀ। ਜਦ ਭਾਈ ਬੁੱਢਾ ਜੀ ਨੇ ਤਲਵਾਰ ਪਹਿਨਾਈ ਤਦ ਉਹ ਸੱਜੇ ਪਾਸੇ ਪਹਿਨਾਈ ਗਈ ਜਦ ਉਸਨੂੰ ਉਤਾਰ ਕੇ ਖੱਬੇ ਪਾਸੇ ਪਹਿਨਾਣ ਲਗੇ ਤਦ ਗੁਰੂ ਜੀ ਨੇ ਫੁਰਮਾਇਆ, "ਇਸ ਨੂੰ ਨਾਂ ਉਤਾਰੋ, ਇਹ ਤੇਗ ਪੀਰੀ ਦੀ ਸਮਝੋ; ਮੇਰੀ ਦੀ ਖੱਬੇ ਪਾਸਿਓਂ ਹੋਰ ਪਹਿਨਾ ਦਿਓ"। ਇਸ ਕਰਕੇ ਆਪ ਜੀਓ ਨੂੰ "ਮੀਰੀ ਪੀਰੀ ਦੇ ਮਾਲਕ" ਪਦਾਂ ਨਾਲ ਯਾਦ ਕੀਤਾ ਜਾਂਦਾ ਹੈ। ਖੱਬੇ ਪਾਸੇ ਦੀ ਤਲਵਾਰ ਨੇ, ਰਾਜੇ ਦੀ ਤਰ੍ਹਾਂ ਪਰਜਾ ਦੀ ਰਖਿਆ ਕਰਨੀ ਸੀ ਤੇ ਸੱਜੇ ਪਾਸੇ ਦੀ ਤੇਗ, ਪੀਰੀ ਫਕੀਰੀ ਵਾਂਗੂ ਆਤਮਕ ਤੇ ਪਰਮਾਰਥਕ ਅਗਵਾਈ ਕਰਨ ਲਈ।

ਏਹ ਸੀ ਰਾਜ ਜੋਗ ਦਾ ਆਦਰਸ਼ਕ ਨਮੂਨਾ ਜਿਸ ਉਪਰ ਸਿਖਾਂ ਨੇ ਆਪਣਾ ਨਿਜੀ ਜੀਵਨ ਢਾਲਣਾ ਹੈ, ਆਪਣੀਆਂ ਗ੍ਰਿਹਸਤੀ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਹੈ, ਜ਼ੁਲਮ ਦਾ ਟਾਕਰਾ ਕਰਨਾ ਹੈ, ਏਸ ਧਰਮ ਦੀ ਸੇਵਾ ਕਰਨੀ ਹੈ ਪਰ ਨਾਲੋ ਨਾਲ ਮਨ ਦੀ ਟੇਕ ਨੂੰ ਸਦਾ ਪ੍ਰਭੂ-ਪਰਮੇਸ਼ਵਰ ਦੇ ਚਰਨਾਂ ਵਿਚ ਜੋੜਨਾ ਹੈ।

ਭਾਈ ਸਾਹਿਬ ਦੇ ਲਿਖੇ, ਗੁਰੂ ਸਾਹਿਬਾਨ ਦੇ ਜੀਵਨ ਚਰਿਤ੍ਰ, ਸਦਾ ਵਾਂਗ ਸ਼ਰਧਾ, ਸਿਦਕ ਤੇ ਦੈਵੀ ਪ੍ਰੇਮ ਨਾਲ ਡੁਲ ਡੁਲ ਪੈਂਦੇ ਹਨ। ਅੱਖਾਂ ਸਾਹਮਣੇ ਗੁਰੂ-ਕਾਲ ਦੇ ਕ੍ਰਿਸ਼ਮੇ ਪੇਸ਼ ਕਰਦੇ ਹਨ, ਗੁਰੂ ਸਵਾਰੇ ਸਿਖਾਂ ਦੇ ਦਰਸ਼ਨ ਕਰਵਾਉਂਦੇ ਹਨ ਜਿਨ੍ਹਾਂ ਦੇ ਹਿਰਦਿਆਂ ਵਿਚ ਸਿੱਦਕ, ਉਤਸ਼ਾਹ ਤੇ ਚਾਓ ਠਾਠਾਂ ਮਾਰਦਾ ਹੈ, ਮਨ ਦਰਵਜ ਜਾਂਦਾ ਹੈ ਕਿਸੇ ਅਨੋਖੇ ਸੁਆਦ ਵਿਚ ਤੇ ਆਪ ਮੁਹਾਰੇ ਪੁਕਾਰ ਉਠਦਾ ਹੈ, "ਹੇ ਸੱਚੇ ਪਾਤਸ਼ਾਹ! ਤੇਰੀ ਮੇਹਰ ਸਦਕੇ ਸਾਡਾ ਜੀਵਨ ਵੀ ਗੁਰੂ ਆਸ਼ੇ ਅਨੁਸਾਰ ਸਫਲਤਾ ਪ੍ਰਾਪਤ ਕਰੇ!"

ਪੰਚਬਟੀ ਡੇਹਰਾਦੂਨ

16-1-1981

ਸ਼ਿਵਨਾਥ ਸਿੰਘ



www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੩

## ਪ੍ਰਕਾਸ਼ਕ ਸੂਚਨਾ

**ਇਸ ਪੁਸਤਕ ਵਿਚ**, ਭਾਈ ਸਾਹਿਬ ਦੇ ਲਿਖਤੀ ਆਦੇਸ਼ ਅਨੁਸਾਰ, ਗੁਰੂ ਹਰਿ ਗੋਬਿੰਦ ਜੀ ਦੇ ਜੀਵਨ ਸੰਬੰਧਿਤ ਪ੍ਰਸੰਗ ਥਾਓ ਥਾਈਂ ਅੰਕਤ ਕੀਤੇ ਗਏ ਹਨ ਜੋ ਭਾਈ ਸਾਹਿਬ ਨੇ ਖਾਲਸਾ ਟ੍ਰੈਕਟ ਸੁਸਾਇਟੀ ਯਾ ਦਫਤਰ ਖਾਲਸਾ ਸਮਾਚਾਰ ਰਾਹੀਂ ਸਮੇਂ ਸਮੇਂਉਪਰ ਛਪਵਾਏ ਸਨ। ਇਨ੍ਹਾਂ ਲਿਖਤਾਂ ਦੇ ਕਾਪੀ ਰਾਈਟਸ ਖਾਲਸਾ ਟ੍ਰੈਕਟ ਸੁਸਾਇਟੀ ਅਤੇ ਭਾਈ ਵੀਰ ਸਿੰਘ ਸਾਹਿਤਜ ਸਦਨ ਪਾਸ ਹਨ। ਡਾਕਟਰ ਬਲਬੀਰ ਸਿੰਘ ਸਾਹਿਤਜ ਕੇਂਦਰ ਇਨ੍ਹਾਂ ਦੋਨਾ ਸੰਸਥਾਵਾਂ ਦਾ ਬੜਾ ਰਿਣੀ ਹੈ, ਜਿਨ੍ਹਾਂ ਨੇ ਇਨ੍ਹਾਂ ਪ੍ਰਸੰਗਾਂ ਨੂੰ ਏਸ ਪੁਸਤਕ ਵਿਚ ਅੰਕਤ ਕਰਨ ਦੀ ਆਗਿਆ ਦਿਤੀ ਹੈ।

ਏਸ ਪੁਸਤਕ ਦੇ ਛਾਪਣ ਵਿਚ ਕੇਂਦਰ ਨੂੰ ਸਰਦਾਰ ਹਰਭਜਨ ਸਿੰਘ ਕੋਹਲੀ, ਬੀਬੀ ਮਹਿੰਦਰ ਕੌਰ, ਸਰਦਾਰ ਐਸ. ਐਸ. ਜੋਗੀ, ਬੀਬੀ ਦਿਆਲ ਕੌਰ ਅਤੇ ਸ੍ਰ: ਮਨਦਰਸ਼ਨ ਸਿੰਘ ਜੀ ਦਾ ਸਹਯੋਗ ਪ੍ਰਾਪਤ ਰਿਹਾ ਹੈ, ਜਿਨ੍ਹਾਂ ਨੇ ਅਣਥਕ ਮੇਹਨਤ ਤੇ ਪੂਰੀ ਲਗਨ ਨਾਲ ਇਸ ਪੁਸਤਕ ਦੇ ਹਰ ਕੰਮ ਨੂੰ ਸੁਹਣੀ ਤਰ੍ਹਾਂ ਨਿਭਾਇਆ ਹੈ। ਇਨ੍ਹਾਂ ਸਭ ਦੀ ਪ੍ਰਸ਼ੰਸਾ ਕਰਨ ਵਿਚ ਕੇਂਦਰ ਨੂੰ ਬੜੀ ਖੁਸ਼ੀ ਹੈ, ਖਾਸ ਕਰਕੇ ਸ੍ਰ: ਹਰਭਜਨ ਸਿੰਘ ਕੋਹਲੀ ਜੀ ਦੀ ਜਿਨ੍ਹਾਂ ਦੀ ਡੂੰਘੀ ਸੂਝ-ਬੂਝ, ਅਮਿਤ ਸਹਿਣ ਸੀਲਤਾ ਤੇ ਸਮਰਪਤ ਲਗਨ ਬਿਨਾਂ ਇਸ ਕਾਰਜ ਦਾ ਸਿਰੇ ਚੜ੍ਹਨਾ ਕਠਨ ਸੀ।

ਪੰਚਬਟੀ, ਡੇਹਰਾਦੂਨ

16-1-1981

**ਸ਼ਿਵਨਾਥ ਸਿੰਘ**

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਭੂਮਿਕਾ

ਗੁਰੂ ਹਰਿ ਗੋਬਿੰਦ ਜੀ ਦੀ ਸ਼ਖਸੀਅਤ ਇਨਸਾਨੀ ਨੁਕਤੇ ਤੋਂ ਬੀ ਕਮਾਲ ਦੀ ਹੈ। ਕਿਤਨੇ ਅਸਹਿ ਦੁੱਖ ਅਤੇ ਵਿਛੋੜੇ ਆਪਨੇ ਦੇਖੇ ਹਨ :—

ਬਚਪਨ ਵਿਚ ਸੱਪ, ਜ਼ਹਿਰ, ਸੀਤਲਾ ਦੇ ਕਸ਼ਟ, ਬਚਪਨ ਵਿਚ ਹੀ ਪਿਤਾ ਜੀ ਦੇ ਖੇਦ ਅਤੇ ਵਿਛੋੜਾ; ਫਿਰ ਗਵਾਲੀਅਰ ਦੀ ਬੰਦ; ਫਿਰ ਜੁੱਧਾਂ ਜੰਗਾਂ ਦੇ ਸਾਹਮਣੇ, ਦੋਹਾਂ ਜੁੱਧਾਂ ਵਿਚ ਚੋਣਵੇਂ ਪਿਆਰਿਆਂ, ਅਨਿੰਨ ਗੁਰ ਪ੍ਰੇਮੀਆਂ ਅਤੇ ਮੇਹਨਤਾਂ ਨਾਲ ਸਿਖਾ ਕੇ ਬਲੀ ਕੀਤੇ ਰਣ ਵਿਦਿਆ ਦੇ ਜਾਣਕਾਰ ਸੂਰਮਿਆਂ ਦੇ ਬਿਰਹੇ ਦੇਖੇ ਅਤੇ ਝੱਲੇ ਹਨ।

ਭਾਈ ਬ੍ਰਿਧ ਅਤੇ ਗੁਰਦਾਸ ਵਰਗੀਆਂ ਅਨਮੋਲ ਅਤੇ ਕੀਮਤੀ ਜ਼ਿੰਦਗੀਆਂ ਅਤੇ ਅਤਿ ਪਿਆਰ-ਨੁਛਾਵਰੀ ਹਸਤੀਆਂ ਦੇ ਬਿਰਹੇ ਦੇਖੇ।

ਪਿਆਰੀ, ਪਤਿਬ੍ਰਤਾ, ਘੋਲ ਘੁਮਾਏ ਜਾਣ ਵਾਲੀ ਸਾਲੀ (ਬੀਬੀ ਰਾਮੋ) ਅਤੇ ਸਾਂਢੂ (ਭਾਈ ਸਾਈਂ ਦਾਸ) ਜੀ, ਸੱਸ (ਮਾਤਾ ਪ੍ਰੇਮ ਦੇਈ) ਅਤੇ ਸਹੁਰਾ (ਭਾਈ ਨਾਰਾਇਣ ਦਾਸ ਜੀ)-- ਕਿਤਨਾ ਪਿਆਰ ਦਾ ਪਰਵਾਰ ਅਲਪ ਸਮੇਂ ਵਿਚ ਹੀ ਸੰਸਾਰ ਯਾਤਰਾ ਸੰਪੂਰਨ ਕਰ ਜਾਂਦਾ ਹੈ। ਇਕ ਪਾਸੇ ਤਾਂ ਆਪ ਦੀ ਇਹ ਦ੍ਰਿਸ਼ਟੀ ਹੈ :—

ਮਿਲਿਬੇ ਤ ਹਰਖਹਿ ਨਹਿਂ ਗਿਆਨੀ। ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।.........॥੯॥

(ਗੁ.ਪ੍ਰ.ਸੂ.। ਰਾਸ ੭। ਅੰਸੂ ੨੩, ਪੰਨਾ ੩੧੦੬)

ਦੂਜੇ ਪਾਸੇ ਪਿਆਰ ਅਤੇ ਪ੍ਰੇਮ-ਦ੍ਰਵਤਾ ਦਾ ਉਹ ਕਮਾਲ ਹੈ ਕਿ ਭਾਈ ਸਾਈਂ ਦਾਸ ਦੇ ਸੱਚਖੰਡ ਪਜਾਨੇ ਉਪਰ ਫੁਰਮਾਉਂਦੇ ਹਨ :—

ਖਸਿਬੋ ਇਸ ਥਲ ਮੋਹਿ ਨ ਭਾਵੈ। ਸਾਂਈ ਦਾਸ ਦ੍ਰਿਸ਼ਟਿ ਨਾ ਆਵੈ।........॥੧੧॥

(ਗੁ.ਪ੍ਰ.ਸੂ.। ਰਾਸ ੭। ਅੰਸੂ ੨੩, ਪੰਨਾ ੩੧੦੬)

ਇਹ ਪਿਆਰ ਦੇ ਡੂੰਘਾਣ, ਇਹ ਅੰਦਰਲੇ ਦੀ ਪੰਘਰ ਇਨੀ ਗਹਿਰੀ ਹੈ ਕਿ ਹੁਕਮ ਦੇਂਦੇ ਹਨ: ਸਵੇਰੇ ਹੀ ਕੂਚ ਕਰੋ।

ਤੀਸਰਾ ਕਮਾਲ: 'ਧਾਰੇ ਫਰਜ਼ਾਂ ਦੇ ਨਿਰਬਾਹ' ਦਾ ਹੈ। (ਭਾਈ ਸਾਈਂ ਦਾਸ ਦੇ ਵਿਛੋੜੇ ਦੇ) 'ਵਿਯੋਗ-ਅਨੁਭਵਂ' ਵਿਚੋਂ ਹੁਣ 'ਅਹਿਸਾਸ' ਅਰਥਾਤ 'ਆਪਣੇ ਧਾਰੇ ਧਰਮ ਦੀ ਅੰਦਰੂਲੀ ਲਗਨ' ਦੇ ਪ੍ਰੇਰੇ ਇਕਦਮ ਦੁੱਖਾਂ ਵਲ ਰੁਖ ਕਰਦੇ ਹਨ। ਜਿਥੇ ਕਿ ਜ਼ਿੰਮੇਵਾਰੀ, ਅਤਿ ਕਰੜੀ ਜ਼ਿੰਮੇਵਾਰੀ, ਖੁਰਦਰਾ ਜੀਵਨ, ਜੰਗ ਜਦਲ ਦੀਆਂ ਮੁਸ਼ਕਲਾਂ ਅਤੇ ਖੇਦਾਂ ਦਾ ਸਾਹਮਣਾ ਹੈ। ਪਰ ਇਹ ਅਚਰਜ ਵਿਅਕਤੀ, ਕਿਸ ਸੁੰਦਰਤਾ ਨਾਲ, ਇਸ ਆਪਣੇ ਕਠਨ ਤੋਂ ਕਠਨ ਫਰਜ਼ ਨੂੰ ਨਿਭਾਉਣ ਵਾਸਤੇ ਖੁਸ਼ਖੁਸ਼ਾਂ ਅਰ ਜ਼ਿੰਮੇਵਾਰੀ ਦੀ ਪੂਰੀ ਲੱਖਤਾ ਨਾਲ ਉਠ ਟੁਰਦਾ ਹੈ।


www.sikhbookclub.com

ਆਪ ਦੀ ਹਸਤੀ, ਇਨਸਾਨੀ ਨੁਕਤੇ ਤੋਂ ਬੀ, ਇਕ ਅਚਰਜ ਮੁਤਾਲਿਆ-ਜੋਗ ਸਿਖ ਇਤਿਹਾਸ-ਦਾ ਧਿਆਇ ਹੈ। ਇਤਨੀ ਵਿਸ਼ਾਲਤਾ ਆਚਰਨ ਅਤੇ ਕਰਨੀ ਕਰਤਵ ਦੀ ਹੈ ਕਿ ਦਿਲ ਸਿਫਤ ਸਲਾਹ ਨਾਲ ਦੂਵਦਾ ਵਿਸਮਾਦ ਵਿਚ ਜਾਂਦਾ ਹੈ।

ਫਿਰ ਦੇਖੋ, ਕਿ ਫਕੀਰ ਹੋ ਕੇ, ਨਾ ਦੇਸ਼ ਨਾ ਕਿਲ੍ਹਾ, ਨਾ ਕੋਟ ਹੈ, ਨਾ ਖਜ਼ਾਨੇ ਭਰੇ ਹਨ, ਨਾ ਕੋਈ ਕੁਲ, ਕੌਮ, ਕਬੀਲਾ ਸੂਰਬੀਰਤਾ ਵਾਲਾ ਮਗਰ ਹੈ, ਪਰ ਫਿਰ ਦੇਖੋ: ਪਰਦੇਸੋਂ ਆ ਕੇ ਡੱਟ ਗਏ ਕੌਮ ਦੇ ਜ਼ੁਲਮ ਨੂੰ ਅਤੇ ਮਜ਼ਹਬੀ ਕੁਨਸ ਨੂੰ ਦੇਖ ਕੇ, ਆਪ ਨੇ ਆਪਣਾ ਫਰਜ਼ ਬਣਾ ਲਿਆ ਹੈ ਕਿ ਮਰ-ਮਿਟੀ ਕੌਮ ਵਿਚ, ਬੀਰਤਾ ਦਾ ਭਾਵ ਅਤੇ ਸੁਤੰਤ੍ਰਤਾ ਦੀ ਲਗਨ ਐਸੀ ਭਰ ਦਿਤੀ ਕਿ ਅੰਤ ਸੁਤੰਤ੍ਰ ਹੋ ਜਾਵੇ।

ਫਕੀਰਾਂ ਅਤੇ ਸਾਧੂ-ਚੇਲਿਆਂ ਵਿਚ ਬੀਰ ਰਸ ਭਰ ਕੇ ਜੁਝਾਊ ਕੌਮ ਬਨਾਉਣੀ, ਨੰਗੇ ਧੜ ਲੜਨਾ ਅਤੇ ਧਰਮ ਹੇਤ ਮਰਨਾ ਸਿਖਾਲ ਕੇ ਸੰਸਾਰ ਨਾਸ਼ਮਾਨਤਾ ਦਾ ਅਸਲੀ ਰੰਗ ਲਾ ਦੇਣਾ, ਫਾਕੇ ਕੜਾਕੇ ਸਹਿ ਕੇ, ਬਿਨ ਕਿਲ੍ਹੇ, ਕੋਟ, ਦੇਸ਼ ਦੇ, ਇਕ 'ਧਰਮ ਭਾਵ ਦੀ ਓਟ-ਆਸਰੇ' ਲੜਨਾ ਸਿਖਾਉਣਾ।

ਜੰਗ ਚਾਹੋ ਛੋਟੇ, ਚਾਹੋ ਵੱਡੇ, ਚਾਹੋ ਸਰਕਾਰੀ ਸੈਨਾਂ ਨਾਲ, ਚਾਹੋ ਸਰਕਾਰ ਦੇ ਸੂਬੇਦਾਰਾਂ ਯਾ ਅਹਿਲਕਾਰਾਂ ਨਾਲ, ਚਾਹੋ ਟਿਕਾਣੇਂ ਦੇ ਹਾਕਮਾਂ ਨਾਲ ਕੀਤੇ ਹਨ, ਪਰਜਾ ਵਿਚੋਂ ਅਤੇ ਫਕੀਰੀ ਦੀ ਗੱਦੀ ਤੋਂ ਕੀਤੇ ਹਨ, ਫਤਹ ਪਾਈ ਹੈ।

ਫਿਰ ਨੀਤੀ ਨਿਪੁੰਨਤਾ ਕੈਸੀ ਹੈ, ਪਹਿਲੇ ਜੰਗ ਮਗਰੋਂ ਰਹਿਣ ਦੀਆਂ ਥਾਵਾਂ ਬਦਲਦੇ, ਕੌਤਕ ਕਰਦੇ, ਸਿੱਖੀ ਬੀ ਤੋਰਦੇ, ਆਪਣੇ 'ਫਰਜ਼ ਪੈਗੰਬਰੀ' ਨੂੰ ਪੂਰੀ ਤਰ੍ਹਾਂ ਅਦਾ ਕਰਦੇ ਪਰਵਾਰਿਕ ਫਰਜ਼ ਨਿਭਾਉਂਦੇ, ਪ੍ਰੇਮ ਦੇ ਰੰਗ ਅਕਹਿ ਰੂਪਾਂ ਵਿਚ ਸਿਰੇ ਚਾੜ੍ਹਦੇ, ਬੀਰ ਰਸੀ ਫਰਜ਼ ਲਈ ਕੀਕੂੰ ਤਤਪਰ ਰਹੇ? ਤ੍ਰੈ ਹਜ਼ਾਰ (੩੦੦੦) ਸਨੱਧਬੱਧ ਸੂਰਮੇ ਮੌਤ ਨੂੰ ਮਖੌਲ ਕਰਨ ਵਾਲੇ ਸਿਰੇ ਚਾੜ੍ਹ ਲਏ ਹਨ। ਫਿਰ ਸਾਰੇ ਖਸਮਾਨੇ ਕਰਕੇ, ਨਿਰਲੇਪ ਅਤੇ ਨਿਰਮੋਹ ਹੋ ਕੇ, ਉਸ ਟਿਕਾਣੇ ਗਏ ਹਨ, ਜਿੱਥੇ ਦੁਸ਼ਮਨਾ ਨੂੰ ਲੜਨਾ ਸੌਖਾ ਨਾ ਹੋਵੇ। ਜਿਸ ਦਿਮਾਗ ਵਿਚ ਇਤਨਾ ਕੁਝ ਫੁਰੇ ਅਤੇ ਇੰਨਾ ਉਹ ਸਿਰੇ ਚਾੜ੍ਹੇ ਅਤੇ ਕਮਾਲ ਕਰ ਦਿਖਾਏ, ਉਹ (ਇਨਸਾਨੀ ਨੁਕਤਾ ਖ਼ਿਆਲ ਤੋਂ ਬੀ) ਬਹੁਤ ਮਹਾਨ, ਬਹੁਤ ਵਿਸ਼ਾਲ ਅਤੇ ਬਹੁਤ ਹੀ ਕਮਾਲ ਦਾ ਹੈ। ਅਤੇ ਉਸਦੇ ਨਾਮ-ਲੇਵਿਆਂ ਵਾਸਤੇ ਅਤੇ ਦੇਸ਼ ਵਾਸੀਆਂ ਵਾਸਤੇ ਅਤਯੰਤ ਫ਼ਖਰ ਦਾ ਹੈ, ਜਿਸ ਫ਼ਖਰ ਨਾਲ ਕਿ ਉਨ੍ਹਾਂ ਵਿਚ ਜੀਵਨ ਰੌ ਸਦਾ ਰੁਮਕਵੀਂ ਅਤੇ ਹੁਲਾਰੇ ਮਾਰਦੀ ਦਸ਼ਾ ਵਿਚ ਰਹਿਣੀ ਚਾਹੀਏ।

-- ਵ. ਸ.

ਕਰਤਾ

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੩

# ਪੰਜਵੀਂ ਐਡੀਸ਼ਨ-ਬੇਨਤੀ

ਇਹ ਇਸ ਪੁਸਤਕ ਦੀ ਪੰਜਵੀਂ ਐਡੀਸ਼ਨ ਹੈ। ਇਹ ਕੰਪਿਉਟਰਾਈਜ਼ (Computerise) ਕਰ ਦਿਤੀ ਗਈ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਲਿਖਤ "ਸੁਭਾਗ ਜੀ ਦਾ ਸੁਧਾਰ ਹਥੀਂ ਬਾਬਾ ਨੌਧ ਸਿੰਘ" ਪਹਿਲੀ ਵਾਰ ੧੯੧੯-੧੯੨੦ ਵਿਚ ਟ੍ਰੈਕਟਾਂ ਦੇ ਰੂਪ ਵਿਚ ਛਪੀ ਸੀ ਤੇ ਪਿਛੋਂ ੧੯੨੩ ਵਿਚ ਪੁਸਤਕ ਦੇ ਰੂਪ ਵਿਚ ਛਪੀ। ਇਸ ਪੁਸਤਕ ਦੇ ਅਖੀਰਲੇ ਹਿੱਸੇ ਵਿਚ ਭਾਈ ਸਾਈਂ ਦਾਸ ਜੀ ਦਾ ਜੀਵਨ ਦਿਤਾ ਹੋਇਆ ਹੈ। ਇਸਦਾ ਮਤਲਬ ਇਹ ਹੋਇਆ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਭਾਈ ਸਾਈਂ ਦਾਸ ਦਾ ਜੀਵਨ ਕਦੀ ੧੯੧੯ ਤੋਂ ਪਹਿਲੇ ਲਿਖਿਆ ਸੀ। ਚੂੰਕਿ ਭਾਈ ਸਾਈਂਦਾਸ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਤਿ ਸ਼ਰਧਾਲੂ ਸਿੱਖ ਸਨ, ਉਨ੍ਹਾਂ ਦੇ ਜੀਵਨ ਬਾਰੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਲਿਖਣ ਵੇਲੇ, ਜ਼ਿਕਰ ਆਉਣਾ ਸੁਭਾਵਕ ਹੀ ਸੀ। ਸੋ ਇਸ ਪੁਸਤਕ ਵਿਚ ਭਾਈ ਸਾਈਂਦਾਸ ਜੀ ਦੇ ਜੀਵਨ ਬਾਰੇ ਵੀ ਕਈ ਅਧਿਆਏ ਹਨ। ਭਾਈ ਸਾਈਂ ਦਾਸ ਜੀ ਦਾ ਜੀਵਨ ਜਿਹੜਾ ਬਾਬਾ ਨੌਧ ਸਿੰਘ ਵਿਚ ਆਇਆ ਹੈ ਤੇ ਫਿਰ ਜਿਹੜਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ (ਯਾਨੀ ਇਸ ਪੁਸਤਕ) ਵਿਚ ਆਇਆ ਹੈ ਉਨ੍ਹਾਂ ਦੋਵਾਂ ਵਿਚ ਕਿਤੇ ਕਿਤੇ ਥੋੜਾ-ਥੋੜਾ ਫ਼ਰਕ ਹੈ। ਇਤਿਹਾਸਕ ਫੈਕਟਸ (facts) ਵਿਚ ਤਾਂ ਕੋਈ ਫ਼ਰਕ ਨਹੀਂ ਪਰ ਲਿਖਦਿਆਂ ਲੇਖਕ ਜੀ ਦੀ ਕਲਮ ਕਦੀ ਤਾਂ ਬਾਬਾ ਨੌਧ ਸਿੰਘ ਵਿਚ ਕੁਝ ਹੋਰ ਤਰ੍ਹਾਂ ਦੇ ਸ਼ਰਧਾ ਦੇ ਭਾਵ ਲਿਖ ਗਈ ਹੈ ਤੇ ਕਦੀ ਇਸ ਪੁਸਤਕ ਵਿਚ ਭਾਈ ਸਾਈਂਦਾਸ ਬਾਰੇ ਲਿਖਣ ਲਗਿਆਂ ਕੁਝ ਵੱਖਰੀ ਤਰ੍ਹਾਂ ਦੇ ਵਲਵਲੇ ਕਲਮਬੰਦ ਕਰ ਗਈ ਹੈ।

ਅਸਾਂ ਇਹ ਪੰਜਵੀਂ ਐਡੀਸ਼ਨ ਛਾਪਣ ਲਗਿਆਂ ਥੋੜੀ ਗੁਸਤਾਖ਼ੀ ਕਰ ਲਈ ਹੈ ਤੇ ਕੋਸ਼ਿਸ਼ ਕੀਤੀ ਹੈ ਕਿ ਇਹ ਜਾਪਦਾ ਫਰਕ ਘੱਟ ਤੋਂ ਘੱਟ ਰਹਿ ਜਾਵੇ। ਯਾਨੀ ਕੁਝ ਅੱਖਰ ਬਾਬਾ ਨੌਧ ਸਿੰਘ ਵਿਚੋਂ ਲੈ ਕੇ ਇਸ ਪੁਸਤਕ ਵਿਚ ਢੁਕਵੀਂ ਜਗ੍ਹਾ ਤੇ ਰੱਖ ਦਿੱਤੇ ਹਨ। ਇਹ ਕੁਝ ਕਰਦਿਆਂ ਇਸ ਗੱਲ ਦਾ ਪੂਰਾ ਧਿਆਨ ਰਖਿਆ ਗਿਆ ਹੈ ਕਿ ਅਸਾਂ ਆਪਣੇ ਵਲੋਂ ਕੋਈ ਲਫ਼ਜ਼ ਨਹੀਂ ਲਿਖਿਆ। ਪ੍ਰਯੋਜਨ ਕੇਵਲ ਇਤਨਾ ਹੀ ਹੈ ਕਿ ਦੋਨਾਂ ਪੁਸਤਕਾਂ ਦੇ ਪਾਠਕ ਭਾਈ ਵੀਰ ਸਿੰਘ ਜੀ ਦਿਆਂ ਵਲਵਲਿਆਂ ਦਾ ਪੂਰਾ ਰਸ ਮਾਣ ਸਕਣ। ਅਜਿਹਾ ਕਰਦਿਆਂ ਜੇਕਰ ਕੋਈ ਗਲਤੀ ਜਾਂ ਤ੍ਰੁਟੀ ਰਹਿ ਗਈ ਹੋਵੇ ਤਾਂ ਪਾਠਕ-ਜਨ ਭਾਈ ਵੀਰ ਸਿੰਘ ਸਾਹਿਤ ਸਦਨ ਨੂੰ ਹੇਠ ਲਿਖੇ ਪਤੇ ਤੇ ਜ਼ਰੂਰ ਲਿਖ ਭੇਜਣ। ਅਸੀਂ ਉਨ੍ਹਾਂ ਦੇ ਰਿਣੀ ਹੋਵਾਂਗੇ ਤੇ ਅਗਲੇ ਐਡੀਸ਼ਨ ਵਿਚ ਸੁਧਾਈ ਕਰਨ ਦੀ ਕੋਸ਼ਿਸ਼ ਕਰਾਂਗੇ।

ਜਨਵਰੀ, ੨੦੦੮

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ,
ਗੋਲ ਮਾਰਕਿਟ, ਨਵੀਂ ਦਿੱਲੀ-੧੧੦੦੦੧

# ਤਤਕਰਾ


| | | |
|---|---|---|
| ੧. | ਜਨਮ ਤੇ ਬਾਲਪਨ | ੧ |
| ੨. | ਕੁੜਮਾਈ | ੫ |
| ੩. | ਵਿਵਾਹ | ੮ |
| ੪. | ਗੁਰਗਾਦੀ ਬਿਰਾਜਣਾ | ੧੨ |
| ੫. | ਦਿਨ ਚਰਜਾ | ੧੩ |
| ੬. | ਭਾਈ ਸਾਈਂ ਦਾਸ ਜੀ | ੧੪ |
| ੭. | ਅਕਾਲ ਬੁੰਗਾ | ੧੫ |
| ੮. | ਸੱਧਰ ਪੂਰੀ ਹੋਈ | ੧੬ |
| ੯. | ਬੀਰ-ਰਸੀ ਜੀਵਨ ਕਿਉਂ? | ੧੬ |
| ੧੦. | ਸ਼ਾਂਤਿ-ਰਸ ਨਾਲ ਬੀਰ-ਰਸੀ ਤਿਆਰੀਆਂ | ੧੭ |
| ੧੧. | ਮੀਰੀ-ਪੀਰੀ | ੧੮ |
| ੧੨. | ਲਾਹੌਰ ਜਾਣਾ | ੨੦ |
| ੧੩. | ਲੋਹ ਗੜ੍ਹ | ੨੧ |
| ੧੪. | ਲਾਹੌਰ ਅਤੇ ਦੁਆਬੇ ਦਾ ਦੌਰਾ | ੨੧ |
| ੧੫. | ਦਿੱਲੀਓਂ ਸੱਦਾ | ੨੪ |
| ੧੬. | ਅੰਮ੍ਰਿਤਸਰੋਂ ਕੂਚ | ੨੫ |
| ੧੭. | ਭਾਈ ਸਾਈਂ ਦਾਸ ਦਾ ਗੋਇੰਦਵਾਲ ਦਰਸਨ ਕਰਨਾ | ੨੭ |
| ੧੮. | ਦਿੱਲੀ— ਮਜਨੂੰ ਦਾ ਟਿੱਲਾ | ੩੦ |
| ੧੯. | ਦਿੱਲੀ ਤੋਂ ਗਵਾਲੀਅਰ | ੩੨ |
| ੨੦. | ਬੰਦੀ-ਛੋੜ ਬੰਦੀ ਵਿਚ | ੩੭ |
| ੨੧. | ਭਾਈ ਸਾਈਂ ਦਾਸ ਦਾ ਸੁਪਨਾ | ੪੨ |
| ੨੨. | ਭਾਈ ਸਾਈਂ ਦਾਸ ਦਾ ਗਵਾਲੀਅਰ ਜਾਣਾ | ੪੪ |
| ੨੩. | ਮਾਤਾ ਗੰਗਾ ਜੀ ਦਾ ਉਪਦੇਸ਼ | ੪੫ |
| ੨੪. | ਕਿਲ੍ਹਾ ਗਵਾਲੀਅਰ ਦਾ ਹਾਲ ਵਰਣਨ | ੪੬ |




www.sikhbookclub.com

| | | |
|---|---|---|
| ੨੫. | ਬੰਦੀ-ਛੋੜ | ੪੯ |
| ੨੬. | ਬੰਦੀ-ਛੋੜ ਦਾਤੇ ਦਾ ਰਾਮਦਾਸਪੁਰੇ ਜਾਣਾ | ੫੨ |
| ੨੭. | ਭਾਈ ਮਾਧੋ ਜੀ | ੫੭ |
| ੨੮. | ਪੈਂਦੇ ਖਾਂ | ੬੭ |
| ੨੯. | ਬਾਬਾ ਅਟਲ ਗਇ | ੭੧ |
| ੩੦. | ਸਾਈਂ ਦਾਸ ਡਰੋਲੀ | ੮੧ |
| ੩੧. | ਘਰ-ਉਸਾਰੀ | ੮੭ |
| ੩੨. | ਸਿੱਕ | ੯੨ |
| ੩੩. | ਗੁਰੂ ਪਰਿਵਾਰ ਡਰੋਲੀ | ੯੯ |
| ੩੪. | ਅਲਮਸਤ | ੧੦੨ |
| ੩੫. | ਭਾਈ ਵਸਾਵੇ ਦਾ ਸਿਦਕ | ੧੦੩ |
| ੩੬. | ਗੁਰੂ ਆਗਮ | ੧੦੫ |
| ੩੭. | ਡਰੋਲੀ ਤੋਂ ਅੰਮ੍ਰਿਤਸਰ | ੧੧੪ |
| ੩੮. | ਭਾਈ ਢੇਸਾ | ੧੧੬ |
| ੩੯. | ਭਾਈ ਗੜ੍ਹੀਆ | ੧੨੫ |
| ੪੦. | ਮਾਈ ਭਾਗ ਭਰੀ | ੧੩੮ |
| ੪੧. | ਬੁੱਢਣ ਸ਼ਾਹ | ੧੬੨ |
| ੪੨. | ਪੈਂਦੇ ਖਾਂ ਦਾ ਦਿਲ ਬਦਲਿਆ | ੧੭੫ |




www.sikhbookclub.com

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਅਸ਼ਟ ਗੁਰ ਚਮਤਕਾਰ (ਭਾਗ-੩)

## ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ

## ੧. ਜਨਮ ਤੇ ਬਾਲਪਨ

**੧੬੫੧ ਬਿਕ੍ਰਮੀ** ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਨ ਕਿ ਇਕ ਦਿਨ ਪਤਿਬ੍ਰਤ ਧਰਮ ਦੀ ਪੁੰਜ, ਸਤਵੰਤੀ ਅਰ ਸੁਧ ਸੁਭਾਉ ਸੁਪਤਨੀ ਗੰਗਾ ਜੀ ਨੇ ਬੇਨਤੀ ਕੀਤੀ, "ਆਪ ਸਭ ਦੀਆਂ ਅਸਾਂ ਪੁਜਾਉਂਦੇ ਹੋ ਅਤੇ ਤ੍ਰਿਲੋਕੀ ਪਰ ਉਪਕਾਰ ਕਰਦੇ ਹੋ; ਮੈਨੂੰ ਪੁੱਤਰ ਦਾਨ ਬਖਸ਼ੋ।"

ਗੁਰੂ ਜੀ ਨੇ ਉਤਰ ਦਿਤਾ, "ਹੇ ਪ੍ਰਿਯਾ, ਬਿਨਾ ਸ੍ਰਮ ਅਰ ਪ੍ਰੇਮ ਦੇ ਕੋਈ ਵਸਤ ਨਹੀਂ ਮਿਲਦੀ। ਜੇਕਰ ਇਹ ਚਾਹ ਹੈ, ਤਦ ਵਡਾਲੀ ਦੀ ਰੱਖ ਵਿਚ ਬਾਬਾ ਬੁੱਢਾ ਜੀ, ਗੁਰੂ ਨਾਨਕ ਜੀ ਦੇ ਸੱਚੇ ਸਿਖ, ਰਹਿੰਦੇ ਹਨ, ਉਨ੍ਹਾਂ ਪਾਸ ਜਾ ਕੇ ਅਸੀਸ ਮੰਗੋ, ਓਹ ਪੂਰੇ ਭਾਂਡੇ ਹਨ।"

ਸਵੇਰੇ ਹੀ ਮਾਤਾ ਜੀ ਰੱਥ ਵਿਚ ਬੈਠ, ਸੇਵਕ ਨਾਲ ਲੈ ਤੁਰੀ। ਦੂਰੋਂ ਧੂੜ ਉਡਦੀ ਵੇਖ ਬਾਬੇ ਨੇ ਕਿਹਾ, 'ਆਹ ਕੀਹ?' ਕਿਸੇ ਕਿਹਾ, 'ਗੁਰੂ ਕੇ ਮਹਲ।'

ਸੁਭ ਸੁਭਾਉ ਬਾਬੇ ਨੇ ਕਿਹਾ, 'ਕਿਹੀ ਭਾਜੜ ਪੈ ਗਈ?'

ਇਨੇ ਨੂੰ ਮਾਤਾ ਨੇ ਜਦ ਆ ਕੇ ਮਨੋਰਥ ਕਿਹਾ, ਤਦ ਬਾਬੇ ਹੱਸ ਕੇ ਕਿਹਾ, 'ਮੈਂ ਗੁਰੂ ਦਾ ਘਾਹੀ, ਗੁਰੂ ਆਪ ਸਮਰਥ ਹਨ। ਮੈਂ ਕਿਸ ਜੋਗ ਹਾਂ, ਸੂਰਜ ਦੇ ਅਗੇ ਦੀਵਾ ਕੀ ਕਰ ਸਕਦਾ ਹੈ?'

ਉਦਾਸ ਹੋ ਮਾਤਾ ਮੁੜ ਆਈ ਪਰ ਗੁਰੂ ਜੀ ਦੇ ਸਮਝਾਉਣ ਪਰ ਦੂਏ ਦਿਨ ਆਪ ਅੰਨ ਪੀਹ, ਮਿੱਸੀਆਂ ਰੋਟੀਆਂ ਪਕਾ, ਲੱਸੀ ਰਿੜਕ, ਰੁਪੇ[1] ਧਰ, ਆਪ ਚੁਕ ਕੇ, ਪੈਦਲ ਜੂਹ ਵਿਚ ਬਾਬੇ ਪਾਸ ਲੈ ਕੇ ਆਈ। ਉਸ ਵੇਲੇ ਉਨ੍ਹਾਂ ਦੇ ਪਰਸ਼ਾਦ ਦਾ ਵੇਲਾ ਸੀ, ਅਗੇ ਵਧ ਕੇ ਮਾਤਾ ਤੋਂ ਭਾਰ ਲਹਾਇਆ ਅਰ ਹੱਸ ਕੇ ਕਿਹਾ, 'ਮਾਤਾ ਨੇ ਅਜ ਕਿੱਡੀ ਦਇਆ ਕੀਤੀ!'

ਭੋਜਨ ਛਕਦੇ ਜਾਣ ਅਤੇ ਭੋਲੇ ਭਾ ਹੱਸ ਹੱਸ ਕੇ ਕਹੀ ਜਾਣ, 'ਤੁਰਕਾਂ ਦਾ ਸਿਰ ਭੰਨਣ ਵਾਲਾ, ਬਲੀ, ਜੋਧਾ, ਧਰਮ ਰਖਸ਼ਕ ਪੁਤਰ ਅਕਾਲ ਪੁਰਖ ਬਖ਼ਸ਼ੇਗਾ।'

ਸੋ ਸੱਤਜ ਹੋਇਆ ਪਰ ਉਸ ਤੋਂ ਪਹਿਲੇ, ਪ੍ਰਿਥੀਏ[2] ਦੀ ਚੁਕ ਨਾਲ, ਨਵਾਬ ਸੁਲਹੀ ਖਾਂ ਨੇ ਜਦ ਗੁਰੂ ਜੀ ਨੂੰ ਲੁਟਣ ਲਈ ਅੰਮ੍ਰਿਤਸਰ ਵਲ ਧਾਈ ਕੀਤੀ[3] ਤਦ ਗੁਰੂ ਜੀ ਅਗੇ ਹੀ ਖਬਰ

---

੧. ਪਿਆਜ਼। ੨. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਵੱਡਾ ਭਰਾ। ੩. ਸੁਲਹੀ ਦੇ ਹਮਲੇ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਹੈ :— ਬਿਲਾਵਲੁ ਮਹਲਾ ੫॥

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਤੇ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥੧॥ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥੨॥੧੮॥, ਪੰਨਾ ੮੨੫

 www.sikhbookclub.com

ਮਿਲਦੇ, ਸਣੇ ਪਰਵਾਰ ਵਡਾਲੀ ਚਲੇ ਗਏ। ਇਨੀ ਕਾਹਲੀ ਵਿਚ ਗਏ ਕਿ ਬਾਬੇ ਬੁੱਢੇ ਦਾ 'ਭਾਜੜ' ਵਾਲਾ ਵਾਕ ਮਾਨੋਂ ਅੱਖਰ ਅੱਖਰ ਸੱਤਜ ਹੋ ਗਿਆ। ਇਸੇ ਪਿੰਡ, ਜੋ ਅੰਮ੍ਰਿਤਸਰੋਂ ਥੋੜੀ ਵਾਟ ਉਪਰ ਹੈ, ਸੰਮਤ ੧੬੫੨ (੧੫੯੫ ਏ. ਡੀ.) ਵਿਚ ਹਾੜ ਵਦੀ ਇਕ, ਐਤਵਾਰ ਅੱਧੀ ਰਾਤ ਨੂੰ, ਹਰਿ ਗੋਬਿੰਦ ਜੀ ਅਵਤਾਰ ਧਾਰੀ ਹੋਏ। ਘਰ ਘਰ ਖੁਸ਼ੀ ਹੋਈ ਪਰ ਪ੍ਰਿਥੀਆ ਬਹੁਤ ਸੜਿਆ ਅਤੇ ਇਕ ਦਾਈ ਨੂੰ ਕੁਛ ਦੇਣਾ ਕਰ ਕੇ ਬਾਲ ਘਾਤ ਲਈ ਘਲਿਆ ਪਰ ਉਹ ਉਸ ਦਾ ਮਨੋਰਥ ਪੂਰਾ ਨਾ ਕਰ ਸਕੀ। ਫੇਰ ਇਕ ਸਪੇਰੇ ਨੂੰ ਘਲਿਆ, ਪਰ ਇਹ ਪਾਪ-ਵਾਸ਼ਨਾ ਵੀ ਨਾ ਪੂਰੀ ਹੋਈ। ਹਰਿ ਗੋਬਿੰਦ ਜੀ ਦਿਨੋਂ ਦਿਨ ਆਤਮਾ ਅਤੇ ਸਰੀਰ ਕਰ ਕੇ ਬ੍ਰਿਦੀ ਕਰਦੇ ਹਹੇ, ਕੁਛ ਚਿਰ ਪਿਛੋਂ ਮਾਤਾ ਗੰਗਾ ਜੀ ਦੀ ਬੇਨਤੀ ਮੁਜਬ ਗੁਰੂ ਜੀ ਫੇਰ ਅੰਮ੍ਰਿਤਸਰ ਆ ਰਹੇ।

ਦੇਖੋ, ਮਾਤਾ ਗੰਗਾ ਦਾ ਸੀਲ ਸੁਭਾਉ, ਅੰਮ੍ਰਿਤਸਰ ਆ ਕੇ ਪਹਿਲਾਂ ਜੇਠ ਦੇ ਘਰ ਗਈ ਅਤੇ ਪੁਤਰ ਨੂੰ ਪ੍ਰਿਥੀਏ ਦੇ ਚਰਨਾਂ ਵਿਚ ਰਖ ਕੇ ਮੱਥਾ ਟੇਕਿਆ, ਜਿਸ ਨੇ ਉਪਰੋਂ ਕੁਝ ਕਹਿ ਕੇ ਸਮਾਂ ਟਪਾ ਲਿਆ ਪਰ ਅੰਦਰੋਂ ਉਸ ਦੀ ਵਹੁਟੀ ਅਤੇ ਉਸ ਦੇ ਮਨ ਵਿਚ ਸੱਪ ਲੇਟਨ ਲਗ ਪਏ, ਫਿਰ ਵੀ ਮਾਤਾ ਗੰਗਾ ਜੀ ਨੇ ਹਿਰਦੇ ਵਿਚ ਵੈਰ ਨਹੀਂ ਰਖਿਆ; ਮਨ ਦੀ ਸ਼ੁਧੀ ਅਤੇ ਵੈਰ-ਭਾਵਨਾ ਤੋਂ ਸਫਾਈ ਦਾ ਸੱਚਾ ਨਮੂਨਾ ਦਿਖਾ ਦਿਤਾ। ਮਹਾਂਦੇਵ[1] ਜੀ ਬਾਲਕ ਨਾਲ ਵੱਡਾ ਹਿੱਤ ਕਰਣ ਲਗ ਗਏ ਅਤੇ ਮਿਲ ਕੇ ਬਹੁਤ ਪ੍ਰਸੰਨ ਹੁੰਦੇ।

ਜਦ ਸ੍ਰੀ ਹਰਿ ਗੋਬਿੰਦ ਜੀ ਪੰਜ ਵਰ੍ਹੇ ਦੇ ਹੋਏ ਤਾਂ ਮਾਤਾ[2] ਨਿਕਲ ਆਈ। ਸੁਦਰ ਸਰੀਰ ਫਫੋਲਿਆਂ ਨਾਲ ਇਉਂ ਭਰ ਗਿਆ, ਜਿਕੁਰ ਗੜੇ ਧਰਾ[3] ਪੁਰ ਪੈਂਦੇ ਹਨ। ਤਪ ਅਤੇ ਘੂਕੀ ਨੇ ਬੇਸੁਧ ਕਰ ਦਿਤਾ। ਮਾਤਾ ਗੰਗਾ ਜੀ ਹਰ ਵੇਲੇ ਪੁਤ੍ਰ ਦੇ ਸਿਰ੍ਹਾਣੇ ਬੈਠੇ ਰਹਿੰਦੇ ਅਤੇ ਸੇਵਾ ਵਿਚ ਵੱਡਾ ਜਤਨ ਕਰਦੇ। ਉਨ੍ਹਾਂ ਦਾ ਅਚਰਜ ਹਾਲ ਸੀ : ਸਿਕਦੀ ਉਲਾਦ, ਪਿਆਰੀ ਸੂਰਤ, ਪ੍ਰੇਮ ਦੇ ਪੁਤਲੇ ਹੋਣ ਕਰਕੇ ਲਾਡਲੇ ਦੁਲਾਰੇ ਨੂੰ ਇਸ ਮਹਾਂ ਖੇਦ ਵਿਚ ਦੁੱਖੀ ਦੇਖ ਅਤੇ ਇਸ ਰੋਗ ਦੇ ਆਸ ਤੋੜ ਦੇਣ ਵਾਲੇ ਅੰਤ ਨੂੰ ਸੋਚ ਕੇ ਚਿਤ ਦੀਆਂ ਵਾਗਾਂ ਹੱਥੋਂ ਨਿਕਲ ਜਾਂਦੀਆਂ। ਅੱਖਾਂ ਵਿਚ ਜਲ ਭਰ ਆਉਂਦਾ, ਅਤੇ ਇਕ ਹਨੇਰਾ ਜਿਹਾ ਦਿਸਦਾ, ਪਰ ਧਰਮ ਮੂਰਤੀ ਪਤੀ ਦੇ ਉਪਦੇਸ਼, ਆਪਣਾ ਪਰਮੇਸ਼ਰ ਵਿਚ ਦ੍ਰਿੜ ਵਿਸ਼ਵਾਸ ਅਤੇ ਗਿਆਨ, ਹੋੜ ਵਰਜ ਕੇ ਮਨ ਨੂੰ ਫਿਰ ਸਾਵਧਾਨ ਕਰ ਦਿੰਦੇ। ਫਿਰ ਬੀ ਖਾਣਾ ਪੀਣਾ ਬਹੁਤ ਘਟ ਗਿਆ। ਪਰਮੇਸ਼੍ਵਰ ਅਗੇ ਪ੍ਰਾਰਥਨਾ ਵਿਚ ਅਤੇ ਪੁਤ੍ਰ ਦੀ ਸੇਵਾ ਵਿਚ ਸਾਰਾ ਸਮਾਂ ਬਤੀਤ ਕਰਦੇ। ਕਰਤਾਰ ਦੀ ਕੁਦਰਤ ਅਠ ਦਸ ਦਿਨਾਂ ਮਗਰੋਂ ਮਾਤਾ[2] ਮੁੜੀ ਅਤੇ ਸਰੀਰ ਨਵਾਂ ਨਰੋਆ ਹੋ ਗਿਆ। ਉਸ ਵੇਲੇ ਗੁਰੂ ਜੀ ਨੇ ਦੋ ਸ਼ਬਦ ਉਚਾਰੇ। ਪਹਿਲਾ ਸ਼ਬਦ ਤਾਪ ਦੇ ਸ਼ਮਨ ਦਾ ਸੀ ਤੇ ਦੂਸਰਾ ਸੀਤਲਾ ਦੇ ਹਟ ਜਾਣ ਤੇ ਨੇਤ੍ਰਾਂ ਦੇ ਸਹੀ ਸਲਾਮਤ ਖੁਲ੍ਹ ਆਉਣ ਪਰਥਾਇ ਹੈ, ਉਹ ਸ਼ਬਦ ਸਨ:-

---

੧. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਵੀਰ, ਸ੍ਰੀ ਗੁਰੂ ਰਾਮਦਾਸ ਜੀ ਦੇ ਮੰਝਲੇ ਸਪੁਤਰ।

੨. ਸੀਤਲਾ, ਚੇਚਕ।

੩. ਧਰਤੀ।


www.sikhbookclub.com

ਗਉੜੀ ਮਹਲਾ ੫॥[1]

"ਸਾਂਤਿ ਭਈ ਗੁਰ ਗੋਬਿਦਿ ਪਾਈ॥ ਤਾਪ ਪਾਪ ਬਿਨਸੇ ਮੇਰੇ ਭਾਈ॥੧॥ਰਹਾਉ॥
ਰਾਮ ਨਾਮੁ ਨਿਤ ਰਸਨ ਬਖਾਨ॥ ਬਿਨਸੇ ਰੋਗ ਭਏ ਕਲਿਆਨ॥੧॥
ਪਾਰਬ੍ਰਹਮ ਗੁਣ ਅਗਮ ਬੀਚਾਰ॥ ਸਾਧੂ ਸੰਗਮਿ ਹੈ ਨਿਸਤਾਰ॥੨॥
ਨਿਰਮਲ ਗੁਣ ਗਾਵਹੁ ਨਿਤ ਨੀਤ॥ ਗਈ ਬਿਆਧਿ ਉਬਰੇ ਜਨ ਮੀਤ॥੩॥
ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ॥ ਨਾਨਕ ਦਾਸ ਤੇਰੀ ਸਰਣਾਈ॥੪॥੧੦੨॥"

ਪੰਨਾ ੨੦੦

ਗਉੜੀ ਮਹਲਾ ੫॥[2]

"ਨੇਤ੍ਰ ਪਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥੧॥ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥੧॥
ਨਾਨਕ ਨਾਮੁ ਜਪੈ ਸੋ ਜੀਵੈ॥ ਸਾਧਸੰਗਿ ਹਰਿ ਅੰਮ੍ਰਿਤੁ ਪੀਵੈ॥੨॥੧੦੩॥੧੭੨॥"

ਪੰਨਾ ੨੦੦

---

੧. ਹੇ ਮੇਰੇ ਭਾਈ! ਤਾਪ ਸੰਤਾਪ (ਸਭ) ਦੂਰ ਹੋ ਗਏ ਹਨ। (ਹੁਣ) ਸ਼ਾਂਤੀ ਹੋ ਗਈ ਹੈ, (ਆਪੇ ਨਹੀਂ ਹੋਈ) ਵਾਹਿਗੁਰੂ ਨੇ (ਤੇ ਪਹਿਲੇ ਚਾਰ) ਸਤਿਗੁਰਾਂ ਨੇ (ਸ਼ਾਂਤੀ) ਵਰਤਾਈ ਹੈ।੧।ਰਹਾਉ॥ ਨਿਤ ਰਾਮ ਦਾ ਨਾਮ ਰਸਨਾ ਨਾਲ ਉਚਾਰਨ ਕਰਦਿਆਂ, ਰੋਗ ਦੂਰ ਹੋ ਗਏ ਤੇ ਸੁਖ ਵਰਤ ਗਏ ਹਨ।੧। (ਹੇ ਭਾਈ! ਤੂੰ ਬੀ) ਪਾਰਬ੍ਰਹਮ ਦੇ ਅਗੰਮ ਗੁਣਾਂ ਦਾ ਵਿਚਾਰ ਕਰ, ਸਾਧੂ ਦੇ ਮਿਲਾਪ ਵਿਚ ਨਿਸਤਾਰਾ ਹੁੰਦਾ ਹੈ, (ਕਿਉਂਕਿ ਅਗੰਮ ਗੁਣਾਂ ਦਾ ਵੀਚਾਰ ਉਹੀ ਦੱਸਦਾ ਹੈ)।੨। ਹੇ ਮਿਤ੍ਰ! (ਪਰਮੇਸ਼ਰ ਦੇ) ਪਵਿਤ੍ਰ ਗੁਣ ਨਿੱਤ ਨਿੱਤ ਗਾਵੋ, (ਫੇਰ ਸਮਝ ਲਓ ਕਿ) ਵਿਆਧੀ ਚਲੀ ਗਈ (ਤੇ ਪਰਮੇਸ਼ਰ ਦੇ) ਦਾਸ ਬਚ ਗਏ।੩। (ਕਿਵੇਂ ਮੈਂ) ਮਨ ਕਰਕੇ, ਬਚਨਾਂ ਕਰਕੇ, ਕਰਮਾਂ ਕਰਕੇ ਅਪਨੇ ਪ੍ਰਭੂ ਨੂੰ ਧਿਆਵਾਂ, ਇਸ ਲਈ ਨਾਨਕ (ਵਰਗੇ) ਦਾਸ (ਹੇ ਪ੍ਰਭੂ!) ਤੇਰੀ ਸ਼ਰਣ ਵਿਚ ਪਏ ਹੋਏ ਹਨ॥੪॥੧੦੨॥੧੭੧॥

ਸੰਥਜਾ ਪੋਥੀ ੩, ਸਫਾ ੧੨੫੨

੨. ਗੁਰਦੇਵਾਂ (ਦੀ ਕ੍ਰਿਪਾ ਦੁਆਰੇ ਸ੍ਰੀ ਹਰਿ ਗੋਬਿੰਦ ਜੀ ਨੇ) ਨੇਤ੍ਰ ਖੁਹਲੇ ਹਨ (ਹੁਣ ਨੇਤ੍ਰਾਂ ਦੀ ਸਲਾਮਤੀ ਬਾਬਤ ਜੋ) ਭਰਮ (ਕੀਤੇ ਜਾ ਰਹੇ ਸਨ) ਦੂਰ ਹੋ ਗਏ ਹਨ (ਤੇ ਜੋ ਸੇਵਕਾਂ ਨੇ ਸੀਤਲਾ ਦੀ ਬੀਮਾਰੀ ਵਿਚ) ਸੇਵਾ (ਕੀਤੀ ਸੀ) ਸਫਲ ਹੋ ਗਈ ਹੈ।੧।ਰਹਾਉ। ਪਾਰਬ੍ਰਹਮ ਪ੍ਰਭੂ ਨੇ ਕਿਰਪਾ ਕੀਤੀ ਹੈ; ਹਾਂ, ਜੋ ਸੀਤਲਾ ਤੋਂ ਬਿਹਾਰੀ[3] ਨੂੰ ਬਚਾ ਲਿਆ ਹੈ।੧। ਹੇ ਨਾਨਕ! ਜੋ ਨਾਮ ਜਪਦਾ ਹੈ, ਉਹੀ ਜੀਉਂਦਾ ਹੈ, (ਕਿਉਂਕਿ ਉਹ) ਸਾਧੂ ਦੇ ਸੰਗ ਵਿਚ ਹਰੀ (ਨਾਮ) ਦਾ ਅੰਮ੍ਰਿਤ ਪੀਂਦਾ ਰਹਿੰਦਾ ਹੈ॥੨॥੧੦੩॥੧੭੨॥

ਸੰਥਜਾ ਪੋਥੀ ੩, ਸਫਾ ੧੨੫੨

੩. ਇਥੇ ਬਿਹਾਰੀ ਪਦ ਦੁਹੀਂ ਪਾਸੀਂ ਲਾਉਂਦੇ ਹਨ।

੧. ਬਿਹਾਰੀ=ਸੁਖ ਪੂਰਬਕ ਵਿਚਰਨ ਵਾਲੇ ਸ੍ਰੀ ਹਰਿਗੋਬਿੰਦ ਜੀ ਨੂੰ।

੨. 'ਅਨੰਦ ਦਾਤਾ ਯਾ ਜਗਤ ਵਿਚ ਵਿਚਰ ਰਹੇ ਪ੍ਰਭੂ' ਨੇ ਸੀਤਲਾ ਤੋਂ ਰੱਖ ਲਿਆ।

ਜਦ ਸੀਤਲਾ ਤੋਂ ਹਰਿ ਗੋਬਿੰਦ ਜੀ ਰਾਜ਼ੀ ਹੋਏ ਤਾਂ ਪ੍ਰਿਥੀਆ ਬਹੁਤ ਦੁੱਖੀ ਹੋਇਆ। ਹੋਰ ਤਾਂ ਕੁਛ ਨਾ ਆਹੁੜੀ, ਗੁਰੂ ਜੀ ਦੇ ਬ੍ਰਾਹਮਣ ਨੌਕਰ ਨੂੰ ਜੋ ਗੁਰੂ ਨੰਦਨ[1] ਦਾ ਖਿਡਾਵਾ ਸੀ, ਧਨ ਦੇਣਾ ਕਰਕੇ ਬਾਲਕ ਨੂੰ ਵਿਹੁ ਦਿਵਾਉਣ ਦਾ ਬੰਦੋਬਸਤ ਕੀਤਾ।

'ਹੋਨਹਾਰ ਬਿਰਵਾ ਕੇ ਹੋਤ ਚੀਕਨੇ ਪਾਤ', ਜਿਸ ਦੁੱਧ ਵਿਚ ਵਿਹੁ ਰਲਾ ਕੇ ਕਪਟੀ ਬ੍ਰਾਹਮਣ ਉਨ੍ਹਾਂ ਨੂੰ ਪਿਲਾਉਣਾ ਚਾਹੁੰਦਾ ਸੀ, ਉਨ੍ਹਾਂ ਨਾ ਪੀਤਾ ਅਰ ਰੋ ਪਏ। ਆਵਾਜ਼ ਸੁਣ ਕੇ ਮਾਤਾ ਗੰਗਾ ਜੀ ਨੇ ਦੁੱਧ ਕੁੱਤੇ ਨੂੰ ਪਾ ਦਿਤਾ, ਓਹ ਪੀਂਦਾ ਹੀ ਮਰ ਗਿਆ। ਕੁਕਰਮ ਦੀ ਫਿਟਕਾਰ ਅਤੇ ਧਰਮ-ਨਿਆਂ ਕਰਕੇ "ਦੂਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥'[2]

---

੧. ਸਪੁੱਤਰ।

੨. ਬ੍ਰਾਹਮਣ ਦਾ ਜ਼ਿਕਰ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਕੀਤਾ ਹੈ। ਭੈਰਉ ਰਾਗ ਵਿਚ ਆਪ ਦਾ ਉਚਾਰਿਆ ਸ਼ਬਦ ਇਉਂ ਵਿਦਮਾਨ ਹੈ:-

ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇਆ॥ ਇਆਣਾ ਪਾਪੀ ਓਹੁ ਆਪਿ ਪਚਾਇਆ॥੨॥
ਪ੍ਰਭ ਮਾਤਾ ਪਿਤਾ ਆਪਣੇ ਦਾਸ ਕਾ ਰਖਵਾਲਾ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥੪॥੯॥

{ਭੈਰਉ ਮਹਲਾ ੫॥ ਪੰਨਾ-੧੧੩੭}

# ੨. ਕੁੜਮਾਈ

**ਸ੍ਰੀ ਗੁਰੂ ਨਾਨਕ ਦੇਵ ਜੀ** ਆਪਣੀ ਬਾਲ ਅਵਸਥਾ ਦੇ ਮਗਰੋਂ ਸੁਲਤਾਨਪੁਰ ਆ ਰਹੇ ਸੀ, ਜਿੱਥੇ ਆਪ ਨੇ ਨਵਾਬ ਦੌਲਤ ਖਾਂ ਦਾ ਮੋਦੀਖਾਨਾ ਤੋਰਿਆ ਅਰ ਗ਼ਰੀਬਾਂ ਦੀ ਪਾਲਣਾ ਕੀਤੀ। ਇਥੇ ਗੁਰੂ ਜੀ ਦੇ ਸਤਿਸੰਗ ਦੇ ਰੰਗ ਵੀ ਜ਼ੋਰਾਂ ਵਿਚ ਸੀ। ਆਲੇ ਦੁਆਲੇ ਤੇ ਦੂਰ ਨੇੜੇ ਗਿਰਾਵਾਂ ਸ਼ਹਿਰਾਂ ਵਿਚ ਆਪ ਦੇ ਸਤਿ ਉਪਦੇਸ਼ ਦਾ ਪਰਚਾ ਫੈਲ ਰਿਹਾ ਸੀ। ਪਹਿਲੀ ਉਦਾਸੀ ਇਸ ਥਾਂ ਤੋਂ ਹੀ ਆਰੰਭ ਹੋਈ। ਇਹ ਨਗਰ ਹੁਣ ਰਿਆਸਤ ਕਪੂਰਥਲਾ ਵਿਚ ਬਿਆਸਾ ਦੇ ਨੇੜੇ ਹੈ। ਬਿਆਸਾ ਤੋਂ ਉਰਾਰ ਗੋਇੰਦਵਾਲ ਤੋਂ ਪਾਰ ਪਰੇ ਹੇਠਲੇ ਪਾਸੇ ਸੁਲਤਾਨਪੁਰ ਹੈ। ਇਹ ਨਗਰ ਤਦੋਂ ਦੁਆਬੇ ਦੀ ਰਾਜਧਾਨੀ ਸੀ ਤੇ ਸ਼ਾਹੀ ਸੜਕ ਏਥੋਂ ਲੰਘਦੀ ਸੀ। ਇਸ ਸਿਖ ਇਤਿਹਾਸ ਦੇ ਯਾਦ-ਲਾਇਕ ਅਸਥਾਨ ਤੋਂ ਤ੍ਰੈ ਕੋਹ ਪਰੇ ਡੱਲਾ ਨਾਮੇ ਗ੍ਰਾਮ ਹੈ। ਇਸ ਪਿੰਡ ਨੇ ਉਸ ਮਹਾਂ ਪੁਰਖ ਨੂੰ ਜਨਮ ਦਿੱਤਾ, ਜਿਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ਦੀ ਉਚਿਆਈ ਦੇ ਚਿੰਨ ਵੇਖਦੇ ਸੀ, ਪਰ ਉਸ ਪੂਰਨ ਸਿਖ ਨੇ ਆਪਣੇ ਆਪ ਨੂੰ ਕੇਵਲ ਸਿੱਖੀ ਜੋਗ ਸਮਝ ਕੇ ਪਰਮ ਨਿੰਮ੍ਰਤਾ ਨਾਲ "ਸਿੱਖੀ" ਦਾਨ ਹੀ ਮੰਗਿਆ, ਅਰ ਸਿੱਖੀ ਦਾਨ ਪ੍ਰਾਪਤ ਕੀਤਾ। ਉਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਰੂਪ ਨਿਵਾਸ ਤੋਂ ਵੱਖਰਾ ਇਹ ਵਰ ਬਖਸ਼ਿਆ:—

ਭਾਈ ਪਾਰੋ ਕੋ ਬਰੁ ਭਯੋ। ਸ੍ਰੀ ਗੁਰੂ ਅਮਰਦਾਸ ਜੀ ਦਯੋ।
ਗੁਰੁ ਘਰ ਸੌਂ ਤਵ ਕੁਲ ਕੋ ਨਾਤਾ। ਹੋਇ ਹੈ ਆਗੈ ਜਗ ਬੱਖਜਾਤਾ॥੮॥

{ਸੂ ਪ੍ਰ. ਰਾ. ੪ ਅੰਸੂ ੬, ਸਫ਼ਾ ੨੨੫੦, ੨੨੫੧}

ਐਸੇ ਪੂਰਨ ਸਿਖ ਭਾਈ ਪਾਰੋ ਜੀ ਦੀ ਕੁਲ ਵਿਚ ਨਾਰਾਇਣ ਦਾਸ ਨਾਮੇ ਇਕ ਪ੍ਰਸਿੱਧ ਗੁਰੂ ਕਾ ਸਿਖ ਹੋਇਆ। ਇਹ ਸੱਜਣ ਗੁਰੂ ਘਰ ਦਾ ਬੜਾ ਪ੍ਰੇਮੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਨਿੰਨ ਸਿਖ ਸੀ। ਇਸ ਦੇ ਘਰ ਦੋ ਪੁਤ੍ਰੀਆਂ ਹੋਈਆਂ, ਵੱਡੀ ਦਾ ਨਾਮ ਰਾਮੋ ਤੇ ਛੋਟੀ ਦਾ ਦਮੋਦਰੀ ਸੀ। ਇਹ ਬੀਬੀਆਂ ਆਪਣੀ ਅਕਲ ਸੁਭਾਵ ਅਨੁਸਾਰ ਸ਼ੀਲਵੰਤੀਆਂ ਤੇ ਭਗਤੀ ਭਾਵ ਨਾਲ ਭਰੇ ਰਿਦੇ ਵਾਲੀਆਂ ਸਨ। ਸਤਲੁਜੋਂ ਪਾਰ ਡੱਲੇ ਤੋਂ ਪੰਝੀ ਤੀਹ ਮੀਲ ਡਰੋਲੀ ਨਾਮੇ ਪਿੰਡ ਹੈ, ਇਸ ਥਾਂ ਤੇ ਇਕ ਭਲਾ ਘਰ ਸੀ। ਭਾਈ ਨਾਰਾਇਣ ਦਾਸ ਨੇ ਆਪਣੀ ਵੱਡੀ ਪੁਤ੍ਰੀ ਰਾਮੋ ਦਾ ਵਿਆਹ ਡਰੋਲੀ ਦੇ ਇਸ ਕੁਲ ਦੇ ਹੋਣਹਾਰ, ਸ਼ੀਲ ਸੁਭਾਉ 'ਸਾਈਂ ਦਾਸ' ਨਾਲ ਕੀਤਾ। ਆਪਣੇ ਘਰ ਪੁਤ੍ਰ ਨਹੀਂ ਸੀ ਤੇ ਸਾਈਂ ਦਾਸ ਦਾ ਮਿਲਾਪੜਾ ਤੇ ਨੇਕ ਸੁਭਾਵ ਵੇਖ ਕੇ ਭਾਈ ਨਾਰਾਇਣ ਦਾਸ ਨੇ ਉਸ ਨੂੰ ਆਪਣੇ ਘਰ ਡੱਲੇ ਹੀ ਰੱਖ ਲਿਆ[1]। ਡੱਲੇ ਵਿਚ ਗੁਰਸਿਖੀ ਦਾ ਬਹੁਤ ਹੀ ਚਰਚਾ ਸੀ ਤੇ ਸਤਿਸੰਗ ਦਾ ਭਾਰੀ ਪਰਵਾਹ ਚਲਦਾ ਸੀ। ਭਾਈ ਲਾਲੋ, ਭਾਈ ਧੀਰਾ,

੧. ਸਾਈਂ ਦਾਸ ਬਸਜੋ ਸਸੁਰਾਰੇ॥- {ਸੂ: ਪ੍ਰ: ਰਾ: ੫, ਅੰਸੂ ੨੯, ਸਫ਼ਾ ੨੬੨੨}


www.sikhbookclub.com

ਭਾਈ ਬਹਿਲੋ ਆਦਿ ਸਿਖੀ ਦੇ ਚਮਕਦੇ ਤਾਰੇ ਇਸ ਗ੍ਰਾਮ ਵਿਚ ਅਨੇਕਾਂ ਹੀ ਹੋਏ ਹਨ। ਮੰਜੀਆਂ, ਪੰਘੂੜਿਆਂ ਤੇ ਪੀੜ੍ਹੀਆਂ ਦੀਆਂ ਬਖਸ਼ਿਸ਼ਾਂ ਕਈ ਇਸ ਪਿੰਡ ਦੇ ਗੁਰਮੁਖਾਂ ਨੂੰ ਤੀਜੇ ਗੁਰੂ ਸਾਹਿਬਾਂ ਵਲੋਂ ਪ੍ਰਾਪਤ ਹੋਈਆਂ ਸਨ: ਸਤਿਸੰਗ ਦੇ ਅਮੀਕ ਪਰਵਾਹ ਏਥੇ ਹੋਣ ਕਰਕੇ ਸਾਈਂ ਦਾਸ ਉਤੇ ਬੀ ਪਰਮਾਰਥ ਦਾ ਅਸਰ ਹੋ ਗਿਆ ਤੇ ਉਹ ਸੰਗਤ ਦੇ ਨਾਲ ਸ੍ਰੀ ਅੰਮ੍ਰਿਤਸਰ ਜੀ ਆਯਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤਿਓਸੁ ਤਾਂ ਆਤਮਾ ਨੂੰ ਠੰਡ ਪੈ ਗਈ ਤੇ ਸਾਈਂ ਦਾਸ ਗੁਰੂ ਕਾ ਸਿਖ ਹੋ ਗਿਆ। ਅਭਜਾਸ ਨੂੰ ਇਹ ਰੰਗ ਲੱਗਾ ਕਿ ਨਾਮ ਦਾ ਜਾਪ ਰਸਨਾ ਤੇ ਟਿਕ ਗਿਆ ਤੇ ਫੇਰ ਇਹ ਸਿਮਰਨ ਬਣਕੇ ਹਿਰਦੇ ਵਿਚ ਜਾ ਪਹੁੰਚਾ। ਬੀਬੀ ਹਮੋ ਸਿੱਖ ਦੀ ਧੀ ਤੇ ਪੱਕੇ ਭਰੋਸੇ ਵਾਲੀ, ਪਤੀ ਸਿਦਕ ਤੇ ਪ੍ਰੇਮ ਵਾਲਾ ਹੋ ਜਾਣ ਕਰਕੇ ਦੋਹਾਂ ਦੀ ਅਨੂਪਮ ਜੋੜੀ ਹੋ ਗਈ। ਜੀਵਨ ਦਾ ਰਸ ਆ ਗਿਆ। ਦੋਵੇਂ ਉਸ ਰਸ ਨੂੰ ਮਾਣਨ ਲੱਗ ਪਏ, ਜਿਸ ਦੇ ਆਇਆਂ ਹੋਰ ਸਾਰੇ ਰਸ ਭੁੱਲ ਜਾਂਦੇ ਹਨ[੧]।

ਇਸ ਪ੍ਰਕਾਰ ਜਨਮ ਦਾ ਲਾਹਾ ਲੈਂਦਿਆਂ ਇਕ ਐਸਾ ਸਮਾਂ ਆਇਆ ਕਿ ਸਾਰਾ ਪਰਿਵਾਰ ਸ੍ਰੀ ਗੁਰੂ ਜੀ ਦੇ ਦਰਸ਼ਨ ਲਈ ਅੰਮ੍ਰਿਤਸਰ ਹਾਜ਼ਰ ਹੋਇਆ। ਅੱਗੇ ਉਥੇ, ਉਹ ਮਾਮਲਾ ਛਿੜ ਰਿਹਾ ਸੀ ਕਿ ਜਿਸ ਦੇ ਦਰਦਨਾਕ ਸਾਕੇ ਅੱਜ ਤਕ ਗੜੇ ਗੜੇ ਤੇ ਹੰਝੂ ਰੁਆਉਂਦੇ ਹਨ। ਚੰਦੂ ਦੀਵਾਨ ਦੀ ਪੁੱਤ੍ਰੀ ਦਾ ਨਾਤਾ ਫੇਰ ਆਇਆ ਸੀ। ਦਿੱਲੀ ਦੀ ਸੰਗਤ ਦਾ ਇਹ ਵੀ ਫੈਸਲਾ ਪਹੁੰਚ ਚੁਕਾ ਹੋਇਆ ਸੀ ਕਿ ਆਪ ਨੇ ਇਹ ਨਾਤਾ ਨਹੀਂ ਲੈਣਾ। ਗੁਰੂ ਜੀ ਰੱਬ ਦੀ ਘੱਲੀ ਹੋਈ ਇਲਾਹੀ ਜੋਤ ਸਨ, ਪਰ ਸਿੱਖਾਂ ਨੂੰ ਐਨਾ ਪਿਆਰ ਕਰਦੇ ਸਨ ਕਿ ਕਈ ਵਾਰੀ ਸੰਗਤ ਨੂੰ ਇਕੀ ਵਿਸਵੇ ਤੇ ਨਿਜ ਨੂੰ ਵੀਹ ਵਿਸਵੇ ਕਿਹਾ ਕਰਦੇ ਸਨ[੨]। ਸਿੱਖਾਂ ਨੂੰ ਉਹ "**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ**" {ਗੁ: ਮ: ੫, ਪੰਨਾ ੪੯੫} ਦੇ ਪਿਆਰੇ ਉਪਦੇਸ਼ ਦਿਆ ਕਰਦੇ ਸੇ। ਉਹਨਾਂ ਸਿੱਖਾਂ ਦੀ ਬਾਬਤ ਇਹ ਫੁਰਮਾਨ ਆਪ ਦਾ ਸੂ: ਪ੍ਰ: ਵਿਚ ਲਿਖਿਆ ਹੈ :-

ਮਾਨਨੀਯ ਗੁਰਸਿੱਖ ਹਮਾਰੇ॥ ਕਰਹਿਂ ਤਥਾ ਇਹ ਜਥਾ ਉਚਾਰੇਂ॥੩੭॥
ਸ੍ਰੀ ਨਾਨਕ ਆਦਿਕ ਗੁਰ ਸਾਰੇ। ਜਾਨਤ ਰਹੇ ਇਨਹੁੰ ਬਹੁ ਪਜਾਰੇ।
ਹਮ ਭੀ ਮਾਨਤ ਹੈਂ ਸਿਖ ਬਾਕ। ਕਹਜੋ ਤਿਨਹੁੰ ਨਹਿ ਲੀਜਹਿ ਸਾਕ॥੩੮॥.........
ਹੋਇ ਸਿੱਖਜ ਏਤੋ ਪਦ ਪਾਏ। ਸਕਲ ਜਗਤ ਕੋ ਪੂਜ ਬਨਾਏ॥
ਸਿਖ ਕੇ ਸਮਸਰ ਅਪਰ ਨਾ ਪਜਾਰੋ। ਸਾਸ ਮਾਸ ਮਹਿ ਸਿਖ ਸੰਭਾਰੋਂ॥੪੧॥
ਪੂਜਨੀਯ ਹੈਂ ਸਿੱਖਜ ਮਹਾਨ। ਤਨ ਧਨ ਮੇਰੋਂ ਹੈਂ ਸਿੱਖ ਪ੍ਰਾਨ।
ਸਿੱਖਨਿ ਕੀ ਕਰੁਨਾ ਸੁਖ ਪੱਜੈ। ਕਹਯੋ ਤਿਨਹੁੰ ਕੋ ਕਿਮ ਹਟਕੱਜੈ॥੪੨॥

{ਸੂ: ਪ੍ਰ: ਰਾ: ੪, ਅੰਸੂ ੮, ਸਫਾ ੨੨੫੯, ੨੨੬੦}

੧. ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥—ਗਉੜੀ ਕਬੀਰ ਜੀ॥
— ਪੰਨਾ ੩੩੭

੨. ਸੰਗਤ ਗੁਰੂ ਸਮੇਤ ਸੰਗਤ ਹੈ, ਜਿਸ ਤਰ੍ਹਾਂ ਜੰਞ ਲਾੜੇ ਨਾਲ ਹੋਣ ਤੇ ਜੰਞ ਹੈ ਪਰ ਲਾੜੇ ਬਿਨਾਂ ਜੰਞ ਜੰਞ ਨਹੀਂ ਹੈ।

ਸੋ ਦਿੱਲੀ ਦੀ ਸੰਗਤ ਦਾ ਲਿਖਿਆ ਮੰਨ ਕੇ ਗੁਰੂ ਜੀ ਨੇ ਨਾਤੇ ਤੋਂ ਨਾਂਹ ਕਰ ਦਿਤੀ ਸੀ। ਅਜ ਨਾਂਹ ਕਰਕੇ ਆਪ ਨੇ ਫੁਰਮਾਇਆ ਕਿ ਅਸੀਂ ਕਿਸੇ ਆਪਣੇ ਸਿਖ ਦੇ ਘਰ ਸਾਕ ਕਰਾਂਗੇ। ਇਸੇ ਪ੍ਰਕਾਰ ਦੇ ਬਚਨਾਂ ਨੇ ਸੰਗਤ ਵਿਚ ਖੁਸ਼ੀ ਭਰ ਦਿਤੀ ਸੀ। ਇਸ ਵੇਲੇ ਭਾਈ ਨਾਰਾਇਣ ਦਾਸ ਦੇ ਜੀ ਵਿਚ ਆਈ ਕਿ ਜੇ ਛੋਟੀ ਪੁਤ੍ਰੀ ਦਮੋਦਰੀ ਨੂੰ ਸ੍ਰੀ ਗੁਰੂ ਜੀ ਦੇ ਸਪੁਤ੍ਰ ਦੀ ਸੇਵਾ ਵਿਚ ਅਰਪਨ ਕਰਾਂ ਤਦ ਸੁਭਾਗ ਹੋ ਜਾਣ ਸਾਡੇ। ਸ੍ਰੀ ਗੁਰੂ ਅਮਰਦਾਸ ਜੀ ਨੇ ਮੇਰੇ ਪਿਤਾਮਾ ਜੀ ਨੂੰ ਵਰ ਬੀ ਦਿਤਾ ਸੀ ਕਿ ਗੁਰੂ ਘਰ ਨਾਲ ਤੁਸਾਂ ਦੀ ਕੁਲ ਦਾ ਨਾਤਾ ਹੋਵੇਗਾ। ਕਿਆ ਉਸੇ ਵਾਕ ਦੀ ਸਫ਼ਲਤਾ ਦਾ ਸਮਾਂ ਤਾਂ ਨਹੀਂ ਆ ਪੁੱਜਾ? ਇਹ ਵਿਚਾਰ ਕੇ ਸਾਈਂ ਦਾਸ ਨੂੰ ਕਹਿਣ ਲੱਗਾ: ਪਿਆਰੇ ਪੁਤ੍ਰ! ਮੇਰੇ ਜੀ ਵਿਚ ਇਹ ਫੁਰਨਾ ਆਇਆ ਹੈ ਕਿ ਦਮੋਦਰੀ ਨੂੰ ਗੁਰੂ ਸਪੂਤ ਦੇ ਚਰਨਾਂ ਦੀ ਦਾਸੀ ਅਰਪਨ ਕਰੀਏ, ਤੁਹਾਡੀ ਕੀ ਸਲਾਹ ਹੈ? ਭਾਈ ਸਾਈਂ ਦਾਸ ਦੇ ਅਨੰਦ ਨਾਲ ਨੈਣ ਭਰ ਆਏ ਤੇ ਕਹਿਣ ਲੱਗਾ: ਪਿਤਾ ਜੀ! ਦੇਰ ਨਾ ਕਰੋ, ਇਹ ਬਹੁਤ ਸ਼ੁਭ ਸੰਕਲਪ ਹੈ। ਰਾਮੋ ਤੇ ਮਾਈ ਬੀ ਪਾਸ ਹੀ ਸਨ, ਉਨ੍ਹਾਂ ਨੇ ਬੀ ਸੁਣਕੇ ਖੁਸ਼ੀ ਮੰਨਾਈ। ਹੁਣ ਸਾਈਂ ਦਾਸ ਤੇ ਨਾਰਾਇਣ ਦਾਸ ਹੱਥ ਜੋੜ ਕੇ ਗਲ ਪੱਲਾ ਪਾਕੇ ਖੜੋ ਗਏ ਅਰ ਭਾਈ ਨਾਰਾਇਣ ਦਾਸ ਨੇ ਬਿਨਤੀ ਉਚਾਰੀ:—

ਬਡਜੋਂ ਸਹਤ ਹਮ ਗੁਰ ਸ਼ਰਨਾਈ॥ ਮਮ ਪੁਤ੍ਰੀ ਕੀ ਲੇਹੁ ਸਗਾਈ॥੧੨॥
ਲਾਜ ਬਿਨਾਂ ਮੈਂ ਸਭਾ ਮਝਾਰੀ॥ ਬਿਨਤੀ ਸਰਧਾ ਸਹਤ ਉਚਾਰੀ॥੧੩॥
ਰਾਖਹੁ ਲਾਜ ਮੋਹਿ ਭਰਵਾਸਾ॥ ਯਾ ਤੇ ਕਹੀ ਆਪਣੀ ਆਸਾ॥ {ਸੂ: ਪ੍ਰ: ਰਾ: ੪, ਐਸੂ ੬, ਸਫਾ ੨੨੫੧}

ਸ੍ਰੀ ਗੁਰੂ ਜੀ ਨੇ ਬੜੇ ਪ੍ਰੇਮ ਤੇ ਕ੍ਰਿਪਾ ਨਾਲ ਸਾਕ ਪ੍ਰਵਾਨ ਕੀਤਾ, ਅਰ ਇਉਂ ਸਿਖਾਂ ਦੀ ਮਹਿਮਾ ਕਹੀ:-

ਮਹਿਮਾ ਗੁਰਸਿੱਖਨ ਕੀ ਮਹਾਂ॥ ਕੋ ਸਮਤਾ ਕਰ ਸਕਹਿ ਨਾ ਤਹਾਂ......੧੯

{ਸੂ: ਪ੍ਰ: ਰਾ: ੪, ਐਸੂ ੬, ਸਫਾ ੨੨੫੧}

ਉਸੇ ਵੇਲੇ ਕੁੜਮਾਈ ਦੀ ਮਰਯਾਦਾ ਹੋ ਗਈ ਅਰ ਭਾਈ ਨਾਰਾਇਣ ਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਗਾਈ ਦਾ ਤਿਲਕ ਦੇ ਦਿੱਤਾ। ਇਸ ਪਵਿੱਤ੍ਰ ਸੰਜੋਗ ਤੋਂ ਸਭ ਨੂੰ ਸੁਖ ਹੋਇਆ, ਪਰ ਬੀਬੀ ਰਾਮੋ ਤੇ ਸਾਈਂ ਦਾਸ ਜੀ ਨੂੰ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਘਰ ਕਰ ਰਿਹਾ ਸੀ, ਜਿਨ੍ਹਾਂ ਦਾ ਜੀਵਨ ਸਫ਼ਲ ਜੀਵਨ ਹੋ ਰਿਹਾ ਸੀ, ਜੋ ਸ਼ਰਧਾ ਤੇ ਪਿਆਰ ਭਰੇ ਮਨ ਨਾਲ ਗੁਰੂ ਕੇ ਹੋ ਰਹੇ ਸਨ, ਉਨ੍ਹਾਂ ਨੂੰ ਸ੍ਰੀ ਗੁਰੂ ਜੀ ਦੇ ਨਾਲ ਇਹ ਨਿਕਟਵਰਤੀ ਸੰਬੰਧ ਹੋਣਾ ਕੁਝ ਐਸੇ ਰਸ ਵਿਚ ਪਾ ਗਿਆ ਕਿ ਜੋ ਅਕਹਿ ਸੀ।


www.sikhbookclub.com

# ੩. ਵਿਆਹ

**ਕੁੜਮਾਈ** ਦਾ ਕਾਰਜ਼ ਹੋ ਗਿਆ, ਰਾਤ ਅਨੰਦ ਵਿਚ ਬੀਤੀ, ਅੰਮ੍ਰਿਤ ਵੇਲੇ ਦੀਵਾਨ ਲੱਗਾ, ਸਾਰੇ ਆਸਾ ਦੀ ਵਾਰ ਦੇ ਸੁਣਨ ਵਿਚ ਮਗਨ ਹੋ ਗਏ। ਜਦੋਂ ਭੋਗ ਪੈ ਗਿਆ, ਕਥਾ ਕੀਰਤਨ ਹੋ ਚੁਕੇ, ਤਦ ਪਰਵਾਰ ਦੀ ਸਲਾਹ ਨਾਲ ਨਰਾਇਣ ਦਾਸ ਨੇ ਬੇਨਤੀ ਕੀਤੀ, 'ਸ੍ਰੀ ਗੁਰੂ ਜੀ! ਜੇ ਵਿਹਾਹ ਦਾ ਕਾਰਜ ਝਬਦੇ ਹੀ ਹੋ ਜਾਵੇ, ਤਦ ਬਹੁਤ ਹੀ ਅਨੰਦ ਹੋਵੇ।' ਸ੍ਰੀ ਗੁਰੂ ਜੀ ਨੇ ਹੱਸ ਕੇ ਕਿਹਾ, 'ਨਾਰਾਇਣ ਦਾਸ ਦੋ ਮਹੀਨੇ ਬੀਤ ਲੈਣ ਦਿਓ, ਮਾਘ ਵਿਚ ਅਸੀਂ ਡੱਲੇ ਆਵਾਂਗੇ ਅਰ ਵਿਆਹ ਰੀਤੀ ਕਰਾਂਗੇ, ਤੁਸੀਂ ਹੁਣ ਆਪਣੇ ਘਰ ਜਾਵੋ ਅਰ ਜਾ ਕੇ ਤਿਆਰੀ ਕਰੋ'। ਨਰਾਇਣ ਦਾਸ ਤੇ ਸਾਈਂ ਦਾਸ ਪਰਵਾਰ ਸਮੇਤ ਵਿਦਾ ਹੋਏ ਤੇ ਖਡੂਰ, ਗੋਇੰਦਵਾਲ, ਸੁਲਤਾਨਪੁਰ ਹੁੰਦੇ ਹੋਏ ਡੱਲੇ ਪਹੁੰਚ ਕੇ ਵਿਆਹ ਦੀਆਂ ਤਿਆਰੀਆਂ ਕਰਨ ਲਗ ਪਏ। ਰਾਮੋ ਬੀ ਮਾਂ ਨਾਲ ਦਾਜ ਦੌਣ ਦੇ ਆਹਰ ਵਿਚ ਲਗ ਗਈ। ਇਸ ਕਰਕੇ ਤਾਂ ਲਗਣਾ ਹੀ ਸੀ ਕਿ ਛੋਟੀ ਭੈਣ ਦਾ ਵਿਆਹ ਹੈ, ਪਰ ਵਧੀਕ ਹੁਲਾਸ ਤੇ ਸ਼ਰਧਾ ਇਸ ਗਲ ਵਿਚ ਸੀ ਕਿ ਭੈਣ ਨੇ ਗੁਰੂ ਘਰ ਵਿਚ ਜਾਣਾ ਹੈ, ਜੋ ਕੁਝ ਭੈਣ ਜੋਗ ਦੇਣਾ ਹੈ, ਉਹ ਗੁਰੂ ਗ੍ਰਿਹ ਵਿਚ ਪ੍ਰਵਾਨ ਹੋਣਾ ਹੈ। ਪਿਆਰੇ ਜੀਜਾ ਜੀ, ਜੋ ਜਿੰਦੋਂ ਪਿਆਰੇ ਸਤਿਗੁਰੂ ਦੇ ਸਪੁਤ੍ਰ ਹਨ ਅਰ ਜਿਨ੍ਹਾਂ ਨੇ ਗੁਰਗਾਦੀ ਤੇ ਬਿਰਾਜਣਾ ਹੈ, ਹਰ ਵੇਲੇ ਰਾਮੋ ਦੀਆਂ ਅੱਖਾਂ ਅੱਗੇ ਰਹਿੰਦੇ ਹਨ। ਰਾਮੋ ਕਲੀਆਂ ਲਾ ਉਨ੍ਹਾਂ ਜੋਗਾ ਜਾਮਾ ਸੀਊਂਦੀ ਹੈ, ਨੇਤਰ ਭਰ ਭਰ ਆਉਂਦੇ ਹਨ ਤੇ ਸੋਚਦੀ ਹੈ, 'ਵਾਹਿਗੁਰੂ ਦੀ ਕੇਡੀ ਦਿਆਲਤਾ ਹੈ। ਪਿਤਾ ਸਿਖ, ਮਾਤਾ ਸਿਖ, ਪਤੀ ਸਿਖ, ਅਰ ਹੁਣ ਗੁਰੂ ਜੀ ਨਾਲ ਸਾਕਾਦਾਰੀ ਹੋ ਗਈ ਹੈ।' ਇਹੋ ਹਾਲ ਸਾਈਂ ਦਾਸ ਦੇ ਹਿਰਦੇ ਦਾ ਹੈ, ਚੁਣ ਚੁਣ ਕੇ ਵਧੀਆ ਤੇ ਸੁੰਦਰ ਸ਼ੈਆਂ ਪਿਆਰ ਨਾਲ ਲਿਆਉਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਉਹ ਨਿਰਾ ਸਾਕ ਹੀ ਨਹੀਂ ਦੇਖਦਾ, ਪਰ ਗੁਰੂ ਕਾ ਰੂਪ, ਗੁਰਗਾਦੀ ਤੇ ਬਿਰਾਜਣਹਾਰ। ਸੋ ਸਾਰੇ ਜਣੇ ਗੁਰਸਿਖੀ ਦੇ ਪ੍ਰੇਮ ਵਿਚ ਭਰੇ ਹੋਏ ਜੋ ਤਿਆਰੀ ਕਰ ਰਹੇ ਹਨ, ਸੰਸਾਰੀਆਂ ਵਾਂਙੂ ਮੋਹ ਵਿਚ ਨਹੀਂ ਪਰ ਪ੍ਰੇਮ ਵਿਚ!

ਇਹ ਦੋ ਮਹੀਨੇ ਜਿਸ ਰੰਗ ਦੇ ਨਾਰਾਇਣ ਦਾਸ ਦੇ ਘਰ ਬੀਤੇ, ਉਸ ਦਾ ਰਸ ਉਸ ਦਾ ਪਰਵਾਰ ਹੀ ਜਾਣ ਸਕਦਾ ਸੀ। ਮਾਵਾਂ ਧੀਆਂ ਤਾਂ ਦਾਜ ਦੌਣ ਦੇ ਠੀਕ ਕਰਨ, ਹੋਰ ਮੁੱਲ ਲੈਣ ਤੇ ਸੀਉਣ ਪਰੋਣ ਵਿਚ ਲੱਗੀਆਂ ਰਹਿੰਦੀਆਂ ਹਨ ਤੇ ਮਹੁਰਾ ਤੇ ਜਵਾਈ ਸਾਮਾਨ ਖਰੀਦਣ, ਘਿਉ, ਖੰਡ, ਮੈਦਾ, ਬਾਲਣ ਆਦਿ ਸਾਮਾਨ ਤਿਆਰ ਕਰਾਉਣ ਦੇ ਆਹਰ ਵਿਚ ਹਨ। ਪਿੰਡ ਸਾਰਾ ਪ੍ਰੇਮੀ ਸਿਖਾਂ ਨਾਲ ਭਰਪੂਰ ਹੈ, ਸਾਰੇ ਦੇ ਸਾਰੇ ਪ੍ਰੇਮ ਨਾਲ ਸਹਾਇਤਾ ਕਰਦੇ ਹਨ ਅਰ ਸਾਰੇ ਸਮਝਦੇ ਹਨ ਕਿ ਸਾਡੇ ਪਿੰਡ ਦੀ ਮਹਾਨ ਵਡਿਆਈ ਹੋਈ ਹੈ ਕਿ ਸ੍ਰੀ ਗੁਰੂ ਜੀ ਨੇ ਇਸ ਥਾਂ ਦੀ ਬਾਲੀ ਆਪਣੇ ਸਪੂਤ ਦੀ ਦਾਸੀ ਹੋਣ ਲਈ ਕਬੂਲੀ ਹੈ। ਭੈਣਾਂ, ਦੁਭੈਣਾਂ, ਸਤਿਸੰਗਣਾਂ ਵਧ ਤੋਂ ਵਧ ਚੋਲੀਆਂ, ਬਾਗ਼, ਫੁਲਕਾਰੀਆਂ ਤੇ ਚੋਪ ਕੱਢ ਕੱਢ ਕੇ ਲਿਆ ਲਿਆ

ਦੇਂਦੀਆਂ ਤੇ ਕਹਿੰਦੀਆਂ ਹਨ: 'ਪ੍ਰੇਮ ਦੇਈਏ। ਜੇ ਇਹ ਤੁਛ ਲੀਰ ਆਪਣੀ ਸਪੁਤ੍ਰੀ ਦੇ ਦਾਜ ਲਈ ਕਬੂਲ ਲਵੇਂ ਤਾਂ ਸਾਡੇ ਬੀ ਧੰਨ ਭਾਗ ਹੋ ਜਾਣ, ਇਸ ਵਸੀਲੇ ਹੀ ਸਹੀ ਜੋ ਇਹ ਨਿਕਾਰੀ ਸ਼ੈ ਸਤਿਗੁਰਾਂ ਦੇ ਦਰਬਾਰਰ ਅੱਪੜ ਪਵੇ ਅਰ ਸ੍ਰੀ ਗੰਗਾ ਜੀ ਵਰਗੀ ਧਰਮ ਮੂਰਤ ਦੇ ਪਿਆਰੇ ਹੱਥ ਇਨ੍ਹਾਂ ਨੂੰ ਇਕ ਵੇਰ ਛੋਹ ਹੀ ਲੈਣ।' ਪ੍ਰੇਮ ਦੇਈ ਉਹਨਾਂ ਦੀ ਸਿੱਕ ਤੇ ਸੱਧਰ ਦੇ ਕਾਰਣ ਅਰ ਉਸ ਸਫ਼ਾਈ ਦੀ ਵਰਤਣ ਦੇ ਸਬਬ, ਜੋ ਸਤਿਸੰਗੀਆਂ ਦੀ ਆਪੋ ਵਿਚ ਹੋਇਆ ਕਰਦੀ ਹੈ, ਕਿਸੇ ਨੂੰ ਨਾਂਹ ਨਹੀਂ ਕਰਦੀ ਤੇ ਸਿਰ ਅੱਖਾਂ ਤੇ ਧਰਕੇ ਕਬੂਲਦੀ ਤੇ ਕਹਿੰਦੀ ਹੈ 'ਮੇਰੇ ਧੰਨ ਭਾਗ ਜਿਸ ਦੇ ਘਰ ਕੁਲਤਾਰੂ ਪੁੱਤਰੀ ਆਈ ਹੈ।

ਦੋ ਮਹੀਨੇ ਬੀਤ ਗਏ। ਦਿਨਾਂ ਬੀਤਦਿਆਂ ਕੀ ਚਿਰ ਲਗਦਾ ਹੈ। ਇਧਰ ਮਾਤਾ ਗੰਗਾ ਜੀ ਨੇ ਸਾਰੀ ਤਿਅਰੀ ਪੁਤ੍ਰ ਵਿਵਾਹ ਦੀ ਕਰ ਲਈ ਹੋਈ ਸੀ। ਸ੍ਰੀ ਗੁਰੂ ਜੀ ਸੰਗਤ ਤੇ ਸਨਬੰਧੀ ਨਾਲ ਲੈ ਕੇ ਤੁਰੇ। ਖਡੂਰ ਸਾਹਿਬ ਆਏ, ਗੁਰ ਅਸਥਾਨ ਦੇ ਦਰਸ਼ਨ ਕੀਤੇ, ਦਾਤੂ ਜੀ ਤਾਂ ਪਹਿਲੋਂ ਹੀ ਨਾਲ ਸਨ। ਫੇਰ ਆਪ ਗੋਇੰਦਵਾਲ ਆਏ ਤੇ ਮੋਹਨ ਜੀ ਦੀਆਂ ਅਸੀਸਾਂ ਲਈਆਂ। ਮੋਹਰੀ ਜੀ ਤੇ ਪਰਵਾਰ ਤਾਂ ਨਾਲ ਸੀ ਹੀ। ਮੋਹਰੀ ਜੀ ਨੇ ਸਾਰੀ ਜੰਞ ਨੂੰ ਪ੍ਰਸ਼ਾਦ ਛਕਾਇਆ। ਫੇਰ ਸੁਲਤਾਨ ਪੁਰ ਆਏ। ਸਤਿਗੁਰ ਨਾਨਕ ਦੇਵ ਜੀ ਦੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਅਗਲੇ ਦਿਨ ਡੱਲੇ ਪਹੁੰਚੇ। ਕੁੜਮ ਸਾਰੀ ਸੰਗਤ ਸਮੇਤ ਜੋਟੀਆਂ ਦੇ ਸ਼ਬਦ ਪੜ੍ਹਦੇ ਅਗੋਂ ਲੈਣ ਵਾਸਤੇ ਆਏ ਤੇ ਪ੍ਰੇਮ ਨਾਲ 'ਜੀ ਆਇਆਂ' ਨੂੰ ਕਰਕੇ ਸ਼ੁਭ ਅਸਥਾਨ ਉਤਾਰ ਦਿੱਤਾ। ਸੀ ਤਾਂ ਵਿਆਹ, ਪਰ ਮੰਗਲ ਉਹੋ ਹੋ ਰਹੇ ਸੇ ਜੋ ਆਤਮ ਆਨੰਦ ਦੇਣ। ਸ਼ਬਦ ਕੀਰਤਨ ਦੀ ਅਖੰਡ ਧੁਨਿ ਲੱਗ ਰਹੀ ਸੀ, ਗੁਰਬਾਣੀ ਦਾ ਥਾਂ ਥਾਂ ਉਚਾਰ ਹੋ ਰਿਹਾ ਸੀ ਤੇ ਘਰ ਘਰ ਸ਼ਬਦਾਂ ਦੀ ਘਨਘੋਰ ਲੱਗ ਰਹੀ ਸੀ।

ਵੇਖੋ! ਗੁਰੂ ਕੇ ਸਿੱਖਾਂ ਦੀ ਕਰਨੀ, ਆਪਣੀ ਖੁਸ਼ੀ ਕਿਨ੍ਹਾਂ ਗੱਲਾਂ ਵਿਚ ਸਮਝਦੇ ਸਨ। ਗੁਰੂ ਜੀ ਦੇ ਆਪਣੇ ਪਿੰਡ ਵਿਵਾਹ ਲਈ ਆਉਣ ਦੀ ਸਫ਼ਲਤਾ ਸਿਖ ਕਿਸ ਗੱਲ ਵਿਚ ਖਿਆਲ ਕਰਦੇ ਸਨ। ਭਰੇ ਦੀਵਾਨ ਵਿਚ ਸ੍ਰੀ ਗੁਰੂ ਜੀ ਦੀ ਸੇਵਾ ਵਿਖੇ ਡੱਲੇ ਦੀ ਸੰਗਤ ਬਿਨੈ ਕਰਦੀ ਹੈ ਕਿ 'ਹੇ ਦੀਨ ਦਿਆਲ ਜੀ! ਆਪ ਨੇ ਏਥੇ ਚਰਨ ਪਾਏ ਹਨ, ਕੋਈ ਐਸੀ ਕ੍ਰਿਪਾ ਕਰੋ ਕਿ ਆਪ ਦੇ ਇਥੇ ਕ੍ਰਿਪਾ ਕਰਨ ਦਾ ਨਿਸ਼ਾਨ ਕਾਇਮ ਹੋ ਜਾਵੇ।' ਸ੍ਰੀ ਗੁਰੂ ਜੀ ਨੇ ਕਿਹਾ 'ਸਤਿ ਬਚਨ, ਜਿਵੇਂ ਸੰਗਤ ਦਾ ਪ੍ਰੇਮ ਹੋਵੇ।'

ਉਸ ਸਮੇਂ ਨਹਿਰਾਂ ਨਹੀਂ ਸਨ ਹੁੰਦੀਆਂ, ਪਾਣੀ ਦੀ ਥੁੜ ਥਾਂ ਥਾਂ ਹੁੰਦੀ ਸੀ। ਸੋ ਸਤਿਗੁਰ ਜੀ ਨੇ ਡੱਲੇ ਵਿਚ ਇਕ ਬਾਉਲੀ ਲਾ ਦੇਣ ਦੀ ਸਲਾਹ ਕੀਤੀ ਤੇ ਲੌਢੇ ਪਹਿਰ ਇਕ ਉੱਤਮ ਥਾਉਂ ਢੂੰਡ ਕੇ ਆਪਣੀ ਹੱਥੀਂ ਟੱਕ ਲਾਇਆ। ਫੇਰ ਸ੍ਰੀ ਗੁਰੂ ਜੀ ਨੇ ਭਾਈ ਸਾਲ੍ਹੋ ਨੂੰ ਕਿਹਾ ਕਿ 'ਭਾਈ ਜੀ ਤੁਸੀਂ ਇਥੇ ਕੁਛ ਕਾਲ ਟਿਕ ਜਾਓ ਅਰ ਬਾਉਲੀ ਦੀ ਸੇਵਾ ਕਰਾਓ।' ਡੱਲੇ ਦੀ ਸੰਗਤ ਨੇ ਆਪਣੇ ਧੰਨ ਭਾਗ ਜਾਣਕੇ ਆਪ ਧਰਤੀ ਖੰਨੀ ਅਰ ਆਪ ਉਸਾਰੀ ਕਰਕੇ ਬਾਉਲੀ ਸਮਾਪਤ ਕੀਤੀ। ਇਹ ਬਾਉਲੀ ਸ੍ਰੀ ਗੁਰੂ ਜੀ ਦੇ ਕਰ ਕਮਲਾਂ ਦੇ ਉਪਕਾਰ ਦੀ ਯਾਦਗਾਰ,


www.sikhbookclub.com

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਦੀ ਸੱਚੀ ਖੁਸ਼ੀ ਤੇ ਸੁਖ ਦਾ ਸੋਮਾਂ ਹੁਣ ਤੱਕ ਉਥੇ ਹੈ ਅਰ ਦੱਸ ਰਹੀ ਹੈ ਕਿ ਗੁਰੂ ਜੀ ਕਿਵੇਂ ਉਪਕਾਰ ਦੇ ਕੰਮਾਂ ਨੂੰ ਸਿਰੇ ਚਾੜ੍ਹਦੇ ਸਨ। ਇਸ ਪ੍ਰਕਾਰ ਆਸਾ ਦੀਆਂ ਵਾਰਾਂ ਲਗਦੀਆਂ ਰਹੀਆਂ ਅਰ ਉਸੇ ਤਰ੍ਹਾਂ ਕਥਾ ਕੀਰਤਨ ਉਪਦੇਸ਼ ਹੁੰਦੇ ਰਹੇ, ਜਿਸ ਤਰ੍ਹਾਂ ਕਿ ਗੁਰੂ ਜੀ ਦੇ ਨਿਤਾਪ੍ਰਤੀ ਹੁੰਦਾ ਸੀ। ਵਿਆਹ ਕਾਰਜ ਹੋ ਗਿਆ। ਦੂਲੋ ਜੀ ਨੂੰ ਸੱਸ ਨੇ ਗੋਦ ਵਿਚ ਲੈਕੇ ਪਿਆਰ ਦਿੱਤਾ। ਸਾਲੀ ਪ੍ਰੇਮ ਨਾਲ ਨਿਹਾਲ ਹੋ ਰਹੀ ਹੈ ਅਰ ਜੀਜਾ ਜੀ ਨੂੰ ਸਿੱਠਣੀਆਂ ਦੇਣ ਦੀ ਥਾਂ ਉਹਨਾਂ ਦੇ ਚਰਨਾਂ ਪਰ ਸੀਸ ਧਰਕੇ ਮਨ ਹੀ ਮਨ ਵਿਚ ਕਹਿੰਦੀ ਹੈ :—

**"ਪ੍ਰਭ ਜਨਮ ਮਰਨ ਨਿਵਾਰਿ॥ ਹਾਰਿ ਪਰਿਓ ਦੁਆਰਿ॥"**

{ਬਿਲਾ: ਮ: ੫; ਅਸਟ-੨}

ਦੂਲੇ ਜੀ ਸੱਸ ਦੀ ਗੋਦ ਵਿਚ ਹਨ, ਉਧਰ ਸਾਲੀ ਚਰਨਾਂ ਨੂੰ ਮਸਤਕ ਨਾਲ ਲਾਈ ਛੰਮ ਛੰਮ ਹੰਝੂ ਕੇਰ ਰਹੀ ਹੈ, ਸਾਈਂ ਦਾਸ ਪ੍ਰੇਮ ਦੀ ਮੂਰਤ ਬਣੀ ਹੱਥ ਬੰਨ੍ਹੀ ਖੜੇ ਹਨ, ਨਾਰਾਇਣ ਦਾਸ ਜੀ ਅਚਰਜ ਪਿਆਰ ਨਾਲ ਤੱਕਕੇ ਅਦਬ ਸਹਿਤ ਕੋਲ ਬੈਠੇ ਹਨ, ਸਾਰਾ ਪਰਿਵਾਰ ਮੂਰਤ ਵਾਂਙ ਅਚੱਲ— ਕੋਈ ਬੈਠਾ ਕੋਈ ਖੜਾ— ਤੱਕ ਰਿਹਾ ਹੈ। ਰਾਮੋ ਦਾ ਪ੍ਰੇਮ ਰੋਕਿਆਂ ਰੁਕਿਆ ਨਾ, ਉਸ ਦੇ ਮੂੰਹੋਂ ਕਿਸੇ ਅਰਦਾਸ ਦੇ ਭਾਉ ਵਿਚ ਨਿਕਲਿਆ :—

**"ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥ ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥**
**ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥"** {ਫੁਨਹੇ, ਮ: ੫-੧੫}

ਇਹ ਅੰਤਲੀ ਤੁਕ ਅਤਿ ਅਧੀਨਗੀ ਦੀ ਬਿਨੈ ਵਿਚ ਕਈ ਵਾਰ ਮੂੰਹੋਂ ਨਿਕਲੀ। ਦੂਲਹਾ ਜੀ ਪ੍ਰੇਮ ਨਾਲ ਬੋਲੇ: **"ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥੧੫॥"**

**"ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ॥ ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ॥**
**ਅੰਮ੍ਰਿਤੁ ਨਾਮੁ ਧਿਆਨੁ ਦਿਤਾ ਤੁਸਿ ਹਰਿ॥ ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ॥੧੭॥"**

ਇਹ ਆਸ਼ਾ, ਦਾਤ ਤੇ ਕ੍ਰਿਪਾਲਤਾ ਦਾ ਫੁਨਹਾ ਸੁਣ ਕੇ ਰਾਮੋ ਨੇ ਪਿਆਰ ਨਾਲ ਪੜਿਆ-

**"ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥ ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥ ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥ ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥੧੧॥"**

ਪਿਆਰੇ ਦੂਲਹਾ ਜੀ ਬੋਲੇ: **"ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ॥**
**ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ॥ ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ॥**
**ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ॥੨੨॥"**

ਇਸ ਵੇਲੇ ਸੰਗਤ ਤੇ ਬੜਾ ਪ੍ਰੇਮ ਦਾ ਪ੍ਰਭਾਵ ਛਾਇਆ। ਇਸ ਮਗਨਤਾ ਦੇ ਰਸ ਵਿਚ ਬੇਵਸ ਹੋਈ ਸਾਰੀ ਸੰਗਤ ਇਹ ਗਾਉਣ ਲੱਗ ਪਈ:

**"ਜਿੱਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ॥ ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ॥
ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ॥ ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ॥੧੮॥"**

ਇਸ ਵੇਲੇ ਦੇ ਇਸ ਮੰਗਲਾਚਾਰ ਤੇ ਸ਼ਬਦ ਉਚਾਰ ਦੀ ਜਦ ਸ੍ਰੀ ਗੁਰੂ ਜੀ ਨੂੰ ਖਬਰ ਅੱਪੜੀ ਤਦ ਸਹਿਜ ਸੁਭਾਵ ਬੋਲੇ:— "ਹਰਿ ਗੋਬਿੰਦ ਸੂਰਾ ਗੁਰੂ, ਸਾਈਂ ਦਾਸ ਰਾਮੋ ਪੂਰੇ ਸਿਖ, ਡੱਲੇ ਦੀ ਸਿੱਖੀ ਧੰਨ"।

ਤ੍ਰੈ ਦਿਨ ਸ੍ਰੀ ਗੁਰੂ ਜੀ ਉਥੇ ਰਹੇ, ਨਾਰਾਇਣ ਦਾਸ ਨੇ ਬੜੇ ਪ੍ਰੇਮ ਤੇ ਆਦਰ ਨਾਲ ਸੇਵਾ ਕੀਤੀ, ਜਥਾ ਸ਼ਕਤ ਪ੍ਰੇਮ ਤੇ ਉਤਸ਼ਾਹ ਨਾਲ ਭਰਪੂਰ ਦਾਜ ਦਿਤਾ। ਇਹ ਸਭ ਕੁਝ ਕਰਕੇ ਜਦ ਗੁਰੂ ਜੀ ਵਿਦਾ ਹੋਣ ਲਗੇ ਤਦ ਨਿੰਮ੍ਰਤਾ ਭਰੀ ਬੇਨਤੀ ਕੀਤੀ:—

ਔਰ ਕਛੂ ਨ ਬਨਯੋ ਮੁਝ ਤੇ ਇਕ ਦਾਸੀ ਦਈ ਹਿਤ ਸੇਵ ਤੁਮਾਰੀ॥
ਆਪ ਕੋ ਨਾਮ ਅਨਾਥ ਕੋ ਨਾਥ ਹੈ ਰਾਖਿ ਲਈ ਪਤਿ ਆਨਿ ਹਮਾਰੀ॥
ਦੋਨਹੁੰ ਲੋਕ ਸਹਾਇ ਕਰੋ ਸੁ ਕਰੋਰਨਿ ਕੀ ਕਰਤੇ ਰਖਵਾਰੀ॥
ਮੈਂ ਪਕਰਯੋ ਇਕ ਦਾਮਨ ਆਪ ਕੋ ਆਯੋ ਸ਼ਰੰਨ ਲਖੇ ਉਪਕਾਰੀ॥੮॥

{ਸੂ: ਪ੍ਰ: ਰਾ: ੪, ਅੰਸੂ ੧੪, ਸਫ਼ਾ ੨੨੮੧}

ਸ੍ਰੀ ਗੁਰੂ ਜੀ ਨੇ ਨਾਰਾਇਣ ਦਾਸ ਨੂੰ ਗਲ ਲਾ ਲਿਆ, ਅਰ ਪ੍ਰੇਮ ਨਾਲ ਕਿਹਾ, "ਭਾਈ ਨਾਰਾਇਣ ਦਾਸ! ਤੇਰਾ ਸਰੂਪ ਵਿਚ ਵਾਸ"। ਇਸ ਵੇਲੇ ਸਾਈਂ ਦਾਸ ਤੇ ਰਾਮੋ ਹੱਥ ਜੋੜੀ ਚਰਨੀਂ ਆ ਪਏ ਅਰ ਇਹ ਸ਼ਬਦ ਉਚਾਰਣ ਲੱਗੇ :—

**"ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ॥
ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ॥
ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ॥
ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ॥
ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ॥
ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ॥੩॥"**

{ਤੁਖਾਰੀ ਛੰਤ ਮਹਲਾ ੪-੧}

ਸ੍ਰੀ ਗੁਰੂ ਜੀ ਸਿਖਾਂ ਦੇ ਪ੍ਰੇਮ ਨੂੰ ਦੇਖ ਆਪ ਵੀ ਪ੍ਰੇਮ ਦੇ ਘਰ ਵਿਚ ਆ ਗਏ ਤੇ ਪਿਆਰ ਨਾਲ ਥਾਪੀ ਦੇਕੇ ਬੋਲੇ :—

**"ਮਿਤ ਕਾ ਚਿਤੁ ਅਨੂਪੁ ਮਰੰਮੁ ਨਾ ਜਾਨੀਐ॥ ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥ ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥੧੨॥"**

{ਫੁਨਹੇ ਮ: ੫}

ਇਸੀ ਪ੍ਰਕਾਰ ਸਾਰੀ ਸੰਗਤ ਨੂੰ ਧੀਰਜ ਅਤੇ ਉਪਦੇਸ਼ ਕਰਦੇ ਸ੍ਰੀ ਗੁਰੂ ਜੀ ਵਿਦਾ ਹੋ ਕੇ ਅੰਮ੍ਰਿਤਸਰ ਜੀ ਆਏ।

# ੪. ਗੁਰਗਾਦੀ ਬਿਰਾਜਣਾ

ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰੂ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

{ਵਾਰਾਂ ਭਾਈ ਗੁਰਦਾਸ, ਵਾਰ ੧ ਪਉੜੀ ੪੮}

**ਅਜ ਹੈ ਗੁਰਗਾਦੀ ਬਿਰਾਜਣ ਦਾ ਦਿਨ** ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ।

ਹਰਿ ਮੰਦਰ ਦੇ ਅੰਦਰ ਪਾਠ ਹੋ ਰਿਹਾ ਹੈ ਸ਼ਬਦਾਵਤਾਰ ਪਰਮ ਪਾਵਨ ਬੀੜ ਦਾ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖ ਕੇ ਝੁਕਦਾ ਹੈ ਸਾਰਾ ਸਿਖ-ਜਗਤ ਤੇ ਜਿਸ ਤੋਂ ਪ੍ਰਾਪਤ ਕਰਦਾ ਹੈ ਆਤਮਿਕ ਦਾਤਾਂ। ਸਭ ਤੋਂ ਪਹਿਲੋਂ ਇਸ ਅਰਸ਼ੀ ਬਾਣੀ ਦਾ ਭੋਗ ਪਾਇਆ ਗਿਆ। ਭੋਗ ਪਾਇਆ ਗੁਰੂ ਨਾਨਕ ਦੇ ਤਾਰੇ ਭਾਈ ਬੁੱਢੇ ਨੇ। ਫੇਰ ਕੀਰਤਨ ਹੋਇਆ, ਅਰਦਾਸਾ ਸੋਧਿਆ ਗਿਆ ਅਤੇ ਪ੍ਰਸ਼ਾਦਿ ਵਰਤਾਇਆ ਗਿਆ।

ਇਸ ਵੇਲੇ ਸੰਗਤ ਸ਼ਹਿਰ ਦੀ, ਪ੍ਰੇਮੀ ਬਾਹਰ ਦੇ, ਤੇ ਨਿਜ ਦੇ ਸਨਬੰਧੀ ਆਦਿਕ ਸਾਰੇ ਆਏ ਹੋਏ ਸਨ।

ਮੁਹਰੀ ਆਦਿਕ ਭੱਲੇ ਆਏ। ਦਾਤੂ ਅੰਗਦ ਨੰਦ ਸੁਹਾਇ॥੨੩॥
ਬਹੁ ਸੰਗਤਿ ਕੋ ਲਗਜੋ ਦਿਵਾਨ। ਸੁਨਿ ਸੁਨਿ ਸੁਧ ਬੈਠੇਹਿਂ ਖਿਚ ਆਨਿ।
ਸਾਲੋ ਆਦਿਕ ਬ੍ਰਿੰਦ ਮਸੰਦ। ਚਲਿ ਪਹੁੰਚੇ ਤਬਿ ਧਨੀ ਬਿਲੰਦ॥੨੪॥
ਪ੍ਰਜਾ ਜਿਤਿਕ ਪੁਰਿ ਬਸਨੇ ਹਾਰੀ; ਆਇ ਸਭਿਨਿ ਅਭਿਬੰਦਨ ਧਾਰੀ।

{ਗੁ. ਪ੍ਰ. ਸੂ. ਰਾਸ ੪, ਅੰ. ੪੧. ਸਫਾ ੨੩੯੬}

ਹੁਣ ਦਸਤਾਰ ਬੰਦੀ ਹੋਣੀ ਸੀ। ਮਸੰਦਾਂ ਨੇ ਨਾਲ ਹੀ ਸੇਲੀ ਟੋਪੀ ਅਗੇ ਲਿਆ ਰਖੀ। ਸ੍ਰੀ ਗੁਰੂ ਜੀ ਨੇ ਭਾਈ ਜੀ ਵੱਲ ਤਕ ਕੇ ਫੁਰਮਾਯਾ ਕਿ: 'ਹੁਣ ਸੇਲੀ ਟੋਪੀ ਦਾ ਸਮਾਂ ਨਹੀਂ; ਹੁਣ ਸਮਾਂ ਸ਼ਸਤ੍ਰਾਂ ਦਾ ਆ ਗਿਆ ਹੈ।' ਤਦ ਪਹਿਲਾਂ ਦਸਤਾਰ ਬੰਦੀ ਹੋਈ। ਫਿਰ ਦਸਤਾਰ ਵਿਚ ਕਲਗੀ ਲਗਾਈ। ਫੇਰ ਭਾਈ ਬੁੱਢਾ ਜੀ ਨੇ ਤਲਵਾਰ ਪਹਿਨਾਈ। ਉਹ ਸਜੇ ਪਾਸੇ ਪਹਿਨਾਈ ਗਈ, ਜਦ ਓਹ ਸਜਿਓ ਲਾਹ ਕੇ ਖਬੇ ਕਰਨ ਲਗੇ ਤਾਂ ਸ੍ਰੀ ਗੁਰੂ ਜੀ ਨੇ ਫੁਰਮਾਯਾ: 'ਰਹਿਣ ਦਿਓ, ਪਹਿਨੀ ਨਾ ਉਤਾਰੋ, ਇਹ ਤੇਰਾ ਪੀਰੀ ਦੀ ਰਹੀ, ਮੀਰੀ ਦੀ ਖਬੇ ਪਾਸੇ ਹੋਰ ਪਹਿਨਾ ਦਿਓ।' ਇਉਂ ਦੋ ਤੇਗਾਂ ਪਹਿਨੀਆਂ ਗਈਆਂ। ਇਸ ਕਰਕੇ ਆਪ ਜੀ ਨੂੰ 'ਖੜਗਧਾਰੀ' ਤੇ 'ਮੀਰੀ ਪੀਰੀ ਦੇ ਮਾਲਕ' ਪਦਾਂ ਨਾਲ ਯਾਦ ਕੀਤਾ ਜਾਂਦਾ ਹੈ। ਮਤਲਬ ਸ਼ਾਯਦ ਇਹ ਸੀ ਕਿ ਪੀਰੀ ਦੀ ਤਲਵਾਰ ਵੇਖਕੇ ਜੇ ਜ਼ਾਲਮ ਸਮਝ ਜਾਣ ਕਿ ਹੁਣ ਇਹ ਲੋਕ ਸਾਥੋਂ ਦਬਣ ਨਹੀਂ ਲਗੇ ਤਾਂ ਸੁਖ, ਜੇ ਨਾ ਸਮਝਣ ਤਾਂ ਖਬੇ ਪਾਸੇ ਦੀ ਤਲਵਾਰ ਮਿਆਨੋ ਨਿਕਲ ਕੇ ਚਮਕੇ ਤੇ ਲੋੜ ਪਈ ਤੇ ਮਜ਼ਲੂਮਾਂ ਦੀ ਰਖਿਆ ਹੇਤ ਮੈਦਾਨ ਵਿਚ ਆ ਜਾਏ ਤੇ ਸ਼ੌਰਜ ਵਿਚ ਮਰ ਜਾਣ ਨੂੰ ਜ਼ਿਲਤ ਦੇ ਜੀਵਨ ਨਾਲੋਂ ਉੱਚਾ ਲਖਾ ਜਾਏ।


www.sikhbookclub.com

ਇਸ ਤਰ੍ਹਾਂ ਦਾ ਸ਼ੌਰਜ ਦਾ ਲਿਬਾਸ ਪਹਿਨ ਕੇ ਧਰਮ ਦੀ ਅਗੁਵਾਨੀ ਦੀ ਗੁਰ-ਗਾਦੀ ਪਰ ਬਿਰਾਜ ਗਏ। ਇਸ ਦਿਨ ਭਾਰੀ ਲੰਗਰ ਵੀ ਹੋਇਆ ਤੇ ਭੋਗ ਵੇਲੇ ਕੜਾਹ ਪ੍ਰਸ਼ਾਦਿ ਦੇ ਗਫੇ ਬੀ ਖੁਲ੍ਹੇ ਵਰਤੇ। ਕਵੀ ਜੀ ਲਿਖਦੇ ਹਨ :—

ਸੁੰਦਰ ਬਾਜਿ ਉਠੇ ਸ਼ਦਿਜਾਨੇ। ਸਭਿ ਕੇ ਉਪਜਤਿ ਅਨੰਦ ਮਹਾਨੇ।
ਮੰਗਲ ਸਿਰਜੇ ਬਿਬਿਧਿ ਪ੍ਰਕਾਰੀ। ਨਵੇਂ ਨਿਸ਼ਾਨ ਝੁਲਤਿ ਦੁਤਿ ਭਾਰੀ॥੪੧॥
ਮੰਗਤਿ ਜਨ ਕੋ ਦਰਬ ਘਨੇਰਾ। ਦਿਯੋ ਦਾਨ ਸਤਿਗੁਰ ਤਿਸ ਬੇਰਾ।
ਸ਼ੋਕ ਬਿਸਾਰਿ ਦੀਨ ਸਭਿ ਲੋਕਨਿ। ਸ੍ਰੀ ਹਰਿ ਗੋਵਿੰਦ ਕਰਹਿੰ ਬਿਲੋਕਨਿ॥੪੨॥

{ਗੁ. ਪ. ਸੂ. ਰਾ. ੪ ਅੰ: ੪੧, ਸਫਾ ੨੪੦੦}

# ੫. ਦਿਨ ਚਰਯਾ

**ਗੁਰੂ ਸਾਹਿਬ** ਦੀ ਉਮਰਾ ਤਾਂ ਛੋਟੀ ਸੀ ਪਰ ਗੁਰੂ ਅਵਤਾਰ ਹੋਣ ਕਰਕੇ ਸੋਝੀ, ਦਾਈਆ, ਭਗਤੀ, ਗਜਾਨ ਸਾਰੇ ਗੁਣ ਅਪਰਮਿਤ ਸਨ।

ਗੁਰ-ਗਾਦੀ ਤੇ ਬੈਠ ਕੇ ਉਹੋ ਕੁਝ ਅਰੰਭ ਦਿਤਾ ਜੋ ਪਿਛਲੇ ਸਤਿਗੁਰੂ ਅਰਜਨ ਦੇਵ ਜੀ ਕਰਦੇ ਹੁੰਦੇ ਸਨ। ਅੰਮ੍ਰਿਤ ਵੇਲੇ ਜਾਗਦੇ, ਇਸ਼ਨਾਨ ਕਰਦੇ ਬਸਤ੍ਰ ਪਹਿਨ ਕੇ ਧਜਾਰ-ਮਗਨ ਬੈਠ ਜਾਂਦੇ। ਜਿਸ ਵੇਲੇ ਪਿਤਾ ਗੁਰੂ ਜੀ ਹਰਿ ਮੰਦਰ ਆਉਂਦੇ ਸਨ, ਜਿਸ ਵੇਲੇ ਅਜ ਕਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਆਉਂਦੀ ਹੈ, ਆਪ ਆ ਜਾਂਦੇ ਪਰ ਲਿਬਾਸ ਹੁਣ ਬੀਰ-ਰਸੀ ਕਲਗ਼ੀ ਜਿਗਾ ਵਾਲਾ ਹੁੰਦਾ। ਸ੍ਰੀ ਹਰਿ ਮੰਦਰ ਦੇ ਅੰਦਰ ਆ ਕੇ ਬੈਠ ਜਾਂਦੇ। ਤਾਬਿਆ ਸ੍ਰੀ ਬਾਬਾ ਜੀ ਦੀ ਭਾਈ ਬੁੱਢਾ ਜੀ ਹੁੰਦੇ। ਕੀਰਤਨ ਆਸਾ ਦੀ ਵਾਰ ਦਾ ਹੁੰਦਾ। ਆਪ ਬੈਠ ਕੇ ਸੁਣਦੇ। ਭੋਗ ਪੈ ਚੁਕੇ ਤੇ ਆਪ ਜੀ ਪੁਲ ਤੋਂ ਲੰਘ ਦਰਸ਼ਨੀ ਦਰਵਾਜੇ ਦੇ ਅਗੇ ਜੋ ਮੈਦਾਨ ਸੀ ਇਸ ਦੇ ਪਰਲੇ ਸਿਰੇ ਰੁਖ ਹੇਠ ਸਿੰਘਾਸਣ ਤੇ ਬੈਠ ਜਾਂਦੇ। ਏਥੇ ਬਾਹਰੋਂ ਆਈਆਂ ਸੰਗਤਾਂ ਪੇਸ਼ ਹੁੰਦੀਆਂ। ਹੋਰ ਮਿਲਨੇ ਵਾਲੇ ਮਿਲਦੇ। ਨਾਮ ਦਾਨ ਦੇਂਦੇ, ਉਪਦੇਸ਼ ਕਰਦੇ। ਇਸ ਤਰ੍ਹਾਂ ਪ੍ਰਸ਼ਾਦਿ ਦਾ ਵੇਲਾ ਆ ਜਾਂਦਾ। ਆਪ ਜੀ ਸ੍ਰੀ ਮਾਤਾ ਗੰਗਾ ਜੀ ਪਾਸ ਚਲੇ ਜਾਂਦੇ ਤੇ ਪ੍ਰਸਾਦਿ ਮਾਤਾ ਜੀ ਪਾਸ ਛਕਦੇ।

ਫੇਰ ਚਾਰ ਘੜੀ ਆਰਾਮ ਕਰਦੇ। ਇਹ ਮਰਯਾਦਾ ਇਸ ਲਈ ਚਲ ਰਹੀ ਸੀ ਕਿ ਅੰਮ੍ਰਿਤ ਵੇਲੇ ਜਾਗਣ ਵਾਲੇ ਜੇ ਦੋ ਚਾਰ ਘੜੀ ਦੁਪਹਿਰੇ ਆਰਾਮ ਕਰ ਲੈਣ ਤਾਂ ਸਰੀਰ ਤਜਾਰ ਬਰ ਤਜਾਰ ਰਹਿੰਦਾ ਹੈ।

ਲੌਢੇ ਪਹਰ ਆਪ ਜੀ ਫੇਰ ਤਜਾਰ ਹੋ ਕੇ ਆ ਜਾਂਦੇ। ਕਦੇ ਕੁਸ਼ਤੀਆਂ ਤੇ ਖੇਲ਼ਾਂ ਦੇਖਦੇ ਤੇ ਕਦੇ ਕੁਛ ਸਾਥੀ ਨਾਲ ਲੈ ਕੇ ਸ਼ਿਕਾਰ ਨੂੰ ਚਲੇ ਜਾਂਦੇ। ਪਰ ਦਿਨ ਮੁਕਣ ਤੋਂ ਪਹਿਲਾਂ ਦੀਵਾਨ ਵਿਚ ਆ ਜਾਂਦੇ ਜੋ ਉਥੇ ਲਗਦਾ ਜਿਥੇ ਹੁਣ ਅਕਾਲ ਬੁੰਗਾ ਹੈ। ਰਹਿਰਾਸ ਦੇ ਭੋਗ ਮਗਰੋਂ ਮਹਿਲਾਂ ਨੂੰ ਚਲੇ ਜਾਂਦੇ।


www.sikhbookclub.com

# ੬. ਭਾਈ ਸਾਈਂ ਦਾਸ ਜੀ

**ਛੇਵੇਂ ਗੁਰਾਂ** ਦੇ ਗੱਦੀ ਬਿਰਾਜਣ ਪਰ ਭਾਈ ਸਾਈਂ ਦਾਸ ਜੀ ਦਾ ਪਿਆਰ, ਜੋ ਗੁਰੂ ਜੀ ਨਾਲ ਪਹਿਲੇ ਦਿਨੋਂ ਹੀ ਚੋਖਾ ਸੀ, 'ਗੁਰੂ ਪ੍ਰੇਮ' ਵਿੱਚ ਪਲਟ ਗਿਆ। ਗੁਰੂ ਨੂੰ ਉਹ ਸਦਾ ਜਾਗਦੀ ਜੋਤ ਸਮਝਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਾਕੇ ਤੋਂ ਅਤਿ ਦੁਖੀ ਹੋਏ ਪਰ ਅੰਤ ਗੁਰੂ ਕਾ ਚੋਜ ਜਾਣਕੇ ਸੰਭਲ ਗਏ।

ਛੇਵੇਂ ਸਤਿਗੁਰਾਂ ਦੀ ਸਿੱਖੀ ਤੇ ਰਹਤ ਓਹੋ ਹੀ ਸੀ ਜੋ ਪਿਛਲੇ ਪੰਜਾਂ ਦੀ ਸੀ, ਇੱਕ ਮੀਰੀ ਦਾ ਵਾਧਾ ਸੀ, ਅਰ ਉਹ ਮੀਰੀ ਪਰਮਾਰਥ ਦੇ ਸ਼ਾਂਤਿ ਰਸ ਦੀ ਬਾਧਕ ਨਹੀਂ ਸੀ, ਸ਼ਾਂਤ ਰਸ ਦੀ ਰੱਖਜਾ ਨਮਿੰਤ ਪੈਦਾ ਕੀਤੀ ਗਈ ਸੀ*। ਉਸਦਾ ਪ੍ਰਯੋਜਨ ਦੀਨ ਰੱਖਜਾ, ਧਰਮ ਰੱਖਜਾ ਤੇ ਦੇਸ਼ ਰੱਖਜਾ ਦਾ ਸੀ, ਇਸ ਤੋਂ ਛੁੱਟ ਹੋਰ ਕੁਛ ਨਹੀਂ ਸੀ। ਮੀਰੀ ਨੇ ਸਿੱਖਾਂ ਵਿਚੋਂ ਭਜਨ ਬੰਦਗੀ ਬਾਣੀ ਦਾ ਪ੍ਰੇਮ ਸੱਚ ਦਾ ਜੀਵਨ, ਨੇਕੀ, ਉਪਕਾਰ ਦਾ ਮਾਦਾ ਕਿਵੇਂ ਨਹੀਂ ਘਟਾਇਆ। ਸਤਿਗੁਰੂ ਜੀ ਆਪ ਆਤਮ ਰਸੀਏ ਸੇ ਤੇ ਆਪਣੇ ਸਿੱਖਾਂ ਨੂੰ ਕਿਸੇ ਬੜੇ ਉਚੇ ਬੀਰਰਸ ਦੇ ਰਸੀਏ ਬਣਾ ਰਹੇ ਸੀ, ਜਿਸ ਵਿਚ ਹਉਂ, ਹੰਕਾਰ, ਖ਼ੁਦਗਰਜ਼ੀ ਦੀ ਲੇਸ਼ ਨਹੀਂ ਸੀ।

"ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰ ਭਾਰੀ"

{ਵਾਰ-੧-੪੮}

ਭਾਈ ਗੁਰਦਾਸ ਜੀ ਦਾ ਵਾਕ ਹੈ।

ਜਿਸ ਦਿਨ ਤਿਲਕ ਹੋਣਾ ਸੀ, ਭਾਰੀ ਦੀਵਾਨ ਲਗਾ; ਸੰਗਤਾਂ ਦੀਆਂ ਭੇਟਾਂ ਪ੍ਰਸ਼ਾਦਾਂ ਵਿਚ ਸਾਈਂ ਦਾਸ ਤੇ ਰਾਮੋਂ ਬੀ ਭੇਟ ਲੈ ਕੇ ਹਾਜ਼ਰ ਸਨ, ਆਪਨੇ ਹੱਥਾਂ ਦਾ ਕੱਢਿਆ ਤੇ ਸੀਤਾ ਇੱਕ ਲਾਚੇ ਦਾ ਕਲੀਆਂਦਾਰ ਚੋਲਾ ਮਹਾਰਾਜ ਜੀ ਦੀ ਸੇਵਾ ਵਿੱਚ ਧਰਿਆ, ਅਰ ਜਦ ਸਤਿਗੁਰਾਂ ਨੇ ਉਸੇ ਵੇਲੇ ਪਹਨ ਲਿਆ ਤਾਂ ਜੀ ਬਾਗ਼ ਬਾਗ਼ ਹੋ ਗਿਆ।

ਅਜੇ ਏਥੇ ਹੀ ਸਨ ਕਿ ਇਕ ਦਿਨ ਰਾਤ੍ਰ ਨੂੰ ਗੁਰੂ ਸਾਹਿਬਾਂ ਨੇ ਸਾਈਂ ਦਾਸ ਨੂੰ ਯਾਦ ਕੀਤਾ, ਪਰ ਸਾਈਂ ਦਾਸ ਨਾ ਲੱਭਿਆ। ਜਾਂ ਵਧੇਰੀ ਟੋਲ ਹੋਈ ਤਾਂ ਪਤਾ ਲੱਗਾ ਕਿ ਸ੍ਰੀ ਦਰਬਾਰ ਸਾਹਿਬ ਜੀ ਝਾੜੂ ਦੇ ਰਹੇ ਹਨ: ਜਾਂ ਦੋ ਕੁ ਦਿਨ ਮਗਰੋਂ ਫੇਰ ਰਾਤ ਨੂੰ ਗੁਰੂ ਜੀ ਨੇ ਦਾਸ ਨੂੰ ਭੇਜਿਆ ਤਾਂ ਪਤਾ ਲੱਗਾ ਕਿ ਸਰੋਵਰ ਦੇ ਕਿਨਾਰੇ ਬੈਠੇ ਪ੍ਰੇਮ ਦੇ ਸ਼ਬਦ ਪੜ੍ਹਦੇ ਤੇ ਵੈਰਾਗ ਕਰ ਰਹੇ ਹਨ, ਅਰ ਰਾਮੋ ਬੀ ਨਾਲ ਹੀ ਹੈ। ਜਾਂ ਫੇਰ ਇਕ ਰਾਤ ਇਸੇ ਤਰ੍ਹਾਂ ਭਾਲ ਹੋਈ ਤਾਂ ਪਤਾ ਲੱਗਾ ਜੋ ਅੱਜ ਸ੍ਰੀ ਦਰਬਾਰ ਸਾਹਿਬ ਜੀ ਬੀ ਨਹੀਂ। ਸਵੇਰੇ ਥਹੁ ਮਿਲਿਆ ਕਿ ਲੌਢੇ ਪਹਿਰ ਰਾਮਸਰ ਫਿਰਦੇ ਸਨ ਜੋ ਇੱਕ ਦੁਖੀ ਸਿੱਖ, ਨਾਮ ਦੇ ਪੂਰਨ ਰਸੀਏ ਗੁਰਸਿਖ ਦੀ ਕੁਛ ਖਬਰ ਸੁਣਦੇ ਹੀ ਸੁਲਤਾਨ ਪਿੰਡ ਚਲੇ ਗਏ, ਅਰ ਉਸਦੀ ਦਾਰੀ ਵਿੱਚ ਲੱਗ ਗਏ ਹਨ।

ਇਹ ਇਕ ਚੰਗਾ ਗੁਰੂ ਪ੍ਰੇਮੀ ਸਿੱਖ ਸੀ ਜੋ ਹੁਣ ਅਗਲੇ ਲੋਕ ਦੀਆਂ ਤਿਆਰੀਆਂ ਕਰ ਰਿਹਾ ਸੀ, ਸੇਵਾਦਾਰ ਪਾਸ ਕੋਈ ਨਹੀਂ ਸੀ। ਭਾਈ ਜੀ ਪ੍ਰਸੰਗ ਸੁਣਦੇ ਹੀ ਜਾ ਪਹੁੰਚੇ ਅਰ ਸੇਵਾ ਵਿਚ ਲੱਗ ਪਏ। ਆਤਮਾ ਵਾਹਿਗੁਰੂ ਦੇ ਪ੍ਰੇਮ ਵਿੱਚ ਤੇ ਸਰੀਰ ਸਿੱਖ ਦੀ ਸੇਵਾ ਵਿਚ ਲਗਾ ਰਿਹਾ, ਇਹ ਸਿੱਖ

* ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉਂ ਬਾਗੈ॥ {ਵਾ: ਭਾ: ਗੁ:, ੨੬-੨੫}

 www.sikhbookclub.com

ਚੌਥੇ ਦਿਨ ਕੂਚ ਦੀ ਤਿਆਰੀ ਕਰ ਬੈਠਾ। ਭਾਈ ਜੀ ਨੇ ਕਿਹਾ 'ਕੋਈ ਸੇਵਾ ਦੱਸੋ?' ਕਹਿਣ ਲਗਾ:— 'ਦੀਨ ਦਿਆਲ ਜੀ! ਸਤਿਗੁਰਾਂ ਦੇ ਦਰਸ਼ਨ ਦੀ ਸਿੱਕ ਹੈ; ਪਰ ਹੁਣ ਕਿਥੋਂ ਹੋ ਸੱਕਦੇ ਹਨ? ਤੁਸੀਂ ਗੁਰੂ ਜੀ ਦੇ ਨਿਕਟ ਵਰਤੀ ਹੋ, ਜੇ ਕਿਵੇਂ ਤ੍ਰੁੱਠ ਪਵੋ ਤਾਂ ਅਤਿ ਦਿਆਲਤਾ ਹੈ, ਛੋਟਾ ਮੂੰਹ ਵੱਡੀ ਗੱਲ ਹੈ, ਪਰ ਇਹ ਪ੍ਰੇਮ ਦੀ ਸਿੱਕ ਆਪਣੇ ਵੱਸ ਦੀ ਨਹੀਂ ਹੈ।' ਭਾਈ ਜੀ ਨੇ ਕਦੇ ਸਤਿਗੁਰਾਂ ਪਾਸੋਂ ਕੁਛ ਨਹੀਂ ਸੀ ਮੰਗਿਆ। ਅੱਜ ਸੋਚੀਂ ਪੈ ਗਏ ਕਿ ਮੈਂ ਦਾਸ ਹੋ ਕੇ ਕਿਸ ਮੂੰਹ ਨਾਲ ਬੇਨਤੀ ਕਰਾਂ? ਸੋਚਾਂ ਸੋਚਦੇ ਉਠੇ, ਕੱਪੜੇ ਪਾਏ ਕਿ ਬਾਹਰੋਂ ਬੂਹਾ ਖੜਕਿਆ। ਦੌੜਕੇ ਖੋਲ੍ਹਿਆ ਤਾਂ ਘੋੜੇ ਤੇ ਚੜ੍ਹੇ ਹੋਏ ਸ੍ਰੀ ਗੁਰੂ ਜੀ ਦੀ ਕਿਸ਼ੋਰ ਮੂਰਤੀ ਦੇ ਦਰਸ਼ਨ ਹੋਏ। ਇਕ ਦਮ ਪ੍ਰਵਾਹ ਛੁਟ ਪਿਆ ਅਰ ਬੇਸੁਧ ਜੇਹੇ ਹੋਕੇ ਡਿੱਗ ਪਏ, ਗੁਰੂ ਜੀ ਨੇ ਉਤਰ ਕੇ ਸੰਭਾਲਿਆ, ਅਰ ਕਿਹਾ 'ਧੰਨ ਸਿੱਖੀ' ਤੇ ਭਾਈ ਜੀ ਸਮੇਤ ਅੰਦਰ ਲੰਘ ਗਏ, ਸਿੱਖ ਨੂੰ ਦਰਸ਼ਨ ਦਿੱਤੇ ਅਰ ਅੰਤ ਸਮੇਂ ਨਾਮ ਦੀ ਪੱਕੀ ਲਿਵ ਵਿਚ ਸਿੱਖ ਨੂੰ ਤੋਰਿਆ। ਸਸਕਾਰ ਤੱਕ ਆਪ ਸਤਿਗੁਰੂ ਜੀ ਠਹਿਰੇ, ਸਾਈਂ ਦਾਸ ਜੀ ਚਾਹੁਣ ਕਿ ਧੁੱਪ ਚੜ੍ਹਦੀ ਹੈ, ਦੇਰ ਲੱਗੇਗੀ, ਗੁਰੂ ਜੀ ਨੂੰ ਖੇਚਲ ਨਾ ਹੋਵੇ, ਆਪ ਸ਼ਹਿਰ ਚਲੇ ਜਾਣ, ਪਰ ਮੂੰਹੋਂ ਆਖਣ ਦੀ ਹਿੰਮਤ ਨਾ ਪਵੇ, ਗੁਰੂ ਜੀ ਬੀ ਸਿਖ ਦੇ ਪ੍ਰੇਮ ਦੇ ਬੱਧੇ ਠਹਿਰੇ ਹੀ ਰਹੇ, ਅਰ ਸਸਕਾਰ ਹੋਣ ਪਰ ਸਾਈਂ ਦਾਸ ਸਮੇਤ ਸ਼ਹਿਰ ਆਏ।

## ੭. ਅਕਾਲ ਬੁੰਗਾ

**ਜਿੱਥੇ** ਆਪ ਜੀ ਦੀਵਾਨ ਲਾਉਂਦੇ, ਓਹ ਥਾਂ ਹੈ ਦਰਸ਼ਣੀ ਦਰਵਾਜ਼ੇ ਦਾ ਅਗਲਾ ਮੈਦਾਨ। ਇਸਦੇ ਪਰਲੇ ਪਛਮੀ ਸਿਰੇ ਆਪ ਦਾ ਸਿੰਘਾਸਨ ਲਗਦਾ ਸੀ ਜਿਸ ਪਰ ਬਿਰਾਜ ਜਾਂਦੇ ਤੇ ਦੁਆਲੇ ਦੀਵਾਨ ਸਜ ਜਾਂਦਾ। ਇਸ ਸਿੰਘਾਸਨ ਵਾਲੀ ਥਾਂ ਹੁਣ ਤਖਤ ਰਚਨ ਦੀ ਵਿਚਾਰ ਹੋਈ।

ਪੱਕੀ ਇਮਾਰਤ ਦਾ ਇਕ ਇਸ ਪ੍ਰਕਾਰ ਦਾ ਤਖਤ ਰਚਿਆ ਗਿਆ ਜੋ ਉਸ ਪਰ ਬਿਰਾਜੇ ਸਭ ਨੂੰ ਦਰਸ਼ਨ ਹੋਣ। ਇਸ ਪਰ ਛਤ ਦਾ ਪ੍ਰਬੰਧ ਬੀ ਕੀਤਾ ਗਿਆ ਜੋ ਮੀਂਹ ਕਣੀ ਵੇਲੇ ਸੁੱਖ ਹੋਵੇ। ਤਖਤ ਦੇ ਉਦਾਲੇ ਸਲਾਹ ਮਸ਼ਵਰੇ ਵੇਲੇ ਨਿਕਟ ਵਰਤੀ ਬੈਠ ਜਾਣ ਤੇ ਪੈਹਰਾ ਬੀ ਲਗ ਸਕੇ। ਤੇ ਆਮ ਦੀਵਾਨ ਵੇਲੇ ਮੈਦਾਨ ਵਿਚ ਬੈਠੀਆਂ ਸੰਗਤਾਂ, ਫੌਜਾਂ ਅਤੇ ਪ੍ਰੇਮੀਆਂ ਨੂੰ ਦਰਸ਼ਨ ਹੋਣ, ਵਾਰਾਂ ਸੁਣੀਆਂ ਜਾਣ ਤੇ ਸਤਿਗੁਰੂ ਦੇ ਉਪਦੇਸ਼ ਸੁਣੇ ਜਾਣ, ਸਿਖ ਸੰਗਤਾਂ ਪੇਸ਼ ਹੋ ਸਕਣ, ਮੇਵੜਾ ਅਰਦਾਸੇ ਕਰ ਸਕੇ।

ਇਹ ਤਖਤ ੧੬੬੬ ਬਿ: ਹਾੜ ਦੀ ਪੰਜ* (੧੬੦੯ ਈਸਵੀ) ਨੂੰ ਰਚਨਾ ਅਰੰਭ ਹੋਇਆ। ਇਸ ਦਾ ਨਾਉਂ ਅਕਾਲ ਬੁੰਗਾ ਰਖਿਆ ਗਿਆ। ਪਹਿਲਾ ਤਖਤ ਹੋਣ ਕਰਕੇ ਇਸ ਨੂੰ ਅਕਾਲ ਤਖਤ ਬੀ ਆਖਦੇ ਹਨ।

* ਤਵਾਰੀਖ ਖਾਲਸਾ ਨੇ ਇਹ ਸੰਮਤ ਦਿਤਾ ਹੈ, ਕਈ ਸਜਣ ਇਕ ਸਾਲ ਇਸ ਤੋਂ ਪਹਿਲੋਂ ਨੀਂਹ ਰਖੀ ਦਸਦੇ ਹਨ।

 www.sikhbookclub.com

## ੮. ਸੱਧਰ ਪੂਰੀ ਹੋਈ।

**ਸਿੱਖ** ਤਾਂ ਚੜ੍ਹਦੇ ਤੋਂ ਚੜ੍ਹਦੇ ਕਹਿਣੀ, ਰਹਿਣੀ, ਬਹਿਣੀ ਦੇ ਸੂਰਮੇਂ ਗੁਰੂ ਕੇ ਦੁਆਰੇ ਸੇ, ਪਰ ਭਾਈ ਸਾਈਂ ਦਾਸ ਤੇ ਰਾਮੋ ਦੇ ਹਿਰਦੇ ਕੁਛ ਗੁਰੂ ਜੀ ਦੇ ਪ੍ਰੇਮ ਨਾਲ ਐਸੇ ਖਿੱਚੇ ਗਏ ਸੇ ਕਿ ਜਿਸਦਾ ਸਮਝਣਾ ਕਠਨ ਹੈ, ਅੱਠੇ ਪਹਿਰ ਉਨ੍ਹਾਂ ਦੀ ਸੁਰਤ ਗੁਰੂ ਚਰਨਾਂ ਵਿਚ ਖਿੱਚੀ ਰਹਿੰਦੀ ਅਰ ਗੁਰ ਮੂਰਤ ਅੰਗ ਸੰਗ ਰਹਿੰਦੀ, ਇਹੋ ਜਾਪਦਾ ਕਿ ਗੁਰੂ ਜੀ ਔਹ ਖਲੋਤੇ ਹਨ। ਬੈਠੇ ਬੈਠੇ ਸਜਲ ਨੇਤ੍ਰ ਹੋ ਜਾਣਾ ਤੇ ਐਸੀ ਧੂਹ ਮਿਲਨ ਦੀ ਪੈਣੀ ਕਿ ਖਾਣ ਪੀਣ ਕੰਮ ਕਾਜ ਭੁੱਲ ਜਾਣਾ। ਹਰ ਵੇਲੇ ਐਉਂ ਭਾਸਦਾ ਕਿ ਆਪਣਾ ਆਪ ਤਾਂ ਰਿਹਾ ਨਹੀਂ ਤੇ ਗੁਰੂ ਆਪੇ ਵਿਚ ਵੱਸ ਰਿਹਾ ਹੈ। ਖਿੱਚ ਦੇ ਮਗਰ ਐਵੇਂ ਉੱਠਕੇ ਤੁਰ ਪੈਣਾ ਤੇ ਫੇਰ ਸੋਚ ਪੈਣੀ: ਆਗਿਆ ਨਹੀਂ ਲਈ, ਤਦ ਕਦਮ ਮੋੜਨੇ। ਜਦੋਂ ਅਕਾਲ ਬੁੰਗੇ ਦੀ ਰਚਨਾ ਹੋਈ ਤੇ ਸੰਗਤਾਂ ਵਿਚ ਪ੍ਰਸਿੱਧ ਹੋਇਆ ਕਿ ਮੀਰੀ ਪੀਰੀ ਦਾ ਤਖਤ ਬਣਨ ਲੱਗਾ ਹੈ, ਤਦੋਂ ਭਾਈ ਜੀ ਡਲੇ ਸਨ, ਖਬਰ ਸੁਣੀ, ਜੀ ਸੇਵਾ ਨੂੰ ਉਛਲਜਾ, ਪਰ ਆਗਿਆ ਨਹੀਂ ਸੀ, ਇਸ ਕਰਕੇ ਜਾਣੋਂ ਰੁਕੇ, ਪਰ ਮਨ ਦੀ ਦਸ਼ਾ ਕੀ ਹੋਈ, ਕਿ ਹਰ ਵੇਲੇ ਐਉਂ ਭਾਸੇ ਜਿਕੂੰ ਟੋਕਰੀ ਮੋਢੇ ਤੇ ਹੈ, ਤੇ ਇੱਟਾਂ ਢੋ ਰਹੇ ਹਾਂ ਤੇ ਬਾਣੀ ਪੜ੍ਹ ਰਹੇ ਹਾਂ।

ਇਸ ਸਿਕ ਭਰੇ ਅਵਸਰ ਵਿਚ ਰਾਮੋ ਨੇ ਆਪਨੀ ਸੱਧਰ ਐਵੇਂ ਨਾ ਜਾਣ ਦਿੱਤੀ, ਇਕ ਗਾੜ੍ਹੇ ਰੇਸ਼ਮ ਦੀ ਦਰਜਾਈ ਮੰਗਾਈ, ਅਰ ਤਿੱਲੇ ਦੀ ਕਾਢ ਨਾਲ ਉਸਦੀ ਸੁੰਦ੍ਰਤਾ ਵਧਾਉਣੀ ਅਰੰਭ ਦਿੱਤੀ। ਉਧਰ ਅਕਾਲ ਬੁੰਗੇ ਦੀ ਉਸਾਰੀ ਹੋਵੇ ਇਧਰ ਡੱਲੇ ਵਿੱਚ ਵਹੁਟੀ ਗੱਭਰੂ ਉਸ ਕੰਮ ਦੇ ਗਿਰਦ ਕਿ ਜਿੰਦਨ ਗੁਰੂ ਜੀ ਉਸ ਮੰਦਰ ਨੂੰ ਸੋਭਾ ਦੇਣਗੇ, ਇਹ ਮਹਾਰਾਜ ਜੀ ਦੇ ਚਰਨਾਂ ਹੇਠ ਵਿਛਾਵਾਂਗੇ, ਇਹ ਸੱਧਰ ਭੀ ਪੂਰਨ ਹੋਈ।

## ੯. ਬੀਰ-ਰਸੀ ਜੀਵਨ ਕਿਉਂ?

**ਸ਼ਾਂਤਿ** ਸਰੋਵਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿਤ੍ਰ ਸਰੀਰ ਤੇ ਇਹ ਕੈਹਰ ਲੰਘ ਗਿਆ। ਦੀਨ ਦੇ ਹਾਦੀ ਨੇ ਧਰਮ ਸ਼ਾਂਤੀ ਨਾਲ ਝੱਲ ਲਿਆ। ਉਹ ਪੂਰਨ ਪੁਰਖ ਸਨ। ਆਪਣੇ ਆਦਰਸ਼ ਦੇ ਆਪ ਨਿਬਾਹੂ ਸਨ। ਪਰ ਸਾਰੀ ਉੱਮਤ ਇਸ ਦਰਜੇ ਦੀ ਨਹੀਂ ਹੋ ਸਕਦੀ ਕਿ ਤਸੀਹੇ ਸਹੇ ਤੇ ਅਸੂਲ ਨਾਂ ਹਾਰੇ ਤੇ ਸੱਚ ਹੱਥੋਂ ਨਾ ਦੇਇ। ਸੋ ਛੇਵੇਂ ਸਤਿਗੁਰੂ ਜੀ ਨੇ ਸੱਚ ਦੇ ਬਦਲੇ ਜਾਨ ਦੇਣ ਦੀ ਜਾਚ ਸਿਖਾਂ ਨੂੰ ਸਿਖਾਈ! ਉਨ੍ਹਾਂ ਦਾ ਆਦਰਸ਼ ਸੀ ਸਿੱਖਾਂ ਨੂੰ 'ਮਰਣ-ਜਾਚ' ਸਿਖਾਉਣੀ। ਸਿਖ ਸ਼ਾਂਤਿ-ਰਸੀਆ ਫਿਰਕਾ ਸੀ। ਸਹਨ ਸ਼ੀਲ, ਦੁੱਖ ਸੁੱਖ ਝੱਲਣ ਵਾਲਾ, ਸੁਲਹ ਕੁਲ, ਪਰਉਪਕਾਰੀ, ਫਕੀਰ ਹੋ ਕੇ ਗ੍ਰਿਹਸਤ ਵਿਚ ਰਹਿਣਾ, ਗ੍ਰਿਹਸਤ ਵਿਖੇ ਰਹਿ ਕੇ ਸੁਆਰਥੀ ਦੀ ਥਾਂ ਪਰਉਪਕਾਰੀ ਹੋਣਾ, ਏਹ ਆਦਰਸ਼ ਇਨਸਾਨ ਨੂੰ ਸਿਖਾਏ ਗਏ ਸੇ ਤੇ ਉਹ ਸਿਖੇ ਹੋਏ ਸਿਖ ਸਦਾਉਂਦੇ ਸੇ। ਹੁਣ ਉਨ੍ਹਾਂ ਨੂੰ ਬੀਰ-ਰਸ ਸਿਖਾਇਆ ਗਿਆ ਕਿ ਉਹ 'ਸ਼ਾਂਤਿ-ਰਸ' ਦੀ ਰੱਖਿਆ

ਕਰੇ। ਬੀਰ-ਰਸ ਕ੍ਰੋਧੀ ਹੋਣ, ਬਦਲੇ ਲੈਣ, ਕਤਲ, ਖ਼ੂਨ, ਗ਼ਾਰਤਗਰੀ ਦਾ ਨਾਮ ਨਹੀਂ ਹੈ*, ਬੀਰ ਰਸ ਨਾਮ ਹੈ ਉਤਸ਼ਾਹ ਵਾਲੇ ਜੀਵਨ ਦਾ। ਨੇਕੀ ਲਈ, ਉਪਕਾਰ ਲਈ, ਪਰ ਦੇ ਭਲੇ ਲਈ ਉਤਸ਼ਾਹ ਤੇ ਉਭਾਰ ਵਿਚ ਆ ਜਾਣਾ। ਇਹ ਉਤਸ਼ਾਹ, ਦਾਨ ਦੀ ਸੂਰਤ ਪਕੜਦਾ ਹੈ, ਦਾਨੀ ਬੀਰ ਰਸੀਆ ਕਹੀਦਾ ਹੈ। ਦਾਨੀ ਕਦੇ ਦਇਆ ਦੇ ਕੰਮਾਂ ਨਾਲ ਕਾਮਯਾਬ ਹੋ ਜਾਂਦਾ ਹੈ, ਪਰ ਕਦੇ ਉਸ ਨੂੰ ਆਪਾ ਵਾਰਨ ਦੀ ਲੋੜ ਪੈਂਦੀ ਹੈ ਸੋ ਬੀਰ ਰਸੀਆ ਇਉਂ ਸੂਰਮ ਗਤੀ ਵਿਚ ਬੀ ਚਲਿਆ ਜਾਂਦਾ ਹੈ। ਇਹ ਆਦਰਸ਼ ਬੰਨ੍ਹ ਕੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਸਿੱਖਾਂ ਨੂੰ ਬੀਰ-ਰਸੀਏ ਬਨਾਉਣ ਦਾ ਉਦਮ ਭੀ ਗੱਦੀ ਬੈਠਦੇ ਹੀ ਅਰੰਭ ਕਰ ਦਿਤਾ।

# ੧੦. ਸ਼ਾਂਤਿ-ਰਸ ਨਾਲ ਬੀਰ ਰਸੀ ਤਿਆਰੀਆਂ

**ਗੁਰੂ ਜੀ** ਨੇ ਗੱਦੀ ਬੈਠ ਕੇ ਜੋ ਰਹੁ ਰੀਤੀ ਟੋਰੀ ਉਹੋ ਸੀ ਜੋ ਪਹਿਲੇ ਸਤਿਗੁਰਾਂ ਦੀ ਸੀ। ਤੜਕੇ ਆਸਾ ਦੀ ਵਾਰ ਦਾ ਭੋਗ, ਉਪਦੇਸ਼, ਹਰਿ ਮੰਦਰ ਵਿਚ ਲਗਾਤਾਰ ਕੀਰਤਨ। ਸ਼ਾਮਾਂ ਦੇ ਦੀਵਾਨ। ਪਰ ਨਾਲ ਬੀਰ ਰਸੀ ਸਾਮਾਨ ਬੀ ਕੱਠੇ ਕਰਨੇ ਸ਼ੁਰੂ ਕਰ ਦਿਤੇ: ਚੰਗਾ ਘੋੜਾ ਮਿਲੇ ਤਾਂ ਖਰੀਦ ਲੈਣਾ। ਸ਼ਸਤ੍ਰ ਸੋਹਣਾ ਮੁਲ ਲੈ ਲੈਣਾ। ਜੋਧਾ ਸਿੱਖ ਪਾਸ ਆ ਕੇ ਰਹਿਣਾ ਚਾਹੇ ਤਾਂ ਰਖ ਲੈਣਾ ਤੇ ਬੀਰ ਰਸੀ ਜੀਵਨ ਸਿਖਾਉਣਾ। ਇਉਂ ਗੁਰੂ ਜੀ ਪਾਸ ਜੁਆਨ ਭਰਤੀ ਹੋਣ ਲਗ ਪਏ। ਸਿੱਖ ਨੌਜਵਾਨ ਜਿਨ੍ਹਾਂ ਨੂੰ ਪੰਜਵੇਂ ਸਤਿਗੁਰੂ ਦਾ ਸਾਕਾ ਦੁੱਖੀ ਕਰ ਰਿਹਾ ਸੀ, ਪਹਿਲੋਂ ਉਹ ਆ ਜੁੜੇ। ਉਨ੍ਹਾਂ ਨੂੰ ਫੌਜੀ ਜੀਵਨ ਤੇ ਕਵਾਇਦਾਂ ਸਿਖਾਣ ਦੇ ਪ੍ਰਬੰਧ ਹੋ ਗਏ। ਆਏ ਗਏ ਪ੍ਰੇਮੀ ਸਿੱਖ ਇਹ ਸੁਣਕੇ ਕਿ ਸਾਡਾ ਗੁਰੂ ਨਵੀਂ ਜਿੰਦ ਦਿਲਾ ਵਿਚ ਫੂਕਣ ਲਗਾ ਹੈ, ਸ਼ਸਤ੍ਰ, ਘੋੜੇ, ਕਪੜੇ ਤੇ ਹੋਰ ਸਾਮਾਨ ਭੇਟਾ ਵਜੋਂ ਲਿਆ ਕੇ ਅਰਪਣ ਕਰਨ ਲਗ ਪਏ। ਅਕਾਲ ਬੁੰਗੇ ਦੇ ਅਗੇ ਮੈਦਾਨ ਵਿਚ ਜੋ ਦੀਵਾਨ ਸਜਦਾ ਉਥੇ ਸਾਰੇ ਜੁਆਨ ਸੂਰਮੇ ਆ ਸ਼ਾਮਲ ਹੁੰਦੇ। ਗੁਰਬਾਣੀ ਦਾ ਕੀਰਤਨ ਬੀ ਸੁਣਦੇ। ਢਾਢੀ ਵਾਰਾਂ ਬੀ ਲਾਉਂਦੇ ਜੋ ਬੀਰ ਰਸੀ ਉਤਸ਼ਾਹ ਦਿਲਾਂ ਵਿਚ ਭਰਦੇ। ਇਹਨਾਂ ਵਿਚ ਮੁੱਖ ਢਾਢੀ ਦਾ ਨਾਉਂ ਅਬਦੁਲਾ ਸੀ, ਜੈਸਾ ਕਿ ਲਿਖਿਆ ਹੈ:-

ਸੁਨਿ ਅਬਿਦੁਲ ਢਾਢੀ ਚਲਿ ਆਯੋ। ਭਏ ਸੁਭਟ ਤਿਨ ਕੋ ਜਸੁ ਗਾਯੋ।
ਜਿਸਕੇ ਸੁਨਤਿ ਬੀਰ ਰਸ ਜਾਗੇ। ਕਾਇਰ ਸੇ ਪਿ ਲਰੇ ਨਹਿੰ ਭਾਗੇ॥੩੦॥

{ਸੂ: ਪ੍ਰ: ਰਾ: ੪, ਅੰਸੂ ੪੪, ਸਫ਼ਾ ੨੩੧੨}

ਸਿੱਖਾਂ ਵਿਚੋਂ ਜੋ ਨਵੇਂ ਬੀਰ ਰਸ ਦੇ ਜੀਵਨ ਲਈ ਆਏ ਸੀ, ਉਹ ਤਾਂ ਅਗੇ ਹੀ ਉੱਚੇ ਜੀਵਨ ਤੋਂ ਵਾਕਫ ਤੇ ਗੁਰੂ ਘਰ ਦੇ ਪ੍ਰੇਮੀ ਸੀ, ਹੋਰ ਜੋ ਜੁਆਨ ਆਏ ਤੇ ਭਰਤੀ ਕੀਤੇ, ਉਹਨਾਂ ਨੂੰ ਧਾਰਮਕ ਜੀਵਨ, ਸਦਾਚਾਰੀ, ਆਦਰਸ਼ ਤੇ ਉਪਕਾਰ ਦੇ ਸਬਕ ਦਿਤੇ ਜਾਂਦੇ। ਉਹ ਬਾਣੀ ਪੜ੍ਹਦੇ ਸੁਣਦੇ ਤੇ ਸਤਿਗੁਰਾਂ ਦੇ ਇਤਿਹਾਸ ਤੋਂ ਜਾਣੂ ਹੋ ਕੇ ਸਦਾਚਾਰ ਵਿਚ ਉੱਚੇ ਹੋ ਜਾਂਦੇ।

---

* ਇਨ੍ਹਾਂ ਹਾਲਤਾਂ ਦਾ ਨਾਮ 'ਰੌਦ੍ਰ ਰਸ' ਹੈ। ਬੀਰ ਰਸ ਦੀ ਨੀਂਹ 'ਉਤਸ਼ਾਹ' ਹੁੰਦਾ ਹੈ।


www.sikhbookclub.com

# ੧੧. ਮੀਰੀ ਪੀਰੀ

**ਸ੍ਰੀ ਗੁਰੂ ਜੀ** ਧਰਮ ਪ੍ਰਚਾਰ ਤੇ ਬੀਰ ਰਸੀ ਜੀਵਨ ਦੁਇ ਪਹਿਲੂ-ਬ-ਪਹਿਲੂ ਬਨਾ ਰਹੇ ਸਨ। ਅੰਮ੍ਰਿਤ ਵੇਲੇ ਤੇ ਦਿਨ ਖੜ੍ਹੇ ਧਰਮ ਪ੍ਰਚਾਰ ਹੁੰਦਾ। ਦਿਨ ਢਲੇ ਬੀਰ ਰਸੀ ਰੰਗ ਬਝਦੇ, ਯਥਾ:-

ਕਰਹਿਂ ਅਖੇਰਬ੍ਰਿੱਤ ਕੀ ਲੀਲਾ। ਧਰਹਿਂ ਸ਼ਸਤ੍ਰ ਕਰਿ ਅੰਗ ਛਬੀਲਾ।
ਆਇ ਅਕਾਲ ਤਖਤਿ ਪਰ ਸੋਹੈਂ। ਲਗਹਿ ਦਿਵਾਨ ਪਿਖਿਹਂ ਮਨ ਮੋਹੈਂ॥੧੨॥
ਸੁੰਦਰ ਚੌਕੀ ਸਬਦ ਸੁਨੰਤੇ। ਸੰਗਤਿ ਆਇ ਰੂਪ ਦਰਸੰਤੇ।
ਬਹੁਰ ਜਾਇ ਨਿਜ ਮਹਿਲ ਮਝਾਰਾ। ਅਨਿਕ ਸ੍ਵਾਦ ਕੇ ਅਚਹਿਂ ਅਹਾਰਾ॥੧੩॥
ਜਾਮ ਗਏ ਜਾਮਨਿ ਸੁਪਤਾਵੈਂ। ਰਹੇ ਜਾਮ ਉਠਿ ਸੋਚਿ ਨਹਾਵੈਂ।
ਇਸਿ ਬਿਧਿ ਕਰਿ ਹੈਂ ਨਿਤ ਬਿਵਹਾਰੂ। ਦਿਨ ਪ੍ਰਤਿ ਬਲੀ ਹੋਤਿ ਦੁਤਿ ਚਾਰੂ॥੧੪॥

{ਸੂ. ਪ੍ਰ. ਰਾ: ੪, ਅੰਸੂ ੪੪, ਸਫ਼ਾ ੨੪੧੧}

ਇਸ ਪ੍ਰਕਾਰ ਪ੍ਰਚਾਰ ਹੁੰਦਾ ਗਿਆ। ਘੋੜੇ ਸ਼ਸਤ੍ਰ ਆਦਿਕ ਕੁਛ ਬਾਹਰੋਂ ਸੰਗਤਾਂ ਵਲੋਂ ਆਉਣ ਲਗ ਪਏ ਕੁਛ ਖਰੀਦੇ ਜਾਣ ਲਗ ਪਏ। ਜੋਧੇ ਕੋਈ ਕੋਈ ਸਿਖ ਆ ਗਏ। ਕੋਈ ਨੌਕਰ ਰਖੇ। ਇਕ ਵੇਰ ਕਈ ਸੌ ਇਕਠੇ ਆ ਗਏ। ਫੇਰ ਇਕ ਵੇਰ ਮਾਝੇ ਮਾਲਵੇ ਵਿਚੋਂ ਵੀਹ ਪਚੀ ਦੀ ਉਮਰਾ ਦੇ ਗਭਰੂ ਤ੍ਰੈ ਚਾਰ ਸੌ ਆ ਗਏ। ਸਾਰੇ ਰਖ ਲਏ। ਕਵੀ ਜੀ ਲਿਖਦੇ ਹਨ :-

ਜਿਨਕੋ ਤੁਰਕ ਗਵਾਰ ਕਹੰਤੇ। ਨਹਿਨ ਚਾਕਰੀ ਹੇਤੁ ਰਖੰਤੇ।
ਸਭਿ ਸਤਿਗੁਰੂ ਸੋ ਰਾਖਨਿ ਕਰੇ। ਬਸਤ੍ਰ ਸ਼ਸਤ੍ਰ ਦੇ ਸੁਭਤਾ ਧਰੇ॥੨੫॥

{ਸੂ: ਪ੍ਰ: ਰਾ: ੪, ਅੰਸੂ ੪੪, ਸਫ਼ਾ ੨੪੧੨ }

ਫੇਰ ਇਨ੍ਹਾਂ ਲਈ ਘੋੜਿਆਂ ਦੇ ਪ੍ਰਬੰਧ ਹੋਏ। ਜੰਗੀ ਵਿਦਜਾ ਲਈ ਇਕ ਕਵਾਯਦ ਬਣਾਈ ਜੋ ਦੇਣ ਲਈ ਪਹਿਲੋਂ ਸਿਖਾਏ ਹੋਏ ਜੁਆਨ ਥਾਪੇ। ਇਨ੍ਹਾਂ ਵਿਚ ਬੀਰ ਰਸ ਤੇ ਦੇਸ਼ ਭਗਤੀ ਦਾ ਮਾਦਾ ਪੈਦਾ ਕਰਨ ਲਈ ਲਿਖਿਆ ਹੈ 'ਅਬਦੁਲ' ਨੂੰ ਰਖਿਆ। ਇਸਦਾ ਪੂਰਾ ਨਾਉਂ ਸੀ 'ਅਬਦੁਲ ਨਥਾ'; ਇਹ ਬੀਰ ਰਸੀ ਕਵਿਤਾ ਦਾ ਲਾਇਕ ਕਵੀ ਤੇ ਵਾਰਾਂ ਗਾਇਨ ਦਾ ਪ੍ਰਬੀਨ ਢਾਢੀ ਸੀ। ਜਿਸਦੇ ਗਾਇਨ ਨਾਲ ਬੀਰ ਰਸ ਠਾਠਾਂ ਮਾਰ ਉਠਦਾ ਸੀ। ਹੁਣ ਸੈਨਾ ਕੋਈ ਪੰਜ ਛੇ ਸੌ ਦੇ ਲਗ ਪਗ ਹੋ ਗਈ ਜੋ ਬੀਰ ਰਸ ਵਿਚ ਡੁਲ ਡੁਲ ਪੈਂਦੀ ਸੀ। ਗੁਰੂ ਜੀ ਨੂੰ ਜੋਧੇ ਕਈ ਵੇਰ ਆਖਦੇ:-

'ਤੁਮਰੇ ਹੁਕਮ ਚੋਜ ਦਿਖਰਾਵੈਂ।
ਅਰਪਜੋ ਰਾਵਰ ਕੇ ਪਗ ਸੀਸ। ਤੁਮਹਿ ਪ੍ਰਵਾਹ ਨ ਹੇ ਜਗਦੀਸ॥੧੧॥
ਦੁਹਿ ਲੋਕਨਿ ਕੀ ਚਹਿ ਕਲੱਜਾਨ। ਪਰੇ ਸ਼ਰਨਿ ਰਾਵਰ ਕੀ ਆਨਿ।
ਇਮ ਬਿਧਿ ਬਹੁਤ ਬੀਰ ਰਸ ਵਧੇ। ਆਯੁਧ ਬਿੱਦਜਾ ਕੋ ਨਿਤ ਸਧੇ॥੧੨॥
ਜੋਧਾ ਬ੍ਰਿੰਦ ਬਿਲੰਦ ਅਨੰਦਤਿ। ਗੁਰ ਸੁਖਕੰਦ ਬੰਦਿ ਕਰ ਬੰਦਤਿ॥
ਸਰਬ ਦਰਬ ਲੇ ਸਦਨ ਪੁਚਾਵੈਂ। ਭੋਜਨ ਦੇਗ ਬਿਖੇ ਨਿਤ ਖਾਵੈਂ॥੧੩॥
ਸ਼ਸਤ੍ਰ ਬਸਤ੍ਰ ਬਖਸਹਿਂ ਭਟ ਗਨ ਕੋ। ਜੋ ਅਭਿਲਾਖਤਿ ਮਨ ਮਹਿਂ ਰਨ ਕੋ।
ਇਮ ਨਿਤਪ੍ਰਤਿ ਅਤਿ ਚਿਤ ਉਤਸਾਹਿਤ। ਚਮੂੰ ਸਹਤ ਗੁਰ ਕਾਨਨ ਗਾਹਿਤ॥੧੪॥

{ਸੂ. ਪ੍ਰ. ਰਾ: ੪, ਅੰਸੂ ੪੫, ਸਫ਼ਾ ੨੪੧੫}

ਆਪ ਦਾ ਸਰੀਰ ਅਤਿ ਸੁੰਦਰ ਸੀ ਤੇ ਡੀਲ ਲੰਮੀ ਹੋ ਗਈ। ਕਿਸੇ ਫਾਰਸੀ ਲੇਖਕ ਨੇ ਲਿਖਿਆ ਹੈ ਕਿ ਆਮ ਲੋਕਾਂ ਵਿਚੋਂ ਲੰਮੇ ਸਰੀਰਾਂ ਦੇ ਸਿਰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਮੋਢਿਆਂ ਤਕ ਮਸਾਂ ਅਪੜਦੇ ਸਨ। ਕਵੀ ਜੀ ਆਪ ਦੇ ਸਰੀ ਦਾ ਵੇਰਵਾ ਤੇ ਜੰਗੀ ਅਭਜਾਸ ਬੜੇ ਸੋਹਣੇ ਪਦਾਂ ਵਿਚ ਲਿਖਦੇ ਹਨ:-

ਤਿਮ ਸ੍ਰੀ ਸਤਿਗੁਰੂ ਹਰਿ ਗੋਵਿੰਦ। ਕਰਹਿਂ ਸ਼ਿਕਾਰ ਬਿਹਾਰ ਬਿਲੰਦ॥੧੭॥
ਚਮੂੰ ਚਢਹਿਂ, ਨਭ ਮਹਿਂ ਰਜ ਛਾਵੈਂ। ਛੁਟੈਂ ਤੁਫੰਗਨਿ ਸ਼ਬਦ ਉਠਾਵੈਂ॥
ਮਹਾਂ ਕੁਦਾਇ ਪਲਾਇ ਤੁਰੰਗ। ਅਸ ਸੋਭਤਿ ਜਨੁ ਜਾਹਿਂ ਕੁਰੰਗ॥੧੮॥
ਦਿਨ ਪ੍ਰਤਿ ਸਤਿਗੁਰ ਚਾਰੁ ਸ਼ਰੀਰ। ਬਲ ਜੁਤਿ ਬਧਹਿ ਰਿਦੈ ਬਹੁ ਧੀਰ॥
ਚਰਨ ਬਿਲੰਦ ਮ੍ਰਿਦੁਲ ਅਰਬਿੰਦ। ਨਖ਼ ਸੁੰਦਰ ਜੁਤਿ ਅੰਗੁਰੀ ਬ੍ਰਿੰਦ॥੧੯॥
ਏਡੀ ਜੁਕਤ ਅਰੁਣ ਹੈ ਬਰਣ। ਗੁ਼ਲਫ ਉਤੰਗ ਸ਼ੁਭੋਪਰ ਚਰਣ।
ਜਾਨੂੰ ਜੰਘ ਮਹਾਂ ਚਿਢ ਹੋਏ। ਮਨਹੁਂ ਓਜ ਕੇ ਥੰਭ ਖਰੋਏ॥੨੦॥
ਆਯੁ਼ਤ ਛਾਤੀ ਅਤਿਸ਼ੈ ਗਾਢੇ। ਬੱਜ੍ਰ ਕਪਾਟ ਕਠਨਿ ਰਿਪੁ ਠਾਂਢੇ॥
ਉਦਰ ਸਤ੍ਰਿਵਲੀ ਸੁੰਦਰ ਸੋਹਤਿ। ਨਾਭਿ ਗੰਭੀਰ ਦਿਖਤਿ ਚਿਤ ਮੋਹਤਿ॥੨੧॥
ਬਾਹੁ ਅਜਾਨ ਸੁ ਅਸ ਅਨੁਮਾਨੋ। ਸ਼ੁਭਤਿ ਕਰੀਕਰ ਬਲੀ ਮਹਾਨੋ॥
ਦਿਪਤਿ ਪ੍ਰਚੰਡ ਬਡੇ ਭੁਜਦੰਡ। ਮਨਹੁ ਬੱਜ੍ਰ ਕੇ ਇਹ ਜੁ਼ਗ ਖੰਡ॥੨੨॥..........
ਜੰਗੀ ਤੀਰ ਫੁਲਾਦੀ ਖਪਰੇ। ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ॥
ਹੋਰਿ ਹੋਰਿ ਤੀਖਨ ਖ਼ੜ ਤੀਰ। ਸ੍ਰੀ ਸਤਿਗੁਰੁ ਹਰਿ ਗੋਵਿੰਦ ਧੀਰ॥੩੩॥
ਤੁਰਕ ਸ਼ੱਤ੍ਰ ਗਨ ਅੰਗ ਮਝਾਰਾ। ਮਮ ਕਰ ਤੇ ਪ੍ਰਵਿਸ਼ਹਿਂ ਕਿਸ ਬਾਰਾ॥
ਕਬਹੁੰ ਜੰਗ ਮਹਿ ਹੋਇ ਨਿਸੰਗ। ਕਰੌਂ ਪ੍ਰਹਾਰਨਿ ਖਗਨਿ ਖਤੰਗ॥੩੪॥
ਕਬਿ ਤੁਫੰਗ ਕੋ ਗਹੈ ਚਲਾਵੈਂ। ਮਾਰਿ ਲੱਛ ਕੋ ਤਰੈ ਗਿਰਾਵੈਂ।
ਮੁੰਗਰੀ ਗਾਹਿ ਭਾਰੀ ਕੋ ਫੇਰਹਿਂ। ਅਨਿਕ ਵਾਰਿ ਬਾਹਨਿ ਤੇ ਪ੍ਰੇਰਹਿਂ॥੩੫॥
ਸਰਬ ਨਰਨਿ ਤੇ ਡੀਲ ਬਡੇਰੋ। ਨਹਿ ਸਮ ਅਪਰ ਕਹੂੰ ਕਿਤ ਹੇਰੋ॥
ਭੁਜਾ ਜੰਘ ਆਦਿਕ ਅੰਗ ਸਾਰੇ। ਕਰਹਿਂ ਸਰਾਹਨਿ ਮਿਲਹਿਂ ਨਿਹਾਰੇ॥੩੬॥
{ਸੂ. ਪ੍ਰ. ਰਾ. ੪, ਅੰਸੂ ੪੫, ਸਫ਼ਾ ੨੪੧੫, ੨੪੧੭}

ਇਸ ਪ੍ਰਕਾਰ ਦਿਨ ਪ੍ਰਤਿ ਦਿਨ ਆਪ ਦਾ ਭੌਤਕ ਸਰੀਰ ਵੱਡਾ ਹੁੰਦਾ ਗਿਆ। ਬੀਰ ਰਸੀ ਸਾਮਾਨ ਵਧਦੇ ਗਏ, ਪਰ ਪਰਮਾਰਥਿਕ ਫਰਜ਼ ਗੁਰਬਾਣੀ ਵਾਲੇ ਰਤਾ ਨਹੀਂ ਘਟੇ, ਨਾ ਉਨ੍ਹਾਂ ਵਲੋਂ ਰੁਚੀ ਘਟੀ। ਜਗਤ ਨੂੰ ਤਾਰਦੇ ਆਪ ਨਾਮ ਪ੍ਰੇਮ ਤੇ ਬਾਣੀ ਪ੍ਰੇਮ ਦੀ ਅਵਧੀ ਹੋਏ ਰਹੇ। ਬਾਣੀ ਪੜ੍ਹਨ ਵਿਚਾਰਣ ਦਾ ਸ਼ੌਕ ਬਹੁਤ ਸੀ। ਆਦਿ ਪਾਤਸ਼ਾਹੀ ਦਾ ਮਾਰੂ ਸੋਹਲੇ ਦਾ ਇਹ ਸ਼ਬਦ ਬੜੇ ਰੰਗਾਂ ਨਾਲ ਪੜ੍ਹਿਆ ਕਰਦੇ ਸਨ।

ਮਾਰੂ ਮਹਲਾ ੧॥

"ਆਪੇ ਕਰਤਾ ਪੁਰਖੁ ਬਿਧਾਤਾ॥ ਜਿਨਿ ਆਪੇ ਆਪਿ ਉਪਾਇ ਪਛਾਤਾ॥
ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥੧॥
ਆਪੇ ਨੇੜੈ ਨਾਹੀ ਦੂਰੇ॥ ਬੂਝਹਿ ਗੁਰਮੁਖਿ ਸੇ ਜਨ ਪੂਰੇ॥
ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ॥੨॥

 www.sikhbookclub.com

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ॥ ਹਰਿ ਗੁਣ ਗਾਵਹਿ ਰਸਨ ਰਸੇਰੇ॥
ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ॥੩॥
ਓਇ ਜਾਗਤ ਰਹਹਿ ਨ ਸੂਤੇ ਦੀਸਹਿ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ॥
ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ॥੪॥
ਬੂਝਹੁ ਹਰਿ ਜਨ ਸਤਿਗੁਰ ਬਾਣੀ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ॥
ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ॥੫॥
ਛੋਡਹੁ ਪ੍ਰਾਣੀ ਕੂੜ ਕਬਾੜਾ॥ ਕੂੜੁ ਮਾਰੇ ਕਾਲੁ ਉਛਾਹਾੜਾ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ॥੬॥
ਛੋਡਿਹੁ ਨਿੰਦਾ ਤਾਤਿ ਪਰਾਈ॥ ਪੜਿ ਪੜਿ ਦਝਹਿ ਸਾਤਿ ਨ ਆਈ॥
ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮਰਾਮੁ ਸਖਾਈ ਹੇ॥੭॥"

{ਮਾਰੂ ਸੋਲਹੇ ਮਹਲਾ ੧॥੬, ਸਫ਼ਾ ੧੦੨੫-੨੬}

# ੧੨. ਲਾਹੌਰ ਜਾਣਾ

ਲਿਖਿਆ ਹੈ ਕਿ ੧੬੬੯ ਬਿ: ਨੂੰ ਲਾਹੌਰ ਦੀ ਸੰਗਤ ਨੇ ਆਪ ਜੀ ਨੂੰ ਲਾਹੌਰ ਚਲਣੇ ਲਈ ਪ੍ਰੇਰਨਾ ਕੀਤੀ। ਆਪ ਜੀ ਭੀ ਜਾਣਾ ਚਾਹੁੰਦੇ ਸਨ। ਨਾਮ ਪ੍ਰਚਾਰ ਦੇ ਨਾਲ ਇਕ ਪਿਤ੍ਰੀ ਫਰਜ਼ ਪੂਰਾ ਕਰਨ ਦੇ ਪ੍ਰੇਮ ਵਿਚ ਸਨ।

ਲਾਹੌਰ ਗਏ, ਅਪਨੇ ਪ੍ਰੇਮੀ ਸਿਖ ਜੀਵਨ ਦੇ ਘਰ ਜਾ ਟਿਕੇ*। ਤ੍ਰੈ ਮਹੀਨੇ ਟਿਕੇ। ਨਾਮ ਬਾਣੀ ਦੇ ਖੁੱਲ੍ਹੇ ਗਫੇ ਵੰਡੇ। ਉਸ ਵੇਲੇ ਦੇ ਸ਼ਹਿਰ ਦੇ ਪ੍ਰਸਿਧ ਫਕੀਰ, ਭਗਤ ਭੀ ਦਰਸ਼ਨ ਕਰਨ ਤੇ ਗੁਰੂ ਨਾਨਕ ਦੇ ਗਦੀ ਨਸ਼ੀਨ ਜਾਣਕੇ ਆਉਂਦੇ ਰਹੇ। ਸਤਿਸੰਗ ਦਾ ਰੰਗ ਬਝਦਾ ਰਿਹਾ। ਆਪ ਜੀ ਏਥੇ ਤ੍ਰੈ ਮਹੀਨੇ ਟਿਕੇ। ਇਨੇ ਵਕਤ ਵਿਚ ਆਪਨੇ ਉਸ ਟਿਕਾਣੇ ਦੇਹੁਰਾ ਬਣਾਇਆ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਦੇਹੀ ਦਾ ਸਸਕਾਰ ਹੋਇਆ ਸੀ। ਸੋਹਣਾ ਦੇਹੁਰਾ ਹੁਣ ਤਾਈਂ ਸਜ ਰਿਹਾ ਹੈ। ਨਾਲ ਦੀਵਾਨਖਾਨਾ ਖੀ ਹੈ। ਪ੍ਰਕਾਸ਼ ਹੁੰਦਾ ਹੈ।

ਮੀਆਂ ਮੀਰ ਜੀ ਪ੍ਰਸਿਧ ਫਕੀਰ ਜੋ ਗੁਰੂ ਘਰਾਨੇ ਦੇ ਭੀ ਪ੍ਰੇਮੀ ਤੇ ਸਮ ਦ੍ਰਿਸ਼ਟੇ ਸੇ, ਜੋ ਗੁਰੂ ਅਰਜਨ ਦੇਵ ਜੀ ਦੇ ਪ੍ਰੇਮੀ ਸੇ, ਉਨ੍ਹਾਂ ਦੀਆਂ ਕਸ਼ਟਣੀਆਂ ਵੇਲੇ ਆਪ ਸਹਾਯਤਾ ਪੇਸ਼ ਕਰਨ ਗਏ ਸੇ ਤੇ ਸਤਿਗੁਰੂ ਜੀ ਦੀ ਸਹਨਸ਼ੀਲਤਾ ਤੇ ਕਹਣੀ ਕਰਨੀ ਦੀ ਏਕਤਾ ਉਸ ਕਸ਼ਟ ਵਿਚ, ਇਕੋ ਜੇਹੀ ਦੇਖਕੇ, ਅਤਯੰਤ ਪ੍ਰਭਾਵਤ ਹੋਏ ਸੇ; ਆਪ ਜੀ ਨਾਲ ਖਾਸ ਪ੍ਰੇਮ ਕਰਦੇ ਰਹੇ।

* ਇਹ ਟਿਕਾਣਾ ਭਾਟੀ ਦਰਵਾਜ਼ੇ ਦੇ ਅੰਦਰਵਾਰ ਹੈ। ਮਹਲਾ ਖੁਮਾਲਾ ਸਦੀਂਦਾ ਹੈ। ਇੱਥੇ ਆਪ ਜੀ ਦੇ ਚਰਣ ਪਾਉਣ ਦੇ ਮਗਰੋਂ ਕਈ ਵੇਰ ਫੇਰੇ ਪਾਉਣ ਦਾ ਯਾਦਗਾਰੀ ਗੁਰਦੁਆਰਾ ਹੈ। ਲਾਹੌਰ ਹੁਣ ਪਾਕਿਸਤਾਨ ਦਾ ਹਿਸਾ ਹੈ।

# ੧੩. ਲੋਹ ਗੜ੍ਹ

**ਲਾਹੌਰ** ਦਾ ਕਾਰਜ ਸਾਰ ਕੇ ਆਪ ਜੀ ਫੇਰ ਰਾਮਦਾਸ ਪੁਰੇ ਆ ਗਏ ਤੇ ਅਪਨੇ ਮੀਰੀ ਪੀਰੀ ਦੇ ਦੂਇ ਕਾਰਜ ਸਾਰਦੇ ਸੁੱਖ ਵੰਡਦੇ ਰਹੇ। ਅਪਨੀ ਨਗਰੀ ਦੀ ਰਖਜਾ ਦਾ ਫਿਕਰ ਹੋਇਆ। ਆਪ ਨੇ ਸੋਚਿਆ ਕਿ ਹੁਣ ਕੋਈ ਛੋਟਾ ਮੋਟਾ ਕੋਟ ਬਣੇ, ਜਿਸ ਵਿਚ ਬੈਠ ਕੇ ਕਿਸੇ ਆਈ ਅਪਦਾ ਵੇਲੇ ਸੂਰਮੇ ਨਗਰ ਦੀ ਰਾਖੀ ਕਰ ਸਕਣ ਅਤੇ ਜਿੱਥੇ ਸਿਲਹ ਖਾਨਾ ਹੋਵੇ, ਜਿਸ ਵਿਚ ਸਾਮਾਨ ਜੰਗ ਸੁਰਖਜਤ ਟਿਕਿਆ ਰਹੇ। ਇਸ ਸੋਚ ਅਨੁਸਾਰ ਇਕ ਕੋਟ ਰਚਿਆ ਜਿਸਦਾ ਨਾਉਂ ਲੋਹਗੜ੍ਹ ਰਖਿਆ[੧] ਇਸਦੇ ਰਚੇ ਜਾਣ ਦਾ ਸੰਮਤ ੧੬੭੧ ਬਿ: ਖਿਲਜਾ ਹੈ।

ਇਥੇ ਸਾਰਾ ਸਮਾਨ ਕਰਕੇ ਆਪ ਜੀ ਤਰਨ ਤਾਰਨ ਗੋਇੰਦਵਾਲ ਹੁੰਦੇ ਦੁਆਬੇ ਵਿਚ ਕਰਤਾਰ ਪੁਰੇ[੨] ਚਲੇ ਗਏ, ਇਰਦ ਗਿਰਦ ਫਿਰ ਕੇ, ਲਿਖਿਆ ਹੈ ਕਿ ਸਤ ਮਹੀਨੇ ਨਾਮਦਾਨ ਦੇ ਗਫੇ ਵੰਡੇ। ਕਰਤਾਰ ਪੁਰ ਵਿਚ ਮਕਾਨ ਬਣਵਾਏ, ਬਾਗ਼ ਲਗਵਾਯਾ। ਅਪਨੇ ਪਿਤਾ ਪ੍ਰਭੂ ਦੀ ਬਣਾਈ ਨਗਰੀ ਨੂੰ ਰੌਣਕ ਦਿਤੀ ਤੇ ਇੱਥੇ ਵਿਸਾਖੀ ਨੂੰ ਜੋੜ ਮੇਲਾ ਲਗਣ ਦੀ ਪਿਰਤ ਟੋਰੀ, ਜੋ ਹੁਣ ਤਕ ਕਾਇਮ ਹੈ।

# ੧੪. ਲਾਹੌਰ ਅਤੇ ਦੁਆਬੇ ਦਾ ਦੌਰਾ

**ਚਾਹੇ** ਉਮਰਾ ਛੋਟੀ ਸੀ ਪਰ ਆਤਮਾ ਬਲਵਾਨ ਸੀ, ਹ੍ਰਿਦਾ ਕੁਸ਼ਲ ਤੇ ਪਰਮ ਉੱਚਾ ਸੀ, ਬੁੱਧੀ ਅਨੁਭਵੀ ਸੀ, ਜਿਸ ਵਿਚ ਇਨਸਾਨੀ ਅਕਲ ਦਾ ਵੀ ਕਮਾਲ ਸੀ। ਦੁਨੀਆਂ ਵਿਚ ਅਕਬਰ ਵਰਗੇ ਕਈ ਇਨਸਾਨ ਮਾਤ੍ਰ ਛੋਟੀ ਉਮਰੇ ਵਡੀ ਅਕਲ ਵਾਲੇ, ਵਡੇ ਕੰਮ ਕਰਨ ਵਾਲੇ ਹੋਏ ਹਨ। ਏਥੇ ਤਾਂ ਰੂਹਾਨੀ ਕਮਾਲ ਵੀ ਸੀ ਤੇ ਧੁਰੋਂ ਗੁਰੂ ਪਦਵੀ ਲੈ ਕੇ ਆਏ ਸਨ। ਆਪ ਜੀ ਨੇ ਛੋਟੀ ਉਮਰੇ ਹੀ ਸਾਰੇ ਕਾਰਜ ਸੰਭਾਲ ਲਏ ਸਨ। ਤਵਾ: ਗੁ. ਖਾ. ਵਿਚ ਲਿਖਿਆ ਹੈ ਕਿ ਆਪ ਨੇ ਗਦੀ ਬੈਠਣ ਤੋਂ ਕੁਛ ਅਰਸੇ ਮਗਰੋਂ ਦੌਰਾ ਲਾਹੌਰ ਦਾ ਕੀਤਾ ਤੇ ਸੰਗਤ ਨਿਹਾਲ ਹੋਈ। ਉਥੋਂ ਦੇ ਭਗਤਾਂ, ਫਕੀਰਾਂ, ਪ੍ਰਸਿੱਧ ਦਰਵੇਸ਼ਾਂ ਉਤੇ ਅਪਨੀ ਆਤਮਕ ਸ਼ਕਤੀ ਅਤੇ ਬੁੱਧੀ ਦੇ ਕਮਾਲ ਦਾ ਅਸਰ ਪਾ ਕੇ ਸਨਮਾਨੇ ਗਏ।

੧. ਅੰਮ੍ਰਿਤਸਰ ਦੇ ਦਰਵਾਜ਼ਿਆਂ ਵਿਚੋਂ ਇਕ ਦਾ ਨਾਉਂ ਲੋਹ ਗੜ੍ਹ ਹੈ, ਇਸ ਦੇ ਅੰਦਰਵਾਰ ਕਿਲ੍ਹਾ ਲੋਹ ਗੜ੍ਹ ਸੀ। ਗੁਰਦੁਆਰਾ ਹੁਣ ਤਕ ਹੈ ਤੇ ਕਿਲ੍ਹੇ ਦੇ ਨਿਸ਼ਾਨ ਬੀ ਹਨ, ਜੋ ਦਿਨ ਪ੍ਰਤਿ ਗੁੰਮ ਹੋ ਰਟੇ ਹਨ।

੨. ਇਹ ਕਰਤਾਰ ਪੁਰ ਜਲੰਧਰ ਦੇ ਜ਼ਿਲ੍ਹੇ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪਾਵਨ ਬੀੜ ਇੱਥੇ ਬਿਰਾਜਮਾਨ ਹੈ, ਹੋਰ ਗੁਰੂ ਸਾਹਿਬਾਨ ਦੇ ਕਈ ਨਿਸ਼ਾਨ ਤੇ ਸਾਮਾਨ ਏਥੇ ਹਨ, ੧੮੧੪ ਬਿ: ਵਿਚ ਅਹਿਮਦਸ਼ਾਹ ਨੇ ਅੱਗ ਲਾਈ ਸੀ, ਨੁਕਸਾਨ ਹੋਇਆ ਸੀ। ਪਰ ਸਾਮਾਨ ਬਚਾ ਲਏ ਗਏ ਸਨ। ਸੋਢੀ ਬਡਭਾਗ ਸਿੰਘ ਦੇ ਸਮੇਂ ਕੁਤਬਦੀਨ ਜਲੰਧਰੀਏ ਨੇ ਧਾਵਾ ਕਰਕੇ ਸਾੜ ਦਿਤਾ ਅਤੇ ਵਾਹਿਗੁਰੂ ਕੀਰਤਨ ਦਾ ਇਹ ਮੰਦਰ ਮਿਸਮਾਰ ਕੀਤਾ ਸੀ; ਮਗਰੋਂ ਸਰਦਾਰ ਬਾਘ ਸਿੰਘ ਨੇ ਕੁਤਬਦੀਨ ਤੇ ਹਮਲਾ ਕਰਕੇ ਉਸਨੂੰ ਸਾੜ ਕੇ ਇਸ ਮੰਦਰ ਦੀ ਹੱਤਕ ਦੇ ਦਿਲਾਸਾੜ ਨੂੰ ਠੰਡਾ ਕੀਤਾ ਸੀ।


www.sikhbookclub.com

ਲਾਹੌਰ ਰਹਿੰਦਿਆਂ ਇਕ ਦਿਨ ਇਕ ਭਗਤ ਨੇ ਆਪ ਤੋਂ ਅਦਬ ਨਾਲ ਪੁਛਣਾ ਕੀਤੀ ਕਿ ਸਿਖਾਂ ਨੂੰ ਲੜਾਈ ਕਿਉਂ ਸਿਖਾ ਰਹੇ ਹੋ?

ਗੁਰੂ ਜੀ ਮੁਸਕ੍ਰਾਏ ਤੇ ਬੋਲੇ: ਸੁਣੋ ਵਾਕ ਕਬੀਰ ਜੀ ਦਾ:-

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥"

{ਮਾਰੂ ਕਬੀਰ ਜੀ, ਸਫਾ ੧੧੦੫}

ਭਗਤ ਨੇ ਸਿਰ ਨਿਵਾ ਦਿਤਾ ਤੇ ਕਿਹਾ: ਸੱਚ ਫ਼ੁਰਮਾਯਾ ਨੇ।

ਇਕ ਦਿਨ ਮਿਲਨ ਆਏ ਪੀਰਾਂ ਫਕੀਰਾਂ ਵਿਚੋਂ ਇਕ ਨੇ ਪੁਛਿਆ ਕਿ ਆਪ ਜੀ ਨੇ ਗੁਰੂ ਨਾਨਕ ਸੁਲਹ ਕੁਲ ਦੇ ਪੰਥ ਵਿਚ ਹਿੰਸਾ ਕਿਉਂ ਜਾਰੀ ਕਰ ਦਿਤੀ ਹੈ? ਹਥਜਾਰਬੰਦ ਹੋ ਕੇ ਕੌਣ ਹਿੰਸਾ ਤੋਂ ਬਚ ਸਕਦਾ ਹੈ?

ਗੁਰੂ ਜੀ ਮੁਸਕ੍ਰਾਏ ਤੇ ਬੋਲੇ: 'ਇਹ ਪੁਛ ਕਿਸੇ ਜੈਨੀ ਸਾਧੂ ਤੋਂ ਤਾਂ ਫਬਦੀ ਹੈ, ਪਰ ਆਪ, ਦੇ ਬਜ਼ੁਰਗਾਂ ਨੇ ਜਿਨ੍ਹਾਂ ਇਸਲਾਮ ਟੋਰਿਆ, ਦੀਨ ਦੀ ਹਿਦਾਯਤ ਬੀ ਦੇਂਦੇ ਸਨ, ਅਤੇ ਸ਼ਮਸ਼ੇਰ-ਜ਼ਨੀ ਬੀ ਕਰਦੇ ਸਨ, ਨੂੰ ਕਹਿਣੀ ਨਹੀਂ ਬਣਦੀ।'

ਇਹ ਸੁਣ ਕੇ ਪੀਰ ਜੀ ਨੇ ਕਿਹਾ: 'ਬਹੁਤ ਖੂਬ! ਘਰ ਪੂਰਾ ਕਰ ਦਿਤਾ ਨੇ।'

ਇਕ ਦਿਨ ਇਕ ਵੈਸ਼ਨਵ ਸੰਤ ਆਪ ਜੀ ਨੂੰ ਮਿਲੇ, ਉਨ੍ਹਾਂ ਵੀ ਇਹੋ ਪ੍ਰਸ਼ਨ ਕੀਤਾ ਕਿ ਆਪਣੇ ਸਿਖਾਂ ਨੂੰ ਜੋ ਚਾਹੇ ਗ੍ਰਹਸਤ ਵਿਚ ਹਨ, ਸਾਧੂ ਜੀਵਨ ਬਸਰ ਕਰਦੇ ਹਨ, ਉਨ੍ਹਾਂ ਨੂੰ ਤਲਵਾਰ ਕਾਸਨੂੰ ਫੜਾਈ?

ਤਾਂ ਆਪ ਬੋਲੇ: 'ਤਲਵਾਰ ਫੜਾਈ ਹੈ ਕਿ ਜ਼ਾਲਮ ਦੀ ਤਲਵਾਰ ਦੇ ਅਗੇ ਢਾਲ ਦਾ ਕੰਮ ਦੇਵੇ। ਕਤਲ ਲਈ ਨਹੀਂ ਪਰ ਕੀਕੂੰ ਕਤਲ ਹੋਈਦਾ ਹੈ? ਇਨ੍ਹਾਂ ਨੂੰ ਸਿਖਲਾਣਾ ਹੈ:-

"ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥੨॥"

{ਗਉੜੀ ਸੁਖ:, ਅਸਟ-੯ ਸਫਾ ੨੭੪}

ਪਿਛਲੇ ਸਤਿਗੁਰਾਂ ਵਾਂਙੂ ਆਪ ਜੀ ਨੂੰ ਬੀ ਕੁਛ ਯੋਗੀ ਆ ਮਿਲੇ। ਇਨ੍ਹਾਂ ਵਿਚੋਂ ਇਕ ਨੇ ਪੁਛਿਆ: 'ਆਪ ਦੇ ਪਿਤਾ ਜੀ, ਚਾਹੇ ਅਤੀਤ ਨਹੀਂ ਸਨ ਪਰ, ਪੂਰੇ ਯੋਗੀ-ਰਾਜ ਸਨ। ਸਾਹਿਬ ਕਰਾਮਾਤ ਸਨ। ਓਹ ਚਾਹੁੰਦੇ ਤਾਂ ਕਰਾਮਾਤ ਨਾਲ ਮੁਗ਼ਲ ਪਾਤਸ਼ਾਹੀ ਖ਼ਤਮ ਕਰ ਦਿੰਦੇ ਪਰ ਆਪ ਨੇ ਅਕਹਿ ਤੇ ਅਸਹਿ ਕਸ਼ਟ ਸਹਾਰੇ, ਸੀ ਤਕ ਨ ਕੀਤੀ, ਤੇ ਦੁਸ਼ਟਾਂ ਦਾ ਨਾਸ਼ ਨ ਕੀਤਾ?।'

ਗੁਰੂ ਜੀ ਨੇ ਇਕ ਲੰਮਾ ਸਾਹ ਲਿਆ ਤੇ ਫੁਰਮਾਇਆ: 'ਪਜਾਰੇ ਪਿਤਾ ਜੀ ਸਰਬ ਸਾਧਾਰਨ ਨੂੰ ਯੋਗੀ ਬਨਾਯਾ ਚਾਹੁੰਦੇ ਸਨ ਜੋ ਅਭਿਨਿਵੇਸ਼* ਜਿਤਣਾ ਸਿਖ ਜਾਣ, ਅਰਥਾਤ ਇਸ ਦੇਹ

* ਯੋਗ ਵਿਚ ਪੰਜ ਕਲੇਸ਼ ਮੰਨੇ ਹਨ:-ਅਵਿਦਯਾ, ਅਸਿਮਤਾ, ਰਾਗ, ਦ੍ਵੈਸ਼ ਅਤੇ ਅਭਿਨਿਵੇਸ਼। ਅਭਿਨਿਵੇਸ਼ ਨਾਮ ਹੈ ਜੀਵਨ ਨਾਲ ਪਕੜ: ਮੌਤ ਦਾ ਡਰ।


www.sikhbookclub.com

ਦਾ ਮੋਹ ਛਡ ਦੇਣ। 'ਅਭਿਨਿਵੇਸ਼' ਜਿਤ ਕੇ ਅਲਗ ਹੋ ਬਹਿਣਾ ਵਿਰਲੇ ਯੋਗੀ ਦਾ ਕੰਮ ਹੈ। ਉਸ ਦਾ ਸੁੱਖ ਕੇਵਲ ਉਸ ਯੋਗੀ ਨੂੰ ਹੈ। ਸਰਬ ਸਾਧਾਰਣ ਸਿਖ ਲੈਣ ਤਾਂ ਓਪਰਿਆਂ ਦੇ ਦਬੇਲ ਨਾ ਰਹਿਣ।'

ਗੁਰੂ ਜੀ ਦਾ ਭਾਵ ਇਹ ਸੀ ਕਿ ਆਮ ਲੋਕ ਮੌਤ ਦਾ ਡਰ ਦੂਰ ਕਰ ਦੇਣ, ਸੱਚ ਦੀ ਖ਼ਾਤਰ, ਉਪਕਾਰ ਦੀ ਖ਼ਾਤਰ, ਸੁਤੰਤ੍ਰਤਾ ਦੀ ਖ਼ਾਤਰ, ਜਿੰਦ ਦੇਣ ਨੂੰ ਤਯਾਰ ਹੋ ਜਾਣ। ਇਜ਼ਤ ਨਾਲ ਮਰਨਾ ਪਸੰਦ ਕਰਨ ਅਤੇ ਜ਼ਿਲਤ ਨਾਲ ਜੀਉਣਾ ਪਸੰਦ ਨ ਕਰਨ। ਅਪਨਾ ਰਾਜ ਆਪ ਕਰਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਇਹ ਕਰਾਮਾਤ ਕੀਤੀ ਕਿ ਸਿਖਾਂ ਵਿਚ ਆਪਾਵਾਰਨ ਦਾ ਮਾਦਾ ਪੈਦਾ ਹੋ ਗਿਆ।

ਇਸੇ ਤਰ੍ਹਾਂ ਇਕ ਪੰਡਤ ਨੇ ਇਕ ਦਿਨ ਪੁਛਿਆ: 'ਮੈਂ ਆਪ ਦਾ ਸਿਖ ਹਾਂ। ਮੈਂ ਰਾਮ ਜੀ ਨੂੰ ਤ੍ਰੇਤਾ ਦਾ, ਕ੍ਰਿਸ਼ਨ ਜੀ ਨੂੰ ਦੁਆਪਰ ਦਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਲਯੁਗ ਦਾ ਅਵਤਾਰ ਮੰਨਦਾ ਹਾਂ। ਸਗੋਂ ਗੁਰੂ ਜੀ ਨੂੰ ਅਪਨਾ ਨਿਜ ਇਸ਼ਟਦੇਵ ਅਤੇ ਅਵਤਾਰ ਸ਼ਿਰੋਮਣ ਮੰਨਦਾ ਹਾਂ। ਓਹ ਗੁਰੂ ਅਵਤਾਰ ਹਨ। ਆਪ ਨੂੰ ਉਨ੍ਹਾਂ ਦਾ ਰੂਪ ਓਹੋ ਸਮਝਦਾ ਹਾਂ। ਕ੍ਰਿਪਾ ਕਰਕੇ ਦਸੋ, ਇਹ ਤਮੋ ਗੁਣੀ ਜੰਗ ਲੜਾਈ ਦੇ ਸਮਾਨ ਕਿਉਂ ਦੁਆਲੇ ਲੈ ਆਂਦੇ ਜੇ?'

ਆਪ ਨੇ ਪੰਡਿਤ ਵਲ ਤਕਿਆ ਤੇ ਬੋਲੇ: 'ਰਾਮ ਜੀ ਨੇ ਰਾਵਣ ਨਾਲ ਜੁਧ ਰਚਾ ਕੇ ਉਸ ਦੇ ਹਜ਼ਾਰਾਂ ਜੋਧੇ, ਪੁਤ੍ਰ, ਪੋਤੇ ਮੁਕਾਏ ਅਤੇ ਅਪਨੀ ਸੈਨਾ ਦੇ ਹਜ਼ਾਰਾਂ ਮਰਵਾਏ। ਇਕ ਇਸਤ੍ਰੀ ਛੁਡਾ ਕੇ ਲਿਆਏ। ਕ੍ਰਿਸ਼ਨ ਜੀ ਨੇ ਲੜਨੋਂ ਉਦਾਸ ਪਾਂਡਵਾਂ ਤੋਂ ਜੁਧ ਰਚਵਾ ਦਿਤਾ ਤੇ ੧੮ ਖੂਣੀ ਸੈਨਾ ਚਲ ਬਸੀ। ਪੰਡਤ ਜੀ ਕਿਆ ਉਨ੍ਹਾਂ ਨੇ ਤਮੋ ਗੁਣੀ ਕੰਮ ਕੀਤਾ?'

ਪੰਡਤ ਸਮਝ ਗਿਆ ਤੇ ਚਰਨਾਂ ਉਤੇ ਸਿਰ ਧਰ ਦਿਤਾ-ਸੱਚ ਹੈ ਕਲਜੁਗ ਦੇ ਰਖਜਕ ਤੇ ਤਾਰਨਹਾਰ ਜੀ।

ਗੁਰੂ ਜੀ: 'ਹੀਣੀ ਹੋ ਗਈ ਪਰਜਾ, ਬਦੇਸੋਂ ਆਏ ਪਠਾਣਾਂ ਮੁਗ਼ਲਾਂ ਦੀ ਕੁੱਠੀ ਪਰਜਾ ਨੂੰ ਪੈਰਾਂ ਤੇ ਖੜੋਣ ਦੀ ਜਾਚ ਸਿਖਾਣ ਲਗਾ ਹਾਂ ਤਾਂ ਇਹ ਸ਼ੌਰਯਾ ਹੈ, ਉਤਸ਼ਾਹ ਹੈ, ਬੀਰ ਰਸ ਹੈ। ਮੈਂ ਧਰਮ ਰਖਜਾ ਵਾਸਤੇ, ਸੱਚ ਦੀ ਰਖਜਾ ਵਾਸਤੇ, ਧਰਮਾਤਮਾ ਦੀ ਰਖਜਾ ਵਾਸਤੇ ਅਤੇ ਹੀਣੀ ਹੋ ਗਈ ਪਰਜਾ ਵਾਸਤੇ, ਜਾਨ ਭਰ ਦੇਣ ਲਗਾ ਹਾਂ।'

ਇਸੀ ਤਰ੍ਹਾਂ ਆਪ ਜੀ ਨੇ ਇਕ ਦੌਰਾ ਦੁਆਬੇ ਦਾ ਕੀਤਾ। ਸਾਰੇ ਇਲਾਕੇ ਵਿਚ ਘੁੰਮੇ ਅਤੇ ਸਿਖੀ ਦਾ ਪ੍ਰਚਾਰ ਕੀਤਾ। ਲਗ ਭਗ ੭ ਮਹੀਨੇ ਫਿਰੇ। ਫੇਰ ਅਪਨੇ ਪਿਤਾ ਜੀ ਦੇ ਵਸਾਏ ਨਗਰ ਦੁਆਬੇ ਵਾਲੇ ਕਰਤਾਰ ਪੁਰ ਆ ਟਿਕੇ ਅਤੇ ਪ੍ਰਚਾਰ ਕਰਦੇ ਰਹੇ। ਅਨੇਕਾਂ ਲੋਕਾਂ ਨੂੰ ਨੇਕ ਬਣਾਯਾ ਅਤੇ ਬਾਣੀ ਨਾਮ ਵਿਚ ਲਾਯਾ। ਤਦੋਂ ਵੈਸਾਖੀ ਦਾ ਜੋੜ ਮੇਲਾ ਕਾਇਮ ਕੀਤਾ। ਫੇਰ ਆਪ ਜੀ ਰਾਮਦਾਸ ਪੁਰੇ ਆ ਟਿਕੇ।



www.sikhbookclub.com

# ੧੫. ਦਿਲੀਓਂ ਸਦਾ

**ਗੁਰੂ ਜੀ** ਅਪਨਾ ਕਾਰਜ ਵਿਸ਼ੇਸ਼ ਤਾਂ ਵੱਡੇ ਗੁਰੂ ਸਾਹਿਬਾਂ ਵਾਂਙੂ ਧਰਮ ਪ੍ਰਚਾਰ ਦਾ ਹੀ ਕਰਦੇ ਸੇ ਪਰ ਬੀਰ ਰਸੀ ਠਾਠ ਵਲ ਬੀ ਧਿਆਨ ਸੀ। ਕੁਛ ਸੈਨਾ ਬੀ ਹੋ ਗਈ ਸੀ, ਚਾਹੋ ਅਜੇ ਬੜੀ ਥੋੜੀ ਸੀ। ਤਖ਼ਤ ਉਤੇ ਬੈਠਣਾ ਸ੍ਰੀ ਸਾਹਿਬ ਆਦਿ ਲਿਬਾਸ ਅਤੇ ਚੜ੍ਹਤ ਬੜਤ ਸਿਪਾਹੀਆਨਾ ਬੀ ਸੀ। ਰਬ ਦੀ ਦਾਤ ਸਰੀਰ ਚੰਗਾ, ਸਰੂ ਵਾਂਙੂ ਉੱਚਾ ਵਧ ਮੌਲਿਆ, ਸ਼ਕਲ ਸੂਰਤ ਅਤਿ ਸੋਹਣੀ ਸੀ। ਕਦ ਵਿਚ ਚੰਗੇ ਜੁਆਨਾਂ ਤੋਂ ਮੋਢਾ ਕੱਢ ਟੁਰਦੇ ਸਨ।

ਸੰਗਤਾਂ ਸਾਰੇ ਦੇਸ਼ ਵਿਚ ਫੈਲ ਰਹੀਆਂ ਸਨ, ਪੰਜਾਬ ਵਿਚ ਤਾਂ (ਸ਼ਹਿਰਾਂ ਗਿਰਾਵਾਂ) ਸਭ ਥਾਈਂ ਸਿਖਾਂ ਦੀ ਗੇਣਤੀ ਅਗੇ ਨਾਲੋਂ ਬੀ ਵਧ ਹੋ ਤੁਰੀ। ਕਈ ਵੇਰ ਜੀਵਨ-ਦਾਨ ਲੈਣ ਆਏ ਕਈ ਸਿਖ ਜੋ ਆਪੋ ਵਿਚ ਕਿਸੇ ਗਲੇ ਝਗੜੇ ਯਾ ਵੈਰ ਵਿਰੋਧ ਵਿਚ ਹੁੰਦੇ, ਓਹ ਨਿਆਂ ਗੁਰੂ ਜੀ ਅਗੇ ਲਿਆ ਰਖਦੇ ਅਤੇ ਜੋ ਹੁਕਮ ਹੋ ਜਾਂਦਾ, ਦੁਇ ਧਿਰਾਂ ਉਸਤੇ ਟੁਰ ਪੈਂਦੀਆਂ। ਸਿਖਾਂ ਦੇ ਪਰਸਪਰ ਝਗੜਿਆਂ ਦੇ ਨਬੇੜੇ, ਏਹ ਪਹਿਲੇ ਗੁਰੂ ਸਾਹਿਬਾਂ ਦੇ ਵੇਲੇ ਬੀ ਕਈ ਵਾਰ ਸ੍ਰੀ ਸਤਿਗੁਰੂ ਨਬੇੜਦੇ ਸਨ। ਸਿਖ ਅਦਾਲਤਾਂ ਵਿਚ ਘਟ ਹੀ ਜਾਂਦੇ। ਪਰ ਹੁਣ ਹੋਰ ਲੋਕ ਵੀ ਕਈ ਵੇਰ ਗੁਰੂ ਜੀ ਦੇ ਨਿਆਂ ਨੂੰ ਸੱਚ ਅਤੇ ਅੰਤਰਯਾਮਤਾ ਦੇ ਰੰਗ ਵਾਲਾ ਸਮਝ ਕੇ ਆ ਪਹੁੰਚਦੇ। ਗੁਰੂ ਸਾਹਿਬ ਦੁਵੱਲੀ ਸੁਣ ਕੇ ਨਬੇੜਾ ਕਰ ਦਿੰਦੇ ਅਤੇ ਇਹ ਲੋਕ ਸਿਰ ਮੱਥੇ ਉਤੇ ਮੰਨ ਟੁਰਦੇ।

ਗੁਰੂ ਦ੍ਰੋਹੀ ਏਹ ਵਧ ਰਿਹਾ ਪ੍ਰਤਾਪ ਅਤੇ ਬਲ ਵੇਖਕੇ ਘਬਰਾ ਰਹੇ ਸਨ। ਹੁੰਦੇ ਹੁੰਦੇ, ਲਿਖੇ ਹਾਲਾਤ ਤੋਂ ਪਤਾ ਚਲਦਾ ਹੈ ਕਿ ਫੇਰ ਗੁਰੂ ਵਿਰੁਧ ਘੋਰ ਮਸੋਰ ਹੋ ਕੇ ਇਕ ਵਿਉਂਤ ਕਰਕੇ ਜਹਾਂਗੀਰ ਦੇ ਕੰਨ ਭਰੇ ਗਏ ਕਿ ਨਵਾਂ ਗੁਰੂ ਪਾਤਸ਼ਾਹੀ ਦਾ ਦਾਵੇਦਾਰ ਬਣ ਰਿਹਾ ਹੈ ਤੇ ਫੌਜਾਂ ਕਠੀਆਂ ਕਰ ਰਿਹਾ ਹੈ। ਅਪਨਾ ਠਾਠ ਬੀ ਪਾਤਸ਼ਾਹੀ ਕਰ ਲਿਆ ਸੂ। ਤਖ਼ਤ ਉਤੇ ਬੈਠਦਾ ਅਤੇ ਨਿਆਂ ਬੀ ਕਰਦਾ ਹੈ। ਇਸਦਾ ਹੁਣੇ ਪ੍ਰਬੰਧ ਲੋੜੀਏ। ਜਹਾਂਗੀਰ ਨੇ ਵਜ਼ੀਰ ਖ਼ਾਂ, ਅਪਨੇ ਮੋਅਤਬਰ ਉਹਦੇਦਾਰ ਨਾਲ ਗਲ ਬਾਤ ਗਿਣੀ ਅਤੇ ਕਿਹਾ ਕਿ ਗੁਰੂ ਜੀ ਨੂੰ ਦਿਲੀ ਲੈ ਆਓ।

ਜਾਪਦਾ ਹੈ ਵਜ਼ੀਰ ਖਾਂ ਨੇ ਕੁਛ ਸਹਿੰਦੀ ਸਹਿੰਦੀ ਗਲ ਬਾਤ ਗੁਰੂ ਪੱਖ ਦੀ ਕੀਤੀ ਕਿ ਗੁਰੂ ਧਾਰਮਕ ਆਗੂ ਹੈ, ਅਜੇ ਉਮਰ ਛੋਟੀ ਹੈ ਪਰ ਸਾਹਿਬ ਕਸ਼ਫ਼* ਹੈ। ਲੋਕ ਇਸ ਕਰਕੇ ਬਹੁਤ ਸਨਮਾਨ ਕਰਦੇ ਹਨ। ਕੋਈ ਅਪ੍ਰਾਧ ਵਾਲੀ ਗਲ ਉਨ੍ਹਾਂ ਨੇ ਨਹੀਂ ਕੀਤੀ। ਘੋੜੇ, ਸਿਪਾਹੀ, ਹੋਰ ਬੀ ਕਈ ਅਮੀਰ ਜੋ ਸਰਕਾਰੀ ਨੌਕਰ ਨਹੀਂ, ਰਖਦੇ ਹਨ। ਕਈ ਪੀਰਾਂ ਪਾਸ ਬੀ ਜੁਆਨ ਹਨ। ਜਿੱਥੇ ਗੁਰੂ ਰਹਿੰਦਾ ਹੈ ਨਗਰੀ ਆਪ ਵਸਾਈ ਹੈ, ਉਹ ਥਾਂ ਮਾਝੇ ਦਾ ਸਿਰਾ ਹੈ। ਮਾਝੇ ਵਿਚ ਕਈ ਠਗ ਧਾੜਵੀ ਹਨ, ਕੀਹ ਜਾਣੀਏ ਅਪਣੀ ਨਗਰੀ ਦੀ ਰਾਖੀ ਲਈ ਕੁਛ ਜੁਆਨ ਰਖੇ ਹੋਣ। ਇਸ ਲਈ ਹਜ਼ੂਰ ਜੋ ਚਾਹੋ ਸੋ ਕਰੋ, ਪਰ ਹੋਰ ਪੜਤਾਲ ਕਰ ਲਓ ਤਾਂ ਚੰਗਾ ਹੈ। ਆਪ ਇਨਸਾਫ਼ ਦੇ ਲਈ ਸਦਾ ਤਤਪਰ ਹੋ ਤੇ ਮਸ਼ਹੂਰ ਹੋ।

* ਸਾਹਿਬ ਕਸ਼ਫ--ਆਤਮ ਰਸੀਆ ਅਤੇ ਕਰਾਮਾਤੀ।

 www.sikhbookclub.com

ਜਹਾਂਗੀਰ ਨੇ ਦਿਲ ਦੀ ਗਲ ਤਾਂ ਨਹੀਂ ਕਹੀ, ਇਤਨਾਂ ਹੀ ਕਿਹਾ ਤੂੰ ਆਪ ਜਾਹ, ਨਾਲ ਕਿੰਚ ਬੇਗ ਨੂੰ ਲੈ ਜਾਹ, ਹਾਲਾਤ ਆਪ ਦੇਖ ਭਾਲ ਆ ਅਤੇ ਆ ਕੇ ਦੱਸ ਪਰ ਗੁਰੂ ਨੂੰ ਅਪਨੇ ਨਾਲ ਲੈ ਆ, ਜੇ ਕੁਛ ਗਲ ਹੈ ਤਾਂ ਪਾਤਸ਼ਾਹੀ ਜਲਾਲ ਦੇਖ ਕੇ ਗੁਰੂ ਆਪੇ ਹੋਸ਼ ਵਿਚ ਆ ਜਾਸੀ। ਤਦ ਵਜ਼ੀਰ ਖ਼ਾਂ ਨੇ ਸਿਰ ਨਿਵਾ ਕੇ ਕਿਹਾ-ਹਾਂ ਹਜ਼ੂਰ ਆਪ ਦੇਖੋਗੇ ਤਾਂ ਪੂਰੀ ਤਸੱਲੀ ਹੋ ਜਾਏਗੀ ਕਿ ਗੁਰੂ ਦੀਨ ਦਾ ਹਾਦੀ ਹੈ ਅਤੇ ਉਸਦਾ ਦੁਨਜਾਵੀ ਪ੍ਰਤਾਪ ਦੀਨੀ ਪ੍ਰਤਾਪ ਕਰਕੇ ਹੈ ਅਤੇ ਵਧਦਾ ਹੈ।

ਵਜ਼ੀਰ ਖਾਂ ਦਾ ਪ੍ਰਸੰਗ ਅਸ਼ਟ ਗੁਰ ਚਮਤਕਾਰ ਵਿਚ ਪੰਚਮ ਗੁਰੂ ਜੀ ਦੇ ਹਾਲ ਵਿਚ ਆ ਚੁਕਾ ਹੈ। ਉਹ ਅਸਲ ਵਿਚ ਪਕੇ ਨਿਸ਼ਚੇ ਵਾਲਾ ਸਿਖ ਸੀ ਅਤੇ ਇਸੇ ਕਰਕੇ ਗੁਰੂ ਜੀ ਦਾ ਪੂਰਾ ਪੱਖ ਕਰਦਾ ਸੀ। ਕਿੰਚ ਬੇਗ ਸਿਖ ਤਾਂ ਨਹੀਂ ਸੀ ਪਰ ਖੋਟੇ ਦਿਲ ਵਾਲਾ ਨਹੀਂ ਸੀ। ਦੁਇ ਹੁਣ ਦਿਲੀਓਂ ਟੁਰਕੇ ਰਾਮਦਾਸ ਪੁਰੇ ਆ ਗਏ।

# ੧੬. ਅੰਮ੍ਰਿਤਸਰੋਂ ਕੂਚ

**ਗਲ ਕੀ** ਵਜ਼ੀਰ ਖ਼ਾਂ ਅਤੇ ਕਿੰਚ ਬੇਗ* ਦਿਲੀ ਤੋਂ ਚਲ ਕੇ ਰਾਮਦਾਸ ਪੁਰੇ ਆਏ। ਸਤਿਗੁਰੂ ਜੀ ਨੂੰ ਅਦਬ ਨਾਲ ਮਿਲੇ ਅਤੇ ਦਸਿਆ ਕਿ ਪਾਤਸ਼ਾਹ ਨੇ ਆਪ ਨੂੰ ਦਿਲੀ ਦਰਸ਼ਨ ਦੇਣ ਲਈ ਸਦਿਆ ਹੈ। ਗੁਰੂ ਜੀ ਨੇ ਕਾਰਣ ਪੁਛਿਆ ਤਾਂ ਉਹਨਾਂ ਕਿਹਾ ਕਿ ਬਹੁਤੀ ਗਲੇ ਕੁਛ ਚੁਗਲੀਆਂ ਵੈਰੀਆਂ ਨੇ ਕੀਤੀਆਂ ਹਨ ਅਤੇ ਉਸ ਨੂੰ ਸ਼ਕ ਪਏ ਹਨ। ਆਪ ਜੇ ਚਲੋ ਤਾਂ ਮੌਕਿਆ ਬਣ ਸਕਦਾ ਹੈ, ਸਾਰੀ ਗਲ ਦੀ ਅਸਲੀਅਤ ਪਾਤਸ਼ਾਹ ਤੇ ਖੁਲ੍ਹ ਪੈਣ ਦਾ ਅਤੇ ਕੁਛ ਚੰਗੀ ਗਲ ਹੋ ਜਾਣ ਦਾ। ਵੈਸੇ ਕੋਈ ਖ਼ਤਰਾ ਅਗੇ ਵਾਂਙ ਨਹੀਂ। ਕਿਉਂਕਿ ਕੋਈ ਖਾਸ ਗਲ ਐਸੀ ਨਹੀਂ ਕਿ ਪਾਤਸ਼ਾਹ ਕੋਈ ਜ਼ੁਲਮ ਕਰੇ, ਕੋਈ ਕਾਰਣ ਉਸ ਦੇ ਹੱਥ ਵਿਚ ਨਹੀਂ ਹੈ, ਵੈਸੇ ਓਹ ਅਪਨੇ ਇਨਸਾਫ਼ ਦਾ ਆਪ ਬੜੇ ਫ਼ਖ਼ਰ ਕਰਨੇ ਵਾਲਾ ਬੀ ਹੈ। ਕੋਈ ਕਾਰਣ ਮਿਲੇ ਬਿਨਾਂ ਕੋਈ ਉਪਦ੍ਰਵ ਨਾ ਕਰ ਸਕੇਗਾ। ਅਸੀਂ ਬੀ ਆਪ ਦੇ ਦਾਸ ਕੋਲ ਹਾਂ।

ਜਦ ਡੇਹੇ ਖਬਰ ਹੋਈ ਕਿ ਪਾਤਸ਼ਾਹੀ ਸੱਦਾ ਆਇਆ ਹੈ ਤਾਂ ਪਹਿਲੋਂ ਤਾਂ ਬੜੀ ਘਬਰਾਹਟ ਹੋਈ। ਪਿਛਲਾ ਸੱਦਾ ਯਾਦ ਕਰ ਕੇ ਫਿਕਰ ਪੈਣਾ ਹੀ ਸੀ। ਭਾਈ ਬੁੱਢਾ ਅਤੇ ਭਾਈ ਗੁਰਦਾਸ ਨਾਲ ਵਿਚਾਰ ਕਰਨ ਤੇ, ਸਤਿਗੁਰੂ ਜੀ ਦੀ ਅਪਨੀ ਸਲਾਹ, ਜਾਣ ਦੀ ਬਣੀ। ਪਰ ਮਾਤਾ ਜੀ ਅਤੇ ਹੋਰ ਨਿਕਟਵਰਤੀ ਉਦਾਸੀ ਵਿਚ ਸਨ। ਫੇਰ ਮਾਤਾ ਜੀ ਨੂੰ ਗੁਰੂ ਜੀ ਦੇ ਸਮਝਾਉਣ ਪਰ ਕੁਛ ਤਸੱਲੀ ਹੋ ਗਈ ਅਤੇ ਬਾਕੀ ਸੰਗਤ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੇ ਸਮਝਾਉਣ ਪਰ ਮੰਨ ਗਈ। ਇਉਂ ਗੁਰੂ ਜੀ ਟੁਰ ਪਏ ਅਤੇ ਦੋ ਕੋਹਾਂ ਉਤੇ ਪਹਿਲਾ ਡੇਰਾ ਕੀਤਾ। ਓਥੇ ਰਾਤ ਰਹਿ ਕੇ

* ਸੂਰਜ ਪ੍ਰਕਾਸ਼ ਰਾ. ੪ ਅੰ. ੪੮-੪੩ ਵਿਚ ਇਸ ਨੂੰ "ਕਿੰਚ ਬੇਗ" ਅਤੇ ਤਵਾ. ਗੁ. ਖਾ. ਵਿਚ ਇਸ ਨੂੰ "ਗੁੰਚਹਿ ਬੇਗ" ਲਿਖਿਆ ਹੈ।

ਗੁਰੂ ਜੀ ਨੇ ਸਵੇਰੇ 'ਵਾਰ' ਦਾ ਭੋਗ ਪਾ ਕੇ, ਸੰਗਤਾਂ ਨੂੰ ਵਿਦਾ ਕੀਤਾ ਅਤੇ ਆਪ ਅਗੇ ਟੁਰੇ। ਸ੍ਰੀ ਗੁਰੂ ਜੀ ਨੇ ਹਰਿ ਮੰਦਰ ਦੀ ਕੀਰਤਨ ਆਦਿ ਦੀ ਮ੍ਰਿਯਾਦਾ, ਆਈਆਂ ਸੰਗਤਾਂ ਨੂੰ ਉਪਦੇਸ਼ ਅਤੇ ਹੋਰ ਕੰਮ ਭਾਈ ਬੁੱਢਾ ਜੀ ਨੂੰ ਲੰਗਰ ਦਾ ਪ੍ਰਬੰਧ, ਭਾਈ ਗੁਰਦਾਸ ਨੂੰ ਸੰਗਤਾਂ ਦੀ ਖ਼ਾਤਰ ਰਿਹਾਇਸ਼ ਦਾ ਬੰਦੋਬਸਤ ਅਤੇ ਨਗਰੀ ਤੇ ਮੰਦਰਾਂ ਦੀ ਹੋਰ ਸਾਰੀ ਸਪੁਰਦੀ ਕੀਤੀ। ਗਲ ਕੀਹ ਪ੍ਰਬੰਧ ਤੇ ਪ੍ਰਚਾਰ ਦੇ ਸਾਰੇ ਕੰਮ ਦੋਹਾਂ ਦੀ ਸਪੁਰਦੀ ਵਿਚ ਦਿਤੇ। ਫੇਰ ਮਾਤਾ ਜੀ ਦੀ ਆਗਿਆ ਪਾਲਨ ਦੀ ਦੋਹਾਂ ਨੂੰ ਤਾਕੀਦ ਕੀਤੀ ਅਤੇ ਇਨ੍ਹਾਂ ਦੇ ਨਾਲ ਯਾ ਆਗਿਆ ਵਿਚ ਭਾਈ ਬਹਿਲੋ, ਭਾਈ ਭਗਤੂ ਆਦਿ ਨਗਰ ਦੇ ਪ੍ਰਬੰਧ ਵਿਚ ਲਾਏ। ਹੋਰ ਸ਼ਹਿਰੀਆਂ ਨੂੰ ਸੁਮਤਿ ਦਿਤੀ ਕਿ ਸੁਹਣੀ ਤਰ੍ਹਾਂ ਪਰਸਪਰ ਪਜਾਰ, ਨੇਕੀ ਅਤੇ ਨਾਮ ਸਿਮਰਨ ਦਾ ਜੀਵਨ ਬਨਾਓ, ਪਰਉਪਕਾਰ ਕਰੋ ਅਤੇ ਪਾਪ ਕਰਮਾਂ ਤੋਂ ਸਦਾ ਬਚੋ।

ਤਵਾ: ਗੁ: ਖ: ਮੂਜਬ ਸ੍ਰੀ ਗੁਰੂ ਜੀ ਨੇ ਹੇਠ ਲਿਖੇ ਸਿਖ ਦਾਨੇ, ਸੂਰ ਬੀਰ, ਧਰਮੀ ਅਤੇ ਪਰਉਪਕਾਰੀ ਸਜਨ ਅਪਨੇ ਨਾਲ ਲਏ।

ਭਾਈ ਬਿੱਧੀ ਚੰਦ, ਜੇਠਾ, ਪੈੜਾ, ਮੋਖਾ, ਰਾਜੂ, ਸਨਮੁਖ, ਦਿਲਵਾਲੀ, ਭਾਨਾ, ਮੁਨਸ਼ੀ, ਬਟਾਲੇ ਵਾਲਾ ਬਹਿਲ ਖਤ੍ਰੀ, ਕਾਲੀ ਦੀਨ, ਮੋਹਨ, ਦੇਵੀ ਸਿੰਘ, ਪੂਰਬੀਏ ਸੁੰਦਰਦਾਸ, ਵੈਰਾਗੀ ਰੰਗੂ ਸਿੰਘ, ਬਹਾਦਰ ਜੈਤਾ (ਸ਼ੇਰ ਗੁਰੂ ਕਾ), ਭਾਈ ਕਾਲਾ, ਤਖਤਾ ਮਲਵਈ, ਦੂਲਤ ਜੱਟ, ਜੋਹੜੇ ਅੱਧੇ ਅੱਧੇ ਮਣ ਦੀ ਸਾਂਗ ਰਖਦੇ ਸੇ, ਭਾਈ ਤਿਲੋਕ ਚੰਦ ਰਿਸਾਲਦਾਰ, ਭਾਈ ਲਾਲੂ ਬਾਲੂ ਦੀਵਾਨ ਅਤੇ ਭਾਈ ਸ਼ੇਰੂ ਆਦਿਕ।

{ਤਵਾ: ਖਾ: ਸਫਾ ੭੮੭}

ਤਵਾ: ਗੁ: ਖਾ: ਮੂਜਬ ਆਪ ੧੬੭੩ ਬਿ: ਜੇਠ ੩ ਨੂੰ ਟੁਰੇ, ਪਰ ਮੈਕਾਲਿਫ ਅਤੇ ਹੋਰ ਹਿਸਾਬ ਨਾਲ ਆਪ ੧੬੬੯ ਮਾਘ ਵਿਚ ਟੁਰੇ। ਇਸ ਪਿਛਲੇ ਹਿਸਾਬ ਮੂਜਬ ਆਪ ਦੀ ਉਮਰ ਹੁਣ ੧੭ ਸਾਲ ਦੀ ਸੀ, ਤਵਾ: ਗੁ: ਖਾ: ਦੇ ਹਿਸਾਬ ੨੦ ਸਾਲ ਦੀ। ਆਪ ਦੀ ਸੂਰਤ ਬਹੁਤ ਸੁੰਦਰ ਸੀ, ਸਰੀਰ ਬੜਾ ਸਡੋਲ ਅਤੇ ਕਦ ਚੋਖਾ ਲੰਮਾ ਹੋ ਗਿਆ ਸੀ। ਇਕ ਬਦੇਸ਼ੀ ਲੇਖਕ ਲਿਖਦਾ ਹੈ ਕਿ ਆਪ ਦੇ ਮੋਢਿਆਂ ਤਕ ਲੰਮੇ ਤੋਂ ਲੰਮੇ ਆਦਮੀ ਦਾ ਸਿਰ ਮਸਾਂ ਅਪੜਦਾ ਸੀ।

ਗੁਰੂ ਸਾਹਿਬ ਕੂਚ ਕਰਕੇ ਤਰਨ ਤਾਰਨ ਆਏ। ਇੱਥੇ ਆਰਾਮ ਕਰਕੇ ਅਗਲੇ ਦਿਨ ਖਡੂਰ, ਗੋਇੰਦਵਾਲ ਪੁਜੇ। ਸੁਲਤਾਨਪੁਰ ਹੁੰਦੇ, ਰਾਤਾਂ ਰਮਤੇ ਵਿਚ ਠਹਿਰਦੇ ਪਹੋਏ ਜਾ ਉਤਰੇ। ਇੱਥੋਂ ਟੁਰੇ, ਦਿਲੀ ਜਾ ਪਹੁੰਚੇ ਅਤੇ ਮਜਨੂੰ ਦੇ ਟਿੱਲੇ ਡੇਰਾ ਕੀਤਾ।

# ੧੭. ਭਾਈ ਸਾਈਂ ਦਾਸ ਦਾ ਗੋਇੰਦਵਾਲ ਵਿਖੇ ਦਰਸ਼ਨ ਕਰਨਾ

ਭਾਈ ਸਾਈਂ ਦਾਸ ਦਾ ਜੀਵਨ ਪ੍ਰੇਮ ਦੀਆਂ ਖਿੱਚਾਂ ਤੇ ਪ੍ਰੇਮ ਦੀਆਂ ਪੂਰਣਤਾਈਆਂ, ਕੱਦੇ ਵਿਛੋੜਾ ਕਦੇ ਦਰਸ਼ਨ, ਕਦੇ ਸਿੱਕ, ਕਦੇ ਸੱਧਰ, ਕਦੇ ਮੇਲ, ਕਦੇ ਵੈਰਾਗ ਵਿਚ ਬੀਤਿਆ, ਜਿਸਤੋਂ ਮਨ ਪਰ ਅਚਰਜ ਅਸਰ ਹੁੰਦਾ ਗਿਆ। ਦਿਨੋ ਦਿਨ ਮਨ ਦੀ ਨਿਰਮਲਤਾ ਤੇ ਉੱਜਲਤਾ ਉੱਚੀ ਹੁੰਦੀ ਗਈ। ਜਿਉਂ ਜਿਉਂ ਇਹ ਦਸ਼ਾ ਹੋਈ ਤੇ ਸੁਰਤ ਬੀ ਉੱਚੀ ਹੁੰਦੀ ਗਈ, ਤਿਵੇਂ ਤਿਵੇਂ ਪ੍ਰੇਮ ਦੀ ਦਸ਼ਾ ਬੀ ਵਧਦੀ ਗਈ, ਪਰ ਹੁਣ ਸਮੇਂ ਨੇ ਹੋਰ ਪਲਟਾ ਖਾਧਾ। ਸ੍ਰੀ ਗੁਰੂ ਜੀ ਦੇ ਦਿੱਲੀ ਤੁਰ ਪੈਣ ਦੀਆਂ ਸੋਆਂ ਕੰਨੀ ਪਈਆਂ। ਜੀ ਕਦੇ ਧੜਕਦਾ ਹੈ ਕਿ ਪਿਛਲੇ ਪੰਜਵੇਂ ਸਤਿਗੁਰਾਂ ਵਾਂਙੂ ਭਾਣਾ ਨਾ ਵਰਤਦਾ ਹੋਵੇ, ਕਦੇ ਭਰੋਸਾ ਆਖਦਾ ਹੈ ਕਿ ਨਹੀਂ ਸੰਗਤਾਂ ਦੀ ਖਿੱਚ ਲੈ ਚੱਲੀ ਹੈ, ਪਰ ਹਰ ਹਾਲ ਵਿਚ ਦਰਸ਼ਨਾਂ ਲਈ ਜੀ ਉੱਛਲਦਾ ਹੈ। ਉਧਰੋਂ ਨਾ ਕੋਈ ਆਗਜਾ ਆਈ ਹੈ ਤੇ ਨਾ ਸੁਨੇਹਾ ਮਿਲਿਆ ਹੈ। ਇਸ ਸੋਚ ਵਿਚਾਰ ਵਿਚ ਪ੍ਰੇਮ ਦੀ ਨਿਤ ਬਲਦੀ ਜੁਆਲਾ ਭੜਕਾਰਿਆਂ ਵਿਚ ਆ ਗਈ ਤੇ ਉੱਤੋਂ ਹੁਣ ਦਿੱਲੀ ਤੁਰ ਪੈਣ ਦੀ ਪੱਕੀ ਸੋ ਵੀ ਮਿਲ ਗਈ। ਹਾ! ਹਾ! ਪਿਆਰੇ ਜੀ ਲੰਮੇ ਸਫ਼ਰ ਚਲੇ ਹਨ, ਕਦ ਮੁੜਨਗੇ? ਕਦ ਫੇਰ ਦਰਸ਼ਨ ਦੇਣਗੇ? ਸਰੀਰ ਦਾ ਕੀ ਭਰੋਸਾ ਹੈ? ਤਦ ਤਕ ਪ੍ਰਾਣ ਬੀ ਰਹਿਣਗੇ ਕਿ ਨਹੀਂ? ਫੇਰ ਕਹਿੰਦੇ ਹਨ, ਸਤਿਗੁਰ ਦੀ ਰਜ਼ਾਇ ਸਿਰ ਧਰਨੀ ਹੈ, ਜੇ ਯੋਗ ਹੁੰਦਾ ਤਾਂ ਗੁਰੂ ਜੀ ਜ਼ਰੂਰ ਦਰਸ਼ਨ ਦੇ ਕੇ ਤੁਰਦੇ, ਉਹਨਾਂ ਨੇ ਜੋ ਕੁਛ ਵਿਚਾਰਿਆ ਹੈ ਸੋ ਠੀਕ ਹੈ, ਕਿਉਂਕਿ ਉਹ ਸਰਬੱਗ ਹਨ। ਜਿਉਂ ਜਿਉਂ ਇਹ ਦਸ਼ਾ ਹੋਈ ਸੁਰਤ ਕਦੇ ਪ੍ਰੇਮ ਦੇ ਪ੍ਰਵਾਹ ਵਿਚ ਤੇ ਕਦੇ ਵੀਚਾਰ ਵਾਲੇ ਧੀਰਜ ਵਿਚ, ਅੰਤ ਦੋਹਾਂ ਦੀ ਖਿਚ ਨੇ ਐਸਾ ਵਲਵਲਾ ਖਾਧਾ ਕਿ ਗੁਰੂ-ਮੂਰਤ ਦੇ ਧਿਆਨ ਆਪੇ ਤੋਂ ਬੀ ਭੁਲਾ ਗਏ। ਜਿਉਂ ਸੰਝ ਨੂੰ ਸੁਰਤ ਜੁੜੀ ਹੈ ਫੇਰ ਖੁੱਲ੍ਹਣਾ ਹੀ ਭੁੱਲ ਗਈ। ਮਹਾਰਾਜ ਜੀ ਦੇ ਦਰਸ਼ਨ ਹੋ ਰਹੇ ਹਨ ਅਰ ਦਰਸ਼ਨ ਕਰਨਹਾਰੇ ਮਸਤ ਭੌਰੇ ਦੀ ਤਰ੍ਹਾਂ ਨਿਮਗਨ ਯੋਗੀ ਵਾਂਙ ਇਕ ਰਸ ਜੁੜੇ ਬੈਠੇ ਹਨ। ਸਵੇਰਾ ਹੋ ਗਿਆ, ਪਰ ਇਨ੍ਹਾਂ ਨੂੰ ਖ਼ਬਰ ਨਹੀਂ। ਸੂਰਜ ਚੜ੍ਹ ਆਇਆ, ਪਰ ਆਪਣੇ ਪਿਆਰੇ ਦੇ ਦਰਸ਼ਨ ਦਾ ਸੂਰਜ ਸਭ ਸੂਰਜਾਂ ਨੂੰ ਮਾਤ ਕਰਨ ਵਾਲਾ ਹੈ, ਉਸ ਵਿਚੋਂ ਸੁਰਤ ਨੂੰ ਇਸ ਨਿਕਾਰੇ ਸੂਰਜ ਦੀਆਂ ਕਿਰਨਾਂ ਕਿਵੇਂ ਬੀ ਨਹੀਂ ਉਟਕਾ ਸਕਦੀਆਂ, ਸੋ ਧੁੱਪੇ ਹੀ ਬੈਠਿਆਂ ਦਿਹੁ ਚੜ੍ਹ ਆਯਾ। ਘਰ ਦਿਆਂ ਨੇ ਧੁਰ ਛੱਤੇ ਇਸ ਤਰ੍ਹਾਂ ਬੈਠੇ ਵੇਖ ਕੇ ਹਿਲਾਇਆ ਨਹੀਂ। ਓਹ ਇਨ੍ਹਾਂ ਦੀ ਵਿਆਕੁਲਤਾ ਨੂੰ ਜਾਣ ਰਹੇ ਸੇ ਅਰ ਇਨ੍ਹਾਂ ਨੂੰ ਇਸ ਸੁੱਖ ਵਿਚ ਵੇਖ ਕੇ ਹਿਲਾਇਆ ਨਹੀਂ ਸਨ ਚਾਹੁੰਦੇ। ਭਾਵੇਂ ਸੂਰਜ ਦੀ ਤਪਤ ਤੋਂ ਡਰਦੇ ਉਠਾਉਣਾ ਲੋਚਦੇ ਸਨ, ਪਰ ਇਨ੍ਹਾਂ ਦੇ ਮਨ ਨੂੰ ਸੁੱਖੀ ਜਾਣ ਕੇ ਸਰੀਰ ਦੇ ਤੁੱਛ ਦੁੱਖ ਦੀ ਪਰਵਾਹ ਵੀ ਤਿਆਗੀ ਬੈਠੇ ਸਨ। ਇੰਨੇ ਨੂੰ ਇਕ ਸਿਖ ਆਇਆ ਕਿ ਸਤਿਗੁਰੂ ਦਿੱਲੀ ਜਾ ਰਹੇ ਹਨ, ਅੱਜ ਗੋਇੰਦਵਾਲ ਡੇਰਾ ਕਰਨਗੇ ਤੇ ਆਗਿਆ ਹੋਈ ਕਿ ਸਾਈਂ ਦਾਸ ਜੀ, ਜੋ ਦਰਸ਼ਨ ਦੀ ਅਤਿ ਤਾਂਘ ਕਰ ਰਹੇ ਹਨ, ਗੋਇੰਦਵਾਲ ਆ ਜਾਣ ਯਾ ਸੁਲਤਾਨ ਪੁਰੇ ਆ ਮਿਲਣ, ਗੁਰੂ ਜੀ ਤ੍ਰੈ ਚਾਰ ਦਿਨ ਗੋਇੰਦਵਾਲ ਰਹਿਣਗੇ।

ਇਹ ਸੁਖ ਸੁਨੇਹਾ ਸੁਣਕੇ ਕੌਣ ਉਨ੍ਹਾਂ ਨੂੰ ਜੁੜਿਆ ਰਹਿਣ ਦੇਵੇ? ਝੱਟ ਚਰਨ ਦਬਾ ਕੇ ਜਗਾਇਆ ਤੇ ਸਤਿਗੁਰਾਂ ਦਾ ਸੁਨੇਹਾ ਸੁਣਾਇਆ। ਸੁਨੇਹਾ ਸੁਣਦਿਆਂ ਨੈਣੀ ਨੀਰ ਭਰ ਆਇਆ,

ਲੂੰ ਖੜੇ ਹੋ ਗਏ ਅਰ ਦੰਪਤੀ ਦੇ ਸਰੀਰ ਵਿਚੋਂ ਸ਼ੁਕਰ ਸ਼ੁਕਰ ਦੀ ਧੁਨਿ ਨਿਕਲੀ, ਗਲ ਪੱਲਾ ਪਾ ਲਿਆ ਅਰ ਕਈ ਵਾਰ ਧਰਤੀ ਪਰ ਮਸਤਕ ਰੱਖ ਕੇ ਕਿਹਾ: 'ਸਾਡੇ ਵਰਗੇ ਨੀਵਿਆਂ ਤੇ ਇਟ ਕ੍ਰਿਪਾਲਤਾ! ਕਰਮ ਹੀਣਾਂ, ਤਪ ਹੀਣਾਂ ਉਤੇ ਇਹ ਕ੍ਰਿਪਾਲਤਾ! ਧੰਨ ਗੁਰੂ ਹੈ, ਧੰਨ ਵਾਹਿਗੁਰੂ ਹੈ, ਧੰਨ ਬਖਸ਼ਿਸ਼ ਹੈ। ਫੇਰ ਇਹ ਸ਼ਬਦ ਸਭ ਨੇ ਮਿਲਕੇ ਗਾਂਵਿਆ:-

**"ਸਗਲ ਇਛਾ ਜਪਿ ਪੁੰਨੀਆ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ॥੧॥**
**ਤੁਮ ਰਵਹੁ ਗੋਬਿੰਦੈ ਰਵਣ ਜੋਗੁ॥ ਜਿਤੁ ਰਵਿਐ ਸੁਖ ਸਹਜ ਭੋਗੁ॥੧॥ਰਹਾਉ॥**
**ਕਰਿ ਕਿਰਪਾ ਨਦਰਿ ਨਿਹਾਲਿਆ॥ ਅਪਣਾ ਦਾਸੁ ਆਪਿ ਸਮ੍ਾਲਿਆ॥੨॥**
**ਸੇਜ ਸੁਹਾਵੀ ਰਸਿ ਬਨੀ॥ ਆਇ ਮਿਲੇ ਪ੍ਰਭ ਸੁਖ ਧਨੀ॥੩॥**
**ਮੇਰਾ ਗੁਣੁ ਅਵਗਣੁ ਨ ਬੀਚਾਰਿਆ॥ ਪ੍ਰਭ ਨਾਨਕ ਚਰਣ ਪੂਜਾਰਿਆ॥੪॥੧॥੧੪॥"**

{ਬਸੰਤੁ ਮਹਲਾ ੫ ਘਰੁ ੧, ਸਫਾ ੧੧੮੪}

ਸਤਿਗੁਰੂ ਜੀ ਦੇ ਲੰਘਣ ਦੀ ਸੋਇ ਸਾਰੇ ਪਿੰਡ ਵਿਚ ਪਸਰ ਗਈ। ਗੁਰੂ ਜੀ ਦੇ ਚਰਨਾਂ ਕਮਲਾਂ ਦੇ ਪ੍ਰੇਮੀ ਸੁਣਦੇ ਸਾਰ ਭਾਈ ਜੀ ਦੇ ਘਰ ਆਉਂਦੇ ਤੇ ਬੜੇ ਪਿਆਰ ਨਾਲ ਪੁੱਛਦੇ ਹਨ, 'ਦੀਨ ਦਿਆਲ ਜੀ! ਸਾਨੂੰ ਆਗਜਾ ਹੈ ਜੋ ਆਪ ਦੀ ਸ਼ਰਣ ਚੱਲਕੇ ਸਤਿਗੁਰਾਂ ਦੇ ਦਰਸ਼ਨ ਪਾ ਆਵੀਏ?'

ਜਿਉਂ ਜਿਉਂ ਇਸ ਤਰ੍ਹਾਂ ਪਿਆਰੇ ਦੇ ਪਿਆਰੇ ਆਉਂਦੇ ਹਨ, ਸਾਈਂ ਦਾਸ ਦਾ ਹਰਖ ਉਛਾਲੇ ਖਾਂਦਾ ਹੈ ਤੇ ਹੱਥ ਬੰਨ੍ਹਕੇ ਆਖਦੇ ਹਨ-'ਪਿਆਰਿਓ! ਮੇਰੇ ਸਿਰ ਤੇ ਮੇਰੀਆਂ ਅੱਖਾਂ ਤੇ ਕਦਮ ਧਰਕੇ ਚੱਲੋ, ਤੁਹਾਡੇ ਪ੍ਰੇਮ ਦੇ ਆਸਰੇ ਦਾਸ ਨੂੰ ਬੀ ਗੁਰ-ਦਰਸ਼ਨ ਪ੍ਰਾਪਤ ਹੋ ਜਾਣਗੇ।'

ਇਸ ਤਰ੍ਹਾਂ ਲੋਕਾਂ ਦੀ ਤਿਆਰੀ ਤੇ ਬਿਨੈ: 'ਜ਼ਰਾ ਠਹਿਰਨਾ, ਮੈਂ ਬੀ ਆਯਾ ਜੇ', ਨੇ ਕਿੰਨਾ ਚਿਰ ਲੰਘਾ ਦਿੱਤਾ, ਪਰ ਛੇਕੜ ਤੁਰੇ ਅਰ ਗੋਇੰਦਵਾਲ ਪਹੁੰਚੇ। ਦੀਵਾਨ ਸਜ ਰਿਹਾ ਸੀ, ਸਾਰੀ ਸੰਗਤ ਹਾਜ਼ਰ ਹੋਈ। ਸਾਈਂ ਦਾਸ ਜੀ ਨੂੰ ਸੰਗਤ ਮੋਹਰੇ ਲਾ ਰਹੀ ਸੀ, ਪਰ ਅੰਦਰ ਵੜਨ ਵੇਲੇ ਦੰਪਤੀ ਪਿੱਛੇ ਹੋ ਗਏ। ਡੱਲੇ ਦੀ ਸੰਗਤ ਨੂੰ ਗੁਰੂ ਜੀ ਬੜੇ ਆਦਰ ਨਾਲ ਮਿਲੇ। ਜਦ ਸਭਨਾਂ ਦੇ ਪ੍ਰਸ਼ਾਦਿ ਤੇ ਭੇਟਾ ਲੈ ਚੁਕੇ ਤਦ ਵਿਚ ਸਾਈਂ ਦਾਸ ਨਾ ਦਿੱਸਿਆ। ਸਾਈਂ ਦਾਸ ਤਾਂ ਜੋੜਿਆਂ ਵਿਚ ਖੜਾ ਸੀ। ਉਸਦੇ ਜੀ ਵਿਚ ਸ਼ੁਕਰ ਤੇ ਸ਼ੁਕਰ ਦੇ ਨਾਲ ਨਿਰਮਲ ਭੌ ਭਰ ਰਿਹਾ ਹੈ। 'ਸ਼ੁਕਰ ਹੈ ਮੇਰੀ ਸਿੱਕ ਪੂਰੀ ਹੋਈ, ਪਰ ਹਾਇ! ਮੈਂ ਇਸ ਜੋਗ ਹਾਂ ਕਿ ਐਸੀ ਪਵਿਤ੍ਰ ਜੋਤ ਦੇ ਨੇੜੇ ਜਾਵਾਂ?... ਮੇਰੇ ਧੰਨ ਭਾਗ, ਮੇਰੇ ਵਾਹ ਨਸੀਬ, ਜੋ ਇਕ ਮਾਨ ਵਾਲੀ ਥਾਂ ਤੇ ਖੜੋਣਾ ਮਿਲਿਆ।...-ਮੈਂ ਤਾਂ ਕੇਵਲ ਯਾਦ ਨੂੰ ਤਰਸਦਾ ਸਾਂ, ਆਹ ਤਾਂ ਚਰਨਾਂ ਵਿਚ ਹਾਜ਼ਰੀ ਤੇ ਦਰਸ਼ਨ ਨਸੀਬ ਹੋ ਗਏ! ਧੰਨ ਗੁਰੂ ਕ੍ਰਿਪਾਲ ਜੋ ਮੰਗੋ ਉਸ ਤੋਂ ਵੱਧ ਖਖਸ਼ਦਾ ਹੈ।' ਇਸ ਪ੍ਰਕਾਰ ਦੇ ਭਾਵਾਂ ਵਿਚ ਭਰੇ ਇਸਤ੍ਰੀ ਭਰਤਾ ਖੜੇ ਸਨ। ਗੁਰੂ ਜੀ ਦੀ ਨਜ਼ਰ ਬੀ ਤੱਕ ਰਹੀ ਸੀ ਜੋ ਪਿਆਰਾ ਸਿਖ ਕਿੱਥੇ ਹੈ। ਪ੍ਰੇਮੀਆਂ ਦੀ ਪ੍ਰੇਮ ਅਵਸਥਾ ਦੇ ਜਾਣੂ ਜੀ ਨੇ ਤਾੜ ਲਿਆ। ਚਿਹਰੇ ਦਾ ਰੰਗ ਇਸ ਕਹਿਰ ਦੇ ਵੈਰਾਗ ਵਿਚ ਦੇਖਕੇ ਗੁਰੂ ਜੀ ਤ੍ਰਬ੍ਰਕ ਕੇ ਉਠੇ ਅਰ ਜਿਕੂੰ ਗਾਂ ਧਾਕੇ ਵੱਛੇ ਨੂੰ ਮਿਲਦੀ ਹੈ ਸਾਈਂ ਦਾਸ ਵਲ ਨੂੰ

ਹੋਏ। ਸਾਈਂ ਦਾਸ ਨੇ ਜਾਂ ਗੁਰੂ ਜੀ ਉਠਦੇ ਵੇਖੇ ਤਦ ਤੜਫਿਆ ਕਿ ਹਾਇ! ਅਦਬ ਕਰਦਿਆਂ ਹੋਰ ਬੇਅਦਬੀ ਹੋ ਗਈ। ਭੱਜਕੇ ਚਰਨਾਂ ਤੇ ਢੈ ਪਿਆ, ਨਾਲ ਹੀ ਰਾਮੋ ਬੀ ਢੈ ਪਈ। ਗੁਰੂ ਜੀ ਨੇ ਸੀਸ ਫੜਕੇ ਚੁੱਕਿਆ, ਬੜੇ ਪਿਆਰ ਨਾਲ ਕਿਹਾ, 'ਤੁਸੀਂ ਵੱਡੇ ਥਾਂ ਹੋ, ਸਾਡੇ ਅਦਬ ਦੀ ਜਗ੍ਹਾ ਹੋ, ਐਦਾਂ ਨਾ ਕਰਿਆ ਕਰੋ'। ਪਰ ਅਗੋਂ ਪ੍ਰੇਮ ਤੇ ਅਦਬ-ਭਰੇ ਏਹ ਵਾਕ ਨਿਕਲੇ 'ਹੇ ਤਾਰਨਹਾਰ ਜੀ! ਸਾਕਾਦਾਰੀ ਦੇ ਮਾਨ ਤੋਂ ਮੁਕਤ ਕਰਕੇ ਸਿੱਖੀ ਦੀ ਚਰਨ ਧੂੜ ਵਿਚ ਸਮਾ ਲਓ'।

ਇਹ ਸਮਾਂ ਕੁਝ ਅਕਹਿ ਜਿਹਾ ਹੈ, ਪ੍ਰੇਮੀਆਂ ਦੇ ਦਿਲ ਆਪ ਹੀ ਸਮਝਦੇ ਹਨ ਕਿ ਕਿਕੂੰ ਦੇ ਹੁੰਦੇ ਹਨ। ਦਾਨੇ ਤੇ ਪ੍ਰੇਮ ਰਸਭਿੰਨੇ ਸਤਿਗੁਰ ਨੇ ਦੰਪਤੀ ਤੇ ਅਤਿ ਮਿਹਰਾਂ ਕੀਤੀਆਂ। ਦੋ ਦਿਨ ਗੁਰੂ ਜੀ ਇਨ੍ਹਾਂ ਦੇ ਪ੍ਰੇਮ ਦੇ ਕਾਰਨ ਹੋਰ ਗੋਇੰਦਵਾਲ ਠਹਿਰ ਗਏ। ਅੰਤ ਤੁਰਨ ਦਾ ਸਮਾਂ ਆਇਆ। ਹੋਰ ਸੰਗਤਾਂ ਏਥੋਂ ਵਿਦਾ ਕੀਤੀਆਂ, ਡੱਲੇ ਦੀ ਸੰਗਤ ਨੂੰ ਸੁਲਤਾਨ ਪੁਰ ਤੱਕ ਚੱਲਣ ਦੀ ਆਗਜਾ ਮਿਲੀ।

ਹੁਣ ਵਿਛੁੜਨ ਦਾ ਵੇਲਾ ਆ ਗਿਆ। ਸਾਰੀ ਸੰਗਤ ਅਤਿ ਬਹਿਬਲ ਸੀ, ਪਰ ਇਸ ਦੰਪਤੀ ਦੀ ਦਸ਼ਾ ਬਹੁਤ ਕੋਮਲ ਭਾਵਾਂ ਵਿਚ ਸੀ। ਤੁਰਨ ਲਗਿਆਂ ਸ੍ਰੀ ਗੁਰੂ ਜੀ ਨੇ ਕਿਹਾ "ਭਾਈ ਸਾਈਂ ਦਾਸ ਜੀ! ਅਸੀਂ ਰਾਜ਼ੀ ਖੁਸ਼ੀ ਜ਼ਰਾ ਚਿਰਾਕੇ ਮੁੜਾਂਗੇ, ਤੁਸੀਂ ਕੋਈ ਐਸੀ ਵੈਸੀ ਸੋਇ ਸੁਣਕੇ ਡੋਲਣਾ ਨਹੀਂ, ਗੁਰੂ ਨਾਨਕ ਦੇਵ ਜੀ ਦੀ ਆਗਜਾ ਵਿਚ ਸਭ ਸੁੱਖ ਹਨ।"


www.sikhbookclub.com

# ੧੮. ਦਿੱਲੀ—ਮਜਨੂੰ ਦਾ ਟਿੱਲਾ

**ਦਿੱਲੀ** ਦੇ ਉਪਰਲੇ ਪਾਸੇ, ਕਸ਼ਮੀਰੀ ਦਰਵਾਜ਼ੇ ਵਲੋਂ ਜਿਧਰੋਂ ਜਮਨਾ ਆਉਂਦੀ ਹੈ, ਜਮਨਾ ਦੇ ਕਿਨਾਰੇ ਇਕ ਟਿਕਾਣਾ ਹੈ, ਜਿਸਨੂੰ ਮਜਨੂੰ ਦਾ ਟਿੱਲਾ ਆਖਦੇ ਹਨ। ਇਸ ਇਲਾਕੇ ਦਾ ਨਾਉਂ ਤੀਮਾਰਪੁਰ ਹੈ, ਜੋ ਤੈਮੂਰ ਹਮਲਾਅਵਰ ਦੇ ਏਥੇ ਡੇਰੇ ਲਾਉਣ ਤੋਂ ਪਿਆ ਸਹੀ ਹੁੰਦਾ ਹੈ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਬੀ ਟਿਕੇ ਸਨ ਜਦੋਂ ਆਪ ਪਹਿਲੀ ਉਦਾਸੀ ਕਰਕੇ ਜਗਤ ਜਲੰਦੇ ਦੀ ਰਖਜਾ ਲਈ ਟੁਰ ਪਏ ਸਨ।

ਏਥੇ ਕੁ ਵਾਰ ਹੀ ਪਠਾਣ ਪਾਤਸ਼ਾਹਾਂ ਦਾ ਹਾਥੀਖਾਨਾ ਸੀ। ਜਿੱਥੇ ਕਿ ਇਕ ਹਾਥੀ ਮਰ ਗਏ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਵਾਯਾ ਅਤੇ ਇਬਰਾਹੀਮ ਲੋਦੀ ਪਠਾਣ ਪਾਤਸ਼ਾਹ ਨਾਲ ਵੀਚਾਰ ਹੋਈ ਜੋ ਪੁਰਾਤਨ ਜਨਮ ਸਾਖੀ ਵਿਚ ਲਿਖੀ ਹੈ।

ਏਥੇ ਹੀ ਜਾ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਡੇਰਾ ਲਾਯਾ[੧] ਲਿਖਜਾ ਹੈ ਕਿ ਰੁੰਚਹ ਬੇਗ ਨੇ ਏਥੇ ਪਾਤਸ਼ਾਹੀ ਹੁਕਮ ਲੈ ਕੇ ਤੰਬੂ ਡੇਰੇ ਲਵਾ ਦਿਤੇ ਸਨ ਅਤੇ ਏਥੇ ਹੀ ਪੀਰ ਸਿਕੰਦਰ ਸ਼ਾਹ ਅਤੇ ਹੋਰ ਫਕੀਰ ਪਾਤਸ਼ਾਹ ਦੇ ਘਲੇ ਆਪ ਦੀ ਅਜ਼ਮਾਯਸ਼ ਵਾਸਤੇ ਆਏ ਅਤੇ ਤਸਲੀ ਪਾ ਕੇ ਗਏ। ਇਨ੍ਹਾਂ ਨੇ ਪਾਤਸ਼ਾਹ ਪਾਸ ਉਪਮਾ ਕੀਤੀ।

ਪਾਤਸ਼ਾਹ ਦੀ ਇੱਛਾ ਅਨੁਸਾਰ ਵਜ਼ੀਰ ਖਾਂ ਅਤੇ ਰੰਚਹ ਬੇਗ ਗੁਰੂ ਸਾਹਿਬ ਨੂੰ ਕਿਲ੍ਹੇ ਵਿਚ ਪਾਤਸ਼ਾਹੀ ਮੁਲਾਕਾਤ ਵਾਸਤੇ ਲੈ ਆਏ[੨]।

ਮੁਲਾਕਾਤ ਸੋਹਣੀ ਤਰ੍ਹਾਂ ਹੋ ਗਈ। ਕਈ ਪ੍ਰਸ਼ਨ ਹੋਏ ਤੇ ਗੁਰੂ ਜੀ ਨੇ ਉਤਰ ਦਿਤੇ। ਛੋਟੀ ਉਮਰ ਅਤੇ ਦੀਨ ਦੁਨੀ ਦੀ ਪਰਮ ਉੱਚੀ ਲਿਆਕਤ ਵੇਖ ਕੇ ਪਾਤਸ਼ਾਹ ਹਰਜਾਨ ਬੀ ਹੋਇਆ ਲਿਖਜਾ ਹੈ, ਪਰ ਹਰਜਾਨੀ ਦਾ ਫ਼ਲ ਖੁਸ਼ੀ ਦੇ ਨਾਲ ਅੰਦਰੋਂ ਅੰਦਰ ਫ਼ਿਕਰ ਬੀ ਹੋਇਆ ਕਿ ਜੇ ਇਹ ਦਿਲੋਂ ਮੁਖਾਲਫ ਹੋਵੇ ਤਾਂ ਮਾਮੂਲੀ ਗਲ ਨਹੀਂ।

ਜਿਨਾਂ ਚਿਰ ਗੁਰੂ ਜੀ ਦਿੱਲੀ ਰਹੇ ਰੋਜ਼ ਦੀਵਾਨ ਸਜਦੇ ਰਹੇ। ਸੰਗਤਾਂ ਆਉਂਦੀਆਂ ਅਤੇ ਕ੍ਰਿਤਾਰਥ ਹੁੰਦੀਆਂ ਰਹੀਆਂ। ਦਿੱਲੀ ਮਜਨੂੰ ਦੇ ਟਿੱਲੇ ਜੋ ਦੀਵਾਨ ਸਜਦੇ ਰਹੇ ਉਨ੍ਹਾਂ ਦਾ ਇਕ ਨਮੂਨਾ ਕਵੀ ਜੀ ਨੇ ਇਉਂ ਦਰਸਾਇਆ ਹੈ:-

ਚੌਪਈ॥ ਆਸਾ ਵਾਰ ਰਬਾਬੀ ਗਾਵੈਂ। ਰਾਗ ਰਾਗਨੀ ਰੁਚਿਰ ਬਨਾਵੈਂ।
ਕੇਤਿਕ ਸਿੱਖ ਸੁਨਿਹਂ ਤਹਿਂ ਆਇ। ਕਿਤਿਕ ਕੰਠ ਤੇ ਪਾਠ ਅਲਾਇ॥੨॥

---

੧. ਜਿੱਥੇ ਸਤਿਗੁਰੂ ਜੀ ਦਾ ਤੰਬੂ ਲਗਾ ਸੀ, ਉਥੇ ਯਾਦਗਾਰ ਵਾਸਤੇ ਸਿਖਾਂ ਨੇ ਸੰਗਮਰਮਰ ਦੀਆਂ ਚਰਨ ਪਾਦਕਾਂ ਲਾਈਆਂ ਸਨ ਜੋ ਹੁਣ, ਇਸ ਡਰ ਮਾਰੇ ਕਿ ਬੁਤ ਪ੍ਰਸਤੀ ਨ ਬਣ ਜਾਏ, ਉਡਾ ਦਿਤੀਆਂ ਗਈਆਂ ਹਨ, ਜਿਸ ਨਾਲ ਇਤਿਹਾਸਕ ਨਿਸ਼ਾਨ ਗੁੰਮ ਹੋ ਗਿਆ ਹੈ। ਚਾਹੀਦਾ ਸੀ ਕਿ ਜੇ ਉਹ ਨਿਸ਼ਾਨ ਉਠਾਨਾ ਸੀ ਤਾਂ ਉਥੇ ਇਕ ਲੇਖ ਲਿਖ ਕੇ ਲਗਾ ਦੇਂਦੇ ਕਿ ਇਹ ਖਾਸ ਥਾਂ ਮਹਾਰਾਜ ਜੀ ਦੇ ਤੰਬੂ ਦਾ ਹੈ।

੨. ਤਵਾ: ਗੁ: ਖਾ. ਨੇ ਤਾਰੀਖ ਦਿਤੀ ਹੈ: ੨੨ ਹਾੜ, ੧੬੭੩ ਬਿ:।

ਸੱਤਿਨਾਮ ਸਿਮਰਤਿ ਸਭਿ ਡੇਰੇ। ਜਨ ਅੰਮ੍ਰਿਤ ਬਰਖੰਡਿ ਬਡੇਰੇ।
ਪ੍ਰਾਤ ਹੋਤਿ ਲੌ ਸਤਿਗੁਰੁ ਬਾਨੀ। ਪਠਤਿ ਸੁਨਤਿ ਕਰਿ ਪ੍ਰੀਤਿ ਮਹਾਨੀ॥੩॥
ਸੂਰੰ ਉਦੈ ਸਭਿ ਸੂਰ[1] ਸੁ ਆਏ। ਗੁਰੁ ਤੰਬੂ ਦਰ ਪਰ ਸਮੁਦਾਏ।
ਸ੍ਰੀ ਹਰਿ ਗੋਵਿੰਦ ਚੰਦ ਅਨਿੰਦੋ[2]। ਬਿਕਸੇ ਜੁਗ ਲੋਚਨ ਅਰਿਬੰਦੇ॥੪॥
ਸੂਖਮ ਬਸਤ੍ਰ ਮਹਿਦ ਅਭਿਰਾਮਾ। ਗਨ ਪਾਲਨਿ ਕੋ ਪਹਿਰਯੋ ਜਾਮਾ।
ਰੰਗਦਾਰ ਸੁੰਦਰ ਦਸਤਾਰ। ਸਿਰ ਪਰ ਸ਼ੋਭਤਿ ਦੁਤੀ ਉਦਾਰ॥੫॥
ਊਪਰ ਜਿਗਾ ਜਵਾਹਰ ਜਰੇ। ਕਲਗੀ ਮੁਕਤਾ ਕੇ ਗੁਛ ਧਰੇ।
ਨਵ ਰਤਨੇ ਅੰਗਦ[3] ਭੁਜ ਪਾਏ। ਜਬਰ ਜਵਾਹਰ ਗਏ ਸੁਹਾਏ॥੬॥
ਵਹਿਰ ਫ਼ਰਸ਼ ਕਰਿਵਾਇ ਬਿਸਾਲਾ। ਤੰਬੂ ਤੇ ਨਿਕਸੇ ਤਿਸ ਕਾਲਾ।
ਖਰੇ ਸਕਲ ਹੁਇ ਬੰਦਨ ਠਾਨੀ। ਦਰਸ਼ਨ ਕਰਤਿ ਗੁਰੂ ਗੁਨਖਾਨੀ॥੭॥
ਕੰਚਨ ਖਚਤਿ ਪ੍ਰਯੰਕ ਬਡੇਰਾ। ਆਸਤਰਨ ਤੇ[4] ਮ੍ਰਿਦੁਲ ਘਨੇਰਾ।
ਬੈਠੇ ਲਗਯੋ ਦਿਵਾਨ ਮਹਾਨਾ। ਜੋਧਾ ਥਿਰੇ ਸ਼ਸਤ੍ਰ ਧਰਿ ਨਾਨਾ॥੮॥
ਸਿਖ ਮਸੰਦ ਸੇਵਕ ਸਮੁਦਾਏ। ਖਰੋ ਮੇਵਰੋ ਅਰਜ਼ ਅਲਾਏ।
ਪੁਰਿ ਬਾਸੀ ਸਿਖ ਕਰੇ ਕਰਾਹ। ਆਵਨਿ ਲਾਗੇ ਗੁਰੁ ਕੇ ਪਾਹ॥੯॥
ਜਿਨਹੁ ਭਾਵਨੀ ਪੂਰਨ ਹੋਈ। ਅਰਪਨਿ ਲਗੇ ਆਨ ਕਰਿ ਸੋਈ।
ਪੁਰਿ ਤੇ ਗੁਰ ਲਗਿ ਲਾਰੇ[5] ਪਰਯੋ। ਦਰਸ਼ਨ ਕਰਨਿ ਪ੍ਰੇਮ ਉਰ ਭਰਯੋ॥੧੦॥
ਕੋਸ ਸੈਂਕਰੇ ਜਿਨ ਹਿਤ ਜਾਤੇ। ਆਏ ਘਰ ਮਹਿਂ ਸੋ ਸੁਖ ਦਾਤੇ।
ਕੋ ਅਸ ਮੰਦ ਭਾਗ ਹ੍ਵੈ ਭਾਰੇ। ਜਾਇ ਨਹੀਂ ਗੁਰ ਦਰਸ ਨਿਹਾਰੇ॥੧੧॥
ਇਮ ਆਪਸ ਮਹਿਂ ਕਹਿ ਕਹਿ ਚਾਲੇ। ਸ਼ੌਚ ਸਨਾਨਨਿ ਠਾਨਿ ਉਤਾਲੇ।
ਲੈ ਲੈ ਸੰਗ ਕਰਾਹ ਉਮਾਹੇ। ਚਲਿ ਆਵਤਿਸ੍ਰੀ ਸਤਿਗੁਰ ਪਾਹੇ॥੧੨॥
ਹੋਨ ਲਗੀ ਸਭਿ ਕੀ ਅਰਦਾਸ। ਬਰਤਹਿ ਪੰਚਾਂਮ੍ਰਿਤ ਗੁਰੁ ਪਾਸਿ।
ਬਹੁ ਉਤਸਵ ਕਰਿ ਕਰਿ ਨਰ ਨਾਰੀ। ਦਰਸਹਿ ਗੁਰੁ ਪਰ ਹ੍ਵੈ ਬਲਿਹਾਰੀ॥੧੩॥
ਗਨ ਸੰਗਤਿ ਕੋ ਮੇਲ ਸਕੇਲੇ। ਦਰਸਹਿ ਚਹੁੰਦਿਸਿ ਗੁਰੂ ਸੁਹੇਲੇ॥
{ਗੁ. ਪ੍ਰ. ਸੂ.। ਰਾ: ੪। ਅੰਸੂ ੫੪। ਪੰਨਾ ੨੪੫੨, ੨੪੫੩}

---

੧. ਸੂਰਜ ਚੜ੍ਹੇ ਸਾਰੇ ਸੂਰਮੇਂ।
੨. ਪਾਠੰਤਰ ਭੇਦ:-ਮਨਿੰਦੇ।
੩. ਬੁਹੱਟੇ।
੪. ਵਿਛਾਵਣ ਕਰਕੇ।
੫. ਵਿਛਾਵਣ ਕਰਕੇ।
੬. ਕਤਾਰ।


www.sikhbookclub.com

# ੧੯. ਦਿੱਲੀ ਤੋਂ ਗਵਾਲੀਅਰ

**ਇਹ** ਲਿਖੇ ਹੋਏ ਪ੍ਰਸੰਗ ਮਿਲਦੇ ਹਨ ਕਿ ਸ੍ਰੀ ਗੁਰੂ ਜੀ ਦਿੱਲੀ ਤੋਂ ਗਵਾਲੀਅਰ ਘਲੇ ਗਏ ਸਨ। ਕਿਸ ਪ੍ਰਕਾਰ ਘਲੇ ਗਏ ਸਨ, ਇਸ ਪਰ ਰਾਵਾਂ ਅੱਡ ਅੱਡ ਹਨ ਪਰ ਅਸਲ ਕਾਰਣ ਕੀਹ ਸੀ, ਇਸ ਨੂੰ ਲਗ ਪਗ ਸਾਰੇ ਏਹੀ ਮੰਨਦੇ ਹਨ, ਜੋ ਅੰਮ੍ਰਿਤਸਰੋਂ ਸਦਵਾ ਘਲਣ ਦਾ ਸੀ, ਅਰਥਾਤ ਇਹ ਕਿ ਪਾਤਸ਼ਾਹ ਪਾਸ ਇਹ ਸ਼ਿਕਾਇਤਾਂ ਅਤੇ ਚੁਗਲੀਆਂ ਪਹੁੰਚਦੀਆਂ ਰਹੀਆਂ ਸਨ ਕਿ ਗੁਰੂ ਜੀ ਸਿਪਾਹੀਆਂ ਵਾਲੀ ਰਵਸ਼ ਰਖਦੇ ਹਨ, ਫੌਜ ਭਰਤੀ ਕਰ ਰਹੇ ਹਨ, ਲੋਕਾਂ ਦੇ ਨਿਆਇ ਨਿਬੇੜਦੇ ਹਨ, ਇਨ੍ਹਾਂ ਤੋਂ ਪਾਤਸ਼ਾਹ ਦੀ ਪਾਤਸ਼ਾਹੀ ਨੂੰ ਬਹੁਤ ਖਤਰਾ ਹੈ। ਇਨ੍ਹਾਂ ਸ਼ਿਕਾਇਤਾਂ ਦੇ ਘੜਨ ਵਾਲੇ ਤੇ ਮੁਖਾਲਫ਼ਗੇ ਕਰਨ ਵਾਲੇ ਅਤੇ ਪਾਤਸ਼ਾਹ ਤਕ ਪਹੁੰਚਾਣ ਵਾਲੇ ਅਪਨੇ ਘਰ ਦੇ ਵੈਰੀ ਦਿਵਾਨ ਚੰਦੂ ਵਰਗੇ ਦ੍ਰੋਹੀ ਅਤੇ ਤਅੱਸਬੀ ਕਾਜ਼ੀ ਆਦਿ ਸਨ। ਉਸ ਸਮੇਂ ਦਾ ਲੇਖਕ "ਦਬਿਸਤਾਨ ਮਜ਼ਾਹਿਬ" ਵਾਲਾ ਇਸ ਪ੍ਰਕਾਰ ਲਿਖਦਾ ਹੈ:-

" اورا دشواری ها پیش آمد - یکے ازاں ایست کہ وضع سپاہیاں پیش گرفت وخلاف پدر
شمشیر بست و نوکراں نگاہ داشت و شکار کردن گرفت -
حضرت جنت مکانی بنا بر طلب باقیات مطالبہ کہ بر آئین جریمہ بر ارجن مل مقرر فرمودہ
بودند - ہرگوبند را بگوالیار فرستاد "

"ਊ ਰਾ ਦੁਸ਼ਵਾਰੀ ਹਾ ਪੇਸ਼ ਆਮਦ, ਯਕੇ ਅਜ਼ਾਂ ਈਸਤ ਕਿ ਵਜ਼ਹ ਸਿਪਾਹੀਆਂ ਪੇਸ਼ ਗ੍ਰਿਫ਼ਤ ਵ ਬਰਖਿਲਾਫ਼ ਪਿਦਰ ਸ਼ਮਸ਼ੀਰ ਬਸਤ ਵ ਨੌਕਰਾਂ ਨਿਗਾਹ ਦਾਸ਼ਤ ਵ ਸ਼ਿਕਾਰ ਕਰਦਨ ਗ੍ਰਿਫ਼ਤ। ਹਜ਼ਰਤ ਜਨਤ ਮਕਾਨੀ ਬਿਨਾ ਬਰ ਤਲਬ ਬਾਕੀਆਤ ਮੁਤਾਲਬਾ ਕਿ ਬਰ ਆਈਨ ਜਰੀਮਾ ਬਰ ਅਰਜਨ ਮਲ ਮੁਕਰਰ ਫਰਮੂਦਹ ਬੂਦੰਦ, ਹਰਿਗੋਬਿੰਦ ਰਾ ਬਗਵਾਲੀਆਰ ਫ੍ਰਿਸਤਾਦ।"

ਉਸ (ਸ੍ਰੀ ਗੁਰੂ ਹਰਿਗੋਬਿੰਦ) ਬਾਬਤ ਕੁਝ ਕਠਨਾਈਆਂ ਸਨ, ਪਹਿਲੀ ਇਹ ਕਿ (ਗੁਰੂ ਸਾਹਿਬ ਨੇ) ਸਿਪਾਹੀਆਂ ਵਾਲੀ ਰਵਸ਼ ਅਖਤਯਾਰ ਕਰ ਲਈ ਸੀ ਅਤੇ ਆਪਣੇ ਪਿਤਾ ਜੀ ਤੋਂ ਉਲਟ ਸ਼ਮਸ਼ੇਰ ਧਾਰਨ ਕਰ ਲਈ ਸੀ, ਫੇਰ (ਸਿਪਾਹੀ), ਨੌਕਰ ਰਖ ਲਏ ਸਨ ਅਤੇ ਸ਼ਿਕਾਰ ਕਰਨ ਜਾਂਦੇ ਸਨ। ਹਜ਼ਰਤ, ਜਿਨ੍ਹਾਂ ਦਾ ਵਾਸਾ ਜੰਨਤ ਵਿਚ ਹੋਵੇ, (ਭਾਵ ਜਹਾਂਗੀਰ) ਨੇ (ਆਪ ਦੇ ਪਿਤਾ ਸ੍ਰੀ ਗੁਰੂ) ਅਰਜਨ ਮਲ ਉੱਪਰ ਲਾਏ ਜੁਰਮਾਨੇ ਦੀ ਵਸੂਲੀ ਲਈ (ਸ੍ਰੀ ਗੁਰੂ) ਹਰਿਗੋਬਿੰਦ ਜੀ ਨੂੰ ਗਵਾਲੀਅਰ ਭੇਜ ਦਿਤਾ।

ਸੋ ਇਹ ਗਲ ਤਾਂ ਕਿਸੇ ਨ ਕਿਸੇ ਸੂਰਤ ਵਿਚ ਕਾਰਣ ਬਣੀ ਪਰ ਕਿਸ ਵਿਉਂਤ ਨਾਲ ਗਵਾਲੀਅਰ ਘਲੇ ਗਏ, ਇਸ ਪਰ ਲੇਖਕਾਂ ਨੇ ਕੁਛ ਇਸ ਪ੍ਰਕਾਰ ਦਸਿਆ ਹੈ ਕਿ ਮਜਨੂੰ ਦੇ ਟਿੱਲੇ

ਆਪ ਨੂੰ ਇਸ ਤਰ੍ਹਾਂ ਦਾ ਉਤਾਰਾ ਦਿਤਾ ਗਿਆ, ਕਿ ਜਿਸ ਤਰ੍ਹਾਂ ਕਿਸੇ ਹਿੰਦੂ ਰਜਵਾੜੇ ਨੂੰ ਸਰਕਾਰੀ ਪ੍ਰਬੰਧ ਹੇਠ ਦਿਤਾ ਜਾਇਆ ਕਰਦਾ ਸੀ। ਨਾਲ ਗਏ ਸਿਪਾਹੀਆਂ ਅਤੇ ਘੋੜਿਆਂ ਲਈ ਜਮਨਾ ਤੋਂ ਪਾਰ, ਉਤਾਰੇ ਦਾ ਸਾਮਾਨ ਸੀ। ਦਿੱਲੀ ਦੀਆਂ ਸੰਗਤਾਂ ਆਪ ਦੇ ਦਰਸ਼ਨਾਂ ਨੂੰ ਖੁਲ੍ਹੀਆਂ ਆਉਂਦੀਆਂ ਸਨ। ਸ੍ਰੀ ਗੁਰੂ ਨਾਨਕ ਦੇਵ ਜ਼ੀ ਦੀ ਗੱਦੀ ਦਾ ਜਾਨਸ਼ੀਨ ਆਇਆ ਸੁਣ ਕੇ ਹਿੰਦੂ, ਮੁਸਲਮਾਨ, ਸਾਧੂ, ਸੰਤ, ਫਕੀਰ ਦਰਸ਼ਨ ਕਰਨ ਆਉਂਦੇ ਅਤੇ ਤਸੱਲੀ ਪਾ ਕੇ ਜਾਂਦੇ ਕਿ ਗੁਰੂ ਨਾਨਕ ਦੀ ਗੱਦੀ ਉਤੇ ਗੁਰੂ ਨਾਨਕ ਵਰਗਾ ਹੀ ਪੂਰਨ ਪੁਰਖ ਹੈ। ਇਨ੍ਹਾਂ ਵਿਚੋਂ ਦੋ ਇਕ ਫਕੀਰਾਂ ਦੇ ਨਾਮ ਵੀ ਤਵਾਰੀਖ ਗੁਰੂ ਖਾਲਸਾ ਨੇ ਦਿਤੇ ਹਨ। ਇਨ੍ਹਾਂ ਫਕੀਰਾਂ ਤੋਂ ਪਾਤਸ਼ਾਹ ਦੇ ਕੰਨੀ ਜੋ ਸੋ ਪਹੁੰਚੀ ਸੋ ਗੁਰੂ ਸਾਹਿਬ ਦੇ ਹਕ ਦੀ ਕਿ ਓਹ ਪੂਰੇ ਦਰਵੇਸ਼ ਹਨ, ਚਾਹੋ ਠਾਠ ਸਿਪਾਹੀਆਨਾ ਹੈ। ਵਜ਼ੀਰ ਖਾਂ ਤੇ ਗੁੰਚਹ ਬੇਗ ਵੀ ਪਾਤਸ਼ਾਹ ਨੇ ਮੁਲਾਕਾਤ ਲਈ ਸਦਵਾ ਘਲੇ ਅਤੇ ਉਨ੍ਹਾਂ ਦੇ ਗੁਣਾਂ ਨੂੰ ਆਪ ਬੀ ਪਰਖਿਆ ਪਰ ਜੋ ਖਤਰੇ ਖ਼ਦਸ਼ੇ ਵਿਦ੍ਰੋਹੀਆਂ ਬਿਠਾਇ ਸਨ ਅਤੇ ਹੁਣ ਬੀ ਦਾਅ ਲਗੇ ਕੰਨ ਭਰਦੇ ਸਨ, ਇਨ੍ਹਾਂ ਦੇ ਅਸਰਾਂ ਹੇਠੋਂ ਬੀ ਪਾਤਸ਼ਾਹ ਨਾਂਹ ਨਿਕਲਿਆ। ਪਰ ਉਨ੍ਹਾਂ ਦੇ ਪੱਖ ਦੀਆਂ ਗੱਲਾਂ ਅਤੇ ਅੱਖੀਂ ਡਿਠੀਆਂ ਗਲਾਂ ਦੇ ਕਾਰਨ ਇਹ ਬੀ ਅਗਲਬ ਨਹੀਂ ਭਾਸਦਾ ਕਿ ਕੋਈ ਸਖਤੀ ਨਾਲ ਹੁਕਮ ਜਾਰੀ ਕਰ ਦਿਤਾ ਹੋਵੇ ਕਿ ਪਕੜ ਕੇ ਲੈ ਜਾਵੋ, ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਓ। ਕਿਉਂਕਿ ਐਸਾ ਕੋਈ ਬਹਾਨਾ ਪਾਤਸ਼ਾਹ ਨੂੰ ਨਹੀਂ ਦਿਸਦਾ ਸੀ, ਜਿਸ ਨੂੰ ਜੁਰਮ ਕਹਿ ਕੇ ਕੈਦ ਦੀ ਸਜ਼ਾ ਦੇਵੇ ਪਰ ਇਹ ਚਹੁੰਦਾ ਸੀ ਕਿ ਉਨ੍ਹਾਂ ਨੂੰ ਕੁਛ ਅਰਸਾ ਪੰਜਾਬ ਤੋਂ ਦੂਰ ਰਖੇ।

ਸੋ ਗਵਾਲੀਅਰ ਭੇਜਣ ਦਾ ਤਰੀਕਾ ਜੋ ਉਸ ਨੇ ਅਖਤਿਆਰ ਕੀਤਾ ਓਹ, ਪਾਤਸ਼ਾਹ ਆਗਰੇ ਵਲ ਦੌਰੇ ਚੜ੍ਹਿਆ ਅਤੇ ਆਗਰੇ ਦੇ ਇਰਦ ਗਿਰਦ ਸੈਰ ਸ਼ਿਕਾਰ ਦੀ ਸੂਰਤ ਅਖਤਿਆਰ ਕੀਤੀ ਅਤੇ ਗੁਰੂ ਜੀ ਨੂੰ ਨਾਲ ਚਲਣ ਲਈ ਨਿਉਤ ਲਿਆ।

ਇਸ ਸ਼ਿਕਾਰ ਵਿਚ ਇਕ ਥਾਂ ਅਚਾਨਕ ਇਕ ਸ਼ੇਰ ਬੀ ਆਨ ਨਿਕਲਿਆ ਜਿਸਨੂੰ ਗੁਰੂ ਸਾਹਿਬ ਨੇ ਅਗੇ ਵਧ ਕੇ ਪਾਤਸ਼ਾਹ ਦੇ ਦੇਖਦਿਆਂ, ਉਸ ਦਾ ਵਾਰ ਢਾਲ ਉਤੇ ਲੈ ਕੇ, ਪਛਾੜ ਦਿਤਾ। ਇਥੋਂ ਜਾਪਦਾ ਹੈ ਕਿ ਕਿਸੇ ਹੋਰ ਵਿਉਂਤ ਨਾਲ ਗਵਾਲੀਅਰ ਘਲ ਦਿਤਾ।

ਕਈ ਲੇਖਕ ਲਿਖਦੇ ਹਨ ਕਿ ਗੁਰੂ ਦ੍ਰੋਹੀਆਂ ਨੇ ਪਾਤਸ਼ਾਹ ਨੂੰ ਉਸਦੇ ਇਤਬਾਰੀ ਨਜੂਮੀ ਮਾਰਫਤ ਇਹ ਖਤਰਾ ਪੈਦਾ ਕਰ ਦਿਤਾ ਕਿ ਤੁਹਾਡੇ ਉਤੇ ਕੋਈ ਮੁਸੀਬਤ ਆਣੇ ਵਾਲੀ ਹੈ, ਕੋਈ ਮਨਹੂਸ ਸਿਤਾਰਿਆਂ ਦਾ ਯੋਗ ਹੋ ਰਿਹਾ ਹੈ ਅਤੇ ਓਹ ਮੁਸੀਬਤ ਟਲ ਸਕਦੀ ਹੈ ਜੇ ਕੋਈ ਖੁਦਾ-ਰਸੀਦਾ ਆਦਮੀ ਚਾਲੀ ਦਿਨ ਇਕਾਂਤ ਬੈਠ ਕੇ ਕੋਈ ਰੂਹਾਨੀ ਰਿਆਜ਼ਤ ਅਤੇ ਦੁਆ ਕਰੇ ਤਾਂ ਓਹ ਟਲ ਸਕਦੀ ਹੈ। ਇਸ ਪ੍ਰਕਾਰ ਦੀ ਕੋਈ ਗਲ ਪਾਤਸ਼ਾਹ ਤੋਂ ਅਖਵਾ ਕੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਭਿਜਵਾ ਦਿਤਾ ਅਗੋਂ ਗੁਰੂ ਦ੍ਰੋਹੀਆਂ ਦੀ ਤਰਕੀਬ ਇਹ ਸੀ ਕਿ ਜਾਂ ਤਾਂ ਕਿਲ੍ਹੇ ਵਿਚ ਹੀ ਗੁਰੂ ਸਾਹਿਬ ਦੀ ਜ਼ਿੰਦਗੀ ਮੁਕਾ ਦੇਵਾਂਗੇ ਨਹੀਂ ਤਾਂ ਕਿਲ੍ਹੇ ਵਿਚ ਹੀ ਬੰਦ ਪਿਆ ਰਹਿਣ ਦਿਆਂਗੇ। ਅਵਲ ਤਾਂ ਪਾਤਸ਼ਾਹ ਫੇਰ ਸਦਣਾ ਭੁਲ ਜਾਏਗਾ ਅਤੇ ਜੇ ਕਦੀ ਯਾਦ ਆਇਆ ਤਾਂ ਹੋਰ ਤਰਕੀਬਾਂ ਕਰ ਲਵਾਂਗੇ। ਹਰ ਹਾਲ ਇਹ ਗਲ ਕਿ ਕਿੰਞ ਭੇਜੇ ਗਏ? ਹੋਰ ਖੋਜ ਮੰਗਦੀ ਹੈ।


www.sikhbookclub.com

ਇਕ ਸੁਆਦਲੀ ਵਾਰਤਾ ਇਸ ਸ਼ੇਰ-ਸ਼ਿਕਾਰ ਦੇ ਦਿਨਾਂ ਦੀ ਇਸ ਪ੍ਰਕਾਰ ਦੀ ਲਿਖੀ ਮਿਲਦੀ ਹੈ:-ਜਦੋਂ ਆਗਰੇ ਡੇਰੇ ਲਗ ਰਹੇ ਸਨ, ਇਕ ਦਿਨ ਪਾਤਸ਼ਾਹ ਅਤੇ ਗੁਰੂ ਸਾਹਿਬ ਇਕੱਠੇ ਸ਼ਿਕਾਰ ਚੜੇ। ਸ਼ਿਕਾਰ ਕਰਦਿਆਂ ਦੂਰ ਨਿਕਲ ਗਏ। ਲਗ ਪਗ ਦੁਪਹਿਰ ਹੋ ਗਈ ਅਤੇ ਗਰਮੀ ਬਹੁਤ ਹੋ ਗਈ। ਪਿਛੇ ਮੁੜ ਪਏ ਅਤੇ ਇਕ ਥਾਂ ਸੰਘਣੀ ਛਾਂ ਦੇਖ ਕੇ ਪਾਤਸ਼ਾਹ ਘੋੜੇ ਤੋਂ ਉਤਰ ਖਲੋਤਾ। ਇਸ ਤੋਂ ਥੋੜੀ ਦੂਰ ਕੁਝ ਹੋਰ ਸੰਘਣੀ ਛਾਂ ਸੀ, ਉਸ ਉਤੇ ਗੁਰੂ ਸਾਹਿਬ ਉਤਰ ਪਏ। ਪਾਤਸ਼ਾਹ ਉਸ ਛਾਂ ਹੇਠ ਬੈਠ ਗਿਆ ਕਿ ਉਥੇ ਇਕ ਪਿੰਡ ਦਾ ਵਾਸੀ ਸਿਧਾ ਸਾਦਾ ਆਦਮੀ ਆ ਨਿਕਲਿਆ, ਉਸਨੇ ਸੁਣਿਆ ਸੀ ਕਿ ਗੁਰੂ ਸਾਹਿਬ ਏਥੇ ਆਏ ਹੋਇ ਹਨ ਅਤੇ ਅਜ ਸ਼ਿਕਾਰ ਕਰਨ ਏਥੋਂ ਅਗੇ ਲੰਘ ਗਏ ਹਨ। ਦੂਰੋਂ ਪਾਤਸ਼ਾਹ ਨੂੰ ਦੇਖ ਕੇ ਉਸ ਜਾਤਾ ਇਹ ਗੁਰੂ ਜੀ ਹਨ ਅਤੇ ਇਸ ਵੇਲੇ ਦੋ ਤਿੰਨ ਆਦਮੀ ਹੀ ਕੋਲ ਹਨ ਇਸ ਵੇਲੇ ਚਲ ਦਰਸ਼ਨ ਕਰ ਲਵਾਂ। ਛੇਤੀ ਨਾਲ ਆ ਕੇ ਉਨ੍ਹਾਂ ਆਦਮੀਆਂ ਤੋਂ ਪੁਛਣ ਲਗਾ: ਸੱਚੇ ਪਾਤਸ਼ਾਹ ਜੀ ਕਿੱਥੇ ਹਨ? ਮੈਂ ਕੁਛ ਨਜ਼ਰ ਭੇਟ ਕਰਨੀ ਹੈ, ਪਾਤਸ਼ਾਹ ਨੇ ਕੁਛ ਗਲ ਸੁਣ ਲਈ ਸੀ, ਨੌਕਰਾਂ ਨੂੰ ਇਸ਼ਾਰਾ ਕੀਤਾ ਜੋ ਇਸ ਨੂੰ ਮੇਰੇ ਕੋਲ ਆਣ ਦੇਹੁ। ਇਸ ਗਰੀਬ ਨੇ ਪਾਤਸ਼ਾਹ ਕੋਲ ਪਹੁੰਚ ਕੇ ਟੱਕਾ ਅਗੇ ਰੱਖਜਾ ਅਤੇ ਮੱਥਾ ਟੇਕਿਆ, ਅਰਜ਼ ਕੀਤੀ-

ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ। 'ਸਾਚੇ ਪਾਤਿਸ਼ਾਹ, ਗੁਰ ਭਾਰੀ।੧੦॥
ਦਰਸ਼ਨ ਕੀ ਅਭਿਲਾਖ ਘਨੇਰੀ। ਸੁਨਹੁ ਸ੍ਰੌਨ ਦੇ ਬਿਨਤੀ ਮੇਰੀ।
ਦੀਨ ਦੁਨੀ ਕੋ ਮਾਲਿਕ ਅਹੈਂ। ਸਾਚੋ ਪਾਤਿਸ਼ਾਹੁ-ਇਮ ਕਹੈਂ॥੧੧॥
ਦਾਸ ਗਰੀਬ ਜਾਨਿ ਕਰਿ ਮੋਹੀ। ਬਨਹੁ ਸਹਾਇ ਮ੍ਰਿਤੁ ਹਬਿ ਹੋਹੀ।
ਅਪਰ ਕਾਮਨਾ ਕੋਇ ਨ ਨਾਥ। ਜਮ ਤੇ ਰਾਖਹੁ ਦੇ ਕਰਿ ਹਾਥ'॥੧੨॥

{ਗੁ. ਪ੍ਰ. ਸੂ. ੫, ਰਾ: ੪ ਅੰਕ: ੫੭ -- ਪੰਨਾ ੨੪੬੫, ੨੪੬੬}

ਪਾਤਸ਼ਾਹ ਖੇਲ ਤਮਾਸ਼ੇ ਦੇ ਰੰਗ ਵਿਚ ਫਿਰਦਾ ਛਾਵੇਂ ਬੈਠਾ ਸੀ। ਸੁਣ ਕੇ ਮੁਸਕ੍ਰਾਇਆ ਅਤੇ ਸਮਝ ਗਿਆ ਕਿ ਗੁਰੂ ਸਾਹਿਬ ਦਾ ਸਿਖ ਹੈ। "ਸਚਾ ਪਾਤਸ਼ਾਹ" ਉਨ੍ਹਾਂ ਨੂੰ ਕਹਿ ਰਿਹਾ ਹੈ ਅਤੇ ਜਦ ਮੈਂ ਪੁਛਿਆ ਸੀ ਤੁਸੀਂ ਕਿਉਂ ਸਚਾ ਪਾਤਸ਼ਾਹ ਅਖਵਾਂਦੇ ਹੋ ਤਾਂ ਉਨ੍ਹਾਂ ਕਿਹਾ ਸੀ ਅਸੀਂ ਕਿਸੇ ਨੂੰ ਨਹੀਂ ਆਖਦੇ ਸਾਨੂੰ ਸੱਚਾ ਪਾਤਸ਼ਾਹ ਕਹੋ। ਲੋਕੀ ਆਪਣੇ ਆਪ ਰੂਹਾਨੀ ਪ੍ਰੇਮ ਵਿਚ ਇਹੋ ਜਿਹੇ ਲਫ਼ਜ਼ ਬੋਲ ਲੈਂਦੇ ਹਨ। ਇਹ ਗਲ ਠੀਕ ਹੀ ਹੋਈ ਕਿ ਪੰਜਾਬ ਤੋਂ ਐਨੀ ਦੂਰ, ਫੇਰ ਆਗਰੇ ਤੋਂ ਬਾਹਰ ਬਨ ਗਿਰਾਂ ਦੇ ਆਦਮੀ, ਇਹ ਲਫ਼ਜ਼ ਵਰਤਦੇ ਆਉਂਦੇ ਹਨ, ਫੇਰ ਕੁਛ ਸੋਚ ਵਿਚ ਪੈ ਗਿਆ ਅਤੇ ਗਰੀਬ ਨੂੰ ਉਂਗਲ ਦਾ ਇਸ਼ਾਰਾ ਕਰਕੇ ਕਹਿਣ ਲਗਾ: ਗੁਰੂ ਉਸ ਤਰਫ਼ ਹੈ। ਇਹ ਸੁਣ ਕੇ ਗਰੀਬ ਨੇ ਆਪਣਾ ਟੱਕਾ ਚੁਕ ਲਿਆ ਅਤੇ ਉਸ ਪਾਸੇ ਟੁਰ ਪਿਆ। ਜਾਂਦਿਆਂ ਮਿਲੇ ਗੁਰੂ ਜੀ ਦੇ ਸਾਥੀਆਂ ਤੋਂ ਪੁਛ ਕੇ ਉਸ ਬ੍ਰਿਛਾਂ ਦੀ ਝੰਗੀ ਹੇਠ ਜਾ ਪਹੁੰਚਾ, ਜਿੱਥੇ ਗੁਰੂ ਸਾਹਿਬ ਬੈਠੇ ਸਨ, ਦਰਸ਼ਨ ਕੀਤਾ,

 www.sikhbookclub.com

ਮਨ ਵਿਚ ਬਲਿਹਾਰ ਹੋਇਆ, ਟੱਕਾ ਅਗੇ ਧਰਿਆ ਅਤੇ ਬੇਨਤੀ ਕੀਤੀ, "ਹੇ ਗੁਰੂ: ਮੈਂ ਤੁਹਾਡੀ ਸ਼ਰਨ ਆਇਆ ਹਾਂ, ਅੰਤਕਾਲ ਮੇਰੀ ਸਹਾਇਤਾ ਕਰਨੀ, ਤੁਹਾਡਾ ਬਿਰਦ ਗਰੀਬ ਨਿਵਾਜ਼ ਹੈ, ਮੈਂ ਗਰੀਬ ਦੀ ਰਖਜਾ ਕਰੋ।

ਸੁਨਿ ਸਤਿਗੁਰੁ ਕ੍ਰਿਪਾਲ ਬਖਾਨਾ। ਬਿਮਰਹੁ ਸਤਿਨਾਮੁ ਕਲਜਾਨਾ॥੨੪॥
ਧਰਮ ਕਿਰਤ ਕਰਿ ਖਾਹੁ ਅਹਾਰਾ। ਇਨ ਦੋਇਨ ਤੇ ਸਦਾ ਸੁਖਾਰਾ।
ਨਹਿ ਜਮਦੂਤ ਦੇਖਿਬੇ ਪਾਵਿਹਂ। ਕਰ ਦੇ ਕਰਿ ਸਤਿਗੁਰੂ ਬਚਾਵਹਿ॥੨੫॥

{ਗੁ. ਪ੍ਰ. ਸੂ.। ਰਾ: ੪ ਅੰਸੂ ੫੭। ਪੰਨਾ ੨੪੬੭}

ਆਗਰੇ ਵਿਚ ਵਰਤੀ ਇਕ ਵਾਰਤਾ ਇਸ ਪ੍ਰਕਾਰ ਹੋਰ ਹੈ। ਆਗਰੇ ਸ਼ਹਿਰ ਵਿਚ ਇਕ ਸਿਖ ਦੀ ਪੁਤ੍ਰੀ ਅਸਿਖ ਦੇ ਵਿਆਹੀ ਹੋਈ ਸੀ। ਇਹ ਗੁਰੂ ਦੇ ਦਰਸ਼ਨਾਂ ਨੂੰ ਲੋਚਦੀ ਸੀ ਪਰ ਪਤੀ ਅਤੇ ਸੌਹਰਾ ਆਗਜਾ ਨਹੀਂ ਮਨ ਦੇਂਦੇ। ਘਰ ਵਿਚ ਹਰ ਤਰ੍ਹਾਂ ਰੋਕ ਦੇਖ ਕੇ ਇਹ ਬੀਬੀ ਆਪਣੇ ਇਸ਼ਨਾਨ ਵੇਲੇ ਉਸ ਇਕਾਂਤ ਵਿਚ ਇਹ ਅਰਦਾਸ ਕਰਦੀ ਸੀ।

ਸ੍ਰੀ ਗੁਰ ਸਾਚੇ ਜੇ ਕਰਿ ਅਹੈਂ। ਸਭਿ ਘਟ ਘਟ ਕੀ ਸੁਧਿ ਕੋ ਲਹੈਂ॥੩੧॥
ਤੌ ਮਮ ਆਸਾ ਪੂਰਨ ਕਰੀਅਹਿ। ਅਪਨੋ ਦਰਸ਼ਨ ਇਹਾਂ ਦਿਖਰੀਅਹਿ।

{ਗੁ. ਪ੍ਰ. ਸੂ। ਰਾ: ੪ ਅੰਕ ੫੭। ਪੰਨਾ ੨੪੬੭}

ਇਕ ਦਿਨ ਸਤਿਗੁਰੂ ਜੀ ਨੇ ਅਪਨਾ ਬਿਰਦ ਸੰਭਾਲਿਆ ਅਤੇ ਇਸ ਬੀਬੀ ਦੇ ਘਰ ਦੀ ਗਲੀ ਵਲ ਘੋੜਾ ਭਜਾਂਦੇ ਚਲੇ ਗਏ। ਬੀਬੀ ਉਸੇ ਵੇਲੇ ਪਾਣੀ ਲੈ ਕੇ ਧੁਰ ਛੱਤ ਉਪਰ ਨਹਾਉਣ ਗਈ ਸੀ ਅਤੇ ਇਸ਼ਨਾਨ ਕਰਦਿਆਂ ਉਸੇ ਤਰ੍ਹਾਂ ਪੁਕਾਰੀ:-

ਜੇ ਸਾਚੋ ਗੁਰ ਅੰਤਰਜਾਮੀ। ਪੂਰਹਿੰ ਕਾਮਨਾ ਮਮ ਜਗ ਸ੍ਵਾਮੀ।
ਇਹਾਂ ਆਇ ਦਰਸ਼ਨ ਦਿਖਰਾਵਹਿੰ। ਮੁਖ ਮੰਡਲ ਦੁਤਿ ਸਦਨ ਸੁਹਾਵਹਿੰ॥੩੬॥

{ਗੁ. ਪ੍ਰ. ਸੂ.। ਰਾ: ੪ ਅੰਸੂ ੫੭। ਪੰਨਾ ੨੪੬੭}

ਸਤਿਗੁਰੂ ਨੇ ਉਥੇ ਘੋੜਾ ਥੰਮ ਲਿਆ ਅਤੇ ਆਵਾਜ਼ ਦਿਤੀ, 'ਜਿਸਨੂੰ ਤੂੰ ਪਰਖਣਾ ਚਾਹੁੰਦੀ ਸੈਂ, ਓਹ ਆਸਾ ਪੂਰਨ ਲਈ ਆ ਗਿਆ ਹੈ। ਬੀਬੀ ਨੇ ਸੁਣਦੇ ਸਾਰ ਕਪੜੇ ਪਹਿਨ ਲਏ ਅਤੇ ਉਠ ਕੇ ਦਰਸ਼ਨ ਕੀਤੇ। ਹੱਥ ਜੋੜੇ। ਮੱਥਾ ਟੇਕਿਆ। ਇਨੀ ਪਰਸੰਨ ਹੋਈ ਕਿ ਆਪਾ ਵਾਰਨੇ ਹੋ ਗਿਆ। ਬਾਰ ਬਾਰ ਬਨੇਰੇ ਤੋਂ ਬੰਦਨਾ ਕਰਦੀ, ਥੜਕਦੇ ਬੁਲਾਂ ਨਾਲ ਬੋਲੀ:-

'ਹੇ ਗੁਰੂ ਧੰਨ ਹੋ ਤੁਸੀਂ, ਪੂਰਨ ਅਵਤਾਰ ਹੋ, ਮੇਰੇ ਸਿਦਕ ਭਰੋਸੇ ਨੂੰ ਅਹਿੱਲ ਕਰ ਦਿਤਾ ਨੇ। ਮੇਰੇ ਮਨੋਰਥ ਪੂਰੇ ਕਰੋ। ਮੇਰਾ ਪਾਰ ਉਤਾਰਾ ਕਰਨਾ।' ਬੀਬੀ ਇਉਂ ਬੰਦਨਾ ਕਰਦੀ ਆਪੇ ਵਿਚ ਗੁੰਮ ਹੋ ਗਈ। ਸਤਿਗੁਰੂ ਨਾਮ ਦਾਨ, ਕਲਿਆਨ ਦਾਨ ਬਖਸ਼ਦੇ, ਘੋੜੇ ਨੂੰ ਛੇੜਦੇ ਅਗੇ ਨਿਕਲ ਗਏ।

ਜਿਵੇਂ ਦਿੱਲੀ ਤਿਵੇਂ ਆਗਰੇ, ਗੁਰੂ ਜੀ ਆਪਣੇ ਸਤਿਨਾਮੁ ਦੇ ਪ੍ਰਚਾਰ ਅਤੇ ਜਗਤ ਦੇ ਉਧਾਰ ਦੇ ਕੰਮ ਵਿਚ ਲਗੇ ਰਹੇ। ਜਾਣਦੇ ਸਨ ਜੋ ਕੁਝ ਵਰਤ ਰਿਹਾ ਹੈ ਅਤੇ ਜੋ ਕੁਛ ਵਰਤਣਾ ਹੈ। ਪਰ ਸਾਈਂ


www.sikhbookclub.com

ਰਜ਼ਾ ਵਿਚ ਰਾਜ਼ੀ, ਹਰਖ ਸ਼ੋਕ ਤੋਂ ਅਤੀਤ, ਸਦਾ ਆਤਮ ਰਸ ਵਿਚ, ਸਦਾ ਸੁੱਖੀ, ਆਪਣੇ ਅਰਸ਼ੀ ਬਾਬਲ ਦੀ ਸੇਵਾ ਦੇ ਕੰਮ ਨੂੰ ਲਗੇ ਰਹਿੰਦੇ ਅਤੇ ਜਗਤ ਨੂੰ ਤਾਰਦੇ ਰਹਿੰਦੇ। ਆਪ ਦੇ ਆਗਰੇ ਵਿਚ ਪ੍ਰਚਾਰ ਬਾਬਤ ਸ੍ਰੀ ਕਵੀ ਜੀ ਐਉਂ ਲਿਖਦੇ ਹਨ:

ਸੰਗਤਿ ਅਧਿਕ ਆਗਰੇ ਨਗਰ। ਹਿਤ ਗੁਰੁ ਦਰਸ਼ਨ ਆਏ ਸਗਰ॥੨੭॥
ਉੱਤਮ ਅਨਿਕ ਅਕੋਰਨਿ ਲਯਾਏ। ਪੰਚਾਂਮ੍ਰਿਤ ਕਰਿ ਕੈ ਸਮੁਦਾਏ।
ਮਨੋ ਕਾਮਨਾ ਜਿਮ ਕਰਿ ਆਵੈਂ। ਦਰਸ਼ਨ ਕਰੇ ਗੁਰੂ ਕੇ, ਪਾਵੈਂ॥੨੮॥
ਸੁੰਦਰ ਡੀਲ ਬਿਲੰਦ ਸੁਸ਼ੀਲਾ। ਮੁਖ ਮੰਡਲ ਜਨੁ ਚੰਦ ਛਬੀਲਾ।
ਭੁਜਾ ਪ੍ਰਲੰਬਤਿ ਆਯੁਤ[1] ਛਾਤੀ। ਦਿਪਤਿ ਦਸਨ ਜਨੁ ਹੀਰਨਿ ਪਾਂਤੀ[2]॥੨੯॥
ਕ੍ਰਿਪਾ ਭਰੇ ਅਰਬਿੰਦ ਬਿਲੋਚਨ। ਪਿਖਹਿਂ ਕਟਾਖਨਿ ਬੰਧਨਿ ਮੋਚਨ॥
ਇੱਤਯਾਦਿਕ ਸੁੰਦਰਤਾ ਸਾਰੀ। ਮਹਾਂਰਾਜ ਕੇ ਲੱਛਣ ਭਾਰੀ॥੩੦॥
ਕਰਿ ਦਰਸ਼ਨ ਸੰਗਤਿ ਹਰਖਾਵੈ। ਜੋਧਾ ਗੁਰੂ ਬਿਲੰਦ ਸੁਹਾਵੈਂ।......
ਕੁਸ਼ਲ ਪ੍ਰਸ਼ਨ ਗੁਰ ਸਭਿ ਸੋਂ ਕਰੈਂ। ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰਿ ਧਰੈਂ॥੩੨॥
ਨਿਕਟਿ ਨਿਕਟਿ ਕੇ ਪੁਰਿ ਅਰੁ ਗ੍ਰਾਮੂ। ਆਵੈਂ ਸੁਨਤਿ ਸੁਜਸੁ ਅਭਿਰਾਮੂ।
ਸਿੱਖਜ ਸੈਂਕਰੇ ਬਨਹਿਂ ਨਵੀਨ। ਲੋਕ ਪ੍ਰਲੋਕ ਸ਼੍ਰੇਯ ਕੋ ਚੀਨ॥੩੩॥
ਦਿਨ ਪ੍ਰਤਿ ਰਹਤਿ ਅਧਿਕ ਹੀ ਮੇਲੇ। ਦਰਸ਼ਨ ਕਰਿ ਕਰਿ ਹੋਇ ਸੁਹੇਲੇ।
ਮਨੋ ਕਾਮਨਾ ਗੁਰੁ ਤੇ ਪਾਵੈਂ। ਜਹਿ ਕਹਿ ਗਮਨਹਿਂ ਜਸ ਬਿਦਤਾਵੈਂ॥੩੪॥

{ਗੁ. ਪ੍ਰ. ਸੂ.। ਰਾ. ੪, ਅੰਸੂ ੫੬, ਪੰਨਾ ੨੪੬੪}

ਪੁਨਾ-

ਜਸੁ ਬਿਸਤ੍ਰਿਤਿ ਭਯੋ ਤਿਸ ਦੇਸ਼। ਦਿਨ ਪ੍ਰਤਿ ਸੰਗਤਿ ਆਇ ਵਿਸ਼ੇਸ਼।
ਦਾਸਨਿ ਕਰਹਿ ਕਾਮਨਾ ਪੂਰੀ। ਜਗ ਮਹਿਂ ਸੁਨਿ ਇਹ ਕੀਰਤਿ ਰੂਰੀ॥੪੫॥
ਸੇਵਕ ਨਏ ਅਨੇਕ ਸੁਜਾਨੇ। ਆਵਤਿ ਦਰਸ਼ਨ ਕੋ ਸੁਖ ਮਾਨੇ।
ਲੇਂ ਗੁਰੁ ਤੇ ਪਗ ਪਾਹਲ ਘਨੇ। ਉਪਦੇਸ਼ਹਿਂ ਦਾਸਨਿ ਹਿਤ ਸਨੇ॥੪੬॥

{ਗੁ. ਪ੍ਰ. ਸੂ.। ਰਾ. ੪, ਅੰਸੂ ੫੭, ਪੰਨਾ ੨੪੬੮}

੧. ਚੌੜੀ।

੨. ਪੰਕਤੀ।

# ੨੦. ਬੰਦੀ-ਛੋੜ ਬੰਦੀ ਵਿਚ

**ਕਿਲ੍ਹਾ** ਹੈ ਗਵਾਲੀਅਰ ਦਾ। ਧੁਰ ਛੱਤ ਉਤੇ ਇਕ ਚੁਬਾਰਾ ਹੈ ਚੰਗਾ ਵੱਡਾ। ਜਦ ਕਿਲ੍ਹੇ ਵਿਚ ਵੜੋ ਤਾਂ ਇਹ ਖੱਬੇ ਪਾਸੇ ਹੈ। ਇਹ ਪੱਬੀ ਦੇ ਪੂਰਬਲੇ ਪਾਸੇ ਹੈ, ਜਿਥੋਂ ਗਵਾਲੀਅਰ ਦਾ ਪੁਰਾਣਾ ਸ਼ਹਿਰ ਦੀਹਦਾ ਹੈ।

ਚੁਬਾਰੇ ਵਿਚ ਖੜ੍ਹੇ ਹਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਜੋ ਗੁਰੂ ਨਾਨਕ ਦੀ ਗਾਦੀ ਉਤੇ, ਦੁਨੀਆ ਦੇ ਜਨਮ ਮਰਨ ਦੇ ਬੰਧਨ ਕਟਣ ਲਈ ਬਿਰਾਜੇ ਹਨ! ਅਜ ਦੇਖੋ! ਆਪ ਇਸ ਕਿਲ੍ਹੇ ਵਿਚ ਨਜ਼ਰਬੰਦ ਹਨ। ਹਾਂ ਨਜ਼ਰਬੰਦ ਕੀਤੇ ਗਏ ਹਨ ਸਰੀਰ ਕਰਕੇ, ਮਨ ਸਦਾ ਸੁਤੰਤ੍ਰ, ਸਦਾ ਖੁਲ੍ਹਾਂ ਦੇ ਮਾਲਕ, ਸਾਹਮਣੇ ਖੁਲ੍ਹੇ ਦੇਸ਼ ਨੂੰ ਦੇਖ ਰਹੇ ਹਨ ਕਿ ਕਿਲ੍ਹੇ ਦਾ ਕਿਲ੍ਹੇਦਾਰ 'ਹਰਿ ਦਾਸ' ਆ ਗਿਆ, ਚਰਨਾਂ ਤੇ ਮੱਥਾ ਟੇਕਿਆ ਅਤੇ ਹੱਥ ਜੋੜ ਕੇ ਬੇਨਤੀ ਕਰਨ ਲਗਾ, 'ਹੇ ਪੂਰੇ ਤੇ ਸੂਰੇ ਗੁਰੂ! ਅਜ ਤੀਜਾ ਦਿਨ ਹੈ, ਆਪ ਨੇ ਮੂੰਹ ਨਹੀਂ ਖੋਲਿਆ, ਕੁਛ ਨਹੀਂ ਖਾਧਾ ਪੀਤਾ। ਮੈਂ ਆਪ ਦਾ ਦਾਸ ਹਾਂ, ਮੈਨੂੰ ਆਪਣਾ ਸਿਖ ਸਮਝੋ, ਕੁਛ ਰਸਨੀ ਲਾਓ। ਦਾਸ ਜਾਣ ਕੇ ਬਿਨੈ ਪਰਵਾਨ ਕਰੋ। ਦੂਸਰੇ ਮੈਂ ਕਿਲ੍ਹੇਦਾਰ ਹਾਂ, ਮੇਰਾ ਧਰਮ ਹੈ ਆਪ ਦੇ ਭੋਜਨ ਦਾ ਪ੍ਰਬੰਧ ਕਰਨਾ; ਆਪ ਨਾ ਖਾਓ, ਕੋਈ ਖੇਚਲ ਹੋ ਜਾਏ ਤਾਂ ਮੇਰੇ ਸਿਰ ਬੁਰਾ ਆਵੇਗਾ, ਦਾਸ ਜਾਣ ਕੇ ਮਿਹਰ ਕਰੋ ਤੇ ਬਚਾਓ। ਆਪ ਸਦਾ ਸੁਖੀ ਹੋ, ਪਰ ਦਾਸ ਭੁੱਖ ਵਿਚ ਸ੍ਰੀ ਜੀ ਨੂੰ ਨਹੀਂ ਦੇਖ ਸਕਦੇ।'

ਗੁਰੂ ਜੀ ਬੋਲੇ— ਹਰਿ ਦਾਸ! ਸੱਚ ਹੈ ਕਿ ਮਾਨੁਖ ਦੇਹ ਅੰਨਿ ਪਾਣੀ ਤੇ ਜੀਉਂਦੀ ਹੈ। ਪਰ ਕੋਈ ਹੋਰ ਆਸਰਾ ਬੀ— ਸਾਈਂ ਦਾ ਦਰ— ਹੈ, ਜੋ ਜੀਅ ਦਾ ਆਧਾਰ ਹੈ।

ਹਰਿ ਦਾਸ— ਇਹ ਪਹੁੰਚ ਆਪ ਦੀ ਹੈ, ਅਸੀਂ ਦਾਸ ਤਾਂ ਅੰਨ ਦੇ......

ਇਹ ਕਹਿ ਰਹੇ ਸਨ ਕਿ ਕਿਲ੍ਹੇ ਵਿਚ ਸ੍ਰੀ ਗੁਰੂ ਜੀ ਦੇ ਨਾਲ ਗਏ ਸਿਖ ਆ ਗਏ ਅਤੇ ਉਹਨਾਂ ਖੜ੍ਹੇ ਭਾਵ-ਭਰੇ ਨੈਣਾਂ ਵਿਚ ਬੇਨਤੀ ਕੀਤੀ:-

ਸੱਚੇ ਪਾਤਸ਼ਾਹ! ਕੁਛ ਛੱਕੋ।

ਇਹ ਕਾਰਨ ਭਾ ਕੌਨ ਗੁਸਾਈਂ? ਆਪ ਨਹੀ ਭੋਜਨ ਕੋ ਖਾਂਹੀ।
ਧ੍ਰਿਕ ਹਮਰੋ ਤੁਮਰੇ ਬਿਨ ਖਾਯੋ। ਬਰਤਜੋ ਦੇਖਤਿ ਲੇ ਮੁਖ ਪਾਯੋਂ॥੪੫॥

{ਗੁ: ਪ੍ਰ: ਸੂ:। ਰਾ: ੪। ਅੰਸੂ ੬੦, ਪੰਨਾ ੨੪੭੬}

ਇਹ ਸੁਣਕੇ ਆਪ ਜੀ ਪਹਿਲੇ ਹਰਿ ਦਖ਼ਾਸ ਵਲ ਤੱਕੇ, ਮੁਸਕ੍ਰਾਏ ਅਤੇ ਫੇਰ ਸਿੱਖਾਂ ਵਲ ਤਕ ਕੇ ਬੋਲੇ:-

'ਇਹ ਭੋਜਨ ਹਮ ਖਾਹਿਂ ਕਬੀ ਨ।
ਵਹਿਰ ਜਾਇ ਮਿਹਨਤ ਕਰਿ ਲਜਾਵਹੁ। ਰਸਦ ਖਰੀਦਹੁ ਬਿਪਨੀ* ਜਾਵਹੁ॥੪੬॥

---

* ਦੁਕਾਨ ਤੇ ਜਾ ਕੇ।

ਤਿਮ ਤੇ ਤਜਾਰ ਅਹਾਰ ਕਰੀਜਹਿ। ਹਿਤ ਭੋਜਨ ਕੇ ਸੋ ਹਮ ਦੀਜਹਿ॥
ਨਾਂਹਿ ਤ ਰਹਿ ਹੈਂ ਪੌਨ ਅਹਾਰੀ। ਜਬ ਲਗਿ ਬਾਸਹਿਂ ਦੁਰਗ ਮਝਾਰੀ'॥੪੭॥

{ਗੁ. ਪ੍ਰ. ਸੂ.। ਰਾਸ੪, ਅੰਸੂ ੫੬, ਪੰਨਾ ੨੪੭੬}

ਹਰਿ ਦਾਸ:-'ਪਾਤਸ਼ਾਹਾਂ ਦੇ ਸ਼ਾਹ ਜੀ! ਦਾਸ ਹਰ ਤਰ੍ਹਾਂ ਹਾਜ਼ਰ ਹੈ, ਮੈਂ ਆਪ ਦੇ ਦਰਸ਼ਨ ਕਰ ਨਿਹਾਲ ਹੋਇਆ ਹਾਂ। ਸਿਖੀ ਮੇਰੇ ਅੰਦਰ ਪ੍ਰਵੇਸ਼ ਕਰ ਗਈ ਹੈ। ਆਪ ਗੁਰੂ ਹੋ। ਆਪ ਇਤਨੀ ਤਤਿੱਖਜਾ ਝੱਲੋ, ਮੈਂ ਦੇਖ ਨਹੀਂ ਸਕਦਾ। ਆਪ ਦਾ ਭੁੱਖੇ ਰਹਿਣਾ-ਇਹ ਮੈਨੂੰ ਵਡਾ ਸੱਲ ਹੈ, ਕਿੰਵੇਂ ਕੁਛ ਰਸਨੀ ਲਾਓ। ਆਪ ਦੀ ਆਗਿਆ ਪਾਲਨ ਆਪ ਦੇ ਸੇਵਕ ਜਾ ਮਜੂਰੀ ਕਰਨ, ਮੇਰੇ ਧਿਕ ਹੈ, ਪਰ ਆਪ ਕਿਵੇਂ ਖਾਓ, ਇਹ ਮੇਰੀ ਅਤਿ ਦੀ ਪਿਆਰ ਭਰੀ ਸਿਕ ਹੈ, ਆਪ ਦੇ ਏਹ ਨਿਜ ਸੇਵਕ ਜਾਣ ਆਉਣ, ਇਨ੍ਹਾਂ ਉਤੇ ਕੋਈ ਪਾਬੰਦੀ ਨਹੀਂ ਹੋਵੇਗੀ।' ਸਿੱਖਾਂ ਵਲ ਤਕਕੇ:-

'ਹੇ ਧੁਰੋਂ ਨਾਲ ਆਏ ਵੀਰੋ, ਹੇ ਕਰਮਾਂ ਵਾਲਿਓ! ਤੁਸੀਂ ਛੇਤੀ ਉਪ੍ਰਾਲਾ ਕਰੋ, ਅਪਨੇ ਸਤਿਗੁਰ ਦੀ ਆਗਜਾ ਪਾਲੋ.. ਕਿਵੇਂ ਕੁਛ ਰਬ ਵਾਸਤੇ ਲਿਆਓ ਅਤੇ ਖੁਲਾਓ। ਮੇਰੇ ਆਤਮਾ ਨੂੰ ਠੰਡ ਪਵੇ।'

ਗੁਰੂ ਜੀ ਵਲ ਤਕ ਕੇ ਅਤੇ ਹੱਥ ਜੋੜ ਕੇ:-

'ਪਾਤਸ਼ਾਹ! ਮੇਰੇ ਲਈ ਸ਼ਰਮ ਹੈ, ਮੈਂ ਹੁਣ ਸਿਖ ਜੁ ਹੋਇਆ ਕਿ ਆਪ ਲਈ ਏਥੇ ਸਭ ਕੁਛ ਹੁੰਦਿਆਂ ਆਪ ਦੇ ਲਈ ਦੋ ਰੋਟੀਆਂ ਇਹ ਆਪ ਦੇ ਤਾਰੇ ਮਜੂਰੀ ਕਰ ਕੇ ਲਿਆਉਣ ਪਰ ਕਿਵੇਂ ਕੁਛ ਅਚੋ[1] ਮੇਰੀ ਇਹ ਤੜਫਨੀ ਹੈ।' ਇਹ ਕਹਿ ਕੇ ਪੈਰਾਂ ਉਪਰ ਢਹਿ ਪਿਆ ਅਤੇ ਸਤਿਗੁਰੂ ਨੇ ਸਿਰ ਚਾ ਕੇ ਪਿਆਰ ਕੀਤਾ ਤੇ ਆਖਿਆ:-'ਨਿਹਾਲ! ਸਿਖਾ, ਤੇਰਾ ਪਿਆਰ ਦਰ ਪਰਵਾਨ।'

ਸਿਖਾਂ ਨੂੰ ਆਗਿਆ ਮਿਲ ਗਈ! ਸੁਣ ਕੇ ਚਾਉ ਚੜ੍ਹ ਗਿਆ। ਝਟਪਟ ਕਿਲ੍ਹੇ ਤੋਂ ਬਾਹਰ ਸ਼ਹਿਰ ਨੂੰ ਚਲੇ ਗਏ ਅਤੇ ਜਾ ਮਜੂਰੀ ਕੀਤੀ, ਇਕ ਤ੍ਰਾਮੇ ਦੇ ਕਸੇਰੇ ਪਾਸ ਭਾਂਡੇ ਘੜਨ ਦੀ। ਕਸੇਰੇ ਨੇ ਉਨ੍ਹਾਂ ਦੀ ਘਾਲ ਤੇ ਪ੍ਰਸੰਨ ਹੋ ਕੇ ਰਜਤਪਣ[2] ਦਿਤਾ।

ਹੋਇ ਪ੍ਰਸੰਨ ਰਜਤਪਣ ਦੀਨਿ। ਦੋਨਹੁਂ ਰਸਦ ਖਰੀਦਨਿ ਕੀਨਿ॥੫੨॥
ਚੂਨ ਸੁ ਚਾਵਰ ਸੂਖਮ ਲੀਨੇ। ਘ੍ਰਿਤ ਮਿਸ਼ਟਾਨ ਲਿਯੇ ਸ਼ੁਭ ਚੀਨੇ।
ਪਯ[3] ਖਰੀਦ ਗੁਰ ਕੇ ਢਿਗ ਲਜਾਏ। ਪਾਕ ਸਿੱਧ[4] ਸਭਿ ਕੀਨਿ ਬਨਾਏ॥੫੩॥
ਸਭੀ ਤਜਾਰ ਕਰਿ ਥਾਰ ਪਰੋਸਾ। ਸਤਿਗੁਰ ਕੋ ਅਚਾਇ ਕਹਿ ਪੋਸਾ[5]।
ਸਭਿਹਿਨਿ ਪਾਇ ਅਨੰਦ ਵਿਸ਼ੇਸੂ। ਕਰਤਿ ਭਏ ਤਿਮ ਕਾਰ ਹਮੇਸ਼ੂ॥੫੪॥

{ਗੁ: ਪ੍ਰ: ਸੂ:। ਰਾ: ੪। ਅੰਸੂ ੬੦— ਪੰਨਾ ੨੪੭੭}

੧. ਛਕੋ। ੨. ਰੁਪਯਾ। ੩. ਦੁੱਧ।
੪. ਰਸੋਈ ਤਿਆਰ। ੫. ਤ੍ਰਿਪਤ ਕੀਤਾ।


www.sikhbookclub.com

ਸ੍ਰੀ ਸੁਹਣੇ ਸਤਿਗੁਰੂ ਨੇ ਹੁਣ ਕਿਲ੍ਹੇ ਵਿਚ ਆਸਾ ਦੀ ਵਾਰ ਲਗਾਣ ਦਾ ਪ੍ਰਬੰਧ ਕੀਤਾ। ਪੰਜ ਸਿਖ ਆਪ ਜੀ ਦੇ ਨਾਲ ਸਨ ਜੋ ਕਿਲ੍ਹੇ ਵਿਚ ਨਾਲ ਰਹਿਣ ਲਈ ਆਏ ਸੇ:-

ਜੇਠਾ, ਪੈੜਾ, ਬਿਧੀ ਚੰਦ ਪਿਰਾਣਾ ਅਤੇ ਰਾਜੂ। ਏਹਨਾਂ ਸਿਖਾਂ ਨੂੰ ਨਾਲ ਰਹਿਣੇ ਦੀ ਖੁਲ੍ਹ ਸੀ।

ਸੋ ਅੰਮ੍ਰਿਤ ਵੇਲੇ ਆਸਾ ਦੀ ਵਾਰ ਲਾਉਂਦੇ। ਸ੍ਰੀ ਸਤਿਗੁਰੂ ਜੀ ਬੈਠ ਕੇ ਸੁਣਦੇ। ਹਰਿ ਦਾਸ ਬੀ ਹਾਜ਼ਰ ਹੁੰਦਾ। ਇਹ ਕਿਲ੍ਹੇਦਾਰ ਆਗਰੇ ਦਾ ਰਹਿਣੇ ਵਾਲਾ ਗੁਰੂ ਨਾਨਕ ਦੇਵ ਜੀ ਦਾ ਜਸ ਸੁਣਦਾ, ਨੀਮ ਸਿਖ ਤਾਂ ਪਹਿਲੇ ਹੀ ਸੀ, ਹੁਣ ਗੁਰੂ ਕੇ ਦਰਸ਼ਨ ਕਰਕੇ ਪੂਰਾ ਤੇ ਪੱਕਾ ਸਿਖ ਬਣ ਗਿਆ। ਦੀਵਾਨ ਵਿਚ ਇਸ ਦਾ ਆਉਣਾ ਜਾਣਾ ਦੇਖ ਕੇ ਅਤੇ ਦਿਲ ਖਿਚ ਲੈਣ ਵਾਲੀਆਂ ਧੁਨਾਂ ਸੁਣ ਕੇ ਬਾਕੀ ਦੇ ਨਜ਼ਰਬੰਦ ਰਾਜੇ ਅਤੇ ਵੱਡੇ ਖਾਨਦਾਨੀ ਲੋਕ ਜੋ ਉਸੇ ਕਿਲ੍ਹੇ ਵਿਚ ਨਜ਼ਰਬੰਦ ਸਨ, ਦੀਵਾਨ ਵਿਚ ਆਉਣ ਲਗ ਪਏ। ਹਰਿ ਦਾਸ ਨੇ ਉਨ੍ਹਾਂ ਦੇ ਆਉਣ ਦੀ ਕੋਈ ਰੋਕ ਨ ਕੀਤੀ। ਸੋ ਕਿਲ੍ਹੇ ਵਿਚ ਭਰਕੇ ਦੀਵਾਨ ਸਜਣ ਲਗ ਪਿਆ:-

**"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥੨॥"**

{ਆਸਾ ਮਹਲਾ ੪— ਛੰਤ, ਸਫਾ ੪੫੦}

ਜੋ ਰਸਦ ਅਤੇ ਮਾਯਾ ਸਤਿਗੁਰਾਂ ਵਾਸਤੇ ਮੁਕਰਰ ਹੋਈ ਸੀ ਯਾ ਹੋਰ ਖਰਚਾਂ ਵਾਸਤੇ ਸੀ, ਉਸ ਵਿਚੋਂ ਕੜਾਹ ਪ੍ਰਸ਼ਾਦ ਦੀ ਦੇਗ ਤਯਾਰ ਹੁੰਦੀ ਅਤੇ ਸਾਰਿਆਂ ਵਿਚ ਖੁਲ੍ਹੀ ਵਰਤਦੀ*। ਬਾਕੀ ਰਕਮ ਜੋ ਬਚੇ ਸੋ ਗੁਰੂ ਜੀ ਨੇ ਅੰਗੀਕਾਰ ਨਾ ਕੀਤੀ। ਹਰਿ ਦਾਸ ਨੂੰ ਆਖਿਆ ਕਿ ਇਹ ਬਾਕੀ ਨਜ਼ਰਬੰਦਾਂ ਦੀ ਅਸਾਯਸ਼ (ਅਰਾਮ ਵਧਾਉਣ) ਉਤੇ ਖਰਚ ਕਰੇ। ਇਹ ਪਾਤਸ਼ਾਹੀ ਜਬਰਾਂ ਦੇ ਬੱਧੇ ਹੋਏ ਲੋਕ ਕੁਛ ਵਧੇਰੇ ਸੁਖੀ ਹੋਣ। ਹਰਿ ਦਾਸ ਨੇ ਐਸਾ ਹੀ ਕੀਤਾ ਅਤੇ ਕਿਲ੍ਹੇ ਦੇ ਵਾਸੀ ਵਧੇਰੇ ਸੁੱਖੀ ਹੋ ਗਏ।

ਇਕ ਦਿਨ ਹਰਿ ਦਾਸ ਗੁਰੂ ਜੀ ਪਾਸ ਆਇਆ। ਉਸਨੇ ਇਕ ਚਿੱਠੀ ਗੁਰੂ ਜੀ ਅਗੇ ਰਖੀ ਜੋ ਉਸਨੂੰ ਚੰਦੂ ਵਲੋਂ ਦਿੱਲੀ ਤੋਂ ਆਈ ਸੀ। ਇਸ ਵਿਚ ਲਿਖਿਆ ਸੀ ਕਿ ਤੂੰ ਸਰਕਾਰੀ ਮੁਲਾਜ਼ਿਮ ਹੈਂ, ਤੈਨੂੰ ਬੀ ਕੋਈ ਲੋੜ ਪੈ ਜਾ ਸਕਦੀ ਹੈ, ਉਸ ਵੇਲੇ ਮੈਂ ਤੇਰੇ ਕੰਮ ਆਵਾਂਗਾ ਮੈਂ ਤੈਨੂੰ ਅਗੇ ਲਿਖ ਚੁਕਾ ਹਾਂ ਕਿ ਕਿਸੇ ਤਰ੍ਹਾਂ ਗੁਰੂ ਹਰਿਗੋਬਿੰਦ ਦੀ ਜ਼ਿੰਦਗੀ ਦਾ ਖਾਤਮਾ ਕਰ ਦੇਹ। ਹੁਣ ਮੈਂ ਆਪਣੇ ਹਲਕਾਰੇ ਹੱਥ ਇਕ ਪੋਸ਼ਸ਼ ਘਲ ਰਿਹਾ ਹਾਂ। ਇਹ ਗੁਰੂ ਨੂੰ ਕਹਿਕੇ ਪਾਤਸ਼ਾਹ ਵਲੋਂ ਆਈ ਹੈ, ਉਹਨਾਂ ਨੂੰ ਪਹਿਨਾ ਦੇਹ। ਇਸ ਵਾਰ ਮਾਰੂ ਜ਼ਹਿਰ ਲਗ ਰਿਹਾ ਹੈ, ਜੋ ਦੋ ਚਾਰ ਦਿਨ ਪਹਿਨੇਗਾ ਤਾਂ ਆਪੇ ਹੀ ਬੇਮਾਲੂਮੇ ਉਸਦੀ ਮੌਤ ਹੋ ਜਾਏਗੀ। ਕਿਸੇ ਨੂੰ ਕੋਈ ਪਤਾ ਨਹੀਂ ਲਗੇਗਾ। ਨਾ ਹੀ ਸ਼ਕ ਪਏਗਾ। ਜੇ ਤੂੰ ਇਹ ਮੇਰਾ ਕੰਮ ਕਰ ਦੇਵੇਂ ਤਾਂ ਮੈਂ ਸਦਾ ਤੇਰਾ ਰਿਣੀ ਰਹਾਂਗਾ ਅਰ ਮਨਸਬ ਵਧਵਾਵਾਂਗਾ।

---

* ਗੁਰੂ ਜੀ ਨੇ ਜੋ ਸੌ ੧੦੦ ਰੁਪਯਾ ਰੋਜ਼ ਹੋਮ ਦੀ ਸਾਮੱਗ੍ਰੀ ਤੇ ਖਰਚ ਲਈ ਮਿਲਦਾ ਸੀ, ਉਸਦਾ ਕੜਾਹ ਪ੍ਰਸ਼ਾਦਿ ਬਣਾ ਕੇ ਸਭ ਨੂੰ ਛਕਾਉਂਦੇ ਰਹੇ। -ਤਵਾ. ਗੁ. ਖਾ., ੧੯੫

ਗੁਰੂ ਜੀ ਇਹ ਚਿੱਠੀ ਪੜ੍ਹ ਕੇ ਹਸੇ ਅਤੇ ਬੋਲੇ :-

"ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ॥੨॥੯॥੯੫॥"

{ਬਿਲਾਵਲੁ ਮਹਲਾ ੫, ਸਫਾ ੮੨੩}

ਹਰਿ ਦਾਸ ਮੱਥਾ ਟੇਕ ਕੇ ਚਲਾ ਗਿਆ ਅਤੇ ਪੇਸ਼ਸ਼ ਹਲਕਾਰੇ ਨੂੰ ਵਾਪਸ ਦੇ ਦਿਤੀ ਤੇ ਜੁਆਬ ਘਲਿਆ ਕਿ ਪਾਤਸ਼ਾਹ ਦਾ ਹੁਕਮ ਹੈ, 'ਗੁਰੂ ਜੀ ਨੂੰ ਆਦਰ ਨਾਲ ਰਖਣਾ ਅਤੇ ਉਸਦੀ ਸਲਾਮਤੀ ਤੇਰੇ ਜ਼ਿਮੇ ਹੈ।'

ਇਸ ਪ੍ਰਕਾਰ ਕਿਲ੍ਹੇ ਵਿਚ ਦਿਨ ਬੀਤਦੇ ਰਹੇ। ਇਕ ਦਿਨ ਕਿਸੇ ਹੋਰ ਰਾਜੇ ਨੇ ਪੁਛਣਾ ਕੀਤੀ, ਕਿ 'ਆਪ ਜੀ ਸਾਡੇ ਵਾਂਙੂ ਨਜ਼ਰਬੰਦ ਹੋ, ਅਸੀਂ ਇਸਨੂੰ ਕੈਦ ਸਮਝ ਕੇ ਬੜੇ ਦੁੱਖੀ ਹੁੰਦੇ ਹਾਂ। ਆਪ ਜੀ ਸਦਾ ਖੁਸ਼, ਖਿੜੇ ਅਤੇ ਅਨੰਦ ਦਿਸਦੇ ਹੋ, ਕੀਰਤਨ ਹੁੰਦੇ, ਕੜਾਹ ਵਰਤਦੇ ਹਨ, ਕੋਈ ਦੁੱਖ ਕਿਸੇ ਵੇਲੇ ਨਹੀਂ ਮੰਨਦੇ?'

ਤਾਂ ਸਾਹਿਬ ਬੋਲੇ:-"ਮੈਂ ਕੋਈ ਰਾਜਾ ਅਮੀਰ ਨਹੀਂ ਕਿ ਅਪਨੀ ਰਜਾਮਤ ਨੂੰ ਰੋਵਾਂ, ਮੈਂ ਸਾਈਂ ਦੇ ਦਰ ਦਾ ਦਰਵੇਸ਼ ਹਾਂ। ਉਸਨੂੰ ਯਾਦ ਰਖਣਾ, ਉਸ ਦੀ ਹਜ਼ੂਰੀ ਵਿੱਚ ਵੱਸਣਾ ਮੇਰਾ ਕੰਮ ਹੈ। ਇਹੋ ਮੇਰਾ ਜੀਵਨ ਹੈ। ਮੇਰੇ ਸਰੀਰ ਨੂੰ ਪਾਤਸ਼ਾਹ ਬੰਦੀ ਪਾ ਸਕਦਾ ਹੈ ਪਰ ਮੇਰੇ ਮਨ ਤੇ ਕੋਈ ਕੈਦ ਉਹ ਨਹੀਂ ਲਗਾ ਸਕਦਾ। ਮੈਂ ਹਰ ਵੇਲੇ ਆਪਣੇ ਮਾਲਕ ਦੀ ਹਜ਼ੂਰੀ ਪ੍ਰਤੀਤ ਕਰ ਰਿਹਾ, ਉਸਦੀ ਯਾਦ ਵਿਚ ਵਸਦਾ ਹਾਂ। ਮੇਰਾ ਕਿਤਾ ਹਰੀ ਸਿਮਰਨ ਹੈ, ਜਿਸ ਪਰ ਕੋਈ ਰੋਕ ਨਹੀਂ ਪਾ ਸਕਦਾ, ਸੋ ਉਸ ਅਪਣੀ ਕਾਰੇ ਲਗਾ ਮੈਂ ਸਦਾ ਪ੍ਰਸੰਨ ਹਾਂ। ਸਗੋਂ ਮੈਂ ਵਧੇਰੇ ਖੁਸ਼ ਹਾਂ ਕਿ ਮੈਨੂੰ ਨਵੇਕਲਾ ਸਾਰਾ ਵਕਤ ਮਿਲ ਗਿਆ ਹੈ ਸਿਮਰਨ ਵਿਚ ਰਹਿਣੇ ਦਾ, ਮੇਰੇ ਰਬ ਜੀ ਨੇ ਮੈਨੂੰ ਇਕਾਂਤ ਬਖਸ਼ੀ ਹੈ ਕਿ ਦਿਨ ਰਾਤ ਉਸੀ ਦੀ ਯਾਦ ਵਿਚ ਰਹਾਂ। ਸੋ ਮੈਂ 'ਸ਼ੁਕਰ' ਵਿਚ ਹਾਂ।"

ਰਾਜਾ:-'ਧੰਨ ਹੋ ਆਪ। ਇਤਨਾ ਸ਼ੁਕਰ! ਪਰ ਇਹ ਦਸੋ ਕਿ ਫੇਰ ਸਾਰੀ ਉਮਰ ਇੱਥੇ ਗੁਜ਼ਾਰੋਗੇ?'

ਗੁਰੂ ਜੀ:-"ਨਹੀਂ। ਜਦੋਂ ਮੇਰਾ ਮਾਲਕ ਵਾਹਿਗੁਰੂ ਚਾਹੇਗਾ, ਮੈਨੂੰ ਆਪ ਕੱਢ ਲਏਗਾ। ਇਹ ਉਸ ਦਾ ਚੋਜ ਹੈ ਜੋ ਮੈਂ ਸਿਰ ਧਰ ਮੰਨਣਾ ਹੈ, ਇਹ ਮੈਨੂੰ ਪਤਾ ਹੈ ਕਿ ਜਿਸ ਕੰਮ ਲਈ ਮੈਨੂੰ ਉਸਨੇ ਘਲਿਆ ਹੈ, ਉਸ ਨੇ ਮੈਥੋਂ ਕਰਾ ਲੈਣਾ ਹੈ।"

ਰਾਜਾ:-'ਆਪ ਦੀ ਰਜ਼ਾ ਮੰਨਣੀ ਕਮਾਲ ਦੀ ਹੈ। ਅਸੀ ਕੀਹ ਕਰੀਏ?'

ਗੁਰੂ ਜੀ:-"ਹੋਣਾ ਉਹੋ ਕੁਛ ਹੈ ਜੋ ਰਜ਼ਾ ਹੈ, ਤੁਸੀਂ ਧੁਖਦੇ ਕਰੁਝਦੇ ਦੁੱਖੀ ਰਹਿੰਦੇ ਹੋ। ਇਹੋ ਵਕਤ ਜੋ ਸਾਈਂ ਸਿਮਰਨ ਵਿਚ ਲਾਓ ਤਾਂ ਸਾਈਂ ਨੂੰ ਤੁਹਾਡਾ ਫ਼ਿਕਰ ਪਵੇ। ਤੁਸੀਂ ਉਸਨੂੰ ਪਿਆਰ ਕਰੋ ਜੋ ਉਸਦਾ ਸਿਮਰਨ ਹੈ। ਤੁਹਾਡਾ ਪਿਅਰ ਉਸਦੇ ਪਿਆਰ ਨੂੰ ਖਿੱਚ ਲਵੇ। ਫੇਰ ਇਥੇ ਸੁੱਖੀ ਰਹੋ, ਜਦੋਂ ਛੁਟੋ, ਸੁੱਖੀ ਹੋਵੋ।"

ਇਸ ਪ੍ਰਕਾਰ ਕਈ ਮੌਕੇ ਬਣਦੇ ਕਿ ਸ੍ਰੀ ਗੁਰੂ ਜੀ ਬੰਦੀ ਵਿਚ ਬੀ ਉਪਦੇਸ਼ ਦੇਂਦੇ। ਹੌਲੇ ਹੌਲੇ ਉਨ੍ਹਾਂ ਲੋਕਾਂ ਵਿਚ ਉਚੇ ਜੀਵਨ ਦੀ ਰੌ ਰੁਮਕ ਪਈ। ਕਿਲ੍ਹੇ ਵਿਚ, ਬੰਦੀ ਵਿਚ ਰਖੇ ਸਤਿਗੁਰੂ ਜੀ ਨੇ ਰੂਹ ਦੀ ਆਜ਼ਾਦੀ ਦੀ ਸੰਥਜਾ ਸੁੱਕੇ, ਮੋਏ, ਸਾਈਂ ਤੋਂ ਵਿਛੁੜੇ ਲੋਕਾਂ ਨੂੰ ਦਿਤੀ।

ਇਕ ਹੋਰ ਗਲ ਜੋ ਗਵਾਲੀਅਰ ਵਰਤੀ, ਉਹ ਸੀ ਸੰਗਤਾਂ ਦੀ ਸ੍ਰੀ ਗੁਰੂ ਜੀ ਨਾਲ ਪ੍ਰੇਮ ਦੀ ਅਵਧੀ ਦੀ ਸਾਖ, ਮਿਲਦੀ ਹੈ। ਜਦੋਂ ਇਹ ਗਲ ਸਾਰੇ ਦੇਸ਼ ਅਤੇ ਖਾਸ ਕਰਕੇ ਪੰਜਾਬ ਵਿਚ ਪਸਰ ਗਈ ਕਿ ਸ੍ਰੀ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਘਲ ਦਿਤੇ ਗਏ ਹਨ ਅਤੇ ਪਹਿਲੀ ਮਿਆਦ ਕਿ ੪੦ ਦਿਨਾਂ ਲਈ ਘਲੇ ਗਏ ਹਨ, ਲੰਘ ਗਈ ਤਾਂ ਜਗ੍ਹਾ ਜਗ੍ਹਾ ਤੋਂ ਸੰਗਤਾਂ ਸੌ ਸੌ ਦੋ ਦੋ ਸੌ ਤੋਂ ਵਧੀਕ ਬੀ, ਘਰਾਂ ਤੋਂ ਯਾਤ੍ਰਾ ਲਈ ਟੁਰ ਪੈਣ ਅਤੇ ਉਸ ਸਮੇਂ ਦੇ ਪੈਦਲ, ਗਡਿਆਂ, ਯਕਿਆਂ ਦੇ ਸਫ਼ਰ ਕਰਦੇ ਐਨਾ ਦੂਰ ਪੈਂਡਾ ਝਾਗ ਕੇ ਗਵਾਲੀਅਰ ਅਪੜਦੇ ਅਤੇ ਅਪਨਾ ਜੀਵਨ ਸਫ਼ਲ ਕਰਦੇ! ਇਸ ਵਾਕਜਾ ਪਰ ਪ੍ਰਸਿਧ ਵਿਦਵਾਨ ਗਜਾਨੀ ਗਜਾਨ ਸਿੰਘ ਜੀ ਅਪਨੀ ਤਵਾਰੀਖ ਗੁਰੂ ਖਾਲਸਾ ਵਿਚ ਐਉਂ ਲਿਖਦੇ ਹਨ:-

"ਜਦ ਇਹ ਖਬਰ ਗੁਰੂ ਜੀ ਦੇ ਕਿਲ੍ਹੇ ਗਵਾਲੀਅਰ ਜਾਣ ਦੀ ਮਾਤਾ ਗੰਗਾ ਜੀ ਨੂੰ ਪਹੁੰਚੀ ਤਾਂ ਉਨ੍ਹਾਂ ਨੇ ਬਹੁਤ ਸੰਸਾ ਕੀਤਾ ਅਤੇ ਪਹਿਲੇ ਭਾਈ ਗੁਰਦਾਸ ਜੀ ਨੂੰ, ਫੇਰ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਪਾਸ ਭੇਜਿਆ। ਫੇਰ ਤਾਂ ਖ਼ਬਰ ਸੁਣਕੇ ਪੰਜਾਬ ਵਿਚੋਂ ਟੋਲਿਆਂ ਦੇ ਟੋਲੇ ਗੁਰੂ ਜੀ ਪਾਸ ਕਿਲ੍ਹੇ ਗਵਾਲੀਅਰ ਵੱਲ ਆਉਣ ਲਗੇ।"

ਦਬਿਸਤਾਨ ਮਜ਼ਾਹਿਬ ਦਾ ਕਰਤਾ ਲਿਖਦਾ ਹੈ ਕਿ "ਏਹ ਬ੍ਰਿਤਾਂਤ ਮੈਂ ਆਪਣੀ ਅੱਖੀਂ ਦੇਖਿਆ ਹੈ, ਗੁਰੂ ਹਰਿ ਗੋਬਿੰਦ ਜੀ ਦੇ ਸਿਖ ਇਸਤ੍ਰੀ ਮਰਦ ਪੰਜਾਬ ਤੋਂ ਚਲ ਕੇ ਰੋਜ਼ ਸੌ ਸੌ ਦੇ ਲਗ ਪਗ ਗਵਾਲੀਅਰ ਪਹੁੰਚਦੇ ਸੇ, ਅਤੇ ਕਿਲ੍ਹੇ ਦੀ ਕੰਧ ਨੂੰ ਮੱਥਾ ਟੇਕ ਕੇ ਕੜਾਹ ਪ੍ਰਸਾਦ ਵਰਤਾ ਕੇ ਗੁਰੂ ਜੀ ਦੇ ਸ਼ਬਦ ਗਾਉਂਦੇ ਹੋਏ, ਫੇਰ ਪੰਜਾਬ ਨੂੰ ਚਲੇ ਜਾਂਦੇ। ਜੋ ਕੋਈ ਪੁਛਦਾ ਤਾਂ ਆਖਦੇ ਕਿ ਇਸ ਕਿਲ੍ਹੇ ਵਿਚ ਸਾਡਾ ਸਤਿਗੁਰ ਈਸ਼੍ਵਰ ਹੈ, ਜੇ ਕਰ ਕੋਈ ਇਹ ਆਖਦਾ ਕਿ ਜੇ ਓਹ ਈਸ਼੍ਵਰ ਹੈ ਤਾਂ ਕਿਲ੍ਹੇ ਵਿਚ ਕੈਦ ਕਿਉਂ ਹੋਇਆ ਹੈ? ਤਾਂ ਸਿਖ ਇਸ ਦਾ ਇਹੋ ਜਵਾਬ ਦਿੰਦੇ ਕਿ ਉਹ ਸਹੀ ਈਸ਼੍ਵਰ ਹੀ ਹੈ ਪਰ ਸਾਡੇ ਸਿਦਕ ਦੇਖਣ ਵਾਸਤੇ, ਆਪਣੀ ਮਰਜ਼ੀ ਨਾਲ ਇਥੇ ਬੈਠਾ ਹੈ, ਜਦੋਂ ਚਾਹੇਗਾ ਆਪੇ ਬਾਹਰ ਆ ਜਾਏਗਾ। ਇਹ ਤਾਂ ਦੇਹਧਾਰੀ ਰੱਬ ਹੈ, ਜੋ ਚਾਹੁੰਦਾ ਹੈ ਕਰ ਦਿਖਾਉਂਦਾ ਹੈ, ਫੇਰ ਅਸੀਂ ਇਸਨੂੰ ਪਰਮੇਸ਼ਰ ਦਾ ਰੂਪ ਕਿਉਂ ਨਾ ਮੰਨੀਏ? ਓਸ ਸਮੇਂ ਦੇ ਸਿਖਾਂ ਦੇ ਸਿਦਕ ਦੇਖਣ ਵਾਸਤੇ ਏਹੋ ਨਮੂਨਾ ਬਹੁਤ ਹੈ। ਅਤੇ ਫੇਰ ਜਦ ਬਾਬਾ ਬੁੱਢਾ, ਗੁਰੂ ਜੀ ਪਾਸ, ਗਵਾਲੀਅਰ ਆਯਾ ਤਾਂ ਦੋ ਹਜ਼ਾਰ ਥੀਂ ਬਹੁਤੇ ਸਿਖ ਉਸ ਦੇ ਨਾਲ ਸਨ। ਸਭ ਨੇ ਦਰਸ਼ਨ ਕਰਕੇ ਭੇਟਾ ਦਿਤੀ। ਗੁਰੂ ਜੀ ਨੇ ਬਚਨਾਂਮ੍ਰਿਤ ਦੀ ਬਰਖਾ ਦੁਆਰਾ ਤ੍ਰਿਪਤ ਕਰਕੇ ਬਾਬੇ ਬੁੱਢੇ ਜੀ ਸਮੇਤ ਸਭ ਨੂੰ ਧੀਰਜ ਦੇ ਕੇ ਪੰਜਾਬ ਵਲ ਮੋੜਿਆ ਅਤੇ ਇਕ ਅਰਦਾਸ (ਚਿੱਠੀ) ਮਾਤਾ ਜੀ ਨੂੰ ਲਿਖ ਭੇਜੀ ਕਿ ਅਸੀਂ ਆਪਣੀ ਖੁਸ਼ੀ ਨਾਲ ਏਥੇ ਬੈਠੇ ਹਾਂ, ਤੁਸੀਂ ਜ਼ਰਾ ਚਿੰਤਾ ਨਾ ਕਰੋ। ਕਾਰਜ ਕਰਕੇ ਥੋੜੇ ਹੀ ਚਿਰ ਤੀਕ ਆਪਦੇ ਪਾਸ ਆਵਾਂਗੇ।"

{ਤਵਾ: ਗੁ: ਖਾ: ਸਫ਼ਾ ੭੯੯}


www.sikhbookclub.com

# ੨੧. ਭਾਈ ਸਾਈਂ ਦਾਸ ਦਾ ਸੁਪਨਾ

**ਥੋੜੇ** ਚਿਰ ਮਗਰੋਂ ਸਾਈਂ ਦਾਸ ਦੀ ਅੱਖ ਖੁਲੀ, ਤ੍ਰੱਬਕ ਕੇ ਉਠ ਬੈਠੇ, ਐਧਰ ਉਧਰ ਤੱਕ ਕੇ ਕਹਿੰਦੇ ਹਨ, "ਕੀ ਏ ਸੁਪਨਾ ਸੀ? ਪਰਮੇਸ਼ਰ ਕਰੇ ਸੁਪਨਾ ਹੋ ਜਾਏ, ਸ਼ੁਕਰ ਹੈ ਇਹ ਸੁਪਨਾ ਸੀ।" ਇਹ ਕਹਿ ਕੇ ਅੱਖਾਂ ਖੋਲ੍ਹ ਕੇ ਚੰਗੀ ਤਰ੍ਹਾਂ ਡਿੱਠਾ, ਸੁਪਨਾ ਨਿਸ਼ਚੇ ਹੋ ਗਿਆ, ਪਰ ਸੁਪਨੇ ਦਾ ਅਸਰ ਦਿਲ ਪਰ ਕੁਛ ਐਸਾ ਪਿਆ ਕਿ ਅਜੇ ਦਿਲ ਉਸੇ ਹੀ ਅਸਰ ਹੇਠਾਂ ਹੈ।

ਪ੍ਰੇਮ ਦੇਈ ਨੇ ਪੁਛਿਆ:-'ਕਿਉਂ ਲਾਲ ਜੀ! ਸੁੱਖ ਤਾਂ ਹੈ?'

ਸਾਈਂ ਦਾਸ-'ਸੁੱਖ ਹੈ। ਚਿੱਤ ਚੰਚਲ ਹੈ। ਭਜਨ ਨਹੀਂ ਕਰਦਾ ਤੇ ਲੋਕਾਂ ਨਾਲ ਚਰਚਾ ਵਿੱਚ ਲਗ ਜਾਂਦਾ ਹੈ; ਫੇਰ ਮਾੜਾ ਪਰਭਾਵ ਉਦਾਲੇ ਛਾ ਜਾਂਦਾ ਹੈ ਜੋ ਨੀਂਦ ਵਿੱਚ ਬੀ ਆ ਦਖਾਉਂਦਾ ਹੈ। ਕੇਡੀ ਮੂਰਖਤਾ ਹੈ? ਜਿਸ ਸ਼ੈ ਨਾਲ ਪਿਆਰੇ ਦੀ ਯਾਦ ਵਿਚ ਫਰਕ ਪਵੇ, ਉਹ ਕਰ ਹੀ ਲਈਦੀ ਹੈ, ਕਰਨੀ ਚਾਹੀਦੀ ਨਹੀਂ। ਇਹ ਬੀ ਭੁਲ ਹੈ। ਪਰ ਹੱਛਾ... ਖ਼ਬਰੇ ਰਜ਼ਾ ਕੀ ਹੈ? ਯਾ ਮਤੇ ਆਪਣੀ ਭੁੱਲ ਹੋਵੇ? ਆਪਣੀ ਭੁੱਲ ਮੰਨਣੀ ਚੰਗੀ ਹੈ, ਕਿਉਂਕਿ ਸਾਵਧਾਨਤਾ ਬਣੀ ਰਹਿੰਦੀ ਹੈ। ਮੇਰਾ ਬਦਨ ਟੁੱਟ ਜਿਹਾ ਗਿਆ ਹੈ ਤੇ ਨੀਂਦ ਨਾਲ ਬੀ ਹੌਲਾ ਨਹੀਂ ਹੋਇਆ। ਓਹੋ! ਤੁਸੀਂ ਸਾਰਿਆਂ ਅਜੇ ਪ੍ਰਸ਼ਾਦ ਨਹੀਂ ਪਾਇਆ ਤੇ ਮੇਰੇ ਪਿੱਛੇ ਏਥੇ ਉਡੀਕ ਕਰ ਰਹੇ ਹੋ? ਦੇਖੋ ਵਾਹਿਗੁਰੂ ਦਾ ਸਿਮਰਨ ਛੱਡ ਕੇ ਹੋਰ ਪਾਸੇ ਲੱਗਿਆਂ ਕਿੰਨੀ ਖੇਚਲ ਵਧਦੀ ਹੈ। ਹੱਛਾ, ਚੱਲੋ ਚਲੀਏ। ਪਿਤਾ ਜੀ ਖਿਮਾਂ ਕਰਨੀ, ਬੜੀ ਖੇਚਲ ਹੋਈ ਹੈ।'

ਏਸੇ ਤਰ੍ਹਾਂ ਆਪੋ ਵਿੱਚ ਗਲਾਂ ਕਰਦੇ ਘਰ ਪਹੁੰਚੇ। ਪ੍ਰਸ਼ਾਦ ਛਕਣ ਲਗੇ, ਤਦ ਸਾਈਂ ਦਾਸ ਤੋਂ ਛਕਿਆ ਨਹੀਂ ਜਾਂਦਾ।

ਨਰੈਣ ਦਾਸ-'ਲਾਲ ਜੀ! ਅੱਜ ਰੋਟੀ ਨਹੀਂ ਖਾਂਦੇ?'

ਸਾਈਂ ਦਾਸ-'ਪਿਤਾ ਜੀ! ਲੰਘਦੀ ਨਹੀਂ।'

ਨਰੈਣ ਦਾਸ-'ਕੁਛ ਕਾਰਣ?'

ਸਾਈਂ ਦਾਸ-'ਸੁਪਨੇ ਦੀ ਦਰੇੜ ਨੇ ਭੰਨ ਘੱਤਿਆ ਹੈ ਅਰ ਸੁਪਨੇ ਦਾ ਦਰਸ਼ਨ ਮੁੜ ਮੁੜ ਅੱਖਾਂ ਅਗੇ ਆਉਂਦਾ ਹੈ।'

ਨਰੈਣ ਦਾਸ-'ਐਸਾ ਸੁਪਨਾ ਕੀਹ ਸੀ?'

ਸਾਈਂ ਦਾਸ-'ਕੁਛ ਨਹੀਂ। ਮੇਰੇ ਹੀ ਕਰਮਾਂ ਯਾ ਸੰਕਲਪਾਂ, ਵਿਕਲਪਾਂ ਦੇ ਬੁੱਤ ਬਣ ਬਣਕੇ ਅਖਾੜਾ ਮਚਾ ਰਹੇ ਹੋਣੇ ਹਨ।'

ਨਰੈਣ ਦਾਸ-'ਆਖਰ ਜੇ ਸੁਪਨਾ ਹੈ ਤਾਂ ਖ਼ਯਾਲ ਛੱਡੋ।'

ਸਾਈਂ ਦਾਸ-'ਬੜਾ ਛੱਡਦਾ ਹਾਂ, ਪਰ ਫੇਰ ਫੇਰ ਯਾਦ ਆਉਂਦਾ ਹੈ।'

ਨਰੈਣ ਦਾਸ-'ਸੁਪਨਾ ਕੀ ਹੈ?'

ਸਾਈਂ ਦਾਸ-'ਕੀਹ ਦਸਾਂ? ਦੱਸਦਿਆਂ ਜੀ ਖੁੱਸਦਾ ਹੈ। (ਇਹ ਕਹਿੰਦੇ ਹੀ ਨੇਤ੍ਰ ਭਰ ਆਏ)। ਸਾਰੇ ਪ੍ਰਸ਼ਾਦ ਛਕ ਲਵੋ ਤਦ ਵੇਹਲੇ ਹੋ ਕੇ ਗੱਲਾਂ ਕਰਾਂਗੇ। ਸੁਪਨੇ ਅਕਸਰ ਮਨ ਦਾ ਵਿਕਾਰ ਹੁੰਦੇ ਹਨ ਜੋ ਮਨ ਸੁਪਨੇ ਵਿਚ ਖਬਰੇ ਬਾਹਰ ਨੂੰ ਸੱਟਦਾ ਹੈ। ਭਰਮ ਹੈ, ਹੋਰ ਕੀ ਹੈ?'

ਨਰੈਣ ਦਾਸ-'ਹੁੰਦਾ ਤਾਂ ਏਦਾਂ ਹੀ ਹੈ, ਪਰ ਸੁਪਨੇ ਵਿਚ ਜੇ ਚਿਤ ਇਕਾਗਰ ਹੋਵੇ ਤਦ ਕਈ ਵੇਰ ਸੁਪਨੇ ਕੁਝ ਅਰਥ ਵਾਲੇ ਬੀ ਹੁੰਦੇ ਹਨ।'

ਸਾਈਂ ਦਾਸ-'ਠੀਕ ਹੈ।'

ਇਨੇ ਤਕ ਪ੍ਰਸ਼ਾਦ ਛਕਿਆ ਗਿਆ। ਕੁਛ ਉਗਲ ਨਿਗਲ ਕੇ ਸਾਈਂ ਦਾਸ ਨੇ ਬੀ ਚਾਰ ਗ੍ਰਾਹੀਆਂ ਪਾ ਲੀਤੀਆਂ। ਸਾਰਾ ਪਰਿਵਾਰ ਜਦ ਪ੍ਰਸ਼ਾਦਾ ਛਕ ਚੁਕਾ ਤਦ ਖਹਿੜੇ ਪੈ ਕੇ ਲੱਗੇ ਪੁੱਛਣ।

ਸਾਈਂ ਦਾਸ ਨੇ ਝਿਜਕ ਝਿਜਕ ਕੇ ਦੱਸਿਆ ਕਿ ਮੈਂ ਸੁਪਨੇ ਵਿਚ ਗੁਰੂ ਜੀ ਨੂੰ ਕਿਸੇ ਖੇਦ ਵਿੱਚ ਡਿੱਠਾ ਹੈ। ਆਪ ਤਾਂ ਦੁਖ, ਸੁਖ, ਹਰਖ ਸ਼ੋਕ ਤੋਂ ਪਾਰ ਹਨ, ਪਰ ਸਾਥੋਂ ਜੇਰਾ ਨਹੀਂ ਹੁੰਦਾ। ਪਾਤਸ਼ਾਹ ਨੇ ਕਿਸੇ ਫ਼ਰੇਬ ਨਾਲ ਉਨ੍ਹਾਂ ਨੂੰ ਕਿਸੇ ਮਕਾਨ ਵਿਚ ਰੋਕ ਦਿੱਤਾ ਹੈ, ਤੇ ਮੈਂ ਉਸਦੇ ਬੂਹੇ ਭੰਨਦਾ ਹਾਂ, ਉਸ ਵੇਲੇ ਕਈ ਅਹਿਦੀਏ ਆਕੇ ਮੈਨੂੰ ਕੁੱਟਦੇ ਹਨ, ਪਰ ਮੈਂ ਕੁੱਟ ਦੀ ਪ੍ਰਵਾਹ ਨਹੀਂ ਕੀਤੀ, ਬੂਹਾ ਭੰਨੀ ਗਿਆ ਹਾਂ। ਮੈਂ ਤਾਂ ਮਾਰ ਨਾਲ ਮੁੰਜ ਹੋ ਗਿਆ ਹਾਂ, ਪਰ ਬੂਹਾ ਭੱਜ ਗਿਆ ਹੈ, ਸ੍ਰੀ ਗੁਰੂ ਜੀ ਬਾਹਰ ਆ ਗਏ ਹਨ। ਓਹ ਅਹਿਦੀਏ ਜੋ ਮੈਨੂੰ ਮਾਰਦੇ ਸਨ, ਗੁਰੂ ਜੀ ਅੱਗੇ ਮੱਥੇ ਟੇਕਦੇ ਹਨ, ਤੇ ਸਾਰੇ ਛੁਟਕਾਰਾ ਪਾਉਣ ਵਾਲਿਆਂ ਦੀ ਦੁਹਾਈ ਤੇ ਖੁਸ਼ੀ ਦੇ ਨ੍ਹਾਰੇ ਅਕਾਸ਼ ਵਿੱਚ ਭਰ ਗਏ ਹਨ-'ਬੰਦੀ ਛੋੜ, ਬੰਦੀ ਛੋੜ।' ਮੈਂ ਖੁਸ਼ ਤਾਂ ਬੜਾ ਹੋਇਆ, ਪਰ ਮੇਰਾ ਬਦਨ ਮਾਰ ਨਾਲ ਟੁੱਟ ਗਿਆ, ਅਜੇ ਤੱਕ ਹੱਡ ਪੀੜ ਜਿਹੇ ਕਰਦੇ ਹਨ। ਸੀ ਸੁਪਨਾ, ਪਰ ਇਹ ਕੌਤਕ ਕੀ ਹੈ?

# ੨੨. ਭਾਈ ਸਾਈਂ ਦਾਸ ਦਾ ਗਵਾਲੀਯਰ ਜਾਣਾ

**ਨਰੈਣ ਦਾਸ** ਨੇ ਇਕ ਪ੍ਰੇਮੀ ਨੂੰ ਅੰਮ੍ਰਿਤਸਰ ਤੋਰਿਆ। ਪੰਜਵੇਂ ਕੁ ਦਿਨ ਇਹ ਸਜਨ ਮੁੜਕੇ ਆ ਗਿਆ। ਕੀਹ ਖਬਰ ਲਿਆਇਆ ਕਿ ਭਾਈ ਬੁੱਢਾ ਆਦਿਕ ਸਾਰੇ ਮੁਖੀ ਮੁਖੀ ਸਿੱਖ ਦਿੱਲੀ ਟੁਰ ਗਏ ਹਨ, ਕਿਉਂਕਿ ਖਬਰ ਆਈ ਹੈ ਕਿ ਪਾਤਸ਼ਾਹ ਨੇ ਕਪਟ ਨਾਲ ਗੁਰੂ ਜੀ ਨੂੰ ਗਵਾਲੀਯਰ ਦੇ ਕਿਲ੍ਹੇ ਵਿਚ ਬੰਦ ਕਰ ਦਿਤਾ ਹੈ। ਮਾਤਾ ਗੰਗਾ ਜੀ ਨੇ ਵਿਆਕੁਲ ਹੋ ਕੇ ਸਾਰੇ ਸਿਆਣੇ ਕਰਨੀ ਵਾਲੇ ਪਿਆਰੇ ਤੋਰ ਦਿਤੇ ਹਨ। ਆਪ ਆਸਣ ਵਿਛਾਕੇ ਬੈਠ ਗਏ ਹਨ: ਅੱਠੀਂ ਪਹਿਰੀਂ ਚੌਲਾਂ ਦੀ ਪਿੱਛ ਪੀਂਦੇ ਹਨ ਤੇ ਅਠੇ ਪਹਿਰ ਧਿਆਨ ਜੋੜ ਕੇ ਬੈਠੇ ਰਹਿੰਦੇ ਹਨ। ਸਾਡੀ ਬੀਬੀ ਬੀ ਇਸੇ ਤਰ੍ਹਾਂ ਦੂਸਰੇ ਕਮਰੇ ਵਿਚ ਪ੍ਰਾਰਥਨਾ ਵਿਚ ਬੈਠੀ ਰਹਿੰਦੀ ਹੈ। ਹਰ ਸਿੱਖ ਦੇ ਮੂੰਹ ਤੇ ਇਹ ਵਾਕ ਹਨ ਕਿ ਹੁਣ ਮੁਗਲਾਂ ਦੇ ਰਾਜ ਦਾ ਤੇਜ ਉੱਨਾਂ ਚਿਰ ਤੱਕ ਨਹੀਂ ਉੱਤਰੇਗਾ ਜਿੰਨਾ ਕੁ ਖਿਆਲ ਸੀ। ਕਿਉਂਕਿ ਪਰਮੇਸ਼ਰ ਦੀਆਂ ਨਿਰ-ਅਪ੍ਰਾਧ ਜੋਤਾਂ ਨਾਲ ਕਟਕ ਦੇ ਜ਼ੁਲਮ ਸ਼ੁਰੂ ਹੋ ਗਏ ਹਨ।

ਪਾਤਸ਼ਾਹਾਂ ਦੇ ਦਿਲ ਵਿੱਚ ਤਅੱਸਬ ਨਹੀਂ ਚਾਹੀਦਾ, ਨਾ ਸੁਣੀ ਸੁਣਾਈ ਉਤੇ ਇਤਬਾਰ ਤੇ ਗੁੱਸੇ ਵਿਚ ਆ ਕੇ ਅਤਜਾਚਾਰ ਕਰਨਾ ਚਾਹੀਦਾ ਹੈ। ਜੋ ਪੂਰੀ ਤਰ੍ਹਾਂ ਨਿਆਂ ਨਹੀਂ ਕਰਦਾ ਉਹ ਪਾਤਸ਼ਾਹ ਜ਼ਾਲਮ ਹੈ।

ਜੋ ਜ਼ੁਲਮ ਕਰਦਾ ਹੈ, ਪਰਜਾ ਉਸ ਤੋਂ ਦੁਖੀ ਹੋ ਜਾਂਦੀ ਹੈ। ਜਦ ਪਰਜਾ ਦੁੱਖ ਉਠਾਂਦੀ ਹੈ ਤਦ ਰਾਜ ਕਦੇ ਛੇਤੀ ਕਦੇ ਚਿਰਕਾ ਨਸ਼ਟ ਹੋ ਜਾਂਦਾ ਹੈ।

ਇਹ ਸਮਾਚਾਰ ਸੁਣਕੇ ਸਾਰੇ ਸਹਿਮ ਗਏ। ਸਾਰਿਆਂ ਦੇ ਮਨ ਪਰਮੇਸ਼ਰ ਦੇ ਭਾਣੇ ਦੇ ਉਦਾਲੇ ਭੰਬੀਰੀਆਂ ਵਾਂਙੂ ਭੌਂਦੇ ਹਨ, ਪਰ ਪੈਰ ਨਹੀਂ ਟਿਕਦੇ, ਪ੍ਰੇਮ ਡੋਰ ਤੁਣਕੇ ਮਾਰਦੀ ਹੈ। ਕਦੇ ਸ਼ੁਕਰ ਕਰਦੇ ਹਨ ਕਿ ਵਾਹਿਗੁਰੂ ਨੇ ਜੋ ਕੁਝ ਕੀਤਾ ਹੈ, ਭਲਾ ਹੈ, ਸ਼ੁਕਰ ਕਰੋ। ਕਦੇ ਪਿਛਲੇ ਸਤਿਗੁਰਾਂ ਦੀਆਂ ਹੋਣੀਆਂ ਯਾਦ ਆ ਕੇ ਜੀ ਡੋਲਦਾ ਹੈ ਕਿ ਕਿਤੇ ਉਹੋ ਰੰਗ ਫੇਰ ਨ ਜੰਮੇ। ਅਗੇ ਤਾਂ ਲਾਹੌਰ ਸੀ, ਐਤਕੀ ਦੂਰ ਲੈ ਗਏ ਹਨ, ਜੋ ਸਿੱਖ ਕਿਤੇ ਗੁਸਾ ਖਾਕੇ ਦੁੱਖ ਨਾ ਦੇਣ।

ਇਸ ਤਰ੍ਹਾਂ ਦੇ ਹਾਲ ਵਿਚ ਕੁਛ ਸਮਾਂ ਬੀਤਿਆ, ਸਾਰੇ ਪਿੰਡ ਵਿਚ ਇਹ ਖ਼ਬਰ ਧੁੰਮ ਗਈ। ਲਗੇ ਪਿਆਰੇ ਲਗਾਤਾਰ ਆਉਣ। ਲੌਢੇ ਪਹਿਰ ਦੇ ਸਤਸੰਗ ਦੇ ਮਗਰੋਂ ਦੀਵਾਨ ਵਿਚ ਏਹੋ ਚਰਚਾ ਛਿੜੀ ਕਿ ਕੀ ਕੀਤਾ ਜਾਵੇ? ਭਾਈਂ ਸਾਈਂ ਦਾਸ ਦੀ ਇਹ ਮਰਜ਼ੀ ਸੀ ਕਿ ਮੈਂ ਤਾਂ ਗਵਾਲੀਯਰ ਜਾਵਾਂ ਅਰ ਜੋ ਸੁਪਨੇ ਵਿਚ ਡਿੱਠਾ ਸੀ ਉਹੋ ਕਰਾਂ। ਜਾਂ ਤਾਂ ਪਿਆਰੇ ਨੂੰ ਛੁਡਾ ਲਿਆਵਾਂ, ਜਾਂ ਜੋ ਬਣੇ ਸੋ ਝੱਲੀ ਜਾਵਾਂ। ਇਸ ਪਰ ਇਹ ਬੀਚਾਰ ਹੋਈ ਕਿ ਕੱਲਿਆਂ ਜਾਣਾ ਠੀਕ ਨਹੀਂ ਹੈ। ਭਾਈ ਨਰੈਣ ਦਾਸ ਜੀ ਬੀ ਨਾਲ ਜਾਣ, ਅਰ ਦਸ ਸਿੱਖ ਹੋਰ ਜਾਣ। ਸੋ ਬਾਰਾਂ ਪ੍ਰੇਮੀ ਤਾਂ ਏਧਰ ਤਿਆਰ ਹੋਏ ਤੇ ਦੱਸਾਂ ਨੇ ਇਹ ਜ਼ਿੰਮਾ ਲਿਆ ਕੇ ਅਸੀਂ ਬੀਬੀ ਰਾਮੋ ਤੇ ਮਾਈ ਪ੍ਰੇਮ ਦਈ ਨੂੰ ਦਮੋਦਰੀ ਤੇ ਮਾਤਾ ਗੰਗਾ ਜੀ ਪਾਸ ਛੱਡ ਆਵਾਂਗੇ, ਕਿਉਂ ਜੋ ਇਸ ਸੰਕਟ ਵਿਚ ਉਨ੍ਹਾਂ ਦੇ ਪਾਸ ਹੋਣਾ ਬਹੁਤ ਲੋੜੀਂਦਾ ਹੈ। ਭਾਵੇਂ ਗੁਰੂ ਕੇ ਘਰ ਕੋਈ ਕਮੀ ਨਹੀਂ ਹੈ, ਪਰ ਪ੍ਰੀਤਮਾਂ ਦੇ ਦੁੱਖ ਵੇਲੇ, ਪਿਆਰਿਆਂ ਤੋਂ ਕਦ ਸੁੱਖ

ਨਾਲ ਘਰ ਬੈਠਾ ਜਾਂਦਾ ਹੈ? ਇਹ ਸਲਾਹ ਪੱਕੀ ਹੋਕੇ ਅਗਲੇ ਦਿਨ ਪਿੰਡ ਦੀ ਚਹਿਲ ਪਹਿਲ ਤੁਰ ਗਈ। ਸਤਿਸੰਗ ਦੇ ਮੁਕਟ ਮਣੀ ਤਾਂ ਗੁਵਾਲੀਯਰ ਨੂੰ ਤੁਰ ਗਏ ਤੇ ਮੋਤੀ (ਬੀਬੀ ਰਾਮੋ) ਬੀਬੀ ਦਮੋਦਰੀ ਪਾਸ। ਪਿਛੇ ਜੋ ਪ੍ਰੇਮੀ ਰਹੇ, ਸਭ ਨੇ ਕੰਮ ਕਾਜ ਘਟਾ ਕੇ ਦੋ ਦੋ ਤ੍ਰੈ ਤ੍ਰੈ ਪਹਿਰ ਧਰਮਸਾਲ ਵਿਚ ਰਹਿਣਾ। ਅਰਦਾਸੇ ਕੀਰਤਨ ਕਰਨੇ ਤੇ ਪਾਠ ਕਰਨੇ। ਇਕ ਭੋਗ ਪਵੇ ਦੂਸਰਾ ਅਗੋਂ ਧਰ ਦਿਤਾ ਜਾਵੇ।

## ੨੩. ਮਾਤਾ ਗੰਗਾ ਜੀ ਦਾ ਉਪਦੇਸ਼

ਜਦੋਂ ਰਾਮੋ ਤੇ ਪ੍ਰੇਮ ਦੇਈ ਮਾਤਾ ਗੰਗਾ ਜੀ ਤੇ ਦਮੋਦਰੀ ਪਾਸ ਪਹੁੰਚੀਆਂ ਤਦ ਮੂੰਹੋਂ ਕੀਹ ਕਹਿੰਦੀਆਂ? ਮੱਥਾ ਟੇਕ ਕੇ ਹੱਥ ਜੋੜਕੇ ਬੈਠ ਗਈਆਂ ਤੇ ਨੇਤ੍ਰਾਂ ਵਿਚ ਹੰਝੂ ਆ ਗਏ, ਬਸ! ਇੰਨਾਂ ਸੀ ਦੁੱਖ ਵੰਡਣ ਦਾ ਵਖਿਆਨ, ਜੋ ਪ੍ਰੇਮ ਵਿੰਨ੍ਹੀਆਂ ਦੇ ਸਕੀਆਂ। ਮਾਤਾ ਗੰਗਾ ਵਾਸਤੇ ਇਹ ਕਾਫ਼ੀ ਸੀ ਸਮਝਣ ਲਈ ਕਿ ਗੁਰੂ ਕਵਲ ਤੋਂ ਨੁਛਾਵਰ ਹੋਣ ਵਾਲੇ ਹੋਰ ਭੌਰੇ ਆਏ ਹਨ। ਪਤਿਬ੍ਰਤ ਧਰਮ ਧੀਰਜ ਤੇ ਆਤਮ ਜੀਵਨ ਦੀ ਨਿਪੁੰਨ ਮਾਤਾ ਜੀ ਲਈ ਇਹ ਸਮਾਂ ਅਚਰਜ ਸੀ। ਆਪਣੇ ਪ੍ਰਾਣਾਂ ਤੋਂ ਪਿਆਰੇ ਪਤੀ ਜੀ ਦਾ ਅਜਰ ਸਾਕਾ ਜਰ ਚੁਕੀ ਹੈ, ਹੁਣ ਇਕਲੌਤੇ ਪੁਤ੍ਰ ਦੇ ਸਿਰ ਤੇ ਕਸ਼ਟਣੀ ਆਈ ਹੈ। ਰਾਮੋ ਦਾ ਅਤਿ ਵੈਰਾਗ ਵੇਖਕੇ ਮਾਤਾ ਨੇ ਕਿਹਾ: 'ਬੀਬੀ ਜੀ! ਓਦਰੋ ਨਹੀਂ, ਪਰ ਅਡੋਲ ਚਿਤ ਹੋ ਕੇ ਵਾਹਿਗੁਰੂ ਦਾ ਸਿਮਰਨ ਕਰੋ, ਸਾਡੇ ਸਤਿਗੁਰਾਂ ਦਾ ਵਾਲ ਵਿੰਗਾ ਨਹੀਂ ਹੈ, ਮੈਂ ਸਾਰੇ ਸੰਸਾਰਕ ਪ੍ਰਬੰਧ ਬੀ ਕਰ ਦਿਤੇ ਹਨ, ਪਰ ਮੇਰਾ ਭਰੋਸਾ ਵਾਹਿਗੁਰੂ ਤੇ ਹੈ ਸਾਡੇ ਸਤਿਗੁਰਾਂ ਦਾ ਵਾਲ ਵਿੰਗਾ ਨਹੀਂ ਹੋਵੇਗਾ। ਜੇ ਮੈਂ ਮੋਟੀ ਮੱਤਿ ਕਰਾਂ ਤਾਂ ਮੇਰੇ ਜਿਹਾ ਦੁੱਖੀ ਸੰਸਾਰ ਵਿੱਚ ਐਸ ਵੇਲੇ ਕੋਈ ਨਹੀਂ ਹੈ, ਜਿਸਦਾ ਜਗਤ-ਗੁਰੂ ਪਤੀ ਐਸੇ ਭਾਣੇ ਝੱਲਕੇ ਇਸ ਅਵਸਥਾ ਵਿਚ ਪਰਲੋਕ ਸਿਧਾਰੇ ਤੇ ਜਿਸ ਦਾ ਜਗਤ-ਗੁਰੂ ਪੁੱਤ੍ਰ ਉਸੇ ਹਾਲ ਵਿੱਚ ਪਹੁੰਚ ਪਵੇ, ਜਿੱਸ ਵਿਚ ਪਤੀ ਜੀ ਪਹੁੰਚੇ ਸੀ। ਪਰ ਪਿਆਰੀਓ! ਮੇਰੀ ਟੇਕ ਸ੍ਰੀ ਗੁਰੂ ਨਾਨਕ ਦੇਵ ਜੀ ਪਰ ਹੈ। ਮੈਂ ਲਾਲ ਜੀ ਨੂੰ ਪੁਤ੍ਰ ਕਰਕੇ ਨਹੀਂ ਸਮਝਦੀ। ਗੁਰੂ ਹਰਿ ਗੋਬਿੰਦ ਜੀ ਉਸੀ ਗੱਦੀ ਦੇ ਮਾਲਕ 'ਗੁਰੂ' ਹਨ, ਸੋ ਉਹ ਸਾਖਿਆਤ ਗੁਰੂ ਹਨ। ਪੁਤ੍ਰ ਹਨ ਪਰ ਸਾਡਾ ਸਾਕਾਦਾਰੀ ਦਾ ਮਾਣ ਚੰਗਾ ਨਹੀਂ ਹੈ, ਸਾਡੇਂ ਵਿਚ ਗੁਰਿਆਈ ਦਾ ਸਿਦਕ ਚਾਹੀਏ। ਪੰਚਮ ਗੁਰੂ ਜੀ ਲਾਹੌਰ ਜਾਣ ਲੱਗੇ ਆਗਜਾ ਕਰ ਗਏ ਸੀ ਕਿ ਇਹ ਸਰੀਰ ਮੁੜੇਗਾ ਨਹੀਂ; ਪਰ ਛੇਵੇਂ ਸਤਿਗੁਰੂ ਜੀ ਕਹਿ ਗਏ ਹਨ ਕਿ ਕੋਈ ਹੋਣਹਾਰ ਸੁਣਕੇ ਡੋਲਨਾ ਨਹੀਂ, ਅਸੀਂ ਰਾਜ਼ੀ ਵਾਪਸ ਆਵਾਂਗੇ। ਸੋ ਸਤਿਗੁਰਾਂ ਦੇ ਵਾਕ ਅਟੱਲ ਹਨ, ਉਨ੍ਹਾਂ ਦਾ ਵਾਲ ਵਿੰਗਾ ਨਹੀਂ ਹੈ। ਭਾਈ ਬੁੱਢਾ ਜੀ ਉਧਰ ਗਏ ਹਨ, ਉਹ ਕੋਈ ਯੋਗ ਉਪਾਉ ਕਰਨਗੇ ਅਰ ਆਪਣੇ ਜਤਨ ਵਿਚ ਕਦੇ ਨਹੀਂ ਹਾਰਨਗੇ। ਸ੍ਰੀ ਗੁਰੂ ਜੀ ਸਮਰੱਥ ਹਨ, ਕੇਵਲ ਪਰਜਾ ਦਾ ਭਾਰ ਟਾਲਣ ਦੇ ਉਪਰਾਲੇ ਕਰ ਰਹੇ ਹਨ। ਸੰਸਾਰ ਦੇ ਸੁੱਖ ਵਾਸਤੇ ਹੀ ਪਿਆਰੇ ਗੁਰੂ ਨਾਨਕ ਜੀ ਰੂਪ ਵਟਾ ਕੇ ਆ ਰਹੇ ਹਨ। ਸੋ ਹੇ ਪਿਆਰੀ ਸੱਜਣੀਓ! ਡੋਲਣ ਦਾ ਸਮਾਂ ਨਹੀਂ, ਪਰ ਅਡੋਲ ਹੋ ਕੇ ਗੁਰੂ ਜੀ ਦੇ ਧਿਆਨ ਵਿਚ

ਜੁੜੇ ਰਹਿਣ ਦਾ ਹੈ, ਦੇਖੋ, ਘੋਰ ਘਟਾਂ ਦੇ ਪਰਦੇ ਪਾੜਕੇ ਸੂਰਜ ਕਿੱਕੂੰ ਫੇਰ ਦਮਕਾਂ ਮਾਰਦਾ ਚੜ੍ਹਦਾ ਹੈ? ਮਾਂ ਦੀ ਮਮਤਾ ਮੇਰੇ ਕਲੇਜੇ ਵਿੱਚ ਬੀ ਖਿੱਚ ਮਾਰਦੀ ਹੈ, ਪਰ ਗੁਰੂ ਦਾ ਸਿਦਕ ਮੈਨੂੰ ਫੇਰ ਅਡੋਲਤਾ ਤੇ ਭਰੋਸੇ ਵੱਲ ਲੈ ਜਾਂਦਾ ਹੈ। ਆਓ ਉਸ ਸਰਬ ਸਮਰਥ, ਕੌਤਕਹਾਰ, ਸਰਿਸ਼ਟੀ ਦਾ ਭਾਰ ਉਤਾਰਨ ਵਾਲੇ ਸਤਿਗੁਰੂ ਦਾ ਧਿਆਨ ਕਰਕੇ ਸ੍ਰੀ ਕਰਤਾਰ, ਨਿਰੰਕਾਰ ਦੇ ਚਰਨਾਂ ਵਿਚ ਅਰਦਾਸ ਕਰੀਏ। ਸਭਨਾਂ ਨੇ ਫੇਰ ਬੜੇ ਪ੍ਰੇਮ ਵਿਚ ਅਰਦਾਸ ਕੀਤੀ।

ਗੱਲ ਕੀਹ ਜੋ ਕੋਈ ਪਿਆਰਾ ਸਿੱਖ ਸੰਗੀ ਆਇਆ, ਮਾਤਾ ਜੀ ਦੇ ਇਸ ਤਰ੍ਹਾਂ ਦੇ ਉਪਦੇਸ਼ਾਂ ਨੇ ਸਭ ਨੂੰ ਪਰਮੇਸ਼ੁਰ ਦੇ ਸਿਮਰਨ ਅਰ ਧਿਆਨ ਵਿਚ ਜੋੜ ਦਿਤਾ।

## ੨੪. ਕਿਲ੍ਹਾ ਗਵਾਲੀਯਰ ਦਾ ਹਾਲ ਵਰਣਨ

ਕੁਛ ਸਮਾਂ ਏਸ ਤਰ੍ਹਾਂ ਬੀਤ ਗਿਆ। ਭਾਈ ਸਾਈਂ ਦਾਸ ਤੇ ਨਰੈਣ ਦਾਸ ਜੀ, ਜੋ ਤਿੱਥੇ ਘੋੜੇ ਲੈ ਕੇ ਵਾਹੋਦਾਹੀ ਮਜ਼ਲਾਂ ਕੱਟਦੇ ਗੁਵਾਲੀਯਰ ਪਹੁੰਚੇ ਸੇ, ਹੁਣ ਮੁੜ ਆਏ ਸੇ। ਇਨ੍ਹਾਂ ਦੇ ਆਇਆਂ ਸਭ ਨੂੰ ਠੰਡ ਪੈ ਗਈ। ਪਰਿਵਾਰ ਵਿਚ ਤਾਂ ਸਾਰਾ ਹਾਲ ਆਉਂਦੇ ਸਾਰ ਦੱਸਿਆ, ਪਰ ਸੰਗਤ ਨੂੰ ਜੋ ਬਹੁਤ ਜੁੜ ਰਹੀ ਸੀ ਅਰ ਪਪੀਹੇ ਵਤ ਗੁਰੂ-ਸੋਇ ਦੀ ਸ੍ਵਾਂਤਿ ਬੂੰਦ ਨੂੰ ਤਰਸ ਰਹੀ ਸੀ, ਦੀਵਾਨ ਵਿਚ ਰਹਿਰਾਸ ਦੇ ਭੋਗ ਪਏ ਸਾਰਾ ਹਾਲ ਇਉਂ ਸੁਣਾਇਆ-

"ਸਾਧ ਸੰਗਤ ਜੀ! ਗੁਰੂ ਜੀ ਦੇ ਕੌਤਕ ਅਸਚਰਜ ਹਨ। ਅਸੀਂ ਅਲਪੱਗ ਜੀਵ ਉਹਨਾਂ ਦੇ ਖੇਲਾਂ ਨੂੰ ਨਹੀਂ ਸਮਝਦੇ। ਅਸੀਂ ਤਾਂ ਉਨ੍ਹਾਂ ਦਾ ਕਿਲ੍ਹੇ ਵਿਚ ਬੰਦ ਹੋਣਾ ਸੁਣਕੇ ਅਤਿ ਡਰ ਗਏ ਸੇ, ਪਰ ਗੁਰੂ ਜੀ, ਜੋ ਆਏ ਹੀ ਲੋਕਾਂ ਦਾ ਉਧਾਰ ਵਾਸਤੇ ਹਨ, ਹਰ ਕੌਤਕ ਵਿਚ ਜਗਤ ਦਾ ਉਧਾਰ ਕਰਦੇ ਹਨ। ਕਿਸੇ ਨੂੰ ਸੰਕਲਪ ਮਾਤ੍ਰ ਨਾਲ ਤਾਰਦੇ ਹਨ, ਕਿਸੇ ਨੂੰ ਦ੍ਰਿਸ਼ਟੀ ਮਾਤ੍ਰ ਨਾਲ, ਕਿਸੇ ਨੂੰ ਰਸਨਾ ਨਾਲ ਨਿਹਾਲ ਕਰਦੇ ਹਨ, ਕਿਸੇ ਨੂੰ ਉਪਕਾਰ ਕ਼ਰਕੇ; ਕਿਸੇ ਲਈ ਖੜਗ ਧਾਰਦੇ ਹਨ ਤੇ ਕਿਸੇ ਲਈ ਆਪ ਬੰਦੀ ਵਿਚ ਪੈ ਜਾਂਦੇ ਹਨ। ਪਾਤਸ਼ਾਹ ਤਾਂ ਆਪਣੇ ਰਾਜ ਦੇ ਫ਼ਿਕਰ ਵਿਚ ਸੱਚ ਤੋਂ ਮੂੰਹ ਮੋੜਕੇ ਚਾਲਾਂ ਨਾਲ ਨਾਤਾ ਜੋੜਦੇ ਹਨ, ਪਰ ਸਾਈਂ ਲੋਕ ਆਪਣਾ ਕਾਰਜ ਸੱਚ ਤੇ ਪ੍ਰੇਮ ਨਾਲ ਕਰਦੇ ਹੀ ਤੁਰੇ ਜਾਂਦੇ ਹਨ। ਗਵਾਲੀਯਰ ਦਾ ਕਿਲ੍ਹਾ ਇਕ ਤਰ੍ਹਾਂ ਦਾ ਰਾਜਸੀ ਬੰਦੀ ਘਰ ਬਣ ਗਿਆ ਹੈ। ਉਥੇ ਰਾਜੇ, ਮਹਾਰਾਜੇ, ਅਮੀਰ, ਜਗੀਰਦਾਰ, ਜੋ ਪਾਤਸ਼ਾਹੀ ਕਹਿਰ ਹੇਠ ਆਉਂਦੇ ਹਨ, ਬੰਦ ਕੀਤੇ ਜਾਂਦੇ ਹਨ ਅਰ ਅਕਸਰ ਲੋਕ ਬੇਗੁਨਾਹ ਉੱਥੇ ਕੈਦ ਹਨ। ਫੇਰ ਕਿਹਾ ਤਾਂ ਇਹ ਜਾਂਦਾ ਹੈ ਕਿ ਉਹਨਾਂ ਲਈ ਸਾਰੇ ਆਰਾਮ ਦੇ ਸਾਮਾਨ ਓਥੇ ਹਨ ਅਰ ਓਹ ਕੈਦ ਨਹੀਂ ਹਨ ਕੇਵਲ ਨਜ਼ਰਬੰਦ ਹਨ, ਪਰ ਅਸਲ ਗੱਲ ਇਹ ਹੈ ਕਿ ਉਹ ਧੋਖੇ ਨਾਲ ਮਾਰੇ ਪਏ ਹਨ, ਉਨ੍ਹਾਂ ਦੀ ਦਸ਼ਾ ਕੈਦੀਆਂ ਨਾਲੋਂ ਬੁਰੀ ਹੈ। ਓਥੇ ਅਪ੍ਰਾਧੀ ਲੋਕ ਨਹੀਂ ਹਨ, ਪਰ ਕੇਵਲ ਉਹ, ਜਿਨ੍ਹਾਂ ਪਰ ਪਾਤਸ਼ਾਹ ਨੂੰ ਕੋਈ ਝੂਠਾ ਸੱਚਾ ਸ਼ੱਕ ਪੈ ਗਿਆ ਹੋਵੇ। ਓਹ ਸ਼ੱਕ ਦੂਰ ਕਰਨ ਦੇ ਸਮੇਂ ਤਕ ਕੈਦ ਕੀਤੇ ਜਾਂਦੇ ਹਨ, ਪਰ ਫੇਰ ਕੋਈ ਨਹੀਂ ਪੁੱਛਦਾ ਕਿ ਕੀਹ ਹੋਇਆ ਤੇ ਕੀਹ ਬਣੇਗਾ। ਵਿਚਾਰੇ ਉਥੇ ਹੀ ਸੜ ਸੜ ਮਰਦੇ

ਹਨ। ਕਿਸੇ ਵਜ਼ੀਰ ਅਮੀਰ ਨੇ ਕਿਸੇ ਤੋਂ ਬਦਲਾ ਲੈਣਾ ਹੋਵੇ ਤਦ ਪਾਤਸ਼ਾਹ ਨੂੰ ਕਿਸੇ ਫਰੇਬ ਵਿਚ ਲਿਆਕੇ ਵੈਰੀ ਨੂੰ ਗੁਆਲੀਯਰ ਭਿਜਵਾ ਦਿੱਤਾ, ਬਸ ਫੇਰ ਕਿਨ੍ਹੇ ਸੁੱਧ ਲੈਣੀ ਹੈ? ਉਥੋਂ ਦੇ ਦੁੱਖ ਕਹੇ ਨਹੀਂ ਜਾਂਦੇ। ਬੜੇ ਬੜੇ ਅਮੀਰਾਂ ਦੇ ਪੁਤ੍ਰ, ਮਾਵਾਂ ਦੇ ਇਕਲੋਤੇ ਲਾਲ, ਭੈਣਾਂ ਦੇ ਨਿਰਦੋਸ਼ ਵੀਰ ਤੇ ਇਸਤ੍ਰੀਆਂ ਦੇ ਪ੍ਰਾਣ ਪਿਆਰੇ ਪਤੀ ਵਰਿਹਾਂ ਤੋਂ ਵਿਛੁੜੇ ਪਏ ਵਿਲਪ ਰਹੇ ਹਨ। ਕਪੜੇ ਉਨ੍ਹਾ ਦੇ ਮੈਲੇ, ਅੰਨ ਮੋਟਾ ਤੇ ਕਿਲ੍ਹੇ ਤੋਂ ਬਾਹਰ ਨਿਕਲਣਾ ਬੰਦ ਹੈ। ਐਸੇ ਮਹਾਂ ਸੰਕਟ ਵਿਚ ਫਸੇ ਨਿਰਦੋਸ਼ੀਆਂ ਦੀ ਕਲਿਆਣ ਨਮਿੱਤ ਸਾਡੇ ਗੁਰੂ ਗੁਸਾਈਂ ਆਪ ਬੰਦੀ ਵਿਚ ਪਏ ਹਨ। ਜਿੱਕੂੰ ਸੱਚਖੰਡ ਵਿਚੋਂ ਸਾਡਾ ਉਧਾਰ ਕਰਨ ਵਾਸਤੇ ਮਨੁੱਖ ਬਣਕੇ ਮਾਤਲੋਕ ਵਿਚ ਆਏ, ਏਸੇ ਤਰ੍ਹਾਂ ਮਾਤਲੋਕ ਦੀ ਖੁੱਲ੍ਹ ਦੇ ਮੰਡਲ ਵਿਚੋਂ ਨਿਕਲਕੇ ਗੁਆਲੀਯਰ ਦੇ ਬੰਦੀ ਘਰ ਵਿਚ ਬੰਦੀ ਹੋ ਕੇ ਪਹੁੰਚੇ ਹਨ। ਸਭ ਤੋਂ ਪਹਿਲੇ ਤਾਂ ਕਿਲ੍ਹੇ ਦੇ ਕਿਲ੍ਹੇਦਾਰ ਹਰਿਦਾਸ ਨੂੰ ਸੁਮੱਤ ਬਖਸ਼ੀ ਨੇ ਤੇ ਉਸ ਦੀ ਆਤਮਾ ਵਿਚ ਇਨਸਾਫ਼ ਤੇ ਦਇਆ ਦਾ ਭਾਵ ਭਰਿਆ ਨੇ। ਹੁਣ ਉਸ ਦੇ ਮਨ ਪਰਮੇਸ਼ਰ ਦਾ ਭੈ ਪਿਆ ਹੈ ਅਰ ਉਹ ਸਮਝਦਾ ਹੈ, ਕਿ ਜੋ ਦੁੱਖ ਇਨ੍ਹਾਂ ਬੰਦੀਆਂ ਨੂੰ ਹੈ, ਜੇ ਮੈਂ ਬੰਦੀ ਵਿਚ ਹੋਵਾਂ ਤਦ ਇਸ ਦੁੱਖ ਨੂੰ ਕੀ ਸਮਝਾਂ? ਇਸ ਤਰ੍ਹਾਂ ਦੇ ਉਪਦੇਸ਼ਾਂ ਤੇ ਗੁਰੂ ਜੀ ਦੀ ਮਿਹਰ ਨਾਲ ਉਸ ਨੂੰ ਸਮਝ ਆ ਗਈ ਹੈ, ਉਹ ਸਿਮਰਨ ਵਲ ਲਗ ਪਿਆ ਹੈ ਤੇ ਦਇਆ ਬੀ ਉਸ ਵਿਚ ਆ ਗਈ ਹੈ। ਹੁਣ ਉਥੋਂ ਦੇ ਕੈਦੀ ਦੁੱਖੀ ਦਲਿੱਦਰੀ ਨਹੀਂ ਹਨ, ਪਰ ਸੁਥਰੇ ਰਹਿਣ ਵਾਲੇ ਅਮੀਰਾਂ ਦੇ ਪੁਤਰ ਹਨ ਤੇ ਕਿਸੇ ਬਾਤ ਦੀ ਤੰਗੀ ਨਹੀਂ ਹੈ। ਪਰ ਉਨ੍ਹਾਂ ਦੇ ਮਨ ਕਠੋਰ ਤੇ ਸੰਸਾਰਕ ਸਨ ਤੇ ਉਤੋਂ ਪੈ ਗਈ ਸਰੀਰ ਦੀ ਕੈਦ, ਸੋ ਸਤਿਗੁਰ ਜੀ ਦੋਹਾਂ ਦਾ ਦਾਰੂ ਕਰ ਰਹੇ ਹਨ। ਰੋਜ਼ ਦੀਵਾਨ ਲਗਦਾ ਹੈ, ਮਹਾਰਾਜ ਜੀ ਅੰਮ੍ਰਿਤ ਵਰਖਾ ਕਰਦੇ ਹਨ, ਕੀਰਤਨ ਹੁੰਦਾ ਹੈ, ਜਿਸਦੇ ਕਿ ਅਸਰ ਨਾਲ ਸਾਰੇ ਲੋਕਾਂ ਦੇ ਮਨ ਸਾਫ਼ ਹੋ ਰਹੇ ਹਨ। ਗੁਰੂ ਜੀ ਕਹਿੰਦੇ ਹੀ ਨਹੀਂ, ਸਗੋਂ ਕਰਕੇ ਵਿਖਾਉਂਦੇ ਹਨ। ਕਿਲ੍ਹੇ ਵਿਚ ਜਾ ਕੇ ਸਤਿਗੁਰਾਂ ਨੇ ਤ੍ਰੈ ਦਿਨ ਅੰਨ ਨਹੀਂ ਖਾਧਾ, ਕਿਹਾ ਕਿ ਇਹ ਜ਼ੁਲਮ ਨਾਲ ਕੱਠੀ ਕੀਤੀ ਹੋਈ ਰਾਜ-ਅੰਸ਼ ਹੈ। ਇਸ ਤਰ੍ਹਾਂ ਪਹਿਲੇ ਸਤਿਗੁਰਾਂ ਨੇ ਮਲਕ ਭਾਗੋ ਦੀ ਰਾਜ-ਅੰਸ਼ ਅੰਗੀਕਾਰ ਨਹੀਂ ਸੀ ਕੀਤੀ, ਪਰ ਭਾਈ ਲਾਲੋ ਦਾ ਕੋਧਰਾ ਖਾਧਾ ਸੀ, ਤਿਵੇਂ ਸਤਿਗੁਰਾਂ ਨੇ ਇੱਥੇ ਰਾਜਸੀ ਅੰਨ, ਜਿਨ੍ਹਾਂ ਵਿਚ ਗ਼ਰੀਬਾਂ ਦੇ ਲਹੂ ਦਾ ਰੰਗ ਭਰਿਆ ਪਿਆ ਹੈ, ਨਹੀਂ ਖਾਧਾ। ਅੰਤ ਜਦ ਭਾਈ ਜੇਠੇ ਪਿਰਾਣੇ ਨੇ ਅਤਿ ਬੇਨਤੀ ਕੀਤੀ ਤਦ ਸਤਿਗੁਰਾਂ ਨੇ ਕਿਹਾ ਕਿ ਤੁਸੀਂ ਜਾ ਕੇ ਦਸਾਂ ਨਵ੍ਹਾਂ ਦੀ ਮਿਹਨਤ ਕਰਕੇ ਮਜ਼ਦੂਰੀ ਦੇ ਪੈਸੇ ਕਮਾਓ, ਉਸ ਦਾ ਅੰਨ ਬਣਾਓ, ਆਪ ਬੀ ਛਕੋ ਤੇ ਅਸੀਂ ਬੀ ਛਕਾਂਗੇ। ਦੋਵੇਂ ਪ੍ਰੇਮੀ ਸ਼ਹਿਰ ਜਾ ਕੇ ਕਿਰਤ ਕਰਦੇ ਹਨ ਅਰ ਕਿਰਤ ਦਾ ਸੁੱਚਾ ਭੋਜਨ-ਦੁੱਧ ਦੀਆਂ ਧਾਰਾਂ ਵਾਲਾ ਭੋਜਨ-ਲਿਆਕੇ ਛੇਵੇਂ ਗੁਰੂ ਨਾਨਕ ਨੂੰ ਛਕਾਉਂਦੇ ਹਨ। ਇਸ ਕਰਨੀ ਨੂੰ ਵੇਖ ਕੇ ਸਭ ਲੋਕ ਅਸਚਰਜ ਹਨ। ਉਨ੍ਹਾਂ ਦੀ ਰਹਿਣੀ ਬਹਿਣੀ ਤੇ ਆਤਮ ਸੱਤਜਾ ਨੂੰ ਵੇਖਕੇ ਸਾਰੇ ਨਿਸਚੇ ਵਿਚ ਆ ਗਏ ਹਨ ਕਿ ਗੁਰੂ ਜੀ ਐਸੇ ਸੰਕਟ ਵਿਚ ਬੀ ਆਪਣੇ ਅਸੂਲਾਂ ਤੋਂ ਨਹੀਂ ਡਿੱਗਦੇ। ਮਹਾਰਾਜ ਜੀ ਨੇ ਉਨ੍ਹਾਂ ਸਰਦਾਰਾਂ ਅਮੀਰਾਂ ਨੂੰ ਦੱਸ ਦਿਤਾ ਹੈ ਕਿ ਜੋ ਮਾਇਆ ਤੁਹਾਡੇ ਪਾਸ ਹੈ ਇਹ ਪਰਜਾ ਦੀ ਹੈ, ਤੁਹਾਡੀ ਨਹੀਂ ਹੈ। ਤੁਸੀਂ ਏਸ ਨੂੰ ਆਪਣੀ ਸਮਝਦੇ ਹੋ, ਪਰ ਇਹ ਪਰਾਈ ਹੈ। ਜਿਤਨੇ ਕਲੇਸ਼ ਤੁਹਾਨੂੰ ਹਨ, ਇਸ ਪਰਾਈ ਨੂੰ ਆਪਣੀ ਕਰਨ ਦੇ ਹਨ। ਜੇ ਤੁਸੀਂ ਪਰਜਾ ਦੇ ਸੇਵਕ ਬਣੋ ਅਰ ਪਰਜਾ ਦਾ ਧਨ ਪਰਜਾ ਤੋਂ ਨਾ ਖੋਹਵੋ

ਤੇ ਜੋ ਹਾਲੇ ਦਾ ਉਨ੍ਹਾਂ ਤੋਂ ਲਵੋ ਉਨ੍ਹਾਂ ਦੇ ਸੁੱਖਾਂ ਵਿਚ ਖਰਚ ਕਰੋ ਤਦ ਤੁਹਾਡੀ ਆਤਮਾ ਸੁੱਖੀ ਹੋਵੇ ਅਰ ਪਰਜਾ ਖੀ ਸੁੱਖੀ ਵਸੇ। ਜਿਸ ਸਲੂਕ ਤੋਂ ਤੁਸੀਂ ਏਥੇ ਹੋ ਤੇ ਦੁੱਖੀ ਹੋ, ਸਮਝ ਲਓ ਕਿ ਤੁਹਾਡੇ ਐਸੇ ਸਲੂਕਾਂ ਤੋਂ ਤੁਹਾਡੀ ਪਰਜਾ ਤੁਹਾਡੇ ਵਾਂਙੂ ਦੁੱਖੀ ਹੁੰਦੀ ਹੋਵੇਗੀ। ਜੇ ਤੁਹਾਨੂੰ ਦੇਸ਼ ਦੇ ਸ਼ਹਿਨਸ਼ਾਹ ਤੇ ਰੋਸ ਹੈ ਤਦ ਸਮਝ ਲਵੋ ਕਿ ਤੁਹਾਡੇ ਬੁਰੇ ਸਲੂਕ ਤੋਂ ਤੁਹਾਡੀ ਪਰਜਾ ਨੂੰ ਤੁਹਾਡੇ ਤੇ ਰੋਸ ਹੁੰਦਾ ਹੋਊ। ਫੇਰ ਜਦ ਇਹ ਗੱਲ ਹੈ ਤਦ ਤੁਸੀਂ ਕਿਉਂ ਨਾ ਦੂਸਰਿਆਂ ਨਾਲ ਨੇਕ ਸਲੂਕ ਕਰੋ? ਜਦ ਤੁਹਾਡਾ ਜੀ ਸੁਖ ਲੈਣਾ ਲੋਚਦਾ ਹੈ। ਤੁਸੀਂ ਆਪ ਤਾਂ ਸੁਖ ਲੈਣ ਦੀ ਇੱਛਾ ਰੱਖਦੇ ਹੋ ਤੇ ਦੇਂਦੇ ਦੁੱਖ ਹੋ, ਕੀਹ ਤੁਸੀਂ ਵਿਹੁ ਨਹੀਂ ਬੀਜਦੇ ਤੇ ਅੰਮ੍ਰਿਤ ਵੱਢਣ ਦੀ ਆਸ ਕਰਨ ਵਿਚ ਭੁੱਲ ਨਹੀਂ ਕਰਦੇ?

ਇਸ ਪ੍ਰਕਾਰ ਦੇ ਉਪਦੇਸ਼ ਹੁੰਦੇ ਰਹਿੰਦੇ ਹਨ, ਜਿਨ੍ਹਾਂ ਦਾ ਅਸਰ ਇਹ ਪਿਆ ਹੈ ਕਿ ਸਭ ਕੈਦੀਆਂ ਦੀ ਮੂਰਖਤਾ ਦੇ ਛੌੜ ਕੱਟੇ ਗਏ ਹਨ। ਸਭ ਤਰਸਦੇ ਹਨ ਕਿ ਇਕ ਵੇਰੀ ਛੁਟਕਾਰਾ ਮਿਲੇ ਤਦ ਆਪਣੇ ਆਪਣੇ ਇਲਾਕਿਆਂ ਵਿਚ ਦਿਲੋਂ ਸੰਨਿਆਸੀ ਹੋ ਕੇ ਰਾਜ ਕਰੀਏ ਅਰ ਪਰਜਾ ਨੂੰ ਉਹ ਸੁੱਖ ਦੇਈਏ ਕਿ ਦੁੱਖ ਦਾ ਨਾਉਂ ਨਾ ਰਹੇ।

ਸੋ ਪਿਆਰਿਓ! ਐਡੇ ਕਰੜੇ ਕਿਲ੍ਹੇ ਦੇ ਦਰੋਗੇ ਹਰਿਦਾਸ ਦਾ ਜੀਵਨ ਸੁਧਾਰ ਦੇਣਾ, ਹਜ਼ਾਰਾਂ ਨਿਰ-ਅਪ੍ਰਾਧ ਲੋਕਾਂ ਦਾ ਭਲਾ ਕਰਨਾ ਹੈ। ਫੇਰ ਕੈਦੀਆਂ ਨੂੰ ਸੱਚੀ ਜ਼ਿੰਦਗੀ ਵਿਚ ਜਨਮ ਦੇਣਾ ਕਿਤਨੇ ਜੀਵਾਂ ਦਾ ਭਲਾ ਹੈ, ਜਿਨ੍ਹਾਂ ਨੂੰ ਉਨ੍ਹਾਂ ਨਾਲ ਵਾਹ ਪੈਣਾ ਹੈ। ਫੇਰ ਵੇਖੋ ਸਤਿਗੁਰੂ ਜੀ ਇਸ ਆਸ਼ਯ ਵਿਚ ਬੈਠੇ ਹਨ ਕਿ ਜਦ ਤਕ ਪਾਤਸ਼ਾਹ ਸਾਰੇ ਕੈਦੀਆਂ ਨੂੰ ਨਾ ਛੱਡੇ ਅਸੀਂ ਏਥੋਂ ਨਹੀਂ ਨਿਕਲਣਾ। ਅਸੀਂ ਸੁਆਰਥੀ ਨਹੀਂ ਹਾਂ, ਜੋ ਆਪਣੇ ਛੁਟਕਾਰੇ ਦੇ ਪਿਆਰੇ ਹਾਂ। ਅਸੀਂ ਤਾਂ ਦੁੱਖ ਨਹੀਂ ਦੇਖ ਸਕਦੇ। ਇੱਥੇ ਅਸੀਂ ਆਏ ਹਾਂ, ਅਸੀਂ ਚਾਹੁੰਦੇ ਹਾਂ ਕਿ ਇੱਥੋਂ ਦਾ ਦੁੱਖ ਦੂਰ ਹੋਵੇ, ਨਾ ਕਿ ਅਸੀਂ ਨਿਰੇ ਏਸ ਦੁੱਖ ਤੋਂ ਛੁੱਟ ਜਾਈਏ ਤੇ ਹੋਰ ਫਸੇ ਰਹਿਣ। ਇਹ ਗੱਲ ਸਾਰੇ ਰਾਜਸੀ ਕੈਦੀਆਂ ਨੂੰ ਪਤਾ ਹੈ ਤੇ ਗੁਰੂ ਜੀ ਨੂੰ ਓਹ 'ਬੰਦੀ-ਛੋੜ' ਕਹਿਣ ਲੱਗ ਪਏ ਹਨ*।

ਭਾਈ ਬੁੱਢਾ ਜੀ ਨੂੰ ਗੁਰੂ ਜੀ ਨੇ ਆਪਣੀ ਸੈਨਾਂ ਤੇ ਘੋੜਿਆਂ ਸਮੇਤ ਦਿੱਲੀ ਛੱਡਿਆ ਹੈ ਕਿ ਜਦੋਂ ਤਕ ਨਾ ਸੱਦਾਂਗੇ ਤਦੋਂ ਤੱਕ ਉੱਥੇ ਹੀ ਠਹਿਰੇ। ਦਾਸਾਂ ਨੂੰ ਆਗਾਜਾ ਹੋਈ ਸੀ ਕਿ ਛੇਤੀ ਹੀ ਅੰਮ੍ਰਿਤਸਰ ਜਾਵੋ, ਮਾਤਾ ਜੀ, ਸਭ ਸਿੱਖ ਸੰਗਤ, ਪਰਿਵਾਰ ਨੂੰ ਧੀਰਜ ਦਿਓ ਕਿ ਅਸੀਂ ਸਹੀ ਸਲਾਮਤ ਆਵਾਂਗੇ, ਫਿਕਰ ਨਾ ਕਰੋ। ਸੋ ਹੇ ਪਿਆਰੇ ਮਿੱਤਰੋ ਤੇ ਵਡੇਰੇ ਸੱਜਣੋਂ! ਸਤਿਗੁਰਾਂ ਦੇ ਕੌਤਕਾਂ ਪਰ ਘਬਰਾਉਣ ਦੀ ਥਾਂ ਨਹੀਂ, ਉਨ੍ਹਾਂ ਦਾ ਹਰ ਖੇਲ ਐਸਾ ਪ੍ਰਯੋਜਨ ਵਾਲਾ ਹੁੰਦਾ ਹੈ ਕਿ ਅਸੀਂ ਸਮਝ ਨਹੀਂ ਸਕਦੇ ਅਰ ਆਪਣੀ ਅਲਪੱਗਤਾ ਦੇ ਕਾਰਨ ਛੇਤੀ ਹੀ ਘਾਬਰ ਜਾਂਦੇ ਹਾਂ ਤੇ ਡੋਲਦੇ ਹਾਂ। ਸ੍ਰੀ ਗੁਰੂ ਜੀ ਉਨ੍ਹਾਂ ਦੀਨ ਦੁਖੀਆਂ ਦੀ, ਜਿਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ, ਕਲਿਆਣ ਕਰਕੇ ਛੇਤੀ ਆ ਕੇ ਸਾਨੂੰ ਦਰਸ਼ਨ ਦੇਣਗੇ।

* ਅੰਤ ਐਸਾ ਹੀ ਹੋਇਆ ਕਿ ਸ੍ਰੀ ਗੁਰੂ ਜੀ ਦੇ ਯਤਨ ਨਾਲ ਸਾਰੇ ਕੈਦੀ ਛੁੱਟ ਗਏ। ਛੇਵੇਂ ਗੁਰਾਂ ਦਾ ਨਾਮ 'ਬੰਦੀ-ਛੋੜ' ਤਦ ਤੋਂ ਹੀ ਪਿਆ ਹੈ। ਗਵਾਲੀਅਰ ਦੇ ਕਿਲੇ ਵਿਚ ਅਜ ਤਕ ਇਕ ਥੜਾ ਜਿਹਾ ਦੱਸੀਦਾ ਹੈ, ਜਿਸ ਨੂੰ 'ਬੰਦੀ-ਛੋੜ' ਦੀ ਜਗ੍ਹਾ ਦੱਸਦੇ ਹਨ।


www.sikhbookclub.com

# ੨੫. ਬੰਦੀ-ਛੋੜ

**ਗੁਰੂ ਜੀ** ਦੇ ਗਵਾਲੀਯਰ ਜਾਣ ਤੋਂ ਚੰਦੂ ਬੜਾ ਪ੍ਰਸੰਨ ਹੋਇਆ, ਜੋਤਸ਼ੀ ਨੂੰ ਖੁਲ੍ਹੇ ਇਨਾਮ ਦਿਤੇ। ਮਕੜੀ ਵਾਂਗ ਜਾਲ ਵਿਛਾਕੇ ਉਸਨੇ ਬਾਦਸ਼ਾਹ ਤਕ ਗੁਰੂ ਜੀ ਦੇ ਸਮਾਚਾਰ ਪੁਜਣ ਵਿਚ ਰੁਕਾਵਟ ਪਾ ਦਿਤੀ, ਬਾਦਸ਼ਾਹ ਵਲੋਂ ਜੋ ਰੋਜ਼ੀਨਾ ਨੀਯਤ ਸੀ, ਉਹ ਬਾਕਾਇਦਾ ਪੁਜ ਜਾਂਦਾ ਰਿਹਾ[੧] ਪਰ ਬਾਦਸ਼ਾਹ ਨੂੰ ਇਹ ਗਲ ਇਕ ਤਰ੍ਹਾਂ ਨਾਲ ਭੁਲਾ ਦਿਤੀ ਗਈ ਕਿ ਉਸਨੇ ਗੁਰੂ ਸਾਹਿਬ ਨੂੰ ਗਵਾਲੀਯਰ ਦੇ ਕਿਲ੍ਹੇ ਵਿਚ ਭੇਜਿਆ ਹੋਇਆ ਹੈ।

ਸਿਖ ਗੁਰੂ ਜੀ ਦੇ ਦਰਸ਼ਨਾਂ ਤੋਂ ਵੰਚਤ ਹੋ ਜਲ-ਬਹੀਨ ਮਛਲੀ ਵਾਂਗ ਤੜਫੜਾ ਉਠੇ, ਸੰਗਤਾਂ ਗਵਾਲੀਯਰ ਪੁਜਣ ਤੇ ਆਪਣੀ ਸ਼ਰਧਾ ਦਸਣ ਲਗੀਆਂ[੨]।

ਮੁਖੀ ਸਿੱਖਾਂ ਵਿਚ ਇਸ ਗਲ ਦੀ ਚਰਚਾ ਚਲੀ, ਭਾਈ ਪਿਰਾਣਾ ਤੇ ਜੇਠਾ ਜੀ ਤੋਂ ਗੁਰੂ ਜੀ ਦਾ ਵਿਛੋੜਾ ਨਾ ਸਹਾਰਿਆ ਗਿਆ। ਆਤਮ ਸਤਜਤਾ ਨਾਲ ਉਹਨਾਂ ਨੇ ਬਾਦਸ਼ਾਹ ਨੂੰ ਸੁਪਨੇ ਵਿਚ ਡਰਾਇਆ[੩]। ਸ਼ੇਰ ਸੁਪਨੇ ਤੋਂ ਬਾਦਸ਼ਾਹ ਬੜਾ ਵਿਆਕੁਲ ਹੋਇਆ ਪ੍ਰੰਤੂ ਚੰਦੂ ਤੇ ਉਹਦੇ ਸਾਥੀਆਂ ਨੇ ਇਸ ਤੋਂ ਵੀ ਲਾਭ ਉਠਾਇਆ ਤੇ ਬਾਦਸ਼ਾਹ ਨੂੰ ਕਿਹਾ ਕਿ ਨਜੂਮੀ ਨੇ ਜੇਹੜੀ ਤੁਹਾਨੂੰ ਗਲ ਦਸੀ ਸੀ, ਉਹ ਠੀਕ ਹੈ, "ਤੁਹਾਡੇ ਤੇ ਅਜਕਲ ਮਾੜੇ ਗ੍ਰਹਿ ਆਏ ਹੋਏ ਹਨ, ਗੁਰੂ ਹਰਿ ਗੋਬਿੰਦ ਸਾਹਿਬ ਨੂੰ ਕੁਛ ਚਿਰ ਗਵਾਲੀਯਰ ਹੋਰ ਬੈਠੇ ਰਹਿਣ ਦੇਣਾ ਚਾਹੀਦਾ ਹੈ, ਜੋ ਉਹਨਾਂ ਦੇ ਜਪ ਨਾਲ ਤੁਹਾਡੀ ਬਲਾ ਟਲ ਜਾਏ।

ਭਾਈ ਜੇਠੇ ਨੇ ਜਦ ਵੇਖਿਆ ਕਿ ਸ਼ੇਰ ਦੇ ਡਰ ਦੇ ਹੋਰ ਅਰਥ ਲਏ ਗਏ ਹਨ ਤਦ ਉਹ ਹਕੀਮ ਬਣ ਕੇ ਬਾਦਸ਼ਾਹ ਪਾਸ ਪੁਜਾ। ਉਸਨੂੰ ਉਹਦੇ ਰੋਗ ਦੀ ਸਾਰੀ ਹਕੀਕਤ ਦਸੀ ਤੇ ਉਹਦਾ ਇਲਾਜ ਦਸਿਆ ਕਿ ਜੇ ਕਦੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗਵਾਲੀਯਰ ਤੋਂ ਛੇਤੀ ਨਾ ਸਦਿਆ ਗਿਆ ਤਦ ਤੁਹਾਡੀ ਜਾਨ ਦੀ ਖ਼ੈਰ ਨਹੀਂ। ਇਹ ਗਲ ਸੁਨ ਬਾਦਸ਼ਾਹ ਦੇ ਦਿਲ ਲਗੀ ਤੇ ਵਜ਼ੀਰ ਖਾਂ ਨੂੰ, ਜੋ ਗੁਰੂ ਸਾਹਿਬ ਦਾ ਸ਼ਰਧਾਲੂ ਤੇ ਬਾਦਸ਼ਾਹ ਦਾ ਵਜ਼ੀਰ ਸੀ, ਸਦ ਕੇ ਗੁਰੂ ਸਾਹਿਬ ਪਾਸ ਭੇਜਿਆ।

---

੧. (ਗੁਰੂ ਜੀ) ਜਿਸ ਕਦਰ ਰੋਜ਼ੀਨਾ ਬਾਦਸ਼ਾਹ ਸੇ ਆਤਾ, ਵੋਹ ਕਿਲ੍ਹੇ ਕੇ ਕੈਦੀਓਂ ਕੋ ਬਾਂਟ ਦੇਤੇ ਔਰ ਖ਼ੁਦ ਅਪਨੇ ਘਰ ਸੇ ਰੁਪਯਾ ਮੰਗਵਾ ਕਰ ਖਰਚ ਕਰਤੇ।

{ਘਨ੍ਹੈਯਾ ਲਾਲ ਸਫ਼ਾ ੩੧}

੨. ਦੌਰਾਨੇ ਹੰਗਾਮ ਮਸੰਦਾਨ ਵ ਸਿੱਖਾਂ ਮੇਰਫਤੰਦ ਵ ਦੀਵਾਰੇ ਕਿਲ੍ਹਾ ਰਾ ਸਜਦਹ ਮੇਕਰਦੰਦ।

{ਦਬਿਸਤਾਨੇ ਮਜ਼ਾਹਬ ਸਫਾ ੨੩੪}

ਅਰਥ-ਉਸ ਸਮੇਂ ਮਸੰਦ ਤੇ ਸਿੱਖ ਜਾਂਦੇ ਸਨ ਤੇ ਕਿਲ੍ਹੇ ਦੀ ਦਿਵਾਰ ਨੂੰ ਮੱਥਾ ਟੇਕਦੇ ਸਨ।

੩. ਗੁਰੂ ਜੀ ਕਾ ਏਕ ਸਿਖ, ਜਿਸਕਾ ਨਾਮ ਜੇਠਾ ਥਾ, ਸ਼ੇਰ ਕੀ ਸ਼ਕਲ ਬਨਾ ਕਰ ਬਾਦਸ਼ਾਹ ਕੀ ਖ੍ਵਾਬ ਮੇਂ ਆਇਆ ਔਰ ਯਾਦ ਦਿਲਾਇਆ ਕਿ ਗੁਰੂ ਜੀ ਕੋ ਕਿਲ੍ਹਾ ਗਵਾਲੀਅਰ ਸੇ ਮੰਗਾਏ।

{ਘਨ੍ਹੈਯਾ ਲਾਲ ਸਫ਼ਾ ੩੧}


www.sikhbookclub.com

ਇਸਨੇ ਬੇਨਤੀ ਕੀਤੀ ਕਿ ਬਾਦਸ਼ਾਹ ਆਪ ਦੇ ਦਰਸ਼ਨਾਂ ਦੀ ਤਾਂਘ ਕਰ ਰਿਹਾ ਹੈ, ਕ੍ਰਿਪਾ ਕਰੋ ਤੇ ਦਰਸ਼ਨ ਦੇਵੋ, ਉੱਤਰ ਵਿਚ:-

ਗੁਰੂ ਕਹਜੋ 'ਇਸ ਥਾਨ ਸੁਖਾਰੈ'। ਏਕਲ ਸਿਮਰਹਿ ਸਿਰਜਨ ਹਾਰੈ।
ਹਮ ਜਬਿ ਕੇ ਇਸ ਦੁਰਗ ਪ੍ਰਵੇਸੇ। ਨ੍ਰਿਪ ਕੈਦੀ ਸੁਖ ਪਾਇ ਵਿਸ਼ੇਸ਼ੇ॥੧੪॥

{ਗੁ: ਪ੍ਰ: ਸੂ:। ਰਾ: ੪, ਅੰਸੂ ੬੩। ੨੪੯੧}

ਅਰਥ-ਇੱਥੇ ਇਕਾਂਤ ਵਿਚ ਬੈਠੇ ਵਾਹਿਗੁਰੂ ਚਿੰਤਨ ਕਰ ਰਹੇ ਹਾਂ। ਜਦ ਤੋਂ ਅਸੀਂ ਇੱਥੇ ਆਏ ਹਾਂ, ਇੱਥੋਂ ਦੇ ਕੈਦੀ ਰਾਜਿਆਂ ਦੇ ਕਸ਼ਟ ਘਟ ਗਏ ਹਨ, ਇਸ ਕਰਕੇ ਅਸੀਂ ਸੁੱਖੀ ਹਾਂ।

ਗੁਰੂ ਜੀ ਦਾ ਇਹ ਉਤਰ ਸੁਣ ਕੇ ਵਜ਼ੀਰ ਖਾਂ ਵਾਪਸ ਆਇਆ ਤੇ ਬਾਦਸ਼ਾਹ ਨੂੰ ਸਾਰੀ ਹਕੀਕਤ ਦਸੀ, ਬਾਦਸ਼ਾਹ ਆਪਣੀ ਪੀੜਾ ਦੇ ਹੱਥੋਂ ਵਿਆਕੁਲ ਸੀ, ਉਹਦੇ ਲਈ ਕੁਝ ਦਿਨ ਹੋਰ ਠਹਿਰਨਾ ਕਠਨ ਸੀ, ਵਜ਼ੀਰ ਖ਼ਾਂ ਨੂੰ ਦੂਜੀ ਵੇਰ ਫਿਰ ਭੇਜਿਆ। ਗਵਾਲੀਯਰ ਦੇ ਕਿਲ੍ਹੇ ਦੇ ਕੈਦੀਆਂ ਨੂੰ ਪਤਾ ਲਗਾ ਕਿ ਬਾਦਸ਼ਾਹ ਸਤਿਗੁਰੂ ਜੀ ਨੂੰ ਸੱਦ ਰਿਹਾ ਹੈ, ਇਸ ਖਬਰ ਤੋਂ:-

ਚਿੰਤਾਤੁਰ ਉਰ ਬਯਾਕੁਲ ਹੋਏ। ਛੋਰਿ ਧੀਰ ਮਨ ਸ਼ੋਕ ਪਰੋਏ।
ਹੁਇ ਇਕੱਤ੍ਰ ਸਗਰੇ ਚਲਿ ਆਏ। ਕਰਿ ਦਰਸ਼ਨ ਪਾਇਨਿ ਲਪਟਾਏ॥੪੪॥
ਦੋ ਕਰ ਜੋਰਿ ਅਗਾਰੀ ਖਰੇ। ਨਮ੍ਰਿ ਹੋਇ ਕਿਨ ਸਿਰ ਧਰ ਧਰੇ*।
ਦੀਨ ਬਚਨ ਘਿਘਿਆਵਤ ਕੋਈ। ਸ੍ਰੀ ਗੁਰ ਤੁਮ ਤੇ ਬਡੋ ਨਾ ਹੋਈ॥੪੫॥
ਕੋ ਹਮ ਕੋ ਅਬਿ ਆਨਿ ਛੁਟਾਵੈ। ਰੱਛਕ ਤੁਮ ਬਿਨ ਅਵਰ ਨ ਪਾਵੈਂ।

{ਗੁ: ਪ੍ਰ: ਸੂ:। ਰਾ: ੪ ਅੰਸੂ ੬੩। ਪੰਨਾ ੨੪੯੩}

ਸਤਿਗੁਰੂ ਜੀ ਨੇ ਕੈਦੀ ਰਾਜਿਆਂ ਦੀ ਇਹ ਬੇਨਤੀ ਸੁਣਕੇ ਉਨ੍ਹਾਂ ਨੂੰ ਧੀਰਜ ਦਿਤਾ ਤੇ ਫੁਰਮਾਇਆ ਕਿ ਚਿੰਤਾ ਨਾ ਕਰੋ, ਅਸੀਂ ਜੇ ਜਾਵਾਂਗੇ ਤਾਂ ਤੁਹਾਨੂੰ ਨਾਲ ਲੈਕੇ ਚਲਾਂਗੇ। ਤੁਸੀਂ ਵਾਹਿਗੁਰੂ ਦਾ ਸਿਮਰਨ ਕਰੋ, ਕਿਉਂਕਿ ਉਹ ਹੀ ਸੁੱਖਾਂ ਦਾ ਰਾਸ ਤੇ ਬੰਦ ਖਲਾਸ ਕਰਨ ਵਾਲਾ ਹੈ।

ਵਜ਼ੀਰ ਖਾਂ ਨਿਰਾਸ ਹੋਕੇ ਫਿਰ ਦਿੱਲੀ ਆਇਆ, ਮੀਆਂਮੀਰ ਫ਼ਕੀਰ ਲਾਹੌਰ ਤੋਂ ਦਿੱਲੀ ਪੁਜ ਚੁਕਾ ਸੀ ਤੇ ਉਸਨੇ ਬਾਦਸ਼ਾਹ ਦੀ ਇਸ ਲਾਪ੍ਰਵਾਹੀ ਬਾਬਤ ਚੰਗੇ ਕੰਨ ਖਿਚੇ ਹੋਏ ਸਨ। ਵਜ਼ੀਰ ਖਾਂ ਨੂੰ ਖਾਲੀ ਮੁੜਿਆ ਵੇਖ ਬਾਦਸ਼ਾਹ ਨੇ ਤੀਜੀ ਵੇਰ ਭੇਜਿਆ ਤੇ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਇਸ ਵੇਰ ਨਾਲ ਲਿਆਵੇ।

ਵਜ਼ੀਰ ਖਾਂ ਨੇ ਬਾਦਸ਼ਾਹ ਵਲੋਂ ਨਿੰਮਰਤਾ ਸਹਿਤ ਅਰਦਾਸ ਕੀਤੀ। ਉੱਤਰ ਵਿੱਚ:-

ਸ੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਅਟਕ ਪਰੀ ਇਕ ਕਠਨ ਮਹਾਨਾ॥੧੦॥
ਜਬਿ ਹਮ ਪ੍ਰਵਿਸ਼ੇ ਦੁਰਗ ਮਝਾਰੀ। ਭਯੋ ਕੈਦੀਅਨਿ ਕੋ ਸੁਖ ਭਾਰੀ।

*ਸਿਰ ਧਰਤੀ ਤੇ ਧਰਿਆ।

 www.sikhbookclub.com

ਖਾਨ ਪਾਨ ਤੇ ਭਏ ਸੁਖਾਰੇ। ਛੁਟਨਿ ਭਰੋਸਾ ਮਨ ਮਹਿ ਧਾਰੇ॥੧੧॥
ਅਬ ਸੁਨਿ ਲੀਨੋ-ਸ਼ਾਹ ਹਕਾਰੇ। ਪਰੇ ਸ਼ਰਨਿ ਬਹੁ ਬਿਨੈ ਉਚਾਰੇ:-
"ਰਾਵਰਿ ਬਿਨਾਂ ਨ ਹਮ ਗਤਿ ਕਾਈ। ਕੈ ਮਾਰਹੁ ਕੈ ਦੇਹੁ ਜਿਵਾਈ॥੧੨॥
ਹਮਰੇ ਸਦਾ ਪ੍ਰਤੱਗਜਾ ਇਹੀ। ਸਰਨਿ ਪਰੇ ਕੋ ਤਜਾਗਤ ਨਹੀਂ।"

{ਗੁ: ਪ੍ਰ: ਸੂ:। ਰਾ: ੪। ਅੰਸੂ ੬੫। ਸਫਾ ੨੪੯੮, ੨੪੯੯}

ਗੁਰੂ ਜੀ ਨੇ ਕਿਹਾ ਕਿ ਹੁਣ ਬੜੀ ਕਠਨਤਾ ਬਣ ਗਈ ਹੈ, ਕਿਲ੍ਹੇ ਦੇ ਕੈਦੀ ਰਾਜੇ ਸਾਡੀ ਸ਼ਰਨ ਆ ਗਏ ਹਨ। ਸਾਡੀ ਸਦਾ ਤੋਂ ਇਹ ਪ੍ਰਤਗਜਾ ਰਹੀ ਹੈ ਕਿ ਸ਼ਰਨ ਪਏ ਨੂੰ ਨਹੀਂ ਛਡਣਾ, ਸੋ ਜੋ ਇਸ ਕਿਲ੍ਹੇ ਵਿਚ ਅਸੀਂ ਬਾਹਰ ਆਵਾਂਗੇ ਤਾਂ ਉਸੇ ਹਾਲ ਵਿਚ ਜਦ ਕਿ ਇਹਨਾਂ ਨੂੰ ਸਾਥ ਲੈ ਚਲਾਂਗੇ।

ਵਜ਼ੀਰ ਖਾਂ ਤੀਜੀ ਵਾਰ ਫਿਰ ਵਾਪਿਸ ਆ ਗਿਆ ਤੇ ਬਾਦਸ਼ਾਹ ਨੂੰ ਕਹਿਆ ਕਿ ਜਦ ਤਕ ਕੈਦੀ ਰਾਜੇ ਨਾ ਛੱਡੇ ਜਾਣ, ਗੁਰੂ ਜੀ ਕਿਲ੍ਹੇ ਵਿਚੋਂ ਬਾਹਰ ਨਹੀਂ ਆਉਣਗੇ।

ਜਹਾਂਗੀਰ ਸੋਚਾਂ ਵਿਚ ਪੈ ਗਿਆ, ਇਕ ਪਾਸੇ ਇਸ ਗਲ ਦਾ ਡਰ ਸੀ ਕਿ ਜੇ ਸਾਰੇ ਕੈਦੀ ਰਾਜੇ ਛੱਡ ਦਿਤੇ ਤਦ ਸੰਭਵ ਹੈ ਕਿ ਇਹ ਬਾਹਰ ਆਣਕੇ ਰਾਜ ਵਿਦ੍ਰੋਹ ਕਰ ਦੇਣ, ਦੂਜੇ ਪਾਸੇ ਆਪਣੀ ਜਾਨ ਦੇ ਲਾਲੇ ਪੈ ਰਹੇ ਸਨ, ਵਜ਼ੀਰ ਖਾਂ ਨੂੰ ਕਹਿਣ ਲੱਗਾ ਕਿ ਜੇ ਕਦੀ ਹਿੰਦੂ ਰਾਜੇ ਜੁਰਮਾਨੇ ਵਜੋਂ ਕੁਛ ਰਕਮ ਦੇ ਦੇਣ ਤਦ ਛੱਡੇ ਜਾ ਸਕਦੇ ਹਨ! ਵਜ਼ੀਰ ਖਾਂ ਨੇ ਸਮਝਾਇਆ ਕਿ ਹੁਣ ਉਨ੍ਹਾਂ ਰਾਜਿਆਂ ਨੂੰ ਛੱਡਣਾ ਹੀ ਬਣੇਗਾ। ਮੀਆਂ ਮੀਰ ਫ਼ਕੀਰ ਨੇ ਵੀ ਜਹਾਂਗੀਰ ਨੂੰ ਇਸ ਅਗਜਾਤਪੁਣੇ ਤੋਂ ਸੁਚੇਤ ਕੀਤਾ। ਬਾਦਸ਼ਾਹ ਭੈ ਭੀਤ ਤਾਂ ਸੀ ਹੀ, ਮੀਆਂ ਮੀਰ ਦੀ ਜ਼ਬਾਨੀ ਇਹ ਗੱਲ ਸੁਣਕੇ, ਗੁਰੂ ਜੀ ਦੇ ਗਵਾਲੀਅਰ ਤੋਂ ਸਦਵਾਨ ਲਈ ਹੋਰ ਛੇਤੀ ਕਰਨ ਲੱਗਾ।

ਗੁਰੂ ਜੀ ਕੈਦੀ ਰਾਜਿਆਂ ਨੂੰ ਛਡਾਉਣ ਦੀ ਗੱਲ ਤੋਂ ਬਾਦਸ਼ਾਹ ਤ੍ਰਬਕਿਆ। ਸਾਰੇ ਰਾਜੇ ਛੱਡਣ ਤੋਂ ਨਾਂਹ ਵੀ ਨਹੀਂ ਕਰ ਸਕਦਾ ਸੀ, ਕੰਨ ਕਤਰਾਉਣ ਦੀ ਸਬੀਲ ਇਹ ਕੱਢੀ ਤੇ ਕਹਿ ਭੇਜਿਆ ਕਿ ਕਿਲ੍ਹੇ ਵਿਚੋਂ ਜਿੰਨੇ ਰਾਜੇ ਗੁਰੂ ਜੀ ਦਾ ਪੱਲਾ ਫੜ ਸਕਣ ਉਹ ਛੱਡ ਦਿਤੇ ਜਾਣ।

ਜਦ ਇਹ ਖਬਰ ਕਿਲ੍ਹੇ ਦੇ ਕਾਰਦਾਰਾਂ ਪਾਸ ਪੁਜੀ ਤਦ ਗੁਰੂ ਜੀ ਨੇ ਆਪਣੇ ਗਲੇ ਪਹਿਨਣ ਦਾ ਇਕ ਜਾਮਾ ਸਿਵਾਇਆ ਜਿਸਦੇ ੫੨ ਪਲੇ ਸਨ। ਇਹ ਪਹਿਨ ਕੇ ਬਾਹਰ ਨਿਕਲੇ, ਨਾਲ ਹੀ ਸਾਰੇ ਹਿੰਦੂ ਰਾਜੇ ਗੁਰੂ ਜੀ ਦਾ ਪੱਲਾ ਫੜਕੇ ਬਾਹਰ ਨਿਕਲ ਆਏ। ਉਸ ਦਿਨ ਤੋਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਨਾਮ 'ਬੰਦੀ-ਛੋੜ' ਪੈ ਗਿਆ।

# ੨੬. ਬੰਦੀ-ਛੋੜ ਦਾਤੇ ਦਾ ਰਾਮਦਾਸਪੁਰੇ ਜਾਣਾ

**ਅੰਮ੍ਰਿਤਸਰ** ਅਜ ਤਾਂ ਇਕ ਘੁੱਘ ਵਸਦਾ ਭਾਰਾ ਸ਼ਹਿਰ ਹੈ, ਪਰ ਕਦੇ ਇਹ ਇਕ ਚੱਕ ਹੁੰਦਾ ਸੀ। ਜਿਸ ਸਮੇਂ ਦਾ ਅਸੀਂ ਹਾਲ ਲਿਖ ਰਹੇ ਹਾਂ ਉਸ ਤੋਂ ਪਹਿਲਾਂ ਇਸ ਨੂੰ "**ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ॥**" {ਫੁਨਹੇ ਮ: ੫-੧੦} ਦਾ ਵਰ ਮਿਲ ਚੁੱਕਾ ਸੀ ਅਰ ਇਹ ਚੱਕ ਤੋਂ ਇਕ ਛੋਟੀ ਨਗਰੀ ਬਣ ਚੁਕਾ ਸੀ। ਵਪਾਰ ਦੀ ਇੱਥੇ ਰੌਣਕ ਹੋ ਗਈ ਸੀ। ਕਿਰਤ ਕਾਰ ਵੀ ਮਿਲਦਾ ਸੀ ਅਤੇ ਦੂਰ ਦੂਰ ਤੋਂ ਆਇਆਂ ਨੂੰ ਰੁਜ਼ਗਾਰ ਬੀ ਲੱਭਦਾ ਸੀ। ਇੱਥੇ ਵਸੋਂ ਜਿੰਨੀ ਕੁ ਸੀ ਰੌਣਕ ਵਾਲੀ ਸੀ। ਇਕ ਗੱਲ ਓਦੋਂ ਸੀ, ਜੋ ਅੱਜ ਘੱਟ ਹੈ ਕਿ ਹਰੇਕ ਵਾਸੀ ਨੂੰ ਵੱਸਣ ਦੀ ਜਾਚ ਸੀ। ਉਹ ਜਾਚ ਕੀਹ ਹੁੰਦੀ ਸੀ? ਹਰੇਕ ਨੂੰ ਆਪਣੇ ਪਿਆਰੇ ਪਿਤਾ ਦੀ ਵੰਸ਼ ਜਾਣਕੇ ਪਿਆਰ ਕਰਨਾ। ਆਪਣੇ ਹੱਕ ਲਈ ਤਾਂ ਸਭ ਕੋਈ ਜ਼ੋਰ ਮਾਰਦਾ ਹੈ, ਪਰ ਦੂਸਰੇ ਦੇ ਹੱਕ ਦੀ ਪਰਵਾਹ ਕਰਨੀ ਕਿਸੇ ਵਿਚ ਹੀ ਹੁੰਦੀ ਹੈ ਅਰ ਉਹ "ਕਿਸੇ" ਕੌਣ ਹੁੰਦੇ ਹਨ? ਓਹ ਜਿਨ੍ਹਾਂ ਨੂੰ ਪਰਮੇਸ਼ਰ ਦਾ ਪਿਆਰ ਹੁੰਦਾ ਹੈ ਤੇ ਜੋ ਸੰਸਾਰ ਵਿਚ ਜਨਮ ਲੈ ਕੇ ਮਨੁੱਖ ਵਾਂਕੂੰ ਜੀਉਣਾ, ਮਨੁੱਖਤਾਈ ਨੂੰ ਸਮਝਣਾ ਤੇ ਪੂਰਨ ਮਨੁੱਖ ਬਣ ਕੇ ਪਰਮੇਸ਼ਰ ਦੀ ਪੂਰਨਤਾਈ ਵਿਚ ਜਾਣ ਦਾ ਚਾਉ ਰਖਦੇ ਹਨ। ਓਹ ਹਰ ਹਿਰਦੇ ਨੂੰ ਆਪਣੇ ਵਰਗਾ ਜਾਣਦੇ ਹਨ। ਜਿਕੂੰ ਆਪਣੇ ਹਿਰਦੇ ਨੂੰ ਸਟ ਲੱਗਣੀ ਬੁਰੀ ਜਾਣਦੇ ਹਨ, ਉੱਕਰ ਕਿਸੇ ਹਿਰਦੇ ਨੂੰ ਸੱਟ ਲਾਉਣੀ ਬੀ ਬੁਰੀ ਜਾਣਦੇ ਹਨ। ਜਿਸ ਤਰ੍ਹਾਂ ਆਪਣੇ ਹਿਰਦੇ ਲਈ ਸੁੱਖ ਦੇ ਚਾਹਵਾਨ ਹੁੰਦੇ ਹਨ, ਇਸੇ ਤਰ੍ਹਾਂ ਦੂਜਿਆਂ ਹਿਰਦਿਆਂ ਨੂੰ ਬੀ ਸੁੱਖ ਦੇਣ ਦੇ ਚਾਹਵਾਨ ਹੁੰਦੇ ਹਨ। ਉਹ ਜੀਉਣਾ ਇਸ ਤਰ੍ਹਾਂ ਦੇ ਭਲੇ ਜੀਵਨ ਨੂੰ ਸਮਝਦੇ ਹਨ।

ਉਸ ਛੋਟੀ ਨਗਰੀ ਅੰਮ੍ਰਿਤਸਰ ਵਿਚ ਤਦੋਂ ਇਹ ਗੱਲ ਅੱਜ ਨਾਲੋਂ ਬਹੁਤ ਵਧੀਕ ਸੀ। ਅਜ ਇਹ ਗੱਲ ਘਟ ਰਹੀ ਹੈ। ਆਮ ਕਰਨੀ, ਪੱਛਮੀ ਰੀਸਾਂ ਕਰਕੇ, 'ਲਉ ਲਈ ਤ੍ਰਿਸ਼ਨਾ'* ਦੀ ਵਧਦੀ ਜਾ ਰਹੀ ਹੈ। ਜੋ ਲੋਕ ਇਸ ਭਲੇ ਜੀਵਨ ਨੂੰ ਚੰਗਾ ਜਾਣਦੇ ਹਨ ਪਰ ਆਪ ਤੁਰ ਨਹੀਂ ਸਕਦੇ ਉਹ ਤਾਂ ਇਸ ਜੀਵਨ ਵਾਲਿਆਂ ਨੂੰ ਭਲੇ ਪੁਰਖ ਕਹਿੰਦੇ ਹਨ, ਪਰ ਜੋ ਸੁਆਰਥ ਨੇ ਅੰਨ੍ਹੇ ਬੋਲੇ ਕਰ ਦਿਤੇ ਹਨ, ਮਾਇਆ ਤੇ ਮਾਦਾ ਪ੍ਰਸਤ ਹੋ ਰਹੇ ਹਨ ਓਹ ਐਸੇ ਲੋਕਾਂ ਨੂੰ ਮੂਰਖ ਕਹਿੰਦੇ ਹਨ। ਉਹਨਾਂ ਦੀ ਆਪਣੀ ਸਿਆਣਪ ਇਸ ਗੱਲ ਵਿਚ ਹੈ ਕਿ ਨਿਜ ਦਾ ਲਾਹਾ ਕੱਢੋ, ਚਾਹੇ ਜਿੱਕੂੰ ਨਿਕਲੇ, ਸੁੱਖ ਲਉ ਜਿੱਕੂੰ ਮਿਲੇ। ਗੱਲ ਕੀ ਸੁਆਰਥ ਮੁੱਖ ਰਖੋ, ਚਾਹੇ ਹੋਰਨਾਂ ਨਾਲ ਕੁਝ ਪਈ ਵਰਤੇ। ਉਹਨਾਂ ਦਾ ਅੰਤ ਇਹ ਹੁੰਦਾ ਹੈ ਕਿ ਇਥੋਂ ਦੇ ਲਾਭ ਹਸਰਤ-ਭਰੇ ਦਿਲ ਨਾਲ ਇੱਥੇ ਛਡਦੇ ਹਨ, ਨਾਲ ਲਿਜਾਵਣ ਦੀ ਵਾਹ ਨਹੀਂ ਲੱਗਦੀ ਤੇ ਆਪ ਏਥੇ 'ਹੋਰ ਰਹਿਣਾ' ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਜਾਂਦਾ ਹੈ। ਇਸ ਤਰ੍ਹਾਂ ਅੰਤ ਵੇਲੇ ਹਸਰਤਾਂ ਦੇ ਭਾਰ ਹੇਠ ਦਬੇ ਹੋਏ ਜਾਂਦੇ ਹਨ;-ਸ਼ੋਕ, ਕਿ ਨਾਲ ਜਾਣ ਵਾਲਾ ਵੱਖਰ 'ਨਾਮ ਦੀ ਭਲਿਆਈ ਨਾਲ ਜੀਉਣਾ' ਲੱਦ ਨਾ ਸਕੇ।

---

* ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ॥੬੬॥
{ਸਲੋਕ ਸਹਸਕ੍ਰਿਤੀ, ਪੰਨਾ ੧੩੬੦}


www.sikhbookclub.com

ਸਮੇਂ ਦੇ ਫੇਰ ਨੇ ਸਾਡੇ ਵਿਚ ਐਸੇ ਜੀਵਨ, ਜੋ ਸਤਿਗੁਰਾਂ ਨੇ ਪੈਦਾ ਕੀਤੇ ਸੇ, ਘਟਾ ਦਿਤੇ ਹਨ। ਅੱਜ ਸਿੱਟਾ ਕੀ ਨਿਕਲ ਰਿਹਾ ਹੈ ਕਿ ਸਭ ਕੋਈ ਆਖਦਾ ਹੈ: ਸਿਖ ਗਿਰ ਰਹੇ ਹਨ। ਗਿਰਨਾ ਇਹੋ ਹੈ ਕਿ ਉੱਚੇ ਭਾਵਾਂ ਵਾਲਿਆਂ ਦੀ ਗਿਣਤੀ ਥੱਲੇ ਜਾ ਲੱਗੀ ਹੈ ਤੇ ਹਰ ਦਿਨ ਘਟ ਰਹੀ ਹੈ।

ਹਾਂ, ਅੱਜ ਅਸੀਂ ਇਸ ਥਾਉਂ (ਅੰਮ੍ਰਿਤਸਰ ਦੇ ਸਾਫ ਦਿਲ ਲੋਕਾਂ ਵਿਚ) ਇਕ ਅਚਰਜ ਖੁਸ਼ੀ ਦੇਖ ਰਹੇ ਹਾਂ। ਗਰੀਬ, ਪਰ ਖੁਸ਼ ਦਿਲ ਮਾਲਣਾਂ ਫੁੱਲਾਂ ਦੀਆਂ ਟੋਕਰੀਆਂ ਗਲੀ ਗਲੀ ਲਈ ਫਿਰ ਰਹੀਆਂ ਹਨ। ਖਿੜੇ ਮੱਥੇ ਵਾਲੀਆਂ ਅੰਦਰੋਂ ਬਾਹਰੋਂ ਸੁਥਰੀਆਂ ਤੇ ਸੁਥਰੇ ਘਰਾਂ ਵਾਲੀਆਂ ਦਾਣੇ ਦੇ ਦੇ ਕੇ ਫੁੱਲ ਲੈ ਰਹੀਆਂ ਹਨ। ਕੋਈ ਸਿਹਰੇ ਤੇ ਮਾਲਾ ਗੁੰਦ ਰਹੀ ਹੈ, ਕੋਈ ਸਰੀਆਂ ਪ੍ਰੋ ਰਹੀ ਹੈ, ਕੋਈ ਡੰਡੀਆਂ ਤੋੜਕੇ ਨਿਰੀਆਂ ਪੰਖੜੀਆਂ ਦੀ ਝੋਲੀ ਭਰ ਰਹੀ ਹੈ! ਮਨੁੱਖਾਂ ਵਲ ਦੇਖੋ ਆਪਣੀਆਂ ਹੱਟਾਂ ਨੂੰ ਸਜਾ ਰਹੇ ਹਨ, ਬਜ਼ਾਰ ਵਿਚ ਛਿਣਕਾਉ ਹੋ ਰਹੇ ਹਨ। ਖੁਸ਼ੀ ਦੇ ਭਰੇ ਐਧਰ ਓਧਰ ਦੌੜੇ ਫਿਰਦੇ ਹਨ। ਲਾਗਲੇ ਪਿੰਡ ਤੋਂ ਬੀ ਲੋਕੀਂ ਚਾਉ ਭਰੇ ਨਗਰੀ ਵਿਚ ਆ ਰਹੇ ਹਨ।

ਸ੍ਰੀ ਹਰਿਮੰਦਰ ਜੀ ਵਿਚ ਬੀ ਬੜੀ ਰੌਣਕ ਹੈ, ਮੇਲੇ ਦੀ ਨਹੀਂ, ਪਰ ਸੰਗਤਾਂ ਦੀ, ਜੋ ਕੀਰਤਨ ਤੇ ਸ਼ਬਦਾਂ ਦੇ ਉਚਾਰ ਵਿਚ ਮਗਨ ਹਨ। ਅੱਜ ਕੀ ਹੈ? ਕੋਈ ਰਾਜਾ ਆ ਰਿਹਾ ਹੈ? ਨਹੀਂ ਨਹੀਂ, ਤ੍ਰਿਲੋਕੀ ਦੇ ਨਾਥ ਆ ਰਹੇ ਹਨ। ਕੈਦਖਾਨੇ ਰਚਕੇ ਸਿਪਾਹੀਆਂ ਦੇ ਦਾਬੇ ਨਾਲ ਲੋਕਾਂ ਨੂੰ ਬੰਦੀ ਵਿਚ ਪਾਉਣ ਵਾਲੇ ਜ਼ੋਰ ਧੱਕੇ ਨਾਲ ਬਣੇ ਨਾਥ ਆ ਰਹੇ ਹਨ? ਨਹੀਂ, ਬੰਦੀ ਛੋੜ ਨਾਥ ਆ ਰਹੇ ਹਨ, ਕੈਦਖਾਨਿਆਂ ਵਿਚੋਂ ਕੱਢਣ ਵਾਲੇ, ਪ੍ਰੇਮ ਦਾ ਰਾਜ ਫੈਲਾਉਣ ਵਾਲੇ ਲੋਕਾਂ ਦੀ ਹੁੱਬ ਨਾਲ ਪਜਾਰੇ ਗਏ, ਅਨਾਥਾਂ ਦੀ ਪ੍ਰਤਿਪਾਲਾ ਕਰਨ ਵਾਲੇ ਨਾਥ ਆ ਰਹੇ ਹਨ! ਓਹ ਪਾਤਿਹ ਆ ਰਹੇ ਹਨ, ਜੋ ਡਰ ਨਾਲ ਦਿਲਾਂ ਨੂੰ ਤੰਗ ਕਰਕੇ ਰਾਜ ਨਹੀਂ ਕਰਦੇ, ਪਰ ਜੋ ਅਭੈ ਦਾਨ ਕਰਕੇ ਦਿਲਾਂ ਨੂੰ ਖੁੱਲ੍ਹਾ ਤੇ ਉੱਚਾ ਕਰਕੇ ਦਿਲ-ਤਖ਼ਤਿਆਂ ਉਤੇ ਪਿਆਰ ਨਾਲ ਬਿਠਾਲੇ ਜਾਂਦੇ ਹਨ। ਜੋ ਪਾਤਸ਼ਾਹ ਨਹੀਂ, ਪਰ ਸੱਚੇ ਪਾਤਸ਼ਾਹ ਕਹਾਉਂਦੇ ਹਨ। ਇਨ੍ਹਾਂ ਨੂੰ ਲੋਕ ਇਸ ਭਰਮ ਵਿਚ ਵੱਡਾ ਨਹੀਂ ਆਖਦੇ ਕਿ ਮਤਾਂ ਖੁਸ਼ ਹੋ ਕੇ ਸਾਨੂੰ ਆਪਣੇ ਜ਼ੋਰ ਜ਼ੁਲਮ ਦੀ ਵਡਿਆਈ ਦਾ ਹਿੱਸੇਦਾਰ ਬਣਾ ਕੇ ਵਡਿਆ ਦੇਣਗੇ, ਪਰ ਇਸ ਸੁਆਦ ਵਿਚ ਵੱਡਾ ਆਖਦੇ ਹਨ ਕਿ ਇਸ ਵੱਡੇ ਨੇ ਸਾਡੇ ਦਿਲ ਵੱਡੇ ਕਰ ਦਿਤੇ ਹਨ। ਹਾਂ, ਉਹ ਖੜਗ ਬੀ ਧਾਰਦਾ ਹੈ, ਤ੍ਰਾਸ ਦੇਣ ਲਈ ਨਹੀਂ, ਪਰ ਤ੍ਰਾਸ ਨਾਲ ਦਬੇ ਹੋਇਆਂ ਨੂੰ ਤ੍ਰਾਸ ਦਾਤਿਆਂ ਤੋਂ ਤ੍ਰਾਸ-ਰਹਿਤ ਕਰਨੇ ਲਈ। ਜੋ ਪ੍ਰੇਮ ਨਾਲ ਫਤਹ ਪਾਉਂਦਾ ਤੇ ਪ੍ਰੇਮ ਨਾਲ ਵਧਾਉਂਦਾ ਹੈ, ਪ੍ਰੇਮ ਦਾ ਹਾਲਾ ਲੈਂਦਾ, ਪ੍ਰੇਮ ਦੀਆਂ ਨਹਿਰਾਂ ਚਲਾਉਂਦਾ ਹੈ, ਜੋ ਪ੍ਰੇਮ ਤਲਬਾਂ ਦੇਂਦਾ ਹੈ ਤੇ ਪ੍ਰੇਮ ਜਗੀਰਾਂ ਬਖਸ਼ਦਾ ਹੈ, ਓਹ ਕੇਡਾ ਕੁ ਵੱਡਾ ਆਪ ਹੈ? ਹਾਂ, ਤਲਵਾਰ ਜਿੱਥੇ ਪ੍ਰੇਮ ਨੂੰ ਕਤਲ ਕਰਕੇ ਕੁੱਲਕੁਲਾਂ ਹੋ ਕੇ ਨਹੀਂ ਲਟਕਦੀ, ਪਰ ਪ੍ਰੇਮ ਦੇ ਬਾਗ਼ ਦੀ ਰੱਖਿਆ ਕਰਨ ਵਾਲੀ ਵਾੜ ਬਣਕੇ ਖੜੋਂਦੀ ਹੈ। ਜਿੱਥੇ ਤਲਵਾਰ ਦੀ ਮਹਿ ਵਿਚ ਲਾਲਚ ਤੇ ਕ੍ਰੋਧ ਨਹੀਂ ਪਰ ਦਇਆ ਤੇ ਉਤਸ਼ਾਹ ਹੈ।


www.sikhbookclub.com

ਇਹ ਤਲਵਾਰ ਅਰੋਗਾਂ ਨੂੰ ਰੋਗ ਹੋ ਕੇ ਨਹੀਂ ਚੰਬੜਦੀ ਪਰ 'ਨਮੋ ਰੋਗ ਰੋਗੇ*' ਦੇ ਅਸੂਲ ਵਾਂਙੂ ਰੋਗ ਨੂੰ ਰੋਗ ਰੂਪ ਹੋ ਰਹੀ ਹੈ। ਇਹ ਤਲਵਾਰ ਅਮਨ ਲਈ ਜ਼ੁਲਮ ਦਾ ਰੂਪ ਨਹੀਂ ਧਾਰ ਰਹੀ, ਪਰ ਜ਼ੁਲਮ ਦੂਰ ਕਰਨ ਲਈ ਅਮਨ ਦਾ ਰੂਪ ਧਾਰਦੀ ਹੈ। ਇਹ ਤਲਵਾਰ ਭਿਆਨਕ ਰਸ ਦਾ ਉਦੀਪਨ ਕਰਨ ਵਾਲੀ ਨਹੀਂ ਹੈ, ਪਰ ਬੀਰ ਰਸ ਦਾ ਅਲੰਬਨ ਹੈ। ਇਹ ਤਲਵਾਰ ਵੈਰ ਭਾਵ ਨਾਲ ਭਰਾ ਨੂੰ ਵੈਰੀ ਜਾਣਕੇ ਗਰਦਨ ਤੋੜਨ ਵਾਲੀ ਨਹੀਂ ਪਰ (ਭਰਾਵਾਂ ਨੂੰ ਵੈਰੀ ਜਾਣਕੇ) ਗਰਦਨ ਤੋੜਨ ਵਾਲਿਆਂ ਦੀ ਤਲਵਾਰ ਦੇ ਅੱਗੇ ਸੱਚੀ ਢਾਲ ਹੈ। ਹਾਂ! ਤਲਵਾਰ ਦਾ ਧਾਰਨਾ ਤੇ ਇਸਨੂੰ ਦਾਰੂ ਰੂਪ ਰੱਖਣਾ ਦਾਨੇ ਹੀ ਵੈਦ ਦਾ ਕੰਮ ਹੈ। ਅਲ੍ਹੜਾਂ ਦੇ ਹੱਥ ਆਈ ਇਹ ਆਪਣੇ ਹੀ ਪੜਛੇ ਲਾਹੁੰਦੀ ਹੈ। ਇਸ ਖੜਗ ਦਾ ਧਾਰਨ ਵਾਲਾ ਸੰਸਾਰ ਨੂੰ ਉਸ ਚੋਟੀ ਤੇ ਲਿਜਾਇਆ ਚਾਹੁੰਦਾ ਹੈ, ਜਿੱਥੇ ਜਾ ਤਲਵਾਰ ਦੀ ਲੋੜ ਨਹੀਂ ਰਹਿੰਦੀ, ਪਰ ਸੰਸਾਰ ਦੀ ਮੂਰਖਤਾ ਨੇ ਵਿਚਲੀ ਘਾਟੀ ਜ਼ੁਲਮ ਦੀਆਂ ਤਲਵਾਰਾਂ ਨਾਲ ਐਸੀ ਭਰ ਦਿਤੀ ਹੈ ਕਿ ਦਾਨਾ ਖੜਗਧਾਰੀ (ਹੀਰੇ ਨਾਲ ਹੀਰਾ ਵਿੰਨ੍ਹਣ ਵਾਲੀ ਹਿਕਮਤ ਕਰਕੇ) ਸੰਸਾਰ ਨੂੰ ਤਲਵਾਰ ਦੇ ਹੀ ਆਸਰੇ ਉਸ ਭਿਆਨਕ ਘਾਟੀ ਤੋਂ ਕੱਢਕੇ ਉੱਥੇ ਲਿਜਾ ਰਿਹਾ ਹੈ ਅਰ ਲੈ ਗਿਆ ਹੈ। ਇਸ ਦਾਨਾ ਹਕੀਮ ਦੀ ਕਮਰ ਨਾਲ ਲਟਕਦੀ ਉਹ ਤਲਵਾਰ ਨਹੀਂ ਦੱਸਦੀ ਕਿ ਅਸੀਂ ਜ਼ੁਲਮ ਕਰ ਸਕਦੇ ਹਾਂ, ਪਰ ਇਹ ਦਸਦੀ ਹੈ ਕਿ ਅਸੀਂ (ਜ਼ੁਲਮ ਦੀ ਤਲਵਾਰ ਅੱਗੇ ਨਿਤਾਣੇ ਹੋ ਗਏ) ਦਰਦਮੰਦਾਂ ਦੇ ਦੁਆਲੇ ਇਸ ਤਲਵਾਰ ਨਾਲ ਬੀਰਤਾ ਦੀ ਕਾਰ ਕੱਢ ਸਕਦੇ ਹਾਂ। ਧੰਨ ਹਨ ਓਹ ਜੋ ਇਸ ਦੁਰਗਾ ਦਾ ਇਹ ਯੋਗ ਵਰਤਾਉ ਕਰਦੇ ਹਨ, ਪਰ ਜੋ ਇਸ ਦਾ ਅਯੋਗ ਵਰਤਾਉ ਕਰਦੇ ਹਨ, ਉਹਨਾਂ ਲਈ ਸ਼ੋਕ ਹੈ।

ਪਿਆਰਿਓ! ਅੱਜ ਪ੍ਰੇਮ ਦੇ ਪੁਤਲੇ, ਜਿਨ੍ਹਾਂ ਨੇ ਜ਼ੁਲਮ ਦੀ ਬਰਖਾ ਵਿਚ ਭਿਜਦਿਆਂ ਉੱਤੇ ਛਤਰੀ ਤਾਣੀ ਸੀ, ਰਾਮਦਾਸਪੁਰ (ਅੰਮ੍ਰਿਤਸਰ) ਆ ਰਹੇ ਹਨ। ਗਵਾਲੀਅਰ ਦੇ ਕਿਲ੍ਹੇ ਵਿਚੋਂ ਉਮਰਾ ਦੇ ਬਵੰਜਾ ਕੈਦੀ ਛੁਡਾ ਆਏ ਹਨ। ਗਵਾਲੀਅਰ ਦੇ ਕਿਲ੍ਹੇ ਤੋਂ ਹੀ ਨਹੀਂ, ਸਗੋਂ ਉਨ੍ਹਾਂ ਨੂੰ ਮੂਰਖਤਾ ਦੇ ਕਿਲ੍ਹੇ ਵਿਚੋਂ ਭੀ ਕੱਢ ਆਏ ਹਨ। ਖਿਮਾ ਦੀ ਤਲਵਾਰ ਤੇ ਪਿਆਰ ਦੀ ਕ੍ਰਿਪਾਨ ਉਨ੍ਹਾਂ ਦੇ ਅੰਦਰਲੇ ਨੂੰ ਪੁਆ ਆਏ ਹਨ ਅਤੇ ਉਨ੍ਹਾਂ ਦੀ ਗਾਤਰੇ ਦੀ ਤਲਵਾਰ ਨੂੰ ਜ਼ੁਲਮ ਦੇ ਖ਼ੂਨ ਤੋਂ ਧੋ ਕੇ ਦੀਨ ਰਖਯਾ ਦੀ ਢਾਲ ਬਣਾ ਆਏ ਹਨ। ਐਸੇ ਦਾਤਾ ਗੁਰੂ ਹਰਿਗੋਬਿੰਦ ਜੀ ਅਜ ਘਰ ਆ ਰਹੇ ਹਨ! ਅੰਮ੍ਰਿਤਸਰ ਜਿਸ ਵੇਲੇ ਆਪ ਨੂੰ ਸੁਨਹਿਰੀ ਕਲਸ ਨਾਲ ਚਮਕਦਾ ਦਿੱਸਿਆ ਤਾਂ ਘੋੜੇ ਤੋਂ ਉਤਰਕੇ ਪਿਆਰੇ ਸਤਿਗੁਰਾਂ ਦੇ ਅਦਬ ਵਿਚ ਪੈਦਲ ਹੋ ਗਏ; ਅਗੋਂ ਸੰਗਤਾਂ ਆ ਰਹੀਆਂ ਹਨ। ਇਧਰ ਭੀ ਭਾਈ ਬੁੱਢਾ, ਭਾਈ ਜੇਠਾ ਆਦਿਕ ਹੋਰ ਸਾਰੇ ਸਿੱਖ ਗੁਰੂ ਚੰਦ ਉਦਾਲੇ ਤਾਰਾ ਮੰਡਲ ਬਣਕੇ ਸ਼ਬਦ ਪੜ੍ਹ ਰਹੇ ਹਨ। ਉਧਰ ਭਾਈ ਗੁਰਦਾਸ, ਭਾਈ ਸਾਈਂਦਾਸ ਤੇ ਸਾਰੇ ਮੁੱਖੀ ਸਿੱਖ ਗਲ ਪੱਲੇ ਪਾਈ, ਦਿਲ ਸਾਈਂ ਵਲ ਲਾਈ, ਮੁਖੋਂ ਸ਼ਬਦਾਂ ਦੀ ਘਨਘੋਰ ਲਾਈ, ਨੇਤ੍ਰ ਪ੍ਰੇਮ ਨਾਲ ਜਗਮਗਾਈ ਚਲੇ ਆ ਰਹੇ ਹਨ। ਪ੍ਰੇਮ ਦਾ ਸੰਗਮ ਹੋ ਗਿਆ, ਚਰਨੀ ਢੈ ਪਏ, ਮਿਲੇ, ਵਿੱਛੁੜੇ ਮਿਲੇ '**ਗੁਰੂ ਸਮੁੰਦੁ ਨਦੀ ਸਭਿ ਸਿੱਖੀ**',{ਵਾਰ: ਮਾਝ-੨੬} ਮਿਲ ਪਏ। ਇਸ ਅਰਸ਼ੀ ਮੇਲ ਦਾ ਵਰਣਨ ਕੌਣ ਕਰੇ। ਫੇਰ ਸਿੱਧੇ ਹਰਿਮੰਦਰ ਜੀ ਨੂੰ ਆਏ। ਸ੍ਰੀ ਅਕਾਲ ਤਖਤ ਸਾਹਿਬ ਜੀ ਆਏ। ਫੇਰ ਅੰਦਰ ਸ੍ਰੀ ਹਰਿਮੰਦਰ

* ਰੋਗ ਨੂੰ ਜੋ ਸ਼ੈ ਰੋਗ ਹੋਕੇ ਲੱਗੇ ਸੋ ਅਰੋਗਤਾ ਦੀ ਦਾਤੀ ਹੁੰਦੀ ਹੈ।


www.sikhbookclub.com

ਜੀ ਵਿਚ ਗਏ। ਕੜਾਹ ਪ੍ਰਸ਼ਾਦ ਆਇਆ, ਕੀਰਤਨ ਹੋਇਆ। ਅਰਦਾਸ ਵਿਚ ਲਿਵਲੀਨਤਾ ਹੋਈ। ਫੇਰ ਪ੍ਰਸ਼ਾਦ ਵਰਤਿਆ। ਫੇਰ ਗੁਰੂ ਜੀ ਸ਼ਹਿਰ ਵਿਚ ਆਏ। ਬਜ਼ਾਰ ਕਤਾਰਾਂ ਮਨੁੱਖਾਂ ਨਾਲ ਭਰੇ ਪਏ ਹਨ, ਕੋਠੇ ਇਸਤ੍ਰੀਆਂ ਨਾਲ ਲੱਦੇ ਪਏ ਹਨ; ਸ਼ਬਦਾਂ ਦੀ ਘਨਘੋਰ ਹੋ ਰਹੀ ਹੈ, ਫੁਲਾਂ ਦੀ ਵਰਖਾ ਹੋ ਰਹੀ ਹੈ, ਗੁਲਾਬ ਦੇ ਤ੍ਰੌਂਕੇ ਵੱਸ ਰਹੇ ਹਨ, ਸਿਹਰੇ ਤੇ ਮਾਲਾਂ ਗਲੇ ਪੈ ਰਹੇ ਹਨ, ਮੱਥਿਆਂ ਤੇ ਸੀਸ ਬੰਦਨਾ ਦੀ ਵਾਰ ਨਹੀਂ ਆਉਂਦੀ ਤੇ ਸ਼ਬਦਾਂ ਦੀ ਘਨਘੋਰ ਨਾਲ ਅਕਾਸ਼ ਗੂੰਜ ਰਿਹਾ ਹੈ। ਸੰਗਤਾਂ ਦੇ ਮੰਨੇ ਪ੍ਰਮੰਨੇ ਗੁਰੂ, ਹਾਂ, ਸੰਗਤ ਨੂੰ ਵੱਡਾ ਜਾਨਣ ਵਾਲੇ ਗੁਰੂ, ਪ੍ਰੇਮ ਕਰਦੇ ਤੇ ਪ੍ਰੇਮ ਕੀਤੇ ਜਾਂਦੇ ਪ੍ਰੇਮੀਆਂ ਦੇ ਮੰਡਲ ਵਿਚੋਂ ਕਿਸ ਤਰ੍ਹਾਂ ਲੰਘ ਰਹੇ ਹਨ? ਜਿਵੇਂ ਪ੍ਰੇਮ ਭਰੀਆਂ ਹੰਸਾਂ ਦੀਆਂ ਡਾਰਾਂ ਵਿਚੋਂ ਰੰਗਰੱਤੜਾ ਰਾਜ ਹੰਸ ਲੰਘਦਾ ਹੈ! ਇਸ ਤਰ੍ਹਾਂ ਸਤਿਕਾਰੇ ਜਾਂਦੇ ਗੁਰੂ ਜੀ ਸਨੇ ਸਨੇ ਘਰ ਪਹੁੰਚੇ। ਮਾਤਾ ਜੀ ਦੇ ਡੇਰੇ ਗਏ। ਓਹ ਸ਼ਾਂਤਿ ਵਿਚ ਪੂਰੀ, ਸਭ ਤਰ੍ਹਾਂ ਨਿਪੁਨ ਮਾਤਾ, ਪ੍ਰੇਮ ਵਿਚ ਭਰੀ ਪਿਆਰੇ ਪੁਤ੍ਰ ਤੇ ਸਤਿਗੁਰਾਂ ਦੇ ਨਿਵਾਜੇ ਗੁਰੂ ਦੀ ਤਾਂਘ ਵਿਚ ਖੜੀ ਹੈ! ਮਰਿਯਾਦਾ ਦੇ ਪੂਰੇ ਜਗਤ ਗੁਰੂ ਜੀ ਮਾਤਾ ਦੇ ਚਰਨਾਂ ਪਰ ਡਿਗਦੇ ਹਨ। ਮਮਤਾ ਭਰੀ ਮਾਂ ਮਾਤ੍ਰੀ-ਪ੍ਰੇਮ ਵਿਚ ਚੁੱਕ ਕੇ ਗਲ ਲਾਉਂਦੀ ਤੇ ਮੱਥਾ ਸੁੰਘਦੀ ਹੈ। ਫਿਰ ਮਾਤਾ, ਪ੍ਰੇਮ ਦੇ ਲਹਿਰੇ, ਸ਼ਰਧਾ ਨਾਲ, ਚਰਨਾਂ ਵੱਲ ਝੁਕਦੀ ਹੈ, ਪਰ ਉਹ ਪੂਰਾ ਗੁਰੂ ਮੱਥਾ ਝੁਕਣ ਬੀ ਨਹੀਂ ਦੇਂਦਾ ਅਰ ਮਾਤਾ ਵਿਚ ਆਪਣੇ ਪਿਆਰੇ ਸਤਿਗੁਰੂ ਪਿਤਾ ਦੀ ਮੂਰਤ ਵੇਖਦਾ ਵੇਖਦਾ ਗੁਰੂ ਪ੍ਰੇਮ ਵਿਚ ਪ੍ਰੋਤਾ ਸਜਲ ਨੇਤ੍ਰ ਹੋ ਜਾਂਦਾ ਹੈ। ਲੋਕੋ! ਇਨ੍ਹਾਂ ਆਤਮ ਪ੍ਰੇਮ ਦੇ ਜਾਣੂਆਂ ਦੇ ਕੌਤਕਾਂ ਨੂੰ ਕੌਣ ਸਮਝੇ? ਰਸ ਸੰਗਮ ਇਨ੍ਹਾਂ ਵਿਚ ਹੀ ਹੁੰਦੇ ਹਨ, ਮਾਨੋਂ ਹਿਰਦੇ ਅਕਾਸ਼ ਵਿਚ ਆਤਮ ਰਸਾਂ ਦੀ ਅਕਾਸ਼ੀ ਪੀਂਘ ਪੈ ਜਾਂਦੀ ਹੈ। ਇਕ ਪਾਸੇ ਤਾਂ ਮਾਤਾ ਜੀ ਪੁਤ੍ਰ (ਵਾਤਸਲ) ਰਸ ਵਿਚ ਭਰੇ ਪਏ ਹਨ। ਦੂਜੇ ਪਾਸੇ ਸ਼ਰਧਾ ਤੇ ਨਿੰਮ੍ਰਤਾ ਵਿਚ ਭਗਤੀ ਛਾ ਰਹੀ ਹੈ ਤੇ ਗੁਰੂ ਭਾਵਨਾ ਦਾ ਪ੍ਰੇਮ ਸਥਾਈ ਵਾਲਾ ਇਲਾਹੀ ਸ਼ਾਂਤਿ ਰਸ ਪੂਰਤ ਹੋ ਰਿਹਾ ਹੈ। ਹਾਂ, 'ਸਾਰੇ ਸੰਸਾਰ ਤੋਂ ਨਿਰਵੇਦ ਸਥਾਈ ਵਾਲਾ' ਸਾਂਤਿ ਰਸ ਵੀ ਹੈ, ਪਰ ਉਹ ਲੁਕ ਰਿਹਾ ਹੈ ਉੱਚੇ ਰੂਹਾਨੀ ਪ੍ਰੇਮ ਸਥਾਈ ਵਾਲੇ ਸ਼ਾਂਤਿ ਰਸ ਦੇ ਉਹਲੇ।

ਮਰਿਯਾਦਾ ਪੁਰਸ਼ੋਤਮ ਗੁਰੂ ਜੀ ਨੇ ਮਾਤਾ ਨੂੰ ਮਾਤਾ ਤੇ ਨਿਜ ਨੂੰ ਪੁਤ੍ਰ ਜਾਣਕੇ ਉਹ ਆਦਰ ਤੇ ਸਤਿਕਾਰ ਕੀਤਾ ਹੈ ਕਿ ਜੋ ਲੋਕਾਂ ਲਈ ਨਮੂਨਾ ਹੈ, ਕਿ ਸੰਸਾਰਕ ਪ੍ਰਤਾਪ ਪਾਕੇ ਚਾਹੋ ਆਤਮ ਸੱਤਿਆ ਦੇ ਸੁਆਮੀ ਹੋ ਕੇ, ਮਾਤਾ ਪਿਤਾ ਸਦਾ ਵੱਡੇ ਅਰ ਸਦਾ ਸਤਿਕਾਰ ਯੋਗ ਹਨ ਅਰ ਕਦੇ ਕੋਈ ਹਾਲਤ ਐਸੀ ਨਹੀਂ ਹੈ ਕਿ ਔਲਾਦ ਮਾਪਿਆਂ ਨੂੰ ਆਪਣੇ ਅੱਗੇ ਝੁਕਾਵੇ। ਜਦ ਗੁਰੂ ਜੀ ਇਹ ਨਮੂਨਾ ਦੱਸਦੇ ਹਨ ਤਦ ਜੀਵਾਂ ਨੂੰ ਮਾਪਿਆਂ ਦਾ ਸਤਿਕਾਰ ਕਿੰਨਾ ਵਧੀਕ ਕਰਨਾ ਚਾਹੀਏ?

ਹੁਣ ਮਾਤਾ ਨੇ ਆਦਰ ਨਾਲ ਬਿਠਾਕੇ ਸਾਰਾ ਹਾਲ ਰਤਾ ਰਤਾ ਕਰਕੇ ਸੁਣਿਆ, ਸਾਰਾ ਸੁਣਕੇ ਗਲ ਵਿਚ ਪੱਲਾ ਪਾ ਕੇ ਖੜੋ ਗਈ, ਨਾਲ ਗੁਰੂ ਜੀ ਖੜੋ ਗਏ। ਅਕਾਲ ਪੁਰਖ, ਸਤਿਗੁਰਾਂ ਦਾ ਧਿਆਨ ਕੀਤਾ ਅਰ ਬੜੇ ਪ੍ਰੇਮ ਨਾਲ ਅਰਦਾਸ ਵਿਚ ਜੁੜ ਗਏ! ਇਸ ਵੇਲੇ ਦੇ ਪ੍ਰੇਮ ਤੇ ਧੰਨਵਾਦ ਵਿਚ ਮਾਤਾ ਤੇ ਗੁਰੂ ਜੀ ਐਸੇ ਲਿਵਲੀਨ ਹੋ ਗਏ ਕਿ ਘੜੀ ਭਰ ਨੇਤ੍ਰ ਨਹੀਂ ਖੁੱਲ੍ਹੇ।

ਫੇਰ ਬਹੁਤ ਚਿਰ ਮਾਤਾ ਜੀ ਪੁੱਤ੍ਰ ਜੀ ਦੇ ਪਾਸ ਬੈਠੇ ਰਹੇ। ਹੁਣ ਮਾਤਾ ਜੀ ਨੂੰ ਉਪਕਾਰ ਯਾਦ ਆਇਆ। ਏ ਸੁੱਖ ਨੂੰ ਕੱਲਿਆਂ ਮਾਤਾ ਜੀ ਕਦ ਮਾਣ ਸਕਦੇ ਸੇ? "**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥**"

 www.sikhbookclub.com

ਬੀਬੀ ਰਾਮੋ ਨੂੰ ਸੱਦਿਆ। ਭਾਈ ਸਾਈਂ ਦਾਸ ਜੀ, ਭਾਈ ਨਰੈਣ ਦਾਸ ਜੀ ਤੇ ਬੇਬੇ ਪ੍ਰੇਮ ਦੇਈ ਜੀ ਆਦਿ ਸਾਰੇ ਪਰਵਾਰ ਨੂੰ ਸੱਦਿਆ। ਗੁਰੂ ਜੀ ਆਪਣੇ ਪਰਮ ਪ੍ਰੇਮੀ ਸਾਹੁਰੇ ਪਰਿਵਾਰ ਨੂੰ ਹੁਣ ਘਰ ਵਿਚ ਮਿਲ ਕੇ ਗਦਗਦ ਹੋਏ, ਸਭ ਨੂੰ ਆਤਮ ਵਰ ਦਿਤੇ, ਢੇਰ ਚਿਰ ਵਾਰਤਾਲਾਪ ਹੁੰਦੇ ਰਹੇ। ਬੀਬੀ ਦਮੋਦਰੀ ਜੀ ਨੇ ਪਿਆਰੇ ਪਤੀ ਦੇ ਚਰਨ ਕਵਲ ਪਰਸੇ। ਇਸ ਪ੍ਰਕਾਰ ਪਰਵਾਰ ਦੇ ਪਿਆਰ ਤੇ ਖੁਸ਼ੀ ਦੇ ਰੰਗਾਂ ਵਿਚ ਗੁਰੂ ਉਦਾਲੇ ਮਾਨੋਂ ਪਰਵਾਰ ਪੈ ਰਿਹਾ ਸੀ। ਦਿਨ ਐਉਂ ਲੰਘਿਆ। ਰਾਤ ਦੱਸੀਦਾ ਹੈ ਕਿ ਹਰੀਮੰਦਰ ਗਏ ਤੇ ਭਾਈ ਬੁੱਢਾ ਜੀ ਦੀ ਚਾੜ੍ਹੀ ਚੌਂਕੀ ਵਿਚ, ਜਦ ਓਹ ਅਕਾਲ ਬੁੰਗੇ ਅੱਪੜੀ, ਜਾ ਦਰਸ਼ਨ ਦਿਤੇ* ਤੇ ਫਿਰ ਆਪਣੇ ਸੁਖ ਆਸਣ ਵਿਚ ਜਾ ਬਿਰਾਜੇ।

ਪਹਿਰ ਰਾਤ ਰਹਿੰਦੀ ਗੁਰੂ ਜੀ ਉਠੇ, ਸ਼ਨਾਨ ਕਰਕੇ ਆਪਣੇ ਧਯਾਨ ਮਗਨ ਹੋ ਗਏ! ਫੇਰ ਉਸ ਵੇਲੇ ਕਿ ਜਿਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਆਉਂਦੇ ਹਨ, ਆਪ ਸ੍ਰੀ ਹਰਿਮੰਦਰ ਜੀ ਆਏ, ਆਸਾ ਦੀ ਵਾਰ ਲੱਗ ਰਹੀ ਸੀ। ਭੋਗ ਪਏ ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਆਪ ਆ ਬਿਰਾਜੇ। ਏਥੇ ਪਿਆਰੇ ਸਿਖ ਆ ਜੁੜੇ। ਵਾਰਤਾਲਾਪਾਂ ਹੋਈਆਂ, ਅਨੇਕ ਪ੍ਰੇਮੀਆਂ ਦੇ ਪ੍ਰੇਮ ਪੂਰਨ ਹੋਏ।

ਇਸ ਤਰ੍ਹਾਂ ਦੇ ਆਤਮ ਦਾਨ ਕਰਦਿਆਂ ਸੁਨੇਹਾ ਆਇਆ ਕਿ ਪਾਤਸ਼ਾਹ ਮੰਦਰ ਯਾਤ੍ਰਾ ਲਈ ਆਉਂਦਾ ਹੈ। ਸੋ ਉਸੇ ਵੇਲੇ ਉਸ ਨੂੰ ਮੰਦਰ ਦੀ ਯਾਤ੍ਰਾ ਕਰਵਾਈ ਗਈ। ਪਾਤਸ਼ਾਹ ਕਸ਼ਮੀਰ ਜਾ ਰਿਹਾ ਸੀ ਜੋ ਅੰਮ੍ਰਿਤਸਰੋਂ ਦੋ ਕੁ ਸੌ ਮੀਲ ਹੈ। ਸਤਿਗੁਰਾਂ ਅੱਗੇ ਪਾਤਸ਼ਾਹ ਨੇ ਕਸ਼ਮੀਰ ਨਾਲ ਚੱਲਣ ਦੀ ਯਾਚਨਾ ਕੀਤੀ ਸੀ ਜੋ ਗੁਰੂ ਜੀ ਨੇ ਪ੍ਰਵਾਨ ਕੀਤੀ ਸੀ। ਪਾਤਸ਼ਾਹ ਤਾਂ ਉਸੇ ਦਿਨ ਤੁਰ ਗਿਆ, ਪਰ ਕੁਛ ਦਿਨ ਮਗਰੋਂ ਸ੍ਰੀ ਗੁਰੂ ਜੀ ਬੀ ਲਾਹੌਰ ਤੁਰ ਗਏ। ਕੁਛ ਸਿੱਖ ਗੁਰੂ ਜੀ ਦੇ ਨਾਲ ਗਏ ਤੇ ਕੁਛ ਮੰਦਰਾਂ ਦੀ ਸੇਵਾ ਵਿਚ ਰਹੇ।

ਹੁਣ ਭਾਈ ਸਾਈਂਦਾਸ ਜੀ ਤੇ ਰਾਮੋ ਫੇਰ ਆਪਣੇ ਗਿਰਾਂ ਉਸੇ ਤਰ੍ਹਾਂ ਸਤਿਸੰਗ ਵਾੜੀ ਲਾਈ ਬੈਠੇ ਹਨ!

---

* ਰਵਾਇਤ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਗਵਾਲੀਅਰ ਤੋਂ ਆ ਕੇ ਪਹਿਲੀ ਰਾਤ ਚਉਂਕੀ ਸਾਹਿਬ ਨੂੰ ਅਕਾਲ ਬੁੰਗੇ ਸਾਹਿਬ ਆ ਕੇ ਦਰਸ਼ਨ ਦਿਤੇ ਸੇ।

# ੨੭. ਭਾਈ ਮਾਧੋ ਜੀ

## ੧. ਪ੍ਰਾਹੁਣਾ

**ਦਿਨ** ਆਥਣ ਨਾਲ ਹੀ ਕਾਲੀ ਘਟਾ ਉਤਰ ਵਲੋਂ ਚੜ੍ਹ ਆਈ, ਕੁਛ ਬੂੰਦਾਂ ਬਾਂਦੀ ਸ਼ੁਰੂ ਹੋ ਗਈ, ਆਹ ਲੌ! ਮੋਹਲੇ ਧਾਰ ਮੀਂਹ ਵੱਸਣ ਲੱਗ ਗਿਆ। ਰਾਤ ਏਹੋ ਜਹੀ ਕਾਲੀ ਹੋ ਗਈ ਕਿ ਹੱਥ ਪਰ ਹੱਥ ਮਾਰਿਆਂ ਨਹੀਂ ਦਿੱਸਦਾ। ਹਾਂ ਕਦੀ ਕਦੀ ਬਿਜਲੀ ਚਮਕਦੀ ਹੈ ਤਾਂ ਕੁਛ ਨਜ਼ਰੀ ਆਉਂਦਾ ਹੈ।

ਇਸ ਘੁਪਘੇਰ ਰਾਤ ਵਿਚ ਇਕ ਆਦਮੀ ਬੁਚਕਾ ਜਿਹਾ ਚੁੱਕੀ ਤੁਰਿਆ ਜਾਂਦਾ ਹੈ, ਏਹ ਪੁਰਸ਼ ਪਾਣੀ ਝਾਗਦਾ, ਮੀਂਹ ਵਸਾਉਂਦਾ ਇਕ ਛੋਟੀ ਜਹੀ ਗਲੀ ਵਿਚ ਜਾ ਵੜਿਆ, ਥੋੜੀ ਦੂਰ ਜਾਕੇ ਖੜੋ ਗਿਆ, ਬਿਜਲੀ ਦੀ ਚਮਕ ਨਾਲ ਇਕ ਦਰਵਾਜ਼ੇ ਨੂੰ ਵੇਖਿਆ ਅਰ ਅੱਗੇ ਤੁਰ ਪਿਆ, ਇਕ ਦੋ ਘਰ ਲੰਘਕੇ ਇਕ ਘਰ ਅੱਗੇ ਫਿਰ ਖੜੋਤਾ, ਬਿਜਲੀ ਦੇ ਚਾਨਣੇ ਨਾਲ ਦਰਵਾਜ਼ੇ ਨੂੰ ਦੇਖਿਆ ਅਰ ਬੇ-ਵਸੇ ਹੀ ਹੌਲੀ ਜਹੀ ਮੂੰਹੋਂ ਨਿਕਲ ਗਿਆ: 'ਇਹੋ ਹੀ ਹੈ'।

ਥੋੜਾ ਚਿਰ ਠਹਿਰਿਆ ਫਿਰ ਦਰਵਾਜ਼ਾ ਖੜਕਾਇਆ ਅਰ ਬੋਲਿਆ 'ਭਾਈ ਮਾਧੋ ਜੀ! ਬੂਹਾ ਖੋਹਲੋ, ਇਕ ਸਿਖ ਬਿਦੇਸੀ.......।' ਅਜੇ ਸਾਰੀ ਗੱਲ ਮੁਕੀ ਹੀ ਨਹੀਂ ਸੀ ਕਿ ਦਰਵਾਜ਼ਾ ਖੁਲ੍ਹਿਆ ਅਰ ਕਿਸੀ ਪੁਰਸ਼ ਨੇ ਬਾਹਰ ਖੜੇ ਭਿਜਦੇ 'ਸਿਖ' ਦੇ ਚਰਨ ਆ ਫੜੇ ਅਰ ਬੜੇ ਸਤਿਕਾਰ ਨਾਲ ਅੰਦਰ ਲੈ ਗਿਆ।

## ੨. ਪ੍ਰਾਹੁਣਾਚਾਰੀ

"**ਧੰਨ ਭਾਗ!** ਧੰਨ ਭਾਗ! ਧੰਨ ਗੁਰੂ ਜੀ ਹਨ ਜਿਨ੍ਹਾਂ ਨੇ ਕ੍ਰਿਪਾ ਕਰਕੇ ਅਪਨੇ ਸਿਖ ਦੇ ਪਵਿਤ੍ਰ ਚਰਨ ਇਸ ਘਰ ਵਿਖੇ ਪਵਾਏ ਅਰ ਇਸ ਗ੍ਰਿਹਿ ਨੂੰ ਪਵਿਤ੍ਰ ਕੀਤਾ, ਧੰਨ ਦੀਨਾ ਨਾਥ ਜੀ ਹਨ, ਜਿਨ੍ਹਾਂ ਨੇ ਅਸਾਂ ਪਾਪੀਆਂ ਨੂੰ ਇਕ ਸਿੱਖ ਦਾ ਦਰਸ਼ਨ ਬਖਸ਼ਿਆ।"

ਇਹ ਵਾਕ ਆਖਕੇ ਭਾਈ ਮਾਧੋ ਨੇ ਬੁਚਕਾ ਸਿੱਖ ਦੇ ਹੱਥੋਂ ਲੈ ਲਿਆ ਅਰ ਉੱਚੀ ਜਿਹੀ ਕਿਹਾ, 'ਪ੍ਰਿਯ ਜੀ!' ਅਗੋਂ ਅਵਾਜ਼ ਆਈ, 'ਜੀ, ਸਵਾਮੀ ਜੀ' ਅਰ ਨਾਲ ਹੀ ਇਕ ਸੁੰਦਰ ਜਵਾਨ ਇਸਤ੍ਰੀ ਸਾਹਮਣੇ ਆ ਖੜੋਤੀ, ਸਤਿਗੁਰ ਦਾ ਸਿੱਖ ਦੇਖ ਕੇ, ਦੋਹਾਂ ਜਣਿਆਂ ਗਲ ਵਿਚ ਪੱਲਾ ਪਾ ਕੇ, ਦੋਵੇਂ ਹੱਥ ਜੋੜ, ਬੜੀ ਨਿਮਰਤਾ ਤੇ ਸ਼ਰਮ ਨਾਲ ਨਵੇਂ ਆਏ ਪ੍ਰਾਹੁਣੇ ਦੇ ਚਰਨਾਂ ਤੇ ਮੱਥਾ ਟੇਕਿਆ, ਜਾਂ ਸਿਰ ਚਕਿਆ ਤਾਂ ਭਾਈ ਮਾਧੋ ਨੇ ਕਿਹਾ:-

ਭਾਈ ਮਾਧੋ— ਪ੍ਰਿਯ ਜੀ! ਪਹਿਲੋਂ ਸੁਕੇ ਕਪੜੇ ਦਿਓ, ਫਿਰ ਅੰਗੀਠੀ ਭਖਾਓ, ਜਲ ਗਰਮ ਕਰੋ, ਭਾਈ ਜੀ ਦੇ ਚਰਨ ਧੁਆਈਏ, ਫਿਰ ਪ੍ਰਸ਼ਾਦ ਤਿਆਰ ਕਰਕੇ ਲੈ ਆਓ।

ਇਸਤ੍ਰੀ— ਸਤਿ ਬਚਨ, ਮਹਾਰਾਜ ਜੀ! ਕਹਿਕੇ ਅੰਦਰ ਚਲੀ ਗਈ।

ਭਾਈ ਮਾਧੋ— (ਪ੍ਰਾਹੁਣੇ ਵਲ ਤਕਕੇ, ਇਕ ਲੋਈ ਦੇਕੇ) ਭਾਈ ਜੀ ਆਪ ਗਿੱਲੇ ਕਪੜੇ ਲਾਹ ਦਿਓ ਜੋ ਮੈਂ ਨਪੀੜ ਕੇ ਖਿਲਾਰ ਦਿਆਂ, ਹੋਰ ਬਸਤ੍ਰ ਆਉਂਦੇ ਹਨ, ਉਹ ਸਜਾ ਲੈਣੇ।

ਪ੍ਰਾਹੁਣੇ ਨੇ ਸਤਿ ਬਚਨ ਕਿਹਾ ਅਰ ਕਪੜੇ ਲਾਹੁਣ ਲਗਾ। ਭਾਈ ਮਾਧੋ ਆਪ ਲੁਹਾਂਦਾ ਹੈ ਹਰ ਨਪੀੜ ਨਪੀੜ ਕੇ ਕਿੱਲੀਆਂ ਪਰ ਟੰਗੀ ਜਾਂਦਾ ਹੈ। ਸੁਕੇ ਬਸਤ੍ਰ ਭੀ ਆ ਗਏ ਹਨ, ਦੇਖੋ ਕਿਸ ਪ੍ਰੇਮ ਨਾਲ ਸੁਕੇ ਕਪੜੇ ਪੁਆਉਂਦਾ ਹੈ। ਹੁਣ ਗਰਮ ਜਲ ਭੀ ਆ ਗਿਆ ਹੈ, ਪ੍ਰੇਮ ਨਾਲ ਦੰਪਤੀ ਪ੍ਰਾਹੁਣੇ ਦੇ ਚਰਨ ਧੁਆ ਰਹੇ ਹਨ।

ਕੀ ਇਹ ਪ੍ਰੇਮ-ਪੁੰਜ ਦੰਪਤੀ ਇਸ ਪੁਰਸ਼ ਦੇ ਜਾਣੂ ਹਨ ਜੋ ਇਸ ਖਾਤਰ ਨਾਲ ਪੇਸ਼ ਆ ਰਹੇ ਹਨ? ਨਹੀਂ, ਏਹ ਪ੍ਰੇਮੀ ਜੋੜਾ ਇਸ ਨਏ ਆਏ ਸਿੱਖ ਤੋਂ ਮੂਲੋਂ ਅਣਜਾਣ ਹੈ, ਅੱਗੇ ਕਦੀ ਸ਼ਕਲ ਤਕ ਨਹੀਂ ਦੇਖੀ, ਨਾਮ, ਘਰ ਘਾਟ ਤੋਂ ਬਿਲਕੁਲ ਨਾਵਾਕਫ ਹਨ। ਪਿਆਰੇ ਗੁਰੂ ਦਾ ਪਿਆਰਾ ਸਿੱਖ ਜਾਣਕੇ, ਆਪਣੇ ਪਿਆਰੇ ਦੇ ਚਰਨਾਂ ਦਾ ਵਿਸ਼ਵਾਸੀ ਸਮਝਕੇ, ਸਿੱਖ ਦੀ ਸੇਵਾ ਗੁਰੂ ਦੀ ਸੇਵਾ ਜਾਣਕੇ, ਏਹ ਪ੍ਰੇਮੀ ਦੰਪਤੀ ਇਸ ਹਿਤ ਚਿਤ ਨਾਲ ਆਗਤ ਭਾਗਤ ਅਰ ਸੇਵਾ ਕਰ ਰਹੇ ਹਨ।

ਓਹ ਕੈਸਾ ਸੁਭਾਗ ਸਮਾਂ ਸੀ, ਜਦੋਂ ਬਿਨਾਂ ਵਾਕਫੀ ਸਿੱਖ ਸਿੱਖ ਦੀ ਇਤਨੀ ਸੇਵਾ ਕਰਦਾ ਸੀ, ਜਦੋਂ ਸਿੱਖ ਸਿੱਖ ਨਾਲ ਸੱਕੇ ਭਰਾਵਾਂ ਤੋਂ ਵਧਕੇ ਪਿਆਰ ਕਰਦਾ ਸੀ, ਜਦੋਂ ਸਿੱਖ ਸਿੱਖ ਦੇ ਸੁੱਖ ਨੂੰ ਦੇਖਕੇ ਸੁੱਖੀ ਅਰ ਦੁੱਖ ਨੂੰ ਦੇਖਕੇ ਦੁੱਖੀ ਹੁੰਦਾ ਸੀ। ਜਦੋਂ ਸਿੱਖ ਸਿੱਖ ਦੀ ਤਨੋਂ ਮਨੋਂ ਮਦਦ ਕਰਦਾ ਸੀ। ਕੀ ਉਹ ਵੇਲਾ ਗੁਜ਼ਰ ਗਿਆ? ਕੀ ਉਹ ਸਿੱਖ ਹੁਣ ਸਿੱਖ ਨਹੀਂ ਰਹੇ? ਠੀਕ ਉਹ ਸਮਾਂ ਇਕ ਗੁਜ਼ਰੀ ਹੋਈ ਗੱਲ ਹੋ ਗਿਆ ਹੈ। ਉਹ ਪਿਆਰ ਉਹ ਮੈਤ੍ਰੀ, ਉਹ ਸਹੋਦ੍ਰਤਾ, ਉਹ ਜਥੇਬੰਦੀ, ਓਹ ਪ੍ਰੇਮ ਉਡੰਤ ਹੋ ਗਿਆ ਹੈ। ਹੁਣ ਉਨ੍ਹਾਂ ਦੀ ਜਗ੍ਹਾ ਵੈਰ, ਵਿਰੋਧ, ਈਰਖਾ, ਖ਼ਖੀਲੀ ਤੇ ਫੁਟ ਨੇ ਆ ਮੱਲੀ ਹੈ।

ਪਿਆਰੇ ਪਾਠਕ! ਕਿੱਥੇ ਉਹ ਦੈਵੀ ਦਿਨ ਤੇ ਕਿੱਥੇ ਏਹ ਅਭਾਗ ਸਮਾਂ! ਸਚ ਮੁਚ ਓਹ ਦਿਨ ਲੰਘ ਗਏ ਹਨ, ਹੁਣ ਭੀ ਉਹੋ ਜੇਹੇ ਕਈ ਮੌਜੂਦ ਹਨ; ਪਰ **"ਹੈਨਿ ਵਿਰਲੇ ਨਾਹੀ ਘਣੇ"** ਓਹੋ ਜਹੇ ਸਿੱਖ ਘਟ ਨਜ਼ਰ ਆਉਂਦੇ ਹਨ।

ਗਲ ਕੀ ਮੂੰਹ ਹੱਥ ਧੁਆ ਦਿਤਾ ਤੇ ਆਸਣ ਵਿਛਾ ਦਿਤਾ, ਪ੍ਰਾਹੁਣੇ ਨੇ ਚੁਸਤ ਆਸਣ ਜਮਾਕੇ ਦਿਲ ਹੀ ਦਿਲ ਵਿਚ ਪਾਠ ਕੀਤਾ। ਇੰਨੇ ਨੂੰ ਪ੍ਰਸ਼ਾਦ ਤਯਾਰ ਹੋ ਗਿਆ, ਦੰਪਤੀ ਨੇ ਬੜੇ ਪਰੇਮ ਸਹਿਤ ਪ੍ਰਸ਼ਾਦ ਛਕਾਇਆ। ਪੈਂਡੇ ਦਾ ਥਕਾ ਹੋਇਆ ਜਾਣਕੇ ਚੁਬਾਰੇ ਪਰ ਬਿਸਤ੍ਰਾ ਕਰਾ ਦਿਤਾ, ਪਾਣੀ ਦਾ ਗੜਵਾ ਦਾਤਨ ਪਾਸ ਰਖਕੇ, ਆਪ ਹੇਠਾਂ ਆ ਗਏ ਤੇ ਕੀਰਤਨ ਸੋਹਿਲੇ ਦਾ ਪਾਠ ਕਰਕੇ ਸੌਂ ਗਏ।

## ੩. ਚੋਰ

**ਬਿਜਲੀ**, ਅੱਗ, ਸੱਪ, ਸ਼ੇਰ ਆਦਿਕ ਚੀਜ਼ਾਂ ਨਿਰਸੰਦੇਹ ਭਿਆਨਕ ਹਨ, ਪ੍ਰੰਤੂ ਸਭ ਤੋਂ ਜਿਆਦਾ ਭਿਆਨਕ ਓਹ ਦਿਲ ਹੈ, ਜਿਸ ਵਿਚ ਅਪਸ੍ਵਾਰਥ ਹੈ, ਅਪਸ੍ਵਾਰਥੀ ਪੁਰਸ਼ ਓਹ ਕੰਮ ਕਰ ਗੁਜ਼ਰਦਾ ਹੈ ਕਿ ਜਿਸਨੂੰ ਪੜ੍ਹਨ ਸੁਣਨ ਕਰਕੇ ਲੂੰ ਕੰਡੇ ਹੋ ਜਾਂਦੇ ਹਨ। ਅਪਸ੍ਵਾਰਥੀ ਤੋਂ ਧਰਮ ਕੋਹਾਂ ਦੂਰ


www.sikhbookclub.com

ਰਹਿੰਦਾ ਹੈ। ਅਪਸ੍ਵਾਰਥੀ ਭਾਵੇਂ ਧਰਮਾਤਮਾ ਦਾ ਰੂਪ ਬਣਾ ਲੈਂਦਾ ਹੈ, ਪਰੰਤੂ ਉਸਦਾ ਉਹ ਰੂਪ ਬਗਲੇ ਵਤ ਆਪਣੇ ਮਤਲਬ ਲਈ ਹੁੰਦਾ ਹੈ, ਇਹੋ ਹਾਲ ਸਾਡੇ ਇਸ ਨਏ ਪ੍ਰਾਹੁਣੇ ਦਾ ਹੈ। ਏਹ ਅਸਲ ਵਿਚ ਸਿੱਖ ਨਹੀਂ, ਏਹ ਤਾਂ ਬੜਾ ਭਾਰੀ ਚੋਰ ਹੈ, ਠੱਗ ਹੈ, ਇਸਦੀ ਅੱਖ ਚਿਰਾਂ ਤੋਂ ਭਾਈ ਮਾਧੋ ਦੇ ਧਨ ਪਰ ਹੈ। ਅਗੇ ਭੀ ਏਹ ਕਈ ਵਾਰ ਕਰ ਚੁਕਾ ਹੈ ਪਰ ਕੁਛ ਪੇਸ਼ ਨਹੀਂ ਗਈ। ਹੁਣ ਸਿੱਖ ਦਾ ਰੂਪ ਬਣਾਕੇ, ਪਾਪੀ, ਮਨ ਦੀ ਵਾਸ਼ਨਾਂ ਨੂੰ ਪੂਰਾ ਕਰਨ ਲਈ ਅਰਥਾਤ ਭਾਈ ਸਾਹਿਬ ਦੇ ਉਸ ਧੰਨ ਨੂੰ ਜੋ ਪਰਉਪਕਾਰ ਤੇ ਧਰਮ ਕਾਰਜਾਂ ਪਰ ਖਰਚ ਹੁੰਦਾ ਹੈ, ਲੁਟਣ ਆਇਆ ਹੈ।

ਭਾਵੇਂ ਦਿਖਾਵੇ ਲਈ ਸੌਂ ਗਿਆ ਹੈ ਪਰ ਇਹੋ ਜਹੇ ਪਾਪੀਆਂ ਨੂੰ ਨੀਂਦ ਕਿੱਥੇ? ਸਿੱਖੀ ਪੁੰਜ ਪਰੇਮ ਮੂਰਤ ਦੰਪਤੀ ਦੇ ਹੇਠ ਜਾਂਦਿਆਂ ਹੀ ਉਠਿਆ, ਮੂੰਹ ਪਰ ਹੱਥ ਫੇਰਿਆ ਅਰ ਬੋਲਿਆ:— ਵਾਹ ਬਈ ਸ਼ੇਰ ਮਰਦ! ਤੂੰ ਭੀ ਬੜਾ ਬਹਾਦਰ ਤੇ ਚਤੁਰ ਹੈਂ, ਉਂਵ ਤਾਂ ਇੱਥੋਂ ਤਕ ਪਹੁੰਚ ਨਹੀਂ ਸੀ ਪਰ ਅੱਜ ਤਾਂ ਖੂਬ ਦਾਉ ਲੱਗਾ। ਏਹ ਸਭ ਮਾਲ ਦੌਲਤ ਮੇਰਾ ਹੈ, ਇਨ੍ਹਾਂ ਦੇ ਭਾਣੇ ਤਾਂ ਮੈਂ ਪ੍ਰਾਹੁਣਾ ਹਾਂ ਪਰ ਹੁਣ ਤਾਂ ਇਹੋ ਹੀ ਕੋਈ ਦਮ ਦੇ ਪਰਾਹੁਣੇ ਹਨ। ਹੁਣੇ ਇਨ੍ਹਾਂ ਨੂੰ ਪਾਰ ਬੁਲਾਉਂਦਾ ਹਾਂ ਅਰ ਸਭ ਕੁਛ ਸਾਂਭ ਕੇ ਪੱਤ੍ਰ ਹੁੰਦਾ ਹਾਂ, ਪਰ ਹੈਂ, ਉਹ! ਏਹ ਤਾਂ ਬੜਾ ਪਾਪ ਹੈ, ਇਨ੍ਹਾਂ ਮੇਰੀ ਇੰਨੀ ਟੈਹਲ ਕੀਤੀ ਹੈ, ਨਾ ਜਾਣ ਨਾ ਪਛਾਣ, ਫਿਰ ਏਹੋ ਜਹੀ ਸੇਵਾ। ਇਨ੍ਹਾਂ ਨਾਲ ਧ੍ਰੋਹ ਕਰਨਾ, ਇਨ੍ਹਾਂ ਨੂੰ ਮਾਰਨਾ ਗੁਨਾਹ ਹੈ (ਮੱਥੇ ਤੇ ਵੱਟ ਪਾਕੇ ਅਰ ਕੁਝ ਕੜਕ ਕੇ) ਹੂੰ, ਗੁਨਾਹ ਹੈ! ਗੁਨਾਹ ਹੈ!! ਜੇ ਏਹੋ ਜਹੇ ਮਸਲੇ ਘੜਨੇ ਸਾਈ ਤਾਂ ਆਇਆ ਕਿਉਂ ਸੈਂ? ਏਹ ਲੋਕ ਤਾਂ ਹੈਨ ਹੀ ਏਹੋ ਜਹੇ, ਜਾਣ ਪਛਾਣ ਹੋਵੇ, ਭਾਵੇਂ ਨਾ ਹੋਵੇ, ਜੋ ਗੁਰੂ ਦਾ ਨਾਮ ਲੈਕੇ ਇਨ੍ਹਾਂ ਦੇ ਪਾਸ ਆਵੇ, ਉਹੀ ਇਨ੍ਹਾਂ ਦਾ ਦੋਸਤ, ਉਹੀ ਇਨ੍ਹਾਂ ਦਾ ਇਤਬਾਰੀ। ਓਏ ਮੇਰਿਆ ਮਨਾਂ ਤੂੰ ਕੇਹੜੀ ਸੋਚੀਂ ਪੈ ਗਿਆ ਹੈਂ, ਇਨ੍ਹਾਂ ਗੱਲਾਂ ਨੂੰ ਛੱਡ ਤੇ ਆਪਣੇ ਕੰਮ ਲੱਗ, ਆਪਣਾ ਕੰਮ ਕਰ ਤੇ ਏਹੋ ਜਹੀ ਪੜਦੇ-ਢੱਕ ਰਾਤ ਦੇ ਪੜਦੇ ਵਿਚ ਟਿਕਾਣੇ ਪਹੁੰਚ।

ਏਹ ਕਹਿ ਬੁਚਕਾ ਖੋਲ੍ਹਿਆ ਇਕ ਦੋ ਹਥਿਆਰ ਕਢੇ, ਜੋ ਸ਼ਾਇਦ ਇਸੀ ਵੇਲੇ ਲਈ ਲਿਆਇਆ ਸੀ, ਚਾਰੇ ਪਾਸੇ ਵੇਖ, ਚੰਗੀ ਤਰ੍ਹਾਂ ਸਾਵਧਾਨ ਹੋਕੇ ਪੌੜੀਆਂ ਤੋਂ ਹੇਠ ਉਤਰਿਆ, ਜਾਂ ਡੇਉੜੀ ਵਿਚ ਆਇਆ ਤਾਂ ਦਰਵਾਜ਼ਾ ਬੰਦ ਸੀ, ਲੱਗਾ ਅੜਿਕੇ ਦੇਕੇ ਖੋਹਲਣ, ਬਥੇਰੇ ਇੱਟਣ ਪਿੱਟਣ ਕੀਤੇ, ਬਥੇਰਾ ਜ਼ੋਰ ਲਗਾਇਆ ਪਰ ਦਰਵਾਜ਼ਾ ਨਾ ਹੀ ਖੁਲ੍ਹਿਆ ਅਰ ਨਾ ਹੀ ਟੁੱਟਾ।

ਹੋਰ ਕੋਈ ਰਾਹ ਢੂੰਡਿਆ ਪਰ ਉਥੋਂ ਭੀ ਨਿਰਾਸਤਾ ਹੋਈ, ਸਾਰੀ ਰਾਤ ਇਸੀ ਕੋਸ਼ਸ਼ ਵਿਚ ਗੁਜ਼ਾਰੀ। ਇੰਨੇ ਨੂੰ ਘੜਿਆਲੀ ਨੇ ਚਾਰ ਵਜਾਏ, ਸਵਾ ਪੈਹਰ ਰਾਤ ਰਹਿੰਦੀ ਉਠਣ ਦੇ ਨੇਮੀ, ਗੁਰਬਾਣੀ ਦੇ ਪਰੇਮੀ ਦੰਪਤੀ ਹੋਰੀ ਨਾਮ ਜਪਣ ਨੂੰ ਉੱਠੇ, ਦਰਵਾਜ਼ਾ ਖੋਲ੍ਹਿਆ। ਭਿਤਾਂ ਦਾ ਖੜਾਕ ਸੁਣਦੇ ਸਾਰੀ ਰਾਤ ਦੇ ਅੱਕੇ ਥੱਕੇ ਚੋਰ ਨੇ ਸਿਰ ਤੇ ਹੱਥ ਮਾਰਿਆ ਅਰ 'ਹਾਇ ਕਿਸਮਤ' ਕਹਿਕੇ ਚੁਬਾਰੇ ਵਲ ਉਠ ਨੱਠਾ, ਛੇਤੀ ਛੇਤੀ ਹਥਿਆਰ ਭਤਾ ਸਾਂਭ ਮੰਜੇ ਤੇ ਨਿਸਲ ਹੋ ਘੁਰਾਟੇ ਲੈਣ ਲੱਗ ਪਿਆ।

## 8. ਵਿਦਾਇਗੀ

**ਅੰਮ੍ਰਿਤ ਵੇਲਾ** ਕੁਝ ਕੁਦਰਤੀ ਹੀ ਸ਼ਾਂਤ ਤੇ ਆਨੰਦ ਦਾਇਕ ਹੁੰਦਾ ਹੈ, ਇਸ ਵੇਲੇ ਅਕਾਲ ਪੁਰਖ ਦੇ ਪਿਆਰੇ ਸਰੀਰਕ ਕ੍ਰਿਆ ਅਰਥਾਤ ਨੀਂਦ ਨੂੰ ਪੂਰਾ ਕਰਕੇ, ਪਿਆਰੇ ਦੇ ਚਰਨਾਂ ਵਿਚ ਲੀਨ ਹੋਏ, ਅਭੇਦਤਾ ਦੀ ਮੌਜ ਲੁਟਦੇ ਤੇ ਅਪਨੇ ਆਪ ਵਿਚ ਪਿਆਰੇ ਦੇ ਦਰਸ਼ਨ ਦਾ ਆਨੰਦ ਲੈਂਦੇ ਹਨ। ਏਹ ਵੇਲਾ ਐਸਾ ਸ਼ਾਂਤਮਈ ਹੁੰਦਾ ਹੈ ਕਿ ਪਾਪੀ ਤੇ ਕਠੋਰ ਹਿਰਦੇ ਭੀ ਇਸ ਦੇ ਸ਼ਾਂਤਮਈ ਅਸਰ ਹੇਠ ਆ ਜਾਂਦੇ ਹਨ ਅਰ ਕੁਛ ਚਿਰ ਲਈ ਪਾਪੀ ਚਿਤ ਦੀ ਵਾਸ਼ਨਾ ਵੀ ਸ਼ਾਂਤ ਹੋ ਜਾਂਦੀ ਹੈ। ਓਹ ਚੋਰ, ਉਹ ਧਾੜਵੀ, ਜੋ ਸਾਰੀ ਰਾਤ ਕਿਸੀ ਬੇ-ਗੁਨਾਹ ਨੂੰ ਦੁਖਾਉਣ ਤੇ ਲੁਟਣ ਮਾਰਣ ਲਈ ਫਿਰਿਆ ਸੀ, ਅਪਣੀ ਸਾਥਣ, ਸੂਰਜ ਤੋਂ ਡਰਦੀ ਪੱਛਮ ਦਿਸ਼ਾ ਨੂੰ ਭੱਜੀ ਜਾਂਦੀ, ਰਾਤ ਨੂੰ ਦੇਖਕੇ ਖੋਟੇ ਕੰਮਾਂ ਤੋਂ ਹੱਥ ਖਿਚਕੇ ਆਪਣੇ ਟਿਕਾਣੇ ਨੂੰ ਮੁੜਦਾ ਹੈ ਤੇ ਆਕੇ ਮੁਰਦੇ ਵਾਂਙੂ ਪੈ ਜਾਂਦਾ ਹੈ।

ਏਹੋ ਹਾਲ ਸਾਡੇ ਸਿੱਖਾਂ ਦੇ ਭੇਸ ਵਿਚ ਆਏ ਚੋਰ ਪ੍ਰਾਹੁਣੇ ਦਾ ਹੈ, ਏਹ ਅੰਮ੍ਰਿਤ-ਦਾਇਕ ਅੰਮ੍ਰਿਤ ਵੇਲਾ ਜਿਧਰ ਭਾਈ ਮਾਧੋ ਜੀ ਤੇ ਉਸਦੀ ਅਰਧੰਗੀ ਨੂੰ ਅੰਮ੍ਰਿਤ ਦੇ ਰਿਹਾ ਹੈ, ਉਧਰ ਸਾਰੀ ਰਾਤ ਦੇ ਅੱਕੇ ਥੱਕੇ ਚੋਰ ਨੂੰ ਭੀ ਆਪਣੇ ਸੁਖਦਾਇਕ ਸੁਭਾ ਅਨੁਸਾਰ ਸੁੱਖ ਦੇ ਰਿਹਾ ਹੈ ਅਰਥਾਤ ਏਹ ਚੋਰ ਭੀ ਆਪਣੀ ਨਾਕਾਮਯਾਬੀ ਪਰ ਖਿਆਲ ਕਰਦਾ ਤੇ ਕੋਈ ਹੋਰ ਦਾਉ ਲਾਉਣ ਦੇ ਮਨਸੂਬੇ ਬੰਨ੍ਹਦਾ, ਸੌਂ ਗਿਆ ਹੈ।

ਬਹੁਰੂਪੀ ਸਮਾਂ, ਜੋ ਘੜੀ ਘੜੀ ਰੂਪ ਵਟਾਉਣ ਦਾ ਆਦੀ ਹੈ, ਆਪਣੇ ਕਾਲੇ ਤੇ ਡਰਾਉਣੇ ਰੂਪ ਨੂੰ ਕੁਝ ਚਿਰ ਲਈ ਤਿਆਗਕੇ ਮੈਲੇ ਜਹੇ ਰੂਪ ਦਾ ਬਣ ਬੈਠਾ ਹੈ, ਲੋਕੀ ਇਸ ਰੂਪ ਨੂੰ ਪਹੁ ਫੁਟਾਲਾ ਕਹਿੰਦੇ ਹਨ।

ਪੰਛੀ ਆਪਣੇ ਆਪਣੇ ਆਹਲਣਿਆਂ ਵਿਚ ਜਾਗ ਬੈਠੇ ਹਨ ਤੇ ਆਪਣੀ ਆਪਣੀ ਬੋਲੀ ਵਿਚ ਸਿਰਜਣਹਾਰ ਵਾਹਿਗੁਰੂ ਦੇ ਮਿੱਠੇ ਮਿੱਠੇ ਗੀਤ ਗਾ ਰਹੇ ਹਨ ਯਾ ਮਾਇਆ ਮਦ ਵਿਚ ਮਤੇ, ਤਨ ਸੁੱਖ, ਹੱਡ ਰੱਖ, ਬੇ ਫਿਕਰ ਸੁਤੇ ਪਏ ਸਰਬਓਪਰੀ ਕਹਿਲਾਉਣ ਵਾਲੇ ਮਨੁੱਖਾਂ ਨੂੰ ਏਹ ਸ਼ਬਦ ਸੁਣਾ ਕੇ ਜਗਾ ਰਹੇ ਹਨ:--

ਤਿਲੰਗ ਮਹਲਾ ੯॥

''ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥੧॥ਰਹਾਉ॥
ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥੧॥
ਜੀਵਤ ਲਉ ਬਿਹੁਹਾਰੁ ਹੈ ਜਗ ਕਉ ਤੁਮ ਜਾਨਉ॥
ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥''੨॥੨॥,੭੨੬-੭੨੭

ਦਿਨ ਦੇ ਬਾਦਸ਼ਾਹ ਸੂਰਜ ਦੇਵ ਭੀ ਅਪਨੀ ਤੇਜਸ੍ਵੀ ਕਿਰਨਾਂ ਦੇ ਤੀਖਛਣ ਬਾਣ ਮਾਰਦੇ ਹੋਏ ਪੂਰਬ ਵਲੋਂ ਨਿਕਲ ਆਏ ਹਨ, ਕੁਦਰਤ ਦੇ ਨੇਮੀ ਰਾਗੀ ਆਪਣੀਆਂ ਆਪਣੀਆਂ ਸੁਰੀਲੀਆਂ ਤੇ ਮਿੱਠੀਆਂ ਰਾਗਨੀਆਂ ਅਲਾਪ ਕੇ, ਪੇਟ ਜ਼ਾਲਮ ਦੇ ਧੰਧੇ ਲਈ ਖਿੰਡ ਪੁੰਡ ਗਏ ਹਨ। ਇਸ ਵੇਲੇ ਭਾਈ ਮਾਧੋ ਜੀ, ਜਿਨ੍ਹਾਂ ਦੀ ਬ੍ਰਿਤੀ ਅੱਠ ਪੈਹਰ ਇਕ ਰਸ ਜੁੜੀ ਰਹਿੰਦੀ ਸੀ, ਚਾਰ ਘੜੀਆਂ ਨਿਤਨੇਮ ਕਰਕੇ ਜਗਤ ਦੇ ਧੰਧੇ ਨਿਬਾਹੁਣ ਲਈ ਹੋਰ ਕੰਮ ਕਾਜ ਵਲ ਲਗੇ।

ਭਾਈ ਮਾਧੋ ਦੀ ਇਸਤ੍ਰੀ ਨੂੰ ਫੁਲ ਬੂਟਿਆਂ ਦਾ ਬਹੁਤ ਸ਼ੌਕ ਸੀ, ਇਸਨੇ ਕੁਛ ਬੂਟੇ ਲਾਏ ਹੋਏ ਸਨ ਜੋ ਉਪਰ ਕੋਠੇ ਪਰ ਪਏ ਸਨ। ਏਹ ਰੋਜ਼ ਸਵੇਰੇ ਇਨ੍ਹਾਂ ਨੂੰ ਪਾਣੀ ਸਿੰਚਦੀ ਤੇ ਬੇ-ਪਰਵਾਹ ਹਵਾ ਦੇ ਹੱਥੋਂ ਖਿੰਡੇ ਵਿਗੜੇ ਬੂਟਿਆਂ ਨੂੰ ਸੰਵਾਰਦੀ ਹੁੰਦੀ ਸੀ। ਹੁਣ ਆਪਣੇ ਨੇਮ ਅਨੁਸਾਰ ਜਦ ਏਹ ਨੇਮੀ ਤ੍ਰੀਮਤ ਆਪਣੇ ਪਿਆਰੇ ਬੂਟਿਆਂ ਨੂੰ ਸਿੰਜਣ ਲਈ ਗਈ ਤਾਂ ਪ੍ਰਾਹੁਣੇ ਸਿੱਖ ਨੂੰ ਘੂਕ ਸੁਤਾ ਪਿਆ ਵੇਖਿਆ, ਚਿਤ ਵਿਚ ਹੈਰਾਨ ਹੋਈ। ਜਾ ਅਪਣਾ ਕੰਮ ਕਰਕੇ ਹੇਠਾਂ ਆਈ ਤਾਂ ਹੱਥ ਜੋੜਕੇ ਅਪਣੇ ਪ੍ਰਾਣ ਪਤੀ ਮਾਧੋ ਜੀ ਨੂੰ ਇਉਂ ਕਹਿਣ ਲਗੀ—

ਇਸਤ੍ਰੀ— ਮਹਾਰਾਜ ਜੀ! ਭਾਈ ਜੀ ਹੁਣ ਤੱਕ ਸੁਤੇ ਪਏ ਹਨ।

ਭਾਈ ਮਾਧੋ— ਪ੍ਰਿਯ ਜੀ! ਭਾਈ ਜੀ ਪੈਂਡਾ ਕਰਕੇ ਆਏ ਹਨ, ਥੱਕੇ ਹੋਏ ਹਨ, ਇਸ ਕਰਕੇ ਹੁਣ ਤੱਕ ਸੁੱਤੇ ਪਏ ਹਨ।

ਇਸਤ੍ਰੀ— ਆਪਦੀ ਆਗਜਾ ਸਤ ਹੈ, ਪਰ ਮੇਰੇ ਮਨ ਵਿਚ ਬਦੋ ਬਦੀ ਸੰਸਾ ਉਠਦਾ ਹੈ ਕਿ ਨੇਮ ਦੇ ਪੱਕੇ ਸਿੱਖ ਨੇਮ ਕਦੀ ਨਹੀਂ ਘੁਸਾਯਾ ਕਰਦੇ। ਕੀ ਜਾਣੀਏ ਥਕਾਨ ਹੀ ਐਤਨਾ ਹੈ ਕਿ ਰੋਜ਼ ਦੇ ਨੇਮ ਪਰ ਪ੍ਰਬੱਲ ਪੈ ਗਿਆ ਹੈ, ਜਾਂ ਅਜੇ ਸਿੱਖੀ ਮੰਡਲ ਵਿਚ ਕਦਮ ਹੀ ਨਹੀਂ ਧਰਿਆ? ਕੀ ਕਰਾਂ ਏਹੋ ਜੇਹੇ ਸੰਸੇ ਫੁਰ ਰਹੇ ਹਨ।

ਭਾਈ ਮਾਧੋ— ਵਾਹਿਗੁਰੂ ਕ੍ਰਿਪਾ ਕਰੇ, ਜ਼ਰਾ ਅੰਦਰ ਕੰਘੀ ਮਾਰੋ, ਇਹੋ ਜਿਹੇ ਫੁਰਨੇ ਮਾਨੂੰ ਨਹੀਂ ਫੁਰਨੇ ਚਾਹੀਦੇ। ਕਿਤੇ ਅਭਮਾਨ ਲੁਕਕੇ ਅੰਦਰ ਨਾ ਵੜ ਜਾਏ।

ਇਸਤ੍ਰੀ— (ਪੈਰਾਂ ਤੇ ਸਿਰ ਰਖਕੇ) ਮਹਾਰਾਜ ਜੀ ਬਖਸ਼ ਲਉ! ਮੈਂ ਭੁਲ ਗਈ ਹਾਂ, ਸੁਵਾਮੀ ਜੀ ਭੁਲ ਮਾਫ਼ ਕਰੋ।

ਭਾਈ ਮਾਧੋ— (ਉਠਾਕੇ ਤੇ ਪਜਾਰ ਨਾਲ) ਪ੍ਰਿਜ ਜੀ, ਆਓ ਗੁਰੂ ਮਹਾਰਾਜ ਜੀ ਅੱਗੇ ਅਰਦਾਸ ਕਰੀਏ, ਜੋ ਓਹ ਆਪ ਕ੍ਰਿਪਾ ਕਰਕੇ ਸਾਡੇ ਮਨਾਂ ਵਿਚ ਨਿਵਾਸ ਕਰਨ ਤੇ ਸਾਡੀ ਭੁਲ ਚੁਕ ਬਖਸ਼ਨ।

ਏਹ ਕਹਕੇ ਦੰਪਤੀ ਗੱਲ ਵਿਚ ਪੱਲੇ ਪਾਕੇ ਖੜੇ ਰਏ ਤੇ ਇਸ ਪ੍ਰਕਾਰ ਬੇਨਤੀ ਕੀਤੀ—

"ਹੇ ਦੀਨਾ ਨਾਥ! ਘਟ ਘਟ ਦੇ ਜਾਣਨ ਹਾਰੇ! ਹੇ ਪਤਤ ਪਾਵਨ, ਗੁਰੂ ਗਰੀਬ ਨਿਵਾਜ਼ ਜੀ! ਅਸੀਂ ਭੁਲਣਹਾਰ ਜੀਵ ਹਰ ਘੜੀ ਭੁਲਦੇ ਹਾਂ, ਹੇ ਸੱਚੇ ਪਾਤਸ਼ਾਹ ਜੀ! ਕ੍ਰਿਪਾ ਕਰੋ, ਸਾਡੇ ਚਿਤਾਂ ਵਿਚੋਂ ਆਪ ਅਭਿਮਾਨ ਦੂਰ ਕਰੋ ਤੇ ਅਪਣੇ ਪਵਿਤ੍ਰ ਚਰਨਾਂ ਦਾ ਪਰੇਮ ਸਾਡੇ ਹਿਰਦਿਆਂ ਵਿਚ


www.sikhbookclub.com

ਵਸਾਉ! ਹੇ ਬਖਸ਼ਿੰਦ, ਹੇ ਬਿਰਦ ਪਾਲੰਕ! ਆਪਣਾ ਬਿਰਦ ਜਾਣਕੇ ਸਾਡੇ ਔਗੁਣ ਖਿਮਾ ਕਰੋ ਤੇ ਆਪਣੀ ਦੈਵੀ ਇੱਛਾ ਅਨੁਸਾਰ ਦਾਸਾਂ ਨੂੰ ਸਿੱਖੀ ਸਿੱਦਕ ਨਿੰਮਰਤਾ ਸਹਿਤ ਬਖਸ਼ੋ।"

ਏਹ ਕਹਿਕੇ ਦੋਹਾਂ ਨੇ ਮੱਥਾ ਟੇਕਿਆ, ਜਾਂ ਸਿਰ ਚੁਕੇ ਤਾਂ ਦੋਹਾਂ ਦੀਆਂ ਅੱਖਾਂ ਜਲ ਪੂਰਤ ਸਨ, ਇੰਨੇ ਨੂੰ ਪ੍ਰਾਹੁਣੇ ਦੀ ਭੀ ਅੱਖ ਖੁੱਲੀ, ਧੁੱਪਾਂ ਚੜ੍ਹੀਆਂ ਦੇਖਕੇ ਘਬਰਾਇਆ ਅਰ ਬੁਚਕਾ ਸੰਭਾਲ ਕੇ ਹੇਠਾਂ ਉਤ੍ਰਿਆ, ਅਰ ਭਾਈ ਮਾਧੋ ਨੂੰ ਕਹਿਣ ਲਗਾ "ਭਾਈ ਜੀ, ਆਗਿਆ ਦਿਓ ਚਲਦਾ ਹਾਂ" ਅੱਗੋਂ ਪ੍ਰੇਮ ਪੁੰਜ ਭਾਈ ਨੇ ਚਰਨ ਫੜ ਲਏ ਅਰ ਅਧੀਨਗੀ ਨਾਲ ਕਿਹਾ:—

ਭਾਈ ਮਾਧੋ— ਮਹਾਰਾਜ ਜੀ! ਕਿਰਪਾ ਕਰੋ ਕੁਝ ਦਿਨ ਇਥੇ ਰਹਿਕੇ ਨਿਹਾਲ ਕਰੋ, ਏਹ ਘਰ ਬਾਰ ਸਭ ਆਪਦਾ ਹੈ। ਮੈਂ ਸੇਵਕ ਹਾਂ, ਦਾਸ ਤੇ ਦਜਾ ਕਰੋ ਤੇ ਕੁਝ ਸਮਾਂ ਟਿਕੋ, ਸਾਨੂੰ ਪਾਪੀਆਂ ਨੂੰ ਗੁਰੂ ਕੇ ਸਿੱਖਾਂ ਦੇ ਦਰਸ਼ਨ ਕਿਥੋਂ?

ਪ੍ਰਾਹੁਣਾ— ਏਹ ਸਪ ਆਪਦੀ ਕਿਰਪਾ ਹੈ, ਮੈਨੂੰ ਜ਼ਰੂਰੀ ਕੰਮ ਹੈ, ਮੈਂ ਹੋਰ ਨਹੀਂ ਠਹਿਰ ਸਕਦਾ।

ਭਾਈ ਮਾਧੋ— ਅਜ ਦਾ ਦਿਨ ਤਾਂ ਜ਼ਰੂਰ ਹੀ ਟਿਕੋ। ਕੱਲ ਆਪ ਥੱਕੇ ਆਏ ਹੋ, ਅੱਜ ਅਕੱਠੇ ਗੁਰੂ ਕੀਆਂ ਕਹਾਣੀਆਂ ਕਰਾਂਗੇ, ਏਹ ਦਾਸ ਦੀ ਅਭਲਾਖਾ ਹੈ।

ਪ੍ਰਾਹੁਣਾ— ਜੀ ਨਹੀਂ, ਤੁਸੀਂ ਘੜੀ ਘੜੀ ਨਾ ਕਹੋ, ਮੈਂ ਜ਼ਰੂਰ ਜਾਣਾ ਹੈ।

ਭਾਈ ਮਾਧੋ— ਸਤ ਬਚਨ! ਜੇ ਆਪ ਨੇ ਜ਼ਰੂਰ ਜਾਣਾ ਹੈ ਤਾਂ ਸੁਖ ਨਾਲ। ਪਰ ਇਕ ਬੇਨਤੀ ਤਾਂ ਜ਼ਰੂਰ ਮੰਨੋ, ਪ੍ਰਸ਼ਾਦ ਛਕ ਕੇ ਜਾਣਾ, ਮੈਂ ਤਿਆਰ ਕਰਾ ਦੇਂਦਾ ਹਾਂ।

ਪ੍ਰਾਹੁਣਾ— ਮੈਨੂੰ ਦੇਰ ਹੁੰਦੀ ਹੈ, ਤੁਸੀਂ ਮੈਨੂੰ ਜਾਣ ਦਿਓ।

ਭਾਈ ਮਾਧੋ— ਝਟ ਪਟ ਹੀ ਤਿਆਰ ਹੋ ਜਾਂਦਾ ਹੈ, ਆਪ ਥੋੜਾ ਕੁ ਚਿਰ ਅਟਕੋ।

ਏਹ ਕਹਿਕੇ ਭਾਈ ਮਾਧੋ ਨੇ ਬੁਚਕਾ ਪ੍ਰਾਹੁਣੇ ਦੇ ਹੱਥੋਂ ਲੈ ਲਿਆ ਤੇ ਅੰਦਰ ਜਾ ਕੇ ਇਸਤ੍ਰੀ ਨੂੰ ਛੇਤੀ ਪ੍ਰਸ਼ਾਦ ਤਿਆਰ ਕਰਨ ਨੂੰ ਕਿਹਾ, ਅਗੋਂ ਇਸਤ੍ਰੀ ਨੇ ਕਿਹਾ ਕਿ "ਘਿਓ ਘਰ ਥੋੜਾ ਹੈ ਆਪ ਕਿਰਪਾ ਕਰਕੇ ਹੋਰ ਘਿਓ ਹੱਟੀ ਤੋਂ ਲੈ ਆਓ, ਤਾਕਿ ਰਸਤੇ ਲਈ ਭੀ ਪ੍ਰਸ਼ਾਦੇ ਪਕਾ ਦਿਆਂ" ਏਹ ਸੁਣਕੇ ਭਾਈ ਮਾਧੋ ਤਾਂ ਘਿਓ ਲੈਣ ਚਲਾ ਗਿਆ ਤੇ ਪ੍ਰਾਹੁਣਾ ਅੰਦਰ ਮੰਜੇ ਪਰ ਬੈਠ ਗਿਆ।

## ੫. ਖੂਨ

**ਜਾਂ ਭਾਈ ਮਾਧੋ** ਘਿਓ ਲੈਕੇ ਘਰ ਨੂੰ ਤੁਰਿਆ ਆਉਂਦਾ ਸੀ, ਕੀ ਦੇਖਦਾ ਹੈ ਪ੍ਰਾਹੁਣਾ ਬੁਚਕਾ ਚੁਕੀ ਛੇਤੀ ਛੇਤੀ ਤੁਰਿਆ ਜਾਂਦਾ ਹੈ, ਭਾਈ ਮਾਧੋ ਨੇ ਸੋਚਿਆ ਕਿ ਭਾਵੇਂ ਮੈਨੂੰ ਚਿਰ ਹੋ ਗਿਆ ਹੈ ਤੇ ਪ੍ਰਾਹੁਣਾ ਤੰਗ ਪੈ ਕੇ ਤੁਰ ਚਲਿਆ ਹੈ। ਭੱਜ ਕੇ ਪ੍ਰਾਹੁਣੇ ਦੇ ਚਰਨੀਂ ਜਾ ਢੱਠਾ ਤੇ ਹੱਥ ਜੋੜਕੇ ਕਿਹਾ:

ਭਾਈ ਮਾਧੋ-- ਸੱਜਣ ਜੀ। ਖਿਮਾ ਕਰੋ, ਮੈਂ ਪਾਪੀ ਤੋਂ ਏਹ ਭੁਲ ਹੋ ਗਈ, ਆਪ ਜ਼ਰੂਰ ਤੰਗ ਪੈ ਕੇ ਚਲੇ ਆਏ ਹੋਣੇ ਹੋ, ਬਖਸ਼ੋ ਅਰ ਕਿਰਪਾ ਕਰਕੇ ਪ੍ਰਸ਼ਾਦ ਛਕਕੇ ਜਾਓ।

ਭਾਈ ਜੀ ਨੂੰ ਅਚਾਨਕ ਦੇਖਕੇ ਪਹਿਲੋਂ ਤਾਂ ਪ੍ਰਾਹੁਣਾ ਘਬਰਾਇਆ, ਚੇਹਰੇ ਤੇ ਹਵਾਈਆਂ ਉਡੀਆਂ, ਭੱਜ ਜਾਣਾ ਚਾਹਿਆ ਪਰ ਭਾਈ ਮਾਧੋ ਨੇ ਏਹੋ ਜਿਹਾ ਪਲਾ ਫੜਿਆ ਜੋ ਛੋੜੇ ਹੀ ਨਾ, ਬਥੇਰੇ ਹੀਲੇ ਕੀਤੇ, ਜ਼ਰੂਰੀ ਕੰਮ ਤੇ ਚਿਰ ਹੋ ਜਾਣ ਤੇ ਬਹਾਨੇ ਡਾਹੇ ਪਰ ਭਾਈ ਮਾਧੋ ਨੇ ਇਕ ਨਾ ਸੁਣੀ, ਘੜੀ ਘੜੀ ਪੈਰ ਫੜੇ, ਹੱਥ ਜੋੜੇ ਤੇ ਕਹੇ ਕਿ "ਭਰੇ ਘਰ ਵਿਚੋਂ ਇਕ ਸਿੱਖ ਭੁਖਾ ਟੁਰੇ, ਧ੍ਰਿਗ ਜਨਮ ਹੈ ਮੇਰਾ" ਪ੍ਰਾਹੁਣਾ ਜਾਏ ਨਹੀਂ, ਭਾਈ ਮਾਧੋ ਛੋੜੇ ਨਹੀਂ। ਇਹ ਖਿਚਾ ਖਿਚ ਦੇਖਕੇ ਲੋਕ ਇਕੱਠੇ ਹੋ ਗਏ, ਸਭ ਨੇ ਕਿਹਾ "ਭਾਈ, ਜਦ ਏਹ ਇੰਨੀ ਖਿਚ ਕਰਦਾ ਹੈ ਤਾਂ ਕੀ ਹੋਇਆ ਤੂੰ ਹੀ ਦੋ ਘੜੀਆਂ ਪਿਛੋਂ ਚਲਾ ਜਾਵੀਂ ਪਰਸ਼ਾਦ ਛਕ ਜਾ"। ਹੁਣ ਪ੍ਰਾਹੁਣੇ ਨੂੰ ਕੋਈ ਗੱਲ ਨਾ ਸੁਝੀ, ਚੁਪਕੇ ਭਾਈ ਮਾਧੋ ਨਾਲ ਹੋ ਤੁਰਿਆ।

ਜਾਂ ਘਰ ਦੀ ਡਿਉਡੀ ਵਿਚ ਆਏ ਤਾਂ "ਛਣੰਗ ਦੀ" ਅਵਾਜ਼ ਆਈ, ਭਾਈ ਮਾਧੋ ਪਿਛੇ ਪਰਤਿਆ ਤਾਂ ਕੀ ਵੇਖਦਾ ਹੈ ਕਿ ਇਕ ਪੋਟਲੀ ਜੇਹੀ ਹੇਠਾਂ ਪਈ ਹੈ ਅਰ ਪ੍ਰਾਹੁਣਾ ਖੜਾ ਕੰਬੀ ਜਾਂਦਾ ਹੈ। ਭਾਈ ਮਾਧੋ ਨੇ ਪੋਟਲੀ ਉਸਦੇ ਹੱਥ ਫੜਾਈ ਅਰ ਕਿਹਾ 'ਭਾਈ ਸਾਹਿਬ! ਡਰੋ ਨਹੀਂ, ਏਹ ਘਰ ਗੁਰੂ ਅਰ ਗੁਰ ਸਿਖਾਂ ਦੇ ਅਰਪਨ ਹੈ।' ਏਹ ਸੁਣਦਿਆਂ ਹੀ ਪ੍ਰਾਹੁਣਾ ਮੂੰਹ ਪਰਨੇ ਡਿੱਗਾ ਤੇ ਸਿਰ ਭਾਈ ਮਾਧੋ ਦੇ ਚਰਨਾਂ ਪਰ ਰੱਖਕੇ ਢਾਹ ਮਾਰ ਮਾਰ ਕੇ ਰੁੰਨਾ, ਅਰ ਘਘਿਆਏ ਹੋਏ ਗਲੇ ਵਿਚੋਂ ਬੋਲਿਆ, 'ਵਾਸਤੇ ਅਪਨੇ ਗੁਰੂ ਦੇ ਰੱਖ ਲੈ।'

ਜਾਂ ਭਾਈ ਮਾਧੋ ਨੇ ਅੰਦਰ ਨਜ਼ਰ ਮਾਰੀ ਤਾਂ ਕੀ ਦੇਖਦਾ ਹੈ ਕਿ ਧਰਤੀ ਪਰ ਲਹੂ ਹੈ ਅਰ ਇਸਤ੍ਰੀ ਟੁਕੜੇ ਟੁਕੜੇ ਹੋਈ ਪਈ ਹੈ, ਦੇਖਕੇ ਬੇਵੱਸੇ ਹੀ ਮੂੰਹੋਂ 'ਵਾਹਿਗੁਰੂ' ਨਿਕਲ ਗਿਆ ਤੇ ਪ੍ਰਾਹੁਣੇ ਨੂੰ ਉਠਾਕੇ ਕਹਿਣ ਲੱਗਾ "ਹੁਣ ਤੁਸੀਂ ਕੋਈ ਫਿਕਰ ਨਾ ਕਰੋ, ਗੁਰੂ ਦਾ ਭਾਣਾ ਹੀ ਇਸ ਤਰ੍ਹਾਂ ਸੀ, ਆਓ ਪ੍ਰਸ਼ਾਦ ਛਕੋ! ਤਾਕਿ ਤੁਹਾਨੂੰ ਚਿਰ ਨਾ ਹੋਵੇ"।

## ੬. ਪਛਤਾਵਾ

"**ਹਾਇ** ਮੈਂ ਸ਼ੈਹਰੋਂ ਨਿਕਲ ਕੇ ਜੰਗਲ ਵਿਚ ਆਇਆ ਸਾਂ, ਪਰ ਏਹ ਜੰਗਲ ਭੀ ਮੈਨੂੰ ਖਾਣ ਨੂੰ ਪੈਂਦਾ ਹੈ, ਮੈਂ ਕਈ ਡਾਕੇ ਮਾਰੇ, ਕਈ ਬੇਗੁਨਾਹ ਮਰਦ ਬੱਚੇ ਤੇ ਤੀਵੀਆਂ ਕੋਹੀਆਂ, ਪਰ ਕਦੀ ਪਰਵਾਹ ਨਾ ਕੀਤੀ। ਖਬਰੇ ਮੈਨੂੰ ਕੀ ਹੋ ਗਿਆ ਹੈ, ਚਿਤ ਨਹੀਂ ਠੈਹਰਦਾ, ਹਾਇ! ਮੈਂ ਕੀ ਕਰਾਂ ਉਨ੍ਹਾਂ ਮੇਰੀ ਕਿੱਡੀ ਖਾਤਰ ਕੀਤੀ, ਕਿਸ ਪ੍ਰੇਮ ਨਾਲ ਮੇਰੇ ਭ੍ਰਿਸ਼ਟ ਪੈਰ ਆਪਣੇ ਕੋਮਲ ਹੱਥਾਂ ਨਾਲ ਮਲ ਮਲ ਕੇ ਧੋਤੇ, ਕਿਸ ਪਿਆਰ ਨਾਲ ਰੋਟੀ ਖਵਾਈ, ਕਿਸ ਮੁਹੱਬਤ ਨਾਲ ਮੁੱਠੀਆਂ ਭਰੀਆਂ। ਹਾਇ! ਮੈਂ ਇਕ ਨਾਂ ਜਾਤੀ, ਠਗ ਪੈਸੇ ਪਿਛੇ ਇਹੋ ਜਿਹਾ ਅਧਰਮ ਕੀਤਾ, ਮੈਨੂੰ ਨਰਕ ਭੀ ਨਹੀਂ ਝੱਲਣ ਲੱਗੇ। ਹਾਇ! ਉਹ ਪਰੇਮ ਪੁੰਜ ਧਰਮ ਮੂਰਤ ਮੇਰੇ ਸਾਹਮਣੇ ਆ ਗਈ ਹੈ, ਮੈਨੂੰ ਵੀਰ ਜੀ! ਭਰਾ ਜੀ! ਕਹਿ ਰਹੀ ਹੈ, ਗੈਹਣੇ ਹੋਰ ਭੀ ਅੰਦਰ ਹਨ, ਓਹ ਭੀ ਲੈ ਜਾਓ, ਮੈਥੋਂ ਖੋਹੋ ਨਾਂ, ਮੈਂ ਆਪ ਲਾਹ

ਦਿੰਦੀ ਹਾਂ, ਗੈਹਣੇ ਕੀ ਗੁਰ ਸਿੱਖਾਂ ਤੋਂ ਜਾਨ ਭੀ ਵਾਰਨੇ ਹੈ। ਏਹ ਅੱਖਰ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ, ਇਕ ਨਿਰ-ਅਪਰਾਧ ਦਾ ਖ਼ੂਨ ਕਿਉਂ ਸਿਰ ਲੈਂਦੇ ਹੋ, ਮੈਂ ਕਿਸੀ ਨੂੰ ਨਹੀਂ ਕਹਿਣ ਲਗੀ, ਪਤੀ ਜੀ ਭੀ ਕਿਤੇ ਗੱਲ ਨਹੀਂ ਕਰਨ ਲਗੇ। ਹਾਇ! ਮੈਂ ਗਿਆ, ਜੇਹੜਾ ਟੋਕਾ ਸੁਸ਼ੀਲ ਨੂੰ ਮਾਰਿਆ ਸੀ ਓਹ ਹੁਣ ਮੇਰੇ ਵੱਜ ਰਿਹਾ ਹੈ, ਹਾਇ! ਬੌਹੜੀਂ ਓਇ ਰੱਬਾ! ਮੈਂ ਮਰ ਗਿਆ, ਨਾ ਮਾਰੋ! ਨਾ ਮਾਰੋ! ਨਾ, ਨਾ। ਏਹ ਕਹਿੰਦਾ ਹੀ ਚੁਫਾਲ ਜਿਮੀਂ ਤੇ ਡਿੱਗਾ ਤੇ ਹੱਥ ਪੈਰ ਮਾਰ ਰਿਹਾ ਸੀ ਕਿ ਰੁਖਾਂ ਦੇ ਝੁੰਡ ਵਿਚੋਂ ਇਕ ਚਿੱਟੇ ਦਾਹੜੇ ਵਾਲੇ ਪੁਰਸ਼ ਨੇ ਨਿਕਲਕੇ ਸਿਰ ਆ ਚੁਕਿਆ, ਪਾਣੀ ਮੂੰਹ ਵਿਚ ਚੋਇਆ, ਮੂੰਹ ਤੇ ਛੱਟੇ ਮਾਰੇ, ਹੱਥ ਪੈਰ ਨਮੇ ਤੇ ਹੋਸ਼ ਵਿਚ ਲੈ ਆਂਦਾ, ਜਦ ਅੱਖ ਖੁਲੀ ਤਾਂ ਇਕ ਦੈਵੀ ਮੂਰਤ ਨੂੰ ਸਿਰਹਾਣੇ ਵੇਖਕੇ ਬੋਲਿਆ, "ਹੇ ਦੇਵਤੇ! ਮੈਂ ਪਾਪੀ ਦੀ ਕੁਸ਼ਟ ਦੇਹ ਤੋਂ ਪਰੇ ਹੋ ਜਾਓ, ਮੈਂ ਇਸ ਜੋਗ ਨਹੀਂ ਕਿ ਇਕ ਦੇਵਤੇ ਦੇ ਹੱਥ ਮੈਨੂੰ ਲੱਗਨ, ਮੈਨੂੰ ਮਰ ਜਾਣ ਦਿਓ।"

ਬ੍ਰਿਧ ਪੁਰਸ਼— ਆਤਮ ਘਾਤ ਘੋਰ ਪਾਪ ਹੈ, ਦੱਸ ਤੈਨੂੰ ਕੀ ਦੁੱਖ ਹੈ ਤੇ ਤੂੰ ਕਿਉਂ ਮਰਦਾ ਹੈ? "ਮੈਂ ਇਕ ਚੋਰ ਹਾਂ, ਕਈ ਧਾੜੇ ਮਾਰੇ, ਕਈ ਗੁਨਾਹ ਕੀਤੇ, ਕਈ ਨਿਰ-ਅਪਰਾਧ ਵਿਧਵਾ ਕੀਤੀਆਂ, ਕਈ ਮਸੂਮ ਬੱਚੇ ਮਹਿਟਰ ਕੀਤੇ, ਪਰ ਕਦੀ ਦਿਲ ਨ ਪਸੀਜਿਆ।

'ਭਾਈ ਮਾਧੋ ਨਾਮੇ ਇਕ ਧਨਾਢ ਸਿੱਖ ਹੈ, ਉਸਦੇ ਧਨ ਪਰ ਮੇਰੀ ਚਿਰਾਂ ਤੋਂ ਅੱਖ ਸੀ, ਬਥੇਰੇ ਦਾਅ ਲਾਏ ਪਰ ਕੋਈ ਪੇਸ਼ ਨਾ ਗਈ। ਥੋੜੇ ਦਿਨ ਹੋਏ ਹਨ ਕਿ ਉਸਦੇ ਘਰ ਮੈਂ ਸਿੱਖਾਂ ਦਾ ਸਾਂਗ ਬਣਾਕੇ ਗਿਆ ਸਾਂ, ਓਹਨਾਂ ਮੇਰੀ ਹਦੋਂ ਵਧਕੇ ਖਾਤਰ ਕੀਤੀ, ਪਰ ਮੈਂ ਪਾਪੀ, ਅਪਰਾਧੀ, ਲੂਣ ਹਰਾਮੀ ਨੇ ਉਸਦੀ ਇਸਤ੍ਰੀ ਦੇ ਗੈਹਣੇ ਲਾਹ ਲਏ ਤੇ ਇਸ ਡਰ ਤੋਂ ਕਿ ਮਤੇ ਕਿਧਰੇ ਫੜਾ ਦੇਵੇ ਉਸ ਸੁਸ਼ੀਲਾ ਨੂੰ ਭੀ ਟੋਕੇ ਨਾਲ ਟੁਕੜੇ ਕਰ ਦਿਤੇ।' ਏਹ ਸੁਣਕੇ ਬਿਰਧ ਪੁਰਸ਼ ਦੀਆਂ ਅੱਖਾਂ ਵਿਚੋਂ ਟਪ ਟਪ ਹੰਝੂ ਕਿਰਨ ਲੱਗ ਪਏ, ਉਧਰ ਚੋਰ ਭੀ ਢਾਹੀ ਮਾਰਕੇ ਰੋਣ ਲੱਗ ਪਿਆ ਤੇ ਦੁਹੱਥੜ ਸਿਰ ਵਿਚ ਮਾਰਕੇ ਫਿਰ ਬੇਸੁਧ ਹੋ ਗਿਆ। ਹੁਣ ਬ੍ਰਿਧ ਜੀ ਤ੍ਰਬਕੇ ਤੇ ਲੱਗੇ ਫਿਰ ਪਾਣੀ ਚੁਆਉਣ ਤੇ ਛੱਟੇ ਮਾਰਨ, ਨਾਲੇ ਛੱਟੇ ਮਾਰੀ ਜਾਣ, ਨਾਲੇ ਕਹੀ ਜਾਣ: 'ਮੇਰੇ ਨਾ ਸ਼ੁਕਰਾ ਪੁਣੇ ਨੇ ਫਿਰ ਇਸਨੂੰ ਬੇਹੋਸ਼ ਕਰ ਦਿਤਾ ਹੈ, ਜੇ ਏਹ ਇਸੀ ਹਾਲਤ ਵਿਚ ਚੱਲਾ ਗਿਆ ਤਾਂ ਇਸਦੀ ਆਤਮਾ ਚੁਰਾਸੀ ਦੇ ਗੇੜੇ ਵਿਚ ਪਈ ਭਟਕੇਗੀ, ਏਹ ਸਾਰਾ ਅਪਰਾਧ ਮੇਰੇ ਸਿਰ ਹੋਵੇਗਾ, ਮੈਂ ਕੀ ਕੀਤਾ? ਇਕ ਸੱਚੇ ਪਸਚਾਤਾਪੀ ਨੂੰ ਗੁਰੂ ਦੇ ਚਰਨੀ ਨਾ ਲਾਇਆ, ਆਪਣੇ ਵਹਿਣ ਨੇ ਓਸਨੂੰ ਹੋਰ ਦੁੱਖੀ ਕੀਤਾ।' ਇੰਨੇ ਨੂੰ ਚੋਰ ਨੇ ਫਿਰ ਅੱਖ ਪਟੀ, ਬ੍ਰਿਧ ਮਹਾਤਮਾ ਨੇ ਸ਼ੁਕਰ ਕੀਤਾ ਤੇ ਬੋਲੇ:—

ਬ੍ਰਿਧ ਜੀ— ਭਾਵੇਂ ਤੈਂ ਘੋਰ ਪਾਪ ਕੀਤਾ ਹੈ, ਫੇਰ ਭੀ ਇਸ ਤਰ੍ਹਾਂ ਅਜਾਈ ਨਾ ਮਰ, ਚੱਲ ਮੇਰੇ ਬਖਸ਼ਣਹਾਰ ਪਾਸ ਚੱਲ, ਤੇ ਰੋ ਰੋ ਕੇ ਆਪਣੇ ਕਸੂਰ ਦੀ ਖਿਮਾ ਮੰਗ! **"ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥"** {ਸੋਰ: ਮ: ੫-੬੨/੬੨੪} **"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ"** {ਬਿਹਾ: ਮ: ੫-੪/੫੪੪} ਉਨ੍ਹਾਂ ਨੂੰ ਸ਼ਰਨ ਆਏ ਦੀ ਲਾਜ ਹੈ, ਤੈਨੂੰ ਬਖਸ਼ਨਗੇ, ਜ਼ਰੂਰ ਬਖਸ਼ਨਗੇ।

ਚੋਰ— ਕੀ ਮੈਂ ਬਖ਼ਸ਼ਿਆ ਜਾਵਾਂਗਾ? ਹਾਇ! ਤੁਸੀਂ ਸਾਰੇ ਕਹੇ ਦਜਾਵਾਨ ਹੋ? ਭਾਈ ਮਾਧੋ ਨੇ ਭੀ ਮੈਨੂੰ ਇਉਂ ਹੀ ਬਖਸ਼ਿਆ ਸੀ, ਆਪਣੀ ਇਸਤ੍ਰੀ ਮੋਈ ਹੋਈ ਵੇਖੀ, ਮੈਂ ਉਸਦੇ ਹੱਥ ਵਿਚ ਸਾਂ,

 www.sikhbookclub.com

ਜੇ ਚਾਹੁੰਦਾ ਤਾਂ ਮੈਨੂੰ ਫਾਂਸੀ ਦੁਆਉਂਦਾ, ਮਰਵਾ ਦਿੰਦਾ, ਪਰ ਕੀ ਜਾਣਾ ਤੁਹਾਡੇ ਵਿਚ ਕੇਹੜੀ ਵਸਤੂ ਹੈ। ਉਸਨੇ ਉਲਟਾ ਮੈਨੂੰ ਰੋਟੀ, ਗੈਹਣੇ ਤੇ ਰੁਪਏ ਪੱਲੇ ਬੰਨ੍ਹਾਏ ਤੇ ਮੈਨੂੰ ਤੋਰ ਦਿਤਾ।

ਬ੍ਰਿਧ ਜੀ— ਧੰਨ ਗੁਰੂ! ਧੰਨ ਗੁਰੂ!! ਧੰਨ ਭਾਈ ਮਾਧੋ! ਧੰਨ ਸਿੱਖੀ!! ਧੰਨ ਸਿਦਕ!!! ਤੂੰ ਸਾਵਧਾਨ ਹੋ! ਉੱਠ! ਮੇਰੇ ਗੁਰੂ ਦੀ ਸਰਨੀ ਚੱਲ, ਜੇ ਚਾਹੁੰਨ ਤਾਂ ਤੈਨੂੰ ਖਿਨ ਵਿਚ ਬਖ਼ਸ਼ ਲੈਨਗੇ, ਉੱਠ ਚੱਲ, ਉੱਠ! ਢਿੱਲ ਨਾ ਕਰ।

ਸਿਆਲ ਲੰਘ ਗਿਆ ਹੈ ਤੇ ਪਤਝੜਨੀ ਹੋ ਚੁਕੀ ਹੈ, ਹੁਣ ਚੇਤ ਦਾ ਮਹੀਨਾ ਤੇ ਖਹਾਰ ਦੀ ਬਹਾਰ ਹੈ, ਦਰੱਖਤਾਂ ਨੇ ਨਵੀਆਂ ਕਲੀਆਂ ਕਢੀਆਂ ਹਨ, ਜ਼ਮੀਨ ਘਾਸ ਨਾਲ ਹਰੀ ਹੋ ਰਹੀ ਹੈ, ਮਾਨੋ ਕੁਦਰਤ ਦੇ ਵਛਾਉਣੇ (ਫਰਸ਼) ਨੇ ਸਾਵੀ ਮਖਮਲ ਦਾ ਸੁਹਾਉਣਾ ਫਰਸ਼ ਕਰ ਦਿਤਾ ਹੈ। ਲੌਢਾ ਵੇਲਾ ਹੈ ਇਸ ਵੇਲੇ ਧਰਮ ਧਨੰਤਰ ਮੀਰੀ ਪੀਰੀ ਦੇ ਮਾਲਕ ਖਸ਼ਟਮ ਸ੍ਰੀ ਗੁਰੂ ਨਾਨਕ ਦੇਵ ਜੀ ਅਰਥਾਤ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਆਪਣੇ ਕਈ ਸਿਦਕਵਾਨ ਸਿਖਾਂ ਨਾਲ ਤਾਰਾ ਮੰਡਲ ਵਿਚ ਚੰਦ ਵਾਂਙੂ ਸ਼ਸ਼ੋਭਤ ਨੀਲੇ ਘੋੜੇ ਪਰ ਸਵਾਰ, ਹੱਥ ਵਿਚ ਚਿੱਟਾ ਬਾਜ਼ ਲਈ ਜਾ ਰਹੇ ਹਨ। ਇਸ ਵੇਲੇ ਸਾਹਮਣਿਓਂ ਦੋ ਪੁਰਸ਼ ਆਏ, ਇਕ ਤਾਂ ਬ੍ਰਿਧ ਹੈ ਤੇ ਦੂਜਾ ਗਭਰੂ, ਬ੍ਰਿਧ ਨੇ ਆ ਕੇ ਚਰਨਾਂ ਪਰ ਮੱਥਾ ਟੇਕਿਆ, ਪਰ ਜਵਾਨ ਰੋਂਦਾ, "ਬਖਸ਼ ਲਓ, ਰਖ ਲਓ" ਕੈਂਹਦਾ, ਸ੍ਰੀ ਗੁਰੂ ਜੀ ਦੇ ਘੋੜੇ ਦੇ ਪੈਰਾਂ ਵਿਚ ਚੌਫਾਲ ਡਿੱਗਾ।

## ੭. ਬਖਸ਼ਸ਼

**ਪਿਆਰੇ ਪਾਠਕ!** ਏਹ ਉਹੋ ਚੋਰ ਹੈ ਜਿਸਨੇ ਭਾਈ ਮਾਧੋ ਜੀ ਦੀ ਅਰਧੰਗੀ ਨੂੰ ਗਹਿਣੇ ਦੇ ਲਾਲਚ ਪਿਛੇ ਵੱਢ ਦਿਤਾ ਸੀ ਤੇ ਜਿਸਨੂੰ ਸਿਦਕ ਪੁੰਜ ਪਰਉਪਕਾਰੀ ਬ੍ਰਿਧ ਭਾਈ ਜੀ ਗੁਰ-ਚਰਨਾਂ ਵਿਚ ਲਿਆਏ ਹਨ। ਭਾਈ ਮਾਧੋ ਦੇ ਸਿਦਕ ਨੇ ਇਸ ਅਧਮ ਧਾੜਵੀ ਪਰ ਉਹ ਅਸਰ ਕੀਤਾ ਹੈ ਕਿ ਰੋਈ ਜਾਂਦਾ ਹੈ ਤੇ ਕਹੀ ਜਾਂਦਾ ਹੈ "ਹੇ ਪਤਤ ਪਾਵਨ! ਮੈਂ ਪਾਪੀ, ਅਧਮ ਨੀਚ ਹਾਂ, ਮੈਨੂੰ ਘੋੜੇ ਦੇ ਪੈਰਾਂ ਵਿਚ ਚਿੱਥ ਕੇ ਮਾਰੋ। ਹੇ ਬਖਸ਼ਣਹਾਰ ਮੇਰਾ ਕਰਮ ਬਖਸ਼ਣ ਜੋਗ ਨਹੀਂ, ਪਰ ਆਪਦੇ ਦਰੋਂ ਕਦੀ ਕੋਈ ਨਿਆਸਾ ਨਹੀਂ ਗਿਆ। ਹੇ ਦੀਨਾ ਨਾਥ! ਰਖ ਲਓ! ਬਖ਼ਸ਼ ਲਓ!! ਬਖਸ਼ ਲਓ!!

ਗੁਰੂ ਸਾਹਿਬ ਨੇ ਹੁਕਮ ਦਿਤਾ ਕਿ ਇਸ ਨੂੰ ਉਠਾਓ! ਪੁਛਿਆ "ਪੁਰਸ਼ਾ! ਦਸ ਤੂੰ ਕੀਹ ਮੰਦ ਕਰਮ ਕੀਤਾ ਹੈ?" ਇਸ ਪਰ ਚੋਰ ਨੇ ਸਿੱਖ ਬਣਕੇ ਜਾਣ ਦੀ, ਭਾਈ ਮਾਧੋ ਦੀ ਸਿਖਣੀ ਨੂੰ ਮਾਰਨੇ ਦੀ, ਤੇ ਭਾਈ ਮਾਧੋ ਦੀ ਗਹਣੇ ਦੇ ਕੇ ਤੋਰਨ ਦੀ ਸਾਰੀ ਵਿਥਿਆ ਰੋ ਰੋ ਕੇ ਸੁਣਾਈ ਤੇ ਰੋਂਦਾ ਫਿਰ ਮਹਾਰਾਜ ਦੇ ਅਗੇ ਢੈਹ ਪਿਆ।

ਜਦ ਮਹਾਰਾਜ ਨੇ ਏਹ ਗੱਲ ਸੁਣੀ, ਨੇਤ੍ਰ ਬੰਦ ਕਰ ਲਏ, ਬੋਲੇ: "ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਧੰਨ ਸਿੱਖੀ! ਧੰਨ ਭਾਈ ਮਾਧੋ, ਧੰਨ ਤਿਸਦੀ ਅਰਧੰਗੀ, ਹੇ ਸਿਦਕ ਵਾਲੀ ਪੁਤਰੀ! ਨਿਹਾਲ!! ਕਲਜਾਨ!!! ਤੇਰਾ ਗੁਰ ਚਰਨਾਂ ਵਿਚ ਵਾਸਾ" ਇੰਨੇ ਨੂੰ ਕਿਸੀ ਨੇ ਕਿਹਾ ਕਿ "ਮਹਾਰਾਜ ਜੀ! ਭਾਈ ਮਾਧੋ ਭੀ ਸੰਗਤ ਸਮੇਤ ਚਰਨਾਂ ਵਿਚ ਆ ਰਿਹਾ ਹੈ"।

ਇਹ ਸੁਣਕੇ ਮਹਾਰਾਜ ਝਟ ਘੋੜੇ ਤੋਂ ਉਤਰ ਖਲੋਤੇ, ਬਾਜ਼ ਭੀ ਉਥੇ ਹੀ ਰਿਹਾ ਤੇ ਸੰਗਤ ਨੂੰ ਅਗਵਾਊ ਹੋ ਮਿਲੇ। ਅਗੇ ਸੰਗਤ ਏਹ ਸ਼ਬਦ ਗਾਉਂਦੀ ਆ ਰਹੀ ਸੀ--

**ਸੂਹੀ ਮਹਲਾ ੫॥**

**"ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥੧॥**
**ਇਹ ਬੇਨੰਤੀ ਸੁਣਿ ਪ੍ਰਭ ਮੇਰੇ॥ ਦੇਹਿ ਨਾਮੁ ਕਰਿ ਅਪਣੇ ਚੇਰੇ॥੧॥ਰਹਾਉ॥**
**ਅਪਣੀ ਸਰਣਿ ਰਾਖੁ ਪ੍ਰਭੁ ਦਾਤੇ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ॥੨॥**
**ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥ ਚਰਣ ਕਮਲ ਵਸਹਿ ਮੇਰੈ ਚੀਤਾ॥੩॥**
**ਨਾਨਕੁ ਏਕ ਕਰੈ ਅਰਦਾਸਿ॥ ਵਿਸਰੁ ਨਾਹੀ ਪੂਰਨ ਗੁਣਤਾਸਿ॥੪॥੧੮॥੨੪॥"**

ਇਧਰ ਸ਼ਬਦ ਦਾ ਭੋਗ ਪਿਆ ਉਧਰ ਸਤਿਗੁਰੂ ਜੀ ਨੇ ਭਾਈ ਮਾਧੋ ਨੂੰ ਗਲ ਨਾਲ ਜਾ ਲਾਇਆ! ਕਿਹਾ ਹੀ ਅਸਚਰਜ ਕੌਤਕ ਹੈ। ਸਿੱਖ ਜਲ ਪੂਰਤ ਅੱਖਾਂ ਨਾਲ ਚਰਨਾਂ ਪਰ ਡਿੱਗਦਾ ਹੈ, ਗੁਰੂ ਕੇ ਨਾਮਰਸ ਵਿਚ ਆਏ ਹੋਏ ਵਧੇਰੇ ਘੁਟਕੇ ਜੱਫੀ ਪਾਉਂਦੇ ਹਨ ਤੇ ਮੁਖੋਂ ਆਖਦੇ ਹਨ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ! ਧੰਨ ਸਿੱਖੀ! ਧੰਨ ਸਿੱਖੀ!! ਧੰਨ ਸਿੱਖੀ!!! ਧੰਨ ਭਾਈ ਮਾਧੋ! ਤੂੰ ਸਿਦਕ ਨਿਬਾਹਿਆ, ਸਿੱਖ ਨੂੰ ਮੇਰਾ ਰੂਪ ਜਾਤਾ, ਨਿਹਾਲ! ਨਿਹਾਲ!!'

ਅਹਾ! ਕਿਆ ਹੀ ਅਦਭੁਤ ਦ੍ਰਿਸ਼ਯ ਹੈ, ਕਿਆ ਹੀ ਪਰੇਮ ਹੈ, ਕਿਆ ਹੀ ਬਿਰਦ ਦੀ ਲਾਜ ਹੈ, ਇਸ ਵੇਲੇ ਸਿੱਖ ਤੇ ਗੁਰੂ ਇਕ ਰੂਪ ਹੋ ਰਹੇ ਹਨ। ਸਿੱਖ ਇਤਨੀ ਦਾਤ ਪਾਕੇ ਕ੍ਰਿਤਾਰਥ ਹੋ ਰਿਹਾ ਹੈ, ਗੁਰੂ ਸਿੱਖ ਦੇ ਸਿਦਕ ਭਰੋਸੇ ਪਰ ਗਦ ਗਦ ਹਨ, ਕਿਆ ਹੀ ਅਸਚਰਜ ਤੇ ਅਕਹਿ ਕੌਤਕ ਹੈ।

ਗੱਲ ਕੀ ਜਦ ਇਸ ਤਰ੍ਹਾਂ ਪਰੇਮ ਦਾ ਸਮੁੰਦਰ ਠਾਠਾਂ ਮਾਰਕੇ ਕੁਛ ਸਾਂਤ ਹੋਇਆ ਤਾਂ ਭਾਈ ਮਾਧੋ ਨੇ ਚਰਨਾਂ ਪਰ ਮੱਥਾ ਟੇਕਿਆ ਤੇ ਗੁਰੂ ਸਾਹਿਬ ਜੀ ਨੇ ਕਿਹਾ, "ਭਾਈ ਮਾਧੋ, ਤੂੰ ਉਸ ਵੇਲੇ ਕੀ ਕੀਤਾ?"

ਭਾਈ ਮਾਧੋ— ਹੇ ਘਟ ਘਟ ਦੇ ਜਾਣਨ ਹਾਰੇ! ਤੇਰੀਆਂ ਤੂੰਹੇਂ ਜਾਣੇਂ, ਨਾਂ ਮੈਂ ਕੁਝ ਹਾਂ ਤੇ ਨਾ ਮੈਂ ਕੁਝ ਕੀਤਾ ਹੈ। ਜੋ ਤੁਸਾਂ ਕਰਵਾਜਾ ਸੋ ਮੈਂ ਕੀਤਾ!

ਗੁਰੂ ਸਾਹਿਬ ਜੀ ਨੇ ਚੋਰ ਨੂੰ ਧੀਰਜ ਦਿਤਾ, ਸੰਗਤ ਸਣੇ ਗੁਰਦੁਆਰੇ ਨੂੰ ਆਏ। ਦੂਜੀ ਭਲਕ ਦੀਵਾਨ ਕੀਤਾ ਤੇ ਸ਼ਰਣ ਆਏ ਨੂੰ **"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥"**{ਬਿਹਾ: ਮ: ੫-੪/੫੪੪} ਦੇ ਵਾਕ ਅਨੁਸਾਰ ਬਖਸ਼ਿਆ ਤੇ ਸੰਗਤ ਵਿਚ ਮਿਲਾਯਾ, ਓਹੀ ਚੋਰ ਪਿਛੋਂ ਕਿ ਉਪਕਾਰੀ ਸਿੱਖ ਹੋਇਆ।

ਇਸ ਪਰਥਾਇ ਭਾਈ ਗੁਰਦਾਸ ਜੀ ਨੇ ਕਿਹਾ ਹੈ:—

"ਗੁਣ ਕੀਏ ਗੁਣ ਸਭ ਕੋਊ ਕਰੈ ਕਿਰਪਾ ਨਿਧਾਨ! ਅਵਗੁਣ ਕੀਏ ਗੁਣ ਤੋਹਿ ਬਣ ਆਇਓ ਹੈ"

# ੨੮. ਪੈਂਦੇ ਖ਼ਾਂ

**ਆਕਾਸ਼** ਵਿਚ ਤਾਰਿਆਂ ਦੀ ਝਲਮਲ ਕਾਰ ਦੇ ਵਿਚਕਾਰ ਚੰਦਰਮਾਂ ਅਪਨੀ ਮਿੱਠੀ ਮਿੱਠੀ ਰਸ ਭਿੰਨੀ ਚਾਨਣੀ ਨਾਲ ਸੀਤਲਤਾ ਦਾ ਸੰਚਾਰ ਕਰਦਾ, ਸ਼ੋਭਾ ਪਾ ਰਿਹਾ ਸੀ, ਤੇ ਧਰਤੀ ਉਤੇ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਸਿਖਾਂ ਵਿਚ ਧਰਮ-ਧੀਰ, ਗੁਣੀ-ਗਹੀਰ, ਮਹਾਂ-ਬਲਬੀਰ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੂਰੀ ਮੁਖੜੇ ਵਾਲੇ ਜਿਨ੍ਹਾਂ ਦੇ ਅਗੇ ਚੰਦ ਦੀ ਚਾਂਦਨੀ ਮਾਤ ਸੀ, ਬ੍ਰਾਜਮਾਨ ਹੋ ਸੰਗਤਾਂ ਨੂੰ ਤਾਰ ਰਹੇ ਸਨ। ਸ਼ਬਦ ਕੀਰਤਨ ਇਸ ਰਸ-ਭਿੰਨੀ ਲੈ ਵਿਚ ਹੋ ਰਿਹਾ ਸੀ ਕਿ ਸੰਗਤਾਂ ਖੀਵੀਆਂ ਹੋ ਹੋ ਵਜਦ ਵਿਚ ਆ ਰਹੀਆਂ ਸਨ, ਆਸਾ ਦੀ ਵਾਰ ਦਾ ਭੋਗ ਪਿਆ, ਰਾਗੀਆਂ ਪਉੜੀ ਲਾਈ, ਸਤਿਗੁਰਾਂ ਰਸੀਲੇ ਨੈਣਾਂ ਨਾਲ ਸੰਗਤਾਂ ਵਲ ਵੇਖਿਆ, ਇਕ ਪਾਸੇ ਕੁਛ ਪਠਾਣ ਖੜੋਤੇ ਦਿਸੇ, ਸਤਿਗੁਰਾਂ ਨੇ ਮੇਵੜੇ ਨੂੰ ਹੁਕਮ ਦਿਤਾ ਕਿ ਇਨ੍ਹਾਂ ਤੋਂ ਪੁਛੋ ਕਿਸ ਕਾਰਜ ਆਏ ਹਨ? ਮੇਵੜੇ ਤੋਂ ਇਹ ਗਲ ਸੁਣਕੇ ਕਿ ਉਹ ਦਰਸ਼ਨਾਂ ਲਈ ਆਏ ਹਨ, ਸਤਿਗੁਰਾਂ ਨੇ ਉਨ੍ਹਾਂ ਨੂੰ ਅਗੇ ਸਦਿਆ ਤੇ ਪੁਛਣ ਤੋਂ ਇਨ੍ਹਾਂ ਵਿਚੋਂ ਇਕ ਨੇ ਕਿਹਾ: "ਮੇਰਾ ਨਾਮ ਇਸਮਾਈਲ ਹੈ, ਮੀਰ ਦਾ ਰਹਿਣ ਵਾਲਾ ਹਾਂ, ਜੋ ਇਥੋਂ (ਕਰਤਾਰਪੁਰ) ਤੋਂ ਲਾਗੇ ਹੀ ਹੈ। ਇਹ ਸੁਣਕੇ ਕਿ ਆਪ ਗੁਰੂ ਨਾਨਕ ਦੇਵ ਜੀ ਦੀ ਗਦੀ ਦੇ ਮਾਲਕ ਹੋ, ਇਹ ਘਰ ਬੜੀਆਂ ਅਜ਼ਮਤਾਂ ਵਾਲਾ ਹੈ, ਹਿੰਦੂ ਮੁਸਲਮਾਨ ਸਾਰੇ ਇਸ ਅਗੇ ਨਿੰਵਦੇ ਹਨ, ਆਪ ਜੀ ਦੇ ਦੀਦਾਰੇ ਲਈ ਆਏ ਹਾਂ।"

ਗੁਰੂ ਜੀ— ਤੁਸੀਂ ਕੀ ਕਾਰ ਵਿਹਾਰ ਕਰਦੇ ਹੋ?

ਇਸਮਾਈਲ— ਹਜ਼ੂਰ ਅਸੀਂ ਪਠਾਣ ਬੱਚੇ ਹਾਂ, ਤੱਕੜੀ ਸਾਥੋਂ ਨਹੀਂ ਪਕੜੀ ਜਾਂਦੀ, ਹਲ ਦੇ ਪਿਛੇ ਟਿਚ ਟਿਚ ਕਰਦੇ ਟੁਰਨਾਂ ਸਾਨੂੰ ਨਹੀਂ ਆਉਂਦਾ। ਨੌਕਰੀ ਹੀ ਸਾਡਾ ਪੇਸ਼ਾ ਹੋ ਗਿਆ ਹੈ। ਆਪ ਜੈਸੇ ਐਸ਼ਵਰ ਜਵਾਨਾਂ ਦੇ ਪਾਸ ਹੀ ਸਾਡੀ ਰਿੱਜ਼ਕ ਰੋਟੀ ਲਿਖੀ ਹੈ।

ਸਤਿਗੁਰਾਂ ਨੇ ਇਹਨਾਂ ਪਠਾਣਾਂ ਵਲ ਵੇਖਿਆ ਤੇ ਇਕ ੧੪-੧੫ ਸਾਲ ਦੇ ਲੜਕੇ ਵਲ ਇਸ਼ਾਰਾ ਕਰਕੇ ਪੁਛਿਆ ਇਹ ਕੌਣ ਹੈ?

ਇਸਮਾਈਲ— ਇਹ ਮੇਰਾ ਭਾਣਜਾ ਹੈ, ਇਹਦੇ ਪਿਤਾ ਦਾ ਨਾਮ ਫ਼ਤਹ ਖਾਂ ਹੈ, ਤੇ ਆਲਮਪੁਰ ਦਾ ਵਸਨੀਕ ਹੈ, ਇਹ ਅਜੇ ਨਿਕਾ ਹੀ ਸੀ ਕਿ ਇਹਦੀ ਮਾਤਾ ਤੇ ਪਿਤ ਚਲਾਣਾ ਕਰ ਗਏ। ਇਸਨੂੰ ਬੇਸਹਾਰਾ ਵੇਖਕੇ ਮੈਂ ਆਪਣੇ ਪਾਸ ਲੈ ਆਂਦਾ ਸੀ, ਮੈਂ ਹੀ ਇਸਦੀ ਪਾਲਨਾ ਕਰ ਰਿਹਾ ਹਾਂ।

ਗੁਰੂ ਜੀ— ਇਹਦਾ ਨਾਮ ਕੀ ਹੈ?

ਇਸਮਾਈਲ— ਆਪਦੇ ਜੋੜੇ ਬਰਦਾਰ ਦਾ ਨਾਮ ਹੈ ਪੈਂਦੇ ਖ਼ਾਂ।

ਗੁਰੂ ਜੀ ਨੇ ਉਨ੍ਹਾਂ ਨੂੰ ੧੧) ਰੁਪਏ ਰਸਦ ਪਾਣੀ ਵਾਸਤੇ ਦਿਤੇ ਤੇ ਦੂਜੇ ਦਿਨ ਸਵੇਰੇ ਆਉਣ ਲਈ ਕਿਹਾ।

ਪੈਂਦੇ ਖ਼ਾਂ ਪੰਜ ਪਠਾਣਾਂ ਸਮੇਤ ਦੂਜੇ ਦਿਨ ਆ ਗਿਆ। ਗੁਰੂ ਜੀ ਨੇ ਉਨ੍ਹਾਂ ਦਾ ਰੋਜ਼ੀਨਾ ਨੀਯਤ ਕਰ ਦਿਤਾ, ਰਸਦਾਂ ਲਗ ਗਈਆਂ। ਦੋ ਮੱਝਾਂ ਦੁੱਧ ਪੀਣ ਵਾਸਤੇ ਦਿਤੀਆਂ ਤੇ ਲਾਂਗਰੀ ਨੂੰ ਹਰ ਤਰ੍ਹਾਂ ਨਾਲ ਲੋੜੀਂਦੀਆਂ ਵਸਤਾਂ ਬਹਮ ਪਹੁੰਚਾਣ ਲਈ ਕਿਹਾ ਗਿਆ।

ਖਾਣ ਪੀਣ ਦੀ ਖੁਲ੍ਹ ਸੀ, ਵਰਜ਼ਸ਼ ਕਰਨ ਤੋਂ ਸਵਾਏ ਹੋਰ ਕੋਈ ਕੰਮ ਨਹੀਂ ਸੀ। ਇਸਨੂੰ ਸ਼ਸਤਰ ਵਿਦਿਆ ਵਿਚ ਨਿਪੁੰਨ ਕਰਨੇ ਲਈ ਉਸਤਾਦ ਰੱਖ ਦਿਤੇ ਗਏ ਸਨ। ਥੋੜੇ ਹੀ ਚਿਰ ਵਿਚ ਪੈਂਦੇ ਖਾਂ ਬੜਾ ਗਰਾਂਡੀਲ ਜਵਾਨ ਹੋ ਗਿਆ। ਸ਼ਸਤਰ ਵਿਦਯਾ ਵਿਚ ਨਿਪੁੰਨਤਾ ਪਾ ਲਈ, ਤੇਗ ਚਲਾਣ ਤੇ ਤੀਰ ਅੰਦਾਜ਼ੀ ਵਿਚ ਕਾਮਲ ਬਣ ਗਿਆ। ਪਹਿਲਵਾਨਾਂ ਵਿਚ ਇਹਦੇ ਨਾਲ ਦੇ ਬਹੁਤ ਥੋੜੇ ਸਨ।

ਗੁਰੂ ਜੀ ਨੇ ਇਹਦੀ ਪਾਲਣਾ ਬੜੇ ਗਹੁ ਨਾਲ ਕੀਤੀ, ਕੋਈ ਕਸਰ ਇਸਦੇ ਮਹਾਨ ਯੋਧਾ ਬਣਨ ਵਿਚ ਬਾਕੀ ਨਹੀਂ ਸੀ ਰੱਖੀ। ਜਦ ਇਹ ਵੱਡਾ ਹੋਇਆ ਤਾਂ ਇਕ ਮੁਸਲਮਾਨ ਦੇ ਘਰ ਵਿਆਹ ਦਿਤਾ ਤੇ ਧਨ ਖੁਲ੍ਹਾ ਦੇ ਕੇ ਚੰਗਾ ਸੌਖਾ ਬਣਾ ਦਿਤਾ। ਇੰਜ ਗੁਰੂ ਜੀ ਪਾਸ ਰਹਿੰਦਿਆਂ ਇਸਨੂੰ ਕਿੰਨਾ ਚਿਰ ਹੋ ਗਿਆ।

ਪੈਂਦੇ ਖ਼ਾਂ ਦੇ ਘਰ ਇਕ ਲੜਕਾ ਤੇ ਇਕ ਲੜਕੀ ਸੀ। ਕਰਤਾਰਪੁਰ ਤੋਂ ਨੇੜੇ ਹੀ ਛੋਟੇ ਮੀਰ ਨਾਮ ਦਾ ਇਕ ਪਿੰਡ ਹੈ, ਉਥੋਂ ਦਾ ਇਕ ਪਠਾਣ ਲਾਹੌਰ ਦੇ ਹਾਕਮ ਪਾਸ ਨੌਕਰ ਸੀ, ਹੁਦਾ ਇੱਜ਼ਤ ਵਾਲਾ ਸੀ। ਉਹਦਾ ਇਕ ਲੜਕਾ ਸੀ, ਜਿਸਦਾ ਨਾਮ ਅਸਮਾਨ ਖਾਨ ਸੀ। ਉਸ ਨਾਲ ਲੜਕੀ ਦਾ ਸਾਕ ਕਰ ਦਿਤਾ।

ਪੈਂਦੇ ਖ਼ਾਂ ਨੇ ਲੜਕੀ ਦਾ ਨਿਕਾਹ ਛੇਤੀ ਹੀ ਕਰ ਦਿਤਾ। ਆਪਣਾ ਲੜਕਾ ਛੋਟੀ ਆਯੂ ਦਾ ਸੀ, ਇਸ ਕਰਕੇ ਜਵਾਈ ਨੂੰ ਘਰ ਲੈ ਆਂਦਾ ਤੇ ਪੁਤ੍ਰ ਵਾਂਗ ਰਖਿਆ।

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਕਰਤਾਰਪੁਰ ਆਇਆਂ ਹੁਣ ਛੇ ਮਹੀਨੇ ਹੋ ਗਏ ਸਨ, ਵਿਸਾਖੀ ਆ ਗਈ, ਚਾਰੇ ਕੁੰਟਾਂ ਤੋਂ ਸੰਗਤਾਂ ਦਰਸ਼ਨਾਂ ਲਈ ਆਉਣ ਲਗੀਆਂ, ਅਦਭੁਤ ਭੇਟਾ ਤੇ ਚੜ੍ਹਾਵੇ ਚੜ੍ਹਦੇ ਸਨ, ਕੀਰਤਨ, ਉਪਦੇਸ਼ ਤੇ ਸਤਿਸੰਗ ਵਿਚ ਨਾਮ ਦਾ ਪ੍ਰਵਾਹ ਚਲ ਰਿਹਾ ਸੀ।

ਬਦਖਸ਼ਾਂ ਦਾ ਇਕ ਸਿੱਖ ਭਾਰੀ ਸੁਦਾਗਰ ਦਰਸ਼ਨਾਂ ਲਈ ਆਇਆ, ਇਕ ਘੋੜਾ, ਬਾਜ਼, ਖੰਡਾ, ਬਹੁਮੁਲਾ ਕਪੜਿਆਂ ਦਾ ਪੈਰਾਹਨ ਤੇ ਇਕ ਸੁੰਦਰ ਕਲਗੀ ਗੁਰੂ ਜੀ ਦੇ ਅਰਪਨ ਕੀਤੀ। ਚੀਜ਼ਾਂ ਸਾਰੀਆਂ ਇਕ ਦੂਜੇ ਤੋਂ ਵਧੀਕ ਸੁੰਦਰ, ਬਹੁਮੁਲੀਆਂ ਤੇ ਆਪਣਾ ਨਮੂਨਾ ਆਪ ਹੀ ਸਨ, ਸਿਖ ਨੇ ਬੇਨਤੀ ਕੀਤੀ ਕਿ ਮੈਂ ਵਾਪਾਰੀ ਹਾਂ, ਜੇਹੜਾ ਦਸਵੰਧ ਕਢਦਾ ਰਿਹਾ ਹਾਂ ਤੇ ਮੰਨੀਆਂ ਮੰਨਤਾਂ ਵੇਲੇ ਰਕਮ ਕਢਦਾ ਰਿਹਾ ਹਾਂ, ਉਹਨਾਂ ਸਾਰੀਆਂ ਤੋਂ ਇਹ ਵਸਤਾਂ ਬਣੀਆਂ ਹਨ।

ਇਹ ਸੁਣਕੇ ਕਿ ਹਜ਼ੂਰ ਨੂੰ ਘੋੜੇ ਤੇ ਸ਼ਸਤਰ ਆਦਿਕ ਚੀਜ਼ਾਂ ਅਤਿ ਪਸੰਦ ਹਨ, ਇਹ ਘੋੜਾ, ਜੋੜਾ, ਢਾਲ, ਖੰਡਾ ਤੇ ਕਲਗੀ ਆਦਿਕ ਆਪਦੀ ਪ੍ਰਸੰਨਤਾ ਲਈ ਆਂਦੀਆਂ ਹਨ।

ਸਤਿਗੁਰੂ ਬੜੇ ਪ੍ਰਸੰਨ ਹੋਏ ਤੇ ਫੁਰਮਾਇਆ:—

ਅਪਨੋ ਜਨਮ ਕ੍ਰਿਤਾਰਥ ਕੀਨਾ। ਸਭਿ ਕੁਲ ਕੋ ਸੰਕਟ ਕਰਿ ਛੀਨਾ।
ਇਤੀ ਦੂਰ ਤੇ ਵਸਤੁ ਲਿਆਵਾ। ਬਹੁ ਧਨ ਖਰਚਜੋ ਪ੍ਰੇਮ ਬਧਾਵਾ।

ਗੁਰਹਿਤ ਨਿਤ ਦਸੌਂਧ ਕੋ ਰਾਖਾ। ਦਰਸ਼ਨ ਗੁਰ ਸ਼ਰਧਾ ਉਰ ਕਾਖਾ।
ਹਮ ਪ੍ਰਸੰਨ ਬਰ ਜਾਚਨ ਕੀਜੈ। ਅਪਨੀ ਆਸ਼ਾ ਪੂਰਿ ਲਈਜੈ।
{ਸੂ: ਪ੍ਰ: ਰਾ: ੮, ਅੰਸੂ ੮, ਸਫਾ ੩੩੩੭-੩੮}

ਗੁਰੂ ਜੀ ਤੋਂ ਇਹ ਪ੍ਰਸੰਨਤਾ ਦੇ ਵਾਕ ਸੁਣ ਸਿਖ ਗਦਗਦ ਹੋ ਗਿਆ। ਉਹਦੇ ਹਿਰਦੇ ਵਿਚ ਪ੍ਰੇਮ ਦੀ ਗੰਗਾ ਉਛਾਲੇ ਮਾਰਨ ਲਗੀ, ਦੋ ਹਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਆਪ ਘਟ ਘਟ ਦੀ ਜਾਣਨਹਾਰ ਹੋ, ਧਨ, ਪੁਤ੍ਰ ਆਪ ਦਾ ਦਿਤਾ ਸਭ ਕੁਛ ਹੈ, ਜੇ ਤਰੁੱਠੇ ਹੋ ਤਾਂ ਇਹ ਦਾਨ ਦੇਵੋ ਕਿ:—

'ਜਬ ਲੌ ਹੁਇ ਨ ਆਪ ਸੌਂ ਮੇਲ। ਕਰਮਨਿ ਬਸਿ ਜੂਨਨ ਮਹਿ ਖੇਲ।
ਜਹਿਂ ਜਹਿਂ ਜਨਮ ਧਰੋਂ ਮੈਂ ਜਾਈ। ਰਹੋਂ ਸਿਖ ਤਬਿ ਲੋ ਗੁਨ ਗਾਈ।
{ਸੂ: ਪ੍ਰ: ਰਾ: ੮, ਅੰਸੂ ੮, ਸਫਾ ੩੩੩੮}

'ਜਦ ਤਕ ਆਪ ਦੇ ਸਰੂਪ ਦੀ ਲਖਤਾ ਨਾ ਹੋਵੇ, ਜਦ ਤਕ ਆਪਦੇ ਚਰਨ ਸਰਨ ਨ ਸਮਾਵਾਂ ਤਦ ਤਕ ਜਿੱਥੇ ਵੀ ਜਾਵਾਂ ਤੇ ਜਿਸ ਜੂਨ ਵਿਚ ਵੀ ਜਾਵਾਂ ਆਪ ਦਾ ਸਿਖ ਹੋਵਾਂ ਤੇ ਆਪ ਦੇ ਗੁਣ ਗਾਉਂਦਾ ਰਹਾਂ।' ਸਤਿਗੁਰੂ ਜੀ:—

ਭਏ ਪ੍ਰਸੰਨ ਬਖਾਨਜੋ ਬੈਨ। 'ਤੇਰੋ ਜਨਮ ਅਪਰ ਅਬਿ ਹੈ ਨ।'
ਉਰ ਮਹਿ ਬਸੋ-ਮਾਂਗ ਬਰ ਲੀਨੋ। ਭਜੋ ਕਰਮ ਕੇ ਬੰਧ ਬਿਹੀਨੋਂ।
'ਪੂਰਨ ਹੁਇ ਕਾਮਨਾ ਤੇਰੀ! ਮਿਟੀ ਸਕਲ ਭਵਜਲ ਕੀ ਫੇਰੀ'॥੯॥
{ਸੂ: ਪ੍ਰ: ਰਾ: ੮ ਅੰਸੂ ੮, ਸਫਾ ੩੩੩੮}

ਬੜੇ ਪ੍ਰਸੰਨ ਹੋਏ ਤੇ ਫੁਰਮਾਇਆ ਕਿ ਹਿਰਦੇ ਵਿਚ ਵਸਣ ਦਾ ਤੂੰ ਵਰ ਮੰਗਿਆ ਹੈ, ਇਸ ਕਰਕੇ ਹੁਣ ਤੂੰ ਕਰਮ-ਬੱਧ ਨਹੀਂ ਰਿਹਾ, ਤੇਰਾ ਆਉਣਾ ਜਾਣਾ ਮਿਟ ਗਿਆ, ਭਵਜਲ ਦੀ ਫੇਰੀ ਚੁਕ ਗਈ ਹੈ, ਸਿਖ ਸੁਣਕੇ ਨਿਹਾਲ ਹੋ ਗਿਆ, ਨਾਮ ਦੀ ਰੌ ਲਿਵ ਹੋ ਗਈ। ਤੇ ਸਾਈਂ ਨਾਲ ਲਗ ਗਈ। ਜਿਸ ਨਾਲ ਲਗਿਆਂ ਫਿਰ ਵਿਛੋੜਾ ਨਹੀਂ ਪੈਂਦਾ। ਇਸ ਤਰ੍ਹਾਂ ਨਾਲ ਅਨੇਕਾਂ ਸਿਖ ਤਰੇ ਤੇ ਅਨੇਕਾਂ ਸੰਗਤਾਂ ਉਸ ਵੇਲੇ ਆਉਂਦੀਆਂ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਸਨ।

ਬਾਬਾ ਗੁਰਦਿਤਾ ਜੀ ਦੀਵਾਨ ਵਿਚ ਬੈਠੇ ਸਨ, ਬਾਜ਼ ਵੇਖਕੇ ਬੜੇ ਖੁਸ਼ ਹੋਏ ਤੇ ਕਹਿਣ ਲਗੇ:— ਸੱਚੇ ਪਾਤਸ਼ਾਹ ਇਹ ਬੜੀ ਅਜਬ ਚੀਜ਼ ਹੈ, ਐਹੋ ਜਿਹਾ ਬਾਜ਼ ਅਗੇ ਕਦੇ ਵੇਖਣ ਵਿਚ ਨਹੀਂ ਆਇਆ, ਇਹਦੀ ਸ਼ਕਲ ਸੂਰਤ, ਰੰਗ ਢੰਗ ਸਭ ਇਕ ਦੂਜੇ ਤੋਂ ਵਧ ਚੜ੍ਹਕੇ ਹਨ।

ਸਤਿਗੁਰੂ ਜੀ ਬਾਬੇ ਗੁਰਦਿਤੇ ਦੇ ਬਾਜ਼ ਪੁਰ ਰੀਝਣ ਤੇ ਰੀਝ ਪਏ, ਬਾਜ਼ ਬਾਬੇ ਜੀ ਨੂੰ ਦੇ ਦਿਤਾ।

ਫਿਰ ਪੈਂਦੇ ਖਾਂ ਵਲ ਵੇਖਿਆ, ਬਹੁਮੁਲਾ ਘੋੜਾ ਤੇ ਜੋੜਾ ਉਸ ਨੂੰ ਬਖਸ਼ ਦਿਤਾ ਤੇ ਕਿਹਾ ਕਿ ਕਪੜੇ ਪਹਿਰੋ। ਮੀਰੀ ਪੀਰੀ ਦੇ ਮਾਲਕ ਨੇ ਫਿਰ ਖੰਡਾ ਹੱਥ ਵਿਚ ਲਿਆ, ਖੰਡੇ ਨੂੰ ਜੋਖਿਆ ਉਹਦੀ ਸ਼ਕਲ ਵੇਖੀ ਤੇ ਲੋਹੇ ਨੂੰ ਸਰਾਹਿਆ।

ਪੈਂਦੇ ਖ਼ਾਂ ਨੇ ਸਤਿਗੁਰੂ ਜੀ ਦੇ ਹੁਕਮ ਨੂੰ ਮੰਨ ਕੇ ਕਪੜੇ ਪਾਏ, ਸਤਿਗੁਰੂ ਜੀ ਅਗੇ ਉਠ੍ਹਕੇ ਬੰਦਨਾ ਕੀਤੀ। ਗੁਰੂ ਜੀ ਪੈਂਦੇ ਖ਼ਾਂ ਵਲ ਤਕਿਆ, ਮੁਸਕਰਾਏ ਤੇ ਕਿਹਾ ਇਹ ਖੰਡਾ ਲੈ ਲੈ ਇਸ ਨੂੰ ਹਰ ਵੇਲੇ ਪਾਸ ਰਖ, ਜਦ ਇਸ ਦਰਬਾਰ ਵਿਚ ਆਓ ਤਦ ਇਹ ਹੀ ਕਪੜੇ ਪਾ ਕੇ ਤੇ ਖੰਡਾ ਸਜਾ ਕੇ ਆਇਆ ਕਰੋ। ਹੁਣ ਘੋੜੇ ਤੇ ਚੜ੍ਹ ਕੇ ਵਿਖਾ।

ਸਤਿਗੁਰੂ ਜੀ ਦੇ ਇਹ ਵਾਕ ਸੁਣਕੇ ਪੈਂਦੇ ਖਾਂ ਬੜਾ ਖੁਸ਼ ਹੋਇਆ, ਇਕ ਹੱਥ ਵਿਚ ਢਾਲ ਤੇ ਦੂਜੇ ਵਿਚ ਖੰਡਾ ਲਿਆ ਆਪਣੇ ਸੁੰਦਰ ਬਸਤਰਾਂ ਵਲ ਵੇਖਿਆ।

ਨੋਟ:— ਪੈਂਦੇ ਖ਼ਾਂ ਦਾ ਬਾਕੀ ਪ੍ਰਸੰਗ ੪੨ਵੇਂ ਕਾਂਡ ਵਿਚ ਆਵੇਗਾ।

# ੨੯. ਬਾਬਾ ਅਟਲ ਰਾਇ

**ਸ੍ਰੀ ਬਾਬਾ ਅਟਲ ਰਾਏ ਜੀ** ਸੰਮਤ ੧੬੭੯ ਬਿਕ੍ਰਮੀ ਕਤਕ ਸੁਦੀ ਪੂਰਨਮਾਸ਼ੀ ਬੁਧਵਾਰ ਤਿਨ ਮਹੂਰਤ ਰਾਤ ਰਹੀ ਮਾਤਾ ਨਾਨਕੀ ਜੀ ਦੀ ਕੁਖੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਗ੍ਰਿਹਿ ਵਿਖੇ ਅਵਤਾਰ ਧਾਰੀ ਹੋਏ। ਉਸ ਵੇਲੇ ਦਾ ਅਨੰਦ ਜੋ ਗੁਰੂ ਗ੍ਰਿਹਿ ਵਿਖੇ ਅਰ ਸ੍ਰੀ ਅੰਮ੍ਰਿਤਸਰ ਜੀ ਵਿਖੇ ਹੋਇਆ ਕਥਨ ਤੋਂ ਬਾਹਰ ਹੈ।

ਸੇਵਕਾਂ ਨੇ ਦਿਵਾਨ ਵਿਚ ਜਾ ਕੇ ਸਤਿਗੁਰਾਂ ਦੇ ਅਗੇ ਬੇਨਤੀ ਕੀਤੀ, ਕਿ ਹੇ ਸੱਚੇ ਪਾਤਸ਼ਾਹ! ਆਪ ਦੇ ਗ੍ਰਿਹਿ ਸਾਹਿਬਜ਼ਾਦੇ ਅਵਤਾਰ ਧਾਰਿਆ ਹੈ। ਮਹਾਰਾਜ ਅਰ ਸਿਖ ਸੰਗਤਾਂ ਸੁਣਕੇ ਸਭ ਬੜੀਆਂ ਪ੍ਰਸੰਨ ਹੋਈਆਂ। ਜਦ ਆਸਾ ਦੀ ਵਾਰ ਦਾ ਭੋਗ ਪਿਆ ਤਾਂ ਗੁਰੂ ਮਹਾਰਾਜ ਭਾਈ ਬੁੱਢੇ ਅਰ ਹੋਰ ਪੰਜ ਚਾਰ ਸਿਖਾਂ ਨੂੰ ਲੈ ਕੇ ਮਹਿਲਾਂ ਨੂੰ ਆਏ, ਅਰ ਸਾਹਿਬਜ਼ਾਦੇ ਦਾ ਦਰਸ਼ਨ ਕਰਕੇ ਅਨੰਦ ਹੋਏ। ਬਾਲਕ ਜਨਮ ਦੇ ਜੋ ਅਨੰਦ ਮੰਗਲਾਚਾਰ ਸਨ, ਉਤਸ਼ਾਹ ਨਾਲ ਹੋਏ, ਅਰ ਅਨੇਕ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਹੋਈਆਂ। ਜਦ ਬਾਲਕ ਦੇ ਨਾਮ ਆਦਿਕ ਦਾ ਉਤਸਵ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ, ਸ਼ਬਦ ਕੀਰਤਨ ਦੇ ਉਚਾਰ ਹੋਏ। ਕਰਤਾਰ ਦਾ ਧੰਨਵਾਦ ਤੇ ਭਜਨ ਸਿਮਰਨ ਦੇ ਮਗਰੋਂ ਸ੍ਰੀ ਗੁਰੂ ਸਾਹਿਬ ਦੀ ਆਗਿਆ ਮੂਜਬ ਭਾਈ ਬੁੱਢਾ ਜੀ ਨੇ ਉਨ੍ਹਾਂ ਦਾ ਨਾਮ ਬਾਬਾ ਅਟਲ ਰਾਇ ਧਰਿਆ।

ਹੁਣ ਗੁਰੂ ਮਹਾਰਾਜ ਨੇ ਬਹੁਤ ਸਾਰਾ ਕੜਾਹ ਪ੍ਰਸਾਦਿ ਕਰਵਾਯਾ ਅਰ ਬਿਨਾਂ ਕਿਸੇ ਸੂਤਕ ਦੇ ਭਰਮ ਦੇ ਸਾਧਾਂ ਸੰਗਤਾਂ ਨੂੰ ਗੱਫੇ ਲਵਾਏ।

ਚਾਲੀ ਦਿਨਾਂ ਪਿਛੋਂ ਮਾਤਾ ਨਾਨਕੀ ਜੀ ਨੇ ਚਲੀਹੇ ਦਾ ਇਸ਼ਨਾਨ ਕੀਤਾ ਅਰ ਸ੍ਰੀ ਹਰਿਮੰਦਰ ਜੀ ਅਟਲ ਰਾਇ ਜੀ ਨਾਲ ਆਏ।

ਗੁਰੂ ਸਾਹਿਬ ਜੀ ਦੇ ਸਿਖਾਂ ਵਿਚੋਂ ਉਸ ਸਮੇਂ ਇਕ ਵੱਡੀ ਅਵਸਥਾ ਦਾ ਸਿਖ ਸੀ, ਗੁਰਮੁਖ ਜਿਸ ਦਾ ਨਾਮ ਸੀ, ਇਹ ਪੁਰਖ ਖੱਤ੍ਰੀ ਜਾਤ ਦਾ ਸੁਯਨੀ ਸੀ। ਗੁਰੂ ਸਾਹਿਬ ਜੀ ਦੀ ਸੇਵਾ ਵਿਚ ਓਸ ਦਿਨ ਬੇਨਤੀ ਕਰਨ ਲਗਾ ਕਿ ਹੇ ਸਚੇ ਪਾਤਸ਼ਾਹ ਕ੍ਰਿਪਾ ਕਰਕੇ ਅਜਿਹਾ ਵਰ ਦਿਓ, ਕਿ ਇਸ ਛੇਕੜਲੀ ਅਵਸਥਾ ਵਿਚ ਦਾਸ ਦੇ ਘਰ ਬੀ ਬਾਲਕ ਹੋ ਜਾਵੇ ਅਰ ਇਹ ਅੰਤ ਦੇ ਦਿਨ ਖੁਸ਼ੀ ਵਿਚ ਬਤੀਤ ਹੋ ਜਾਣ, ਆਪ ਕ੍ਰਿਪਾਲੂ ਹੋ ਅਰ ਦਜਾ ਦੇ ਸਮੁੰਦ੍ਰ ਹੋ। ਗੁਰੂ ਸਾਹਿਬ ਸੁਣ ਕੇ ਅਰ ਉਸਦੀ ਬ੍ਰਿਧ ਅਵਸਥਾ ਦੇਖਕੇ ਹਸ ਪਏ। ਆਖਣ ਲਗੇ, 'ਹੇ ਸਿਖਾ ਤੇਰੀ ਅਜੇ ਇਹ ਵਾਸਨਾ ਬਾਕੀ ਹੈ, ਪਰ ਹਛਾ ਕਰਤਾਰ ਕੇ ਘਰ ਕੀ ਪਰਵਾਹ ਹੈ। ਉਹ ਕ੍ਰਿਪਾ ਕਰ ਦੇਵੇਗਾ ਅਰ ਤੇਰੀ ਵਾਸਨਾ ਪੂਰੀ ਹੋ ਜਾਏਗੀ।' ਇਸ ਦਿਨ ਤੋਂ ਕੁਝ ਮਹੀਨੇ ਮਗਰੋਂ ਗੁਰਮੁਖ ਦੇ ਘਰ ਪੁਤ੍ਰ ਹੋ ਪਿਆ।

ਸ਼੍ਰੀ ਬਾਬਾ ਅਟਲ ਰਾਇ ਜੀ ਦੂਜ ਦੇ ਚੰਦ੍ਰਮਾ ਦੀ ਤਰਹ ਲਗੇ ਵਧਣ। ਕਦੀ ਮਹਾਰਾਜ* ਵੱਡੀ ਮਾਤਾ (ਦਾਦੀ) ਗੰਗਾ ਜੀ ਦੀ ਗੋਦੀ ਵਿਚ ਖੇਲਨ, ਕਦੀ ਆਪਣੀ ਮਾਤਾ ਜੀ ਦੀ ਗੋਦ

* ਇਸ ਪ੍ਰਸੰਗ ਵਿਚ "ਮਹਾਰਾਜ" ਪਦ ਬਾਬਾ ਅਟਲ ਜੀ ਵਾਸਤੇ ਵਰਤਿਆ ਹੈ।


www.sikhbookclub.com

ਵਿਚ, ਕਦੀ ਪੰਘੂੜੇ ਵਿਚ ਲੇਟਨ, ਕਦੀ ਅਪਨੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਨਾਲ ਲਾਡ ਚਾ ਕਰਨ। ਕਦੀ ਕੋਈ ਸਿਖ ਸੇਵਕ ਮਹਾਰਾਜ ਨੂੰ ਚੁਕ ਬਾਹਰ ਖਿਡਾਉਣ ਲੈ ਜਾਵੇ। ਹੋਰ ਬਾਲਕਾਂ ਦੀ ਤਰ੍ਹਾਂ ਰੋਣ ਧੋਣ ਦਾ ਨਾਉਂ ਨਹੀਂ ਸੀ, ਸਦਾ ਪ੍ਰਸੰਨ ਬਦਨ ਰਹਿੰਦੇ। ਜੋ ਕੋਈ ਦਰਸ਼ਨ ਕਰੇ ਮਹਾਰਾਜ ਦੀ ਸ਼ਾਮ ਝੰਡ ਤੇ ਸੁੰਦਰ ਤੇਜਸ੍ਵੀ ਮੁਖੜੇ ਤੋਂ ਬਲਿਹਾਰ ਬਲਿਹਾਰ ਪਿਆ ਜਾਵੇ। ਕਿਤੋਂ ਕੋਈ ਗੁਸੇ ਯਾ ਲੜ ਕੇ ਵੀ ਆਵੇ ਤਾਂ ਦਰਸ਼ਨ ਕਰਕੇ ਪ੍ਰਸੰਨ ਹੋ ਜਾਵੇ।

ਇਸੇ ਤਰ੍ਹਾਂ ਕੋਈ ਵਰ੍ਹਾ ਕੁ ਬੀਤ ਗਿਆ। ਹੁਣ ਮਹਾਰਾਜ ਜ਼ਰਾ ਜ਼ਰਾ ਤੁਰਨ ਅਰ ਪਿਆਰੀਆਂ ਬਾਤਾਂ ਕਰਨ ਲਗ ਪਏ, ਅਪਨੀ ਮਾਤਾ ਨੂੰ 'ਮਾਂ ਜੀ' ਅਰ ਦਾਦੀ ਜੀ ਨੂੰ 'ਮਾਤਾ ਜੀ' ਕਰਕੇ ਬੁਲਾਉਣ। ਪੌਂਟੇ ਛਣਕਾਉਂਦੇ ਕਦੀ ਇਧਰ ਖੇਡਦੇ ਫਿਰਨ, ਕਦੀ ਉਧਰ। ਇਨ੍ਹਾਂ ਦੀ ਉਮਰ ਜਦ ਜ਼ਰਾ ਹਛੀ ਹੋਈ ਤਦ ਤੇਗ ਬਹਾਦਰ ਜੀ ਨੇ ਅਵਤਾਰ ਧਾਰਜਾ। ਇਨ੍ਹਾਂ ਨੂੰ ਬਾਬਾ ਅਟਲ ਰਾਇ ਜੀ ਵੱਡਾ ਪਿਆਰ ਕਰਦੇ ਸਨ।

ਇਕ ਦਿਨ ਇਕ ਵਿਹਾਰੋਂ ਟੁੱਟਾ ਤੇ ਮੁਥਾਜ ਗਰੀਬ ਸਿਖ ਮਹਾਰਾਜ ਜੀ ਨੂੰ ਤਖਤ ਸਾਹਿਬ ਖੇਡਦਿਆਂ ਦੇਖਕੇ ਅਪਨੇ ਗ੍ਰਿਹਿ ਵਿਖੇ ਲੈ ਗਿਆ, ਅਰ ਕੁਝ ਮਿਠਾਈ ਤੇ ਪੰਜ ਚਾਰ ਰੰਗੀਲੇ ਖਿਡਾਉਣੇ ਭੇਟ ਕਰਕੇ ਇਕ-ਮਨ ਹੋ ਦਿਲ ਵਿਚ ਅਰਦਾਸ ਕੀਤੀ ਕਿ ਗਰੀਬ ਨਿਵਾਜ਼! ਮੇਰਾ ਦਰਿਦ੍ਰ ਦੂਰ ਕਰੋ। ਥੋੜੇ ਚਿਰ ਹੀ ਕਰਤਾਰ ਦੀ ਕਲਾ ਕੁਝ ਅਜਿਹੀ ਵਰਤੀ ਕਿ ਉਸਦੇ ਘਰ ਲਹਿਰ ਬਹਿਰ ਹੋ ਗਈ।

ਜਦ ਮਹਾਰਾਜ ਪੰਜਾਂ ਬਰਸਾਂ ਦੇ ਹੋਏ ਤਾਂ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਭਾਈ ਬੁੱਢੇ ਨੂੰ ਸੌਂਪਿਆ: ਭਾਈ ਇਨ੍ਹਾਂ ਨੂੰ ਗੁਰਮੁਖੀ ਪੜ੍ਹਾਓ। ਬਾਬਾ ਜੀ ਬੇਨਤੀ ਕਰਨ ਲਗੇ ਕਿ ਮੈਂ ਦਾਸ ਇਸ ਸੁਤੇ ਪ੍ਰਕਾਸ਼ ਬਾਲਕ ਨੂੰ ਕੀ ਸਿਖਾਵਾਂ? ਪਰ ਹੁਕਮ ਮੰਨਕੇ ਅਖਰ ਬੋਧ ਸ੍ਰੀ ਅਟਲ ਰਾਇ ਜੀ ਨੂੰ ਕਰਵਾ ਦਿਤਾ। ਅਰ ਮਾਤਾ ਨਾਨਕੀ ਜੀ ਨੇ ਜਪੁਜੀ, ਹਜ਼ਾਰੇ ਦੇ ਸ਼ਬਦ, ਰਹਿਰਾਸ ਅਰ ਕੀਰਤਨ ਸੋਹਿਲਾ ਆਦਿਕ ਬਾਣੀਆਂ ਕੰਠ ਕਰਵਾ ਦਿਤੀਆਂ।

ਬਾਬਾ ਅਟਲ ਰਾਇ ਜੀ ਅਪਨੇ ਪਿਤਾ ਪਿਤਾਮਾ ਦੀ ਤਰ੍ਹਾਂ ਅੰਮ੍ਰਿਤ ਵੇਲੇ ਉਠ ਕੇ ਸਭ ਵਡਿਆਂ ਨੂੰ ਨਮਸਕਾਰ ਕਰਦੇ। ਫਿਰ ਇਸ਼ਨਾਨ ਆਦਿਕ ਥੋਂ ਵੇਹਲੇ ਹੋ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ। ਅਰ ਸਮਾਧ ਲਗਾ ਬਹਿੰਦੇ। ਜਦ ਦਿਨ ਚੜ੍ਹਦਾ ਤਾਂ ਸ੍ਰੀ ਹਰਿਮੰਦਰ ਜੀ ਆਉਂਦੇ, ਦਰਸ਼ਨ ਕਰਕੇ ਪਿਤਾ ਜੀ ਨੂੰ ਨਮਸਕਾਰ ਕਰਕੇ ਸੂਰਜ ਚੜ੍ਹੇ ਇਕ ਦੋ ਸੇਵਕਾਂ ਨੂੰ ਨਾਲ ਲੈ ਆਪਣਿਆਂ ਹਮਜੋਲੀਆਂ ਨਾਲ ਪ੍ਰਕਰਮਾਂ ਵਿਚ ਖੇਡਣ ਚਲੇ ਜਾਂਦੇ। ਜਦ ਸਵਾ ਪਹਰ ਦਿਨ ਚੜ੍ਹਦਾ ਅਰ ਲੰਗਰ ਵਰਤਣ ਦਾ ਵੇਲਾ ਹੋ ਜਾਂਦਾ ਤਾਂ ਆਪਣਿਆਂ ਮਿਤ੍ਰਾਂ ਨੂੰ ਨਾਲ ਲੈ ਦਿਵਾਨ ਵਿਚ ਚਲੇ ਆਉਂਦੇ। ਲੰਗਰ ਵਰਤਨ ਪਿਛੋਂ ਮਹਿਲੀਂ ਚਲੇ ਜਾਂਦੇ। ਅਰ ਦੁਪਹਿਰੇ ਕੁਝ ਆਰਾਮ ਕਰਕੇ ਫਿਰ ਤੀਸਰੇ ਪਹਿਰ ਖੇਡ ਮਚਾਉਂਦੇ।

ਬਾਬਾ ਅਟਲ ਜੀ ਲੁਕਣ ਮੀਟੀ ਖੇਡਣ, ਕਦੀ ਖਿੱਦੋ ਖੂੰਡੀ, ਕਦੀ ਦੌੜਨ, ਕਦੀ ਮਹਾਰਾਜ ਮਿੱਟੀ ਦੀਆਂ ਛੋਟੀਆਂ ਛੋਟੀਆਂ ਗੋਲੀਆਂ ਬਣਾ ਕੇ ਇਕ ਦੂਸਰੇ ਵਲ ਚਲਾਉਣ ਅਰ ਕਦੀ ਔਖੇ ਸਖੇ ਇਕ

ਪਾਸੇ ਅਰ ਅੱਧੇ ਇਕ ਪਾਸੇ ਕਰਕੇ ਝੂਠੀ ਲੜਾਈ ਲੜਨ, ਮਾਨੋ ਜੁਧ ਦੀ ਸੱਤਾ ਭਰਨ ਦਾ ਨਮੂਨਾ ਦਸਦੇ ਸਨ:--

"ਖੇਲਨ ਖੇਲਹਿ ਅਨਕ ਪ੍ਰਕਾਰਾ॥ ਸੰਗ ਬਾਲਕਨ ਸ਼ੋਰ ਕਰਾਰਾ"॥

ਕਦੀ ਮਾਤਾ ਨਾਨਕੀ ਇਨ੍ਹਾਂ ਨੂੰ ਖੇਡ ਵਿਚੋਂ ਬੁਲਾ ਭੇਜੇ। ਅਰ ਰੁਮਾਲ ਨਾਲ ਧੂੜ ਭਰੇ ਅੰਗ ਪੂੰਝਕੇ ਸਿਖਜਾ ਦੇਵੇ, "ਹੇ ਮੇਰੇ ਲਾਲ ਦੂਰ ਖੇਡਣ ਨਾ ਜਾਓ। ਇਹ ਗ੍ਰੀਖਮ ਰੁਤ ਬੜੀ ਭਿਆਨਕ ਹੁੰਦੀ ਹੈ ਅਰ ਕਈ ਤਰ੍ਹਾਂ ਦੀਆਂ ਲੋਆਂ ਚਲਦੀਆਂ ਹਨ, ਪਿਤਾ ਜੀ ਨਾਲ ਜਾਓ, ਜਾਂ ਲਓ ਤੇਗ ਬਹਾਦਰ ਜੀ ਨੂੰ ਇੱਥੇ ਬੈਠ ਕੇ ਖਿਡਾਓ।" ਮਾਤਾ ਇਹ ਕਹਿੰਦੀ ਮਹਾਰਾਜ ਦੀ ਸੁੰਦਰ ਮੂਰਤੀ ਦੇ ਪ੍ਰੇਮ ਵਿਚ ਐਸਾ ਮਗਨ ਹੋਵੇ, ਜੋ ਅਖੀਆਂ ਵਿਚੋਂ ਜਲ ਚਲਣ ਲਗ ਪਏ। ਤਦ ਮਹਾਰਾਜ ਮਾਤਾ ਜੀ ਦੀ ਸਿਖਜਾ ਸੁਣ ਕਦੀ ਤਾਂ ਅਪਣੇ ਪਿਤਾ ਜੀ ਦੀ ਉਂਗਲ ਫੜਕੇ ਦੀਵਾਨ ਵਿਚ ਚਲੇ ਆਉਣ, ਅਰ ਕਦੀ ਤੇਗ ਬਹਾਦਰ ਜੀ ਨੂੰ ਹੀ ਖਿਡਾਉਣ ਲਗ ਜਾਣ।

ਇਕ ਦਿਨ ਬਾਬਾ ਜੀ ਸਵੇਰ ਵੇਲੇ ਸਖਿਆਂ ਨਾਲ ਪਏ ਖੇਡਦੇ ਸਨ, ਜੋ ਇਕ ਸਖੇ ਰਤਨ ਨਾਮੇ ਨੇ ਬਾਬਾ ਜੀ ਨੂੰ ਅਪਨੇ ਅਗੇ ਖੜਿਆਂ ਹੋਇਆਂ ਦੇਖ ਧਕਾ ਚਾ ਦਿਤਾ। ਡਿਗ ਤਾਂ ਪਏ ਪਰ ਸੱਟ ਦਾ ਬਚਾ ਹੋ ਗਿਆ। ਉਠ ਕੇ ਉਸ ਸਖੇ ਨੂੰ ਸੁਭਾਵਕ ਇੰਨਾ ਕਿਹਾ, "ਓਏ ਬਾਵਰੇ ਮਿਤ੍ਰ ਨੂੰ ਇਸ ਤਰ੍ਹਾਂ ਧਕਾ ਦੇਈਦਾ ਹੈ।" ਬਾਬਾ ਜੀ ਦਾ ਇਹ ਕਹਿਣਾ ਸੀ, ਜੋ ਉਹ ਮੁੰਡਾ ਤਾਂ ਸੁਦਾਈ ਹੋ ਗਿਆ, ਕਪੜੇ ਪਾੜ ਦਿਤੇ, ਸਿਰ ਖਲੇਰ ਲਿਆ, ਕਦੀ ਹੱਸੇ, ਕਦੀ ਗਾਲੀਆਂ ਦੇਵੇ ਅਰ ਢੀਮਾਂ ਚੁਕ ਚੁਕ ਮਾਰੇ। ਬਾਬਾ ਜੀ ਅਰ ਬਾਕੀ ਦੇ ਲੜਕੇ ਤਾਂ ਲੰਗਰ ਦਾ ਸਮਯ ਦੇਖ ਦਿਵਾਨ ਵਿਚ ਚਲੇ ਆਏ ਸਨ, ਪਰ ਉਹ ਉਥੇ ਹੀ ਪਾਗਲਾਂ ਦੀ ਤਰ੍ਹਾਂ ਏਧਰ ਓਧਰ ਫਿਰਦਾ ਰਿਹਾ। ਜਦ ਉਸਦੇ ਪਿਉ ਹਰ ਜੀ ਨੂੰ ਸਭ ਗਲ ਦਾ ਪਤਾ ਲਗਾ, ਤਾਂ ਉਹ ਤੀਸਰੇ ਪਹਿਰ ਬਾਬਾ ਜੀ ਦੀ ਸ਼ਰਨ ਆਇਆ ਅਰ ਬੇਨਤੀ ਕੀਤੀ, "ਹੇ ਦੀਨ ਦਯਾਲ, ਮੇਰਾ ਤਾਂ ਇਹੋ ਹੀ ਇਕੋ ਅਖੀਆਂ ਦਾ ਚਾਨਣ ਹੈ, ਇਸ ਦੀ ਭੁਲ ਖਿਮਾ ਕਰੋ।" ਬਾਬਾ ਜੀ ਇਹ ਗਲ ਸੁਣ ਹਰਿਆਨ ਹੋਏ, ਕਿ ਹੈਂ, ਇਸ ਨੂੰ ਇਹ ਕੀ ਹੋ ਗਿਆ? ਫੇਰ ਹੱਸ ਕੇ ਉਸ ਮੁੰਡੇ ਵਲ ਦੇਖਿਆ ਅਰ ਕਿਹਾ "ਕਿਉਂ ਬਈ ਰਤਨਾ, ਕੀ ਖਬਰ ਹਈ" ਮਹਾਰਾਜ ਦਾ ਇਹ ਕਹਿਣਾ ਹੀ ਸੀ ਜੋ ਓਹ ਨੌਬਰ ਨੌ ਹੋ ਗਿਆ। ਇਹ ਗਲ ਸ੍ਰੀ ਅੰਮ੍ਰਿਤਸਰ ਜੀ ਵਿਚ ਸਾਰੇ ਉਡ ਗਈ, ਅਰ ਲਗੀ ਬਾਬੇ ਜੀ ਦੀ ਕੀਰਤੀ ਫੈਲਨ। ਹੁਣ ਤਾਂ ਕਈ ਤਰ੍ਹਾਂ ਦੇ ਰੋਗੀ ਬਾਬੇ ਜੀ ਪਾਸ ਖੇਡ ਵੇਲੇ ਭੇਟਾ ਲੈ ਕੇ ਆਉਣ ਅਰ ਮਹਾਰਾਜ ਦੀ ਚਰਨ ਧੂੜ ਜਾਂ ਐਵੇਂ ਹੀ ਕ੍ਰਿਪਾ ਦ੍ਰਿਸ਼ਟੀ ਨਾਲ ਰਾਜੀ ਹੋ ਕੇ ਚਲੇ ਜਾਣ। ਅਰ ਬਾਬਾ ਜੀ ਜੋ ਉਹ ਭੇਟਾ ਲਿਆਉਣ ਆਪਣੇ ਸਖਿਆਂ ਨੂੰ ਵੰਡ ਛਡਣ।

ਬਾਬਾ ਜੀ ਇਸੇ ਤਰ੍ਹਾਂ ਰੋਜ ਬਚਿੱਤ੍ਰ ਚਰਿੱਤ੍ਰ ਕਰਦੇ ਕੋਈ ੯ ਬਰਸ ਦੇ ਹੋ ਗਏ, ਮਹਾਰਾਜ ਨੂੰ ਉਂਝ ਤਾਂ ਸਭੇ ਆਪਣੇ ਸਖੇ ਹੀ ਪ੍ਰਿਯ ਸਨ, ਪਰ ਸਭ ਤੋਂ ਵਧ ਬਾਬਾ ਜੀ ਮੋਹਨ ਨਾਮੇ ਸਖੇ ਨਾਲ, ਜਿਸ ਦੇ ਪਿਤਾ ਨੂੰ ਬਾਬਾ ਜੀ ਦੇ ਅਵਤਾਰ ਧਾਰਨ ਪਰ ਸਤਿਗੁਰਾਂ ਦਾ ਵਰ ਹੋਇਆ ਸੀ, ਅਰ ਬਾਬਾ ਜੀ ਤੋਂ ਕੋਈ ਦਸ ਕੁ ਮਹੀਨੇ ਉਮਰਾ ਵਿਚ ਛੋਟਾ ਸੀ, ਹਿਤ ਕਰਦੇ ਸਨ। ਖੇਡ ਵਿਚ ਭੀ ਇਕ ਪਾਸੇ

ਦੇ ਆਪ ਮੋਹਰੀ ਬਣਦੇ ਅਰ ਦੂਸਰੇ ਪਾਸੇ ਦਾ ਇਸ ਨੂੰ ਬਣਾਉਂਦੇ। ਇਕ ਦਿਨ ਬਾਬਾ ਜੀ ਨੇ ਤੀਸਰੇ ਪਹਿਰ ਬੜੀਆਂ ਖੇਡਾਂ ਖੇਡੀਆਂ ਅਰ ਜਦ ਸੰਧਯਾ ਵਿਚ ਥੋੜਾ ਚਿਰ ਰਿਹਾ, ਤਾਂ ਖਿਦੋ ਖੂੰਡੀ ਦੀ ਖੇਡ ਸ਼ੁਰੂ ਕਰ ਦਿਤੀ, ਅਧੇ ਲੜਕੇ ਮੋਹਨ ਪਾਸੇ ਕਰ ਦਿਤੇ ਅਰ ਅਧੇ ਆਪਨੀ ਵਲ, ਅਰ ਸ਼ਰਤ ਲਗਾ ਦਿਤੀ ਕਿ ਜਿਸ ਪਾਸੇ ਦੇ ਲੜਕੇ ਹਾਰਨ, ਉਹ ਦੂਸਰੇ ਪਾਸੇ ਦੇ ਲੜਕਿਆਂ ਨੂੰ ਚੁਕ ਕੇ ਸ੍ਰੀ ਹਰਿਮੰਦਰ ਜੀ ਦੀ ਪ੍ਰਕਰਮਾ ਕਰਾਉਣ। ਖੇਡ ਮਚ ਪਈ, ਇਧਰੋਂ ਬਾਬੇ ਜੀ ਦੇ ਪਾਸੇ ਦਾ ਖਿਡਾਰੀ ਖਿਦੋ ਨੂੰ ਖੂੰਡੀ ਮਾਰੇ, ਉਧਰੋਂ ਮੋਹਨ ਦੇ ਪਾਸੇ ਦਾ। ਜਿਸ ਪਾਸੇ ਦੇ ਲੜਕੇ ਦੀ ਖੂੰਡੀ ਜਦੋਂ ਖਿਦੋ ਨੂੰ ਨਾ ਲਗੇ ਤਦ ਓਹ ਹਾਰਯਾ ਹੋਇਆ ਸਮਝਯਾ ਜਾਵੇ ਅਰ ਬੈਠ ਜਾਵੇ, ਖੇਡ ਇਥੋਂ ਤਕ ਮਚੀ ਕਿ ਡੂੰਘੀ ਸੰਧਿਆ ਪੈ ਗਈ ਅਰ ਅੰਤ ਇਹ ਹੋਯਾ ਕਿ ਮੋਹਨ ਦੇ ਪਾਸੇ ਦੇ ਮੁੰਡੇ ਸਭ ਹਾਰ ਗਏ ਅਰ ਜਿਤ ਬਾਬੇ ਜੀ ਦੇ ਨਾਂ ਤੇ ਰਹੀ। ਹੁਣ ਤਾਂ ਅਟਲ ਰਾਇ ਜੀ ਦੇ ਸਾਥੀ ਲਗ ਗਏ ਖੁਸ਼ੀਆਂ ਮੰਨਾਉਣ। ਅੰਧੇਰਾ ਤਾਂ ਹੋ ਹੀ ਗਿਆ ਹੋਇਆ ਸੀ, ਹਾਰਿਆਂ ਹੋਇਆਂ ਕਿਹਾ ਕਿ ਅਸੀਂ ਕਲ ਪ੍ਰਕਰਮਾ ਕਰਾਵਾਂਗੇ। ਬਾਬੇ ਜੀ ਦੇ ਸਾਥੀ ਮੰਨਣ ਨਾ, ਪਰ ਜਦ ਬਾਬੇ ਜੀ ਭੀ ਸਵੇਰ ਹੀ ਕਹੀ, ਤਦ ਸਭ ਪ੍ਰਸੰਨ ਹੋ ਅਪਨੇ ਅਪਨੇ ਘਰਾਂ ਨੂੰ ਚਲੇ ਗਏ। ਅਰ ਮੋਹਨ ਹੁਰੀ ਭੀ ਬਾਬੇ ਜੀ ਨਾਲ ਲੌਢੇ ਵੇਲੇ ਅੰਤ ਦੀ ਖੇਡ ਖੇਡ ਘਰ ਨੂੰ ਗਏ। ਅਰ ਘਰ ਆ ਪ੍ਰਸ਼ਾਦ ਛਕ ਮਾਤਾ ਪਿਤਾ ਨਾਲ ਪਿਆਰੀਆਂ ਪਿਆਰੀਆਂ ਗਲਾਂ ਕਰ ਬਿਰਾਜਮਾਨ ਹੋ ਗਏ।

ਅਹੁ ਭਾਵੀ! ਤੂੰ ਭੀ ਸੰਸਾਰ ਵਿਚ ਅਜਬ ਅਜਬ ਰੰਗ ਕਰਨੀ ਹੈਂ। ਹਸਦਿਆਂ ਨੂੰ ਇਕ ਘੜੀ ਵਿਚ ਰੁਵਾ ਦੇਣਾ ਤੇਰਾ ਹੀ ਕੰਮ ਹੈ, ਵਸਦਿਆਂ ਨੂੰ ਉਜਾੜ ਦੇਣਾ ਤੇਰਾ ਹੀ ਹਥ ਖੇਲ ਹੈ। ਚੰਗਾ ਭਲਾ ਆਦਮੀ ਹੋਵੇ ਪਰ ਤੂੰ ਉਸਨੂੰ ਐਸਾ ਧਰਮ ਧਕਾ ਦੇਵੇਂਗੀ, ਜੋ ਬਸ ਉਸਨੂੰ ਧਰਮ ਦੁਆਰੇ ਹੀ ਪਹੁੰਚਾ ਧੀਰਜ ਕਰੇਂਗੀ। ਪ੍ਰਬਲ ਭੀ ਤੂੰ ਐਡੀ ਹੈਂ ਕਿ ਰੰਕ ਤੋਂ ਰਾਜੇ ਤੀਕ ਸਭ ਉਤੇ ਤੇਰਾ ਪਾਣੀ ਚੜ੍ਹਦਾ ਹੈ। ਇਸੇ ਭਾਵੀ ਨੇ ਮੋਹਨ ਨੂੰ ਥੋੜੀ ਜਿਹੀ ਰਾਤ ਰਹੀ ਉਠਾਯਾ, ਕਿ ਹੁਣ ਉਠ ਇਕੋ ਵੇਰੀ ਨਿਸਲ ਹੋ ਕੇ ਸੌਂ। ਗੁਰੂ ਸਾਹਿਬ ਦਾ ਵਾਕ ਹੈ **'ਮਨ ਕੀ ਮਨ ਹੀ ਮਾਹਿ ਰਹੀ'**{ਸੋਰ: ਮ: ੯-੨/੬੩੧} ਇਸੇ ਮੋਹਨ ਨੇ ਹੀ ਸਵੇਰੇ ਜਾ ਕੇ ਬਾਬਾ ਜੀ ਨਾਲ ਖੇਡ ਮਚਾਉਨੀ ਸੀ, ਇਸੇ ਨੇ ਹੀ ਆਪਨੀ ਮੀਟੀ ਦੇ ਕੇ ਇਕਰਾਰ ਪੂਰਾ ਕਰਨਾ ਸੀ, ਪਰ ਸ਼ੋਕ ਕਿ ਇਹੋ ਹੀ ਮੋਹਨ ਚੀਤਾ ਭਜਾਉਣ ਵਾਸਤੇ ਪਿਛਲੀ ਰਾਤ ਉਠਿਆ, ਅਰ ਉਠਦੇ ਨੂੰ ਹੀ ਇਕ ਐਸੇ ਯਮ ਰੂਪ ਸੱਪ ਨੇ ਡੰਗਿਆ ਕਿ ਪਛਾੜ ਜਾ ਪਿਆ ਮੂੰਹੋਂ 'ਹੇ ਗੁਰੂ' ਨਿਕਲਿਆ ਅਰ ਸਰੀਰ ਰੂਪੀ ਕਲਾ ਵਿਗੜ ਗਈ।

ਇਹ 'ਹੇ ਗੁਰੂ' 'ਹੇ ਗੁਰੂ' ਦੀ ਦਰਦਨਾਕ ਅਵਾਜ਼ ਉਸਦੀ ਮਾਤਾ ਦੇ ਕੰਨੀ ਪਈ, ਜੋ ਉਸਦੇ ਕੋਲ ਦੇ ਮੰਜੇ ਉਤੇ ਸੀ। ਸੁਣਦਿਆਂ ਹੀ ਅਭੜਭਾਂਦੀ ਉਠੀ, ਦੇਖੇ ਤਾਂ ਮੋਹਨ ਮੰਜੇ ਉਤੇ ਹੈ ਨਹੀਂ, ਹੱਥ ਪੈਰ ਪੈ ਗਏ, ਦੀਵਾ ਜਗਾਇਆ, ਡਿੱਠਾ ਕਿ ਅਖੀਆਂ ਦਾ ਚਾਨਣ ਤਾਂ ਧਰਤੀ ਉਤੇ ਬਿਸੁਧ ਘੜੀਆਂ ਪਲਾਂ ਤੇ ਪਿਆ ਹੈ। ਦੇਖਦਿਆਂ ਹੀ ਮਤੇ ਸੁੱਧਾਂ ਭੁਲ ਗਈਆਂ, ਮੂੰਹ ਤੋਂ ਚੀਕ ਨਿਕਲੀ, ਕਿ ਹਾਏ ਮੈਂ ਮਰ ਗਈ ਅਰ ਲਗੀ ਜਿਗਰ ਦੇ ਟੋਟੇ ਨੂੰ ਹਿਲਾਉਣ, ਬੁਲਾਉਣ। ਭਲਾ ਹੁਣ ਉਹ ਕਿਥੋਂ ਬੋਲੇ? ਇੰਨੇ ਨੂੰ ਗੁਰਮੁਖ ਅਰ ਹੋਰ ਸੰਬੰਧੀ ਜਾਗ ਉਠੇ। ਦੇਖਣ ਮੋਹਨ ਦਾ ਸਰੀਰ ਪੀਲੀ ਭਾ ਵਾਲੀ

 www.sikhbookclub.com

ਪਲੱਤਣ ਵਿਚ ਰੰਗਿਆ ਗਿਆ ਹੈ, ਮੂੰਹ ਤੋਂ ਲਹੂ ਜਾਰੀ ਹੈ, ਅਖੀਆਂ ਤਾਰੇ ਲਗਣ ਵਾਲੀਆਂ ਹਨ। ਭਲਾ ਗੁਰਮੁਖ ਦਾ ਇਸ ਵੇਲੇ ਦਾ ਹਾਲ ਕੌਣ ਕਹਿ ਸਕਦਾ ਹੈ, ਜਿਸ ਬਿਚਾਰੇ ਦੇ ਇਕੋ ਪੁਤ੍ਰ ਬੁਢੇ ਵਾਰੇ ਹੈ ਸੀ ਅਰ ਲਿਆ ਤਾਂ ਉਹ ਭੀ ਸਤਿਗੁਰਾਂ ਦੇ ਵਰ ਕਰਕੇ। ਸੋ ਵਿਚਾਰਾ ਲਗ ਪਿਆ ਵਿਰਲਾਪ ਕਰਨ, ਬਾਕੀ ਦੇ ਸੰਬੰਧੀਆਂ ਵਿਚ ਕੋਈ ਕਿਸੇ ਹਕੀਮ ਵਲ, ਕੋਈ ਕਿਸੇ ਮਾਂਦ੍ਰੀ ਵਲ ਦੌੜਿਆ, ਪਹਿਲੇ ਤਾਂ ਰਾਤ ਦਾ ਵੇਲਾ ਮਿਲਣਾ ਭੀ ਮੁਸ਼ਕਲ ਅਰ ਫਿਰ ਐਸੇ ਸ਼ਹਿਰ ਵਿਚ ਜਿਸਨੂੰ ਵਸਿਆਂ ਅਜੇ ਕੋਈ ਪੰਜਾਹ ਵਰ੍ਹੇ ਭੀ ਨਹੀਂ ਸੀ ਹੋਏ, ਕੋਈ ਵੇਲੇ ਸਿਰ ਨਾ ਬਹੁੜਿਆ ਅਰ ਜੇ ਕੋਈ ਚੰਗਾ ਭਲਾ ਨੇੜਿਓਂ ਤੇੜਿਓਂ, ਆਯਾ ਭੀ ਤਾਂ ਉਸਨੇ ਆਉਂਦਿਆਂ ਹੀ ਦੇਖਕੇ ਕਹਿ ਦਿੱਤਾ ਕਿ "ਇਲਾਜ ਮੁਸ਼ਕਲ ਹੈ, ਇਸ ਨੂੰ ਜ਼ਹਿਰ ਚੜ੍ਹ ਗਿਆ ਹੈ।"

**"ਜਿਸਕੀ ਪੂਜੈ ਅਉਧ ਤਿਸੈ ਕਉਣੁ ਰਾਖਈ॥ ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ॥"**

{— ਫੁਨਹੇ ਮਹਲਾ ੫-੨੧, ਸਫਾ ੧੩੬੩}

ਹੁਣ ਤਾਂ ਕੀ ਬਸ ਕਾਵਾਂ ਰੋਲਾ ਤੇ ਸਾਰੇ ਘਰ ਵਿਚ ਰੋਣਾ ਪਿਟਣਾ ਪੈ ਗਿਆ। ਆਂਢੀ ਗਵਾਂਢੀ ਭੀ ਆਣ ਕੱਠੇ ਹੋਏ, ਮੋਹਨ ਦੀ ਮਾਂ ਤਾਂ ਕੁਝ ਕੁਝ ਰੋ ਹੀ ਰਹੀ ਸੀ, ਹੁਣ ਤਾਂ ਅਤਿ ਦੁੱਖੀ ਹੋ ਲਗ ਪਈ ਉੱਚੀ ਉੱਚੀ ਵਿਰਲਾਪ ਕਰਨ, ਅਰ ਗੁਰਮੁਖ ਹੁਰੀ ਭੀ ਧੀਰਜ ਦਾ ਡੱਕਾ ਮੂੰਹ ਅਗੇ ਦੇ ਲਗ ਗਏ ਅਖੀਆਂ ਤੋਂ ਜਲ ਵਹਾਉਣ, ਅਰ ਮਨ ਵਿਚ ਕਹਿਣ, 'ਅਹੋ ਪੁਤ੍ਰ ਤੈਨੂੰ ਤਾਂ ਮੈਂ ਗੁਰੂ ਕ੍ਰਿਪਾ ਨਾਲ ਲਿਆ ਸੀ, ਕੀ ਹੁਣ ਕਿਤੇ ਗੁਰੂ ਜੀ ਦੀ ਕ੍ਰੋਪੀ ਤਾਂ ਨਹੀਂ ਹੋ ਗਈ ਜੋ ਤੂੰ ਮਰ ਗਿਓਂ'। ਮੋਹਨ ਦੀ ਮਾਤਾ ਦੇ ਵਿਰਲਾਪ ਇਕ ਕਵੀ ਜੀ ਇਉਂ ਲਿਖਦੇ ਹਨ-

### ਦੋਹਰਾ

ਬਿਰਧਾਪਨ ਮੈਂ ਏਕ ਸੁਤ ਛੀਨ ਲੀਨ ਕਰਤਾਰ, ਅਹੋ ਦੈਵ ਗਤਿ ਕਿਯਾ ਕਹੈਂ ਚਲਤ ਨ ਕੋ ਉਪਚਾਰ

### ਛੰਦ

ਹੇ ਪੁਤ੍ਰ ਅਤਿ ਮਤਿਵੰਦ ਤੂੰ ਕਿਤ ਗਯੋ ਹਮ ਛੋਰ।
ਅਨਜਾਇ ਅਬ ਘਰ ਈਸ਼ਕੇ ਦੁਖ ਦੇਤ ਪੁਤ੍ਰ ਵਿਛੋਰ॥
ਹਮ ਹੂੰ ਮਰੈਂਗੇ ਸੰਗ ਸੁਤ ਨਹਿ ਦੀਯਨਸੁਖ ਜਗ ਮਾਹਿ।
ਹੇ ਪੁਤਰ ਅਤਿ ਦੁਖ ਦੇ ਗਯੋ ਹਮ ਤੋਹਿ ਹਿਤ ਬਿਲਲਾਹਿ॥

ਸਚ ਹੈ

**"ਖਾਲਕੁ ਮਰੈ ਬਾਲਕ ਕੀ ਲੀਲਾ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ॥"**

{— ਮਾਰੂ ਸੋਹਲੇ ਮਹਲਾ ੧-੭, ਪੰਨਾ ੧੦੨੭}

ਇਧਰੋਂ ਸ੍ਰੀ ਬਾਬਾ ਅਟਲ ਰਾਇ ਜੀ ਉਠੇ, ਆਪਣੀ ਸਾਰੀ ਰੋਜ਼ ਦੀ ਕ੍ਰਿਤ ਸਾਧ ਜਦ ਦਿਨ ਚੜਿਆ ਤਾਂ ਦਿਵਾਨ ਦਾ ਦਰਸ਼ਨ ਕਰ ਖੂੰਡੀ ਲੈ ਖੇਡ ਵਾਲੀ ਥਾਂ ਆ ਗਏ, ਸਾਰੇ ਮੁੰਡਿਆਂ ਨੂੰ ਜੋ ਅਗੇ ਤੋਂ ਹੀ ਬਾਬਾ ਜੀ ਨੂੰ ਉਡੀਕ ਰਹੇ ਸਨ ਆਪ ਨੂੰ ਦੇਖ ਇਉਂ ਖੁਸ਼ੀ ਚੜ੍ਹੀ ਜਿਕੁਰ ਚਕੋਰ ਚੰਦ੍ਰਮਾ ਨੂੰ ਦੇਖ ਕੇ ਪ੍ਰਸੰਨ ਹੁੰਦੇ ਹਨ। ਸਾਰਿਆਂ ਨਮਸਕਾਰ ਕੀਤੀ। ਬਾਬਾ ਜੀ ਸਾਰਿਆਂ ਸਖਿਆਂ ਨੂੰ ਦੇਖ


www.sikhbookclub.com

ਆਖਣ ਲਗੇ, 'ਬਈ ਅਜ ਐਨਾਂ ਦਿਨ ਚੜ੍ਹ ਗਿਆ, ਮੋਹਨ ਅਜੇ ਤਕ ਨਹੀਂ ਆਯਾ, ਕੀ ਸਬਬ?' ਵਿਚੋਂ ਇਕ ਜਣਾਂ ਬੋਲ ਉਠਿਆ, 'ਹਾਂ ਜੀ ਠੀਕ ਹੈ ਉਸ ਦੇ ਸਿਰ ਕਲ ਮੀਟੀ ਹੋਈ ਸੀ, ਅਜ ਹੂਟਿਆਂ ਤੋਂ ਡਰਦਾ ਹੀ ਨਹੀਂ ਆਯਾ ਹੋਣਾ ਜੀ!' ਦੂਜਾ ਬੋਲਿਆ, 'ਨਹੀਂ, ਨਹੀਂ! ਅਰੇ ਕਦੀ ਡਰਿਆ ਹੈ? ਓਹ ਹੂਟਿਆਂ ਤੋਂ ਡਰਦਾ ਨਹੀਂ ਰਹਿਣ ਵਾਲਾ, ਉਸ ਨੂੰ ਜ਼ਰੂਰ ਕੋਈ ਕੰਮ ਬਣ ਗਿਆ ਹੋਣਾ ਹੈ।' ਤੀਜੇ ਕਿਹਾ, 'ਹੋਵੇ ਨ ਹੋਵੇ, ਅਸੀਂ ਹੁਣੇ ਚਲਕੇ ਸਦ ਲਿਆਉਂਦੇ ਹਾਂ, ਗਲ ਕੀ ਹੈ, ਔਹ ਨੇੜੇ ਜਿਹਾ ਤਾਂ ਘਰ ਹੈ!' ਅਟਲ ਰਾਏ ਜੀ ਭੀ ਇਹ ਸਭ ਸੁਣ ਰਹੇ ਸਨ, ਆਪਣੇ ਤੀਜੇ ਮਿਤਰ ਦੀ ਗਲ ਮਨ ਵਿਚ ਬਹੁਤ ਭਾਈ, ਅਰ ਸਦਵਾ ਭੇਜਣਾ ਹੀ ਯੋਗ ਸਮਝਿਆ, ਝਟ ਇਕ ਆਪਣੇ ਟਹਿਲੀਏ ਨੂੰ ਮਹਾਰਾਜ ਨੇ ਸਦਣ ਵਾਸਤੇ ਆਗਿਆ ਕੀਤੀ। ਓਹ ਉਸੀ ਵੇਲੇ ਦੌੜਿਆ ਗਿਆ ਮੋਹਨ ਦੇ ਘਰ ਜਾ ਕੇ ਡਿੱਠਾ, ਕਿ ਰੋਣਾ ਪਿਟਣਾ ਪਿਆ ਹੋਇਆ ਹੈ। ਬਾਹਰ ਬੂਹੇ ਤੇ ਹੀ ਮਰਦ ਇਕੱਠੇ ਹੋਏ ਹੋਏ ਹਨ, ਜਿਨ੍ਹਾਂ ਵਿਚੋਂ ਕਈ ਅਪਨੇ ਅਪਨੇ ਨੇਤ੍ਰਾਂ ਥੋਂ ਜਲ ਦਾ ਪਰਵਾਹ ਵਹਾ ਰਹੇ ਹਨ, ਅਰ ਕਈ ਉਸ ਕਰਤਾਰ ਦਾ ਖੇਲ ਚੁਪ ਚਾਨ ਸੂਰਤ, ਇਕ ਹੈਰਾਨਗੀ ਜਿਹੀ ਵਿਚ ਹੋ ਕੇ ਦੇਖ ਰਹੇ ਹਨ, ਕਿ ਹੇ ਈਸ਼੍ਵਰ ਕੀ ਸੀ ਤੇ ਕੀ ਹੋ ਗਿਆ? ਪਰ ਘਰ ਦਾ ਅੰਦਰ ਤਾਂ ਬਸ ਇਕ ਯਮਰਾਜ ਦੀ ਪੁਰੀ ਹੋ ਰਹੀ ਹੈ, ਬਿਚਾਰੀਆਂ ਇਸਤ੍ਰੀਆਂ ਨੇ ਆਪਣਾ ਬਿਕਰਾਲ ਰੂਪ ਬਨਾ ਕੇ ਕਾਵਾਂ ਰੌਲੀ ਪਾਈ ਹੋਈ ਪਿਟਦੀਆਂ, ਸਿਰ ਖੋਂਹਦੀਆਂ ਅਰ ਹਾਲ ਹਾਲ ਕਰਦੀਆਂ ਹਨ! ਸਿਖ ਬਿਚਾਰਾ ਭੌਂਦਲ ਗਿਆ, ਹੈਰਾਨ, ਘਰ ਥੋਂ ਥੋੜੀ ਦੂਰ ਹੀ ਖਲੋ ਗਿਆ ਅਰ ਲਗਾ ਸੋਚਣ ਕਿ ਹੈਂ! ਇਨ੍ਹਾਂ ਦੇ ਘਰ ਕੀ ਭਾਣਾ ਵਰਤਿਆ ਅਰ ਮੈਂ ਇਹ ਗਲ ਪੁਛਾਂ ਤਾਂ ਕਿਦੇ ਕੋਲੋਂ ਪੁਛਾਂ, ਪਰ ਇੰਨੇ ਨੂੰ ਕੋਲੋਂ ਇਕ ਆਦਮੀ ਲੰਘਿਆ, ਉਸ ਕੋਲੋਂ ਪੁਛਿਆ ਤਦ ਉਸ ਨੇ ਕਿਹਾ ਕਿ ਬਿਚਾਰੇ ਮੋਹਨ ਨੂੰ ਇਸ ਤਰ੍ਹਾਂ ਰਾਤੀ ਇਕ ਸਰਪ ਨੇ ਡੰਗਿਆ ਅਰ ਉਹ ਚੜ੍ਹਾਈ ਕਰ ਗਿਆ ਹੈ। ਉਸ ਬਿਚਾਰੇ ਦੀਆਂ ਇਹ ਗੱਲਾਂ ਸੁਣ ਕੇ ਸਤੇ ਸੁੱਧਾਂ ਭੁਲ ਗਈਆਂ, ਅਰ ਖੜੇ ਦਾ ਖੜਾ ਹੀ ਰਹਿ ਗਿਆ। ਪਰ ਜਦ ਇਕ ਦੋ ਪਲ ਪਿਛੋਂ ਆਪਣੇ ਆਪ ਵਿਚ ਆਇਆ ਤਾਂ ਪਿਛਾਂਹ ਮੁੜਿਆ ਅਰ ਮਨ ਵਿਚ ਲਗਾ ਕਹਿਣ, ਕਿ ਜੇ ਮੈਂ ਜਾਣਦਾ ਭਾਈ ਕਰਤਾਰ ਦਾ ਸੱਦਾ ਮੇਰੇ ਥੋਂ ਪਹਿਲੇ ਹੀ ਆ ਚੁਕਾ ਹੋਯਾ ਹੈ, ਤਾਂ ਮੈਂ ਕਾਸਨੂੰ ਆਉਂਦਾ। ਮੈਂ ਬਾਬਾ ਜੀ ਨੂੰ ਜਾ ਕੇ ਕੀ ਕਹਾਂਗਾ, ਭਾਈ ਤੁਹਾਡਾ ਮਿਤ੍ਰ ਪੂਰਾ ਹੋ ਗਿਆ ਹੈ। ਜੇ ਮੈਂ ਇਹ ਗਲ ਕਹੀ ਤਾਂ ਬਡੇ ਚਿੰਤਾਤੁ ਅਤੇ ਦੁੱਖੀ ਹੋਣਗੇ, ਚੰਗਾ ਹੈ ਕਿ ਮੈਂ ਨਾ ਕਹਾਂ। ਇਨ੍ਹਾਂ ਹੀ ਗਿਣਤੀਆਂ ਵਿਚ ਹਰਿ ਮੰਦਰ ਜੀ ਦੀ ਪ੍ਰਕਰਮਾਂ ਵਿਚ ਆ ਪਹੁੰਚਿਆ, ਬਾਬਾ ਜੀ ਦੇ ਸਖੇ ਉਸ ਨੂੰ ਦੂਰੋਂ ਹੀ ਦੇਖ ਆਪਸ ਵਿਚ ਗਲਾ ਕਰਨ ਲਗ ਪਏ। ਇਕ ਨੇ ਕਿਹਾ, 'ਨਹੀਂ ਆਯਾ' ਦੂਜੇ ਕਿਹਾ, 'ਨਹੀਂ, ਜੇ ਮੋਹਨ ਨਾ ਆਉਂਦਾ ਤਾਂ ਇਹ ਕਿਉਂ ਆਉਂਦਾ। ਓਹ ਪਿਛੇ ਪਿਛੇ ਜ਼ਰੂਰ ਆਉਂਦਾ ਹੋਣਾ ਹੈ।' ਇਹੋ ਜਿਹੀਆਂ ਗਲਾਂ ਕਰਦੇ ਹੀ ਸਨ, ਜੋ ਸਿਖ ਨੇੜੇ ਆ ਪੁਜਾ। ਹੁਣ ਤਾਂ ਸਭ ਅੱਗੇ ਹੋ ਕੇ ਮਿਲੇ, ਭਈ ਮੋਹਨ ਦੀ ਖ਼ਬਰ ਪੁਛੀਏ। ਸਿਖ ਨੇ ਸਭ ਬ੍ਰਿਤਾਂਤ ਜੋ ਦੇਖਿਆ ਸੀ ਅਰ ਸੁਣਿਆ ਸੀ, ਕਹਿ ਸੁਣਾਇਆ। ਇਹ ਗਲ ਸੁਨਾਉਣ ਦੀ ਢਿਲ ਸੀ ਜੋ ਸਭ ਚਿਤ੍ਰੀਆਂ ਮੂਰਤਾਂ ਵਾਂਙੂ ਹੱਕੇ ਬੱਕੇ ਰਹਿ ਗਏ, ਚਿਹਰਿਆਂ ਤੇ ਹਰੂਨਤਾ ਛਾ ਗਈ, ਇਕ ਦੂਜੇ ਦੇ ਮੂੰਹ ਵਲ ਲਗ ਗਏ ਦੇਖਣ। ਇਕ ਦੋ ਮਿੰਟ ਵਾਸਤੇ ਐਸੀ ਚੁਪ ਵਰਤੀ ਜੋ ਮਾਨੋ ਇਹ ਮੁੰਡੇ ਨਹੀਂ ਸਨ, ਕਾਠ ਦੀਆਂ ਪੁਤਲੀਆਂ ਸਨ। ਬਾਬੇ ਜੀ ਦੇ ਚਿਤ ਨੂੰ ਮਿਤ੍ਰ ਮੋਹਨ ਦੀ ਮ੍ਰਿਤੂ ਸੁਣ ਕੇ ਬੜੀ ਖਿਚ ਹੋਈ, ਅਰ ਉਸੇ ਵੇਲੇ ਸਾਰੇ ਸਖੇ


www.sikhbookclub.com

ਨਾਲ ਲੈ ਕੇ ਮੋਹਨ ਦੇ ਘਰ ਵਲ ਤੁਰ ਪਏ। ਜਦ ਘਰ ਪਹੁੰਚੇ ਤਾਂ ਸਾਰਿਆਂ ਨੂੰ ਹਾਲੋਂ ਬਿਹਾਲ ਹੋਇਆ ਹੋਇਆ ਡਿੱਠਾ। ਅਚਰਜ ਹੋ ਸਭ ਨੂੰ ਪੁਛਣ ਲਗੇ। ਸਭ ਨੇ ਇਹੀ ਆਖਜਾ, ਕਿ ਮਹਾਰਾਜ ਆਪਦਾ ਮਿਤ੍ਰ ਮੋਹਨ ਮਰ ਗਿਆ ਹੈ। ਬਾਬਾ ਜੀ ਇਹ ਗਲ ਸੁਣ ਕਹਿਣ ਲਗੇ, 'ਨਹੀਂ ਮੋਜਾ ਨਹੀਂ, ਮੇਰੀ ਉਸਦੇ ਸਿਰ ਮੀਟੀ ਹੈ। ਹੁਣ ਮਰ ਕੇ ਮੇਰੀ ਬਾਜੀ ਮਾਰ ਲਏਗਾ। ਹੂਟੇ ਮੀਟੀ ਦੇ ਤਾਂ ਕਿਸੇ ਤਰ੍ਹਾਂ ਨਹੀਂ ਛੁਟਣੇ।' ਇਹ ਗਲ ਸੁਣ ਲੋਕ ਅਚਰਜ ਹੋ ਗਏ, ਅਰ ਬੇਨਤੀ ਕਰਨ ਲਗੇ ਕਿ ਮਹਾਰਾਜ ਆਪ ਚਲ ਕੇ ਦੇਖ ਲਓ। ਇਹ ਗਲ ਸੁਣ ਮਹਾਰਾਜ ਅੰਦਰ ਘਰ ਦੇ ਤੁਰ ਪਏ। ਇਸਤ੍ਰੀਆਂ ਭੀ ਬਾਬੇ ਜੀ ਦਾ ਆਉਣਾ ਦੇਖ ਚੁਪ ਕਰ ਗਈਆਂ, ਆਪ ਨੇ ਅੰਦਰ ਜਾ ਆਪਣੀ ਖੂੰਡੀ ਮੋਹਨ ਦੀ ਗਰਦਨ ਦੇ ਵਿਚ ਪਾ, ਹਿਲਾ ਕੇ ਕਿਹਾ "ਮੋਹਨ, ਮੋਹਨ! ਮੇਰੀ ਬਾਜ਼ੀ ਦੇ ਕਾਹਨੂੰ ਆਪਣਾ ਦਾਅ ਬਚਾ ਕੇ ਸੌਂ ਰਿਹਾ ਹੈਂ, ਉਠ ਸ੍ਰੀ ਵਾਹਿਗੁਰੂ ਜੀ ਦਾ ਧਿਆਨ ਕਰ!" ਮਹਾਰਾਜ ਦਾ ਇਹ ਕਹਿਣਾ ਹੀ ਸੀ, ਜੋ ਮੋਹਨ 'ਸ੍ਰੀ ਵਾਹਿਗੁਰੂ, ਸ੍ਰੀ ਵਾਹਿਗੁਰੂ' ਕਹਿੰਦਾ ਉਠ ਖੜਾ ਹੋਇਆ। ਅਰ ਬਾਬੇ ਜੀ ਨੂੰ ਦੇਖਦਿਆਂ ਹੀ ਕਹਿਣ ਲਗਾ ਕਿ ਹਾਂ ਜੀ ਮੈਂ ਆਪ ਜੀ ਦੀ ਮੀਟੀ ਦੇਣ ਨੂੰ ਹਾਜ਼ਰ ਹਾਂ। ਓਹੋ, ਅਜ ਤਾਂ ਸੁਤਿਆਂ ਹੀ ਦਿਨ ਚੜ੍ਹ ਗਿਆ। ਅਜ ਦੀ ਭੁਲ ਬਖ਼ਸ਼ ਲਓ। ਚਲੋ, ਹੁਣ ਸੇਵਾ ਵਿਚ ਹਾਜ਼ਰ ਹਾਂ। ਜਿਸ ਘਰ ਵਿਚ ਹੁਣੇ ਥੋੜਾ ਚਿਰ ਹੋਜਾ ਰੋਣਾ ਪਿਟਣਾ ਹੋ ਰਿਹਾ ਸੀ, ਸਤਿਗੁਰਾਂ ਦੀ ਕ੍ਰਿਪਾ ਨਾਲ ਉਸੇ ਘਰ ਵਿਚ ਹੁਣੇ ਹੀ ਅਨੰਦ ਮੰਗਲ ਹੋਣ ਲਗ ਪਏ, ਜਿੱਥੇ ਥੋੜਾ ਚਿਰ ਹੋਇਆ ਕਿ ਅਲਾਹਣੀਆਂ ਹੋ ਰਹੀਆਂ ਸਨ, ਓਥੇ ਹੁਣੇ ਹੀ ਮਹਾਰਾਜ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਵਧਾਈਆਂ ਮਿਲਣ ਲਗ ਪਈਆਂ, ਧੰਨ ਸਤਿਗੁਰੂ ਹਨ। ਮੋਹਨ ਦੇ ਮਾਂ ਪਿਓ ਦੀ ਐਸ ਵੇਲੇ ਦੀ ਖ਼ੁਸ਼ੀ ਦਾ ਕੌਣ ਵਰਣਨ ਕਰ ਸਕਦਾ ਹੈ, ਜਿਨ੍ਹਾਂ ਅਪਨੇ ਇਕਲੌਤੇ ਪੁਤ੍ਰ ਨੂੰ ਮੌਤ ਦੇ ਪੰਜਿਓਂ ਛੁਟਿਆ ਪਾਇਆ। ਜਿੰਨੇ ਲੋਕ ਬੈਠੇ ਸਨ, ਸਭ ਲਗ ਪਏ ਮੋਹਨ ਦੇ ਮਾਪਿਆਂ ਨੂੰ ਵਧਾਈਆਂ ਦੇਣ ਅਰ ਮਹਾਰਾਜ ਨੂੰ ਨਮਸੱਕਾਰ ਕਰਨ। ਕਹਿਣ: 'ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸੁਪਤ੍ਰ ਹਨ, ਫੇਰ ਐਸੇ ਕਿਉਂ ਨਾ ਹੋਣ?'

ਇਹ ਗਲ ਇਕ ਡਾਢੇ ਅਚੰਭੇ ਦੀ ਸੀ, ਅਚੰਭੇ ਦੀ ਕੀ, ਅਲੌਕਿਕ ਸੀ। ਮੁਰਦੇ ਜੀਉਣਾ ਇਕ ਅਨਹੋਣੀ ਗਲ ਸੀ, ਲੋਕ ਹੱਕੇ ਬੱਕੇ ਤਾਂ ਬਹੁਤ ਹੁੰਦੇ ਸਨ ਪਰ ਗੁਰੂ ਘਰ ਦੀ ਸ਼ਕਤੀ ਤੋਂ ਸਾਰੇ ਜਾਣੂੰ ਸਨ, ਕਿ ਇਹ ਮਾਨੁਖ ਮਾਤ੍ਰ ਨਹੀਂ ਹਨ, ਇਨ੍ਹਾਂ ਵਿਖੇ ਕਿਸੇ ਹੋਰ ਹੀ ਪ੍ਰਕਾਸ਼ ਦੀ ਜੋਤ ਜਗਮਗਾ ਰਹੀ ਹੈ, ਜਿਸਦੇ ਅਗੇ ਮੁਰਦੇ ਜਿਵਾਉਣੇ ਤਾਂ ਕੁਝ ਗਲ ਨਹੀਂ ਸੀ, ਸ੍ਰਿਸ਼ਟੀ ਦੀ ਰਚਨਾ ਹੀ ਉਸ ਦੇ ਆਧਾਰ ਪੁਰ ਹੈ। ਬਾਬਾ ਜੀ ਤਾਂ ਆਪਣੇ ਮਿਤ੍ਰ ਮੋਹਨ ਅਰ ਹੋਰ ਸਭ ਸਖਿਆਂ ਨੂੰ ਨਾਲ ਲੈ ਕੇ ਆਪਣੀ ਖੇਡਣ ਵਾਲੀ ਥਾਂ ਆ ਗਏ, ਅਰ ਖੇਡ ਮਚਾ ਦਿਤੀ। ਉਧਰ ਇਸ ਗਲ ਦੀ ਧੂੰਮ ਸਾਰੇ ਸ਼ਹਿਰ ਵਿਚ ਮਚ ਗਈ, ਭਈ ਬਾਬਾ ਜੀ ਨੇ ਆਪਣੇ ਇਕ ਮ੍ਰਿਤਕ ਸਖਾ ਨੂੰ ਜਿਵਾਲਿਆ ਹੈ। ਹੁੰਦਿਆਂ ਹੁੰਦਿਆਂ ਇਹ ਗਲ ਤਖਤ ਅਕਾਲ ਬੁੰਗੇ ਜੀ ਦੇ ਅਗੇ ਦਿਵਾਨ ਵਿਚ, ਜਿੱਥੇ ਮੀਰੀ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜਮਾਨ ਸਨ, ਚਲ ਪਈ। ਇਕ ਸਿਖ ਜਿਸ ਨੇ ਇਹ ਸਭ ਤਮਾਸ਼ਾ ਆਪਣੀ ਅਖੀਂ ਦੇਖਿਆ ਸੀ, ਉਠ ਕੇ ਸਭ ਬ੍ਰਿਤਾਂਤ ਆਖ ਸੁਣਾਇਆ ਅਰ ਨਾਲ ਹੀ ਮਹਾਰਾਜ ਨੂੰ ਵਧਾਈ ਦਿਤੀ, ਕਿ ਹੇ ਮਹਾਰਾਜ ਆਪਦੀ ਅੰਸ਼ ਕਿਉਂ ਐਸੀ ਕ੍ਰਿਪਾਲ ਨਾ ਹੋਵੇ, ਜਦ ਆਪ ਐਸੇ ਦਾਸ ਰਖਜਕ ਅਰ ਉਪਕਾਰੀ ਹੋ। ਇਹ ਗਲ ਅਜੇ ਸਿਖ ਦੇ ਮੂੰਹ ਵਿਚ ਹੀ ਸੀ ਜੋ ਐਨੇ ਨੂੰ ਮੋਹਨ ਦਾ ਪਿਤਾ ਗੁਰਮੁਖ ਅਰ ਹੋਰ ਸਭ ਸਾਕ ਸਨਬੰਧ ਮਹਾਰਾਜ ਦੇ ਦਿਵਾਨ ਵਿਚ ਆਣ

ਹਾਜ਼ਿਰ ਹੋਏ, ਅਰ ਆਪਣੀ ਅਤਯੰਤ ਸ਼ੁਕਰ ਗੁਜ਼ਾਰੀ ਨੂੰ ਪ੍ਰਗਟ ਕੀਤਾ। ਸਤਿਗੁਰਾਂ ਸਭ ਨੂੰ ਆਦਰ ਸਤਿਕਾਰ ਨਾਲ ਬਿਠਾਇਆ। ਅਰ ਸਭ ਦੇ ਉੱਤਰ ਵਿਚ ਇਹੀ ਕਿਹਾ ਕਿ ਇਹ ਸਭ ਸ੍ਰੀ ਗੁਰੂ ਨਾਨਕ ਦੇਵ ਜੀ ਅਰ ਸਾਧ ਸੰਗਤ ਦੀ ਬਖ਼ਸ਼ਿਸ਼ ਹੈ, 'ਗੁਰੂ ਨਾਨਕ ਦੇਵ ਗੁਵਿੰਦ ਰੂਪ' ਦੀ। ਜਦ ਵਿਦਾ ਹੋਏ ਤਾਂ ਲਗੇ ਮਹਾਰਾਜ ਆਪਣੇ ਮਨ ਵਿਚ ਵਿਚਾਰ ਕਰਨ ਕਿ ਪਰਉਪਕਾਰ ਅਰ ਦਇਆ ਤਾਂ ਅਟਲ ਰਾਇ ਨੇ ਉਤਮ ਕੀਤੀ, ਪਰੰਤੂ ਅਕਾਲ ਪੁਰਖ ਦੇ ਭਾਣੇ ਵਲ ਅਟਲ ਰਾਇ ਨੇ ਦ੍ਰਿਸ਼ਟੀ ਨਹੀਂ ਕੀਤੀ। ਇਹ ਵਸਤ ਬੜੀ ਕਠਨ ਅਰ ਅਮੇਵ ਹੈ ਆਪਨੇ ਆਪ ਵਿਚ ਜਰ ਨਹੀਂ ਸਕਿਆ! ਅਰ ਨਾ ਹੀ ਸਮਾਂ ਵਿਚਾਰਿਆ ਹੈ, ਜਦ ਕੋਈ ਤੁਰਕਾਂ ਦਾ ਅਥਵਾ ਹਿੰਦੂਆਂ ਦਾ ਮਰ ਜਾਇਆ ਕਰੇਗਾ, ਤਾਂ ਇਸਦੇ ਅੱਗੇ ਆਨ ਰਖਿਆ ਕਰਨਗੇ ਅਰ ਮਿੰਨਤਾਂ ਕਰਨਗੇ ਕਿ ਇਸਨੂੰ ਜਿਵਾ ਦਿਓ, ਜੇ ਨਾ ਜਿਵਾਉਣਗੇ ਤਦ ਵਿਖਾਂਦ ਵਧੂ, ਜੇ ਜਿਵਾ ਦੇਣਗੇ ਤਦ ਉਸ ਕਰਤਾਰ ਦੇ ਨਾਲ ਕਿ ਜਿਸਦਾ ਅਸਾਂ ਭਾਣਾ ਮੰਨਾਉਣਾ ਹੈ, ਸਰੀਕਾ ਹੋ ਗਿਆ, ਈਸ਼੍ਵਰ ਦੀ ਆਗਿਆ ਨਾਲ ਮਰੇ ਅਰ ਅਸੀਂ ਉਸਨੂੰ ਜਿਵਾਈਏ, ਕਿਡੀ ਅਯੋਗ ਗਲ ਹੈ; ਅਰ ਸੰਤ ਜਨ ਕਰਾਮਾਤ ਨੂੰ ਕਹਿਰ ਸਮਝਦੇ ਹਨ। ਜੇ ਅਸੀਂ ਹੁਣ ਨਾ ਸਮਝਾਇਆ ਤਾਂ ਇਹ ਗਲ ਵਧ ਜਾਵੇਗੀ। ਇਹੋ ਜਿਹੀਆਂ ਗਲਾਂ ਮਹਾਰਾਜ ਅਜੇ ਸੋਚਦੇ ਹੀ ਪਏ ਸਨ, ਜੋ ਬਾਬਾ ਜੀ ਬੀ ਆਪਣੇ ਸਖਿਆਂ ਨੂੰ ਨਾਲ ਲਏ ਹੋਏ ਦਿਵਾਨ ਵਿਚ ਆਣ ਨਿਕਲੇ, ਸਖੇ ਤਾਂ ਸਭ ਦਿਵਾਨ ਵਿਚ ਪਿਛੇ ਹੋ ਕੇ ਬੈਠ ਗਏ, ਅਰ ਇਹ ਪਿਤਾ ਜੀ ਨੂੰ ਚਰਨ ਬੰਧਨਾ ਕਰਨ ਵਾਸਤੇ ਅਗੇ ਵਧੇ। ਮਹਾਰਾਜ ਨੇ ਓਨ੍ਹਾਂ ਨੂੰ ਵੇਖ ਕੇ ਕੋਲ ਸਦਿਆ, ਅਰ ਆਖਣ ਲਗੇ, ਬੇਟਾ, "ਵੇਖ ਅਜ ਜੋ ਕੁਛ ਤੂੰ ਕੀਤਾ ਹੈ, ਸਭ ਅਯੋਗ ਕੀਤਾ ਹੈ, ਤੂੰ ਉਸ ਅਜਰ ਵਸਤੂ ਨੂੰ ਜਰ ਨਹੀਂ ਸਕਿਆ, ਮਰਣਾ ਜੰਮਣਾ ਸਭ ਉਸ ਕਰਤਾਰ ਦੇ ਭਾਣੇ ਵਿਚ ਹੈ, ਤੇਰੇ ਪਿਤਾਮਾ ਜੀਦਾ ਵਾਕ ਹੈ:-

"ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥"

{— ਗਉੜੀ ਸੁਖਮਨੀ ਮ: ੫-ਅਸਟ-੧੪ ਪੰਨਾ ੨੮੧}

ਉਸਨੂੰ ਮਿਟਾਉਣਾ ਪਰਮੇਸ਼ਰ ਦਾ ਸ਼ਰੀਕਾ ਕਰਨਾ ਹੈ। ਤੂੰ ਸੋਚ ਜਿਸ ਪਾਸ ਅੱਗ ਹੋਵੇ, ਉਸਨੂੰ ਅੱਗ ਦੇ ਸ਼ੁਭ ਅਰ ਯੋਗ ਵਰਤਾਉ ਦੀ ਸੋਚ ਚਾਹੀਏ ਨਹੀਂ ਤਾਂ ਹਾਨੀ ਹੁੰਦੀ ਹੈ। ਤੂੰ ਉਸ ਵੇਲੇ ਕਰਤਾਰ ਦੇ ਭਾਣੇ ਵਲ ਨਹੀਂ ਡਿੱਠਾ। ਇਹ ਲੜਕਾ ਜਿਸ ਦਸ਼ਾ ਵਿਚ ਸੀ ਕਰਤਾਰ ਦੇ ਹੁਕਮ ਵਿਚ ਸੀ। ਅਰ ਤੂੰ ਪਿਤਾ ਅਕਾਲ ਪੁਰਖ ਤੋਂ ਆਗਜਾ ਲੀਤੇ ਬਿਨਾ ਉਸਦੇ ਕਾਰਜ ਵਿਚ ਹੱਥ ਪਾਯਾ। ਕਰਤਾਰ ਨੂੰ ਭਗਤਾਂ ਦੀ ਕੀਤੀ ਪਰਵਾਨ ਹੈ। ਪਰ ਭਗਤਾਂ ਨੂੰ ਇਹ ਸੋਚ ਹੋਣੀ ਚਾਹੀਏ ਕਿ ਬਿਨਾਂ ਭਾਣੇ ਮੰਨੇ ਦੇ ਭਗਤੀ ਪ੍ਰਾਪਤ ਨਹੀਂ ਹੁੰਦੀ, ਸੋ ਜਦ, ਭਾਣਾ, ਭਗਤੀ ਦੀ ਪੌੜੀ ਹੈ ਤਦ ਉਸ ਪੌੜੀ ਦੇ ਡੰਡੇ ਭੰਨਣੇ ਅਯੋਗ ਹਨ। ਵੇਖੋ ਪਿਤਾ ਜੀ ਨੇ ਲਾਹੌਰ ਦੇ ਨਵਾਬ ਦੇ ਹੱਥੀਂ ਕਿਡੇ ਖੇਦ ਝਲੇ ਹਨ ਪਰ ਸੀ ਨਹੀਂ ਕੀਤੀ, ਕਿਉਂਕਿ ਭਾਣਾ ਮੰਨਣਾ ਉਨ੍ਹਾਂ ਦਾ ਨੇਮ ਸੀ। ਜੇ ਓਹ ਚਾਹੁੰਦੇ ਤਦ ਦੁੱਖ-ਦਾਤਿਆਂ ਨੂੰ ਫਨਾ ਕਰ ਦਿੰਦੇ, ਪਰੰਤੂ ਇਹ ਸੋਚਕੇ ਕਿ ਇਹ ਬੰਦੇ ਦੁੱਖ ਨਹੀਂ ਦੇ ਸਕਦੇ, ਜੋ ਕੁਝ ਹੋ ਰਿਹਾ ਹੈ ਪਜਾਰੇ ਦੇ ਭਾਣੇ ਵਿਚ ਹੈ, ਇਸ ਕਰਕੇ ਉਸਨੂੰ ਸਹਾਰਨਾ ਸਾਡਾ ਕੰਮ ਹੈ। ਹਾਂ, ਇਹ ਵਿਚਾਰ ਕੇ ਉਨ੍ਹਾਂ ਸਭੇ ਖੇਦ ਸਹਾਰੇ।

"ਸਾਡੇ ਘਰ ਦਾ ਨਿਯਮ ਰਜ਼ਾ ਪੁਰ ਰਾਜ਼ੀ ਰਹਿਣਾ ਹੈ, ਤੂੰ ਉਸਨੂੰ ਭੰਗ ਕੀਤਾ ਹੈ। ਜੇਕਰ ਕਹੇਂ ਕਿ ਸਾਡੇ ਵੱਡੇ ਕਰਾਮਾਤਾਂ ਕਰਦੇ ਰਹੇ ਹਨ, ਸੋ ਪੁਤ੍ਰ! ਉਹ ਜੋ ਕੁਝ ਕਰਦੇ ਰਹੇ ਹਨ, ਉਸ ਕਰਤਾਰ

ਦੇ ਹੁਕਮ ਵਿਚ ਕਰਦੇ ਰਹੇ ਹਨ। ਉਨ੍ਹਾਂ ਦੀ ਕਰਾਮਾਤ ਕਰਨੀ ਬੀ ਭਾਣੇ ਵਿਚ ਸੀ। ਤੈਂ ਇਸ ਗਲ ਦੀ ਵਿਚਾਰ ਨਹੀਂ ਕੀਤੀ।" ਅਟਲ ਰਾਇ ਹੈਰਾਨੀ ਦੀ ਮੂਰਤ ਬਣੇ ਖੜੇ ਸਨ। ਅੱਖਾਂ ਜ਼ਮੀਨ ਪੁਰ ਗਡੀਆਂ ਸਨ, ਸਰੀਰ ਅਚਲ ਸੀ ਅਰ ਇਹ ਜਾਪਦਾ ਸੀ ਕਿ ਕਿਸੇ ਅਸਚਰਜ ਡੂੰਘੀ ਸੋਚ ਵਿਚ ਗਏ ਹਨ ਕਿ ਮਾਨੋਂ ਆਤਮਾ ਸਰੀਰ ਤੋਂ ਉਪ੍ਰਾਮ ਹੋ ਗਿਆ ਹੈ। ਗੁਰੂ ਸਾਹਿਬ ਬੀ ਪਲ ਕੁ ਚੁਪ ਰਹੇ, ਫੇਰ ਉਚਾਰਨ ਲਗੇ: 'ਪਰਉਪਕਾਰ ਕਰਕੇ ਪਛਤਾਉਣਾ ਬੀ ਮਾੜੀ ਗਲ ਹੈ। ਹੁਣ ਤਾਂ ਮੋਹਨ ਦੇ ਬਦਲੇ ਜਿੰਦ ਚਾਹੀਏ। ਚਾਹੇ ਅਸੀਂ ਦਈਏ, ਚਾਹੇ ਤੂੰ, ਕਿਉਂਕਿ ਤੂੰ ਅਜਰ ਵ੍ਸਤੂ ਨੂੰ ਜਰਿਆ ਨਹੀਂ। ਜਰ ਕੇ ਵਰਤਦੋਂ ਅਰ ਭਾਣੇ ਵਲ ਨਜ਼ਰ ਰਖਦੋਂ ਤਦ ਤਾਂ ਖੈਰ ਮਿਹਰ ਸੀ ਪਰ ਤੂੰ ਜੋ ਖੇਲ ਕੀਤੀ ਹੈ ਸੋ ਕਰਤਾਰ ਦਾ ਸ਼ਰੀਕਾ ਹੈ। ਕਰਤਾਰ ਦੀ ਇਹ ਦਯਾਲਤਾ ਕਿ ਭਗਤਾਂ ਦਾ ਕਿਹਾ ਨਾ ਉਲਟਾਏ ਤੇ ਭਗਤ ਜਨ ਇਸ ਕ੍ਰਿਪਾ ਨੂੰ ਜਰਕੇ ਨਾ ਭੋਗਣ, ਕਿੱਡੀ ਮਾੜੀ ਗਲ ਹੈ?'

"ਮੋਹਨ ਜੀਉਂਦਾ ਰਹੇ, ਪਰ ਉਸਦੇ ਬਦਲੇ ਤੇਰੀ ਅਵਗਜਾ ਦੇ ਕਾਰਣ ਜਾਂ ਅਸੀਂ ਚਲੀਏ ਜਾਂ ਤੂੰ।" ਇਹ ਬਚਨ ਸੁਣਨ ਦੇ ਮਗਰੋਂ ਅਟਲ ਰਾਇ ਜੀ ਪਿਤਾ ਨੂੰ ਮੱਥਾ ਟੇਕਿਆ, ਅਰ ਚੁਪ-ਚਾਪ ਪਿਛਲੇ ਪੈਰੀਂ ਮੁੜੇ ਅਰ ਹਰਿਮੰਦਰ ਜੀ ਦਾ ਦਰਸ਼ਨ ਕਰਦੇ ਅੰਮ੍ਰਿਤਸਰ ਜੀ ਦੀ ਦਖਣ ਬਾਹੀ ਵਲ ਮੁਖ ਕਰ ਦਿਤਾ, ਅਰ ਕੌਲਸਰ ਦੇ ਕੰਢੇ ਆ ਕੇ ਅਟਲ ਰਾਇ ਜੀ ਠਹਿਰ ਗਏ ਤਦ ਉਹਨਾਂ ਦੇ ਸਖੇ ਲੁਕ ਕੇ ਬੈਠ ਗਏ ਕਿ ਵੇਖੀਏ ਇਹ ਕੀ ਕੁਝ ਕਰਦੇ ਹਨ? ਇੱਥੇ ਆ ਕੇ ਮਹਾਰਾਜ ਨੇ ਇਸ਼ਨਾਨ ਕੀਤਾ! ਅਰ ਅਕਾਲ ਪੁਰਖ ਦੀ ਪ੍ਰਬਲ ਭਾਵੀ ਨੂੰ ਲਖ, ਆਪਣੀ ਦੇਹ ਨੂੰ ਅਨਿਤ ਸਮਝ ਅਰ ਕਿਸੀ ਤਰ੍ਹਾਂ ਦਾ ਹਰਖ ਸੋਗ ਨਾ ਕਰ, ਥੋੜੀ ਜਿਹੀ ਦੂਰ ਜਾ ਕੇ ਆਸਨ ਬਨਾ ਬਿਰਾਜਮਾਨ ਹੋ ਗਏ। ਸ੍ਰੀ ਜਪੁਜੀ ਸਾਹਿਬ ਦਾ ਇਕ-ਮਨ ਹੋ ਪਾਠ ਕੀਤਾ ਅਰ ਬ੍ਰਿਤੀ ਪ੍ਰਮਾਨੰਦ ਵਿਚ ਲੀਨ ਕਰ ਦੁੱਪਟਾ ਤਾਨ ਖੂੰਡੀ ਨੂੰ ਸਿਰਹਾਨੇ ਰਖ ਮਹਾਰਾਜ ਲੇਟ ਗਏ। ਅਰ ਜਿਮ ਤਰ੍ਹਾਂ ਕੋਈ ਸਪ ਆਪਣੀ ਕੁੰਜ ਨੂੰ ਛੱਡ ਦੇਵੇ, ਇਸ ਤਰ੍ਹਾਂ ਆਪ ਆਪਣੀ ਦੇਹ ਛੱਡ ਸਚਖੰਡ ਦਰਬਾਰ ਵਿਚ ਸੰਮਤ ੧੬੯੫ ਬਿ: ਅਸੂ ਵਦੀ ਦਸਵੀਂ ਡੇਢ ਪਹਿਰ ਦਿਨ ਚੜੇ ਜਾ ਪ੍ਰਾਪਤ ਹੋਏ।

ਇਧਰ ਸਭ ਸਖਾ ਅਰ ਟਹਿਲੀਆਂ ਨੇ ਜੋ ਲੁਕ ਕੇ ਸਭ ਗਲ ਦੇਖ ਰਹੇ ਸਨ, ਜਦ ਡਿੱਠਾ ਕਿ ਮਹਾਰਾਜ ਦੁੱਪਟਾ ਤਾਣ ਕੇ ਲੇਟ ਗਏ ਹਨ, ਤਦ ਰਹਿ ਨਾ ਸਕੇ। ਕੋਲ ਆ ਕੇ ਹਿਲਾਉਣ ਜੁਲਾਉਣ ਲਗੇ, ਇਕ ਜਣਾ ਪੈਰਾਂ ਨੂੰ ਹਲੂੰਣ ਕਰਨ ਲਗ ਗਿਆ, ਭਈ ਕਿਸੇ ਤਰ੍ਹਾਂ ਬੋਲਣ, ਕੋਈ ਕਹੇ, ਬਾਬਾ ਜੀ ਉਠੋ ਸਾਡੇ ਨਾਲ ਤਾਂ ਬੋਲੋ ਚਾਲੋ। ਪਰ ਹੁਣ ਬਾਬੇ ਹੁਰੀ ਤਾਂ ਕਿਸੇ ਹੋਰ ਮੌਜ ਵਿਚ ਸਨ, ਸਖਿਆਂ ਨੂੰ ਉੱਤਰ ਦਿੰਦਾ ਕੌਣ, ਉਨ੍ਹਾਂ ਨਾਲ ਖੇਡਦਾ ਮਲਦਾ ਕੌਣ? "ਟੂਟੀ ਤੰਤ ਨਾ ਬਜੇ ਰਬਾਬ" ਸੋ ਇਨ੍ਹਾਂ ਵਿਚਾਰਿਆਂ ਦੀਆਂ ਗਲਾਂ ਦਾ ਕਿਸੇ ਉੱਤਰ ਨਾ ਦਿਤਾ। ਵਿਚੋਂ ਇਕ ਜਣਾ ਬੋਲ ਉਠਿਆ, "ਯਾਰੋ ਇੱਥੇ ਤਾਂ ਕੁਝ ਹੋਰ ਭਾਣਾ ਵਰਤਿਆ ਹੋਇਆ ਦਿਸਦਾ ਹੈ। ਬਾਬੇ ਹੁਰੀ ਤਾਂ ਸਚਖੰਡ ਪਧਾਰੇ ਹੋਏ ਮਲੂਮ ਹੁੰਦੇ ਹਨ, ਨਹੀਂ ਤਾਂ ਸਾਡੇ ਨਾਲ ਬੋਲਦੇ ਨਾ, ਚਲੋ ਸ਼ਹਿਰ ਚਲਕੇ ਗੁਰੂ ਸਾਹਿਬ ਨੂੰ ਖਬਰ ਦਈਏ।"

ਇਸ ਗਲ ਨੇ ਉਨ੍ਹਾਂ ਮੁਹੱਬਤੀ ਪੁਤਲਿਆਂ ਵਿਚ ਜਾਦੂ ਭਰਿਆ ਅਸਰ ਕੀਤਾ ਸਾਰੇ ਚੁਪ-ਚਾਪ ਇਕ ਹੈਰਾਨੀ ਜਿਹੀ ਵਿਚ ਹੋ ਗਏ। ਕੁਝ ਤਾਂ ਖਬਰ ਦੇਣ ਵਾਸਤੇ ਦੌੜੇ ਅਰ ਕੁਝ ਮਹਾਰਾਜ ਦੇ ਇਰਦੇ ਗਿਰਦੇ ਹੀ ਬੈਠ, ਲਗ ਗਏ ਵਿਰਲਾਪ ਕਰਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਜੇ ਤਖਤ ਸਾਹਿਬ ਦਿਵਾਨ ਲਾਈ ਹੀ ਬੈਠੇ ਸਨ ਅਰ ਕਈ ਜ਼ਰੂਰੀ ਵਿਸ਼ਿਆਂ ਪਰ ਗੱਲਾਂ ਹੋ ਰਹੀਆਂ ਸਨ, ਜੋ ਇਨ੍ਹੇ ਨੂੰ ਓਹ ਬਾਲਕ ਭੀ ਆਣ ਪਹੁੰਚੇ। ਝਿਜਕਦੇ ਅਗੇ ਤਾਂ ਨਾ ਵੱਧੇ, ਦੂਰੋਂ ਹੀ ਇਕ ਸਿਖ ਨੂੰ ਸਦ ਕੇ, ਜੋ ਸ੍ਰੀ ਬਾਬਾ ਜੀ ਦਾ ਟਹਿਲੀਆ ਸੀ, ਸਾਰੀ ਗਲ ਉਸਨੂੰ ਆਖ ਸੁਣਾਈ। ਸਿਖ ਨੇ ਪਹਿਲਾਂ ਤਾਂ ਇਸ ਗਲ ਨੂੰ ਬਾਲਕਪੁਣੇ ਦੀ ਹੀ ਗਲ ਸਮਝਿਆ ਪਰ ਜਦ ਉਨ੍ਹਾਂ ਬਾਲਕਾਂ ਬਹੁਤ ਕਿਹਾ ਕਹਾਇਆ ਤਦ ਉਸਦੀਆਂ ਭੀ ਸਤੇ ਸੁੱਧਾਂ ਭੁਲ ਗਈਆਂ। ਦਿਵਾਨ ਵਿਚ ਆ ਗੁਰੂ ਸਾਹਿਬ ਜੀ ਦੇ ਹਜ਼ੂਰ ਸਾਰੀ ਗਲ ਹੌਲੀ ਜਿਹੀ ਆਖ ਸੁਣਾਈ। ਜਾਣੀ ਜਾਣ ਮਹਾਰਾਜ ਇਕ ਛਿਨ ਵਿਚ ਸਾਰੀ ਗਲ ਸਮਝ ਗਏ ਅਰ ਸਾਹਜ਼ਾਦੇ ਦੀ ਮ੍ਰਿਤੂ ਸੁਣ ਕੇ ਰਹਿ ਨਾ ਸਕੇ। ਤਤ ਖਿਨ ਬਾਲਕਿਆਂ ਨੂੰ ਨਾਲ ਲੈ ਜਿਧਰ ਉਨ੍ਹਾਂ ਕਿਹਾ ਸੀ ਤੁਰ ਪਏ। ਮਗਰ ਮਗਰ ਸਿਖ ਸੰਗਤਾਂ ਭੀ ਲਗ ਤੁਰੀਆਂ, ਓਥੇ ਆ ਕੇ ਮਹਾਰਾਜ ਨੇ ਜਦ ਸਾਹਬਜ਼ਾਦੇ ਦੀ ਦੇਹ ਨੂੰ ਨਿਰਾਤਮਕ ਡਿੱਠਾ ਤਦ ਉਸ ਅਕਾਲ ਪੁਰਖ ਦਾ ਭਾਣਾ ਮੰਨ ਬੈਠ ਗਏ। ਹੁੰਦਿਆਂ ਹੁੰਦਿਆਂ ਇਧਰ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਜਦ ਮਹਾਰਾਜ ਦੇ ਮਹਿਲੀਂ ਇਹ ਖਬਰ ਪਹੁੰਚੀ ਮਾਤਾ, ਦਾਦੀ ਜੀ ਅਤੇ ਹੋਰ ਸਭ ਸਨੇਹੀਆਂ ਨੂੰ ਖੇਦ ਹੋਇਆ। ਅਰ ਹੋਣਹਾਰ ਸਪੁਤ੍ਰ ਦੇ ਅੰਤਲੇ ਦੀਦਾਰ ਲਈ ਵੈਰਾਗ ਦੀਆਂ ਮੂਰਤਾਂ ਹੋ ਉਧਰ ਤੁਰੀਆਂ।

ਇਸ ਵੇਲੇ ਸੰਗਤਾਂ ਬੀ ਆਨ ਜੁੜੀਆਂ ਸਨ ਅਰ ਵਿਰਲਾਪ ਲਗੀਆਂ ਕਰਨ ਪਰ ਸਤਿਗੁਰਾਂ ਬਹੁਤ ਵਿਰਾਗ ਮਈ ਉਪਦੇਸ਼ ਸਿਖ ਸੰਗਤਾਂ ਨੂੰ ਦਿਤੇ। ਅਰ ਸੰਗਤਾਂ ਦੇ ਮਨ ਦੂਜੇ ਪਾਸੇ ਲਾਏ ਤੇ ਰਬਾਬੀਆਂ ਨੂੰ ਸਦਵਾ ਭੇਜਿਆ ਜਿਨ੍ਹਾਂ ਆ ਕੇ ਵਡਹੰਸ ਦੀ ਵਾਰ ਅਰ ਹੋਰ ਕਈ ਪ੍ਰੇਮ ਭਰੇ ਸ਼ਬਦ ਪੜ੍ਹੇ। ਪਰ ਤਦ ਭੀ ਪ੍ਰੇਮੀਆਂ ਦੇ ਪ੍ਰੇਮ ਨਾ ਝਲੇ ਗਏ। ਹੁਣ ਸਤਿਗੁਰਾਂ ਚੰਦਨ ਅਰ ਹੋਰ ਕਈ ਪ੍ਰਕਾਰ ਦੀਆਂ ਸੁਗੰਧੀ ਵਾਲੀਆਂ ਲਕੜੀਆਂ ਲਿਆਉਣ ਦੀ ਆਗਿਆ ਕੀਤੀ। ਭਾਈ ਬਿਧੀ ਚੰਦ ਨੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ਇਹ ਅਸਥਾਨ ਉਜਾੜ ਬੀਆਬਾਨ ਹੈ, ਕਿਤੇ ਸ਼ਹਿਰ ਦੇ ਨੇੜੇ ਚਲਕੇ ਬਾਬਾ ਜੀ ਦੀ ਦੇਹ ਨੂੰ ਜਲਾਓ, ਗੁਰੂ ਸਾਹਿਬ ਬੋਲੇ, "ਭੋਲਿਆ ਜਿਸ ਥਾਂ ਅਜਿਹੇ ਮਹਾਂ ਪੁਰਖ ਚਲਾਣੇ ਕਰਦੇ ਹਨ, ਓਹ ਥਾਂ ਵੀ ਕਦੀ ਉਜਾੜਾਂ ਰਹੀਆਂ ਹਨ। ਭਾਵੇਂ ਹੁਣ ਇਹ ਜੰਗਲ ਹੈ ਪਰੰਤੂ ਘੁਘ ਵਸੇਗਾ, ਇਥੇ ਨੌ-ਛਤਾ ਸੁਨਹਿਰੀ ਮੰਦਰ ਹੋਵੇਗਾ। ਸ੍ਰੀ ਦਰਬਾਰ ਸਾਹਿਬ ਦੇ ਯਾਤ੍ਰੀ ਇੱਥੇ ਦਰਸ਼ਨ ਜ਼ਰੂਰ ਕਰਨਗੇ; ਸ਼ਹਿਰ ਰਾਮਦਾਸਪੁਰੇ ਦੀ ਠਾਣੇਦਾਰੀ ਇਸ ਮੰਦਰ ਦੀ ਹੋਵੇਗੀ, ਅਰ ਗ੍ਰੀਖਾਂ ਦਾ ਆਸਰਾ ਪਰਨਾ ਹੋਵੇਗਾ।"

"ਇਹ ਪੁਤ੍ਰ ਸਪੁਤ੍ਰ ਹੈ ਜਿਸਨੇ ਆਗਿਆ ਪਾਲੀ ਹੈ, ਇਹ ਮੇਰੇ ਸੰਗ, ਮੈਂ ਇਸਦੇ ਨਾਲ ਹਾਂ, ਇਹ ਮ੍ਰਿਤਕ ਨਹੀਂ ਹੋਇਆ ਸਦਾ ਜੀਉਂਦਾ ਹੈ। ਸਿਖਾਂ ਦੇ ਪੁਤ੍ਰ ਇਨ੍ਹਾਂ ਦਾ ਸਮਾਚਾਰ ਸੁਣਕੇ ਮਾਤਾ ਪਿਤਾ ਦੇ ਆਗਿਆਕਾਰੀ ਹੋਣਗੇ।"

ਸੋ ਸਭ ਵਾਕ ਸਤ ਹੋਏ ਹਨ।

ਨੋਟ— ਪਾਠਕਾਂ ਪ੍ਰਤਿ ਵਿਦਤ ਹੋਵੇ ਕਿ ਅਜ ਕਲ ਸ੍ਰੀ ਅੰਮ੍ਰਿਤਸਰ ਜੀ ਵਿਚ ਜਿੱਥੇ ਸ੍ਰੀ ਬਾਬਾ ਅਟਲ ਰਾਇ ਜੀ ਦਾ ਮੰਦਰ ਅਰ ਆਸੇ ਪਾਸੇ ਸ਼ਹਿਰ ਵਸਦਾ ਹੈ, ਉਸ ਸਮਯ ਇਹ ਸਥਾਨ ਇਕ ਘਨਾ ਜੰਗਲ ਹੁੰਦਾ ਸੀ ਅਰ ਅੰਮ੍ਰਿਤਸਰ ਸ਼ਹਿਰ ਸ੍ਰੀ ਹਰਿਮੰਦਰ ਜੀ ਦੀ ਪਰਲੀ ਤਰਫ ਜਿਥੇ ਅਜ ਕਲ ਗੁਰੂ ਕਾ ਬਾਜ਼ਾਰ ਅਰ ਗੁਰੂ ਕੇ ਮਹਲ ਹਨ, ਵਸਦਾ ਸੀ।


www.sikhbookclub.com

# ੩੦. ਸਾਈਂ ਦਾਸ ਡਰੋਲੀ

**ਭਾਈ ਢੇਸਾ**, ਭਾਈ ਸਾਈਂ ਦਾਸ ਜੀ ਨੂੰ ਡਰੋਲੀ ਲਿਜਾਣਾ ਚਾਹੁੰਦਾ ਸੀ। ਉਸਦਾ ਵਿਚਾਰ ਸੀ ਕਿ ਜੇ ਭਾਈ ਜੀ ਡਰੋਲੀ ਆ ਜਾਣ ਤਦ ਉਨ੍ਹਾਂ ਦੇ ਸਤਿਸੰਗ ਕਰਕੇ, ਇਥੇ ਵੀ ਕੀਰਤਨ ਦਾ ਅੰਮ੍ਰਿਤ ਪ੍ਰਵਾਹ ਟੁਰ ਪਵੇ ਤੇ ਉਪਕਾਰ ਵਧੇ। ਇਹ ਗਲ ਨਿਸਚੇ ਕਰਕੇ ਭਾਈ ਢੇਸੇ ਨੇ ਸੰਗਤ ਨੂੰ ਸੁਝਾਈ। ਸੰਗਤ ਵਿਚ ਇਸ ਪਰ ਵੀਚਾਰ ਹੋ ਕੇ ਇਹ ਮਤਾ ਪਰਵਾਨ ਹੋਜਾ ਕਿ ਭਾਈ ਸਾਈਂ ਦਾਸ ਜੀ ਦਾ ਡਰੋਲੀ ਆ ਵੱਸਣਾ ਡੱਲੇ ਨੂੰ ਹਾਨੀਕਾਰਕ ਨਹੀਂ ਹੈ, ਤੇ ਡਰੋਲੀ ਲਈ ਉਪਕਾਰਕ ਹੋਵੇਗਾ।

ਇਹ ਵੀਚਾਰ ਹੋ ਕੇ ਇਕ ਦਿਨ ਸੰਗਤ ਦੇ ਮੁਖੀਏ ਕੱਠੇ ਹੋ ਕੇ ਡੱਲੇ ਗਏ। ਭਾਈ ਜੀ ਨੇ ਬਹੁਤ ਆਗਤ ਭਾਗਤ ਕੀਤੀ ਤੇ ਸਨਮਾਨ ਨਾਲ ਉਤਾਰਾ ਦਿੱਤਾ। ਅਗਲੇ ਦਿਨ ਸਵੇਰੇ ਜਦ ਆਸਾ ਦੀ ਵਾਰ ਦਾ ਭੋਗ ਪੈ ਚੁੱਕਾ ਤਦ ਡਰੋਲੀ ਦੀ ਸੰਗਤ ਉਠਕੇ ਗਲ ਪਲੇ ਪਾ ਕੇ ਜੋੜਿਆਂ ਵਿਚ ਜਾ ਖੜੋਤੀ ਅਰ ਬੜੀ ਅਧੀਨਗੀ ਨਾਲ ਬਿਨੈ ਕੀਤੀ, "ਹੇ ਗੁਰੂ ਕੇ ਸਵਾਰੇ ਤੇ ਪਜਾਰੇ ਸਤਿਸੰਗ ਜੀ! ਅਸੀਂ ਤ੍ਰਿਖਾਵੰਤ ਆਪ ਪਾਸੋਂ ਇਕ ਅੰਮ੍ਰਿਤ ਜਲ ਦਾ ਦਾਨ ਮੰਗਣ ਵਾਸਤੇ ਆਏ ਹਾਂ।"

ਸੰਗਤ ਨੇ ਇਹ ਦਸ਼ਾ ਵੇਖਕੇ ਛੇਤੀ ਨਾਲ ਉਠ ਕੇ ਸਾਰੇ ਭਰਾਵਾਂ ਨੂੰ ਫੜ ਕੇ ਬੜੇ ਪਿਆਰ ਨਾਲ ਦੀਵਾਨ ਵਿਚ ਲੈ ਆਂਦਾ ਤੇ ਪਿਆਰ ਨਾਲ ਪੁੱਛਿਆ ਕਿ ਇਸ ਤਰ੍ਹਾਂ ਸਾਡੇ ਸਿਰ ਭਾਰ ਚੜ੍ਹਾਣ ਦੀ ਕੀਹ ਲੋੜ ਹੈ? ਆਪ ਹੁਕਮ ਕਰੋ ਅਸੀਂ ਸੇਵਾ ਨੂੰ ਹਾਜ਼ਰ ਹਾਂ, ਤਦ ਡਰੋਲੀ ਦੀ ਸੰਗਤ ਨੇ ਬੇਨਤੀ ਕੀਤੀ ਕਿ "ਕ੍ਰਿਪਾ ਕਰਕੇ ਭਾਈ ਸਾਈਂ ਦਸ ਜੀ ਨੂੰ ਸਾਡਾ ਮੁਕਟ ਮਣੀ ਹੋਣ ਲਈ ਸਾਡੇ ਸੀਸ ਪਰ ਸੋਭਾਇਮਾਨ ਕਰ ਦਿਓ।"

ਇਹ ਗਲ ਸੁਣਕੇ ਸੰਗਤ ਡੱਲੇ ਦੇ ਜੀ ਵਿਚ ਬੀ ਸੋਚ ਪੈ ਗਈ, ਐਸੇ ਅਮੋਲਕ ਲਾਲ ਨੂੰ ਦੇ ਦੇਣਾ ਕਿਹੜੀ ਸੌਖੀ ਜਿਹੀ ਗਲ ਸੀ, ਪਰ ਇਕ ਸੰਗਤ ਦੀ ਮੰਗ ਨੂੰ ਨਾਂਹ ਕਰਨੀ ਬੀ ਔਖੀ ਸੀ। ਗਲ ਕੀ ਇਸ ਪਰ ਵੀਚਾਰ ਸ਼ੁਰੂ ਹੋਈ। ਡਰੋਲੀ ਦੀ ਸੰਗਤ ਨੇ ਦੱਸਿਆ ਕਿ ਸਾਡੇ ਪਿੰਡ ਗੁਰਸਿਖੀ ਦੀ ਡਾਢੀ ਔੜ ਹੈ, ਇਤਨਾ ਭਾਰਾ ਪਿੰਡ ਹੈ ਪਰ ਸਤਿਸੰਗੀ ਆਸਾ ਦੀ ਵਾਰ ਦੇ ਪ੍ਰੇਮੀ ਮਸਾਂ ੩੦-੩੫ ਆਦਮੀ ਹਨ। ਜੇਕਰ ਇਹ ਚੰਦਨ ਦਾ ਬਿਰਵਾ ਉਥੇ ਚਲ ਲੱਗਾ ਤਦ ਉਥੇ ਬੀ ਚੰਦਨ ਦੀ ਗੰਧ ਨਾਲ ਅਨੇਕਾਂ ਚੰਦਨ ਹੋ ਜਾਣਗੇ।

ਡੱਲੇ ਦੀ ਸੰਗਤ ਨੇ ਬਹੁਤ ਕੁਛ ਵਿਚਾਰ ਕੇ ਅੰਤ ਏਹੋ ਨਬੇੜਾ ਕੀਤਾ ਕਿ ਸੰਗਤ ਵਲੋਂ ਭਾਈ ਜੀ ਨੂੰ ਡਰੋਲੀ ਜਾਣ ਵਿਚ ਕੋਈ ਰੋਕ ਨਹੀਂ ਹੈ, ਪਰ ਸੰਗਤ ਉਹਨਾਂ ਦੇ ਵਿਛੋੜੇ ਨੂੰ ਸਹਿ ਨਹੀਂ ਸਕਦੀ। ਪਰ ਇਨ੍ਹਾਂ ਦੇ ਸਰੀਰ ਪਰਉਪਕਾਰ ਲਈ ਆਉਂਦੇ ਹਨ, ਇਨ੍ਹਾਂ ਦਰਜਾਵਾਂ ਦੇ ਰੋਆਂ ਨੂੰ ਬੰਨ੍ਹ ਪਾ ਕੇ ਛੰਬ ਬਨਾਣੇ ਅਨਹੋਣੀ ਖੇਡ ਖੇਡਣੀ ਹੈ, ਇਸ ਲਈ ਆਪਣੇ ਘਾਟੇ ਨੂੰ ਜਾਣਦੀ ਹੈ ਪਰ ਸਹਿੰਦੀ ਹੋਈ ਸੰਗਤ ਡੱਲੇ ਦੀ ਭਾਈ ਜੀ ਲਈ ਡਰੋਲੀ ਜਾਣੋਂ ਕੋਈ ਰੋਕ ਨਹੀਂ ਪਾਂਦੀ।

ਹੁਣ ਭਾਈ ਜੀ ਦੇ ਸਿਰ ਖੇਡ ਆਈ, ਉਨ੍ਹਾਂ ਨੇ ਸਾਰੀ ਗੱਲ ਦੇ ਮਗਰੋਂ ਏਹ ਨਿੰਮ੍ਰਤਾ ਭਰਿਆ ਸਲੋਕ ਕਹਿ ਕੇ ਸਾਰਾ ਉੱਤਰ ਦਿੱਤਾ:-

**"ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥**
**ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥੭੪॥"**

{ਸਲੋਕ ਭਗਤ ਕਬੀਰ ਜਿਉ ਕੇ। ਪੰਨਾ ੧੩੬੮}

ਭਾਈ ਜੀ ਦਾ ਚਿੱਤ ਜੇ ਆਮ ਚਿੱਤ ਹੁੰਦਾ ਤਦ ਡਲਾ ਛੱਡਣ ਦਾ ਨਾਉਂ ਨਾ ਲੈਂਦਾ, ਪਰ ਉਨ੍ਹਾਂ 'ਮੈਂ' 'ਮੇਰੀ' ਦੀ ਕੰਧ ਢਾਹ ਛੱਡੀ ਹੈ, ਉਨ੍ਹਾਂ ਗੁਰੂ ਰਜ਼ਾ ਸਿਰ ਧਰੀ ਹੈ, ਵਾਹਿਗੁਰੂ ਵੱਲੋਂ ਜੋ ਹੁੰਦਾ ਹੈ, ਉਸ ਵਿੱਚ ਹੀ ਭਲਾ ਜਾਣਦੇ ਹਨ। ਆਪ ਨੂੰ ਉਸ ਮਾਲਕ ਦਾ ਕੂਕਰ ਸਮਝਦੇ ਹਨ, ਸੰਸਾਰ ਨਾਲੋਂ, ਹਉਮੈਂ ਨਾਲੋਂ, ਮਾਯਾ ਨਾਲੋਂ ਆਪ ਨੂੰ ਮੁਤੀਆ ਸਮਝਦੇ ਹਨ। ਮੁਤੀਆ ਟੁਟ ਗਏ ਨੂੰ ਆਖਦੇ ਹਨ। ਜੋ ਹਉਮੈਂ ਤੋਂ ਟੁਟ ਗਿਆ ਅਰ ਸਾਈਂ ਨਾਲ ਜਿਸਦੀ ਡੋਰ ਬੱਝ ਗਈ, ਉਹ ਜਾਣਦਾ ਹੈ ਕਿ ਸਾਈਂ ਦੀ ਰਜ਼ਾ ਹੀ ਮੈਨੂੰ ਜਿਧਰ ਚਾਹੁੰਦੀ ਹੈ, ਲਈ ਫਿਰਦੀ ਹੈ। ਉਸਦੀ ਰਜ਼ਾ ਵਿਚ ਖੁਸ਼ ਹਨ, ਜੋ ਸੁਰ ਰਜ਼ਾ ਬੋਲੇ ਸੋਈ ਸੁਰ ਉਨ੍ਹਾਂ ਦੇ ਅੰਦਰੋਂ ਨਿਕਲਦੀ ਹੈ।

ਹੁਣ ਆਈ ਭਾਈ ਨਰੈਣ ਦਾਸ ਤੇ ਮਾਈ ਪ੍ਰੇਮ ਦੇਵੀ ਦੀ ਵਾਰੀ, ਕਿਉਂਕਿ ਭਾਈ ਜੀ ਇਨ੍ਹਾਂ ਨਾਲ ਸੱਸ ਸਹੁਰੇ ਵਾਲਾ ਸਨੇਹ ਨਹੀਂ ਰਖਦੇ ਸਨ, ਪਰ ਮਾਤਾ ਪਿਤਾ ਵਾਲਾ। ਮਾਤਾ ਪਿਤਾ ਦੀ ਆਗਯਾ ਬਿਨਾਂ ਜਾਣਾ ਕਠਨ ਸੀ। ਉਨ੍ਹਾਂ ਲਈ ਜਿਨ੍ਹਾਂ ਦੇ ਘਰ ਵਿੱਚ ਦੋ ਲੜਕੀਆਂ ਦੇ ਸਿਵਾ ਹੋਰ ਕੋਈ ਬਾਲਕ ਨਹੀਂ ਸੀ, ਛੋਟੀ ਲੜਕੀ ਗੁਰੂ ਜੀ ਦੇ ਚਰਨਾਂ ਵਿਚ ਹੈ, ਵੱਡੀ ਦੀ ਘਰ ਵਿਚ ਰੌਣਕ ਤੇ ਸਤਿਸੰਗ ਸੀ, ਪਰ ਓਹ ਹੁਣ ਉਹ ਘਰ ਸੱਖਣਾ ਛੱਡ ਚੱਲੀ ਹੈ; ਮਮਤਾ ਉਨ੍ਹਾਂ ਦੀਆਂ ਅੱਖਾਂ ਅੱਗੇ ਡਰਾਉਣੇ ਬਨ ਖੜੇ ਕਰਦੀ ਤੇ ਦਸਦੀ ਹੈ ਕਿ ਪੁਤ੍ਰ ਸਾਈਂਦਾਸ ਬਿਨਾ ਏਹ ਮਹਲ ਸੁੰਞੇ ਭਾਸਣਗੇ, ਕੰਧਾਂ ਵੱਢ ਵੱਢ ਖਾਣਗੀਆਂ। ਇਹ ਗਹਿਮਾ ਗਹਿਮ ਭਰਿਆ ਘਰ ਉਜਾੜ ਬੀਆਬਾਨ ਹੋ ਜਾਏਗਾ, ਪਰ ਵੈਰਾਗ ਆਖਦਾ ਹੈ: **"ਘਰ ਛਡਣੇ ਰਹੈ ਨ ਕੋਈ[1]॥"** ਏਹ ਇਕ ਦਿਨ ਸੁੰਞੇ ਹੋ ਜਾਣੇ ਹਨ। ਅਸਾਂ ਕਿ ਸਾਈਂ ਦਾਸ ਕਿਸੇ ਨੇ ਪਹਿਲੇ ਵਿਛੜਨਾ ਹੀ ਹੈ।

ਵਿਛੋੜਾ ਤੇ ਮੌਤ ਤਾਂ ਨਿਸਚੇ ਬਾਤ ਹੈ, ਮੇਲ ਤੇ ਜੀਵਨ ਵਿਚ ਇਕ ਅਚਾਨਕ ਕੌਤਕ ਹੈ, ਜਿਸਦਾ ਕੋਈ ਥਹੁ ਨਹੀਂ ਕਿ ਕਦ ਤੇ ਕਿੰਨੇ ਚਿਰ ਲਈ ਇਸ ਨੇ ਰਹਿਣਾ ਹੈ? **"ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ[2]॥੧॥ਰਹਾਉ॥"** ਸੋ ਜਦ ਵਿਛੋੜਾ ਨਿਸਚੇ ਹੈ ਤਦ ਮਨ ਹਰ ਛਿਨ ਵਾਹਿਗੁਰੂ ਅਰਪਨ ਕਰੀ ਰੱਖਣਾ ਚਾਹੀਦਾ ਹੈ ਤੇ ਸਰੀਰ ਸਤਿਸੰਗ ਸਰੋਵਰ ਦਾ ਵਾਸੀ ਬਨਾਉਣਾ ਚਾਹੀਦਾ ਹੈ। ਵੈਰਾਗ ਇਹ ਵਿਵੇਕ ਬੀ ਦੇਂਦਾ ਹੈ, ਪਰ ਨਾਲ ਨੇਤ੍ਰਾਂ ਵਿਚ ਜਲ ਬੀ ਲਿਆਉਂਦਾ ਹੈ।

**"ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ[3]॥"** ਏਹ ਮੇਲਾ ਜੋ ਮਰਨਹਾਰ ਸਰੀਰਾਂ ਦਾ

੧. ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ, ਪੰਨਾ ੯੮੯
੨. ਤਿਲੰਗ ਬਾਣੀ ਭਗਤ ਕਬੀਰ ਜੀ, ਪੰਨਾ ੭੨੭
੩. ਆਸਾ ਮਹਲਾ ੧ ਛੰਤ ਘਰੁ ੩॥ ਪੰਨਾ ੪੩੯

 www.sikhbookclub.com

ਹੈ, ਕੈਸਾ ਪਿਆਰ ਹੈ? ਪਰ ਹਾਇ! ਇਹ ਕੈਸਾ ਅਨਸਥਿਰ ਤੇ ਅਨਿਸਚੇ ਹੈ? ਇਹ ਵਿਛੋੜਾ ਕੈਸਾ ਅਣੀਆਲਾ ਹੈ? ਤੀਰ ਵਾਂਙੂੰ ਵਿੰਨ੍ਹਦਾ ਹੈ ਤੇ ਨਸ਼ਤ੍ਰ ਵਾਙੂੰ ਪੱਛਦਾ ਹੈ, ਪਰ ਕਿਉਂ? ਇਸ ਲਈ ਕਿ ਚਿੱਤ ਨੇ ਆਪਣੇ ਸੁਖ ਦਾ ਆਸਰਾ ਦੂਏ ਪਰ ਧਰ ਰਖਿਆ ਹੈ, ਜੇ ਕਦੀ ਸੁੱਖ ਦਾ ਆਸਰਾ ਅਪਨੇ ਪਰ ਹੀ ਰਖੇ ਤਦ ਕਿਉਂ ਇਹ ਚੋਭ ਹੋਵੇ? ਪਰ ਹਾਇ! ਸੱਜਨੋਂ! ਇਹ ਕਹਿਣਾ ਸੌਖਾ ਹੈ, ਕਰਨਾ ਕਠਨ ਹੈ ਖਾਸ ਕਰ ਓਥੇ ਕਿ ਜਿੱਥੇ ਸੰਸਾਰਕ ਖਿਚ ਨਹੀਂ ਰਹੀ, ਪਰ ਸਤਿਸੰਗ ਦਾ ਮੇਲ ਹੋ ਗਿਆ ਹੈ, ਉੱਥੇ ਦਿਲ ਇਸ ਲਈ ਵਿਛੋੜਾ ਨਹੀਂ ਚਾਹੁੰਦਾ ਕਿ ਇੱਥੇ ਮੈਨੂੰ ਆਪਣਾ ਮੂਲ ਪਛਾਣਨ ਦੀ ਸੂਝ ਪਈ ਹੈ, ਇਹ ਦਾਤ, ਇਹ ਦੈਵੀ ਚਾਨਣ ਤਾਂ ਨਾ ਵਿਛੁੜੇ, ਓਥੇ ਅਗਿਆਨ ਨਹੀਂ, ਪਰ ਪ੍ਰੇਮ ਵਿੰਨ੍ਹਦਾ ਹੈ, ਓਥੇ ਪ੍ਰੇਮ ਆਖਦਾ ਹੈ:-

**"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥**
**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥"**

{ਸਿਰੀ ਰਾਗੁ ਕੀ ਵਾਰ ਮਹਲਾ ੪ ਸਲੋਕਾ ਨਾਲ, ਸਲੋਕ ਮ: ੨, ਪੰਨਾ ੮੩}

ਪ੍ਰੇਮ ਕੂਕਦਾ ਹੈ:-

**"ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥"**

{ਸ: ਵਾ: ਤੇ: ਵ: ਸਲੋਕ ਮਹਲਾ ੪, ਪੰਨਾ ੧੪੨੧}

ਪ੍ਰੇਮ ਦੁਹਾਈਆਂ ਦੇਂਦਾ ਹੈ:-

**"ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥"**

{ਬਿਲਾਵਲੁ ਮਹਲਾ ੫, ਪੰਨਾ ੮੦੯}

ਪ੍ਰੇਮ ਲੇਖ ਲਿਖਦਾ ਹੈ:-

**"ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥"**

{ਮਾਝ ਮਹਲਾ ੫ ਚਉਪਦੇ ਘਰੁ ੧, ਪੰਨਾ ੯੬}

ਪਰ ਐਸੇ ਸਮਿਆਂ ਪਰ ਕਿਆ ਪ੍ਰੇਮ ਮਮਤਾ ਦੀ ਤਰ੍ਹਾਂ ਜਫਾ ਮਾਰਦਾ ਹੈ, ਅਰ ਰੋੜ੍ਹ ਦੇਂਦਾ ਹੈ? ਨਹੀਂ, ਨਹੀਂ! ਓਹ ਪ੍ਰੇਮ ਰਜ਼ਾ ਨੂੰ ਟੋਲਦਾ ਅਰ ਰਜ਼ਾ ਪਰ ਸਦਕੇ ਜਾਂਦਾ ਹੈ, ਪ੍ਰੇਮ ਦੀਆਂ ਚੋਭਾਂ ਸੁਖਦਾਈ ਤੇ ਚੜ੍ਹਾਉ ਦਾ ਕਾਰਨ ਬਣ ਜਾਂਦੀਆਂ ਹਨ। ਪਜਾਰਿਓ! ਮਮਤਾ ਦੀ ਚੋਭ ਆਤਮਾ ਨੂੰ ਵਿੰਨ੍ਹਦੀ ਹੈ, ਪਰ ਪ੍ਰੇਮ ਦੀ ਚੋਭ ਹਉਮੈਂ ਨੂੰ ਵਿੰਨ੍ਹਦੀ ਹੈ, ਮਮਤਾ ਦੇ ਤੀਰ ਖਾਣ ਵਾਲਾ ਸੁਦਾਈ, ਰੋਗੀ ਤੇ ਆਲਸੀ ਹੋ ਜਾਂਦਾ ਹੈ, ਪਰ ਪ੍ਰੇਮ ਦੇ ਤੀਰ ਦੀਆਂ ਨੋਕਾਂ ਸਹਿਣ ਵਾਲਾ ਦਾਨਾ, ਅਰੋਗ, ਉੱਦਮੀ ਤੇ ਰਜ਼ਾ ਪਰ ਪਹਿਰਾ ਦੇਣ ਵਾਲਾ, ਹਉਮੈਂ ਨੂੰ ਨਉਛਾਵਰ ਕਰ ਦੇਣ ਵਾਲਾ ਬਣਦਾ ਹੈ।

ਨਰੈਣ ਦਾਸ ਜੀ ਨੇ ਭਰੇ ਨੇਤ੍ਰੀਂ ਇਹ ਬੇਨਤੀ ਸੰਗਤ ਅਗੇ ਕਰ ਦਿੱਤੀ:-

**"ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥"**

{ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੫}


www.sikhbookclub.com

ਬਾਕੀ ਰਹਿ ਗਈ ਰਾਮੋ, ਭਾਗੋ ਭਰੀ ਰਾਮੋ ਤੇ ਸੁਭਾਗ ਭਰੀ ਪ੍ਰੇਮ ਦੇਵੀ, ਮਾਵਾਂ ਧੀਆਂ ਦੇ ਅਮਿਤ ਪ੍ਰੇਮ, ਫੇਰ ਜੁਆਈ ਧੀਆਂ ਤੋਂ ਪਿਆਰੇ, ਪੁੱਤ ਕਰਕੇ ਲਡਿਆਏ ਤੇ ਗੁਰਮੁਖ ਜਾਣਕੇ ਸੇਵੇਂ, ਐਸੇ ਪਿਆਰੇ ਨੂੰ ਤੋਰਨਾ ਭਾਰੀ ਵਿਛੋੜਾ ਹੈ। ਅੱਖਾਂ ਵਿਚ ਨੀਰ, ਤੇ ਨੀਰ ਵਿਚ ਦੁਹਾਈ ਹੈ, ਹਾਇ ਨਾ ਵਿਛੜਨਾ ਲਾਲ ਜੀ, ਪਰ ਸਤਿਸੰਗ ਦੀ ਰਜ਼ਾ ਸੀਸ ਪਰ ਹੈ, ਅਰ ਡਿਡੋਲਿਕੀ ਅਵਾਜ਼ ਵਿਚ ਕਹਿ ਰਹੀ ਹੈ:-

"ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ॥"

{ਮਾਰੂ ਵਾਰ ਮਹਲਾ ੫ ਡਖਣੇ ਮ: ੫-੨੦, ਪੰਨਾ ੧੧੦੧}

ਰਾਮੋ ਅੰਦਰੋਂ ਕਿੱਥੇ ਹੈ? ਅਡੋਲ, ਅੱਖਾਂ ਬੰਦ, ਖੜਗਧਾਰੀ ਦੇ ਧਿਆਨ ਵਿੱਚ ਨਿਮਗਨ ਹੈ, ਤੇ ਬਿਨੈ ਕਰ ਰਹੀ ਹੈ, ਹੇ ਪ੍ਰਾਣ ਦਾਤਾ ਜੀ! ਧੰਨ ਆਪ ਹੋ! ਧੰਨ ਆਪ ਦੇ ਚੋਜ ਹਨ!! ਮੈਂ ਸਤਿਸੰਗ ਵਿਚ ਸਭ ਤੋਂ ਨਿਰਬਲ ਹਾਂ, ਏਸ ਵਿਛੋੜੇ ਵੇਲੇ ਦੁੱਖੀ ਹੋਵਾਂਗੀ, ਆਪ ਕਿਰਪਾ ਕਰਕੇ ਬਲ ਦਿਓ ਜੋ ਆਪਦੀ ਇਸ ਆਗਜਾ ਨੂੰ ਸਿਦਕ ਨਾਲ ਪਾਲਾਂ। ਹੇ ਗੁਰੂ ਜੀ! ਸਿਦਕ ਦਿਓ:-

'ਝੋਲੀ ਮੇਰੀ ਖੈਰ ਪਾਵੋ ਸਿਦਕ ਦੀ, ਸਿਦਕ ਦਿਓ ਮੈਂ ਦਾਨ ਦਾਸੀ ਵਿਲਕਦੀ
ਦਿਓ ਭਰੋਸਾ ਦਾਨ ਹਿੱਲਾਂ ਨਾ ਰਤੀ। ਨਿਸਚਾ ਤੇ ਵਿਸ਼ਵਾਸ ਹੋਵੇ ਨਾ ਖਤੀ।
ਡੂੰਘਾ ਹੈ ਦਰਜਾਉ ਘੁੰਮਨ ਘੇਰੀਆਂ ਤੁਲਹਾ ਹੈ ਨਾ ਨਾਉ ਬਲ ਬਾਂਹ ਮੇਰੀਆਂ।
ਖੇਵਣ ਸੰਦੀ ਜਾਚ ਮੈਨੂੰ ਹੈ ਨਹੀਂ। ਤਿੱਖੀ ਡੋਲਣ ਵਾਉ ਹਾ! ਹੈ ਵਹਿ ਰਹੀ।
ਕੱਪਰ ਅੱਤ ਕਰਾਰ ਲਹਰਾਂ ਉੱਚੀਆਂ, ਮੈਂ ਮਨ ਤਾਰੂ ਵਿੱਚ, ਬਾਹਾਂ ਬੁੱਚੀਆਂ।
ਰੱਖੀਂ ਰਖਣਹਾਰ ਸਤਿਗੁਰ ਪੂਰਿਆ। ਦੇਵੀਂ ਦਾਨ ਯਕੀਨ ਸਤਿਗੁਰ ਸੂਰਿਆ।'

ਇਸ ਤਰ੍ਹਾਂ ਦੀ ਬਿਨੈ ਵਿਚ ਮਗਨ ਬੈਠੀ ਹੈ, ਨੈਣਾਂ ਤੋਂ ਕਿਸੇ ਵੇਲੇ ਇਕ ਟੇਪਾ ਕਿਰਦਾ ਹੈ, ਪਰ ਉਂਵ ਅਡੋਲ ਹੈ, ਸੰਗਤ ਨੇ ਜਦ ਇਧਰ ਧਿਆਨ ਕਰਕੇ ਪੁਛਿਆ ਤੇ ਲਿਵ ਵਿੱਚ ਜੁੜੀ ਰਾਮੋਂ ਨੇ ਦੋਇ ਹੱਥ ਜੋੜ, ਗਲ ਪੱਲਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਮੱਥਾ ਟੇਕ ਦਿੱਤਾ, ਬੋਲਣਾ ਚਾਹੁੰਦੀ ਸੀ, ਆਖਣਾ ਚਾਹੁੰਦੀ ਸੀ:-

"ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥"

{ਰਾਗੁ ਬਿਲਵਾਲੁ ਸਧਨਾ ਜੀ, ਪੰਨਾ ੮੫੮}

ਪਰ ਕਹੇ ਕੌਣ? ਦੰਦ ਨਹੀਂ ਖੁਲਦੇ, ਰਸ ਜੀਭ ਨੂੰ ਹਿਲਣੋਂ ਰੋਕ ਰਿਹਾ ਹੈ।

ਇਸ ਪ੍ਰਕਾਰ ਪ੍ਰੇਮ ਦੀ ਮੰਗ ਤੇ ਪ੍ਰੇਮ ਦੀ ਦਾਤ ਸੰਪੂਰਨ ਹੋ ਗਈ, ਤੇ ਸੰਗਤ ਡਰੋਲੀ ਦੀ ਡਰੋਲੀ ਚਲੀ ਗਈ।

ਭਾਈ ਸਾਈਂ ਦਾਸ ਜੀ ਕੁਛ ਦਿਨਾਂ ਵਿੱਚ ਡਲੇ ਦੇ ਕੰਮ ਕਾਜ ਸਮੇਟ ਕੇ ਡਰੋਲੀ ਨੂੰ ਵਿਦਾ ਹੋਏ। ਇਸ ਵੇਲੇ ਡਲੇ ਦਾ ਕੋਈ ਜੀਵ ਨਹੀਂ ਹੋਣਾ ਜੋ ਘਰ ਰਿਹਾ ਹੋਵੇ, ਸਾਰੀ ਸੰਗਤ ਤੋਰਨ ਆਈ, ਸਾਰੇ ਪੈਰੀ ਪਏ ਪੈਂਦੇ ਹਨ, ਭਾਈ ਜੀ ਆਪ ਝੁਕ ਝੁਕ ਜਾਂਦੇ ਤੇ ਮਿਲ ਮਿਲ ਗਲੇ ਲਗਦੇ ਹਨ, ਪ੍ਰੇਮੀ ਮਿਲ ਮਿਲ ਵਿਛੜਦੇ ਤੇ ਵਿਛੜ ਵਿਛੜ ਮਿਲਦੇ ਹਨ, ਪਿੰਡੋਂ ਚੋਖੀ ਦੂਰ ਤੱਕ ਸੰਗਤ ਨਾਲ ਗਈ,


www.sikhbookclub.com

ਅਜੇ ਕੋਈ ਪਿੱਛੇ ਨਹੀਂ ਮੁੜਦਾ, ਭਾਈ ਜੀ ਕਦਮ ਕਦਮ ਤੇ ਮੁੜਨ ਲਈ ਬੇਨਤੀ ਕਰਦੇ ਹਨ, ਪਰ ਪ੍ਰੇਮ ਦੇ ਬੱਧੇ ਲੋਕ ਵਿਛੜਨਾ ਨਹੀਂ ਚਾਹੁੰਦੇ। ਮੁਸ਼ਕਲਾਂ ਨਾਲ ਸੰਗਤ ਮੁੜੀ, ਜਿੰਨਾ ਚਿਰ ਸੰਗਤ ਨੂੰ ਭਾਈ ਜੀ ਦਿਸਦੇ ਰਹੇ ਮੁੜ ਮੁੜ ਕੇ ਪਰਸਪਰ ਵੇਖਦੇ ਤੇ ਨਮਸਕਾਰਾਂ ਕਰਦੇ ਰਹੇ। ਭਾਈ ਜੀ ਨੂੰ ਬੀ ਜਦੋਂ ਸੰਗਤ ਦਿੱਸਣੋਂ ਰਹਿ ਗਈ ਤਦੋਂ ਆਪ ਘੋੜੀ ਤੇ ਚੜ੍ਹੇ ਤੇ ਬੀਬੀ ਡੋਲੀ ਵਿਚ ਬੈਠੀ। ਸਨੇ ਸਨੇ ਅਕਾਲ ਪੁਰਖ ਦੇ ਸਵਾਰੇ, ਗੁਰੂ ਦੇ ਪਿਆਰੇ, ਕਰਨੀ ਕਹਿਣੀ ਦੇ ਸੂਰੇ, ਭਾਈ ਜੀ ਤੇ ਬੀਬੀ ਜੀ ਡਰੋਲੀ ਪਹੁੰਚੇ। ਭਾਈ ਜੀ ਨੇ ਆਪਣੀ ਵਲੋਂ ਵਾਹ ਲਾਈ ਸੀ ਕਿ ਸੰਗਤ ਨੂੰ ਆਉਣ ਦਾ ਪਤਾ ਨਾ ਲੱਗੇ, ਪਰ ਵਿਛੜਨ ਵਾਲੀ ਸੰਗਤ ਦੇ ਪ੍ਰੇਮ ਦੇ ਘਨਹਰ ਬਦਲਾਂ ਵਿੱਚੋਂ ਸ੍ਵਾਂਤਿ ਬੂੰਦਾਂ ਵਾਂਙੂ ਵਿਛੋੜੇ ਦੀ ਸੋਇ ਡਰੋਲੀ ਦੀ ਪਪੀਹੇ ਵਤ ਪਿਆਸੀ ਸੰਗਤ ਨੂੰ ਪਹੁੰਚ ਹੀ ਗਈ, ਦੋ ਕੋਹਾਂ ਤੇ ਅੱਗੇ ਹੀ ਸੰਗਤ ਲੈਣ ਵਾਸਤੇ ਆ ਰਹੀ ਸੀ। ਢੋਲਕੀਆਂ ਤੇ ਛੈਣੇ ਵੱਜ ਰਹੇ ਸੇ, ਅਰ ਪ੍ਰੇਮ ਦੇ ਸ਼ਬਦਾਂ ਦੀ ਘਨਘੋਰ ਲਗ ਰਹੀ ਸੀ, ਭਾਈ ਜੀ ਦੂਰੋਂ ਹੀ ਘਨਘੋਰ ਸੁਣਕੇ ਘੋੜੀ ਤੋਂ ਉਤਰੇ, ਤੇ ਸਾਥੀਆਂ ਨੂੰ ਕਿਹਾ, "ਕੜਾਹ ਪ੍ਰਸ਼ਾਦ ਝੱਟ ਪੱਟ ਹੋ ਜਾਵੇ।" ਕੁਦਰਤ ਨਾਲ ਸਾਮਾਨ ਨਾਲ ਸੀ ਹੀ, ਇਕ ਖੂਹੇ ਤੇ ਬੈਠ ਕੇ ਝੱਟ ਪੱਟ ਕੜਾਹ ਪ੍ਰਸ਼ਾਦ ਕਰ ਲਿਆ ਤੇ ਲੈ ਟੁਰੇ।

ਏਹ ਤਦੋਂ ਦੇ ਸੰਗਤਾਂ ਦੇ ਪ੍ਰੇਮ ਸੇ ਜੋ ਦੋ ਸੰਗਤਾਂ ਜਦ ਮਿਲਨ ਤੇ ਸਮਾਂ ਹੋਵੇ ਤਾਂ ਦੋਹਾਂ ਕੜਾਹ ਪ੍ਰਸ਼ਾਦ ਲੈ ਕੇ ਮਿਲਨਾ, ਦੋਹਾਂ ਨੇ ਸਤਿਗੁਰ ਸੱਚੇ ਪਾਤਸ਼ਾਹ ਨੂੰ ਵਿਚ ਜਾਣਕੇ ਪ੍ਰਸ਼ਾਦ ਅਰਪਣ ਕਰਨਾ ਤੇ ਆਪੋ ਵਿਚ ਜੋ ਮੇਲ ਕਰਨਾ, ਉਹ ਮੇਲ ਗੁਰੂ ਨੂੰ ਵਿਚ ਹਾਜ਼ਰ ਜਾਣ ਕੇ ਪਰਸਪਰ ਪ੍ਰੇਮ ਦਾ ਮੇਲ ਹੋਣਾ।

ਇਧਰੋਂ ਇਹ ਸ਼ਬਦਾਂ ਦੀ ਘਨਘੋਰ ਲਾ ਟੁਰੇ, ਉਧਰੋਂ ਸੰਗਤ ਡਰੋਲੀ ਦੀ ਪ੍ਰੇਮ ਦੇ ਸ਼ਬਦ ਪੜ੍ਹਦੀ ਪ੍ਰਸ਼ਾਦ ਦਾ ਥਾਲ ਚਾਈ ਆ ਮਿਲੀ। ਦੁਵੱਲੀ ਕਿੰਨਾ ਚਿਰ ਸ਼ਬਦਾਂ ਦੀ ਘਨਘੋਰ ਲੱਗੀ ਰਹੀ। ਫੇਰ ਦਿਵਾਨ ਸਜਾ ਕੇ ਬੈਠ ਗਏ। ਪ੍ਰਸ਼ਾਦ ਦੇ ਦੋਵੇਂ ਥਾਲ ਸਤਿਗੁਰੂ ਜੀ ਦਾ ਧ੍ਯਾਨ ਧਰ ਕੇ ਅਰਪਨ ਕੀਤੇ ਗਏ, ਤੇ ਅਰਦਾਸਾ ਸੋਧ ਕੇ ਪ੍ਰਸ਼ਾਦ ਵਰਤਾਯਾ ਗਿਆ, ਆਪੋ ਵਿਚ ਡਾਢੇ ਆਦਰ ਭਾਉ ਤੇ ਪ੍ਰੇਮ ਹੋਏ।

ਹਾਂ ਇਹ ਸਿੱਖੀ ਪ੍ਰੇਮ ਉਸ ਵੇਲੇ ਦੇ ਹਨ ਜਦੋਂ ਸਿੱਖ ਦਿਲਾਂ ਵਿਚ ਬਾਣੀ ਦਾ ਨਿਵਾਸ ਸੀ ਤੇ ਨਾਮ ਦਾ ਪ੍ਰਵਾਹ ਉਮਾਹੂ ਚਸ਼ਮੇਂ ਵਾਂਙ ਰਾਤ ਦਿਨ ਚੱਲਦਾ ਸੀ। ਸਿੱਖ ਸਿੱਖ ਸਨ, ਗਿਣਤੀ ਦੇ ਸਨ, ਪਰ ਜੀਵਨ 'ਜਾਗ ਪਿਆ ਜੀਵਨ ਸੀ'*, ਸਾਰੇ ਨਾਮ ਰੰਗ ਵਿਚ 'ਜੀਵੇ ਸਿੱਖ ਸਨ', ਗੁਰਸਿੱਖੀ ਦਾ ਨਾਤਾ ਸਭ ਨਾਤਿਆਂ ਤੋਂ ਪਿਆਰਾ ਸੀ, ਕਿਸੇ ਭਾਈਚਾਰਕ ਵਿਚਾਰ ਦੂਰੰਦੇਸ਼ੀ ਯਾ ਲੋੜ ਵਾਸਤੇ ਨਿਰਾ ਇਹ ਪਿਆਰ ਨਹੀਂ ਸੀ, ਸਗੋਂ ਜਿੱਥੇ ਸਾਰੇ ਉੱਚੇ ਤੇ ਰਸੀਏ ਮਨ ਵਾਲੇ ਹੋਣ ਕਰਕੇ ਇਕ ਦੂਸਰੇ ਵਲ ਖਿਚਾਂ ਖਾਂਦੇ ਤੇ ਇਕ ਦੂਜੇ ਦੇ ਪਿਆਰ ਸਤਿਕਾਰ ਵਿੱਚ ਐਉਂ ਖਿਚੀਂਦੇ ਸਨ ਜਿਵੇਂ ਕੁਦਰਤੀ ਪਜਾਰ ਦੋਹੁੰ ਨੂੰ ਇਕ ਕਰਨ ਲਈ ਅਪਣੀ ਸ਼ਕਤੀ ਮਾਤ੍ਰ ਨਾਲ ਖਿੱਚਦਾ ਹੈ।

* ਸੁਤੜੇ ਅਸੰਖ ਮਾਇਆ ਝੂਠੀ ਕਾਰਣੇ॥ ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ॥੧੩॥
{ਸ: ਵ: ਤੇ ਵ: ਸਲੋਕ ਮਹਲਾ ੫, ਪੰਨਾ ੧੪੨੫}


www.sikhbookclub.com

ਹੁਣ ਸਾਰੀ ਸੰਗਤ ਤੇ ਭਾਈ ਜੀ ਇਕੱਠੇ ਹੋਕੇ ਸ਼ਬਦ ਪੜ੍ਹਦੇ ਡਰੋਲੀ ਵਲ ਤੁਰੇ। ਜਿਸ ਧਰਤੀ ਪਰ ਭਾਈ ਜੀ ਦਾ ਜਨਮ ਹੋਇਆ ਸੀ, ਉਸੇ ਧਰਤੀ ਨੂੰ ਨਿਹਾਲ ਕਰਨੇ ਲਈ ਉਪਕਾਰੀ ਜੀ ਫੇਰ ਉੱਥੇ ਆ ਗਏ। ਧਰਮਸਾਲ ਦੇ ਵਿਹੜੇ ਦੇ ਇਕ ਪਾਸੇ ਬਣੇ ਇਕ ਕੋਠੇ ਵਿਚ ਉਤਾਰਾ ਦਿਤਾ ਗਿਆ ਅਰ ਸਾਵਨ ਦੇ ਬੱਦਲ ਵਾਂਙ ਵਾਹਿਗੁਰੂ ਦੇ ਪ੍ਰੇਮ ਦੀ ਛਹਿਬਰ ਲਾ ਦਿੱਤੀ।

ਧੰਨ ਗੁਰੂ ਕੇ ਗੁਰਮੁਖ ਸਨ, ਧੰਨ ਸਿਖ ਸਨ, ਤੇ ਧੰਨ ਸੰਗਤਾਂ ਸਨ, ਜਿਨ੍ਹਾਂ ਦੇ ਪਰੇਮ, ਨਿੰਮ੍ਰਤਾ ਤੇ ਸੱਚ ਦਾ ਪਾਰਾਵਾਰਾ ਨਹੀਂ ਸੀ।


www.sikhbookclub.com

# ੩੧. ਘਰ ਉਸਾਰੀ

**ਭਾਈ ਮਾਈਂ** ਦਾਸ ਜੀ ਦੇ ਪ੍ਰੇਮ ਦਾ ਤਾਂ ਪਾਰਾਵਾਰ ਸੀ ਹੀ ਨਹੀਂ, ਤੇ ਉਪਕਾਰ ਕਦੇ ਉਨ੍ਹਾਂ ਕੋਈ ਵੱਡੀ ਗਲ ਸਮਝਕੇ ਕੀਤਾ ਹੀ ਨਹੀਂ ਸੀ, ਉਹ ਤਾਂ ਸਹਜ ਸੁਭਾ ਉਨ੍ਹਾਂ ਤੋਂ ਐਦਾਂ ਹੁੰਦਾ ਰਹਿੰਦਾ ਸੀ, ਜਿਦਾਂ ਪਾਣੀ ਸੁਤੇ ਹੀ ਠੰਡਾ ਤੇ ਤ੍ਰੇਹ ਬੁਝਾਣ ਨੂੰ ਸਮਰੱਥ ਹੁੰਦਾ ਹੈ। ਆਪਨੇ ਆਪ ਵਿਚ ਓਹ ਸਾਈਂ ਸੱਚੇ ਦੀ ਲਿਵ ਵਿਚ ਪਰਮ ਉੱਚੇ ਪਦ ਤੇ ਟਿਕੇ ਰਹਿੰਦੇ ਸੇ, ਨਾਮ ਨਿਵਾਸ ਰਿਦੇ ਵਿਚ ਪਰਪੱਕ ਸੀ। ਤੀਸਰੇ ਉਨ੍ਹਾਂ ਦੀ ਸਾਫ਼ ਅਕਲ ਯਾ ਉੱਜਲ ਮੱਤ ਉਨ੍ਹਾਂ ਦੇ ਪਾਸ ਐਸੀ ਅਮੋਲਕ ਦਾਤ ਸੀ, ਜੋ ਉਨ੍ਹਾਂ ਦੇ ਜੀਵਨ ਨੂੰ ਜਗਾਜਾਸੂਆਂ ਲਈ ਚੰਦ੍ਰਮਾਂ ਦੀ ਚਾਂਦਨੀ ਵਾਂਙੂੰ ਚਾਨਣ ਦਾਤਾ ਬਣਾ ਰਹੀ ਸੀ। ਆਪਦਾ ਸੁਭਾਉ ਚਰਚਾ ਵਾਦ ਦਾ ਰਤੀ ਨਹੀਂ ਸੀ, ਪਰ ਜੇ ਕਦੇ ਕੋਈ ਖੋਜੀ ਸੱਚੀ ਖੋਜ ਕਰਦਾ ਆ ਗਿਆ ਤਦ ਪੂਰੀ ਪੂਰੀ ਨਿਸ਼ਾ ਖਾਤਰ ਕਰ ਦੇਂਦੇ ਸੇ। ਉਸ ਵੇਲੇ ਪਤਾ ਲਗਦਾ ਸੀ ਕਿ ਭਾਈ ਜੀ ਜੇ ਕਿਤੇ ਦਿਗ ਬਿਜੈ ਨੂੰ ਚੜ੍ਹ ਪੈਣ ਤਦ ਚਾਰ ਕੂੰਟਾਂ ਵਿਚ ਬਿਜੈ ਪਾ ਕੇ ਆਉਣ, ਪਰ ਓਹ ਰਤਨ ਖਾਣੀ ਵਾਂਙੂੰ ਲੁਕਣਾਂ ਹੀ ਚੰਗਾ ਜਾਣਦੇ ਸੇ, ਭਾਵੇਂ ਲੁਕਦੇ ਪਰ-

**"ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ॥"**

{ਮਾਰੂ ਵਾਰ ਮਹਲਾ ੫ ਡਖਣੇ ਮ: ੫-੭, ਪੰਨਾ ੧੦੯੬}

ਏਹ ਰਤਨ ਤਾਂ-

**"ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ॥"**

{ਰਾਗੁ ਸੋਰਠਿ ਬਾਣੀ ਭਗਤ ਭੀਖਨ ਜੀ-੨, ਪੰਨਾ ੬੫੯}

ਗੁਰਵਾਕ ਅਨੁਸਾਰ ਪ੍ਰਗਟ ਹੋਏ ਬਿਨ ਰਹਿੰਦਾ ਹੀ ਨਹੀਂ ਹੈ, ਹੁਣ ਤਕ ਭਾਈ ਜੀ ਸਾਰੀ ਸਿਖੀ ਵਿਚ ਉਜਾਗਰ ਹੋ ਚੁਕੇ ਸੇ। ਕਰਨੀ ਵਾਲੇ ਹੋਣ ਕਰਕੇ, ਜਪਣ ਤੇ ਜਪਾਣ ਵਾਲੇ ਪ੍ਰੇਮੀਆਂ ਸਿੱਖਾਂ ਵਿਚ, ਆਪ ਦੀ ਗਿਣਤੀ ਹੁੰਦੀ ਸੀ। ਸਭ ਤੋਂ ਵਧੀਕ ਇੰਨ੍ਹਾਂ ਦੇ ਪਰੇਮ ਦੀ ਸਾਂਟ ਇਹ ਹੋ ਗਈ ਕਿ ਇਹ ਤਾਂ ਸਤਿਗੁਰਾਂ ਨੂੰ ਪ੍ਰੇਮ ਕਰਦੇ ਹੀ ਸੇ, ਸਤਿਗੁਰੂ ਜੀ ਇਨ੍ਹਾਂ ਨੂੰ ਇਨ੍ਹਾਂ ਪ੍ਰੇਮ ਕਰਦੇ ਸੀ ਕਿ ਜਿਸਦਾ ਪਾਰਾਵਾਰ ਨਹੀਂ ਹੈ। ਇਨ੍ਹਾਂ ਦੇ ਪ੍ਰੇਮ ਦੀ ਮੂਰਤ ਹੀ ਏਹ ਸੀ ਕਿ ਗੁਰੂ ਜੀ ਦੇ ਪ੍ਰੇਮ ਦੀ ਜੋਗਤਾ ਪ੍ਰਾਪਤ ਹੋਵੇ। ਇਹੋ ਸਿਖੀ ਦਾ ਅਸੂਲ ਹੈ, ਸੋ ਸਿਰੇ ਚੜ੍ਹ ਗਿਆ ਕਿ ਗੁਰੂ ਜੀ ਇਹਨਾਂ ਨੂੰ ਪਜਾਰ ਕਰਦੇ ਹਨ। ਪਰ ਸਿੱਖ ਦਾ ਕੀ ਹਾਲ ਹੈ? ਉਹ ਆਪਨੇ ਆਹਰ ਵਿਚ ਉਸੇ ਤਰ੍ਹਾਂ ਤਤਪਰ ਹੈ, ਉਸੇ ਤਰ੍ਹਾਂ ਦਾ ਪ੍ਰੇਮ ਹੈ, ਉਸੇ ਤਰ੍ਹਾਂ ਹੀ ਨਿੰਮ੍ਰਤਾ ਤੇ ਬ੍ਰਿਹ ਦਾ ਪਰਵਾਹ ਹੈ। ਉਹੋ ਅਦਬ, ਉਹੋ ਲਿਹਾਜ਼ ਹੈ। ਸਿਖ ਇਹ ਤਾ ਕਦੇ ਸ਼ੱਕ ਨਹੀਂ ਕਰਦਾ ਕਿ ਗੁਰੂ ਯਾ ਵਾਹਿਗੁਰੂ ਮੈਨੂੰ ਪਿਆਰ ਨਹੀਂ ਕਰਦੇ, ਉਹ ਨਿਸਚੇ ਜਾਣਦਾ ਹੈ ਕਿ ਮਾਲਕ ਮੈਨੂੰ ਪਜਾਰ ਕਰ ਰਿਹਾ ਹੈ, ਪਜਾਰ ਨਾ ਕਰਨ ਵਾਲੇ ਤਾਂ ਆਪਨੂੰ ਜਾਣਦੇ ਹਨ, ਸਾਧਨ ਇਹੋ ਕਰਦੇ ਹਨ ਕਿ ਮੈਂ ਐਸੀ ਯੋਗਤਾ ਪਾਵਾਂ ਜਿਸ ਕਰਕੇ ਵਾਹਿਗੁਰੂ ਦੇ ਪਜਾਰ ਦਾ ਪਾਤ੍ਰ ਬਣਾਂ! ਅਪਨੀ ਕਰਨੀ ਦੀ ਖੇਪ ਨਾਲ ਤਾਂ ਸਿਖ ਤਰਨੇ ਦਾ ਆਸਰਾ ਰਖਦੇ ਹੀ ਹਨ।

**"ਅਪਨੀ ਕਰਨੀ ਕਰ ਨਰਕ ਹੂੰ ਨ ਪਾਵਹੁੰ ਠੌਰ ਤੁਮਰੋ ਬਿਰਦੁ ਕਉ ਆਸਰੋ ਸੰਭਾਰ ਹਉ॥"**

{ਭਾ: ਗੁ:}


www.sikhbookclub.com

ਉਹ ਤਾਂ ਆਪ ਨੂੰ ਪਰਮੇਸੁਰ ਤੋਂ ਪਜਾਰ ਕੀਤੇ ਗਏ ਸੁਭਾਗ ਪ੍ਰੇਮ ਪਾਤ੍ਰ ਬਣਨ ਲਈ ਏਹ ਟੋਲਾਂ ਟੋਲਦੇ ਹਨ-

**"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥"**

{ਜਪੁ ਜੀ-੪, ਪੰਨਾ ੨}

ਜੀਕੂੰ ਇਸਤ੍ਰੀ ਅਪਣੇ ਪਤੀ ਦੇ ਪ੍ਰੇਮ ਦੀ ਪਾਤ੍ਰ ਬਣਨ ਵਾਸਤੇ ਤਰਲੇ ਲੈਂਦੀ ਹੈ। ਪਤੀ ਨੂੰ ਪਤੀ ਤੇ ਨਿਜ ਨੂੰ ਨਾਰੀ ਤਾਂ ਪਹਿਲੇ ਹੀ ਜਾਣਦੀ ਹੈ। ਖਾਣ ਪਾਣ ਬਸਤ੍ਰ, ਸੰਸਾਰਕ ਲੋੜਾਂ ਦੀ ਪੂਰਤੀ ਦਾ ਤਾਂ ਸਭ ਪਤੀ ਦੀ ਕ੍ਰਿਪਾਲਤਾ ਤੇ ਪ੍ਰੇਮ ਦੀ ਦਾਤ ਜਾਣਦੀ ਹੈ, ਪਰ ਸੱਚੀ ਇਸਤ੍ਰੀ ਦਾਤੇ ਦੇ ਸਰੂਪ ਵਿਚ ਵਾਮਾ ਪਾਉਣਾ ਚਾਹੁੰਦੀ ਹੈ, ਉਸ ਦੀ ਲਾਲਸਾ ਵਿਚ ਹੁੰਦੀ ਹੈ ਕਿ ਪਤੀ ਨੂੰ ਪਜਾਰੀ ਹੋਵਾਂ। ਉਸਦੇ ਪ੍ਰਸੰਨ ਕਰਨੇ ਨਮਿਤ ਓਹ ਗੱਲਾਂ ਟੋਲਦੀ ਹੈ, ਜੋ ਪਤੀ ਨੂੰ ਪ੍ਰਸੰਨ ਕਰਦੀਆਂ ਹਨ। ਓਹ ਅਖੀਰ 'ਰਜ਼ਾ' ਦੀ ਪਿਟਾਰੀ ਲੱਭ ਲੈਂਦੀ ਹੈ, ਤੇ ਸੁਘੜ ਹੋ ਕੇ ਇਸੇ ਦੀਆਂ ਕਾਰਾਂ ਕਰਦੀ 'ਸ਼ਹੁ ਪਜਾਰੀ' ਹੋ ਜਾਂਦੀ ਹੈ।

ਇਸੇ ਤਰ੍ਹਾਂ ਭਾਈ ਜੀ ਸਤਿਗੁਰਾਂ ਨਾਲ ਪ੍ਰੇਮ ਕਰ ਰਹੇ ਹਨ, ਪ੍ਰੇਮੀ ਬਣ ਕੇ ਨਹੀਂ, ਪਰ ਨਿਜ ਨੂੰ ਸਤਿਗੁਰਾਂ ਦੇ ਪ੍ਰੇਮ ਪਾਤ੍ਰ ਬਣਾਨੇ ਦੇ ਕਰਤੱਵਾਂ ਨਾਲ। ਸਤਿਗੁਰ ਦਿਆਲ ਮੂਰਤੀ ਹੁਣ ਇਨ੍ਹਾਂ ਵਲ ਆਤਮ ਖਿਚ ਖਾਂਦੇ ਹਨ, ਅਪਨੇ ਅੰਤਰ ਸਰੂਪ ਨਾਲ ਆਤਮਿਕ ਪ੍ਰੇਮ ਕਰਦੇ ਹਨ। ਇਨ੍ਹਾਂ ਨੂੰ ਇਹੋ ਕਾਰ, ਉਹੋ ਧੁਨ। ਵਾਹਿਗੁਰੂ ਦੀ ਰਜ਼ਾ, ਸਤਿਗੁਰਾਂ ਦਾ ਭਾਣਾ ਸਿਰ ਤੇ ਹੈ। ਦਿਨ ਰਾਤ ਵਾਹਿਗੁਰੂ ਦੀ ਯਾਦ ਦੇ ਮੰਡਲ ਵਿਚ ਖੇਡਦੇ ਹਨ। ਉਸ ਨਾਮ ਵਿਚ ਹਨ ਜੋ 'ਅੰਮ੍ਰਿਤ ਰੂਪ' 'ਰਸ ਰੂਪ' ਹੈ। 'ਨਾਮ ਮਹਾਂ ਰਸ ਪੀ' ਜਿਸਨੂੰ ਕਿਹਾ ਹੈ ਸੋ ਪੀ ਰਹੇ ਹਨ।

ਇਮ ਤਰ੍ਹਾਂ ਕੁਛ ਕਾਲ ਜੀਵਨ ਬਿਤਾਇਆ। ਸਤਿਸੰਗ ਦਾ ਪ੍ਰਵਾਹ ਹਦ ਬੰਨੇ ਤੋੜ ਕੇ ਕਾਂਗਾਂ ਲੈ ਆਯਾ। ਧਰਮਸਾਲੇ ਹੁਣ ਆਮਾ ਦੀ ਵਾਰ ਵੇਲੇ ਖੜੋਣ ਨੂੰ ਥਾਂ ਨਹੀਂ ਮਿਲਦੀ। ਘਰ ਘਰ 'ਗੁਰੂ' 'ਗੁਰੂ' ਹੋ ਰਹੀ ਹੈ, ਪਿੰਡ ਦੇ ਬਹੁਤੇ ਜੀਵਨ ਵਾਹਿਗੁਰੂ ਜੀ ਦੇ ਪ੍ਰੇਮ-ਭਜਨ, ਬੰਦਗੀ, ਉਚ ਜੀਵਨ ਵਲ ਝੁਕ ਪਏ ਹਨ। ਸੇਵਾ ਆ ਗਈ ਹੈ। ਸੇਵਾ ਆਈ ਤਾਂ ਆਲਸ ਨੱਸਿਆ, ਉੱਦਮ ਦੇ ਡੇਰੇ ਆ ਲਗੇ। ਉੱਦਮੀ ਲਈ ਅਰੋਗਤਾ ਹੱਥ ਬੱਧੀ ਅੱਗੇ ਪਿੱਛੇ ਪਈ ਫਿਰਦੀ ਹੈ। ਜੋ ਪੁਰਖ ਅਰੋਗ ਹੈ, ਸੋਈ ਸਾਰੇ ਕੰਮ ਠੀਕ ਤਰ੍ਹਾਂ ਨਾਲ ਕਰ ਸਕਦਾ ਹੈ। ਰੋਗੀ ਹੋ ਕੇ ਪਰਮੇਸ਼ਰ ਦੀਆਂ ਮੰਜਲਾਂ ਦਾ ਤੁਰਨਾਂ ਬੀ ਕਿਹੜਾ ਸੌਖਾ ਹੈ? ਇਸਦਾ ਇਹ ਅਰਥ ਨਹੀਂ ਹੈ ਕਿ ਭਗਤ ਜਨ ਬੀਮਾਰ ਹੋਣ ਤਾਂ ਵਾਹਿਗੁਰੂ ਦੀ ਪ੍ਰੀਤ ਦੇ ਮੰਡਲ ਵਿਚੋਂ ਨਿਕਾਲਾ ਪਾ ਜਾਂਦੇ ਹਨ, ਪਰ ਇਹ ਕਿ ਅਰਥ ਪਰਮਾਰਥ ਦੇ ਸਾਰੇ ਕੰਮਾਂ ਲਈ ਅਰੋਗ ਹੋਣਾ ਬੜਾ ਜ਼ਰੂਰੀ ਮਾਮਲਾ ਹੈ। ਸ੍ਰੀ ਗੁਰੂ ਗ੍ਰੰਥ ਜੀ ਫੁਰਮਾਉਂਦੇ ਹਨ:-

**'ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥**
**ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ॥੨॥**
**ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥"**

{ਭੈਰਉ ਬਾਣੀ ਭਗਤ ਕਬੀਰ ਜੀ, ਪੰਨਾ ੧੧੫੯}

 www.sikhbookclub.com

ਭਜਨ ਸਿਮਰਨ ਲਈ ਅਰੋਗਤਾ ਇਕ ਅਜੀਬ ਵਤ੍ਰ ਦਾ ਵਕਤ ਹੁੰਦਾ ਹੈ। ਇਸੇ ਕਰਕੇ ਪਜਾਰੇ ਸਤਿਗੁਰਾਂ ਨੇ ਸਰੀਰਕ ਸੇਵਾ ਦਾ ਅਸੂਲ ਸਰੀਰ ਦੀ ਅਰੋਗਤਾ ਦਾ ਮੁਖ ਸਾਧਨ ਪਹਿਲੇ ਰਖਿਆ ਹੈ। ਪੂਰੀ ਨੀਂਦ ਕਰਕੇ ਅੰਮ੍ਰਿਤ ਵੇਲੇ ਦਾ ਜਾਗਣਾ, ਸੰਜਮ ਦਾ ਖਾਣਾ, ਸੇਵਾ ਕਰਨੀ ਸ਼ੁੱਧ ਸਰੀਰ ਬਖਸ਼ਦੇ ਤੇ ਨਾਲੋਂ ਨਾਲ ਮਨ ਨੂੰ ਸ਼ੁੱਧ ਕਰਦੇ ਹਨ।

ਭਾਈ ਜੀ ਨੇ ਸਭ ਤੋਂ ਪਹਿਲੇ ਸੇਵਾ ਦਾ ਮੁਢ ਕੰਮ ਸਿੱਖਾਂ ਵਿੱਚ ਪ੍ਰਚਾਰ ਕਰ ਦਿੱਤਾ। ਉਹ ਸੇਵਾ ਜੋ ਸਿੱਖੀ ਵਿਚ ਵਿਹਤ ਹੈ: ਨਿਰੀ ਸੇਵਾ, ਫੋਕੀ ਸੇਵਾ, ਹਉਮੈ ਵਿਚ ਗ਼ਰਜ਼ਾਂ ਲਈ ਕੀਤੀ ਸੇਵਾ, ਦਿਖਾਵੇ ਲਈ ਸੇਵਾ ਮਨ ਦੀ ਸਫ਼ਾਈ ਲਈ ਕੁਛ ਅਰਥ ਨਹੀਂ ਰੱਖਦੀ। ਗੁਰੂ ਦੀ ਸੇਵਾ, ਗੁਰੂ ਦੇ ਧਿਆਨ ਦੀ ਸੇਵਾ, ਗੁਰੂ ਨਮਿੱਤ ਸੇਵਾ, ਸਿਮਰਨ ਤੇ ਬਾਣੀ ਵਿਚ ਲੱਗ ਕੇ ਸੇਵਾ, ਗੁਰਮੁਖ ਸਤਿਸੰਗ ਪ੍ਰਾਪਤ ਹੋ ਕੇ ਸੇਵਾ, ਗੁਰਮੁਖ ਸੇਵਾ ਤੇ ਅੰਤ ਗੁਰੂ ਤੇ ਪ੍ਰਮੇਸ਼ੁਰ ਦੀ ਸਫਲ ਸੇਵਾ ਹੈ। ਉੱਦਮ ਆ ਗਿਆ। ਸਰੀਰ ਅਰੋਗ ਤੇ ਮਨ ਸਾਵਧਾਨ ਹੋ ਗਿਆ। ਹੁਣ ਐਉਂ ਧਰਤੀ ਤਿਆਰ ਕਰਕੇ ਭਾਈ ਜੀ ਦੇਣ ਦੇ ਸੁਭਾਵ ਦੇ ਸੁਹਾਗੇ ਫੇਰ ਫੇਰ ਕੇ ਬਾਣੀ ਤੇ ਨਾਮ ਦੇ ਬੂਟੇ ਲਾਉਣ ਲਗੇ। ਆਪਣਾ ਪਿੰਡ ਤਾਂ ਸੌਰਿਆ ਹੀ, ਲਾਗ ਲਾਗ ਦੇ ਪਿੰਡਾਂ ਵਿਚ ਸਿਖੀ ਦਾ ਪ੍ਰਵਾਹ ਠਾਠਾਂ ਮਾਰਨ ਲਗਾ। ਦੂਰ ਦੂਰ ਤੋਂ ਪ੍ਰੇਮੀ ਮਿਲਣ ਵਾਸਤੇ ਆਉਣ ਲਗੇ। ਇਨ੍ਹਾਂ ਸਾਰੀਆਂ ਗੱਲਾਂ ਦਾ ਇਹ ਅਸਰ ਪਿਆ ਕਿ ਧਰਮਸਾਲ ਵਿੱਚ ਥਾਂ ਤੰਗ ਹੋ ਗਈ, ਮੁਸ਼ਕਲ ਹੋ ਗਿਆ ਕਿ ਇੱਥੇ ਸਾਰਾ ਨਿਰਬਾਹ ਤੁਰ ਸਕੇ। ਹੁਣ ਭਾਈ ਜੀ ਨੂੰ ਖਿਆਲ ਆਯਾ ਕਿ ਅਪਣੇ ਰਹਿਣ ਲਈ ਇਕ ਘਰ ਉਸਾਰਿਆ ਜਾਵੇ, ਜਿਸ ਵਿਚ ਉਨ੍ਹਾਂ ਦਾ ਤੇ ਬਾਹਰੋਂ ਆ ਗਏ ਸਿੱਖ ਸੰਗਤਾਂ ਦਾ ਨਿਰਬਾਹ ਹੋ ਸਕੇ, ਤੇ ਧਰਮਸਾਲਾ ਵਿਚ ਕੇਵਲ ਸਤਿਸੰਗ ਦਾ ਕਾਰਜ ਹੋਵੇ, ਤਦ ਤਾਂ ਥਾਓਂ ਦੀਵਾਨ ਲਈ ਪੂਰੀ ਹੋ ਸਕੇ, ਨਹੀਂ ਤਾਂ ਜੇ ਛੋਟਾ ਦਾਲਾਨ ਤੇ ਕੋਠੜੀਆਂ ਪਰਾਹੁਣਿਆਂ ਨਾਲ ਭਰੀਆਂ ਰਹਿਣ ਤੇ ਕਿਸੇ ਵੇਲੇ ਵਡਾ ਦੀਵਾਨ ਅਸਥਾਨ ਬੀ ਖਾਲੀ ਨਾ ਰਹੇ ਤਦ ਇਹ ਗੱਲ ਕਠਨ ਹੈ ਕਿ ਸਤਿਸੰਗ ਦਾ ਦੀਵਾਨ ਸੌਖ ਨਾਲ ਹੋ ਸਕੇ। ਇਹ ਵੀਚਾਰ ਕੇ ਭਾਈ ਜੀ ਨੇ ਅਪਨੇ ਪੁਰਾਣੇ ਘਰ ਨੂੰ, ਜੋ ਚਿਰੋਕਣਾ ਢੈ ਚੁਕਾ ਹੋਇਆ ਸੀ, ਹੋਰ ਭੋਂ ਨਾਲ ਰਲਾ ਕੇ ਉਸਾਰਨਾ ਸ਼ੁਰੂ ਕੀਤਾ।

ਪਾਠਕ ਅਜੇ ਤਕ ਹੈਰਾਨ ਹੋਣਗੇ ਕਿ ਭਾਈ ਜੀ ਦਾ ਨਿਰਬਾਹ ਕੀਕੂੰ ਹੁੰਦਾ ਸੀ? ਹੁਣ ਸਹੁਰਾ ਘਰ ਤਾਂ ਛੱਡ ਆਏ ਹਨ ਕਿ ਜਿੱਥੇ ਭਾਈ ਜੀ ਨੂੰ ਖਰਚ ਖਬਲ ਦੀ ਰਤਾ ਪਰਵਾਹ ਨਹੀਂ ਸੀ, ਹਾਂ ਉਂਞ ਓਥੇ ਉਹ ਕਾਰ ਵਿਚ ਬੀ ਹਥ ਵਟਾਉਂਦੇ ਹੁੰਦੇ ਸਨ। ਇੱਥੇ ਆ ਕੇ ਕੀਹ ਪੂਜਾ ਦੇ ਧਾਨ ਤੇ ਨਿਰਬਾਹ ਹੋ ਰਹੇ ਹਨ, ਅਰ ਹੁਣ ਪੂਜਾ ਦਾ ਧਨ ਸੰਚ ਕੇ ਮਹਲ ਮਾੜੀਆਂ ਬਣਨ ਲਗੀਆਂ ਹਨ? ਨਹੀਂ ਮਿੱਤਰ ਜੀ! ਉਨ੍ਹਾਂ ਦੀ ਆਪਣੀ ਭੋਂ ਪੈਲੀ ਚੋਖੀ ਡਰੋਲੀ ਵਿਚ ਸੀ ਜਿਸਦੀ ਕਮਾਈ ਅਜ ਤਕ ਕਠੀ ਹੀ ਹੁੰਦੀ ਰਹੀ ਸੀ, ਉਹ ਸੁਤੇ ਹੀ ਸੰਚਿਆ ਧਨ, ਘਰ ਪਰ ਲਗਾਣ ਲਗੇ ਹਨ, ਅਰ ਹੁਣ ਜੋ ਪੈਲੀ ਬੰਨੇ ਤੋਂ ਨਫੇ ਦਾ ਆ ਜਾਂਦਾ ਹੈ ਉਸ ਪਰ ਆਪਣਾ ਨਿਰਬਾਹ ਤੋਰਦੇ ਹਨ। ਧਰਮਸਾਲ ਦੀ ਜੋ ਚੜ੍ਹਤ ਦੀ ਆਮਦਨ ਹੈ ਉਹ ਸਾਧ ਸੰਗਤ ਦੀ ਸੇਵਾ ਤੇ ਧਰਮਸਾਲ ਦੇ ਖਰਚਾਂ ਪਰ ਲਗਦੀ ਹੈ। ਜਦੋਂ ਅੰਨ ਬਸਤ੍ਰ ਦੇ ਨਿਰਬਾਹ ਲਈ ਅਪਨਾ ਧਨ ਆ ਜਾਂਦਾ ਹੈ ਤਾਂ ਓਹ ਨਿਰਬਾਹ ਮਾਤ੍ਰ ਬੀ ਧਰਮਸਾਲ ਵਿਚੋਂ ਨਹੀਂ ਲੈਂਦੇ ਤੇ ਧਰਮਸਾਲ ਦੀ ਇਕ ਕੋਠੜੀ ਬੀ ਅਪਣੇ ਨਿਵਾਸ ਲਈ ਨਹੀਂ

ਵਰਤਣੀ ਚਾਹੁੰਦੇ, ਸੋ ਘਰ ਦੇ ਉਸਾਰਨ ਵਿਚ ਬਹੁਤ ਉਤਾਵਲੇ ਹੋ ਕੇ ਲਗੇ ਹਨ ਅਰ ਇਨ੍ਹਾਂ ਦਿਨਾਂ ਵਿਚ ਹੀ ਇਮਾਰਤ ਕਿਤੇ ਦੀ ਕਿਤੇ ਲੈ ਗਏ ਹਨ। ਘਰ ਦੀ ਉਸਾਰੀ ਕਾਹਦੀ ਲਗੀ, ਚਿਤ ਵਿਚ ਪ੍ਰੇਮ ਨੇ ਇਕ ਹੋਰ ਅਗ ਸੁਲਗਾ ਦਿੱਤੀ। ਇਸ ਤਿੱਖੀ ਚਾਹ ਨੇ ਇਹ ਸ਼ੌਂਕ ਪਾ ਦਿੱਤਾ ਕਿ ਘਰ ਬਹੁਤ ਸੁੰਦਰ ਬਣੇ, ਗਲ ਕੀ ਵਰਿਹਾਂ ਬੱਧੀ ਜੋ ਧਨ ਕੱਠਾ ਹੋਇਆ ਸੀ, ਉਹ ਸਾਰਾ ਹੀ ਇਮਾਰਤ ਪਰ ਲਗ ਰਿਹਾ ਹੈ।

ਜਦ ਇਮਾਰਤ ਲਾਈ ਸੀ ਤਾਂ ਖਿਆਲ ਸੀ "**ਮਾਰਕੰਡੇ ਤੇ ਕੋ ਅਧਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ**"{ਧਨਾ: ਨਾਮ-੧} ਪਰ ਜਦ ਬਣੀ ਤਾਂ ਇਕ ਅਤਿ ਸੁੰਦਰ ਪੱਕਾ ਮਹਲ ਬਣ ਗਿਆ। ਕੀਹ ਇਹ ਉਹੋ ਭੁਲਾਵਾ ਸੀ ਜੋ ਅਕਸਰ ਘਰਾਂ ਉਸਾਰਨ ਵਾਲਿਆਂ ਨੂੰ ਪੈ ਜਾਂਦਾ ਹੈ, ਯਾ ਮਿਸਤ੍ਰੀਆਂ ਵਲੋਂ ਪਾਯਾ ਜਾਂਦਾ ਹੈ? ਅਰਥਾਤ ਉਸਾਰੀ ਲਾਈ ਦੀ ਹੈ ਕਿਸੇ ਤਖਮੀਨੇ ਦੀ ਤੇ ਖਣ ਕਿਸੇ ਖਰਚ ਤੇ ਜਾਂਦੀ ਹੈ। ਤਿਆਰੀ ਕਿਸੇ ਥਾਂ ਤਕ ਅਪੜਨ ਦੀ ਕੀਤੀ ਜਾਂਦੀ ਹੈ ਤੇ ਅੱਪੜ ਕਿਤੇ ਦਾ ਕਿਤੇ ਜਾਈਦਾ ਹੈ। ਨਹੀਂ, ਭਾਈ ਜੀ ਨਾ ਅਪਨੇ ਵਿਤੋਂ ਵਧਣ ਵਾਲੇ ਹਨ, ਨਾ ਹੀ ਕਿਸੇ ਰਾਜ-ਮਿਸਤ੍ਰੀ ਯਾ ਲੋਕਾਂ ਦੀ ਵਾਹ ਵਾਹ ਤੋਂ ਚੁਕੇ ਜਾਣ ਵਾਲੇ ਹਨ।

ਫੇਰ ਕੀਹ ਗਲ ਹੋਈ ਕਿ ਭਾਈ ਜੀ ਨੇ ਇਤਨਾ ਧਨ ਖਰਚ ਕਰ ਦਿਤਾ, ਅਰ ਐਡੀ ਪੱਕੀ ਸੋਹਣੀ ਇਮਾਰਤ ਬਣਾ ਲਈ? ਕਿਆ ਅਗਜਾਨ ਪੈ ਗਿਆ, ਕਿ ਅਸੀਂ ਸਦਾ ਥਿਰ ਰਹਿਨਾ ਹੈ? ਨਹੀਂ, ਭਾਈ ਜੀ ਜਾਣਦੇ ਹਨ ਕਿ:-

"**ਘਰ ਛਡਣੇ ਰਹੈ ਨ ਕੋਈ॥**"

{ਮਾਰੂ ਮਹਲਾ ੧-੨, ਪੰਨਾ ੯੫੯}

ਉਨ੍ਹਾਂ ਦਾ ਹਿਰਦਾ ਹਰ ਵੇਲੇ ਉਨ੍ਹਾਂ ਨੂੰ ਯਾਦ ਕਰਾਣ ਵਾਲਾ ਹੈ:-

"**ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ।
ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ॥੫੮॥**"

{ਸਲੋਕ ਸ਼ੇਖ ਫਰੀਦ ਦੇ, ਪੰਨਾ ੧੩੮੧}

ਭਾਈ ਜੀ ਗਜਾਨਵਾਨ ਹਨ, ਓਹ ਕਦੇ ਭੁੱਲਣ ਵਾਲੇ ਨਹੀਂ:-

"**ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥**"

{ਰਾਗੁ ਸੂਹੀ ਮਹਲਾ ੧ ਕੁਚਜੀ॥ ਪੰਨਾ ੭੬੨}

"**ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥**"

{ਰਾਗੁ ਸੂਹੀ ਮਹਲਾ ੧ ਕੁਚਜੀ॥ ਪੰਨਾ ੭੬੨}

ਇਹ ਉਪਦੇਸ਼ ਏਹ ਚਿਤਾਵਨੀ ਉਨ੍ਹਾਂ ਦੇ ਹਿਰਦੇ ਤੇ ਲਿਖੀ ਪਈ ਹੈ। ਉਨ੍ਹਾਂ ਦੇ ਹਿਰਦੇ ਪਰ ਵੈਰਾਗ ਵਸਦਾ ਹੈ, ਓਹ ਦੇਖਦੇ ਹਨ:-

"**ਫਰੀਦਾ ਕੋਠੇ ਮੰਡਪ ਮਾੜੀਆਂ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥੪੬॥**"

{ਸਲੋਕ ਸੇਖ ਫਰੀਦ ਕੇ, ਪੰਨਾ ੧੩੮੦}

ਨਹੀਂ ਨਹੀਂ, ਉਹ ਆਪ ਉਪਦੇਸ਼ ਕਰਿਆ ਕਰਦੇ ਹਨ:-

**"ਫਰੀਦਾ ਕੋਠੇ ਮੰਡਪ ਮਾੜੀਆਂ ਏਤੁ ਨ ਲਾਇ ਚਿਤ॥**
**ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥੫੭॥"**

{ਸਲੋਕ ਸੇਖ ਫਰੀਦ ਕੇ, ਪੰਨਾ ੧੩੮੦}

ਪੁਨਾ: **"ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥**
**ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥੨੧੮॥"**

{ਸਲੋਕ ਭਗਤ ਕਬੀਰ ਜੀ ਦੇ, ਪੰਨਾ ੧੩੭੬}

ਭਾਈ ਜੀ ਮਹਲਾਂ ਦੇ ਪਜਾਰਿਆਂ ਨੂੰ ਇਨ੍ਹਾਂ ਦਾ ਅੰਤ ਦੱਸਿਆ ਕਰਦੇ ਸੇ:-

**"ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ।**
**ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥"**

{ਸਲੋਕ ਸੇਖ ਫਰੀਦ ਕੇ-੬੭, ਪੰਨਾ ੧੩੮੨-੮੩}

ਐਸੇ ਗਜਾਨ ਭੰਡਾਰ ਭਾਈ ਜੀ, ਐਸੇ ਵੈਰਾਗ ਮੂਰਤ ਸੰਤ ਜਨ **"ਇਆ ਡੇਰਾ ਕਉ ਸ੍ਰਮੁ ਕਰਿ ਘਾਲੈ॥ ਜਾ ਕਾ ਤਸੂ ਨਹੀ ਸੰਗਿ ਚਾਲੈ॥"**{ਗਉ: ਬਾ: ਅਖ: ਮ: ੫-੨੯/੨੫੬} ਦੇ ਭੁਲੇਖੇ ਵਿਚ ਕਿਕੂੰ ਪੈ ਗਏ? ਆਓ ਰਤਾ ਵੇਖੀਏ! ਦਿੱਸਣ ਨੂੰ ਤਾਂ ਇਹੋ ਦੀਹਦਾ ਹੈ ਕਿ ਓਹ ਭਾਈ ਸਾਈਂ ਦਾਸ ਜੀ ਜੋ ਘਿਉ ਦਾ ਕੁਪਾ ਰੁੜ੍ਹ ਜਾਏ ਤਾਂ ਪਰਵਾਹ ਨਾ ਕਰਨ ਹੁਣ ਇਕ ਇਕ ਜੋੜੀ ਦੇ ਫੂਲ ਪੱਤ੍ਰ ਆਪ ਕਢਵਾਂਦੇ ਹਨ। ਮਾਨੋਂ ਘਰ ਹੀ ਸਭ ਕੁਛ ਹੈ। ਉਨ੍ਹਾਂ ਦੀ ਕਰਨੀ ਤਾਂ ਕੁਛ ਨਹੀਂ ਦੱਸ ਸਕਦੀ, ਪਰ ਨੇਤ੍ਰਾਂ ਦੇ ਹੰਝੂ ਕੁਛ ਪਤਾ ਦੇਂਦੇ ਹਨ। ਮਹਿਲ ਉਸਰਦੇ ਵਿੱਚ ਚਿਹਰਾ ਤਾਂ ਸਦਾ ਪ੍ਰਸੰਨ ਹੈ, ਪਰ ਹੰਕਾਰੀਆਂ ਵਾਲੀ ਟਪਾਰ ਨਹੀਂ, ਹਾਉਕਾ ਤੇ ਹੰਝੂ ਹਨ। ਕਦੇ ਕਦੇ ਰਸਨਾਂ ਬੀ ਕੁਛ ਕਹਿੰਦੀ ਹੈ: 'ਦੇਖੀਏ! ਜਾਣੀ ਜਾਣ ਪਜਾਰੇ ਜੀ! ਆਪ ਮਾਲਕ ਹੋ, ਏਹ ਪੁੰਨ ਪਦਾਰਥ ਤੇਰਾ ਹੀ ਹੈ, ਮੈਂ ਤਾਂ ਇਕ ਸੇਵਕ ਹੀ ਹਾਂ।' ਕਦੇ 'ਮੈਂ' ਅਭਾਗ ਇਸ ਜੋਗ? ਏਦਾਂ ਦੇ ਕੁਝ ਵਾਜ਼ੇ ਕੰਨੀ ਪੈਂਦੇ ਹਨ। ਆਓ ਗੁਰਮੁਖ੍ ਪਜਾਰੇ ਜੀ ਦੇ ਹਿਰਦੇ ਮੰਡਲ ਵਿਚ ਚਲਕੇ ਵੇਖੀਏ। ਓਥੇ ਤਾਂ ਹੋਰ ਹੀ ਅਨੰਦ ਖਿੜ ਰਿਹਾ ਹੈ। ਇਹ ਮਹਿਲ ਸਾਈਂ ਦਾਸ ਆਪਣੇ ਲਈ ਨਹੀਂ ਬਣਾ ਰਿਹਾ, ਇਹ ਤਾਂ ਸਤਿਗੁਰਾਂ ਲਈ ਮੰਦਰ ਬਨ ਰਿਹਾ ਹੈ, ਸਾਈਂ ਦਾਸ ਤਾਂ ਆਪ ਨੂੰ 'ਪੰਖ ਪਰਾਹੁਣੀ' ਜਾਣਦਾ ਹੈ, ਪੰਛੀਆਂ ਲਈ ਆਲ੍ਹਣੇ ਹੁੰਦੇ ਹਨ, ਕੌਣ ਪਕੇ ਮੰਦਰ ਬਨਾਂਦਾ ਹੈ? ਜਿੰਦਾਂ ਗੁਰੂ ਨੇ ਅੰਮ੍ਰਿਤਸਰ ਵਿਚ ਆਪਨੇ ਪਿਆਰੇ ਅਕਾਲ ਪੁਰਖ ਦੀ ਯਾਦ ਦਾ ਉਸ ਦੇਸ਼ ਕਾਲ ਤੋਂ ਰਹਿਤ ਵਾਹਿਗੁਰੂ ਦੇ ਸਿਮਰਨ ਦਾ ਮੰਦਰ ਉਸਾਰਿਆ ਸੀ ਅਰ ਵੈਰਾਗ ਤੇ ਪ੍ਰੇਮ ਭਰੇ ਸਜਲ ਨੇਤ੍ਰ ਹੀ ਯਾਤ੍ਰਾ ਕਰਦੇ ਹੁੰਦੇ ਸੇ, ਉਸੇ ਤਰ੍ਹਾਂ ਪਿਆਰੇ ਗੁਰੂ ਦੇ ਚਰਨ ਪਾਣ ਲਈ ਭਾਈ ਸਾਈਂ ਦਾਸ ਜੀ ਮਹਿਲ ਬਨਾ ਰਹੇ ਹਨ।

# ੩੨. ਸਿੱਕ

ਗਲ ਇਉਂ ਹੈ ਕਿ ਇਕ ਦਿਨ ਉਸਾਰੀ ਲਾਕੇ ਖਿਆਲ ਆਇਆ ਕਿ ਕੀਹ ਮੈਂ ਪਾਪੀ ਆਪਣਾ ਘਰ ਬਣਾਕੇ, ਉਸ ਵਿਚ ਰਹਿਣ ਦੇ ਲਾਇਕ ਹਾਂ? ਘਰ ਮੰਦਰ ਤਾਂ ਪਿਆਰੇ ਲਈ ਹੋਣ ਤੇ ਮੈਂ ਸੇਵਕ ਹੋਵਾਂ। ਮੈਨੂੰ ਤਾਂ-

"ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥'

{ਰਾਗੁ ਸਿਰੀ: ਮਹਲਾ ੧, ਪੰਨਾ ੧੬}

ਦਾ ਦਾਨ ਮਿਲੇ। ਜਿਉਂ ਜਿਉਂ ਪ੍ਰੇਮ ਨੇ ਸੇਵਕ ਭਾਵ ਵਿਚ ਖਿੱਚਿਆ, ਇਹ ਭੁੱਲ ਹੀ ਗਿਆ ਕਿ ਮਕਾਨ ਰਾਮੋਂ ਤੇ ਸਾਈਂ ਦਾਸ ਲਈ ਬਣ ਰਿਹਾ ਹੈ, ਪਰ ਇਹ ਹੋ ਗਿਆ ਕਿ ਮਕਾਨ ਮੀਰੀ ਪੀਰੀ ਦੇ ਮਾਲਕ ਖੜਗਧਾਰੀ ਸਤਿਗੁਰੂ ਲਈ ਬਣ ਰਿਹਾ ਹੈ। ਹੁਣ ਕੀਹ ਸੀ? ਪਾਸਾ ਪਲਟ ਗਿਆ। ਘਰ ਸੱਚੀ ਮੁੱਚੀ ਗੁਰੂ ਦਾ ਮੰਦਰ ਬਣ ਗਿਆ, ਭਾਈ ਜੀ ਇਸ ਦੇ ਕਾਮੇ ਤੇ ਰਾਖੇ! ਇਹੋ ਹੀ ਭਾਵ ਬੀਬੀ ਰਾਮੋ ਦੇ ਹਿਰਦੇ ਵਿਚ ਘਟ ਰਿਹਾ ਹੈ, ਉਹ ਭੀ ਇਹੋ ਸਮਝਦੀ ਹੈ ਕਿ ਜਿੱਕੂੰ ਰਾਜ-ਤਰਖਾਣ ਤੇ ਮਜ਼ਦੂਰ ਮਾਲਕ ਲਈ ਕੰਮ ਕਰਦੇ ਹਨ, ਇਸੀ ਤਰ੍ਹਾਂ ਅਸੀਂ ਗੁਰੂ ਮਾਲਕ ਲਈ ਮਿਸਤ੍ਰੀ ਦੀ ਤਰ੍ਹਾਂ ਮਕਾਨ ਬਣਵਾ ਰਹੇ ਹਾਂ।

ਜਦੋਂ ਘਰ ਬਣ ਗਿਆ, ਦੋਹਾਂ ਜਣਿਆਂ ਨੇ ਡਿੱਠਾ ਬਹੁਤ ਸੁੰਦਰ ਹੈ, ਪਿਆਰਾ ਹੈ, ਰਮਣੀਕ ਹੈ ਤਦ ਫੇਰ ਮਨ ਨੂੰ ਪੁੱਛਣ ਲਗੇ ਕਿ 'ਕੀਹ ਏਹ ਸਾਡੇ ਲਈ ਹੋ ਸਕਦਾ ਹੈ?' ਹਿਰਦੇ ਨੇ ਕਿਹਾ, 'ਇਹ ਗੁਰੂ ਦਾ ਹੈ, ਗੁਰੂ ਦੇ ਜੋਗ ਹੈ।'

ਘਰ ਬਣ ਚੁਕਾ ਸੀ। ਪਰ ਘਰ ਦੇ ਮਾਲਕ ਜੀ ਨਹੀਂ ਆਏ ਸੇ, ਸੋ ਆਪ ਨੇ ਜੰਦਰਾ ਲਾ ਦਿਤਾ। ਆਪਣੇ ਲਈ ਇਕ ਕੱਚਾ ਕੋਠਾ ਵਿਹੜੇ ਦੀ ਖੂੰਜੇ ਪੁਆ ਲਿਆ। ਆਪਣੇ ਨਿਤਨੇਮ, ਕਥਾ, ਕੀਰਤਨ, ਸਤਿਸੰਗ ਤੋਂ ਜਦ ਵਿਹਲੇ ਹੋਣਾ ਤਦ ਮੰਦਰ ਦੇ ਅੰਦਰ ਸਤਿਗੁਰ ਦੀ ਵਰਤੋਂ ਦਾ ਸਾਮਾਨ ਤੇ ਸਜਾਵਟ ਦਾ ਸਾਮਾਨ ਤਿਆਰ ਕਰਨ ਵਿਚ ਲੱਗ ਪੈਣਾ। ਪਹਿਲੇ ਪਹਿਲ ਤਾਂ ਇਹ ਗੱਲ ਅੰਦਰੇ ਅੰਦਰ ਸੀ, ਪਰ ਜਦ ਮੰਦਰ ਬਣ ਕੇ ਪ੍ਰਵੇਸ਼ ਨਾ ਹੋਇਆ, ਬੂਹੇ ਵੱਜੇ ਰਹਿਣ, ਆਪਣਾ ਕੱਚੇ ਕੋਠੇ ਵਿਚ ਨਿਰਬਾਹ ਹੋਵੇ ਤਦ ਤੋਂ ਸਤਿਸੰਗੀਆਂ ਵਿਚ ਟੋਹ ਪੈਦਾ ਹੋਈ। ਅਮਲੀ ਨੂੰ ਅਮਲੀ ਪਛਾਣਦੇ ਹਨ! ਸਤਿਸੰਗੀ ਲਖ ਗਏ ਕਿ ਭਾਈ ਜੀ ਨੇ ਘਰ ਆਪਣੇ ਲਈ ਨਹੀਂ, ਪਰ ਗੁਰੂ ਜੀ ਲਈ ਬਣਾਇਆ ਹੈ ਕਿ ਆਪਣੇ ਪ੍ਰੀਤਮ ਜੀ ਨਾਲ ਲਾਡ ਕਰ ਰਹੇ ਹਨ। ਕਿਉਂ ਨਾ ਹੋਵੇ? ਭਗਤ ਜਨਾਂ ਦਾ ਇਹੋ ਹਾਲ ਹੈ। ਭਗਤ ਜਦ ਇਹ ਕਹਿ ਸਕਦੇ ਹਨ:-

"ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥"

{ਦੇਵ: ੫, ਪੰਨਾ ੫੩੪}

ਤਦ ਪਿਆਰੇ ਦੀ ਸੇਵਾ ਦੇ ਸਾਮਾਨ ਕਰਨੇ ਉਨ੍ਹਾਂ ਨੂੰ ਸੱਖਣੇ ਗਿਆਨ ਤੋਂ ਕਿਉਂ ਨਾ ਵਧੀਕ ਪਿਆਰੇ ਲੱਗਣ:-

ਪਿਆਰੇ! ਪਰਮ ਪ੍ਰਮਾਰਥ ਏਹ। ਸਤਿਗੁਰ ਚਰਨ ਵਿਖੇ ਦ੍ਰਿੜ ਨੇਹ।
ਚਰਨ ਕਮਲ ਦੀ ਪ੍ਰੀਤਿ ਪਿਆਰੀ। ਜਿਸ ਤੋਂ ਸਭ ਕੁਝ ਦੇਈਏ ਵਾਰੀ।
ਜਾਪ ਤਾਪ ਸੰਜਮ ਸਭ ਦੇਈਏ। ਸੁਰਗ ਬਿਕੁੰਠ ਮੁਕਤ ਅਰਪੇਈਏ।
ਭਗਤੀ ਇਕ ਪਿਆਰੀ ਸ਼ੈ ਹੈ। ਇਸ ਤੋਂ ਹੇਠਾਂ ਹੋਰ ਸਭੈ ਹੈ।
ਜੇ ਤੁੱਠੇ ਸਾਈਂ ਤੇ ਦੇਵੇ। ਮੂੰਹ ਮੰਗੀ, ਤਾਂ ਭਗਤ ਏ ਲੇਵੇ:-
'ਦੇਹੁ ਦਾਨ ਭਗਤੀ ਇਕ ਪਜਾਰੇ, ਬਿਨ ਭਗਤੀ ਸਭ ਸੁਖ ਹਨ ਖਾਰੇ।'
'ਰਾਜ ਫਕੀਰੀ ਇਕ ਸਮ ਹੋਈ। ਮੁਕਤ ਅਮੁਕਤੇ ਫਰਕ ਨ ਕੋਈ।'
'ਤੂੰ ਹੋਵੇਂ ਤੇ ਪਜਾਰੀਏ ਤੈਨੂੰ। ਤੈਂ ਤੋਂ ਨਿਤਪ੍ਰਤਿ ਵਾਰੀਏ ਮੈਂ ਨੂੰ।'
ਭਗਤ ਪਰੇਮੀ ਮੰਗ ਨ ਮੰਗਣ। ਮੰਗਣ ਕੋਲੋਂ ਸਦਾ ਹੀ ਸੰਗਣ।
ਪਜਾਰਾ ਦਾਨ 'ਭਗਤਿ' ਦੇ ਦੇਂਦਾ। ਭਗਤ ਹੋਰ ਕੁਛ ਨਹੀਂ ਮੰਗੇਂਦਾ।

ਫਿਰ ਇਹ ਹੈ ਕਿ ਇਸ ਵਿਚ ਭਗਤਾਂ ਨੂੰ ਕੁਝ ਮਾਣ ਨਹੀਂ ਹੁੰਦਾ। ਓਹ ਜਾਣਦੇ ਹਨ ਕਿ ਅਸੀਂ ਪਿਆਰੇ ਨੂੰ ਕੀਹ ਦੇ ਸਕਦੇ ਹਾਂ? ਉਹ ਕੀਹ ਹੈ ਜੋ ਸਾਡਾ ਹੈ ਤੇ ਅਰਪਨ ਕਰ ਸਕਦੇ ਹਾਂ:-

**"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥"**

{ਸਲੋਕ ਭਗਤ ਕਬੀਰ ਜੀ ਕੇ-੨੦੩, ਪੰਨਾ ੧੩੭੫}

ਇਮੇ ਕਰਕੇ ਭਗਤ ਨਿਰਮਾਣ ਹੁੰਦੇ ਹਨ, ਆਪ ਨੂੰ ਕੇਵਲ ਆਪਣੇ ਪਿਆਰੇ ਦੇ ਦਰ ਦਾ ਸੇਵਕ ਜਾਣਦੇ ਹਨ, ਅਰ ਆਖਦੇ ਹਨ:-

'ਹੇ ਦੀਨ ਦਿਆਲ; ਦਯਾ ਸਾਗਰ! ਮਾਲਕਾ ਪ੍ਰਤਿਪਾਲਕਾ!'
'ਕੀ ਅਰਪ ਦੇਵਾ ਸ਼ਰਨ ਤੇਰੀ! ਸਭ ਖ਼ਲਕ ਮੰਦੇ ਖ਼ਾਲਕਾ!'
'ਧਰਤੀ ਬਣਾਈ ਸੋਹਿਣੀ, ਸਾਗਰ ਥਲੀਂ ਅਸਗਾਹੀਆ।'
'ਮੈਂ ਫੁਲ ਪਾਣੀ ਅਰਪ ਦੇਵਾਂ, ਸ਼ਰਮ ਖਾਂਵਾਂ ਸਾਈਆਂ!'
'ਹੇ ਸ਼ਕਤੀਆਂ ਦੇ ਮਾਲਕਾ! ਹੇ ਤਾਕਤਾਂ ਦੇ ਸੋਮਿਆ!'
'ਬਲ ਸ਼ਕਤਿ ਦਾ ਤੂੰ ਆਪ ਘਰ ਹੈਂ, ਕੀ ਜੁ ਮੈਂ ਹੈ ਹੋਮਿਆ!'
'ਏ ਹੱਥ ਨਿਰਬਲ, ਪੈਰ ਹਲਕੇ, ਤਾਣ ਹੀਣੀ ਦੇਹਿ ਹੈ!'
'ਕੀ ਕਰੇ ਸੇਵਾ ਆਪ ਦੀ ਏ? ਖ਼ੇਹ ਬਣੀ ਏ ਖੇਹ ਹੈ!'
'ਹੇ ਦੌਲਤਾਂ ਦੇ ਦਾਤਿਆ! ਨਿਤ ਦੇਂਦਿਆਂ ਨਹਿੰ ਹਾਰਿਆ!'
'ਕੀ ਮਾਲ ਦੇਵਾਂ ਨਾਉਂ ਤੈਂ ਪਰ? ਤੁੱਧ ਥੀਂ ਕੀ ਵਾਰਿਆ?'
'ਹਾਂ ਪਾਸ ਮੇਰੇ ਕੱਖ ਨਾ, ਲਖ-ਦਾਤੜੇ ਨੂੰ ਕੀ ਦਿਆਂ?'
'ਫਿਰ ਦਾਤ ਵਿਚੋਂ ਦਿਆਂ ਦਾਤੇ, ਭੁੱਲ ਹੈ ਇਹ ਦਾਤਿਆ!'
'ਬਖਸ਼ਿੰਦ ਨੂੰ ਕੀ ਅਰਪ ਦੇਵਾਂ? ਮੰਗਤਾ ਨਿਤ ਦਾ ਖੜਾ।'
'ਹੇ ਮਾਲਕਾ, ਹੇ ਖਾਲਕਾ! ਹੇ ਪਾਲਕਾ ਤੂੰ ਹੈਂ ਬੜਾ।'
'ਏ ਆਪਣਾ ਜੋ ਆਪ ਮੇਰਾ, ਸਰਨ ਵਿੱਚ ਏ ਅਰਪਿਆ।'
'ਪਰ ਹਾਂ ਪ੍ਰਭੂ, ਮੈਂ ਬਹੁਤ ਮਾੜਾ, ਏ ਆਖ ਕੇ ਬੀ ਡਰ ਪਿਆ।'


www.sikhbookclub.com

'ਏ ਆਪਣਾ ਜੋ ਆਪ ਹੈ, ਏ ਬੀ ਤੇ ਤੇਰੀ ਦਾਤ ਹੈ,
ਦਾਤ ਦਾਤੇ ਨੂੰ ਦਿਆਂ, ਏ ਲੱਜਿਆ ਦੀ ਬਾਤ ਹੈ।'

ਜਦ ਪ੍ਰੇਮ ਵਿਚ ਲੀਨ ਹੁੰਦੇ ਹਨ ਤਦ ਗਾਉਂਦੇ ਹਨ:-

**"ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ॥ ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ॥ ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ॥੧॥"**

{ਰਾਗੁ ਸੂਹੀ ਮਹਲਾ ੫, ਪੰਨਾ ੭੭੯}

ਭਾਈ ਸੰਤੋਖ ਸਿੰਘ ਜੀ ਇਸ ਪ੍ਰੇਮ ਨੂੰ ਐਉਂ ਲਿਖਦੇ ਹਨ:-

'ਅਪਰ ਸਮੱਗ੍ਰੀ ਕਰਿ ਕਰਿ ਤਜਾਰੀ। ਸਿਮਰਿਤਿ ਰਾਖਤਿ ਸਦਨ ਮਝਾਰੀ॥੧੩॥
ਬਹੁ ਸੁੰਦਰ ਪਰਯੰਕ ਬਨਾਏ। ਦੇ ਦੇ ਦਰਬ ਤਜਾਰਿ ਕਰਿਵਾਏ।
ਹਿਤ ਭੋਜਨ ਕੇ ਸੁੰਦਰ ਅੰਨ। ਆਨਿ ਧਰਹਿ ਹੁਇ ਸਿਦਕ ਸਪੰਨ॥੧੪॥
ਜਜੋਂ ਜਜੋਂ ਵਸਤੁ ਤਜਾਰ ਕਰਿ ਜੋਵਤਿ। ਤਜੋਂ ਤਜੋਂ ਅਧਿਕ ਪ੍ਰੇਮ ਉਰ ਹੋਵਤਿ।
ਦਿਨ ਪ੍ਰਤਿ ਪ੍ਰੇਮਾਤੁਰ ਹੁਇ ਦੰਪਤਿ। ਗੁਰੁ ਬਿਨ ਲਗਹਿ ਨਾ ਆਛੀ ਸੰਪਤਿ॥੧੫॥
-ਕਰਹਿਂ ਪ੍ਰਤੀਖਨ-ਕਬਿ ਗੁਰ ਆਵਹਿਂ। ਹਮਰੇ ਮਨਿ ਅਭਿਲਾਖ ਪੁਰਾਵਹਿਂ-।
ਗੁਰੁ ਪ੍ਰਸੰਗ ਕਹਿ ਆਪਸ ਮਾਂਹੂ। ਸੁਜਸੁ ਬਖਾਨਤਿ ਰਿਦੇ ਉਮਾਹੂ॥੧੬॥
ਬੀਤੇ ਕਿਤਕਿ ਦਿਵਸ ਇਸ ਭਾਂਤੀ। ਗੁਰੂ ਨ ਆਏ ਤਾਪਤਿ ਛਾਤੀ।
-ਕਜਾ ਕਾਰਨ ਭਾ ਮਿਲੇ ਨ ਸ੍ਵਾਮੀ। ਚੌਦਹਿ ਲੌਕਨਿ ਅੰਤਰਜਾਮੀ॥੧੭॥
ਸ੍ਰੀ ਗੁਰ ਹਰਿਗੋਵਿੰਦ ਮੁਖ ਚੰਦ। ਹਮ ਚਕੋਰ ਕਬਿ ਦੇਹਿਂ ਅਨੰਦ।
ਸਮ ਸੂਰਜ ਕਬਿ ਤੇਜ ਦਿਖਾਵੈਂ। ਹਮਰੇ ਰਿਦੇ ਕਮਲ ਬਿਕਸਾਵੈਂ॥੧੮॥
ਚਾਤ੍ਰਿਕ ਸਮ ਦੰਪਤਿ ਬਿਲਲਾਈਂ। ਸ੍ਵਾਂਤਿ ਬੂੰਦ ਕਬਿ ਮਿਲਹਿ ਗੁਸਾਈਂ।
ਤਰੁ ਸ਼ਕਤਿ ਦੁਰਬਲ ਹਮ ਤੈਸੇ। ਕਬਿ ਗੁਰ ਮਿਲਹਿਂ ਜਲਦ ਜਲ ਜੈਸੇ॥੧੯॥
ਜਬਿ ਦੇਖੈਂ ਜੁਗੁ ਪਦ ਅਰਬਿੰਦ। ਤਬਿ ਹਰਖਹਿਂ ਮਨ ਹੋਇ ਮਲਿੰਦ।
ਅਜਹੁੰ ਨ ਆਏ, ਹਮ ਨਿਰਭਾਗੇ। ਕਿਧੋਂ ਨ ਰਿਦੈ ਪ੍ਰੇਮ ਬਹੁ ਜਾਗੇ॥੨੦॥

{ਸੂ: ਪ੍ਰ: ਰਾਸ ੫, ਅੰਸੂ ੨੯, ਸਫਾ ੨੯੨੩}

ਐਸੀ ਪ੍ਰੇਮ ਦੀ ਗਾੜ੍ਹੀ ਖਿੱਚ ਵਾਲੀ ਦਸ਼ਾ ਦੰਪਤੀ ਦੀ ਹੋ ਰਹੀ ਹੈ। ਪਹਿਲੇ ਤਾਂ ਚਾਉ-ਭਰੀ ਸੇਵਾ ਦਾ ਉਤਸ਼ਾਹ ਸੀ ਕਿ ਗੁਰੂ ਜੀ ਲਈ ਮੰਦਰ ਬਣਾ ਰਹੇ ਹਾਂ। ਜਦ ਹੁਣ ਬਣ ਚੁਕਾ ਤੇ ਸਜ ਸਜਾ ਹੋ ਚੁਕਾ ਹੈ, ਤਦ ਇਹ ਚਾਹ ਹੈ ਕਿ ਆਪ ਆ ਕੇ ਇੱਥੇ ਬਿਰਾਜਨ। ਹੁਣ ਇਹ ਉਤਕੰਠਾ ਕਿ ਗੁਰੂ ਜੀ ਆਉਣ, ਬਹੁਤ ਵਧ ਗਈ ਹੈ। ਸ੍ਰੀ ਗੁਰੂ ਜੀ ਦੇ ਸਾਰ ਰੂਪ ਦੇ ਜਾਣੂੰ ਹੁਣ ਪ੍ਰੇਮ ਦੀਆਂ ਕਾਂਗਾਂ ਵਿਚ ਵਹੇ ਚਲੇ ਜਾ ਰਹੇ ਹਨ ਕਿ ਕਿਵੇਂ ਪਿਆਰੇ ਸਤਿਗੁਰੂ ਜੀ ਏਥੇ ਆ ਕੇ ਬਿਰਾਜਣ। ਦਰਸ਼ਨ ਦੀ ਸਿੱਕ ਪੈਰੋ ਪੈਰ ਵਧਦੀ ਹੈ। ਹੋਰ ਖਿੱਚਾਂ ਦਾ ਨਿਯਮ ਹੈ ਕਿ ਜਿਉਂ ਜਿਉਂ ਵਿੱਥ ਘਟੇ ਜ਼ੋਰ

ਵਧਦਾ ਹੈ, ਪਰ ਪਯਾਰ ਖਿੱਚ ਦਾ ਨਿਯਮ ਹੈ ਕਿ ਜਿਉਂ ਜਿਉਂ ਵਿਥ ਵਧੇ ਜ਼ੋਰ ਬੀ ਵਧਦਾ ਹੈ। ਭਾਈ ਜੀ ਦੀ ਕਥਾ ਵਿਚ ਹੁਣ ਨਿਰਾ ਬਿਰਹਾ ਹੁੰਦਾ ਹੈ। ਅਜ ਕਲ ਕਥਾ ਬੀ ਮਾਰੂ ਡਖਣਿਆਂ ਦੀ ਕਰਦੇ ਹਨ। ਸੰਗਤ ਸੁਣਦੀ ਵੈਰਾਗ ਰੂਪ ਹੋ ਜਾਂਦੀ ਹੈ। ਭਾਈ ਢੇਸਾ ਇਹ ਰੰਗ ਵੇਖ ਰਿਹਾ ਹੈ। ਕਥਾ ਸੁਣਦਾ ਤੇ ਪੰਘਰਦਾ ਹੈ, ਹਿਰਦਾ ਦ੍ਰਵੱਦਾ ਹੈ ਤੇ ਭਾਈ ਜੀ ਦੇ ਹਿਰਦੇ ਵਾਂਗੂ ਆਪ ਪ੍ਰੇਮ ਵਿਚ ਜਾਂਦਾ ਹੈ।

ਭਾਈ ਜੀ ਦੀ ਵੈਰਾਗ ਦੀ ਦਸ਼ਾ ਬਹੁਤ ਵਧੀ ਹੋਈ ਦੇਖਕੇ ਇਕ ਦਿਨ ਸੰਗਤ ਨੇ ਬੇਨਤੀ ਕੀਤੀ ਕਿ ਆਗਯਾ ਹੋਵੇ ਤਦ ਸਤਿਗੁਰਾਂ ਨੂੰ ਚੱਲਕੇ ਬਿਨੈ ਕਰੀਏ ਜੋ ਆ ਜਾਣ। ਭਾਈ ਜੀ ਨੇ ਹੱਥ ਜੋੜ ਕੇ ਕਿਹਾ: 'ਮਿੱਤ੍ਰੋ! ਸਤਿਗੁਰੂ ਜੀ ਜਾਣੀ ਜਾਣ ਹਨ, ਉਹਨਾਂ ਤੋਂ ਕੁਛ ਗੁੱਝਾ ਨਹੀਂ, ਮਨ ਮਿਲਣਾ ਲੋਚਦਾ ਹੈ, ਲੋਚਾ ਮਿਟ ਨਹੀਂ ਸਕਦੀ, ਕਿਉਂਕਿ ਪ੍ਰੇਮ ਵਸ ਦੀ ਖੇਡ ਨਹੀਂ ਹੈ, ਪਰ ਪਿਆਰੇ ਗੁਰੂ ਦੀ ਰਜ਼ਾ ਜੇ ਬਿਰਹੋਂ ਦੀ ਹੈ ਤਦ ਸਾਡਾ ਧਰਮ ਉਹਨਾਂ ਦੀ ਰਜ਼ਾ ਨੂੰ ਸਿਰ ਤੇ ਧਰਨਾ ਹੈ। ਜਦੋਂ ਗੁਰੂ ਜੀ ਯੋਗ ਜਾਣਨਗੇ ਆਪ ਬਹੁੜਨਗੇ।' ਇਸ ਉੱਤਰ ਅੱਗੇ ਸੰਗਤ ਬੀ ਚੁੱਪ ਹੈ। ਰਾਮੋ ਦੀ ਆਪਣੀ ਦਸ਼ਾ ਪਤੀ ਜੀ ਵਰਗੀ ਹੈ, ਪਰ ਇਕ ਦਿਨ ਦੀ ਗੱਲ ਹੈ, ਭਾਈ ਜੀ ਸੁੱਤੇ ਪਏ ਹਨ, ਸੁਪਨੇ ਵਿਚ ਕੀ ਦੇਖਦੇ ਹਨ ਕਿ ਇਕ ਬੜਾ ਭਾਰੀ ਸਮੁੰਦਰ ਹੈ, ਅਰ ਉਸ ਦਾ ਜਲ ਬੜਾ ਮਿੱਠਾ ਹੈ ਤੇ ਬਹੁਤ ਹੀ ਪਿਆਰਾ ਲੱਗਦਾ ਹੈ। ਸਮੁੰਦਰ ਵਿਚੋਂ ਇਕ ਬਹੁਤ ਪਿਅਰੀ ਸੂਰਤ ਨਿਕਲੀ ਤੇ ਕਹਿਣ ਲੱਗੀ ਕਿ ਸਾਈਂ ਦਾਸ! ਇਸੇ ਜਲ ਪਰ ਤੂੰ ਬਹੁਤ ਪ੍ਰੇਮਵਾਨ ਹੋਜਾ ਹੈਂ, ਆਓ ਤੂੰ ਇਸ ਵਿਚ ਨਿਵਾਸ ਕਰ ਮੱਛੀ ਸਮਾਨ, ਇਹ ਜਲ ਤੈਨੂੰ ਆਪਣੇ ਵਿਚ ਰਖੇਗਾ, ਤੈਨੂੰ ਡੋਬੇ ਹਿਕੇ ਮਾਰੇਗਾ ਨਹੀਂ। ਭਾਈ ਜੀ ਨੇ ਪ੍ਰਤੀਤ ਕੀਤੀ ਅਰ ਸਮੁੰਦਰ ਵਿਚ ਜਾ ਵੜੇ। ਕੀ ਦੇਖਦੇ ਹਨ ਕਿ ਮੱਛੀ ਵਾਂਙੂ ਫਿਰਦੇ ਹਾਂ, ਤਰਦੇ ਹਾਂ, ਡੁਬਕੀਆਂ ਲਾਉਂਦੇ ਹਾਂ, ਅੰਦਰ ਬਾਹਰ ਜਲ ਫਿਰਦਾ ਹੈ, ਪਰ ਨਾ ਤਾਂ ਡੁਬਦੇ ਹਾਂ, ਨਾ ਮਰਦੇ ਹਾਂ, ਨਾ ਔਖੇ ਹੁੰਦੇ ਹਾਂ, ਸਗੋਂ ਅਨੰਦ ਪਾ ਰਹੇ ਹਾਂ। ਕੁਛ ਸਮਾਂ ਪਾ ਕੇ ਫੇਰ ਉਸੇ ਸੂਰਤ ਨੇ ਜਲ ਵਿਚੋਂ ਪ੍ਰਗਟ ਹੋਕੇ ਕਿਹਾ: 'ਸਾਈਂ ਦਾਸ! ਇਹ ਜਲ ਜੋ ਹੈ ਤੈਨੂੰ ਬਹੁਤ ਪਿਆਰਾ ਹੈ, ਹੁਣ ਤੇਰਾ ਜੀਵਨ ਦਾ ਆਸਰਾ ਇਹੋ ਹੈ, ਤਾਂ ਤੇ ਆਉ ਜੋ ਤੈਨੂੰ ਬੀ ਜਲ ਰੂਪ ਕਰਕੇ ਇਸੇ ਦੇ ਵਿਚ ਰਲਾਇ ਦੇਵੀਏ ਸੋ ਤੂੰ ਬੀ ਜਲ ਵਿਚ ਜਲ ਹੋ ਜਾਵੇਂ। ਇਹ ਸੁਣ ਕੇ ਭਾਈ ਜੀ ਨੇ ਕਿਹਾ: 'ਜਿਵੇਂ ਜੀ ਹੁਕਮ ਕਰਹੁ ਗੁਲਾਮ ਹਾਜ਼ਰ ਹੈ, ਪਰ ਨਾ ਜਲ ਤੋਂ ਬਾਹਰ ਕੱਢਿਓ ਜੇ ਤੇ ਨਾ ਜਲ ਬਨਾਇਓ ਜੇ; ਜਲ ਦੇ ਵਿਚ ਰਖਹੁ ਤੇ ਜਲ ਦੇ ਪਿਆਰੇ ਬਨਾਈ ਰਖੋ:-

"ਤੁਮ੍ ਜਲ ਨਿਧਿ ਹਮ ਮੀਨੇ ਤੁਮਰੇ...॥"

{ਰਾਗੁ ਕਲਿਆਨ ਮਹਲਾ ੪, ਪੰਨਾ ੧੩੧੯}

ਤਾਂ ਉਹ ਸੂਰਤ 'ਭਲਾ ਹੋਵੇ' ਕਹਿਕੇ ਲੋਪ ਹੋ ਗਈ। ਫਿਰ ਕੀ ਵੇਖਦੇ ਹਨ ਜੋ ਪਿਆਰੇ ਸਤਿਗੁਰ ਜੀ ਬਿਰਾਜ ਰਹੇ ਤੇ ਬਿਹਸ ਰਹੇ ਹਨ। ਹੁਣ ਆਪ ਦੀ ਜਾਗ ਖੁਲ ਗਈ। ਇਸ ਵੇਲੇ ਰਾਮੋ ਪਾਸ ਬੈਠੀ ਪਾਠ ਕਰ ਰਹੀ ਸੀ:-


www.sikhbookclub.com

ਕੇਦਾਰਾ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ॥

"ਮਿਲੁ ਮੇਰੇ ਪ੍ਰੀਤਮ ਪਿਆਰਿਆ॥ਰਹਾਉ॥

ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ॥
ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ॥
ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ॥
ਜੋ ਸਰਨੀ ਆਵੈ ਸਰਬ ਸੁਖ ਪਾਵੈ ਤਿਲੁ ਨਹੀ ਭੰਨੈ ਘਾਲਿਆ॥
ਹਰਿ ਗੁਣ ਨਿਧਿ ਗਾਏ ਸਹਜ ਸੁਭਾਏ ਪ੍ਰੇਮ ਮਹਾਰਸ ਮਾਤਾ॥
ਨਾਨਕ ਦਾਸ ਤੇਰੀ ਸਰਣਾਈ ਤੂ ਪੂਰਨ ਪੁਰਖੁ ਬਿਧਾਤਾ॥੧॥
ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ॥
ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥
ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ॥
ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ॥
ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ ਹਰਿ ਗੁਣ ਗਾਹੀ॥
ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ॥੨॥
ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ॥
ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ॥
ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ॥
ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ॥
ਹਰਿ ਸਿਉ ਜਾਇ ਮਿਲਣਾ ਸਾਧ ਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ॥
ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ॥੩॥
ਖੋਜਤ ਖੋਜਤ ਪ੍ਰਭ ਮਿਲੇ ਹਰਿ ਕਰੁਣਾ ਧਾਰੇ॥
ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ॥
ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ ਬਖਾਨਿਆ॥
ਭਗਤਿ ਵਛਲੁ ਸੁਨਿ ਅੰਚਲੋੁ ਗਹਿਆ ਘਟਿ ਘਟਿ ਪੂਰ ਸਮਾਨਿਆ॥
ਸੁਖ ਸਾਗਰੋੁ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ॥
ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ॥੪॥੧॥

{ਕੇਦਾਰਾ ਛੰਤ ਮਹਲਾ ੫, ਪੰਨਾ ੧੧੨੨}

ਇਹ ਸ਼ਬਦ ਆਪ ਨੇ ਬਹੁਤ ਹੀ ਪਿਆਰ ਨਾਲ ਸੁਣਿਆ। ਭੋਗ ਪਾ ਕੇ ਰਾਮੋ ਨੇ ਕਿਹਾ: 'ਪਤੀ ਜੀ! ਆਪ ਦੀ ਆਗਿਆ ਮੇਰੇ ਸੀਸ ਪਰ ਹੈ, ਪਰ ਜੇ ਆਪ ਜੋਗ ਜਾਣੋ ਤਦ ਸਤਿਗੁਰਾਂ ਜੋਗ ਇਕ

ਪੱਤ੍ਰਿਕਾ ਪਾਓ; ਜਿਕੁਰ ਪੰਜਵੇਂ ਸਤਿਗੁਰਾਂ ਨੇ ਲਾਹੌਰ ਤੋਂ ਪਿਆਰੇ ਜੀ ਨੂੰ ਮਿਲਣ ਦੀ ਲੋਚਾ ਦਾ ਸ਼ਬਦ ਲਿਖਿਆ ਸੀ।'

ਸਾਈਂਦਾਸ-ਹੇ ਗੁਰੂ ਸੁਆਰੀਏ! ਅਸੀਂ ਜੀਵ ਸਤਿਗੁਰਾਂ ਦੀ ਬਰੋਬਰੀ ਕੀਕੂੰ ਕਰ ਸਕਦੇ ਹਾਂ? ਗੁਰੂ ਅਰਜਨ ਦੇਵ ਜੀ ਪਾਤਸ਼ਾਹ ਦੇ ਸ਼ਾਹਜ਼ਾਦੇ ਸਨ, ਸ਼ਾਹਜ਼ਾਦੇ ਨੇ ਪਿਤਾ ਪਾਤਸ਼ਾਹ ਨੂੰ ਪਾਤੀ ਭੇਜ ਦਿਤੀ, ਤਦ ਬਣ ਆਈ। ਅਸੀਂ ਹੋਏ ਸਿਖ, ਦਾਸ ਤੇ ਦਾਸ ਬੀ ਓਹ ਜੋ ਅਜੇ ਜੋਗ ਨਹੀਂ ਹੋਏ, ਅਸੀਂ 'ਪੱਤ੍ਰ ਲਿਖੀਏ', ਇਹ ਬੇਅਦਬੀ ਹੈ।

ਰਾਮੋ ਨੇ ਕਿਹਾ: ਸਤਿਗੁਰ ਜੀ ਨੇ ਸਿਖਾਂ ਦਾ ਦਰਜਾ ਤਾਂ ਬਹੁਤ ਉੱਚਾ ਲਿਖਿਆ ਹੈ, ਓਹ ਤਾਂ ਗੁਰੂ ਨੂੰ ਅਤਿ ਪਿਆਰੇ ਹਨ।

ਭਾਈ-ਇਹ ਗੁਰੂ ਦੀ ਆਪਣੀ ਮਿਹਰ ਹੈ।

ਇਹ ਕਹਿ ਭਾਈ ਜੀ ਨੇ ਫੇਰ ਸੁਪਨਾ ਸੁਣਾਇਆ। ਰਾਮੋ ਸੁਣ ਕੇ ਹੱਸ ਪਈ ਤੇ ਕਹਿਣ ਲੱਗੀ: ਪਤੀ ਜੀ! ਗੁਰੂ ਜੀ ਨੇ ਕੇਡੀ ਸਹਾਇਤਾ ਕੀਤੀ! ਜੇ ਆਪ ਪਾਣੀ ਬਣਨਾ ਮੰਨ ਲੈਂਦੇ ਤਾਂ ਕੀਹ ਬਣਦਾ? ਬਹੁਤ ਹੀ ਭਲਾ ਹੋਇਆ ਜੋ ਤੁਸੀਂ ਮਛਲੀ ਬਣਨ ਨਾਲ ਵਧੀਕ ਪਿਆਰ ਕੀਤਾ। ਭਾਵੇਂ ਆਪ ਸਾਰੀ ਗੱਲ ਦੇ ਜਾਣੀ ਜਾਣ ਤੇ ਵਰਤੋਂ ਵਾਲੇ ਹੋ, ਪਰ "**ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥**"{ਮਾਰੂ: ਮਲੋ: ਮ: ੫-੧੦੭੮} ਵਾਲਾ ਕਾਰਜ ਆਪ ਤੋਂ ਗੁਰੂ ਜੀ ਨੇ ਕਰਵਾਇਆ ਹੈ, ਗੁਰੂ ਜੀ ਧੰਨ ਹਨ!

ਫੇਰ ਭਾਈ ਜੀ ਨੇ ਦੱਸਿਆ ਕਿ ਸੁਪਨੇ ਦੇ ਅੰਤ ਪਰ ਗੁਰੂ ਜੀ ਦੇ ਬਿਹਸਦੇ ਚਿਹਰੇ ਦੇ ਦਰਸ਼ਨ ਹੋਏ ਹਨ।

ਰਾਮੋ-ਪ੍ਰਾਣ ਨਾਥ ਜੀ! ਸਤਿਗੁਰੂ ਜੀ ਜੀਉ ਦੀ ਜਾਣਨਹਾਰ ਹਨ, ਆਉਣਗੇ ਅਰ ਕ੍ਰਿਪਾ ਕਰਨਗੇ। ਅਸੀਂ ਬੜੇ ਹੀ ਨੀਵੇਂ ਹਾਂ, ਧਰਤੀ ਵਾਂਙੂ ਤੇ ਕਲਰਾਏ ਥਾਂ ਵਾਂਙੂ ਹਾਂ, ਪਰ ਗੁਰੂ ਬੱਦਲ ਦੀ ਨਿਆਈਂ ਸਾਰੇ ਇਕ ਸਾਰ ਵਸ ਜਾਂਦਾ ਹੈ।

ਇਧਰ ਪ੍ਰੇਮ ਦੀ ਇਹ ਦਸ਼ਾ ਹੈ। ਉਧਰ ਇਕ ਦਿਨ ਸਤਿਗੁਰਾਂ ਨੇ ਦਮੋਦਰੀ ਜੀ ਨੂੰ ਕਿਹਾ: ਹੇ ਪ੍ਰਿਯੇ! ਆਪ ਦੀ ਭੈਣ ਤੇ ਤਿਸਦੇ ਪ੍ਰਾਣ ਪਿਆਰੇ ਜੀ ਨੇ ਮੰਦਰ ਬਣਾਇਆ ਹੈ ਅਰ ਬਣਵਾ ਕੇ ਬੰਦ ਕਰ ਦਿਤਾ ਹੈ ਤੇ ਪ੍ਰੇਮ ਵਿਚ ਬਿਹਬਲ ਹੋ ਰਹੇ ਹਨ ਤੇ ਉਡੀਕ ਰਹੇ ਹਨ ਕਿ ਅਸੀਂ ਉਸ ਘਰ ਵਿਚ ਚੱਲਕੇ ਵਸੀਏ; ਦੱਸੋ ਤੁਹਾਡੀ ਕੀਹ ਮਰਜ਼ੀ ਹੈ?

ਦਮੋਦਰੀ ਬੋਲੀ-ਹੇ ਕਿਰਪਾਲੂ ਜੀ! ਆਪ ਦਾ ਬਿਰਦ ਭਗਤ ਵਛਲ ਹੈ, ਅਰ ਮੇਰਾ ਜੀਜਾ ਜੀ ਦੇ ਭੈਣ ਜੀ ਆਪ ਦੇ ਚਰਨਾਂ ਕਮਲਾਂ ਦੇ ਭੌਰੇ ਹਨ, ਆਪ ਕ੍ਰਿਪਾ ਕਰਕੇ ਉਨ੍ਹਾਂ ਦੇ ਮਨੋਰਥ ਪੂਰਨ ਕਰੀਏ। ਇਹ ਆਪ ਦੀ ਕ੍ਰਿਪਾਲਤਾ ਹੈ। ਸਾਕਾਦਾਰੀ ਬੀ ਹੈ ਅਰ ਬਹੁਤ ਹੀ ਪਿਆਰ ਦਾ ਸਾਕ ਹੈ, ਪਰ ਉਨ੍ਹਾਂ ਦੇ ਰਿਦੇ ਵਿਚ ਤਾਂ ਅਨਿੰਨ ਸਿੱਖੀ ਭਾਵ ਹੈ, ਸਾਕਾਦਾਰੀ ਦਾ ਮਾਨ ਹੰਕਾਰ ਰੱਤੀ ਜਿੰਨਾ ਬੀ ਨਹੀਂ ਹੈ।

ਗੁਰੂ ਜੀ ਨੇ ਕਿਹਾ ਕਿ ਅੱਛਾ, ਫਿਰ ਤੁਸੀਂ ਤਾਂ ਤਿਆਰੀ ਤੁਰਨ ਦੀ ਕਰੋ ਤੇ ਅਸਾਂ ਨੂੰ ਇਕ ਹੋਰ ਖਿੱਚ ਲੱਗ ਰਹੀ ਹੈ, ਮਾਤਾ ਜੀ ਨਾਲ ਸਲਾਹ ਕਰ ਲਵੀਏ।

ਫੇਰ ਆਪ ਨੇ ਮਾਤਾ ਜੀ ਪਾਸ ਜਾ ਕੇ ਸਾਈਂ ਦਾਸ ਦਾ ਹਾਲ ਸੁਣਾਇਆ ਅਰ ਨਾਲ ਦੱਸਿਆ ਕਿ ਨਾਨਕ ਮਤੇ, ਜੋ ਆਦਿ ਸਤਿਗੁਰਾਂ ਦਾ ਗੁਰਦੁਆਰਾ ਹੈ, ਉਹ ਸਾਡੇ ਸਿਖ ਸਾਧੂ ਪਾਸੋਂ ਸਿੱਧਾਂ ਨੇ ਖੋਹ ਲੀਤਾ ਹੈ ਅਰ ਬੇਅਦਬੀ ਕਰ ਰਹੇ ਹਨ ਤੇ ਉਹ ਸਿਖ ਸਾਧੂ ਬਹੁਤ ਵਿਆਕੁਲ, ਦਿਨ ਰਾਤ ਬਿਨੈ ਕਰ ਰਿਹਾ ਹੈ ਕਿ ਸਤਿਗੁਰਾਂ ਦਾ ਗੁਰਧਾਮ ਉਨ੍ਹਾਂ ਤੋਂ ਲੈ ਕੇ ਪਵਿੱਤ੍ਰਤਾ ਵਿਚ ਕਾਇਮ ਰਖਿਆ ਜਾਵੇ। ਦੁਵੱਲੀ ਖਿੱਚ ਡਾਢੇ ਪ੍ਰੇਮ ਦੀ ਹੈ, ਤੁਸੀਂ ਆਗਿਆ ਕਰੋ ਕਿਸ ਪਾਸੇ ਚੱਲੀਏ? ਸ਼ੁਭ ਮਤ ਵਾਲੀ ਮਾਤਾ ਜੀ ਨੇ ਕਿਹਾ ਕਿ ਆਪ ਜਗਤ ਗੁਰੂ ਹੋ ਤੇ ਜਾਣੀ ਜਾਣ ਹੋ, ਜਿਸ ਪਾਸੇ ਗਏ ਬਿਨਾਂ ਹਰਜ ਵਿਸ਼ੇਸ਼ ਹੁੰਦਾ ਹੋਵੇ, ਉਧਰ ਪਹਿਲੇ ਜਾਣਾ ਚਾਹੀਦਾ ਹੈ। ਨਾਨਕ ਮਤੇ ਆਪ ਤੋਂ ਬਿਨਾਂ ਕਾਰਜ ਸਰਨਾ ਨਹੀਂ ਹੈ, ਜਗ੍ਹਾ ਦੂਰ ਹੈ। ਭਾਵੇਂ ਮੈਂ ਸਮੇਤ ਸੰਗਤਾਂ ਨੇ ਵਿਛੋੜਾ ਨਹੀਂ ਸਹਾਰ ਸਕਣਾ ਪਰ ਜੋ ਭਗਤ ਨੂੰ ਭੀੜ ਪਈ ਹੈ, ਉਸ ਨੂੰ ਬਹੁੜਨਾ ਬੀ ਆਪ ਦਾ ਹੀ ਬਿਰਦ ਹੈ। ਇਧਰ ਸਾਈਂ ਦਾਸ ਜੀ ਬੀ ਪੂਰਨ ਸਿਖ ਹਨ, ਉਨ੍ਹਾਂ ਦੇ ਪ੍ਰੇਮ ਦੀ ਲਾਜ ਪਾਲਣੀ ਬੀ ਆਪ ਦਾ ਬਿਰਦ ਹੈ।

ਤਦ ਸ੍ਰੀ ਗੁਰੂ ਜੀ ਬੋਲੇ ਕਿ ਐਉਂ ਕਰੀਏ: ਤੁਸੀਂ ਤਾਂ ਪਰਵਾਰ ਸਮੇਤ ਡਰੋਲੀ ਚੱਲੋ ਤੇ ਸਾਈਂ ਦਾਸ ਜੀ ਤੇ ਰਾਮੋ ਨੂੰ ਪਿਆਰ ਧੀਰਜ ਦਿਲਾਸਾ ਦਿਓ ਤੇ ਅਸੀਂ 'ਨਾਨਕ ਮਤੇ' ਚੱਲਦੇ ਹਾਂ। ਉਥੋਂ ਕਾਰਜ ਰਾਸ ਕਰਕੇ ਫਿਰ ਕੁਛ ਚਿਰ ਨੂੰ ਅਸੀਂ ਡਰੋਲੀ ਆ ਅੱਪੜਾਂਗੇ; ਇਉਂ ਦੋਨੋਂ ਕਾਰਜ ਠੀਕ ਹੋ ਜਾਣਗੇ। ਮਾਤਾ ਜੀ ਇਸ ਗੱਲ ਪਰ ਬੜੇ ਪ੍ਰਸੰਨ ਹੋਏ ਤੇ ਦੀਨਾਂ ਦੇ ਨਾਥ ਸਤਿਗੁਰੂ ਜੀ ਨੇ ਦੀਵਾਨ ਵਿਚ ਜਾ ਕੇ ਭਾਈ ਬੁੱਢਾ ਤੇ ਭਾਈ ਗੁਰਦਾਸ ਜੀ ਆਦਿਕਾਂ ਨੂੰ ਆਪਣਾ ਮੰਤਵ ਦੱਸਿਆ ਜਿਸ ਪਰ ਪੰਜ਼ੀ ਸੂਰਮੇਂ ਤਾਂ ਮਾਤਾ ਜੀ ਤੇ ਪਰਿਵਾਰ ਨਾਲ ਡਰੋਲੀ ਜਾਣ ਵਾਸਤੇ ਚੁਣੇ ਗਏ, ਭਾਈ ਬੁੱਢਾ ਤੇ ਭਾਈ ਗੁਰਦਾਸ ਜੀ ਸ੍ਰੀ ਦਰਬਾਰ ਸਾਹਿਬ ਜੀ ਤੇ ਸ੍ਰੀ ਅਕਾਲ ਤਖਤ ਦੀ ਸੇਵਾ ਵਾਸਤੇ ਕੁਛ ਸੂਰਮਿਆਂ ਤੇ ਸੰਗਤ ਸਮੇਤ ਛੱਡੇ ਗਏ। ਕੁਛ ਸੈਨਾਂ ਸਤਿਗੁਰਾਂ ਨੇ ਨਾਲ ਲੀਤੀ ਤੇ ਬਾਕੀ ਦੀ ਸੈਨਾ ਕਰਤਾਰਪੁਰੇ ਛੱਡਣ ਦਾ ਮਤਾ ਦ੍ਰਿੜ੍ਹ ਕੀਤਾ।

ਅਗਲੀ ਭਲਕ ਮਾਤਾ ਜੀ ਸਾਰੇ ਪਰਵਾਰ ਸਮੇਤ ਡਰੋਲੀ ਨੂੰ ਟੁਰ ਗਏ, ਸ੍ਰੀ ਗੁਰੂ ਜੀ ਨੇ ਆਪਣੀ ਤਿਆਰੀ ਨਾਨਕ ਮਤੇ ਦੀ ਅਰੰਭ ਦਿੱਤੀ।


www.sikhbookclub.com

# ੩੩. ਗੁਰੂ ਪਰਿਵਾਰ ਡਰੋਲੀ

"ਪ੍ਰੇਮ ਮਗਨ ਦੋਨੋਂ ਭਏ ਰਹੀ ਨ ਦੇਹ ਸੰਭਾਰ।"

**ਰਾਮੋ ਤੇ ਸਾਈਂ ਦਾਸ ਜੀ** ਦੀ ਪਿਆਰ ਖਿੱਚ ਵਰਣਨ ਕਰਦੇ ਪੁਰਾਣੇ ਲੇਖਕ ਲਿਖਦੇ ਹਨ:-

ਇਸ ਹਾਲ ਵਿਚ ਅੱਪੜ ਚੁਕੇ ਹਨ ਪਰ ਅਜੇ ਕੋਈ ਸੰਦੇਸਾ ਸੁੰਧਕ ਨਹੀਂ ਆਉਂਦੀ ਕਿ ਪਿਆਰੇ ਜੀ ਕਦ ਦਰਸ਼ਨ ਦੇਂਦੇ ਹਨ? ਭਾਈ ਜੀ ਦਾ ਸਤਿਸੰਗਤ ਦਾ ਪ੍ਰੇਮ ਇਸ ਹਾਲ ਵਿਚ ਜਾਰੀ ਹੈ, ਅੰਮ੍ਰਿਤ ਵੇਲੇ ਜਦ ਪੰਜ ਘੜੀ ਰਾਤ ਰਹਿੰਦੀ ਹੈ ਤਾਂ ਦੀਵਾਨ ਵਿਚ ਵੀ ਅੱਪੜ ਜਾਂਦੇ ਪਰ ਕਥਾ ਵਾਰਤਾ, ਬਚਨ ਬਿਲਾਸ ਵੱਲੋਂ ਚੁੱਪ ਰਹਿੰਦੇ ਹਨ। ਪ੍ਰਸ਼ਾਦ ਵੀ ਅੱਗੇ ਤੋਂ ਅਲਪ ਹੋ ਗਿਆ ਹੈ, ਨੀਂਦ ਬੀ ਘਟ ਗਈ ਹੈ। ਸਿਮਰਨ ਦਾ ਪ੍ਰਵਾਹ ਨਦੀ ਦੇ ਰੌ ਵਾਂਙੂ ਚਲਦਾ ਹੈ। ਸੁਰਤ ਸੁੱਖੀ ਹੈ, ਪਰ ਧਿਆਨ ਪ੍ਰੀਤਮ ਵਿਚ ਮਗਨ ਹੈ ਅਰ ਉੱਚੇ ਮਨ ਕਿਸੇ ਲਹਿਰ ਵਿਚ ਝੂਲਦੇ ਮਸਤ ਜੇਹੇ ਰਹਿੰਦੇ ਹਨ। ਇਹੋ ਹਾਲ ਰਾਮੋ ਦਾ ਹੈ। ਇਕ ਦਿਨ ਅਚਾਨਕ ਕਿਸੇ ਪਿਆਰੇ ਨੇ ਆ ਕੇ ਕਿਹਾ: 'ਭਾਈ ਸਾਹਿਬ ਜੀ! ਇਕ ਸਿੱਖ ਮੇਵੜਾ ਆਇਆ ਹੈ, ਉਹ ਇਹ ਸੁਧ ਲਿਆਇਆ ਹੈ ਕਿ ਸ੍ਰੀ ਗੁਰੂ ਜੀ ਦੀ ਪਰਮ ਪਾਵਨ ਮਾਤਾ ਜੀ ਤੇ ਬੀਬੀ ਰਾਮੋ ਦੀ ਭੈਣ ਦਮੋਦਰੀ ਜੀ ਤੇ ਹੋਰ ਪਰਿਵਾਰ ਆਪ ਦੇ ਗ੍ਰਿਹਿ ਆ ਰਹੇ ਹਨ, ਮੈਂ ਪਹਿਲੋਂ ਖ਼ਬਰ ਦੇਣ ਲਈ ਆਇਆ ਹਾਂ। ਇਹ ਗਲ ਸੁਣ ਕੇ ਦੋਵੇਂ ਜਣੇ ਚੁੱਪ ਤੇ ਚੁੱਪ ਵਿਚ ਨੈਣ ਬੰਦ ਤੇ ਕੁਛ ਬੇਸੁਧ ਜੇਹੇ ਹੋ ਗਏ। ਕੁਛ ਸਮੇਂ ਮਗਰੋਂ ਭਾਈ ਜੀ ਦੇ ਨੈਣ ਖੁਲ੍ਹੇ ਤਾਂ ਇਧਰ ਉਧਰ ਤੱਕਣ ਲੱਗ ਪਏ, ਜਿਵੇਂ ਨੀਮ ਬਾਵਰੇ ਹੁੰਦੇ ਹਨ। ਪ੍ਰੇਮੀ ਨੇ ਫੇਰ ਖ਼ਬਰ ਸੁਣਾਈ ਕਿ ਜੀ! ਬਾਹਰ ਮੇਵੜਾ ਖੜਾ ਹੈ। ਸ਼ਾਈਂ ਦਾਸ ਬੜੇ ਜ਼ੋਰ ਨਾਲ ਸੁਰਜੀਤ ਹੋ ਕੇ ਬੋਲੇ-ਕੌਣ ਹੈ?

ਸਿਖ-ਜੀ, ਮੇਵੜਾ।

ਸਾਈਂ ਦਾਸ-ਮੇਵੜਾ ਕਿੱਥੋਂ ਆਇਆ ਹੈ?

ਸਿਖ-ਗੁਰੂ ਪਰਿਵਾਰ ਆ ਰਿਹਾ ਹੈ।

ਸਾਈਂ ਦਾਸ-ਗੁਰੂ ਪਰਿਵਾਰ ਆ ਗਿਆ ਹੈ? ਗੁਰੂ? ਪਰਿਵਾਰ ਗੁਰੂ ਆ ਗਿਆ ਹੈ, ਮੰਦਰ ਵੱਲੇ ਗਿਆ ਹੈ? ਰੌਣਕਾਂ ਮੰਗਲ ਹੋ ਰਹੇ ਹਨ? ਹੈਂ.......।

"ਮੰਦਭਾਗੀ ਤੇਰੋ ਦਰਸਨੁ ਨਾਹਿ॥"

{ਗਉੜੀ ਕਬੀਰ ਜੀ-੨, ਪੰਨਾ ੩੨੩}

ਸਿਖ ਨੇ ਫੇਰ ਚਰਨ ਦਬਾਏ, ਹੱਥਾਂ ਦੀਆਂ ਤਲੀਆਂ ਝੱਸੀਆਂ ਤੇ ਪਿਆਰ ਨਾਲ ਫੇਰ ਸੁਨੇਹਾ ਦਿਤਾ, ਤਾਂ ਸੁਰਤ ਆਈ, ਨੈਣ ਖੋਲ੍ਹ ਕੇ ਤੱਕੇ, ਉੱਠੇ ਤੇ ਫੇਰ ਬੈਠ ਗਏ। ਸਿੱਖ ਨੇ ਜਲ ਛਕਾਇਆ ਤੇ ਫੇਰ ਸੁਨੇਹਾ ਦ੍ਰਿੱਤਾ। ਫੇਰ ਆਪ ਸੁੱਤੇ ਹੋਏ ਵਾਂਙੂ ਜੋ ਨਵਾਂ ਜਾਗੇ, ਬੋਲੇ: ਹੈਂ! ਆ ਗਏ ਹਨ?


www.sikhbookclub.com

ਸਿਖ-ਜੀ! ਪਰਿਵਾਰ ਆ ਗਿਆ ਹੈ, ਗੁਰੂ ਪਰਿਵਾਰ।

ਸਾਈਂ ਦਾਸ-ਗੁਰੂ ਜੀ! ਗੁਰੂ ਜੀ?......ਹਾਂ! ਪਰਿਵਾਰ ਆ ਗਿਆ ਹੈ।

ਸਿਖ-ਜੀ ਹਾਂ, ਪਰਿਵਾਰ ਆਇਆ ਹੈ। ਗੁਰੂ ਜੀ ਫੇਰ ਆਉਣਗੇ।

ਹੁਣ ਹੋਸ਼ ਫਿਰ ਆਈ, ਨੈਣ ਭਰ ਆਏ! ਹਾਂ, ਗੁਰੂ ਜੀ ਅਜੇ ਨਹੀਂ ਆਏ। ਆ ਗਿਆ ਹੈ ਪਰਿਵਾਰ। ਪਰਿਵਾਰ ਆ ਗਿਆ ਹੈ?

ਸਿਖ-ਮਾਤਾ ਗੰਗਾ ਜੀ ਆਏ ਹਨ।

ਹੁਣ ਸਾਈਂ ਦਾਸ ਬਾਹਰ ਆਇਆ, ਮਗਰੇ ਰਾਮੋ ਆਈ। ਨੱਗਰ ਦੇ ਪ੍ਰੇਮੀ ਕੱਠੇ ਹੋ ਗਏ। ਰਾਮੋ ਤਾਂ ਮੇਵੜੇ ਦੇ ਨਾਲ ਸਹੇਲੀਆਂ ਸਤਿਸੰਗਣਾਂ ਸਮੇਤ ਅਗੁਵਾਨੀ ਨੂੰ ਚੱਲੀ ਤੇ ਸਾਈਂ ਦਾਸ ਜੀ ਨੇ ਨਵੇਂ ਬੰਦ ਘਰ ਦਾ ਜੰਦਰਾ ਖੋਲ੍ਹਿਆ। ਘਰ ਵਿਚ ਪਲੰਘ ਰਖੇ ਹੋਏ ਸੇ, ਝਾਂੜੂ ਰੋਜ਼ ਦਿੱਤਾ ਜਾਂਦਾ ਸੀ, ਧੂਪ ਰੋਜ਼ ਧੁਖਦਾ ਸੀ। ਹੁਣ ਆਪ ਨੇ ਛੇਤੀ ਨਾਲ ਪਲੰਘ ਡਹਾਏ, ਵਿਛਾਈਆਂ ਕਰਵਾਈਆਂ ਤੇ ਇਕ ਪ੍ਰੇਮੀ ਨੂੰ ਪ੍ਰਸ਼ਾਦ ਤਿਆਰ ਕਰਨ ਲਾਇਆ। ਇਕ ਨੂੰ ਕੜਾਹ ਪ੍ਰਸ਼ਾਦ ਤੇ ਲਾਇਆ ਤੇ ਸਹਿਜੇ ਸਹਿਜੇ ਆਪ ਵੀ ਅਗੁਵਾਨੀ ਨੂੰ ਤੁਰ ਪਏ, ਸਰੀਰ ਅੱਗੇ ਤੋਂ ਲਿੱਸਾ ਹੈ ਤੇ ਕਦਮਾਂ ਵਿਚ ਫੁਰਤੀ ਕੱਸੀ ਹੈ। ਥੋੜੇ ਹੀ ਕਦਮ ਆਏ ਸਨ ਕਿ ਸੰਗਤ ਸਮੇਤ ਸਾਰੇ ਆ ਪਹੁੰਚੇ। ਬੜੇ ਸਤਿਕਾਰ ਤੇ ਪਿਆਰ ਨਾਲ ਰਥਾਂ ਤੋਂ ਵੱਡੇ ਮਾਤਾ ਜੀ ਤੇ ਸਾਰੇ ਪਰਿਵਾਰ ਨੂੰ ਉਤਾਰਿਆ ਤੇ ਸਾਰੀ ਸੰਗਤ ਨੇ ਉਹਨਾਂ ਨੂੰ ਮੱਥਾ ਟੇਕਿਆ। ਰਾਮੋ ਮਾਤਾ ਗੰਗਾ ਜੀ ਨੂੰ ਤੇ ਭੈਣ ਨੂੰ ਨਾਲ ਲੈ ਕੇ ਟੁਰੀ। ਘਰ ਦੇ ਅੱਗੇ ਪਹੁੰਚੇ ਤਾਂ ਸਾਈਂ ਦਾਸ ਨੇ ਫੁੱਲਾਂ ਦੀ ਵਰਖਾ ਕੀਤੀ ਤੇ ਸੀਸ ਧਰਤੀ ਤੇ ਰੱਖੇ। ਫੇਰ ਰਾਮੋ ਤੇ ਆਪ ਹੱਥ ਜੋੜਕੇ ਦਲ੍ਹੀਜਾਂ ਨਾਲ ਖੜੋ ਗਏ ਤੇ ਮਾਤਾ ਜੀ ਨੇ ਪਰਿਵਾਰ ਸਮੇਤ-"ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!!" ਉਚਾਰਦੇ ਅੰਦਰ ਪ੍ਰਵੇਸ਼ ਕੀਤਾ ਤੇ ਜਾ ਕੇ ਪਲੰਘ ਤੇ ਬਿਰਾਜੇ। ਕੜਾਹ ਪ੍ਰਸ਼ਾਦ ਤਿਆਰ ਹੋ ਗਿਆ ਸੀ, ਚੌਂਕੀ ਡਾਹਕੇ ਪ੍ਰਸ਼ਾਦ ਧਰਿਆ ਤੇ ਆਪ ਚਰਨਾਂ ਵਿਚ ਬਹਿ ਰਿਆ। ਮਾਤਾ ਜੀ ਉਸ ਦੇ "ਉਨਵਿ ਘਨ ਛਾਏ" ਭਰ ਰਹੇ ਨੇਤ੍ਰਾਂ ਤੇ ਪ੍ਰੇਮ ਦੀ ਉਮੰਡ ਨੂੰ ਵੇਖ ਕੇ ਆਪ ਨੈਣ ਭਰ ਰਹੇ ਸਨ, ਪਲੰਘ ਤੋਂ ਉਠੇ ਤੇ ਸਾਈਂ ਦਾਸ ਦੇ ਸਿਰ ਤੇ ਪਿਆਰ ਦੇ ਕੇ ਉਠਾ ਲਿਆ ਤੇ ਕਿਹਾ, "ਹੇ ਸਾਈਂ ਦਾਸ! ਗੁਰੂ ਸੁਆਰੇ! ਧੀਰ ਧਰੋ, ਤਾਰਨ ਤਰਨ ਗੁਰੂ ਹੁਣ ਆ ਰਹੇ ਹਨ। ਗੁਰਧਾਮ ਦੀ ਬੇਅਦਬੀ ਦੇ ਕਾਰਨ ਗੁਰੂ ਜੀ ਅਲਮਸਤ ਸਾਧ-ਅਨਿੰਨ ਸਿਖ ਦੀ ਪੀੜਾ ਹਰਨ ਵਾਸਤੇ ਨਾਨਕ ਮਤੇ ਗਏ ਹਨ, ਉਥੋਂ ਹੋ ਕੇ ਸਿੱਧੇ ਇੱਥੇ ਆਉਣਗੇ।" ਇਸ ਤਰ੍ਹਾਂ ਦੇ ਧੀਰਜ ਦੇ ਵਾਕ ਕਹਿ ਕੇ ਮਾਤਾ ਜੀ ਨੇ ਉੱਠ ਕੇ ਵਾਹਿਗੁਰੂ ਜੀ ਤੇ ਛਿਆਂ ਗੁਰਾਂ ਦੇ ਧਿਆਨ ਦੀ ਅਰਾਧਨਾ ਕਰ ਕੇ ਅਰਦਾਸਾ ਸੋਧਿਆ ਤੇ ਕੜਾਹ ਪ੍ਰਸ਼ਾਦ ਵੰਡਣ ਦੀ ਆਗਿਆ ਕੀਤੀ। ਜਦ ਪ੍ਰਸ਼ਾਦ ਵਰਤ ਚੁਕਾ ਤਦ ਸਾਰੀ ਨਗਰ ਦੀ ਸੰਗਤ ਵਿਦਾ ਕੀਤੀ। ਕੁਛ ਮਾਈਆਂ ਤੇ ਸਿੱਖ ਸੇਵਾ ਵਾਸਤੇ ਰਹਿ ਗਏ। ਸਾਈਂ ਦਾਸ ਜੀ ਨੇ ਹੁਣ ਬਾਹਰ ਜਾ ਕੇ ਨਾਲ ਆਏ ਯੋਧਿਆਂ, ਸੇਵਾ ਵਾਲਿਆਂ, ਸਵਾਰੀਆਂ ਤੇ ਸਵਾਰੀਆਂ ਦੇ ਟਹਿਲੀਆਂ ਦੇ ਰਹਿਣ ਦਾ, ਭੋਜਨ ਦਾ, ਘਾਹ ਪੱਠੇ ਦਾ ਸਾਰਾ ਪ੍ਰਬੰਧ ਕੀਤਾ ਤੇ ਪਿੰਡ ਦੇ ਪਿਆਰ ਵਾਲੇ ਸਿੱਖਾਂ ਨੂੰ ਸੇਵਾ ਵੰਡ ਦਿੱਤੀ। ਇੰਨੇ ਨੂੰ ਪ੍ਰਸ਼ਾਦ ਤਿਆਰ ਹੋ ਗਿਆ ਸੀ। ਭਾਈ ਜੀ ਤੇ ਰਾਮੋ ਨੇ ਬੜੇ ਆਦਰ ਨਾਲ

 www.sikhbookclub.com

ਪ੍ਰਸ਼ਾਦ ਛਕਾਯਾ, ਫੇਰ ਥੋੜਾ ਜਿਹਾ ਆਪ ਛਕਿਆ, ਰੁੱਤ ਹੁਨਾਲੇ ਦੀ ਸੀ, ਸਾਰੇ ਜਣੇ ਬਿਰਾਜ ਗਏ, ਅਰ ਸਾਈਂ ਦਾਸ ਤੇ ਰਾਮੋ ਜੀ ਬੂਹੇ ਢੋ ਕੇ ਬਾਹਰ ਚਲੇ ਗਏ ਤੇ ਆਪਣੇ ਕੱਚੇ ਕੋਠੇ ਵਿਚ ਜਾ ਬਿਸਰਾਮ ਕੀਤਾ।

ਹੁਣ ਨਿੱਤ ਕ੍ਰਿਆ ਇਸ ਤਰ੍ਹਾਂ ਹੋ ਗਈ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਇਸ ਨਵੇਂ ਘਰ ਵਿਚ ਲਗੇ। ਦੀਵਾਨ ਸਜ ਜਾਵੇ, ਭੋਗ ਪਏ ਤੇ ਪ੍ਰੇਮੀ ਘਰੋ-ਘਰੀ ਚਲੇ ਜਾਣ। ਰਾਮੋ ਤੇ ਸਾਈਂ ਦਾਸ ਗੁਰੂ ਪਰਿਵਾਰ ਦੀ ਸੇਵਾ ਪ੍ਰਸ਼ਾਦ ਆਦਿ ਵਿਚ ਮਗਨ ਰਹਿਣ, ਪ੍ਰਸ਼ਾਦ ਛਕਾ ਕੇ ਆਪਣੇ ਕੱਚੇ ਕੋਠੇ ਆਰਾਮ ਕਰਨ, ਲੌਢੇ ਪਹਿਰ ਸੋਦਰੁ ਰਹਿਰਾਸਿ ਦਾ ਦੀਵਾਨ ਧਰਮਸਾਲ ਲਗੇ ਤੇ ਸੰਝ ਦਾ ਪ੍ਰਸ਼ਾਦ ਛਕਾ ਕੇ ਪਰਿਵਾਰ ਦਾ ਬਿਸਰਾਮ ਕਰਾ ਕੇ ਸਾਈਂ ਦਾਸ ਜੀ ਓਸੇ ਕੱਚੇ ਕੋਠੇ ਵਿਚ ਜਾ ਬਿਰਾਜਣ।

ਸਮਾਂ ਬੀਤਦਾ ਗਿਆ, ਇਸ ਦਾ ਸੁਭਾਉ ਟੁਰਦੇ ਰਹਿਣਾ ਹੈ, ਸੋ ਇਸ ਨੇ ਬੀਤਣਾ ਹੀ ਹੋਇਆ। ਸੋਆਂ ਆਉਣ ਲਗੀਆਂ ਕਿ ਸ੍ਰੀ ਗੁਰੂ ਜੀ ਨਾਨਕ ਮਤੇ ਤੋਂ ਮੁੜ ਪਏ ਹਨ, ਕੰਨ ਪਾਟਿਆਂ ਨੇ ਸ਼ਰਨ ਮੰਨ ਲਈ ਹੈ, ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਕੀਤਾ ਅਸਥਾਨ ਉਹਨਾਂ ਨੇ ਛੱਡ ਦਿਤਾ ਹੈ, ਪਿਪਲ ਜੋ ਉਨ੍ਹਾਂ ਨੇ ਸਾੜ ਦਿੱਤਾ ਸੀ, ਸਤਿਗੁਰ ਨੇ ਕੇਸਰ ਦੇ ਤ੍ਰੂੰਕੇ ਦਿੱਤੇ ਹਨ ਤਾਂ ਫੇਰ ਪੁੰਗਰ ਆਇਆ ਹੈ, ਅਰ ਜੋ ਨਵੀਂ ਕਰੂੰਬਲੀ ਨਿਕਲੀ ਹੈ ਉਸ ਪਰ ਛੱਟਿਆਂ ਦੇ ਨਿਸ਼ਾਨ ਹਨ[੧]! ਮਿਠੇ ਰੀਠੇ[੨] ਦਾ ਬ੍ਰਿਛ ਬੀ, ਜੋ ਜੋਗੀਆਂ ਨੇ ਘੇਟ ਲਿਆ ਸੀ, ਜੋਗੀਆਂ ਛੱਡ ਦਿਤਾ ਹੈ ਤੇ ਸ਼ਰਨ ਲੈ ਕੇ ਮੰਨ ਲਿਆ ਹੈ ਕਿ ਅਗੋਂ ਨੂੰ ਕਦੇ ਗੁਰੂ ਬਾਬੇ ਦੇ ਇਹ ਅਸਥਾਨ ਤੇ ਨਿਸ਼ਾਨ ਅਸੀਂ ਨਹੀਂ ਛੇੜਾਂਗੇ। ਇਸ ਤਰ੍ਹਾਂ ਦੀ ਜੀਤ ਕਰਕੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆ ਰਹੇ ਹਨ, ਅਰ ਮੰਜ਼ਲਾਂ ਛੇਤੀ ਛੇਤੀ ਕਰਕੇ ਡਰੋਲੀ ਵੱਲ ਧਾਏ ਆ ਰਹੇ ਹਨ। ਹਾਂ! ਗੁਰੂ ਸਮੁੰਦਰ ਭੱਜਾ ਆ ਰਿਹਾ ਹੈ ਕਿ ਪਾਵਨ ਸਿਖੀ, ਪਰਵਾਨ ਸਿਖੀ; ਪ੍ਰੇਮ ਪਰਵੇਧੀ ਸਿੱਖੀ ਨੂੰ ਆ ਗਲ ਲਾਵੇ। ਏਹ ਸੋਆਂ ਸਾਈਂ ਦਾਸ ਜੀ ਨੂੰ ਹਰਖ ਦੇ ਰਹੀਆਂ ਹਨ, ਚਾਉ ਉਪਜ ਰਹੇ ਹਨ, ਤਿਆਰੀਆਂ ਵਧ ਚੜ੍ਹਕੇ ਹੋ ਰਹੀਆਂ ਹਨ, ਪਰ ਹਾਇ! ਸਰੀਰਧਾਰੀ ਦੇ ਅੰਦਰ ਆਪਣੇ ਇਲਾਹੀ ਜਲਵੇ ਨਾਲ ਸਰੀਰਧਾਰੀ ਨੂੰ ਮਿਲਣ ਦੀ ਲੋਚਾ ਕਸਕਾਂ ਮਾਰਦੀ ਹੈ ਤੇ 'ਆ ਮਿਲੋ' ਦੀ ਸੱਧਰ ਫੁੰਕਾਰੇ ਮਾਰਦੀ ਅੰਦਰੋਂ ਉਠਦੀ ਹੈ ਤੇ ਝੱਲੀ ਨਹੀਂ ਜਾਂਦੀ। ਮਾਤਾ ਰੰਗਾ ਜੀ, ਜਿਨ੍ਹਾਂ ਨੇ ਆਪਣੇ ਪ੍ਰਾਣ ਪਤੀ ਦੀ ਸੇਵਾ ਡਾਢੇ ਪਿਆਰ ਤੇ ਉੱਚੇ ਰਸਾਂ ਵਿਚ ਕੀਤੀ ਹੋਈ ਸੀ, ਜਿਸ ਦੇ ਅੰਦਰ ਗੁਰੂ ਮੂਰਤੀ ਦਾ ਗਿਆਨ, ਕਦਰ ਤੇ ਅਤਿ ਪ੍ਰੇਮ ਸੀ, ਇਸ ਰੰਗ ਨੂੰ ਵੇਖ ਬੜੇ ਨਿਹਾਲ ਹੁੰਦੇ ਸਨ। ਉਨ੍ਹਾਂ ਦੇ ਨੈਣ ਭਰ ਭਰ ਆਉਂਦੇ ਤੇ ਕਲੇਜਾ ਦ੍ਰਵ ਦ੍ਰਵ ਜਾਂਦਾ ਸੀ। ਰਾਮੋ ਜੀ ਤੇ ਸਾਈਂ ਦਾਸ ਵਲ ਬੜੀ ਮਿਹਰ, ਪਿਆਰ ਤੇ ਅਸੀਸਾਂ ਭਰੀਆਂ ਨਿਗਾਹਾਂ ਨਾਲ ਤੱਕਦੇ ਸਨ। ਮਾਤਾ ਜੀ ਦੀ ਮਿਹਰ ਦੀ ਨਜ਼ਰ ਤੇ ਅਸੀਸ ਇਕ ਆਤਮ ਸੱਤਿਆ ਤੇ ਆਤਮ ਦਾਤ ਸੀ ਜੋ ਸਾਈਂ ਦਾਸ ਦੀ ਰੂਹ ਨੂੰ ਮਿਲ ਰਹੀ ਸੀ।

---

੧. ਇਸ ਪਿੱਪਲ ਦੇ ਪੱਤੇ ਯਾਤਰੂ ਲੋਕ ਲਿਆਉਂਦੇ ਹਨ, ਉਹਨਾਂ ਪਰ ਨਿਸ਼ਾਨ ਹੁੰਦੇ ਹਨ।

੨. ਯਾਤਰੂ ਲੋਕ ਇਹ ਰੀਠੇ ਪ੍ਰਸ਼ਾਦ ਵਜੋਂ ਲਿਆਉਂਦੇ ਹਨ, ਇਹਨਾਂ ਦਾ ਸੁਆਦ ਮਿੱਠਾ ਹੈ। ਇਹ ਬ੍ਰਿਛ ਗੁਰੂ ਨਾਨਕ ਦੇਵ ਜੀ ਦੀ ਅਸੀਸ ਨਾਲ ਮਿੱਠਾ ਹੋਇਆ ਸੀ। ਇਹ ਅਸਥਾਨ ਨਾਨਕ ਮਤੇ ਤੋਂ ਵਿੱਥ ਤੇ ਪਹਾੜ ਪਰ ਹੈ ਤੇ ਗੁਰਦਵਾਰੇ ਦਾ ਨਾਮ ਰੀਠਾ ਸਾਹਿਬ ਹੈ।

 www.sikhbookclub.com

# ੩੪. ਅਲਮਸਤ

ਨਾਨਕ ਮਤਾ ਗੁਰੂ ਦਾ ਭਾਰਾ ਥਾਉਂ ਸੁ ਬਹੁਤ ਉਜਾਗਰ। ਪਾਸ ਨਿਪਾਲ ਤਰਾਈ ਦੇ ਏ ਗੋਰਖ ਪੁਰ ਤੋਂ ਆਗਰ।
ਮਰਦਾਨੇ ਨੂੰ ਭੁਖ ਸਤਾਯਾ, ਬਨ ਵਿਚ ਰੋਟੀ ਮੰਗੇ। ਮੰਗੇ ਮੁੜ ਮੁੜ, ਰੁਕਦਾ ਮੁੜ ਮੁੜ, ਚੁਪ ਦੇਖ ਨਾ ਸੰਗੇ।
ਹਸ ਬੋਲੇ ਗੁਰੂ ਨਾਨਕ ਸੁਆਮੀ ਇਸ ਰੁਖ ਨਾਲੋਂ ਰੀਠੇ। ਖਾ ਲੈ ਤੋੜ, ਭੁੱਖ ਹਟ ਜਾਵੇ, ਤੈਂ ਖਾਧੇ ਏ ਮੀਠੇ।
ਮਰਦਾਨੇ ਜਿਸ ਡਾਲੋਂ ਤੋੜੇ ਰੀਠੇ ਮੀਠੇ ਹੋਏ। ਉਸ ਨੇ ਖਾਧੇ, ਖੁੱਧਾ ਮਿਟਾਈ, ਰੀਠੇ ਤਿਵੇਂ ਖਲੋਏ।
ਹੋਰ ਡਾਲ ਫਲ ਕੌੜਾ ਦੇਂਦੇ, ਮੀਠਾ ਉਹ ਫਲ ਦੇਂਦਾ। ਖੜਾ ਬ੍ਰਿਛ ਹੈ ਅਜੇ ਤਾਈਓਂ, ਫਲ ਉਵੇਹੇ ਦੇਂਦਾ।
ਸਮਾਂ ਪਾਇਕੇ ਸਿੱਧਾਂ ਓਥੇ ਊਧਮ ਆਨ ਮਚਾਯਾ। ਰਹੇ ਸਿਖ 'ਅਲਮਸਤ' ਗੁਰੂ ਦਾ ਮਾਰ ਓ ਬਾਹਰ ਕਢਾਯਾ।
ਰਖ ਛਾਪੇ ਉਸ ਰੀਠੇ ਲਾਂਭੇ ਦਿਤੀ ਅਗਨਿ ਜਰਾਈ। ਅਪਨੇ ਜਾਨ ਆਸ 'ਅਲਮਸਤੀ' ਜੜ੍ਹ ਤੋਂ ਪੁਟ ਵਿਖਾਈ।
ਪਰ ਉਹ ਸਿਖ ਡੋਲਦਾ ਕੀਕਰ, ਆਸ ਨਿਰਾਸ ਵਿਲਾਈ। ਸਿਖੀ ਸਿਦਕ ਜਿਨ੍ਹਾਂ ਨੇ ਪਾਯਾ, ਡੋਲਨ ਕਿਉਂ ਦੁਖ ਪਾਈ।
ਧਾਰ ਰਿਦੈ ਮੂਰਤ ਗੁਰ ਛੇਵੇਂ ਦੀ ਬਿਨੈ ਸੁਨਾਵਨ ਲੱਗਾ। ਕੁਟੀਆ ਲਾਂਭੇ ਪਾ ਕੇ ਬੈਠਾ, ਭੁਲਿਆ ਪਿੱਛਾ ਅੱਗਾ।
ਹਰ ਦਮ ਅਰਜ ਕਰੇ ਗੁਰ ਪੂਰੇ "ਪੂਰੋ ਆਸ ਗੁਸਾਈਂ। ਚਰਨ ਪਾਇ ਇਸ ਥਲ ਨੂੰ ਰਖੋ ਗੁਰ ਅਸਥਾਨ ਬਚਾਈਂ।
ਇਕੋ ਆਸ, ਇਕ ਏ ਜਾਚਾਂ, ਮੰਗਾਂ, ਦਰਸ਼ਨ ਦੇਵੋ। ਦੇਵੋ! ਮੈਂ ਜੇਹੇ ਨੀਵੇਂ ਨੂੰ ਆਕੇ ਦਰਸ਼ਨ ਦੇ ਰਖ ਲੇਵੋ।"
ਪਈ ਖਿਚ ਗੁਰ ਅੰਤਰ ਭਾਰੀ ਸਿਖ ਸੁ ਪ੍ਰੇਮ ਕਰੇਂਦਾ। ਪ੍ਰੇਮ ਬੰਧਨ ਪਾ ਖਿੱਚੇ ਡਾਢਾ, ਹਰਦਮ ਅਰਜ਼ ਸੁਣੇਂਦਾ।
ਚਲੇ ਗੁਰੂ ਕਰ ਧਾਇ ਪੰਜਾਬੋਂ ਦੇਸ ਓਸ ਵਿਚ ਆਏ। ਨਾਨਕ ਮਤੇ ਪਹੁੰਚ ਕੇ ਕਹਿੰਦੇ, "ਏਥੇ ਡੇਰੇ ਲਾਓ।"
ਸੁਣੀ ਆਵਾਜ਼ ਨਰਾਂ ਦੀ ਭਾਰੀ ਘੋੜੇ ਖੜਕ ਕਰਾਂਦੇ। ਬਾਹਰ ਆ 'ਅਲਮਸਤ' ਪੁਛੇਂਦਾ ਕੌਣ ਲੋਕ ਹਨ ਜਾਂਦੇ।
ਕੌਣ ਲੋਕ ਸੀ ਮੂੰ ਦੇ ਅੰਦਰ, ਮੀਰੀ ਪੀਰੀ ਪਾਲਕ। ਦੀਨ ਦਯਾਲ ਕ੍ਰਿਪਾਲ ਗੁਰੂ ਜੀ ਦੁਸਟ ਦਮਨ ਖਲ ਘਾਲਕ।
ਘੋੜੇ ਚੜੇ ਸਾਮ੍ਹਣੇ ਆਏ, ਦੇਖ ਸਿਖ ਹਰਖਾਇਆ। ਗੁਰੂ ਚਰਨ ਤੇ ਢੱਠਾ ਪਜਾਰਾ, ਰੋ ਰੋ ਚਰਨ ਧੁਲਾਯਾ।
ਤਨ ਪੁਲਕੇ, ਹੋ ਸਾਤ੍ਵਕ ਸਾਰਾ ਗਦ ਗਦ ਕੰਠੁਰ ਬਾਨੀ। ਚਰਨ ਪਕੜ, ਪਜਾਰੇ ਡਾਢੇ, ਫੜੇ ਰਖਨ ਦੀ ਠਾਨੀ।
ਸ੍ਰੀ ਗੁਰ ਪ੍ਰੇਮ ਪਜਾਰੇ ਭਾਰੇ ਪ੍ਰੇਮ ਆਨ ਦੇ ਸੂਰੇ। ਉਤਰ, ਲਗਾਯਾ ਨਾਲ ਰਿਦੇ ਦੇ ਮੋਟੇ ਦੁਖ ਵਿਸੂਰੇ।
ਗੁਰ ਆਏ ਸੁਣ, ਜੋਗੀ ਕੰਬੇ ਲਰਜ਼ੇ ਦੇਖ ਪ੍ਰਤਾਪਾ। ਚੁਪ ਕੀਤੇ ਉਠ ਨੱਠ ਗਿਰ ਨੂੰ ਜਿਉਂ ਪੁੰਨ ਜਾਗੇ ਸ੍ਰਾਪਾ।
ਜਾਇ ਗੁਰੂ ਨੂੰ ਕਹਿਨ, "ਅਸੀਂ ਹਾਂ ਦੇਖ ਤੇਜ ਨੂੰ ਨੱਸੇ। ਕੱਠੇ ਹੋ ਕੇ ਚਲੋ ਸਭੇ ਹੀ ਕਾਰਜ ਕਰੋ ਸੱਰਸੇ।"
ਸਤਿ ਸੰਗਤ ਵਿਚ ਰਲਕੇ ਆਏ ਨਾਟਕ ਚੇਟਕ ਕਰਨੇ ਮਨ ਨੂੰ ਸੋਧ, ਸਾਧ ਕੇ ਦੇਹੀ, ਦੁਨੀਆਂ ਦਾ ਦੁਖ ਭਰਨੇ।
ਕਰਦੇ ਕਾਰਜ ਵਾਂਗ ਤਮਾਸ਼ੇ ਸਿੱਖਾਂ ਚਹਿਨ ਡਰਾਯਾ। ਓਹ ਕਿਉਂ ਡਰੇ ਕਿਸੇ ਕੋਲੋਂ, ਪ੍ਰਭ ਸੰਗ ਨੇਹੁ ਜਿਨ ਲਾਯਾ।
ਜਦੋਂ ਗੁਰੂ ਜੀ ਤਕਿਹਾ ਭਰ ਕੇ ਨਜ਼ਰ ਉਨ੍ਹਾਂ ਵਲ ਪਜਾਰੇ। ਪਾਪ ਕੰਬ ਪਏ ਆਪ ਉਨ੍ਹਾਂ ਦੇ ਉਪਜੀ ਜਲਨ ਕਰਾਰੇ।
ਜਲਦੇ ਤੇ ਭੁਜਦੇ ਇਉਂ ਮਤਸਰ, ਕ੍ਰੋਧ ਅਗਨ ਸੰਗ ਸੜਦੇ। ਪਾਪਾਂ ਨਾਲ ਤਲੀਸਣ ਸਾਰੇ ਸ਼ਰਮਿੰਦੇ ਤੇ ਡਰਦੇ।
ਜਾਇ ਵੜੇ ਪਰਬਤ ਦੀ ਧਾਰਾ ਫੇਰ ਨ ਹੇਠਾਂ ਆਏ। ਅੱਜ ਤੱਕ ਗੁਰਦੁਆਰਾ ਕਾਇਮ ਹੱਥ ਨ ਲਾਵਣ ਪਾਏ।
ਸਤਿਗੁਰ ਨੇ ਓਹ ਰੀਠਾ ਮੀਠਾ ਸਾਵਧਾਨ ਫਿਰ ਕੀਤਾ। ਕੇਸਰ ਛੱਟੇ ਦੇ ਕੇ ਪਿਪਲ ਨਵਾਂ ਨਿਸ਼ਾਨ ਸੁ ਕੀਤਾ।
ਅਜ ਤਕ ਓਹ ਛੱਟੇ ਉਸ ਪਰ ਸਦਾ ਝਲਕਦੇ ਰਹਿੰਦੇ। ਮਿੱਠੇ ਫਲ ਰੀਠੇ ਨੂੰ ਲਗਦੇ ਸਦਾ ਉਗਾਹੀ ਦੇਂਦੇ।
ਪ੍ਰੇਮ ਪਜਾਰਾ ਸਤਿਗੁਰ ਨੂੰ ਅਲਮਸਤ ਪਜਾਰ ਜੋ ਕੀਤਾ। ਤਰਿਆ ਆਪ, ਧਰਾ ਪਰ ਕਾਯਮ ਗੁਰ ਮੰਦਰ ਰਖ ਲੀਤਾ।
ਸਤਿਗੁਰੂ ਉਸ ਨੂੰ ਥਾਪ ਉਦਾਈਂ ਵਰ ਆਸੀਸਾਂ ਦੇਕੇ। ਚੱਲੇ ਦੇਸ਼ ਆਪਣੇ ਆਏ, ਸੁੱਖ ਦੇਕੇ ਦੁੱਖ ਹਰਕੇ।
ਕਰੋ ਪਜਾਰੇ ਚਿੰਤਨ ਗੁਰ ਨੂੰ ਹਿਰਦੇ ਮੂਰਤ ਧਰ ਕੇ। ਜਿੱਕਰ ਇਸ ਮਸਤਾਨੇ ਕੀਤੇ, ਭਉਜਲ ਜਾਵੇ ਤਰਕੇ।

# ੩੫. ਭਾਈ ਵਸਾਵੇ ਜੀ ਦਾ ਸਿਦਕ

ਬਲਖ ਬੁਖ਼ਾਰਾ ਸੁਣੇ ਹੋਣਗੇ, ਉੱਘੇ ਨੱਗਰ ਭਾਰੇ। ਤੁਰਕਿਸਤਾਨ ਵਿਖੇ ਹਨ ਦੋਵੇਂ ਤੁਰਕਾਂ ਬਹੁਤ ਪਿਆਰੇ।
ਨਾਮ ਵਸਾਵਾ ਸਿਖ ਇਕ ਸਿਦਕੀ, ਛੇਵੇਂ ਗੁਰ ਦਾ ਭਾਈ। ਵੱਸੇ ਬਲਖ ਸ਼ਹਿਰ ਦੇ ਅੰਦਰ ਨੇਕੀ ਚਾਲ ਚਲਾਈ।
ਇਕ ਵਹੁਟੀ ਪਜਾਰੀ ਤੇ ਧਰਮੀ, ਸਿੱਖ ਧਰਮ ਵਿਚ ਪੂਰੀ। ਪਤੀਬ੍ਰਤਾ ਏ ਨਾਰੀ ਸੁੰਦਰ, ਕਿਸੇ ਬਾਤ ਨਾ ਊਰੀ।
ਇਕ ਸੁਤ ਸੁੰਦਰ ਇਸ ਨੇ ਜਾਇਆ, ਧਰਮੀ ਇਹ ਬੀ ਸੋਹਣਾ। ਬਾਣੀ ਪੜ੍ਹੇ, ਸ਼ਬਦ ਨਿਤ ਗਾਵੇ, ਪਜਾਰਾ ਮਨ ਨੂੰ ਮੋਹਣਾ।
ਸ਼ਹਿਰ ਵਿਖੇ ਇਹ ਟੱਬਰ ਉੱਘਾ, ਪਰਉਪਕਾਰ ਕਮਾਵੇ। ਪਰ-ਸੁਆਰਥ ਵਿਚ ਹਰਦਮ ਉੱਦਤ, ਕੰਨੀ ਨਾ ਕਤਰਾਵੇ।
ਏ ਭੁਖਿਆਂ ਨੂੰ ਭੋਜਨ ਦੇਂਦੇ, ਭੁਲਿਆਂ ਰਾਹ ਦਸਾਂਦੇ। ਸੇਵਾ ਕਰਕੇ ਰੋਗੀਆਂ ਕੇਰੀ, ਦੁੱਖ ਨੂੰ ਦੂਰ ਕਰਾਂਦੇ।
ਹਰਦਮ ਚਿਤ ਵਿਚ ਰੱਬ ਵਸੇਂਦਾ, ਅੱਖੀਂ ਸਤਿਗੁਰ ਵਸਦਾ। ਜੋ ਦਿਸਦਾ ਸੋ ਗੁਰੂ ਪਿਆਰਾ, ਸੇਵਾ ਵਿਚ ਦਿਲ ਫਸਦਾ।
ਦੌਲਤ ਅਪਣੀ ਗੁਰ ਦੀ ਜਾਣਨ, ਤਨ ਤੇ ਮਨ ਬੀ ਗੁਰ ਦਾ। ਅਪਣੀ ਕੇਵਲ ਸੇਵਾ ਜਾਣਨ, ਮੂਲ ਅਭਿਮਾਨ ਨ ਫੁਰਦਾ।
ਇਕ ਦਿਨ ਤਿੰਨੇ ਬੈਠੇ ਆਹੇ, ਘਰ ਵਿਚ ਬਾਤਾਂ ਕਰਦੇ। ਮੇਲੀ ਸਿਖ ਹੋਰ ਕਈ ਆਏ, ਸੇਵਕ ਜੋ ਗੁਰ ਘਰ ਦੇ।
ਜਾਣਨ ਅਪਣੇ ਤਾਈਂ ਹਰਦਮ ਮੇਰ ਤੇਰ ਸਭ ਮੇਟੀ। ਕਹਿਣ ਸਿਪਾਹੀ ਸਤਿਗੁਰ ਦੇ ਹਾਂ, ਹਰਦਮ ਕੱਸੀ ਪੇਟੀ।
ਇਤਨੇ ਵਿਚ ਇਕ ਸਿੰਘ ਜੁ ਆਯਾ, ਦੇਸ਼ ਪੰਜਾਬੋਂ ਪਜਾਰਾ। ਭੇਜਿਆ ਸਤਿਗੁਰ ਸੱਚੇ ਸਾਹਿਬ, ਅਪਣਾ ਖਾਸ ਹਲਕਾਰਾ।
ਦੇਖ ਏਸ ਨੂੰ ਆਨੰਦ ਚੜ੍ਹਿਆ, ਸਾਰੇ ਸਿੱਖਾਂ ਤਾਈਂ। ਸਤਿਗੁਰ ਦਾ ਏ ਦੂਤ ਦੀ ਆਯਾ, ਆਈ ਧੁਰ ਵਡਿਆਈ।
ਸਾਡੇ ਜਿਹੇ ਨਕਾਰੇ ਪਾਪੀ, ਸਤਿਗੁਰ ਯਾਦ ਜੁ ਕੀਤੇ। ਇਸ ਤੋਂ ਭਾਰੀ ਮਿਹਰ ਕੀ ਹੋਵੇ, ਕੀਤੇ ਪਤਿਤ ਪਵੀਤੇ।
ਦੇ ਆਦਰ ਬੈਠਾਯਾ ਪਜਾਰਾ, ਪੱਖਾ ਝਲਦੀ ਮਾਈ। ਮੁੱਠੀ ਭਰਨ ਸਿੱਖ ਸਭ ਲੱਗੇ, ਸ੍ਰਮ ਸਿਖ ਦਾ ਮਿਟ ਜਾਈ।
ਇੰਨੇ ਤਈਂ ਵਸਾਵੇ ਉਠ ਕੇ, ਪਾਣੀ ਕੋਸਾ ਕੀਤਾ। ਹੱਥ ਵਿਚ ਗੜਵਾ ਭਰਕੇ ਫੜਿਆ, ਮੋਢੇ ਪਰਨਾ ਲੀਤਾ।
ਚਰਨ ਧੁਆਇ ਗੋਡਿਆਂ ਤਾਈਂ, ਪੰਜ ਇਸ਼ਨਾਨ ਕਰਾਏ। ਹੱਥੀਂ ਪੂੰਝ ਪੈਰ ਉਸ ਸਿੱਖ ਦੇ, 'ਧੰਨ ਧੰਨ ਗੁਰੂ' ਅਲਾਏ।
ਭਰੇ ਕਟੋਰਾ ਦੁੱਧ ਦਾ ਵੱਡਾ, ਸਿੰਘਣੀ ਤੁਰਤ ਲਿਆਈ। ਹੱਥ ਬੰਨ੍ਹਕੇ ਅਰਜ਼ ਗੁਜ਼ਾਰੇ, ਸਿੱਖ ਨੂੰ ਚਹੇ ਪਿਲਾਈ।
ਗੋ ਉਹ ਬੀ ਸੀ ਸਿੱਖ ਗੁਰਾਂ ਦਾ, ਰਹਿਤ ਬਹਿਤ ਵਿਚ ਪੱਕਾ। ਨਿੰਮ੍ਰੀ ਭਾਵ ਸਿਦਕ ਦਾ ਭਰਿਆ, ਪਰ ਪੈਂਡੇ ਦਾ ਥੱਕਾ।
ਸੇਵ ਕਰਾਵੇ ਪਰ ਘਬਰਾਵੇ, ਮੁੜ ਮੁੜ ਚਰਨ ਫੜੇਂਦਾ। ਕਹੇ: 'ਕਰਾਵੇ ਮੈਥੋਂ ਸੇਵਾ, ਮੈਨੂੰ ਇਹੋ ਬਣੇਂਦਾ।'
ਹੱਥ ਮਾਤ ਦੇ ਦੁੱਧ ਦੇਖਕੇ, ਨੈਣ ਨੀਰ ਭਰ ਆਯਾ। ਸਿੱਖ ਕਹੇ: 'ਸੁਣ ਮਾਤ ਪਿਆਰੀ, ਤੂੰ ਅਤਿ ਖੇਦ ਉਠਾਯਾ।'
ਮੈਂ ਤਾਂ ਨੌਕਰ ਦੇਣ ਸੁਨੇਹਾ, ਤੁਹਾਡੇ ਦੁਆਰੇ ਆਇਆ। ਤੁਸਾਂ ਕਰੀ ਏ ਖਾਤਰ ਉਲਟੀ, ਸੇਵਕ ਸਿਰੇ ਚੜ੍ਹਾਇਆ।
ਪਹਿਲੋਂ ਲਵੋ ਸੁਨੇਹਾ ਮੈਥੋਂ, ਫਿਰ ਟੁੱਕਰ ਮੁਹਿ ਦੇਹੋ। ਖਾ ਕੇ ਠੰਡਾ ਪਾਣੀ ਪੀ ਕੇ, ਮੈਨੂੰ ਵਿਦਾ ਕਰੇਹੋ।
ਸਿਦਕ ਭਰੀ ਤੇ ਗੁਰ ਦੀ ਪਿਆਰੀ, ਮਾਤਾ ਬੋਲੀ ਰੋਕੇ। 'ਸਿੱਖ ਗੁਰੂ ਦਾ ਪਜਾਰਾ ਭਾਰਾ, ਵੱਸੇ ਨੇੜੇ ਹੋ ਕੇ।
ਤੇਰਾ ਅਦਬ ਬਦੇ ਹੈ ਸਾਨੂੰ, ਤੂੰ ਸਤਿਗੁਰ ਦਾ ਪਜਾਰਾ। ਜੋ ਪਜਾਰਾ ਸਤਿਗੁਰ ਪਜਾਰੇ ਦਾ, ਓ ਨਿਜ ਤੋਂ ਵੀ ਪਜਾਰਾ।
ਦੂਧ ਪੂਤ ਧਨ ਧਾਮ ਤੁਹਾਡੇ, ਸਾਡੀ ਵਿੱਚ ਨ ਰਾਈ। ਜੇ ਸੇਵਾ ਦਾ ਹਿਸਾ ਬਖ਼ਸ਼ੋ, ਸੋ ਤੁਹਾਡੀ ਵਡਿਆਈ।'
ਨਮਸਕਾਰ ਕਰਕੇ ਉਸ ਸਿੱਖ ਨੇ, ਹੱਥ ਕਟੋਰਾ ਲੀਤਾ। 'ਧੰਨ ਸਤਿਗੁਰ' 'ਧੰਨ ਸਿੱਖੀ' ਆਖਕੇ, ਸ਼ੁਕਰ ਵਿਚ ਦੁੱਧ ਪੀਤਾ।
ਫਿਰ ਆਖੇ; 'ਸੁਣ ਭਾਈ ਵਸਾਵੇ! ਸਤਿਗੁਰ ਇਹ ਫੁਰਮਾਯਾ: ਬੈਠਾ ਹੋਇ ਵਸਾਵਾ ਸੁੱਤਾ, ਜਦ ਸੁਨਿਹਾ ਸੁਣ ਆਯਾ।
ਉਠੇ ਤੁਰਤ ਤੁਰੇ ਉਹ ਘਰ ਤੋਂ, ਵਿਚ ਐਰਾਕੇ ਜਾਵੇ। ਚੰਗੇ ਚੰਗੇ ਜੰਗੀ ਘੋੜੇ, ਮੁੱਲ ਖਰੀਦ ਲਿਆਵੇ।'
ਸੁਣ ਕੇ ਹੁਕਮ ਵਸਾਵਾ ਤੁਰਿਆ, ਓਸੇ ਪਲਕ ਸਿਧਾਯਾ। ਵਹੁਟੀ ਨਾਲ ਗੱਲ ਨਹੀਂ ਕੀਤੀ, ਨਾ ਪੁੱਤ੍ਰ ਗਲ ਲਾਯਾ।
ਮੱਥਾ ਚੁੰਮ ਅਸੀਸ ਨ ਦਿੱਤੀ ਨੈਣ ਨੀਰ ਨੀਂ ਲਯਾਯਾ। ਤੁਰਿਆ ਘੋੜੇ ਲੈਣੇ ਖਾਤਰ ਦਿਲ ਵਿਚ ਬਹੁਤ ਉਮਾਹਿਆ।
ਜਦ ਇਕ ਮੰਜ਼ਲ ਲੰਘਿਆ ਪਜਾਰਾ, ਦੂਜੀ ਮੰਜ਼ਲ ਚਲਾਈ। ਪਿੱਛੋਂ ਗਿਆ ਸੁਨੇਹਾ ਉਸ ਨੂੰ, 'ਸਿੱਖਾ! ਘਰ ਮੁੜ ਆਈ।
ਪਜਾਰਾ ਪੁੱਤ ਜੋ ਤੇਰਾ ਪਜਾਰੇ! ਰੋਗੀ ਹੋਯਾ ਭਾਰਾ। ਘੜੀ ਪਲਾਂ ਜਿੰਦ ਆ ਗਈ ਉਸਦੀ, ਕੀਤਾ ਕੂਚ ਤਿਆਰਾ।
ਮੁੜ ਆ ਕੇ ਮੁਖ ਯਾਤ੍ਰਾ ਕਰ ਲੈ, ਦਰਸ ਅੰਤ ਦਾ ਪਾ ਲੈ। ਕਰ ਲੈ ਪਜਾਰ ਪੁੱਤ ਨੂੰ ਚੰਗਾ, ਸੰਗ ਛਾਤੀ ਦੇ ਲਾ ਲੈ।'
ਕਿਹਾ ਵਸਾਵੇ ਸੁਣ ਕੇ ਅੱਗੋਂ: 'ਮੈਂ ਹੁਣ ਮੁੜਨਾ ਨਾਹੀਂ'। ਪੁੱਤਰ ਦੌਲਤ ਚੀਜ਼ ਨ ਮੇਰੀ, ਮੇਰੀ ਮਮਤਾ ਨਾਹੀਂ।
ਧੰਨ ਦੌਲਤ ਤੇ ਪੁੱਤ ਗੁਰੂ ਦੇ, ਮੇਰਾ ਨਹਿੰ, ਸਭ ਉਸ ਦਾ। ਰਹੇ ਜਾਇ ਜਿਉਂ ਸਤਿਗੁਰ ਭਾਵੇ, ਮੇਰਾ ਜੀ ਨਹਿੰ ਖੁਸਦਾ।


www.sikhbookclub.com

ਜੇਹੇ ਕਰਮ ਕਰਾਏ ਪ੍ਰਭ ਨੇ, ਜਿਤਨੀ ਉਮਰ ਲਿਖਾਈ। ਓਹੋ ਜਿਹੇ ਭੋਗ ਕੇ ਤਦ ਤੱਕ, ਜਾਸੀ ਉੱਠ ਸਿਧਾਈ।
ਭਾਗਾਂ ਵਾਲਾ ਜਨਮ ਓਸ ਦਾ, ਸਿੱਖ ਗੁਰੂ ਦਾ ਹੋਇਆ। ਪਾਪ ਕਰਨ ਦੀ ਉਮਰੋਂ ਪਹਿਲੇ, ਜੇ ਨਿਸਚੇ ਵਿਚ ਮੋਇਆ।
ਜੇ ਬਚਿਆ, ਉਹ ਸੇਵਕ ਗੁਰ ਦਾ, ਗੁਰ ਦੀ ਕਾਰ ਕਮਾਊ। ਸਫਲ ਕਰੇਗਾ ਜੀਵਨ ਅਪਣਾ, ਬਹੁੜ ਨ ਦੁਨੀਆਂ ਆਊ।
ਘਰ 'ਚ ਬਹੁਤ ਦਰਬ ਹੈ ਧਰਿਆ, ਬਖਸ਼ਜਾ ਸਤਿਗੁਰ ਵਾਰਾ। ਸੱਦ ਹਕੀਮ ਇਲਾਜ ਕਰਾਓ, ਹੋਰ ਜੋ ਚੱਲੇ ਚਾਰਾ।
ਜੇ ਮਰਿਆ ਤਾਂ ਕਾਠ ਬਥੇਰਾ ਘਰ ਦੇ ਵਿਚ ਹੈ ਧਰਿਆ। ਸਤਿਨਾਮੁ ਕਰ ਸੌਂਪ ਗੁਰੂ ਨੂੰ, 'ਚੰਡੀ ਭੇਟਾ ਕਰਿਆ।
ਮੈਂ ਮੁੜਨਾ ਨਹਿੰ, ਹੁਕਮ ਗੁਰੂ ਦਾ, ਮੇਟ ਨ ਸੱਕਾਂ ਭਾਈ। ਜਾਇ ਅਰਾਕ ਲਿਆਵਾਂ ਘੋੜੇ, ਫਿਰ ਆਵਾਂ ਘਰ ਮਾਹੀਂ।
ਸਿਖਣੀ ਤਈਂ ਵਾਕ ਇਹ ਕਹਿਓਂ, 'ਹੁਣ ਵੇਲਾ ਹੈ ਆਇਆ। ਪੱਕਾ ਰਹੇ ਸਿਦਕ ਵਿਚ ਤੇਰੇ, ਹਿਰਦਾ ਨਾਹਿੰ ਡੁਲਾਯਾ।
ਜੋ ਡੋਲੀ ਤੂੰ ਪਿਆਰੀ ਗੁਰ ਦੀ, ਬਹੂੰ ਸਿਦਕ ਦੀ ਬੇੜੀ। ਮਮਤਾ ਫਸ ਨਾ ਡੋਬ ਦਈਂ, ਏ ਕਸ਼ਟਾਂ ਨਾਲ ਸਹੇੜੀ।
ਸਿਦਕ ਪਾਲੀਓ, ਘਾਲ ਘਾਲੀਓ, ਸਨਮੁਖ ਰਹਿਕੇ ਗੁਰ ਦੇ। ਗੁਰ ਦੀ ਦੌਲਤ, ਪੁੱਤਰ ਗੁਰ ਦੇ, ਕਰੀਂ ਹਵਾਲੇ ਗੁਰ ਦੇ।'
ਸੁਣ ਉਤਰ ਇਹ ਮੁੜੇ ਘਰਾ ਨੂੰ, ਜੋ ਬੰਦੇ ਸਨ ਧਾਏ। ਆਪ ਮੁੜੇ, ਮੁੜ ਘਰਾਂ ਨੂੰ ਆਏ, ਸਿੱਖ ਨੂੰ ਨਾਹਿ ਲਿਆਏ।
ਮਰ ਗਿਆ ਪੁਤ ਮਾਤ ਦਾ ਸੋਹਣਾ, 'ਸਤਿਗੁਰ ਸਤਿਗੁਰ' ਕਹਿੰਦਾ। ਸੰਗਤ ਸਾਰੀ ਜਾਪ ਕਰੇਂਦੀ, ਕੀਰਤਨ ਸ਼ਦ ਹੁਵੇਂਦਾ।
ਰੱਖਿਆ ਰੱਬ ਸਿਦਕ ਉਸ ਮਾਂ ਦਾ, ਰੋਈ ਨਾਹੀਂ ਡੋਲੀ। ਦਿਲ ਹੱਥੋਂ ਨਾ ਦਿੱਤਾ ਮੂਲੋਂ, ਖੋਟੇ ਬੈਨ ਨ ਬੋਲੀ।
ਪਲ ਪਲ ਮਗਰੋਂ ਮੂੰਹੋਂ ਨਿਕਲੇ, 'ਸ਼ੁਕਰ' 'ਸ਼ੁਕਰ' ਦੀ ਬਾਣੀ। "ਵਸਤੂ ਨ ਮੇਰੀ ਤੇਰੀ ਸਤਿਗੁਰ, ਤੂੰ ਹੈਂ ਜਾਣੋਂ ਜਾਣੀ।
"ਸੁਹਗੀ ਕਰੀਂ ਅਮਾਨਤ ਅਪਣੀਂ, ਸਾਡੀ ਭੁੱਲ ਭੁਲਾਈਂ। ਭੁੱਲੇ ਚੁੱਕੇ ਕੂਕਰ ਤੇਰੇ, ਤੇਰੇ ਸਦਾ ਸਦਾਈਂ।"
ਦੇਖ ਸਿਦਕ ਏ ਮਾਤਾ ਵਾਲਾ, ਸੰਗਤ ਸ਼ੁਕਰ ਗੁਜ਼ਾਰੇ। ਹਿੰਦੂ ਮੁਸਲਮਾਨ ਏ ਸੁਣਕੇ ਅਚਰਜ ਰਹਿ ਗਏ ਸਾਰੇ।
ਫਿਰ ਬਾਲਕ ਦਾ ਦਾਹ ਕਰਾਯਾ, ਘਰ ਵਿਚ ਪਾਠ ਰਖਾਯਾ। ਕੀਰਤਨ ਹੋਇ ਅਖੰਡ ਓਸ ਥਾਂ, ਸਤਿਗੁਰ ਸਾਚ ਧਿਆਯਾ।
ਕੁਝ ਦਿਨ ਗਏ ਵਸਾਵਾ ਆਇਆ, ਘੋੜੇ ਨਾਲ ਲਿਆਇਆ। ਸੁਣ ਕੇ ਸਿਦਕ ਨਾਰ ਦਾ ਅਪਨੀ, ਏ ਮੁਖ ਵਾਕ ਅਲਾਯਾ:।
'ਸਤਿਗੁਰ ਸਦਾ ਸਹਾਈ ਤੇਰਾ, ਤੇਰੀ ਤੋੜ ਨਿਬਾਹਵੇ। ਸਨਮੁਖ ਰੱਖ ਸਦਾ ਹੀ ਤੈਨੂੰ, ਆਪਣੇ ਚਰਨ ਲਗਾਵੇ।
ਆਪਣੀ ਨਾਲ ਗੁਰਾਂ ਦੇ ਪਿਆਰੀ, ਚੰਗੀ ਤੁਸਾਂ ਨਿਬਾਹੀ। ਰੱਖੀ ਲਾਜ ਨਾਲ ਹੀ ਮੇਰੀ, ਤੇਰੀ ਧੰਨ ਕਮਾਈ।'
ਇਹ ਕਹਿ ਗਲ ਵਿਚ ਪੱਲਾ ਪਾਯਾ, ਦੋ ਹੱਥ ਜੋੜ ਖੜੋਤਾ। ਨਾਲ ਖਲੋਤੀ ਵਹੁਟੀ ਉਸ ਦੇ, ਚਿਤ ਗੁਰ ਚਰਨ ਪਰੋਤਾ।
ਸੋਧ ਅਰਦਾਸਾ ਸ਼ੁਕਰ ਉਸ ਕੀਤਾ: 'ਸਤਿਗੁਰ ਕਿਰਪਾ ਧਾਰੀ। ਲਈ ਸੰਭਾਲ ਅਮਾਨਤ ਅਪਣੀ, ਧੰਨ ਗੁਰ, ਧੰਨ ਬਲਿਹਾਰੀ।'
ਘੋੜੇ ਜਦੋਂ ਗੁਰਾਂ ਨੂੰ ਪਹੁੰਚੇ, ਨਾਲੇ ਪਹੁੰਚੀ ਵਿਥਿਆ। ਸਿਦਕ ਨਿਬਾਹਿਆ ਜਿੱਕੁਰ ਦੋਹਾਂ, ਜਗਤ ਜਾਣਿਆ ਮਿਥਿਆ।
ਸੁਣ ਸਤਿਗੁਰ ਤਦ ਚੁੱਪ ਰਹਾਏ, ਫਿਰ ਬੋਲ ਏ ਖਾਣੀ: 'ਧੰਨ ਸਿੱਖੀ, ਧੰਨ ਸਿੱਖ ਪਿਆਰੇ, ਸਿੱਖਾਂ ਤੋਂ ਕੁਰਬਾਨੀ'।
ਦੰਪਤਿ ਰਹੋ ਸੁੱਖੀ ਜਗ ਅੰਦਰ! ਦੁੱਖ ਨਾ ਆਇ ਨੇੜੇ। ਦਰਸ਼ਨ ਵਾਹਿਗੁਰੂ ਦਾ ਪਾਵੋ, ਮਿਟਣ ਚੁਰਾਸੀ ਗੇੜੇ।
ਵਾਂਙ ਭੌਰ ਦੇ ਪ੍ਰਭੂ ਚਰਨਾਂ ਵਿਚ, ਨਿਸ ਦਿਨ ਰਹੁ ਲਿਪਟਾਏ। ਵਾਹਿਗੁਰੂ ਦੇ ਅੰਕ ਸਮਾਵੋ, ਬੇਧੇ ਹਰ ਗੁਣ ਗਾਏ।'

# ੩੬. ਗੁਰੂ ਆਗਮ

**ਇਕ** ਦਿਨ ਆਇਆ, ਉਹ ਦਿਨ ਕਿ ਜਿਸ ਦਿਨ ਕਿਸੇ ਦੀ ਆਸ ਨਿਰਾਸਾ ਦੇ ਹੱਥ ਗਈ ਮੁੜ ਘਰ ਆ ਫੇਰਾ ਪਾਉਂਦੀ ਹੈ! ਇਕ ਸਵਾਰ ਆਇਆ, ਜੀਉ ਆਇਆ, ਡਰੋਲੀ ਵਿਚ ਆਇਆ ਤੇ ਇਹ ਸੁਧ ਲਿਆਇਆ ਕਿ ਸ੍ਰੀ ਸਤਿਗੁਰੂ ਜੀ ਨਾਨਕ ਮਤੇ ਤੋਂ ਆ ਰਹੇ ਡਰੋਲੀ ਦੇ ਨੇੜੇ ਆ ਪੁਜੇ ਹਨ। ਸਾਰੇ ਪਰਵਾਰ ਨੇ ਸੁਣੀ, ਸਾਰੇ ਅਨੰਦ ਨਾਲ ਭਰ ਗਏ, ਸਾਰੇ ਗਿਰਾਂ ਨੇ ਸੁਣੀ, ਸਾਰੇ ਚਾਉ ਭਰ ਆਏ, ਸਾਈਂ ਦਾਸ ਨੇ ਸੁਣੀ, ਕਿਸ ਤਰ੍ਹਾਂ ਸੁਣੀ?—

ਜਿਉਂ ਚਾਤ੍ਰਿਕ ਚਾਹੈ ਬੂੰਦ ਕੋ ਤੈਸੇ ਦਰਸ ਕੀ ਚਾਹ।
ਪ੍ਰੇਮ ਮਗਨ ਠਾਢੇ ਭਜੋ ਮਨ ਮੈਂ ਧਾਰਿ ਉਮਾਹ। {ਗੁ: ਬਿ:}

ਪ੍ਰੇਮ ਮਗਨ ਉਸੇ ਵੇਲੇ ਉੱਠ ਕੇ ਟੁਰ ਪਿਆ ਤੇ ਮਾਨੋਂ ਕੋਈ ਨਸ਼ਾ ਜਿਵੇਂ ਚੜ੍ਹ ਰਿਹਾ ਹੈ:-

ਗਿਰ ਗਿਰ ਪਰਤ ਦੇਹ ਸੁਧ ਨਾਹੀ। ਮਨੋਂ ਪ੍ਰੀਤਿ ਇਹ ਤੇ ਭਵ ਪਾਹੀ। {ਗੁ: ਬਿ:}

ਇਸ ਰੰਗ ਵਿਚ ਉਠਦਾ ਬੈਠਦਾ, ਕਦੇ ਨੈਣਾਂ ਤੋਂ ਨੀਰ ਡਲ੍ਹਕਦਾ, ਕਦੇ ਬਿਹਸਦਾ, ਕਦੇ ਉਤਾਵਲਾ ਹੁੰਦਾ, ਕਦੇ ਰੁਕਦਾ, ਡਿਗਦਾ, ਟੁਰਦਾ ਅੱਗੇ ਅੱਗੇ ਜਾਂਦਾ, ਸੜਕ ਉਤੇ ਇਕ ਥਾਂ ਬਹਿ ਹੀ ਗਿਆ, ਐਸਾ ਬੈਠਾ ਕਿ ਸਾਰੀ ਸੁੱਧ ਬਿਸਰ ਗਈ:-

ਬੈਠੋ ਪੰਥ ਪ੍ਰੇਮ ਮੈਂ ਲੀਨਾ। ਲਾਗ ਸਮਾਧ ਰੰਗ ਰਸ ਭੀਨਾ। {ਗੁ: ਬਿ:}

ਇਧਰ ਸ਼ਹਿਰ ਦੇ ਲੋਕ ਤਿਆਰ ਹੋਏ, ਕੜਾਹ ਪ੍ਰਸ਼ਾਦ ਨਾਲ ਲੀਤਾ ਤੇ ਕੀਰਤਨ ਕਰਦੇ ਸ਼ਬਦ ਪੜ੍ਹਦੇ, ਪ੍ਰੇਮ ਭਰੇ ਟੁਰ ਪਏ। ਘਰ ਵਿਚ ਰਾਮੋ ਜੀ ਉਨ੍ਹਾਂ ਦੇ ਸੁੱਖ ਸਾਮਾਨ ਦੀ ਤਿਆਰੀ ਵਿਚ ਲਗ ਪਏ। ਸੰਗਤਾਂ ਵਾਸਤੇ ਦਰੀਆਂ ਵਿਛਾਈਆਂ, ਇਸ਼ਨਾਨ ਪ੍ਰਸ਼ਾਦ ਦਾ ਪ੍ਰਬੰਧ ਕੀਤਾ। ਮਾਤਾ ਗੰਗਾ ਜੀ ਨੂੰ ਘਰ ਵਿਚ ਠਹਿਰਨਾ ਕਠਨ ਹੋ ਗਿਆ, ਉਤਾਵਲੇ ਚਿੱਤ ਨੂੰ ਰੋਕਦੇ, ਪਰ ਅੰਤ ਗੁਰਦਵਾਰੇ ਵੱਲ ਟੁਰ ਹੀ ਪਏ।

ਉਧਰ ਪ੍ਰੇਮ ਦੀਆਂ ਇਨ੍ਹਾਂ ਖਿੱਚਾਂ ਦੇ ਅੱਗੇ ਸਤਿਗੁਰੂ ਜੀ ਘੋੜੇ ਨੂੰ ਪਈਏ ਪਾਈ ਆ ਰਹੇ ਸਨ ਕਿ ਅਚਾਨਕ ਸੜਕ ਦੇ ਕਿਨਾਰੇ ਪਿਆਰੇ ਦੀ ਲਿਵਲੀਨ ਮੂਰਤੀ ਕਿਸੇ ਪ੍ਰੇਮ ਦੇ ਰੰਗ ਰੱਤੜੀ ਬੈਠੀ ਆਪ ਨੂੰ ਦਿੱਸ ਆਈ। ਘੋੜੇ ਦੀ ਰਾਸ ਖਿੱਚ ਲਈ ਤੇ ਆਪ ਹੇਠਾਂ ਉਤਰੇ ਤੇ ਧਿਆਨ ਮਗਨ ਸਾਈਂ ਦਾਸ ਦੇ ਪਾਸ ਆ ਖੜੋਤੇ। ਕ੍ਰਿਪਾ ਤੇ ਪ੍ਰੇਮ ਦੀ ਨਿਗਾਹ ਪਾਈ ਤੇ "ਉਠਹੁ! ਉਠਹੁ ਪਜਾਰੇ ਜੀਉ!!" ਦਾ ਵਾਕ ਉਚਾਰਿਆ। ਪਰ ਸੁਣੇ ਕੌਣ? ਉਸ ਦੇ ਇਸ ਰੰਗ ਵਿਚ ਗੁਰੂ ਜੀ ਆਪ ਰਸੀਏ ਹੋ ਗਏ ਤੇ ਨੈਣਾਂ ਵਿਚ ਜਲ ਭਰ ਆਇਆ। ਸਾਈਂ ਦਾਸ ਪਿਆਰੇ ਦੇ ਧਿਆਨ ਵਿਚ ਆਏ ਰੂਪ ਵਿਚ ਲੀਨ ਹੈ। ਸ੍ਰੀ ਗੁਰੂ ਜੀ ਨੇ ਉਸੇ ਰੂਪ ਵਿਚ ਹੋ ਕੇ ਆਖਿਆ: 'ਉੱਠੋ ਤੇ ਫੇਰ ਸਾਈਂ ਦਾਸ ਨੂੰ ਗਲੇ ਨਾਲ ਲਾ ਲਿਆ। ਤ੍ਰਬ੍ਹਕ ਕੇ ਸਾਈਂ ਦਾਸ ਦੇ ਨੈਣ ਖੁਲ੍ਹੇ ਜਿਵੇਂ ਕੋਈ ਸੁੱਤਾ ਜਾਗਦਾ ਹੈ। ਆਪਣੇ ਆਪ ਨੂੰ ਪਿਆਰੇ ਦੀ ਗਲਵੱਕੜੀ ਵਿਚ ਦੇਖਦੇ ਹਨ ਤੇ ਅਰਸ਼ਾਂ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਂ ਵਾਕ ਦੀ ਮਾਨੋਂ ਗੁੰਜਾਰ ਹੁੰਦੀ ਹੈ:-

ਤੇਰਿਆ ਭਗਤਾ ਭੁਖ ਸਦ ਤੇਰੀਆ॥ ਹਰਿ ਲੋਚਾ ਪੂਰਨ ਮੇਰੀਆ॥
ਦੇਹੁ ਦਰਸੁ ਸੁਖ ਦਾਤਿਆ ਮੈ ਗਲਿ ਵਿਚਿ ਲੈਹੁ ਮਿਲਾਇ ਜੀਉ॥੧੫॥

{ਸਿਰੀ ਰਾਗੁ ਮਹਲਾ ੫, ਪੰਨਾ ੭੪}

ਸਾਈਂ ਦਾਸ ਚਰਨੀ ਢਹਿੰਦਾ ਹੈ ਤੇ ਸਤਿਗੁਰੂ ਜੀ ਗਲੇ ਲਗਾਉਂਦੇ ਹਨ।
ਸਾਈਂ ਦਾਸ ਫੇਰ ਢੱਠਾ, ਸਤਿਗੁਰਾਂ ਫੇਰ ਗਲੇ ਲਾਇਆ: ਤਦੋਂ:—

ਹਰਿ ਗੋਬਿੰਦ ਗੁਰ ਹਰਖ ਹੁਇ ਡਾਰ ਭੁਜਾ ਗਲ ਲਾਇ॥
ਤੀਨਿ ਕਾਲ ਸੋਝੀ ਪਰੀ ਸਾਈਂ ਦਾਸ ਤਦਾਇ॥*

ਸਾਈਂ ਦਾਸ ਤਰ ਗਿਆ, ਸਤਿਗੁਰ ਦਾ ਪਿਆਰਾ ਸਿੱਖ ਹੈ,-ਉਹ ਸਿੱਖ, ਜਿਸ ਨੂੰ ਸਤਿਗੁਰ ਪਿਆਰ ਕਰਦਾ ਹੈ, ਜਿਸ ਨੂੰ ਸਤਿਗੁਰ ਨਦਰ ਨਾਲ ਨਿਹਾਲ ਕਰਦਾ ਹੈ। ਸਭ ਤੋਂ ਵੱਡੇ ਭਾਗ ਗੁਰਸਿੱਖ ਦੇ ਹੋ ਗਏ, ਜੋ ਸਤਿਗੁਰ ਦੇ ਪ੍ਰੇਮ ਵਿਚ ਸਮਾ ਕੇ, ਉਸ ਦੇ ਆਤਮਾ ਤੋਂ ਜਨਮ ਪਾ ਕੇ ਆਤਮਜ ਹੋ ਗਿਆ। ਹਾਂ, ਜੋ ਰੂਹ ਵਿਚ ਲੀਨ ਹੋ ਰੂਹ ਤੋਂ ਉਪਜੇ, ਕਿਉਂ ਨਾ ਸਭ ਤੋਂ ਵੱਡੇ ਭਾਗ ਹੋਣ ਉਸ ਦੇ?

ਸਤਿਗੁਰ ਜੀ ਸਹਜ ਨਾਲ ਟੁਰ ਪਏ, ਖੱਬੇ ਪਾਸੇ ਸਾਈਂ ਦਾਸ ਦੀ ਬਾਂਹ ਫੜੇ ਜਾ ਰਹੇ ਹਨ, ਮਗਰ ਘੋੜਾ ਆਪੇ ਟੁਰਿਆ ਆ ਰਿਹਾ ਹੈ, ਮਿੱਠੇ ਮਿੱਠੇ ਰਸਭਿੰਨੜੇ ਪਿਆਰੇ ਦੇ ਸ਼ਬਦ ਹੋ ਰਹੇ ਹਨ, ਤੇ ਸੁਰਤਾਂ ਦਾ 'ਪਿਆਰ-ਸੰਗਮ' ਹੋ ਰਿਹਾ ਹੈ। ਪਤਾ ਨਹੀਂ ਕਿੰਨਾਂ ਪੈਂਡਾ ਏਸ ਤਰ੍ਹਾਂ ਲੰਘ ਗਏ, ਤਦੋਂ ਪਤਾ ਲੱਗਾ ਜੋ ਸ਼ਬਦਾਂ ਦੀ ਘਨਘੋਰ ਦੀ ਅਵਾਜ਼ ਆ ਗਈ। ਸੰਗਤ ਡਰੋਲੀ ਦੀ ਪ੍ਰਸ਼ਾਦ ਲੈ ਕੇ ਆ ਮਿਲੀ। ਹੁਣ ਸਾਈਂ ਦਾਸ ਜੀ ਨੂੰ ਪੂਰੀ ਸੁੱਧ ਆਈ ਕਿ ਸਤਿਗੁਰ ਜੀ ਆ ਗਏ, ਸੰਗਤ ਲੈਣ ਲਈ ਪਹੁੰਚ ਗਈ, ਮੈਂ ਨਾ ਲੈਣ ਵਾਲਿਆਂ ਵਿਚ ਆਦਰ ਕਰਨ ਦਾ ਹਿੱਸਾ ਲਿਆ, ਨਾ ਨਾਲ ਆਇਆਂ ਵਿਚ ਸੇਵਾ ਕੀਤੀ। ਦਿਲ ਦੀ ਖਿੱਚ ਮੈਨੂੰ ਕਿਸ ਰਾਹੇ ਲੈ ਟੁਰੀ? ਪਰ ਆਹ! ਸਾਈਂ ਦਾਸ! ਇਹੋ ਮੁਬਾਰਕ ਰਾਹ ਸੀ ਜੋ ਤੇਰੇ ਪੈਰਾਂ ਨੇ ਤੇਰੇ ਦੱਸੇ ਬਿਨਾਂ ਫੜਿਆ, ਪਿਆਰ ਦੀ ਖਿੱਚ ਵੱਜੇ, ਆਪਾ ਪਿਆਰੇ ਵਿਚ ਤੇ ਉਸ ਦੀ ਖਿੱਚ ਵਿਚ ਮਗਨ ਹੋ ਜਾਏ। ਸੰਗਤ ਵਿਚ ਪ੍ਰੇਮੀਆਂ ਤੇ ਨਾਮ ਰਸੀਆਂ ਦੀ 'ਪਿਆਰ ਲਹਿਰ' ਸ਼ਬਦ ਗੁੰਜਾਰ ਨਾਲ ਵਾਯੂ ਮੰਡਲ ਨੂੰ ਸੁਹਾਵਣਾ ਕਰ ਰਹੀ ਸੀ। ਹੁਣ ਸੰਗਤ ਪ੍ਰਸ਼ਾਦ ਲੈ ਕੇ ਖੜੀ ਹੋ ਗਈ; ਸਭ ਨੇ ਮੱਥਾ ਟੇਕਿਆ, ਇਕ ਪ੍ਰੇਮੀ ਨੇ ਗੁਰੂ ਜੀ ਦੇ ਸਨਮੁਖ ਖੜੋ ਕੇ ਅਰਦਾਸਾ ਸੋਧਿਆ, ਪ੍ਰਸ਼ਾਦ ਆਪ ਦੀ ਭੇਟ ਹੋਇਆ, ਸਤਿਗੁਰ ਦੀ ਭੇਟ, ਹਾਂ ਚਿਰੀ ਵਿਛੁੰਨੇ ਸਾਹਮਣੇ ਖੜੇ ਹਸਦੇ ਤੇ ਰਸਦੇ ਸਤਿਗੁਰ ਦੀ ਭੇਟ ਹੋਇਆ, ਰਸਨੀ ਲੈਕ ਹੋਇਆ। ਫੇਰ ਸਾਧ ਸੰਗਤ ਵਿਚ ਵਰਤਿਆ, ਸਭ ਨੇ ਪ੍ਰੇਮ ਨਾਲ ਛਕਿਆ ਤੇ ਸ਼ੁਕਰ ਕੀਤਾ। ਇੰਨੇ ਨੂੰ ਸਤਿਗੁਰ ਦੇ ਨਾਲ ਦੀ ਸੰਗਤ ਤੇ ਸੂਰਮੇ, ਜੋ ਪਿੱਛੇ ਰਹਿ ਗਏ ਸੇ, ਆ ਮਿਲੇ। ਇਹਨਾਂ ਵਿਚ ਬੀ ਪ੍ਰਸ਼ਾਦਿ ਵਰਤਾਇਆ ਗਿਆ।

---

੧. ਗੁਰੂ ਹਰਿ ਗੋਬਿੰਦ ਜੀ ਨੇ ਖ਼ੁਸ਼ ਹੋ ਕੇ ਸਾਈਂ ਦਾਸ ਨੂੰ ਗਲੱਕੜੀ ਪਾ ਗਲੇ ਲਾਇਆ। ਤਿੰਨਾਂ ਕਾਲਾਂ ਦੀ ਸੋਝੀ ਸਾਈਂ ਦਾਸ ਨੂੰ ਉਸੇ ਵੇਲੇ ਪੈ ਗਈ।


www.sikhbookclub.com

ਇਸ ਤੋਂ ਮਗਰੋਂ ਸਤਿਗੁਰ ਜੀ ਨੇ ਸਿੱਧਾ ਧਰਮਸਾਲ ਨੂੰ ਰੁਖ ਕੀਤਾ। ਏਥੇ ਸਾਰੀ ਸੰਗਤ ਮਾਈ ਭਾਈ ਕੱਠੇ ਸਨ ਤੇ ਏਥੇ ਹੀ ਮਾਤਾ ਗੰਗਾ ਜੀ ਡਾਢੇ ਪਿਆਰ ਵਿਚ ਉਡੀਕ ਰਹੇ ਸੇ। ਸਤਿਗੁਰੂ, ਗੁਰੂ-ਪੁੱਤ੍ਰ ਤੇ ਪਰਮ ਪਿਆਰੇ ਪੁੱਤਰ ਦੀ ਉਡੀਕ ਵਿਚ ਮਾਤਾ ਬਿਹਬਲ ਹੋ ਰਹੀ ਸੀ, ਆਉਂਦੇ ਸਾਰ ਪੁੱਤਰ ਨੂੰ ਗਲੇ ਲਾਇਆ। ਸਾਹਿਬ ਪੈਰਾਂ ਵਲ ਝੁਕੇ, ਪਰ ਮਾਤਾ ਨੇ ਪਿਆਰਾ ਸੀਸ ਹੱਥਾਂ ਤੇ ਲੈ ਕੇ ਗਲੇ ਲਾਇਆ, ਮੱਥਾ ਸੁੰਘਿਆ ਤੇ ਚਿਤੋਂ ਗੁਰੂ ਭਾਵਨਾ ਵਿਚ ਆਏ ਡਾਢੇ ਅਦਬ ਦੇ ਭਾਵ ਨਾਲ ਆਦਰ ਦਿੱਤਾ, ਫੇਰ ਮਾਤਾ ਭਾਵ ਨਾਲ ਅਸੀਸਾਂ ਆਖੀਆਂ, ਪੱਲੇ ਨਾਲ ਭਰਵੱਟਿਆਂ ਤੋਂ ਗਰਦ ਝਾੜੀ, ਸਦਕੇ, ਵਾਰੀ, ਘੋਲੀ ਘੋਲੀ ਗਈ। ਜਦ ਪ੍ਰੇਮ ਦੀ 'ਚੁੱਪ-ਭਾਵਨਾ' ਆਪਣੇ ਪਿਆਰ ਦੇ ਆਦਰ ਦੇ ਚੁੱਕੀ ਤਾਂ ਰਸਨਾ ਖੁਲ੍ਹੀ। ਸਫਰ ਦੀ ਸੁਖ ਸਾਂਦ ਪੁੱਛੀ ਤੇ ਸੁਣ ਕੇ ਪ੍ਰਸੰਨ ਹੋਈ।

ਹੁਣ ਆਪ ਉਠ ਖੜੇ ਹੋਏ, ਮਾਤਾ ਜੀ ਤੋਂ ਆਗਜਾ ਮੰਗੀ, ਪਰ ਉਹ ਨਾਲ ਹੋ ਟੁਰੇ। ਸਾਈਂ ਦਾਸ ਵੱਲ ਤੱਕੇ, ਉਹ ਸਿਰ ਨਿਹੁੜਾਈ ਖੜਾ ਸੀ, ਹੱਥ ਜੁੜੇ ਸਨ, ਲੱਕ ਦੁਪੱਟਾ ਬੱਝਾ ਸੀ। ਮੱਥੇ ਤੇ ਨਾਮ ਦੀ ਦਮਕਾਰ ਸੀ ਤੇ ਨੈਣਾਂ ਵਿਚ ਲਿਵ ਦੀ ਚਮਕਾਰ ਸੀ। ਸਤਿਗੁਰ ਤੱਕੇ, ਹੱਸੇ ਤੇ ਬੋਲੇ:- 'ਚੱਲੋ ਭਾਈ ਸਾਈਂ ਦਾਸ ਜੀ!' ਸਤਿਗੁਰ ਇਹ ਕਹਿਕੇ ਟੁਰ ਪਏ, ਸਾਈਂ ਦਾਸ ਨਾਲ ਹੋ ਟੁਰਿਆ। ਸਤਿਗੁਰ ਦਾ ਪਰਵਾਰ ਨਵੇਂ ਰਚੇ ਮੰਦਰ ਵਿਚ ਸੀ, ਰਾਮੋ ਦਲ੍ਹੀਜ਼ਾਂ ਵਿਚ ਖੜੀ ਰਾਹ ਤੱਕ ਰਹੀ ਸੀ, ਨੈਣਾਂ ਦੇ ਛਮਾਂ ਛਮ ਭਰੇ ਹੰਝੂ ਉਸ ਨਵੇਂ ਮਹਿਲ ਦੀਆਂ ਦਲ੍ਹੀਜ਼ਾਂ ਤੇ ਮਾਨੋਂ ਤੇਲ ਚੋ ਰਹੇ ਸਨ, ਰਾਮੋ ਦੀ ਆਪਣੀ ਪਿਆਰ ਭਰੀ ਸੂਰਤ ਬੂਹੇ ਦੇ ਪੱਤ੍ਰਾਂ ਦੇ ਬੰਦਨਵਾਰਾਂ ਵਿਚ ਇਕ ਸ਼ਿੰਗਾਰ ਬਣ ਰਹੀ ਸੀ। 'ਜੀ ਆਇਆਂ' ਕਰਨ ਨੂੰ ਆਰਤੀ ਉਤਾਰਨ ਦਾ ਸਾਮਾਨ ਪਿਆਰ ਦੀਆਂ ਕਾਂਗਾਂ ਵਿਚ ਕਿਸ ਨੂੰ ਯਾਦ ਸੀ? ਹਿਰਦੇ ਦੇ ਪ੍ਰੇਮ ਤ੍ਰੰਗ ਆਰਤੀ ਕਰ ਰਹੇ ਸਨ ਕਿ ਮਰਮਾਂ ਦੇ ਜਾਣੂੰ ਆ ਪਹੁੰਚੇ। ਇਕ ਪਲ ਅਝਕ ਗਏ, ਘਰ ਵੱਲ ਤੱਕੇ ਤੇ ਬੋਲੇ-

**......"ਸੇ ਅਸਥਲ ਸੋਇਨ ਚਉਬਾਰੇ॥" "ਸੋ ਅਸਥਲ ਸੋਇਨ ਚਉਬਾਰੇ॥"**

{ਮਾਝ ਮਹਲਾ ੫, ਪੰਨਾ ੧੦੫}

ਫੇਰ ਅਗੇ ਵਧੇ, 'ਧੰਨ ਗੁਰੂ ਨਾਨਕ' ਮੂੰਹ ਥੀਂ ਨਿਕਲਿਆ, ਦਲ੍ਹੀਜ਼ਾਂ ਵਿਚ ਪੈਰ ਧਰਿਆ। ਇਕ ਪੈਰ ਅੰਦਰ ਸੀ, ਇਕ ਬਾਹਰ, ਕਿ ਰਾਮੋ ਤੇ ਸਾਈਂ ਦਾਸ ਇਕ ਇਕ ਚਰਨ ਪਰ ਬਿਹਬਲ ਹੋ ਕੇ ਢਹਿ ਪਏ, ਲਿਪਟ ਗਏ ਤੇ ਰਸ ਰੰਗ ਵਿਚ ਰੱਤੇ ਗਏ। ਇਸ ਸੁੱਖ, ਇਸ ਅਨੰਦ, ਇਸ ਭਗਤਿ ਯੋਗ, ਇਸ ਪ੍ਰੇਮ ਜੋਗ ਵਿਚ ਭਾਗੇ ਭਰੀ ਛਿਨ ਲੰਘੀ, ਉਹ ਛਿਨ ਲੰਘੀ ਜੋ ਕਾਲ ਤੋਂ ਪਰੇ ਲੈ ਜਾਂਦੀ ਤੇ, ਪਜਾਰੇ ਨਾਲ ਜਾ ਮੇਲਦੀ ਹੈ। ਸਤਿਗੁਰ ਨੇ ਸਿਰਾਂ ਤੇ ਪਿਆਰ ਦਿੱਤਾ ਤੇ ਅਸੀਸ ਦਿੱਤੀ-"ਧੰਨ ਸਿੱਖੀ" "ਨਿਹਾਲ"!

ਸਤਿਗੁਰੂ ਜੀ 'ਧੰਨ ਸਿੱਖੀ' ਕਹਿੰਦੇ ਅੱਗੇ ਵਧੇ ਤੇ ਆਪੂੰ ਹੀ ਆਪਣੇ ਲਈ ਡੱਠੇ ਪਲੰਘ ਤੇ ਜਾ ਬਿਰਾਜੇ। ਇਕ ਵੇਰ ਫੇਰ ਰਾਮੋ ਤੇ ਸਾਈਂ ਦਾਸ ਨੇ ਚਰਨ ਪਰਸੇ, ਮਸਤਕ ਸਫ਼ਲ ਕੀਤਾ, ਪਦਪੰਕਜ ਪ੍ਰੇਮ ਭਰੇ ਹੰਝੂਆਂ ਨਾਲ ਧੋਤੇ। ਫੇਰ ਰਾਮੋ ਉੱਠੀ ਤੇ ਛੇਤੀ ਨਾਲ ਜਾ ਕੇ ਸਤਿਗੁਰ ਦੇ ਪਰਵਾਰ (ਆਪਣੀ ਭੈਣ ਆਦਿਕ) ਨੂੰ ਲੈ ਆਈ ਤੇ ਚਰਨਾਂ ਕਮਲਾਂ ਤੇ ਲਿਟਾ ਦਿੱਤਾ। ਸਗਲ ਕੇ ਦਾਤੇ,


www.sikhbookclub.com

ਸਗਲ ਕੇ ਪ੍ਰਤਿਪਾਲਕ ਜੀ ਨੇ ਅਸ਼ੀਰਵਾਦ ਦਿੱਤੀ, ਸੁੱਖ ਸਾਂਦ ਪੁੱਛੀ, ਮਿਹਰਾਂ ਨਾਲ ਨਿਹਾਲ ਕੀਤਾ। ਰਾਮੋ ਲੰਗਰ ਵਿਚ ਚਲੀ ਗਈ। ਸਾਈਂ ਦਾਸ ਜੀ ਨੇ ਇਸ਼ਨਾਨ ਦੀ ਤਿਆਰੀ ਕਰਵਾਈ ਤੇ ਸੰਗਤ ਸਾਰੀ ਆ ਜੁੜੀ। ਚੰਦ ਤਾਰਿਆਂ ਦੇ ਪਰਵਾਰ ਵਿਚ ਸੂਰਜ-ਤਾਰੇ, ਸਤਾਰੇ, ਗ੍ਰੈਹਾਂ, ਨਛੱਤ੍ਰਾਂ, ਰਾਸੀਆਂ ਦੇ ਪਰਵਾਰ ਵਿਚ ਬੈਠੇ ਸੂਰਜਾਂ ਦੇ ਸੂਰਜ ਜੀ-ਇਸ ਪਾਪ ਮਈ ਧਰਤੀ ਉਤੇ ਮਿਹਰਾਂ ਵਾਲੇ ਤੇ ਛਹਿਬਰਾਂ ਵਾਲੇ ਚਾਨਣੇ ਨਾਲ ਰੱਬੀ ਜੋਤ ਜਗਾਏ ਸੁਭਾਇਮਾਨ ਹੋ ਰਹੇ ਹਨ। ਹਰ ਸਿੱਖ ਆ ਕੇ ਮੱਥਾ ਟੇਕਦਾ ਹੈ ਤੇ ਆਪਣਾ ਪਿਆਰ ਅਰਪਨ ਕਰਦਾ ਹੈ। ਹਰ ਸਿੱਖ ਨੂੰ ਨਾਮ ਦਾਨ ਦੀ ਅਸੀਸ ਮਿਲਦੀ ਹੈ। ਸਤਿਗੁਰੂ ਦਾ ਚਿੱਤ ਸਿੱਖਾਂ ਦੇ ਚਿੱਤ ਨੂੰ ਆਪਣੇ ਅੰਦਰਲੇ ਜਜ਼ਬੇ ਨਾਲ ਉਨਮਨ ਕਰਦਾ ਹੈ, ਹਾਂ ਚਿਤਾਂ ਵਿਚ ਚਿੱਤ ਦਾ ਹਿਲੋਰਾ ਦੇ ਕੇ ਰੱਬੀ ਅਨੰਦ ਦਾਨ ਕਰ ਰਿਹਾ ਹੈ। ਸੁਰਤ ਨਾਲ ਸਿੱਖਾਂ ਦੀ ਸੁਰਤ ਨੂੰ ਚਾ ਕੇ ਭਵਸਾਗਰ ਤੋਂ ਉੱਚਾ ਕਰ ਕੇ, ਸੰਸਿਆਂ ਦੀਆਂ ਲਹਿਰਾਂ ਤੋਂ ਉਚਾਕੇ ਉਨਮਨ ਕਰ ਰਿਹਾ ਹੈ, ਗਗਨਾਂ ਦਾ ਤਾਰੂ ਬਣਾ ਰਿਹਾ ਹੈ, ਸੁਰਤ ਇਉਂ ਸਬਕ ਲੈਂਦੀ ਉੱਚੀ ਹੋ ਰਹੀ ਹੈ, ਤਰ ਰਹੀ ਹੈ, ਜੀਭ ਨਾਲ ਪੜ੍ਹਾਈ ਤੇ ਕੰਨਾਂ ਨਾਲ ਸੁਣ ਕੇ ਜੀਭ ਨਾਲ ਪੜ੍ਹੀ ਵਿਦਜਾ ਬੁੱਧੀ ਨੂੰ ਵਧਾਉਂਦੀ ਹੈ, ਬੁੱਧੀ ਨੂੰ ਤਿੱਖਿਆਂ ਕਰਦੀ ਹੈ! ਬ੍ਰਹਮ ਵਿਦਜਾ ਦੇ ਵੀ ਪੜ੍ਹਨ ਮਾਤ੍ਰ ਨਾਲ ਬੁੱਧੀ ਤੇ ਮਨ ਤ੍ਰਿਖੇ ਤੇ ਵਧੇਰੇ ਜਾਣਨਹਾਰ ਹੋ ਜਾਂਦੇ ਹਨ, ਪਰ ਮਨ ਤਦੇ ਹੀ ਉਨਮਨ ਹੁੰਦਾ ਹੈ ਜਦੋਂ ਅਮਲ ਕਰੇ ਯਾ ਜਦੋਂ ਉਨਮਨ ਵਾਲਾ ਦਾਤਾ ਦੂਸਰੇ ਦੇ ਮਨ ਨੂੰ ਆਪਣੇ ਮਨ ਨਾਲ ਉੱਚਾ ਕਰਕੇ ਦੱਸ ਦੇਵੇ ਕਿ ਆਹ ਹੈ ਟਿਕਾਣਾ, ਜਿੱਥੇ ਸਦਾ ਮਨ ਰਹੇ, ਜਿੱਥੇ ਸੁਰਤ ਰਹੇ ਸੋਚ ਵਿਚਾਰ ਤੋਂ ਉੱਚੀ ਰਸ ਦੇਸ਼ ਵਿਚ। ਇਹ ਹੈ ਬ੍ਰਹਮ ਵਿਦਿਆ ਦਾ ਦਾਨ। ਉੱਚਾ ਮਨ ਨੀਵੇਂ ਮਨ ਨੂੰ ਉੱਚਾ ਕਰ ਜਾਂਦਾ ਹੈ। ਤਾਰੂ ਤਰਨ ਦੀ ਜਾਚ ਸਿਖਾ ਦੇਂਦਾ ਹੈ, ਤਾਰ ਦੇਂਦਾ ਹੈ। ਖੇੜੇ ਵਾਲਾ ਅਨਖਿੜਿਆਂ, ਮੁਰਝਾਇਆਂ, ਕੁਮਲਾਇਆਂ ਤੇ ਸੁੱਕ ਰਿਹਾਂ ਨੂੰ ਖਿੜਾ ਜਾਂਦਾ ਹੈ। ਹਾਂ, ਕਰਕੇ ਦਿਖਾ ਜਾਂਦਾ ਹੈ। ਉੱਚਾ ਮਨ ਨਿਰਾ ਗੱਲਾਂ ਨਾਲ ਪੱਥਰ ਨਹੀਂ ਚਾਂਦਾ, ਦਿਲਾਂ ਦੇ ਰਸਤੇ ਦਿਲਾਂ ਨੂੰ ਚਾ ਜਾਂਦਾ ਹੈ, ਜਿਵੇਂ ਢੱਠਿਆਂ ਛੱਪਰਾਂ ਨੂੰ ਥੰਮ੍ਹੀਆਂ ਚਾ ਜਾਂਦੀਆਂ ਹਨ। ਨਿਰੇ ਪੜ੍ਹਨ ਪੜ੍ਹਾਉਣ ਨਾਲ ਸਮਝ ਤ੍ਰਿਖੀ ਹੁੰਦੀ ਹੈ, ਪਰ ਸੁਰਤੇ ਦੀ ਸੁਰਤ ਨਾਲ ਕਰਾਈ ਪੜ੍ਹਾਈ 'ਆਪੇ' ਨੂੰ ਇਕ ਉਚਿਆਈ ਤੇ ਲੈ ਜਾਂਦੀ ਹੈ, ਜੋ ਉਚਿਆਈ ਕਿ ਹੰਕਾਰ ਨਹੀਂ ਪਰ 'ਆਤਮ ਪਦ' ਹੈ। ਹਾਂ, ਦਾਤੇ ਨੇ, ਜੋ ਪਿਆਰੇ ਆਏ, ਸਾਰਿਆਂ ਦੇ ਮਨ ਨੂੰ ਇਕ ਹਿਲੋਰਾ ਦਿਤਾ; ਕਿੰਨਾ ਕਿੰਨਾ? ਮਣਾਂ ਤੇ ਪੰਡਾਂ ਬੰਨ੍ਹ ਕੇ ਨਹੀਂ, ਕਿਣਕਾ, ਹਾਂ ਜੀ ਕਿਣਕਾ ਕਿਣਕਾ। ਉਂਞ ਬੀ ਤਾਂ ਗੁਰਮੁਖ ਨਾਮ ਦੀ ਇਕ ਕਣੀ ਹੀ ਦੇ ਕੇ ਉਧਾਰ ਕਰਦਾ ਹੈ:-

"**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥੨॥**" {ਸੋਰਠਿ ਮਹਲਾ ੫, ਪੰਨਾ ੬੦੮}

ਜੀਓ! ਇਕ ਕਣੀ, ਕਣੀ-ਜੀਉਂਦੀ ਜਾਗਦੀ, ਮਘਦੀ, ਦਗਦੀ, ਭਖਦੀ, ਆਤਮ ਜੀਵਨ, ਰੂਹਾਨੀ ਜ਼ਿੰਦਗੀ ਦੀ ਜੀਵਨ ਕਣੀ-ਦਾਨ ਦੇ ਦੇਕੇ ਮੁਰਦੇ ਜਿਵਾ ਰਿਹਾ ਹੈ, ਧੰਨ ਜਿਵਾਲਣਹਾਰ:-

"**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥**"

{ਸੂਹੀ ਮਹਲਾ ੫-੫੪, ਪੰਨਾ ੭੪੯}

ਜੀ ਧੰਨ ਹਨ, ਜੀਅ ਦਾਨ ਦੀ ਕਣੀ-ਇਕ ਕਿਣਕਾ-ਦਾਨ ਕਰਨ ਵਾਲੇ! ਪਰ ਧੰਨ ਹਨ ਓਹ, ਜਿਨ੍ਹਾਂ ਇਹ ਇਕ ਕਿਣਕਾ ਪਾਇਆ:-

**"ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾਕੀ ਮਹਿਮਾ ਗਨੀ ਨਾ ਆਵੈ॥"**

{ਗਉੜੀ ਸੁਖਮਨੀ ਮਹਲਾ ੫, ਪੰਨਾ ੨੬੨}

ਇਕ 'ਕਿਣਕਾ ਭਰ ਜੀਵਨ' ਨਾਲ ਮੁਰਦਾ ਜੀ ਉਠਦਾ ਹੈ, ਇਕ ਕਿਣਕਾ ਨਹੀਂ ਤਾਂ ਮੁਰਦਾ ਹੈ, ਇਕ ਕਿਣਕਾ ਅੰਦਰ ਆ ਵਸਿਆ ਤਾਂ ਮੁਰਦਾ ਜੀ ਉੱਠਿਆ, ਮਹਿਮਾ ਵਾਲਾ ਹੋ ਗਿਆ। ਹਾਂ ਜੀ, ਜਿੱਥੇ ਨਾਮ ਆ ਵਸਿਆ ਰੱਬ ਆ ਵਸਿਆ-

**"ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥"** {ਗਉੜੀ ਸੁਖਮਨੀ ਮਹਲਾ ੫, ਪੰਨਾ ੨੬੩}

ਜਿੱਥੇ ਨਾਮ ਆ ਵਸਿਆ ਓਥੇ ਹੀ ਸਾਈਂ ਆ ਵਸਿਆ। ਉਹ ਕਿਣਕਾ ਰੱਬੀ ਜੀਵਨ ਹੈ, ਉਹ ਕਿਣਕਾ ਹੀ ਹੈ ਜੋ ਅੰਦਰ ਸਾਈਂ ਵੱਸਦਾ ਹੈ; ਵੱਸੇ ਤਾਂ ਅਸੀਂ ਜੀਵੇ, ਨਾ ਵੱਸੇ ਤਾਂ ਅਸੀਂ ਥੋਥਰ ਤੁੱਕੇ--

**"ਕਣ ਬਿਨਾ ਜੈਸੇ ਥੋਥਰ ਤੁਖਾ॥ ਨਾਮ ਬਿਹੂਨ ਸੂਨੇ ਸੇ ਮੁਖਾ॥"** {ਗਉੜੀ ਮਹਲਾ ੫, ਪੰਨਾ ੧੯੨}

ਸੁੰਞੇ ਮੂੰਹ ਵਾਲੇ ਮੁਰਦਾਰ, ਪਰ ਜੀਵੇ ਕੌਣ?-

**"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕੁ ਅਵਰੁ ਨ ਜੀਵੈ ਕੋਇ॥"**

{ਵਾਰ ਮਾਝ ਦੀ, ਮ: ੧-੧੦ ਸਲੋਕੁ, ਪੰਨਾ ੧੪੨}

ਕੋਈ ਟੁਰਦੇ ਫਿਰਦੇ, ਖਾਂਦੇ ਪੀਂਦੇ, ਹੱਸਦੇ ਬੋਲਦੇ ਜੀਉਂਦੇ ਹਨ, ਇਹ ਤਾਂ ਜਠਰਾ ਅਗਨੀ ਦੇ ਚੁੱਲ੍ਹੇ ਬਲ ਰਹੇ ਹਨ, ਇਨ੍ਹਾਂ ਵਿਚ ਅੰਨ ਆਦਿਕ ਬਾਲਣ ਬਲਣ ਦਾ ਕਾਰਜ ਹੋ ਰਿਹਾ ਹੈ:-

**"ਬਿਨੁ ਸਿਮਰਨ ਜੋ ਜੀਵਨੁ ਬਲਨਾ॥*"** {ਟੋਡੀ ਮਹਲਾ ੫, ਪੰਨਾ ੭੧੨}

ਸਿਮਰਨ ਤੋਂ ਬਿਨਾਂ ਜੋ ਜੀਉਣਾ ਹੈ ਇਹ ਬਲਨ ਦਾ ਕੰਮ ਹੋ ਰਿਹਾ ਹੈ, ਜਠਰਾ ਅਗਨੀ ਦਾ ਬਲਨਾ।

ਜਿਵਿਆ ਉਹ, ਜਿਸ ਕਿਣਕਾ ਪਾਇਆ, ਇਹ ਕਿਣਕਾ ਆਪੇ ਭਾਂਬੜ ਹੋ ਬਲਿਆ, ਜੀਵਨ ਰੱਬੀ, ਇਲਾਹੀ, ਰੂਹਾਨੀ, ਆਤਮਕ ਜੀਵਨ ਹੋ ਗਿਆ, ਜੋ ਰੱਬ ਵਿਚ ਜੀਵਿਆ ਸੋ ਜੀਵਿਆ ਬਾਕੀ ਤਾਂ ਸੁੱਤੇ ਪਏ ਮੁਰਦੇ ਸਮਾਨ ਹਨ। ਕਿਸੇ ਚੁੱਲ੍ਹੇ ਵਿਚ ਲਕੜਾਂ ਬਲ ਗਈਆਂ, ਏਸ ਸਰੀਰ ਦੇ ਚੁਲ੍ਹੇ ਵਿਚ ਦਾਣੇ, ਫਲ ਫੁੱਲ, ਫਲੀਆਂ, ਮੇਵੇ ਬਲ ਗਏ। ਕਦੇ ਨਾ ਮਰਣ ਵਾਲੇ ਤੇ ਹਰ ਥਾਂ ਵਿਆਪਕ ਰੱਬੀ ਜੀਵਨ ਦੇ ਨੂਰ ਤੋਂ ਤੇ ਹਰ ਥਾਂ ਠਾਠਾਂ ਮਾਰ ਰਹੇ ਇਲਾਹੀ ਜੀਵਨ ਦੇ ਸਮੁੰਦਰ ਤੋਂ ਜੋ ਭੁਲ ਵਿਚ, ਵਿੱਥ ਵਿਚ ਰਹੇ, ਸੋ ਕਾਹਦੇ ਜੀਵੇ? ਜੀਵੇ ਓਹ ਜੋ ਸਦਾ ਜੀਉਂਦੇ ਤੇ ਕਦੇ ਨਾ ਮਰਨਹਾਰ ਸਾਈਂ ਦੇ ਚਰਨਾਂ ਨਾਲ ਲੱਗੇ, ਲੱਗੇ ਤੇ ਫੇਰ ਸਦਾ ਅੰਤਰ ਆਤਮੇ ਲੱਗੇ ਹੀ ਰਹੇ, ਨਾ ਵਿਛੁੜੇ, ਪਰ ਨਾ ਵਿਛੁੜੇ। ਲੱਗੇ ਕਿੰਵ? ਨਾਮ ਜਪ ਕੇ, ਸਾਹਿਬ ਗੁਰੂ ਹਰਿਗੋਬਿੰਦ ਦੇ ਚਰਨਾਂ ਨੂੰ ਪ੍ਰਾਪਤ ਹੋ, ਉਨ੍ਹਾਂ ਤੋਂ ਇਕ ਕਿਣਕਾ ਲੈ ਕੇ। ਹਾਂ, ਜੇ ਹੋਰ ਨਹੀਂ ਤਾਂ ਕਿਸੇ ਕਿਣਕੇ ਵਾਲੇ ਤੋਂ ਉਸ ਕਿਣਕੇ

* ਬਲਨੇ ਦੀ ਕ੍ਰਿਜਾ। (ਅ) ਚੁਲ੍ਹਾ।

 www.sikhbookclub.com

ਦਾ ਕਿਣਕਾ ਦਾਨ ਲੈ ਕੇ ਜੀਉਂਦੇ ਕਿਣਕੇ ਦੇ ਕਿਣਕੇ ਦਾ ਕਿਣਕਾ-ਜੋ ਲੈ ਕੇ ਸਿਮਰਨ ਵਿਚ ਆਏ, ਜੀਉ ਪਏ। ਜੀਵਨ ਕਣੀ ਜੋ ਅੰਦਰ ਲੰਘ ਗਈ ਉਹ ਜੀਵਨ ਦੀ ਜੁਆਲਾ ਬਾਲ ਦੇਵੇਗੀ। ਜਿਵੇਂ ਅੱਗ ਦੀ ਇਕ ਕਣੀ ਜੀਉਂਦੀ ਹੈ, ਉਹ ਕਣੀ ਮਘਦੀ ਹੈ ਤੇ ਜਿੱਥੇ ਲੱਗੇ ਅਲਾਂਬੇ ਖ਼ਾਲ ਦੇਂਦੀ ਹੈ।

ਹਾਂ, ਆਓ ਸ਼ਰਨ ਸਤਿਗੁਰ ਦੀ ਤੇ ਛੱਡੋ ਹਉਂ ਦੀ ਟੇਕ! ਸਮਝ ਦੇ ਗੋਰਖ ਧੰਦੇ ਚਾਤੁਰ ਤਾਂ ਕਰਦੇ ਹਨ, ਪਰ ਕਲਿਆਨ ਸਿਮਰਨ ਵਿਚ ਹੈ:-

**"ਹਰਿ ਬਿਸਰਤ ਸਦਾ ਖੁਆਰੀ"** {ਟੋਡੀ ਮਹਲਾ ੫, ਪੰਨਾ ੭੧੨}

ਹੈ; ਯਾਦ ਵਿਚ ਸਦਾ ਸੁੱਖ ਹੈ। ਸਾਈਂ ਦੀ ਯਾਦ ਵਿਚ ਜੀਵੋ, 'ਊਠਤ ਬੈਠਤ ਸੋਵਤ ਨਾਮ' ਵਿਚ ਰਹੋ, ਦਮ ਦਮ ਸਾਈਂ ਨੂੰ ਸੰਭਾਲੋ, ਜਾਗੋ

**"ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥"**

{ਗਉੜੀ ਗੁ: ਮਹਲਾ ੫, ਪੰਨਾ ੧੮੨}

ਜਾਗੋ! ਜਾਗ ਯਾਦ ਹੈ ਸਾਈਂ ਦੀ ਨਿਰੰਤਰ ਯਾਦ, ਪਿਆਰੇ ਨੂੰ ਕਦੇ ਨਾ ਭੁੱਲਣ ਵਾਲੀ ਯਾਦ।

ਹਾਂ ਜੀ! ਦਾਤਾ ਸਤਿਗੁਰ ਜੀ ਆਈਆਂ ਸੰਗਤਾਂ ਨੂੰ ਜੀਵਨ ਕਣੀਆਂ ਦਾਨ ਕਰਦੇ, ਗੁਰੂ ਤੇ ਗੁਰਮੁਖ ਦੋਹਾਂ ਪਦਾਂ ਵਿਚ ਬੈਠੇ ਜੀਅਦਾਨ ਦੇ ਰਹੇ ਹਨ ਤੇ ਕ੍ਰੋੜਾਂ ਦਾ ਉਧਾਰ ਕਰ ਰਹੇ ਹਨ।

ਇਹ ਸੀ ਪਰਵੇਸ਼ ਸਾਈਂ ਦਾਸ ਦੇ ਘਰ ਵਿਚ, ਇਹ ਸੀ ਜੱਠ ਯਾ ਚੱਠ ਯਾ ਡੱਠਣੀ ਜੋ ਸਾਈਂ ਦਾਸ ਦੇ ਮਕਾਨ ਤੇ ਹੋਈ

**"ਘਰ ਛਡਣੇ ਰਹੈ ਨ ਕੋਈ॥"** {ਮਾਰੂ ਮਹਲਾ ੧, ਪੰਨਾ ੯੮੯}

ਸਾਈਂ ਦਾਸ ਕਦੋਂ ਘਰ ਬਣਾਉਂਦਾ ਸੀ? ਇਹ ਤਾਂ ਸਤਿਗੁਰ ਦੇ ਚਰਨ ਪੈਣ ਲਈ ਬਣਾਇਆ ਸੀ। ਘਰ ਦਾਤੇ ਲਈ ਰਚਿਆ। ਆਪ ਸੇਵਕ ਹੋ ਕੇ ਆਇਆ ਤੇ ਲੰਗਰ ਕਾਹਦਾ ਲਾਇਆ? ਦਾਨ ਕਾਹਦਾ ਹੋਇਆ? ਅਨੇਕਾਂ ਜੀਵ ਜੀਆਦਾਨ ਪਾ ਗਏ, ਖੁਸ਼ੀਆਂ ਵਿਚ ਆਏ ਸਤਿਗੁਰ ਨੇ ਰੱਬੀ ਖ਼ਜ਼ਾਨੇ ਲੁਟਾ ਕੇ ਹਰ ਆਏ ਜੀ ਨੂੰ 'ਜੀਉਂਦਾ ਕਿਣਕਾ' ਦੇ ਕੇ ਸਿਮਰਨ ਵਿਚ, ਯਾਦ ਵਿਚ, ਨਾਮ ਵਿਚ, ਲਿਵ ਵਿਚ ਜਿਵਾ ਦਿਤਾ। ਧੰਨ ਸਾਈਂ ਦਾਸ! ਧੰਨ ਰਾਮੋ!! ਤੇ ਧੰਨ ਘਰ ਦਾ ਉਸਰਾਨਾ!!! ਤੇ ਧੰਨ ਉਸਦੀ ਜੱਠ ਦਾ ਹੋਣਾ!!!! ਅਤਮ ਰਸੀਆਂ ਦੇ ਸਾਰੇ ਕੌਤਕ ਆਤਮ ਰੰਗ ਵਿਚ ਰੰਗੇ ਹੋਏ ਹੁੰਦੇ ਹਨ।

ਇੰਨੇ ਨੂੰ ਲੰਗਰ ਤਿਆਰ ਹੋ ਗਿਆ। ਸਤਿਗੁਰੂ ਜੀ ਇਸ਼ਨਾਨ ਕਰ ਕੇ ਚੌਂਕੀ ਤੇ ਆ ਬੈਠੇ। ਆਏ ਜੀਆਂ ਦੀਆਂ ਪੰਗਤਾਂ ਲੱਗ ਗਈਆਂ ਤੇ ਪ੍ਰਸ਼ਾਦ ਸਭ ਦੇ ਅਗੇ ਪਰੋਸਿਆ ਗਿਆ। ਦਾਤੇ ਨੇ ਆਪ ਛਕਿਆ। ਰਾਮੋ ਤੇ ਸਾਈਂ ਦਾਸ ਪਾਸ ਬੈਠੇ ਆਪ ਛਕਾ ਰਹੇ ਹਨ। ਸਾਈਂ ਦਾਸ ਜੀ ਹੁਣ ਪੱਖਾ ਝੱਲਦੇ ਹਨ, ਹੁਣ ਕੋਈ ਭੋਜਨ ਅੱਗੇ ਧਰਦੇ ਹਨ, ਹੁਣ ਖੁਸ਼ ਹੁੰਦੇ ਹਨ, ਹੁਣ ਨੈਣ ਭਰ ਲੈਂਦੇ ਹਨ, ਸਾਕਾਦਾਰੀ ਦਾ ਮਾਨ ਹੈ ਨਹੀਂ! ਪੂਰਨ ਰੂਪ ਕਰ ਕੇ ਦਰਸ਼ਨ ਪਾ ਰਹੇ ਹਨ-

'ਸਨਬੰਧੀ ਹੈਂ ਗੁਰੂ ਹਮਾਰੇ। ਇਹ ਨਿਸਚਾ ਉਰ ਤੇ ਨਿਰਵਾਰੇ।
ਪ੍ਰਭੂ ਲਖਜੋ ਸਭਿ ਜਗ ਕੋ ਸ੍ਵਾਮੀ। ਆਯਹੁ ਹਮਹਿ ਉਧਾਰਨ ਕਾਮੀ॥੩੯॥
ਦੀਨ ਬੰਧੂ ਜਿਹ ਨਾਮ ਉਚਾਰੈਂ। ਬਸੀ ਪ੍ਰੇਮ ਕੇ ਸਕਲ ਬਿਚਾਰੈਂ।
ਤੀਨ ਲੋਕ ਪਤਿ ਕੀ ਇਹ ਮੂਰਤਿ। ਸਿੱਖਨ ਵਤਸਲ ਸੁੰਦਰ ਸੂਰਤਿ॥੪੦॥
ਇਮ ਨਿਸ਼ਚੈ ਲਖਿ ਸ੍ਰੀ ਗੁਰ ਪੂਰੇ। ਭਏ ਪ੍ਰਸੰਨ ਚਰਿਤ ਜਿਨ ਰੂਰੇ।
ਅਪਰ ਕਾਮਨਾ ਜਿਨ ਕੈ ਨਾਂਹੀ। ਰਿਦਾ ਬਿਮਲ ਕਰਿ ਦੀਨਿਸ ਤਾਂਹੀ॥੪੧॥
{ਸੂ. ਪ੍ਰ: ਰਾ: ੫, ਅੰਸੂ ੩੭ ਸਫਾ ੨੬੫੧}

ਇਸ ਪਰਮ ਨਿਰਮਲ, ਪਰਮ ਨਿਸ਼ਕਾਮ, ਪਰਮ ਪ੍ਰੇਮ ਵਾਲੀ ਅਨਿੰਨ ਭਗਤੀ ਦੀ ਗਤੀ ਵਾਲੇ ਦੰਪਤੀ ਕਿਸ ਉਚੀ ਭਾਵਨਾ ਵਿਚ ਸੇਵਾ ਕਰ ਰਹੇ ਹਨ? ਪ੍ਰਸ਼ਾਦ ਛਕ ਕੇ ਸਤਿਗੁਰਾਂ ਨੇ ਠੰਡਾ ਜਲ ਪੀਤਾ, ਹੱਥ ਧੋਤੇ, ਰੁਮਾਲ ਹੱਥ ਪੂੰਝਣ ਲਈ ਸਾਈਂ ਦਾਸ ਨੇ ਅੱਗੇ ਕੀਤਾ, ਤਦ ਸਤਿਗੁਰ ਇਕ ਅਚਰਜ ਪਿਆਰ ਤੇ ਮਿਹਰ ਵਿਚ ਆਏ, ਇਕ ਹੋਰ ਦਮਕ ਦਮਕਦੇ ਮੱਥੇ ਤੇ ਨੈਣਾਂ ਵਿਚ ਆਈ ਤੇ-

ਕਰਜੋ ਬਚਨ: "ਉਰ ਭਾਉ ਜੁ ਹੇਰਾ, "ਹੋਹਿ ਨ ਅਬਿ ਤੇ ਭਵਜਲਿ ਫੇਰਾ।
"ਅਤਿ ਪ੍ਰਸੰਨ ਮੋਕੋ ਤੁਮ ਕੀਨਾ, ਪਰਮਗਤੀ ਸੁਭ ਬਰ ਤੁਵ ਦੀਨਾ॥"੪੩॥
{ਸੂ. ਪ੍ਰ: ਰਾ: ੫, ਅੰਸੂ ੩੭, ਸਫਾ ੨੬੫੧}

ਵਾਕ ਸੁਣ ਕੇ ਪਤਾ ਨਹੀਂ ਕੀਹ ਹੋਇਆ, ਕਿਸੇ ਰੰਗ ਵਿਚ ਪ੍ਰੇਮੀ ਚਰਨਾਂ ਕਮਲਾਂ ਤੇ ਢੈ ਪਏ। ਅੱਗੇ ਹੀ ਪੂਰਨ ਸਨ, ਹੁਣ ਤਾਂ ਅਪਰ ਅਪਾਰ ਵਿਚ ਇਕ ਗ਼ੋਤਾ ਆਇਆ, ਕਪਾਟ ਖੁੱਲ੍ਹ ਗਏ। ਆਪਾ ਆਪੇ ਦੇ ਦੇਸ਼ ਉੱਡ ਪਹੁੰਚਿਆ, ਕੌਣ ਕਹੇ ਉਸ 'ਕੁਛ' ਨੂੰ ਜੋ 'ਕੁਛ' ਕਿ ਹੁਣ ਉਨ੍ਹਾਂ ਤੇ ਵਾਪਰਿਆ? 'ਨਹੀਂ ਹੋਣਾ' ਖਿਲਾ ਗਿਆ, 'ਅਨਹੋਣਾ' ਮਿਟ ਗਿਆ ਤੇ ਸ਼ਾਂਤਿ, ਸੁਖ ਸਹਜ ਯਥਾਰਥ, ਅਸਲੀ ਪੂਰਨ ਪਦ, ਅਪਦ ਤੋਂ ਪਰੇ ਦਾ, ਰੰਗ ਵਰਤ ਗਿਆ, ਜੋ ਅਵਿਨਾਸ਼ ਹੋਂਦ ਹੈ, ਸੱਤਿ ਹੈ।

[1]ਸਤਿਗੁਰ ਜੀ ਨੇ ਹੁਣ ਡਰੋਲੀ ਡੇਰੇ ਲਾ ਦਿਤੇ, ਇੱਥੇ ਹੀ ਸਤਿਸੰਗ ਦਾ ਪ੍ਰਵਾਹ ਚਲ ਪਿਆ। ਮਾਲਵੇ ਦੇ ਇਰਦ ਗਿਰਦ ਦੀਆਂ ਸੰਗਤਾਂ ਏਥੇ ਹੀ ਆਉਣ ਲਗ ਪਈਆਂ। ਅਸਲ ਵਿਚ ਇਹ ਸਮਾਂ ਜੋ ਸਤਿਗੁਰਾਂ ਦਾ ਏਥੇ ਲੱਗਾ, ਮਾਲਵੇ ਨੂੰ ਤਾਰ ਗਿਆ। ਸਤਿਗੁਰ ਦੀ ਸਿੱਖੀ ਤਾਂ ਅੱਗੇ ਹੀ ਮਾਲਵੇ ਵਿਚ ਬਹੁੰ ਸੀ, ਪਰ ਹੁਣ ਤਾਂ ਮਾਨੋਂ ਇਹ ਹੋ ਗਿਆ ਕਿ ਮਾਲਵਾ ਸਾਰਾ ਹੀ ਇਕ ਤਰ੍ਹਾਂ ਦਾ ਸਿੱਖ ਧਰਮ ਵਿਚ ਆ ਗਿਆ।

ਗਰਮੀਆਂ ਵਿਚ ਸਤਿਗੁਰ ਘਰੋਂ ਟੁਰੇ ਸੇ, ਤੇ ਹੁਣ ਕੱਤਕ ਦੀ ਰੁਤ ਆ ਗਈ। ਸਿਆਲਾ ਚੜ੍ਹ ਗਿਆ, ਏਸੇ ਮਹੀਨੇ ਮਾਤਾ ਦਮੋਦਰੀ ਜੀ ਦੇ ਘਰ ਬਾਲਕਾ ਜਨਮਿਆ। ਕੱਤਕ ਦੀ ਪੂਰਨਮਾਸ਼ੀ ਦੀ ਥਿਤ ਸੀ, ਅੱਧੀ ਰਾਤ ਦਾ ਵੇਲਾ ਸੀ, ਬੱਚੇ ਦਾ ਨਾਮ 'ਗੁਰਦਿਤਾ' ਧਰਿਆ[2]। ਇਹ ਉਹੀ ਬਾਲਕ ਹੈ ਜੋ ਸਾਈਂ ਸਿਮਰਨ ਦਾ ਇਕ ਨਮੂਨਾ ਨਿਕਲਿਆ ਸੀ, ਅਰ ਜਿਸ ਨੂੰ ਸ੍ਰੀ ਚੰਦ ਜੀ ਨੇ ਆਪਣਾ ਸਭ ਕੁਝ ਅਰਪ ਦਿੱਤਾ ਸੀ।

ਜਦੋਂ ਛੇਵੇਂ ਸਤਿਗੁਰਾਂ ਦੇ ਪੰਜ ਪੁਤ੍ਰ ਹੋ ਗਏ ਸੇ, ਏਹ ਤਦੋਂ ਦੀ ਵਾਰਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁਤ੍ਰ ਬਾਬਾ ਸ੍ਰੀ ਚੰਦ ਜੀ ਸੇ, ਜਿਨ੍ਹਾਂ ਨੇ ਉਦਾਸ ਸੰਪ੍ਰਦਾ ਤੋਰੀ ਸੀ, ਜੋ ਆਪ ਜਤੀ

੧. ਵਾਕਯਾਤ ਦਾ ਕ੍ਰਮ ਜੋ ਇਥੇ ਚੱਲ ਰਿਹਾ ਹੈ, ਸੋ ਸੂ: ਪ੍ਰ: ਤੇ ਗੁ: ਬਿ: ਅਨੁਸਾਰ ਹੈ। ਪਰ ਅਜੇ ਵਿਸ਼ੇਸ਼ ਖੋਜ ਦੀ ਲੋੜ ਹੈ।

੨. ਡਰੋਲੀ ਵਿਚ ਬਾਬਾ ਜੀ ਦੇ ਜਨਮ ਲੈਣ ਦਾ ਥਾਂ ਅਜੇ ਤਕ ਦੱਸੀਦਾ ਹੈ।

 www.sikhbookclub.com

ਰਹੇ ਸੇ ਤੇ ਜਿਨ੍ਹਾਂ ਤੋਂ ਬਾਬਾ ਗੁਰਦਿਤਾ ਜੀ ਨੂੰ ਗੱਦੀ ਮਿਲੀ ਤੇ ਅਗੋਂ ਵਿਰਕਤ ਤੇ ਜਤੀ ਸਾਧੂਆਂ ਦੀ ਸੰਪ੍ਰਦਾ ਟੁਰੀ ਸੀ। ਜਿਵੇਂ ਬੁੱਧ ਦੇ ਭਿੱਖੂ ਸੰਨਿਆਸ ਮਤ ਦੇ ਸੰਨਿਆਸੀ ਤਿਵੇਂ ਸ੍ਰੀ ਚੰਦ ਜੀ ਦੇ ਉਦਾਸੀ ਸਾਧੂ। ਆਪ ਦੀ ਸੌ ਬਰਸ ਤੋਂ ਉਪਰ ਆਰਬਲਾ ਹੋ ਗਈ ਤਦ ਆਪ ਨੂੰ ਆਪਣੀ ਗੱਦੀ ਦੇ ਯੋਗ ਸਜਣ ਦੀ ਢੂੰਡ ਹੋਈ, ਸਾਰੇ ਲੱਭ ਕੇ ਆਪ ਦੀ ਨਜ਼ਰ ਗੁਰੂ-ਘਰ ਤੇ ਹੀ ਠਹਿਰੀ ਕਿ ਜਿਥੇ ਗੁਰੂ ਨਾਨਕ ਦੀ ਖੁਸ਼ੀ ਗਈ ਹੈ, ਓਥੋਂ ਹੀ ਨਾਮ ਦਾ ਰਸੀਆ ਜਗਤ ਸੁਖੀ ਕਰਨਹਾਰ ਕੋਈ ਲੱਭੇਗਾ, ਇਹ ਸੋਚ ਕਰਕੇ ਆਪ ਨੇ ਗੁਰੂ ਹਰਿਗੋਬਿੰਦ ਜੀ ਪਾਸ ਆ ਕੇ ਇਕ ਪੁਤ੍ਰ ਲਈ ਯਾਚਨਾ ਕੀਤੀ, ਤਦ ਸ੍ਰੀ ਗੁਰੂ ਜੀ ਨੇ ਜੇਠਾ ਪੁਤ੍ਰ ਸਾਮ੍ਹਣੇ ਕਰ ਕੇ ਕਿਹਾ ਕਿ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁਤ੍ਰ ਹੋ, ਸਾਨੂੰ ਆਪ ਦਾ ਮਾਨ ਤੇ ਆਦਰ ਹੈ, ਇਹ ਜੇਠਾ ਬੱਚਾ ਹਾਜ਼ਰ ਹੈ, ਹੋਰ ਚਾਹੋ ਤਾਂ ਸਾਰੇ ਹਾਜ਼ਰ ਹਨ। ਸ੍ਰੀ ਚੰਦ ਜੀ ਹੱਸ ਪਏ ਤੇ ਬੋਲੇ 'ਸ੍ਰੀ ਗੁਰੂ ਨਾਨਕ ਦੇਵ ਜੀ ਸਭ ਕੁਛ ਆਪ ਨੂੰ ਦੇ ਗਏ ਹਨ, ਆਪ ਉਨ੍ਹਾਂ ਦਾ ਰੂਪ ਹੋ, ਮੇਰੇ ਪਾਸ ਇਹ ਟੋਪੀ ਹੈ ਤੇ ਉਦਾਸ ਸੰਪ੍ਰਦਾ ਦੀ, ਜੋ ਅਸਾਂ ਟੋਰੀ ਹੈ, ਵਾਗ ਡੋਰ ਹੈ। ਸੋ ਮੈਂ ਇਸ ਨਾਮ-ਰਸੀਏ ਆਪ ਦੇ ਪਿਆਰੇ ਲਾਲ ਨੂੰ ਦੇਂਦਾ ਹਾਂ। ਉਦਾਸ ਸੰਪ੍ਰਦਾ ਇਸ ਤੋਂ ਹੁਣ ਵਧੇਗੀ, ਇਸ ਦੇ ਅਗੇ ਨਿਵੇਂਗੀ ਅਰ ਇਸ ਦੀ ਆਗਜਾ ਵਿਚ ਟੁਰੇਗੀ।' ਇਹ ਕਹਿ ਕੇ ਟੋਪੀ ਪਹਿਨਾ ਦਿੱਤੀ ਤੇ ਆਖਿਆ ਕਿ "ਬਰਖੁਰਦਾਰ! ਤੁਸੀਂ ਹੁਣ ਬਾਬੇ ਹੋਏ, ਸ੍ਰੀ ਗੁਰੂ ਜੀ ਦੀ ਰਜ਼ਾ ਵਿਚ ਆਪ ਦੇ ਪਿਤਾ ਜੀ ਗੁਰੂ ਰੂਪ ਹੋ ਕੇ ਨਾਮ ਦਾ ਛਤ੍ਰ ਝੁਲਾ ਰਹੇ ਹਨ, ਤੁਸੀਂ ਤਿਆਗੀਆਂ, ਜਗਤ ਤੋਂ ਉਪਰਾਮੀਆਂ ਸੰਤਾਂ ਦੇ ਜ਼ਰੀਏ ਸਤਿਨਾਮ ਦਾ ਝੰਡਾ ਝੁਲਾਓ।" ਤਦੋਂ ਤੋਂ ਇਨ੍ਹਾਂ ਦਾ ਨਾਮ 'ਬਾਬਾ ਗੁਰਦਿਤਾ' ਜੀ ਹੋਇਆ। ਇਸ ਪ੍ਰਕਾਰ ਸ੍ਰੀ ਚੰਦ ਜੀ ਨੇ ਆਪਣੀ ਸੰਪ੍ਰਦਾ ਬੀ ਸਤਿਗੁਰਾਂ ਦੇ ਅਨੁਸਾਰੀ ਕਰ ਦਿਤੀ। ਫਰਕ ਕੇਵਲ ਇਹ ਰਹਿ ਗਿਆ ਕਿ ਤਿਆਗ, ਵੈਰਾਗ ਦੇ ਤਰੀਕੇ ਨਾਲ ਗ੍ਰਿਹਸਤ ਤੋਂ ਉਪਰਾਮ ਰੱਖ ਕੇ ਉਪਦੇਸ਼ ਕਰਨਹਾਰੀ ਸੰਪ੍ਰਦਾ ਨਾਮ ਰਸੀਆਂ ਦੇ ਪ੍ਰਚਾਰ ਦਾ ਤਰੀਕਾ ਇਉਂ ਰਿਹਾ, ਅਰ ਇਸ ਡਰ ਕਰਕੇ ਕਿ ਇਹ ਵੱਖਰਾ ਮਤ ਨਾ ਖਣ ਜਾਏ ਤੇ ਗੁਰਗੱਦੀ ਦੇ ਉਲਟ ਨਾ ਟੁਰ ਪਏ, ਸ੍ਰੀ ਚੰਦ ਜੀ ਗੁਰੂ ਅੰਗਦ ਜੀ ਦੇ ਮਗਰੋਂ ਹਰ ਗੁਰੂ ਨੂੰ ਮਿਲਦੇ ਰਹੇ ਤੇ ਉਨ੍ਹਾਂ ਦੀ ਵਡਿਆਈ ਮੰਨਦੇ ਰਹੇ। ਸ੍ਰੀ ਗੁਰੂ ਰਾਮਦਾਸ ਜੀ ਦੇ ਮੇਲ ਦੀ ਕਥਾ ਵਿਦਤ ਹੀ ਹੈ ਤੇ ਹੁਣ ਗੁਰੂ ਅੰਸ਼ ਦਾ ਜੇਠਾ ਪੁਤ੍ਰ ਆਪਣੀ ਸੰਪ੍ਰਦਾ ਦਾ ਆਗੂ ਤੇ ਸਿਰਕਰਦਾ ਥਾਪ ਕੇ ਉਸ ਡਰ ਨੂੰ ਮੇਟ ਦਿੱਤਾ। ਬਾਬੇ ਗੁਰਦਿੱਤੇ ਤੋਂ ਅਗੇ ਚਾਰ ਧੂੰਏਂ ਆਰਥਾਤ ਮਹੰਤੀ ਦੀਆਂ ਗੱਦੀਆਂ ਤੇ ਸਾਰੀ ਉਦਾਸ ਸੰਪ੍ਰਦਾ ਤੇ ਜਥੇਬੰਦੀ ਟੁਰੀ। ਪਰ ਉਦਾਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਾਸ਼ਕ ਸਾਰੀਆਂ ਪਾਤਸ਼ਾਹੀਆਂ ਦੀ ਅਰਦਾਸ ਸੋਧਣ ਵਾਲੇ ਤੇ ਹਰ ਗੁਰੂ ਨੂੰ ਗੁਰੂ ਅਵਤਾਰ ਤੇ ਵੱਡਾ ਮੰਨਣ ਵਾਲੇ ਰਹੇ। ਦਸਮੇਂ ਪਾਤਸ਼ਾਹ ਦੇ ਜੁੱਧਾਂ ਵਿਚ 'ਕ੍ਰਿਪਾਲ' ਉਦਾਸੀਆਂ ਦਾ ਸ੍ਰੀ ਮਹੰਤ ਜੰਗ ਵਿਚ ਸ਼ਰੀਕ ਹੋਇਆ ਅਰ ਉਸ ਨੇ ਇਕ ਭਾਰੀ ਸ਼ੱਤਰੂ ਨੂੰ ਮਾਰਿਆ। ਸਿੱਖ ਸਰਦਾਰਾਂ ਤੇ ਰਾਜਿਆਂ ਵਲੋਂ ਉਦਾਸੀਆਂ ਨੂੰ ਜਾਗੀਰਾਂ ਦੇ ਵਜ਼ੀਫੇ ਮਿਲਦੇ ਰਹੇ। ਔਕੜਾਂ ਤੇ ਭਾਜੜਾਂ ਦੇ ਸਮੇਂ ਤੇ ਜਦੋਂ ਕੇਸਾਂ ਵਾਲੇ ਸੀਸ ੮੦) (ਅੱਸੀ ਰੁਪਏ) ਨੂੰ ਵਿਕਦਾ ਸੀ, ਤਦੋਂ ਦੀ ਸੁੰਨ ਵਰਤੀ ਹਾਲਤ ਵਿਚ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਸੇਵਾ ਪੂਜਾ ਉਦਾਸੀ ਕਰਦੇ ਰਹੇ। ਲੰਕਾ ਤੇ ਟਾਪੂਆਂ ਤਕ 'ਸਤਿਨਾਮੁ' ਦਾ ਝੰਡਾ ਝੁਲਾਉਣ ਦੀ ਸੇਵਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਥਾਪਨ ਕਰਨ ਦੀ ਸੇਵਾ ਇਨ੍ਹਾਂ ਸੰਤਾਂ ਨੇ ਹੀ ਕੀਤੀ ਹੈ। ਹਿੰਦੁਸਤਾਨ ਵਿਚ ਨਾਨਕ ਪੰਥੀ

ਨਾਮ ਹੇਠ ਗੁਰੂ-ਘਰ ਦੇ ਉਪਾਸ਼ਕ ਬਹੁਤ ਕਰਕੇ ਇਨ੍ਹਾਂ ਦੀ ਘਾਲ ਦਾ ਫਲ ਹੈ। ਫ਼ੈਜ਼ਾਬਾਦ ਵਿਚ ਇਕ ਉਦਾਸੀ ਸੰਤ ਦੇ ਇਕ ਲੱਖ ਗੁਰੂ ਘਰ ਦਾ ਉਪਾਸ਼ਕ, ਆਪਣੇ ਜੀਵਨ ਵਿਚ, ਬਨਾਉਣ ਦਾ ਪਤਾ ਸ੍ਰੀ ਸ਼ੰਕਰ ਦਿਆਲ ਜੀ ਨੇ ਆਪਣੇ ਜਪੁਜੀ ਦੇ ਟੀਕੇ ਦੇ ਦੀਬਾਚੇ ਵਿਚ ਦਿੱਤਾ ਹੈ। ਇਹ ਗੁਰੂ ਘਰ ਦੀ ਅਨੁਸਾਰਤਾ ਤੇ ਸਤਿਗੁਰਾਂ ਦੇ ਕਰਤੱਬਾਂ ਨਾਲ ਜੋੜਨਾ ਸ੍ਰੀ ਚੰਦ ਜੀ ਦੀ ਇਕ ਭਾਰੀ ਗੰਭੀਰਤਾ ਤੇ ਦੂਰੰਦੇਸ਼ੀ ਦਾ ਫਲ ਸੀ, ਜੋ ਉਹਨਾਂ ਨੇ ਛੇਵੇਂ ਸਤਿਗੁਰਾਂ ਦੀ ਗੁਰਿਆਈ ਮੰਨ ਕੇ ਸ਼ਰਨ ਲਈ ਤੇ ਉਨ੍ਹਾਂ ਦੇ ਸਪੁਤ੍ਰ ਨੂੰ ਅਪਣੀ ਥਾਂ ਉਦਾਸੀਆਂ ਦੀ ਵਾਗ ਡੋਰ ਉਹਨਾਂ ਦੇ ਹੱਥ ਸੌਂਪ ਕੇ ਦੱਸ ਦਿੱਤਾ ਕਿ ਮੇਰਾ ਫਰਕ ਕੇਵਲ ਗ੍ਰਿਹਸਤ ਤੇ ਉਦਾਸ ਦਾ ਹੈ। ਗੁਰੂ, ਗੁਰੂ ਗ੍ਰੰਥ ਸਾਹਿਬ ਜੀ, ਸਤਿਨਾਮੁ ਦਾ ਸਿਮਰਨ ਤੇ ਸਿੱਖੀ ਰਹੁ ਰੀਤਿ ਨਾਲ ਅਜੋੜ ਕੋਈ ਨਹੀਂ। ਇਸ ਸੰਪ੍ਰਦਾ ਵਿਚੋਂ ਨਾਮ ਸਿਮਰਨ ਦੇ ਘਟਣ ਦੇ ਸਮੇਂ ਤਕ ਤੇ ਹੁਣ ਤਕ ਨਾਮੀ ਸੰਤਾਂ ਮਹੰਤਾਂ ਵਿਚ ਇਹੋ ਰਹੁ ਰੀਤਿ ਜਾਰੀ ਹੈ*।

ਸੋ ਇਸੇ ਡਰੋਲੀ ਵਿਚ ਉਸ ਮਹਾਂ ਪੁਰਖ ਦਾ ਜਨਮ ਹੋਇਆ, ਜੋ ਬਾਬਾ ਗੁਰਦਿੱਤਾ ਕਰਕੇ ਉਦਾਸ ਸੰਪ੍ਰਦਾ ਦੇ ਆਗੂ ਹੋਏ ਤੇ ਬਾਬਾ ਸ੍ਰੀ ਚੰਦ ਜੀ ਦੇ ਜਾਨਸ਼ੀਨ ਬਣੇ।

ਸੋ ਇਸ ਤਰ੍ਹਾਂ ਮੱਘਰ, ਪੋਹ, ਮਾਘ, ਫਗਣ, ਚੇਤ ਬੀਤ ਗਏ। ਸਤਿਗੁਰੂ ਜੀ ਰਾਮੋ ਤੇ ਸਾਈਂ ਦਾਸ ਦੇ ਪ੍ਰੇਮ ਬੱਧੇ ਡਰੋਲੀ ਬੈਠੇ ਹਨ। ਹਾਂ, ਮਾਲਵੇ ਦੀਆਂ ਸੰਗਤਾਂ ਦੇ ਤਾਰਨਹਾਰੇ ਸਾਰੇ ਦੇਸ਼ ਨੂੰ ਸਿੱਖੀ ਸੋਹਿਲੇ ਨਾਲ ਜੀਵਾਲਣ ਲਈ ਜੋਤਾਂ ਜਗਾ ਰਹੇ ਹਨ। ਵੈਸਾਖੀ ਆ ਗਈ, ਦੂਰ ਦੂਰ ਤੋਂ, ਕਾਬਲ, ਕੰਧਾਰ, ਸਿੰਧ, ਬਲੋਚਿਸਤਾਨ ਤੋਂ ਸੰਗਤਾਂ ਆਈਆਂ, ਪੂਰਬ ਤੇ ਦੱਖਣ ਤੋਂ ਸੰਗਤਾਂ ਆਈਆਂ, ਪਰ ਸਭ ਨੂੰ ਪਤਾ ਸੀ ਕਿ ਗੁਰੂ ਜੀ ਡਰੋਲੀ ਹਨ ਸੋ-

**"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥"**

{ਆਸਾ ਮਹਲਾ ੪, ਪੰਨਾ ੪੫੦}

ਸਭ ਸੰਗਤਾਂ ਨੇ ਡਰੋਲੀ ਨੂੰ ਮੁਹਾੜਾਂ ਮੋੜ ਦਿਤੀਆਂ ਤੇ ਵੈਸਾਖੀ ਦੇ ਦੀਵਾਨ ਦੀ ਤਿਆਰੀ ਓਥੇ ਹੀ ਹੋ ਗਈ। ਬੜੇ ਬੜੇ ਸ਼ਾਮਿਆਨੇ ਖੁਲ੍ਹੇ ਮੈਦਾਨਾਂ ਵਿਚ ਲੱਗ ਗਏ, ਲੰਗਰ ਸਜ ਗਏ ਤੇ ਉਤਾਰੇ ਦੇ ਸਾਮਾਨ ਸਾਰੇ ਹੋ ਗਏ। ਇਕ ਮਹਾਨ ਵੱਡੇ ਸ਼ਾਮਿਆਨੇ ਹੇਠ ਦੀਵਾਨ ਦਾ ਪ੍ਰਬੰਧ ਹੋ ਗਿਆ, ਜਿਥੇ ਵੈਸਾਖੀ ਵਾਲੇ ਦਿਨ ਸਮਾਗਮ ਸੀ। ਸਾਰੀ ਸੰਗਤ ਏਥੇ ਆ ਜੁੜੀ। ਛਤ੍ਰ ਸਿੰਘਾਸਨ ਸਜ ਗਿਆ। ਸ੍ਰੀ ਗੁਰੂ ਜੀ ਆ ਬਿਰਾਜੇ। ਆਸਾ ਦੀ ਵਾਰ ਦੇ ਉਚਾਰ ਤੇ ਕੀਰਤਨ ਹੋਏ, ਪ੍ਰਸ਼ਾਦ ਵਰਤੇ। ਸੰਗਤਾਂ ਪੇਸ਼ ਹੋਈਆਂ। ਭੇਟਾਂ ਅਰਪਨ ਹੋਈਆਂ, ਅਰਜ਼ਾਂ, ਲੋੜਾਂ, ਪੁੱਛਾਂ, ਮੰਗਾਂ ਜਰਿਆਸੂਆਂ ਪੇਸ਼ ਕੀਤੀਆਂ, ਸਭ ਨੇ ਮਨੋਂ ਕਾਮਨਾ ਪ੍ਰਾਪਤ ਕੀਤੀਆਂ, ਅਨੇਕਾਂ ਨਾਮ ਦੀ ਕਣੀ ਪ੍ਰਾਪਤ ਕਰਕੇ ਤੁਰੇ, ਹਜ਼ਾਰਾਂ ਨਾਮ ਦੇ ਰਸਤੇ ਅਟਕੇ ਅੱਗੇ ਟੁਰੇ ਤੇ ਅਨੇਕਾਂ, ਜੋ ਅੱਗੇ ਲੱਗੇ ਹੋਏ ਸਨ, ਸਿਰੇ ਚੜ੍ਹੇ। ਇਸ ਤਰ੍ਹਾਂ ਵਰੋਸਾਈਆਂ ਜਾ ਕੇ ਸੰਗਤਾਂ ਵਿਦਾ ਹੋਈਆਂ।

* ਹੁਣ ਕੁਛ ਮਾਯਕ ਕਾਰਨਾਂ ਕਰਕੇ ਉਦਾਸੀ ਸੰਤ ਉਦਾਸ ਬੋਲੇ ਬੋਲਦੇ ਹਨ ਪਰ ਪੁਰਾਤਨ ਤੇ ਸ਼ਰਧਾ ਵਾਲੇ ਨਾਮ ਵਾਲੇ ਸੰਤ ਆਪਣੇ ਆਪ ਨੂੰ ਗੁਰਸਿੱਖੀ ਦੇ ਬ੍ਰਿਛ ਨਾਲ ਤਦਰੂਪ ਹੀ ਦੱਸਦੇ ਹਨ।


www.sikhbookclub.com

# ੩੭. ਡਰੋਲੀ ਤੋਂ ਅੰਮ੍ਰਿਤਸਰ

**ਅੰਮ੍ਰਿਤ** ਸਰੋਵਰ ਦੇ ਪ੍ਰਬੰਧਕ ਤੇ ਸੇਵਕ ਭਾਈ ਗੁਰਦਾਸ ਤੇ ਭਾਈ ਬੁੱਢਾ ਜੀ ਅਤਿ ਪ੍ਰੇਮ ਵਿਚ ਸਤਿਗੁਰਾਂ ਦਾ ਆਗਮਨ ਰਾਮਦਾਸ ਪੁਰੇ ਵਿਚ ਚਿਤਵ ਰਹੇ ਸਨ, ਸ਼ਹਿਰ ਦੇ ਲੋਕ ਉਦਾਸ ਹੋ ਰਹੇ ਸਨ, ਸੰਗਤਾਂ ਵੈਸਾਖੀ ਦਾ ਦਰਸ਼ਨ ਤਾਂ ਕਰ ਆਈਆਂ, ਪਰ ਅੰਮ੍ਰਿਤਸਰ ਦਰਸ਼ਨਾਂ ਦੀ ਸੁਖੈਨਤਾ ਸਭ ਨੂੰ ਭਾ ਰਹੀ ਸੀ। ਸੋ ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਨੇ ਰਹਿਰਾਸ ਦੇ ਭੋਗ ਮਗਰੋਂ ਅਰਦਾਸ ਕੀਤੀ ਕਿ ਸਾਰੀ ਸੰਗਤ ਸ਼ਬਦ ਕੀਰਤਨ ਕਰਦੀ ਸ੍ਰੀ ਹਰਿਮੰਦਰ ਜੀ ਦੀ ਰੋਜ਼ ਪਰਕਰਮਾਂ ਕਰਿਆ ਕਰੇ ਤੇ ਇਸ ਭਾਵਨਾਂ ਨਾਲ ਕਰਿਆ ਕਰੇ ਕਿ ਗੁਰੂ ਜੀ ਅੰਦਰ ਬਿਰਾਜਮਾਨ ਹਨ ਤੇ ਅਸੀਂ ਪਰਕਰਮਾਂ ਕਰ ਕੇ ਮਹਾਰਾਜ ਜੀ ਨੂੰ ਕੀਰਤਨ ਭੇਟ ਕਰ ਰਹੇ ਹਾਂ। ਸੋ ਸਾਡੇ ਇਸ ਪ੍ਰੇਮ ਦੀ ਖਿੱਚ ਸਤਿਗੁਰਾਂ ਨੂੰ ਇਥੇ ਲੈ ਆਵੇਗੀ। ਸ੍ਰੀ ਦਰਬਾਰ ਸਾਹਿਬ ਵਿਚ ਇਹ ਗੱਲ ਆਰੰਭ ਹੋ ਗਈ। ਇਹ ਦਿਨ ਜੇਠ ਦੀ ਏਕਾਦਸ਼ੀ ਦਾ ਸੀ।

ਇਧਰ ਤਾਂ ਸੰਗਤਾਂ ਐਉਂ ਆਰਧਨਾ ਵਿਚ ਲੱਗੀਆਂ, ਉਧਰ ਸਤਿਗੁਰੂ ਜੀ ਆਪਣੇ ਸਤਿਨਾਮੁ ਦੇ ਝੰਡੇ ਝੁਲਾ ਰਹੇ ਹਨ। ਸਾਈਂ ਦਾਸ ਨਾਲ ਸਤਿਸੰਗ ਦੇ ਗੂੜ੍ਹੇ ਭੇਤ ਖੁੱਲ੍ਹਦੇ ਹਨ। ਓਹ ਰੱਬ ਬੰਦੇ ਦੇ ਪੂਰਨ ਗਜਾਨਵਾਨ ਬੀ ਹੋ ਗਏ ਤੇ ਦਿੱਬ ਦ੍ਰਿਸ਼ਟਿ ਬੀ ਹੋ ਆਈਓ ਨੇ। ਇਕ ਦਿਨ ਗੁਰੂ ਜੀ ਆਪਣੀ ਰੱਬੀ ਨੀਂਦ ਵਿਚ ਟਿਕ ਰਹੇ ਸੇ ਕਿਸੇ ਸਿਖ ਨੂੰ ਸਮੁੰਦਰ ਵਿਚ ਭੀੜਾ ਆ ਪਈ! ਉਸ ਨੇ ਸਤਿਗੁਰਾਂ ਦੀ ਅਰਾਧਨਾ ਕੀਤੀ, ਉਸ ਸਮਾਧੀ ਵਿਚ ਉਹ ਅਰਦਾਸ ਸਤਿਗੁਰਾਂ ਅੱਗੇ ਆਈ ਤੇ ਆਪ ਨੇ ਉਸ ਦੀ ਸਹਾਇਤਾ ਕਰਕੇ ਔਕੜ ਦੂਰ ਕੀਤੀ। ਇਸ ਵੇਲੇ ਭਾਈ ਸਾਈਂ ਦਾਸ ਜੀ ਪਾਸ ਬੈਠੇ ਸੇ, ਇਹ ਸਾਰੀ ਘਟਨਾ ਉਨ੍ਹਾਂ ਦੀ ਦ੍ਰਿਸ਼ਟਿ ਅਗੋਂ ਦੀ ਲੰਘ ਗਈ; ਇਸ ਪ੍ਰਕਾਰ ਦੀ ਦਿਬ ਦ੍ਰਿਸ਼ਟਿ ਸੁਤੇ ਸੁਭਾਵ ਸਾਈਂ ਦਾਸ ਨੂੰ ਪ੍ਰਾਪਤ ਹੋ ਗਈ ਸੀ।

ਸਤਿਗੁਰ ਜੀ ਹੁਣ ਉਦਾਸ ਬੋਲੀਆਂ ਕਦੇ ਕਦੇ ਲੱਗ ਪਏ ਉਚਾਰਨ। ਮਲਿਆਗਰ ਦੀ ਸੁਗੰਧਤਿ ਪੌਣ ਇਕ ਥਾਂ ਕਿਵੇਂ ਟਿਕੇ? ਇਸ ਨੇ ਉਪਕਾਰ ਕਰਨ ਟੁਰਨਾ ਹੀ ਹੋਇਆ, ਸੋ ਟੁਰਨੇ ਦੇ ਬਚਨ ਹੋਣ ਲਗੇ। ਇਕ ਦਿਨ ਸੁਧਾ ਸਰੋਵਰ ਦੇ ਪ੍ਰੇਮੀਆਂ ਵਲੋਂ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਪਤ੍ਰਿਕਾ ਆਈ, ਇਹ ਵਾਚ ਕੇ ਸਤਿਗੁਰਾਂ ਨੇ ਉੱਤਰ ਦਿੱਤਾ ਕਿ ਜਾਓ ਪਤਾ ਦਿਓ ਕਿ ਹੁਣੇ ਆਏ। ਉਧਰ ਤਾਂ ਖੁਸ਼ੀਆਂ ਦੇ ਪਾਰਖਦ ਉੱਡ ਕੇ ਅੱਪੜੇ, ਇਧਰ ਦਿਲ-ਤਰਬਾਂ ਉਦਾਸੀਆਂ ਦੀਆਂ ਸੁਰਾਂ ਨਾਲ ਖਰਰਾ ਉਠੀਆਂ, ਪਰ ਹੁਕਮੀ ਬੰਦਿਆਂ ਨੇ ਹੁਕਮ ਪਰ ਟੁਰਨਾ ਸੀ, ਸੋ ਹੁਕਮੀ ਦੇ ਹੁਕਮ ਵਿਚ ਸੁਰ ਮੇਲ ਲਈ। ਹੁਣ ਟੁਰਨੇ ਦਾ ਦਿਨ ਆਇਆ। ਸਤਿਗੁਰ ਜੀ ਵਿਦਾ ਹੋ ਰਹੇ ਹਨ, ਪ੍ਰੇਮੀ ਪ੍ਰੇਮ ਵਿਚ ਦ੍ਰਵ ਰਹੇ ਹਨ। ਬਿਰਹੇ ਦੇ ਭਾਵ ਅੰਦਰ ਲੰਘ ਰਹੇ ਹਨ, ਰਜ਼ਾ ਦੀਆਂ ਸੁਰਾਂ ਛਿੜ ਰਹੀਆਂ ਹਨ। ਪਜਾਰ ਤੇ ਵੀਚਾਰ ਦਾ ਸੰਗਮ ਹੋ ਰਿਹਾ ਹੈ। ਭਾਵ ਤੇ ਰਜ਼ਾ ਦੀ ਸਤਵੰਨੀ ਪੀਂਘ ਪੈ ਰਹੀ ਹੈ। ਸਤਿਗੁਰੂ ਪਜਾਰ ਦੇਂਦੇ ਹਨ, ਦਿਲਾਸੇ ਦੇਂਦੇ ਹਨ, ਉਚੇ ਉਚੇ ਵਾਕ ਕਰਦੇ ਹਨ ਤੇ ਇਹ ਵਰਦਾਨ ਬਖ਼ਸ਼ ਰਹੇ ਹਨ:-

ਅਬਿ ਤੁਮ ਸਦ ਹੀ ਸੰਗ ਹਮਾਰੇ। ਨਹੀਂ ਕਰਹਿਂ ਨਿਜ ਤੇ ਕਬ ਨਜਾਰੇ।
ਜਨਮ ਮਰਣ ਕੋ ਮਿਟਜੋ ਸੰਦੇਹੂ। ਸਿਮਰੋ ਸੱਤਿਨਾਮੁ ਬਿਧਿ ਏਹੂ।
{ਗੁ. ਪ੍ਰ. ਸੂ.। ਰਾ. ੫, ਅੰਸੂ ੩੯, ਪੰਨਾ ੨੬੯੨}

ਇਸ ਤਰ੍ਹਾਂ ਅਸੀਸਾਂ ਦੇਂਦੇ ਸ੍ਰੀ ਸਤਿਗੁਰੂ ਜੀ ਅੰਤ ਉਥੋਂ ਵਿਦਾ ਹੋ ਗਏ।

ਸ੍ਰੀ ਗੁਰੂ ਜੀ ਰਸਤੇ ਵਿਚ ਤਰਨ ਤਾਰਨ ਆ ਠਹਿਰੇ, ਗੁਰਧਾਮਾਂ ਦੀ ਯਾਤ੍ਰਾ ਕਰਕੇ ਰਾਮਦਾਸ ਪੁਰੇ ਆਏ। ਇਸ ਗੁਰ ਨਗਰੀ ਤੋਂ ਸੰਗਤਾਂ ਸ਼ਹਿਰੋਂ ਬਾਹਰ ਦੂਰ ਤਕ ਅੱਗੇ ਲੈਣ ਆਈਆਂ ਸਨ, ਸ਼ਬਦ ਕੀਰਤਨ ਦੇ ਉਚਾਰ ਹੋ ਰਹੇ ਸਨ। ਪ੍ਰਸ਼ਾਦ ਦਾ ਥਾਲ ਮੁਖੀਆਂ ਦੇ ਹੱਥ ਸੀ। ਪਰਸਪਰ ਗੁਰਸਿਖਾਂ ਦੇ ਮਿਲਾਪ, ਅਦਬ ਤੇ ਪਜਾਰ ਨਾਲ ਹੋਏ, ਫਿਰ ਇਕੱਠੇ ਸ੍ਰੀ ਹਰਿਮੰਦਰ ਸਾਹਿਬ ਜੀ ਆਏ ਤੇ ਯਾਤ੍ਰਾ ਕੀਤੀ। ਅਕਾਲ ਤਖਤ ਦੀਵਾਨ ਲਾਇਆ, ਸਾਰੀ ਸੰਗਤ ਨੂੰ ਮਿਲੇ, ਫੇਰ ਆਪਣੇ ਘਰ, ਜੋ ਗੁਰੂ ਬਾਜ਼ਾਰ ਦੇ ਲਾਗੇ ਹੁਣ ਤਕ 'ਗੁਰੂ ਕੇ ਮਹਲ' ਨਾਮ ਦਾ ਮੰਦਰ ਹੈ, ਅੱਪੜੇ ਤੇ ਆਰਾਮ ਕੀਤਾ।

ਨਗਰ ਵਿਚ ਅੱਜ ਮਹਾਨ ਖੁਸ਼ੀਆਂ ਸਨ। ਸਾਰੇ ਸ਼ਹਿਰ ਵਿਚ ਸ੍ਵਾਗਤ ਦੇ ਸਾਮਾਨ ਲਗ ਰਹੇ ਸਨ ਤੇ ਸੰਗਤਾਂ ਇਕੱਤ੍ਰ ਹੋ ਦਰਸ਼ਨ ਕਰ ਰਹੀਆਂ ਸਨ। ਸੰਝਾਂ ਵੇਲੇ ਦੀਪ ਮਾਲਾ ਹੋਈ। ਹੁਣ ਜਦੋਂ ਸਤਿਗੁਰੂ ਸ੍ਰੀ ਦਰਬਾਰ ਸਾਹਿਬ ਜੀ ਨੂੰ ਆਏ ਤਾਂ ਸ਼ਹਿਰ ਦੇ ਚਾ ਮਲ੍ਹਾਰ ਝੱਲੇ ਨਾ ਜਾਣ। ਹਰ ਥਾਂ ਦੀਪ ਮਾਲਾ, ਹਰ ਥਾਂ ਪ੍ਰਸ਼ਾਦ ਤੇ ਸਿਰਵਾਰਨੇ ਤੇ ਆਰਤੀਆਂ। ਭਾਵੇਂ ਤਦੋਂ ਨਗਰ ਅੱਜ ਨਾਲੋਂ ਬਹੁਤ ਨਿੱਕਾ ਸੀ, ਪਰ ਆਦਰ ਭਾਵਾਂ ਵਿਚ ਇੰਨਾਂ ਸਮਾਂ ਲੰਘ ਗਿਆ ਕਿ ਜਦੋਂ ਸ੍ਰੀ ਗੁਰੂ ਜੀ ਅਕਾਲ ਤਖਤ ਅਪੜੇ ਤਾਂ ਭਾਈ ਬੁੱਢੇ ਜੀ ਦੀ ਚਲਾਈ ਰੀਤਿ ਵਾਲੀ ਸੰਗਤ ਸ਼ਬਦ ਗਾਉਂਦੀ ਪਰਕ੍ਰਮਾ ਕਰਕੇ ਅਕਾਲ ਤਖਤ ਅੱਪੜੀ ਸ਼ਬਦ ਗਾ ਰਹੀ ਸੀ। ਇਸ ਵੇਲੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ਼ਬਦ ਕੀਰਤਨ ਦਾ ਪ੍ਰਭਾਵ ਦੇਖ ਕੇ ਬੜੇ ਪ੍ਰਸੰਨ ਹੋਏ। ਚੌਕੀ ਸਾਹਿਬ ਨਾਮ ਬਖਸ਼ਿਆ ਤੇ ਵਰ ਦਿਤਾ ਕਿ ਇਹ ਸ਼ੁਭ ਰੀਤ ਸਦਾ ਜਾਰੀ ਰਹੇ। ਇਹ ਸ਼ੁਭ ਰੀਤਿ ਚੌਕੀ ਸਾਹਿਬ ਦੀ ਤਦ ਤੋਂ ਅੱਜ ਤੀਕ ਬਰਾਬਰ ਜਾਰੀ ਹੈ। ਪੁਰਾਤਨ ਸਿੰਘਾਂ ਤੋਂ ਅਸੀਂ ਸੁਣਦੇ ਰਹੇ ਹਾਂ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਰ ਹੈ ਕਿ ਜਦ ਚੌਕੀ ਸਾਹਿਬ ਅਕਾਲ ਤਖਤ ਸਾਹਿਬ ਪਹੁੰਚਿਆ ਕਰੇਗੀ ਉਸ ਵੇਲੇ ਸਾਡਾ ਪ੍ਰਭਾਵ ਇਉਂ ਹੋਵੇਗਾ ਜਿਵੇਂ ਅਸੀਂ ਵਿਚ ਸ਼ਾਮਲ ਆ ਹੋਏ ਹਾਂ। ਇਸੇ ਵਰ ਕਰਕੇ ਪ੍ਰੇਮੀ ਤੇ ਇਛਾਵਾਨ ਤੇ ਸ਼ੁਕਰ ਵਿਚ ਆਪਾ ਅਰਪਨ ਕਰਨ ਵਾਲੇ ਪ੍ਰੇਮੀ ਇਸ ਵੇਲੇ ਅਕਸਰ (ਤੇ ਅੰਦਰ ਭੋਗ ਵੇਲੇ ਬੀ) ਕੜਾਹ ਪ੍ਰਸ਼ਾਦ ਦਾ ਥਾਲ ਲੈ ਕੇ ਚੌਕੀ ਸਾਹਿਬ ਦੇ ਹਾਜ਼ਰ ਹੋਇਆ ਕਰਦੇ ਹਨ। ਚੌਕੀ ਸਾਹਿਬ ਨਾਲ ਪੜ੍ਹੇ ਜਾਣ ਵਾਲੇ ਸ਼ਬਦ ਹਰ ਸਮੇਂ ਦੇ ਚੁਣੇ ਹੋਏ ਹਨ, ਜੋ ਤਦੋਂ ਤੋਂ ਪੜ੍ਹੇ ਜਾਂਦੇ ਸਨ, ਸੋਈ ਪੜ੍ਹੇ ਜਾਣੇ ਹੁਣ ਤਕ ਜਾਰੀ ਹਨ। ਕਈ ਪ੍ਰੇਮੀਆਂ ਨੇ ਇਸ ਤੋਂ ਮਗਰੋਂ ਹੋਰ ਚੜ੍ਹਨ ਵਾਲੀਆਂ ਚੌਕੀਆਂ ਦੀ ਬੀ ਰੀਤਿ ਟੋਰੀ। ਦੋ ਚੌਕੀਆਂ ਮਗਰੋਂ ਹੋਰ ਚੜ੍ਹਦੀਆਂ ਹਨ। ਅੱਡਣ-ਸ਼ਾਹੀ ਸੰਤ ਭਾਈ ਆਇਆ ਸਿੰਘ ਜੀ ਨੇ ਸਵੇਰੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਦਰ ਜਾਣ ਤੋਂ ਮਗਰੋਂ ਬੀ ਇਕ ਚੌਕੀ ਚੜ੍ਹਾਉਣ ਦੀ ਰਸਮ ਜਾਰੀ ਕੀਤੀ ਸੀ। ਗਲ ਕੀ ਚੌਕੀ ਸਾਹਿਬ ਅਜ ਤਕ ਚੜ੍ਹਦੀ ਹੈ, ਅਰ ਅਕਾਲ ਤਖਤ ਅਪੜਨ ਤੇ ਰੌਣਕ ਅਚਾਨਕ ਵਧ ਜਾਂਦੀ ਹੈ।


www.sikhbookclub.com

# ੩੮. ਭਾਈ ਢੇਸਾ

**ਢੇਸਾ** ਪਹਿਲਾਂ ਅਣਹੋਂਦ ਦਾ ਬੰਦਾ ਸੀ, ਅਰਥਾਤ ਨਾਸਤਕ ਸੀ। ਵਸਦੇ ਰਸਦੇ ਸੰਸਾਰ ਵਿਚ ਉਸ ਨੂੰ ਇਉਂ ਭਾਸਦਾ ਸੀ ਕਿ ਕੁਛ ਹੈ ਨਹੀਂ, ਜੋ ਦਿਸਦਾ ਹੈ ਇਸ ਦੇ ਬਦਲਣ ਮਾਤ੍ਰ ਦੇ ਭੁਲੇਵੇਂ ਵਿਚ ਉਹ ਅਣਹੋਂਦ ਵੇਂਹਦਾ ਸੀ। ਇਹ ਨਹੀਂ ਸੀ ਸਮਝਦਾ ਕਿ ਜੋ ਬਦਲਣਾ ਹੈ, ਇਹ ਵਿਨਾਸ਼ ਨਹੀਂ, ਇਕ ਹੋਂਦ ਹੈ ਅਰ ਇਹ ਸਭ ਉਸ ਸਦਾ ਹੀ ਹੋਂਦ ਦੇ ਲੱਖਣ ਹਨ। ਵਟਾਂਉ ਸਟਾਉ ਕਿਸੇ 'ਹੋਂਦ' ਦੇ ਹੋਣ ਦਾ ਸਬੂਤ ਹਨ, ਅਣਹੋਂਦ ਦਾ ਨਹੀਂ, ਪਰ ਉਸਦੀ ਅਕਲ ਇਸ ਪੁੱਠੇ ਪਾਸੇ ਪਈ ਹੋਈ ਸੀ। ਉਂਵ ਉਸਦੀ ਅਕਲ ਚਤੁਰ ਸੀ। ਉਸਦੀ ਚਤੁਰਾਈ ਨੂੰ ਭਾਈ ਸਾਈਂ ਦਾਸ ਜੀ ਦੀ ਉਚੇਰੀ ਤੇ ਉੱਜਲ ਚਤੁਰਾਈ ਨੇ, ਜੋ ਸੱਚ ਦੀ ਟੇਕ ਵਾਲੀ ਸੀ, ਜਿਤ ਲਿਆ ਸੀ। ਉਸਦੀ ਅਕਲ ਨੂੰ, ਜੋ ਸੱਖਣਾਪਨ ਵੇਖ ਰਹੀ ਸੀ, ਭਾਈ ਜੀ ਨੇ ਭਰਿਆਪਨ ਦਿਖਾ ਦਿੱਤਾ ਸੀ। ਫਿਰ ਉਸ ਦੀ ਰਹਿਣੀ ਵਿਚ ਭਲੇ ਸੁਭਾ ਦੇ, ਸੇਵਾ ਦੇ, ਭਲੀ ਕਰਨੀ ਆਦਿਕ ਦੇ ਦਵਾ ਦਾਰੂ ਲਾ ਕੇ ਉਸ ਵਿਚ ਸੰਜਮ ਤੇ ਨੇਕੀ ਵਸਾਈ ਸੀ। ਢੇਸਾ ਤਾਂ ਸਮਝਦਾ ਸੀ ਕਿ ਮੈਂ ਪੂਰਨ ਹੋ ਚਲਿਆ ਹਾਂ, ਪਰ ਭਾਈ ਜੀ ਜਾਣਦੇ ਸੀ ਕਿ ਅਜੇ ਢੇਸਾ ਸਤਿਸੰਗ ਦੇ ਬਹਿਰੰਗ* ਰੰਗਾਂ ਵਿਚ ਆਇਆ ਹੈ, ਅਜੇ ਤਾਂ 'ਗੁਣ' ਪੈਦਾ ਹੋ ਰਹੇ ਹਨ, ਕਿਉਂ ਕਿ "**ਵਿਣੁ ਗੁਣ ਕੀਤੇ ਭਗਤ ਨ ਹੋਇ॥**"{ਜਪੁਜੀ-੨੧} ਗੁਣ ਆਉਣ ਤਾਂ ਭਗਤੀ ਹੋਵੇ ਤੇ ਗੁਣ ਸਾਰੇ ਰੱਬ ਵਿਚ ਹਨ, ਬੰਦੇ ਤਾਂ ਨਿਰਗੁਣ ਹਨ। ਫੇਰ ਗੁਣ ਕੀਕੂੰ ਆਉਣ? ਸਤਿਸੰਗ ਵਿਚ ਰੱਬ ਦਾ ਨਿਵਾਸ ਹੈ, ਸਤਿਸੰਗ ਵਿਚ ਗੁਣ ਲੱਝਦੇ ਹਨ, ਕਿਉਂਕਿ ਸਤਿਸੰਗ ਸਾਈਂ ਦੀ ਮਾਨੋਂ ਹੱਟ ਹੈ ਤੇ ਓਥੇ ਗੁਣਾਂ ਦੀ ਰਾਸ ਮੌਜੂਦ ਰਹਿੰਦੀ ਹੈ, ਜੋ ਵਿਹਾਜਣ ਹਾਰਾਂ ਨੂੰ ਅਮੁੱਲ ਮਿਲਦੀ ਹੈ। ਉਥੋਂ ਫੇਰ "**ਸਭਿ ਗੁਣ ਤੇਰੇ ਮੈ ਨਾਹੀ ਕੋਇ॥**"{ਜਪੁਜੀ-੨੧} ਵਾਕ ਮੂਜਬ ਮੈਂ ਨਿਰਗੁਣ ਵਿਚ ਸਾਈਂ ਗੁਣੀ ਭੰਡਾਰ ਦੇ ਗੁਣ ਝਲਕੇ ਮਾਰਨ ਲੱਗ ਪੈਂਦੇ ਹਨ। ਤਦੇ ਵਾਕ ਹੈ-

"**ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸਿ ਤਰਿਆ॥**"

{ਰਾਗੁ ਗੁਜਰੀ ਮਹਲਾ ੫, ਪੰਨਾ ੪੯੫}

ਸੋ ਭਾਈ ਜੀ ਨੇ ਪਹਿਲਾਂ ਢੇਸੇ ਦੀ ਦਿਮਾਗੀ ਹਿਲਜੁਲ ਨੂੰ ਆਪਣੀ ਉਜਲ ਬੁੱਧੀ ਨਾਲ ਠੰਢ ਪਾਈ, ਫੇਰ (੨) ਸੰਜਮ ਸਿਖਾਇਆ, ਫੇਰ-(੩) ਉਸ ਨੂੰ ਸੇਵਾ ਦੀ ਪਹਿਲੀ ਮੰਜ਼ਲ ਸਿਖਾਈ, ਜੋ ਉਸ ਨੇ ਉਹਨਾਂ ਦੀ ਆਗਜਾ ਵਿਚ ਕੀਤੀ। ਫੇਰ-(੪) ਢੇਸੇ ਨੂੰ ਕੀਰਤਨ ਸੁਣਨ ਦਾ ਰਸ ਪੈ ਗਿਆ, ਫੇਰ (੫) ਭਾਈ ਜੀ ਦੇ ਸਤਿਸੰਗ ਦੀ ਇੱਛਾ ਪ੍ਰਬਲ ਹੋ ਆਈ ਤੇ ਭਾਈ ਜੀ ਨੂੰ ਡੱਲੇ ਤੋਂ ਡਰੋਲੀ ਲੈ ਆਇਆ। ਵਰਤਾਉ ਤੇ ਸਤਿਸੰਗ ਨੇੜੇ ਹੋ ਗਿਆ। ਭਾਈ ਜੀ ਦਾ ਜੀਵਨ ਤੇ ਪ੍ਰਚਾਰ ਤੇ ਮਕਾਨ ਦਾ ਉਸਰਨਾ ਤੇ ਸਤਿਗੁਰਾਂ ਦਾ ਆ ਕੇ ਠਹਿਰਨਾ ਸਾਰੇ ਸੋਹਣੇ ਨਜ਼ਾਰੇ ਅੱਖਾਂ ਅੱਗੋਂ ਲੰਘੇ। ਕਿਤਨਾ ਚਿਰ ਸਤਿਗੁਰ ਜੀ ਦੇ ਪ੍ਰਤੱਖ ਦਰਸ਼ਨ ਹੁੰਦੇ ਰਹੇ। (੬) ਇਸ ਸਾਰੇ ਅਰਸੇ ਵਿਚ ਢੇਸਾ ਸਹਿਜ ਸੁਭਾਉ ਗੁਰਬਾਣੀ ਦਾ ਰਸੀਆ ਹੋ ਗਿਆ। ਗੁਰਬਾਣੀ ਦਾ ਪਾਠ ਮਨ ਦੀ ਸ਼ੁੱਧੀ ਵਾਸਤੇ ਕਰੀਦਾ ਹੈ,

*ਬਾਹਰਲੇ।

ਪਜਾਰ ਵਾਸਤੇ ਕਰੀਦਾ ਹੈ, ਦਿਲ ਦੇ ਇਕ ਰੁਖ ਵੱਲ ਝੁਕਾਉ ਪੈਦਾ ਕਰਨ ਲਈ ਕਰੀਦਾ ਹੈ। ਸੋ ਢੇਸਾ ਬੜੇ ਪ੍ਰੇਮ ਨਾਲ ਗੁਰਬਾਣੀ ਦਾ ਪਾਠ ਤੇ ਵੀਚਾਰ ਕਰਨ ਲੱਗ ਪਿਆ, ਬਾਣੀ ਦੇ ਵਿਚਾਰ ਵਾਲੇ ਅਸਰ ਨਾਲ ਦਿਮਾਗ ਮੰਝਣ ਲੱਗ ਪਿਆ। ਸੋ ਬਾਣੀ ਦੇ ਪਹਿਲੇ ਅਸਰ* ਨੇ ਮਨ ਸਾਫ ਕੀਤਾ, ਮਾਯਾ ਦੀ ਮੈਲ ਤੋੜੀ ਤੇ 'ਵਿਚਾਰ ਰੂਪੀ ਅਸਰ' ਨੇ ਦਿਮਾਗ ਗ਼ਜਾਨ-ਮਈ ਕੀਤਾ। ਹੁਣ ਇਕ ਪ੍ਰਭਾਵ ਮਨ ਤੇ ਇਹ ਪੈਂਦਾ ਹੈ ਕਿ ਏਥੇ ਨਾਮ ਦਾ ਨਿਵਾਸ ਹੋ ਜਾਵੇ। (੭) ਨਾਮ ਇਕ ਦਾਤ ਹੈ, ਜੋ ਸਾਈਂ ਦੀ ਮਿਹਰ ਨਾਲ ਮਿਲਦੀ ਹੈ। ਕੋਈ ਨਹੀਂ ਸਿਮਰਨ ਕਰ ਸਕਦਾ, ਜਿਸ ਪਰ ਮਿਹਰ ਨਹੀਂ:-

**"ਸੇ ਸਿਮਰਹਿ ਜਿਨ ਆਪਿ ਸਿਮਰਾਏ॥"** {ਗਉੜੀ ਸੁਖਮਨੀ ਮ: ੫, ਪੰਨਾ ੨੬੩}

ਤੇ ਇਸ ਮਿਹਰ ਦੀ ਪ੍ਰਾਪਤੀ ਦੀ ਜੁਗਤੀ ਅਗਲੀ ਤੁਕ ਵਿਚ ਹੈ:-

**"ਨਾਨਕ ਤਾ ਕੈ ਲਾਗਉ ਪਾਏ॥"** {ਰਾਗ ਗਉੜੀ ਮਹਲਾ ੫, ਪੰਨਾ ੨੬੩}

ਨਾ ਹੀ ਕੋਈ ਜਪ, ਤਪ, ਸੰਜਮ ਤੇ ਸੇਵਾ ਕਰਨੀ ਇਸ ਦਾਤ ਦਾ ਹੱਕਦਾਰ ਬਣਾਉਂਦੀ ਹੈ। ਨਾ ਹੀ ਕੋਈ ਵਿਉਂਤ ਹੈ, ਜਿਸ ਨਾਲ ਕਿ ਕਿਸੇ ਪ੍ਰਕਾਰ ਦੇ ਜ਼ੋਰ ਨਾਲ ਇਹ ਲੱਭ ਸਕੇ:-

**"ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ॥"**

{ਬਿਲਾਵਲ ਵਾਰ ਮਹਲਾ ੪-੯, ਪੰਨਾ ੮੫੩}

ਫਿਰ ਇਹ ਕਿਥੋਂ ਲੱਭਦਾ ਹੈ:-

**"ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ"॥**

{ਵਾਰ ਬਿਲਾਵਲ ਮਹਲਾ ੪-੯, ਪੰਨਾ ੮੫੩}

ਅਰਥਾਤ-ਇਹ ਹਰਿ ਧਨ ਰਤਨ ਜਵਾਹਰਾਂ ਵਾਂਙੂ ਅਮੋਲਕ ਹੈ ਤੇ ਰੱਬ ਜੀ ਤੋਂ ਲੱਭਦਾ ਹੈ ਤੇ ਗੁਰੂ ਮਹਾਰਾਜ ਜੀ ਰੱਬ ਪਾਸੋਂ ਦਿਵਾਉਂਦੇ ਹਨ ਤੇ ਰੱਬ ਜੀ ਇਹ ਕਿਮ ਤਰ੍ਹਾਂ ਦੇਂਦੇ ਹਨ:-

**"ਜਿਸਨੋ ਸਤਿਗੁਰ ਨਾਲ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸਨੋ ਕਰਤੈ ਧੁਰ ਲਿਖਿ ਪਾਇਆ॥"**

{ਵਾਰ ਬਿਲਾਵਲ ਮਹਲਾ ੪-੯, ਪੰਨਾ ੮੫੩}

---

* 'ਬਾਣੀ' ਪਦ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਭਾਵ ਹਨ, ਇਕ ਨਾਮ, ਦੂਸਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਗਈ ਬਾਣੀ। ਇਸ ਗੁਰਬਾਣੀ ਦੇ ਪਾਠ ਵਿਚ ਇਕ ਤਾਂ ਉਪਦੇਸ਼ ਹੈ, ਜਿਸ ਨੂੰ ਵੀਚਾਰ ਨਾਲ ਸਮਝੀਦਾ ਹੈ, ਇਹ ਦਿਮਾਗ ਉੱਜਲ ਕਰਦਾ ਹੈ। ਦੂਸਰੇ ਮਨ ਨੂੰ ਪਵਿੱਤ੍ਰ ਕਰਨੇ ਦਾ ਅਸਰ ਹੈ, ਤੀਸਰੇ ਇਸ ਵਿਚ ਸਿਫ਼ਤ ਸਲਾਹ ਹੈ। ਸਾਈਂ ਦਾ ਨਾਮ ਹੈ-"ਮਹਾਂ ਮੰਤ੍ਰ ਨਾਨਕੁ ਕਥੈ ਹਰਿ ਕੇ ਗੁਣ ਗਾਈ॥"{ਬਿਲਾ: ਮ: ੫/੮੧੪} ਉਹ ਮਹਾਂ ਮੰਤ੍ਰ ਕਿਹੜੀ ਸ਼ੈ ਹੈ?-"ਸੁਨਤ ਜਪਤ ਹਰਿਨਾਮ ਜਸੁ ਤਾਕੀ ਦੂਰਿ ਬਲਾਈ॥"{ਬਿਲਾ: ਮ: ੫/੮੧੪} ਹਰੀ ਦੇ ਨਾਮ ਦਾ ਰਸ ਗੁਰਬਾਣੀ ਹੈ, ਸੋ ਗੁਰਬਾਣੀ ਦਾ ਸੁਣਨਾ ਤੇ ਜਪਣਾ ਮਹਾਂ ਮੰਤ੍ਰ ਦੇ ਅਸਰ ਵਾਲਾ (ਭਾਵ ਮੈਲਾਂ, ਵਿਖੇਪਾਂ ਤੇ ਦੁੱਖਾਂ ਨੂੰ ਦੂਰ ਕਰਨੇ ਵਾਲਾ) ਹੈ। ਵਾਕ ਹੈ-"ਬਾਣੀ ਮੰਤ੍ਰ ਮਹਾਂ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ।"

{ਸਾਰ: ਮ: ੫/੧੨੦੮}


www.sikhbookclub.com

ਫਿਰ ਜੋ ਮਨ ਨੂੰ ਸ਼ੁੱਧ ਕਰਨਾ ਹੈ, ਆਚਰਨ ਨੇਕ ਬਨਾਉਣੇ ਹਨ, ਸੇਵਾ ਤੇ ਸੰਜਮ ਸਿੱਖਣਾ ਹੈ, ਨਿਤਨੇਮ ਦੀ ਬਾਣੀ ਦਾ ਪਾਠ (ਅਭਿਆਸ) ਕਰਨਾ ਹੈ, ਇਸ ਦਾ ਕੀ ਮਤਲਬ ਹੈ? ਉੱਤਰ ਇਹ ਹੈ ਕਿ ਨਾਮ ਤਾਂ ਰੱਬੀ ਦਾਤ ਹੈ, ਪਰ ਦਾਤਾ ਜਦ ਦਾਤ ਦੇਂਦਾ ਹੈ ਤਾਂ ਮੰਗਤਾ ਅਗੋਂ ਝੋਲੀ ਅੱਡਦਾ ਹੈ। ਸੋਈ ਸ਼ੁਭ ਗੁਣਾਂ ਦਾ ਧਾਰਨਾ, ਸੇਵਾ ਤੇ ਬਾਣੀ ਦਾ ਅਭਿਆਸ ਕਰਨਾ, ਕੁਛ ਇਸੇ ਤਰ੍ਹਾਂ ਦੀ ਇਕ ਤਿਆਰੀ ਹੈ। ਇਸ ਨਾਲ ਮਨ ਸ਼ੁੱਧ ਹੋ ਕੇ ਸਾਈਂ ਦੇ ਦਰ ਝੋਲੀ ਵਾਂਙੂ ਅੱਡਿਆ ਜਾਂਦਾ ਹੈ। ਜਦੋਂ ਫੇਰ ਦਾਤ ਮਿਲਦੀ ਹੈ ਤਾਂ ਝੋਲੀ ਦੇ ਵਿਚ ਪੈਂਦੀ ਹੈ।

ਭਾਈ ਸਾਈਂ ਦਾਸ ਨੇ ਢੇਸੇ ਨੂੰ ਅਣਹੋਂਦ ਭਾਵ ਦੇ ਹਨੇਰੇ ਵਿਚੋਂ ਕੱਢ ਕੇ ਤੋਟੇ ਤੇ ਸ਼ੂਨਤਾ ਦੇ ਅੰਦਰ ਵਾਪਰ ਰਹੇ ਅਸਰ ਤੋਂ ਸਾਫ ਕਰਕੇ ਤੇ ਸ਼ੁਭ ਗੁਣਾਂ ਵਿਚ ਸ਼ੁਧ ਮਨ ਕਰਕੇ ਸਤਿਗੁਰਾਂ ਵਲੋਂ ਹਰਿਧਨ ਦੀ ਦਾਤ ਦਿਵਾਏ ਜਾਣ ਲਈ ਤਿਆਰ ਕਰ ਰਖਿਆ ਸੀ। ਡਰੋਲੀ ਨਿਵਾਸ ਦੇ ਦਿਨਾਂ ਵਿਚ ਆਪ ਸਤਿਗੁਰੂ ਜੀ ਇਕ ਦਿਹਾੜੇ ਬਾਹਰ ਸ਼ਿਕਾਰ ਤੋਂ ਆਏ ਕਿਸੇ ਖੂਹ ਤੇ ਬੈਠੇ ਸਨ ਕਿ ਢੇਸਾ ਸਾਰੇ ਸਿਖਾਂ ਤੋਂ ਪਹਿਲਾਂ ਅੱਪੜ ਪਿਆ। ਗੁਰੂ ਜੀ ਨੂੰ ਪਿਆਸ ਲੱਗ ਰਹੀ ਸੀ। ਢੇਸੇ ਨੇ ਦੌੜ ਕੇ ਖੂਹ ਤੋਂ ਜਲ ਆਂਦਾ ਤੇ ਛਕਾਇਆ। ਸਤਿਗੁਰ ਜੀ ਨੇ ਇਕ ਤਿਰਛੀ ਨਿਗਾਹ ਨਾਲ ਵੇਖਿਆ, ਫਿਰ ਬੋਲੇ:-ਤੇਰਾ ਨਾਮ?

ਢੇਸਾ-ਜੀਓ, ਦਾਸ ਦਾ ਨਾਮ ਹੈ, ਢੇਸਾ।

ਸਤਿਗੁਰ ਜੀ-ਅਜੇ ਵੇਲਾ ਨਹੀਂ ਆਇਆ।

ਇਹ ਸੁਣ ਕੇ ਢੇਸਾ ਪੈਰਾਂ ਤੇ ਢਹਿ ਪਿਆ ਤੇ ਬੋਲਿਆ:-'ਦਰ-ਢੱਠਣੀ' ਬਖਸ਼ੀ ਰੱਖਣੀ।

ਸਤਿਗੁਰ ਜੀ-ਹਾਂ, ਪਰ ਓਹ.... ਅਜੇ ਓਹ.... ਵੇਲਾ ਨਹੀਂ।

ਇਹ ਗੱਲ ਬੀਤ ਗਈ। ਢੇਸੇ ਨੇ ਸਾਈਂ ਦਾਸ ਨੂੰ ਦੱਸਿਆ। ਉਨ੍ਹਾਂ ਆਖਿਆ: ਢੇਸਿਆ! ਤੁਧ ਭਲੀ ਮੰਗ ਮੰਗੀ-'ਦਰ-ਢੱਠਣੀ ਮਿਲੀ ਰਹੇ', ਸਾਡੇ ਲਈ ਤਾਂ ਏਹੋ ਬੱਸ ਹੈ।

ਢੇਸਾ-ਪਰ ਭਾਈ ਸਾਹਿਬ ਜੀ! ਮੈਂ ਉਸ ਵੇਲੇ ਮੰਗਿਆ ਕੁਛ ਨਹੀਂ ਸੀ, ਇਹ ਮੈਂ ਬੇਅਦਬੀ ਸਮਝੀ ਸੀ ਜਿਮਦੇ ਕਰਨੋਂ ਡਰਦਾ ਸਾਂ।

ਭਾਈ ਜੀ-ਤੁਸਾਂ ਭਲਾ ਕੀਤਾ, ਪਰ ਉਹ ਸ਼ਹਿਨਸ਼ਾਹ ਆਪੇ ਝੂਠਣ ਲੱਗਾ ਸੀ ਤੇ ਤੂੰ ਸਮਝ ਝੂਠ ਪਿਆ ਹੈ, ਹੁਣ ਤਾਂ ਸਮੇਂ ਦੀ ਗੱਲ ਰਹਿ ਗਈ ਏ, ਦਾਤ ਮਿਲਣੀ ਤਾਂ ਨਿਸਚੇ ਹੋ ਗਈ ਹੈ। 'ਅਜੇ ਵੇਲਾ ਨਹੀਂ ਆਇਆ'। ਇਸ ਦਾ ਅਰਥ ਹੈ ਕਿ ਦਾਤ ਤਾਂ ਜ਼ਰੂਰ ਮਿਲਣੀ ਹੈ ਪਰ ਅਜੇ ਸਮਾਂ ਨਹੀਂ ਆਇਆ, ਸਮਾਂ ਆਵੇਗਾ ਤਾਂ ਮਿਲੇਗੀ। ਸੋ ਮਿਲਣਾ ਤਾਂ ਨਿਸਚੇ ਹੋ ਗਿਆ, ਵਕਤ ਅਨਿਸਚੇ ਰਿਹਾ, ਸੋ ਵਡੇਰਾ ਕੰਮ ਤਾਂ ਹੋ ਗਿਆ, ਸਮੇਂ ਦਾ ਕੀਹ ਹੈ, ਇਹ ਤਾਂ ਬੀਤਦਾ ਰਹਿੰਦਾ ਹੈ ਤੇ ਮਿਥਿਆ ਹੋਇਆ ਅਵਸਰ ਆ ਹੀ ਜਾਂਦਾ ਹੈ। ਹੁਣ ਸ਼ੁਕਰ ਵਿਚ ਰਹੁ।

ਢੇਸਾ-ਜੀਓ ਦਾਤਾ ਜੀਓ! ਮੈਨੂੰ ਤਾਂ ਅਪਣੇ ਸਤਿਸੰਗ ਦਾ ਦਰ ਬਖਸ਼ੀ ਰਖੋ, ਫੇਰ ਜੋ ਦਿਓ ਸੋ ਵਾਧਾ ਤੇ ਜਦੋਂ ਦਿਓ ਸੁ ਤਦੋਂ ਹੀ ਵਾਧਾ।

ਇਸ ਤਰ੍ਹਾਂ ਦੇ ਬਚਨ ਬਿਲਾਸ ਮਗਰੋਂ ਢੇਸਾ ਉਸੇ ਤਰ੍ਹਾਂ ਲੱਗਾ ਰਿਹਾ। ਇਕ ਦਿਨ ਸਵੇਰ ਸਾਰ ਜਦੋਂ ਕਿ ਸਤਿਗੁਰ ਜੀ ਤੁਰਨ ਦੀਆਂ ਤਿਆਰੀਆਂ ਕਰ ਰਹੇ ਸੇ, ਢੇਸਾ ਬਾਣੀ ਪੜ੍ਹਦਾ ਖੇਤਾਂ ਦੇ ਵਿਚ ਦੀ ਜਾ ਰਿਹਾ ਸੀ ਕਿ ਉਸ ਦੀ ਮਧੁਰ ਧੁਨੀ ਸਤਿਗੁਰਾਂ ਨੇ ਸੁਣੀ। ਆਪ ਉਸ ਵੇਲੇ ਇਕ ਵਗਦੇ ਖੂਹ ਦੇ ਚੁਬੱਚੇ ਤੇ ਵਗਦੇ ਜਲ ਵਿਚ ਚਰਨ ਰੱਖੀ ਬੈਠੇ ਸਨ, ਮਿੱਠੀ ਧੁਨਿ ਸੁਣ ਕੇ ਆਪ ਬੜੇ ਖੁਸ਼ ਹੋਏ ਤੇ ਬੋਲੇ:-ਢੇਸਿਆ!

ਢੇਸਾ ਭੱਜ ਕੇ ਆਇਆ ਤੇ ਚਰਨਾਂ ਤੇ ਢੈ ਪਿਆ।

ਸਤਿਗੁਰ ਜੀ-ਢੇਸਾ!

ਢੇਸਾ-ਜੀ ਪਾਤਸ਼ਾਹ?

ਸਤਿਗੁਰ ਜੀ-ਜਾਹ ਇਕ ਕੋਹ ਹੋਰ ਅੱਗੇ ਤੇ ਉਜਾੜ ਵਿਚ ਇਕ ਘੜੀ ਬੈਠ ਕੇ ਆ ਜਾ। ਜਾਹ, ਚੁਪ ਬੈਠ ਕੇ ਆ ਜਾ।

ਢੇਸਾ ਮੱਥਾ ਟੇਕ ਕੇ ਟੁਰ ਗਿਆ। ਦਿਲ ਵਿਚ ਇਕ ਚਾਉ ਹੈ ਤੇ ਇਕ ਸਹਿਮ ਹੈ। ਦਾਤੇ ਨੇ ਹੁਕਮ ਦਿਤਾ ਹੈ, ਇਸ ਗੱਲ ਦਾ ਤਾਂ ਚਾਉ ਹੈ। ਕੀਹ ਹੋਣਾ ਹੈ? ਇਹ ਸਹਿਮ ਹੈ। ਪਰ ਉਹ ਗੁਰੂ ਗੁਰੂ ਜਪਦਾ ਟੁਰੀ ਗਿਆ ਤੇ ਜਾ ਕੇ ਇਕ ਉਜਾੜ ਵਿਚ ਬੈਠਾ। ਢੇਸੇ ਨੇ ਹੁਣ ਅੱਖਾਂ ਮੀਟ ਲਈਆਂ ਤੇ ਮੂੰਹ ਬੰਦ ਕਰ ਲਿਆ। ਚਾਰ ਚੁਫੇਰੇ ਚੁੱਪ ਚਾਪ ਸੀ। ਕੰਨਾਂ ਵਿਚ ਲੱਗੀ ਆਪਣੇ ਹੀ ਸਰੀਰ ਦੇ ਅੰਤ੍ਰੀਵ ਅੰਗਾਂ ਦੀ ਹਰਕਤ ਸੁਣਾਈ ਦੇਣ; ਸ਼ਾਂ ਸ਼ਾਂ ਪਰ ਢੇਸੇ ਕਿਹਾ: ਸੱਚਮੁੱਚ ਸਤਿਗੁਰ ਨੇ ਇਹ ਸ਼ਾਂ ਸ਼ਾਂ ਸੁਣਨ ਤਾਂ ਮੈਨੂੰ ਨਹੀਂ ਘੱਲਿਆ, ਇਹ ਤਾਂ ਐਵੇਂ ਪਈ ਇਕਾਂਤ ਵਿਚ ਸੁਣੀਂਦੀ ਹੈ, ਜਦੋਂ ਕਿ ਬਾਹਰ ਦੇ ਉੱਚੇ ਸ਼ਬਦ ਬੋਲਣੋਂ ਹਟ ਜਾਣ। ਮੈਨੂੰ ਸਤਿਗੁਰ ਨੇ ਏਸਦੇ ਸੁਣਨ ਲਈ ਨਹੀਂ ਘੱਲਿਆ ਹੋਣਾ, ਉਹ ਉੱਚਾ ਦਾਤਾ ਕਿਸੇ ਉੱਚੇ ਮਨਤੱਵ ਤੇ ਆਪਣੇ ਸੇਵਕਾਂ ਨੂੰ ਟੋਰਦਾ ਹੈ। ਇਹ ਸ਼ਾਂ ਸ਼ਾਂ ਤਾਂ ਨਿੰਮ ਬਹੁਤ ਪੀ ਲਈਏ ਜਾਂ ਖੁਸ਼ਕੀ ਚੜ੍ਹ ਜਾਏ ਤਾਂ ਆਪੇ ਹੀ ਜ਼ੋਰਾਂ ਦੀ ਸੁਣ ਲਈਦੀ ਹੈ, ਤਾਂ ਤੇ ਇਧਰੋਂ ਧਿਆਨ ਮੋੜਾਂ। ਸੋ ਢੇਸੇ ਨੇ ਆਪਣੇ ਧਿਆਨ ਨੂੰ ਸ਼ਾਂ ਸ਼ਾਂ ਵਲੋਂ ਮੋੜਿਆ; ਤਾਂ ਅੱਖਾਂ ਅੱਗੇ ਕਈ ਦੇਖੇ ਥਾਂ ਤੇ ਡਿੱਠੇ ਜੀਵ ਲੰਘੇ। ਢੇਸੇ ਕਿਹਾ, ਜ਼ਰੂਰ ਮੇਰੇ ਸਤਿਗੁਰ ਦਾ ਇਹ ਮਤਲਬ ਨਹੀਂ ਹੋਣਾ ਕਿ ਮੇਰੇ ਦਿਮਾਗ ਅੱਗੇ, ਮੇਰੇ ਚੇਤੇ ਦੀ ਸ਼ਕਤੀ ਨਾਲ ਡਿੱਠੇ ਹੋਏ ਥਾਂ ਤੇ ਵੇਖੇ ਹੋਏ ਜੀਵ ਲਿਆ ਲਿਆ ਰੱਖੋ। ਜ਼ਰੂਰ ਮੇਰੇ ਸਤਿਗੁਰ ਦਾ ਆਸ਼ਾ ਗੰਭੀਰ ਤੇ ਉੱਚਾ ਹੈ। ਫੇਰ ਉਸਨੇ ਏਸ ਤੋਂ ਬੀ ਜੀ ਨੂੰ ਮੋੜ ਲਿਆ ਤੇ ਜੋ ਸੂਰਤ ਮਨ ਅਗੇ ਆਵੇ ਉਸ ਨੂੰ ਵਰਜ ਕੇ ਬਾਹਰੋਂ ਹੀ ਟੋਰ ਦੇਵੇ ਤਾਂ ਅੰਦਰ ਇਕ ਵਿਹਲ ਜੇਹੀ ਲੱਗੀ ਭਾਸਣ। ਢੇਸੇ ਕਿਹਾ: ਜ਼ਰੂਰ ਮੇਰੇ ਦਾਤੇ ਦਾ ਵਿਹਲ ਮਾਤ੍ਰ ਨੂੰ ਤੱਕਣਾ ਮੇਰੇ ਘੱਲਣ ਦਾ ਪ੍ਰਯੋਜਨ ਨਹੀਂ ਹੋ ਸਕਦਾ। ਤਦ ਉਸ ਆਖਿਆ: ਹੁਣ ਮੈਂ ਹੋਰ ਕਰਾਂ ਕੀਹ? ਨਾ ਸ਼ਾਂ ਸ਼ਾਂ ਸੁਣਾਂ, ਨਾ ਮੂਰਤਾਂ ਦੇ ਅਕਸ ਵੇਖਾਂ, ਹਾਂ ਸਭ ਨੂੰ ਵਰਜ ਰਹਾਇਆਂ ਜੋ ਵਿਹਲ ਜਿਹੀ ਪਈ ਹੈ, ਇਸ ਵਿਚ ਟਿਕਾਂ? ਪਰ ਓਹ! ਮੈਂ ਕਿਉਂ ਕਰਣੀਆਂ ਵਿਚ ਲੱਗਾ ਪਿਆ ਹਾਂ। ਮੈਨੂੰ ਬਹਿ ਆਉਣ ਦਾ ਹੁਕਮ ਹੈ। ਘੜੀ ਭਰ ਬਹਿਕੇ ਟੁਰ ਜਾਵਾਂ। ਪਰ ਹਾਂ,...... ਚੁੱਪ, ਬਹਿ ਕੇ ਟੁਰ ਜਾਵਾਂ! ਹੈਂ, ਪਰ ਮੈਂ ਤਾਂ ਆਪੇ ਕੁਛ ਕੁਛ ਕਰਨ ਲਗ ਪਿਆ ਹਾਂ, ਸੋ ਮੈਂ ਕਰਾਂ ਕੁਛ ਨਾ,

'ਅ-ਕਰਾਂ' ਜਿਹਾ ਹੋ ਰਹਾਂ, ਪਰ ਕੁਛ ਨਾ ਕਰਣੇ ਵਾਲਾ ਹੋਵਾਂ ਕੀਕੂੰ? ਮਨ ਨੇ ਕੁਛ ਕਰਨਾ ਹੀ ਹੋਇਆ 'ਵਰਜ ਰਹਾਉਣਾ ਕੁਛ ਕਰਨੋਂ', ਬੱਸ ਇਹੋ ਹੀ 'ਅ-ਕਰਾਂ' ਮੈਂ ਕਰਾਂ!

ਹੁਣ ਚੇਤਾ ਆਇਆ ਭਾਈ ਸਾਈਂ ਦਾਸ ਜੀ ਦਾ, ਪਰ ਸੂਰਤ ਅੱਖਾਂ ਅੱਗੇ ਨਾ ਆਈ। ਸੋਚ ਫੁਰੀ, ਮੈਂ ਉਨ੍ਹਾਂ ਨੂੰ ਪੁਛਿਆ ਹੁੰਦਾ ਕਿ ਐਹੋ ਜੇਹੇ ਸਮੇਂ ਕੀਹ ਕਰੀਦਾ ਹੈ, ਤਾਂ ਹੁਣ ਔਖਾ ਨਾ ਹੁੰਦਾ। ਹੱਛਾ ਭਾਈ ਜੀ ਕਿਹਾ ਕਰਦੇ ਹਨ ਕਿ ਦੇਸ਼ ਕਾਲ ਤਾਂ ਪੜਦੇ ਹੀ ਹੈਨ ਨਾ, ਜੋ ਅਸਲ ਸ਼ੈ ਨੂੰ ਡਿੰਗ ਪਾ ਪਾ ਦੱਸਦੇ ਹਨ। ਸੋ ਮੈਂ ਸਮਝਾਂ ਕਿ ਭਾਈ ਜੀ ਮੇਰੇ ਕੋਲ ਹਨ, ਇਸ ਵੇਲੇ ਹਨ, ਸੋ ਮੈਂ ਉਹਨਾਂ ਵਲ ਤੱਕਦਾ ਹਾਂ, ਓਹ ਦੱਸਣਗੇ ਕਿ ਮੈਂ ਕਿਵੇਂ ਕਰਾਂ। ਢੇਸਾ ਹੁਣ ਜ਼ੋਰ ਲਾਵੇ, ਸਾਈਂ ਦਾਸ ਜੀ ਦਾ ਚਿਹਰਾ ਅੱਖਾਂ ਅੱਗੇ ਨਾ ਆਵੇ। ਹੋਰ ਜਗਤ ਦੇ ਦੇਖੇ ਸੁਣੇ, ਆਪਣੇ ਪਰਾਏ, ਵੈਰੀ ਸੱਜਣ ਤਾਂ ਪਏ ਅੱਖਾਂ ਅੱਗੇ ਝਲਕੇ ਮਾਰਨ, ਪਰ ਗੁਰਮੁਖ ਦਾ ਚਿਹਰਾ ਨਦਰੀ ਨਾ ਆਵੇ। ਫੇਰ ਜ਼ੋਰ ਲਾਇਆ, ਪਰ ਗੁਰਮੁਖ ਦਾ ਧਿਆਨ ਨਾ ਆਇਆ! ਖਿਆਲ ਤਾਂ ਸਾਰਾ ਸਾਈਂ ਦਾਸ ਵਲ ਲੱਗ ਗਿਆ, ਪਰ ਸੂਰਤ ਨਾ ਦਿੱਸੀ। ਫੇਰ ਢੇਸੇ ਘਬਰਾ ਕੇ ਆਖਿਆ-'ਵਾਹ ਅਵੈੜੇ ਮਨਾ! ਜੋ ਡਾਢੇ ਪਿਆਰੇ ਹਨ, ਜੋ ਇਸਤ੍ਰੀ, ਪੁੱਤ੍ਰ, ਸਨਬੰਧੀ ਸਭ ਤੋਂ ਉੱਚੇ, ਸੁੱਚੇ, ਸਹੁਣੇ ਤੇ ਮਿੱਠੇ ਹਨ, ਉਹੀ ਦਿਲ ਤੋਂ ਐਨੀ ਦੂਰ ਹਨ ਕਿ ਨਹੀਂ ਦੀਂਹਦੇ। ਹੋਰ ਸਹੁਰੇ ਸਾਰੇ ਪਏ ਦਿਲ ਦੇ ਨੇਤ੍ਰਾਂ ਅਗੇ ਘੁੰਮਰ ਪਾਉਂਦੇ ਹਨ, ਵਰਜ ਵਰਜ ਹਟਾਉਂਦਾ ਹਾਂ, ਪਰ ਸ਼ਹਿਤ ਦੁਆਲੇ ਮੱਖੀਆਂ-ਹਾਰ ਪਏ ਘੁੰਮਦੇ ਹਨ ਤੇ ਓਹ ਜੋ ਮੈਨੂੰ ਪਿਆਰਾ ਹੈ, ਜਿਸ ਦੀ ਮੇਰੇ ਨਾਲ ਨਿਸ਼ਕਾਮ ਪ੍ਰੀਤਿ ਹੈ, ਜਿਸ ਮੇਰਾ ਉਪਾਰ ਕਰਨਾ ਹੈ, ਦਿਲ ਅੱਗੇ ਸੂਰਤ ਧਾਰਕੇ ਨਹੀਂ ਆਉਂਦਾ। ਠੀਕ ਮੇਰਾ ਦਿਲ ਮੈਲਾ ਹੈ, ਤਦੇ ਸਤਿਗੁਰੂ ਜੀ ਨੇ ਉਸ ਦਿਨ ਕਿਹਾ ਸੀ-

'ਅਜੇ ਵੇਲਾ ਨਹੀਂ ਆਇਆ'।

ਮੈਂ ਸਮਝਦਾ ਸਾਂ ਕਿ ਬਾਣੀ ਤੇ ਸੇਵਾ ਨਾਲ ਮੇਰੀ ਮੈਲ ਝੜ ਗਈ ਹੈ। ਠੀਕ! ਮੇਰੇ ਮਨ ਦੀ ਮੋਟੀ ਮੈਲ ਝੜ ਗਈ, ਪਰ ਹਾਇ! ਕੋਈ ਬਰੀਕ ਮੈਲ, ਡਾਢੀ ਚੰਬੜਨ ਵਾਲੀ ਮੈਲ, ਮੇਰੇ ਅੰਦਰ ਹੈ, ਜੋ ਮੇਰੇ ਦਿਲ ਦੇ ਸ਼ੀਸ਼ੇ ਨੂੰ ਧੁੰਦਲਾ ਕਰ ਰਹੀ ਹੈ, ਜਿਸ ਵਿਚੋਂ ਪ੍ਰੀਤਿ ਵਾਲੇ, ਨਿਰਮਲ ਮਨ ਵਾਲੇ ਸਾਈਂ ਦੇ ਪਿਆਰੇ, ਸੁੱਚੇ ਆਤਮਾ ਵਾਲੇ ਗੁਰਮੁਖ ਦਾ ਦਿਦਾਰ ਨਹੀਂ ਦਿੱਸਦਾ, ਯਾ ਖ਼ਬਰੇ ਐਉਂ ਹੈ ਕਿ ਮੇਰਾ ਦਿਲ, ਜੋ ਇਕ ਮੰਦਰ ਹੈ, ਜਿਸ ਵਿਚ ਮੇਰੇ ਮਿੱਤ੍ਰ, ਸਾਕ, ਸਨਬੰਧੀ ਤਾਂ ਭੱਜੇ ਆ ਰਹੇ ਹਨ, ਕਿਉਂਕਿ ਇਹ ਉਨ੍ਹਾਂ ਲਈ ਸੁਹਣਾ ਹੈ, ਪਰ ਗੁਰਮੁਖ ਨਹੀਂ ਆਉਂਦੇ, ਕਿਉਂਕਿ ਇਹ ਉਨ੍ਹਾਂ ਲਈ ਅਜੇ ਕੋਥਰਾ ਥਾਉਂ ਹੈ। ਕੀ ਜਾਣੀਏਂ ਇਹ ਮੇਰੇ ਮਨ ਦੀ ਮੈਲ ਕੋਈ ਸੂਖਮ ਥਿੰਦੀ ਮੈਲ ਹੈ ਜੋ ਮੈਨੂੰ ਉਂਵ ਤਾਂ ਦੀਹਦੀ ਨਹੀਂ ਪਰ ਉਸ ਵਿਚੋਂ ਸੂਖਮ ਆਕਾਰ ਵਾਲੀਆਂ ਚੀਜ਼ਾਂ ਨਹੀਂ ਦਿੱਸਦੀਆਂ ਤੇ ਮੋਟੇ ਆਕਾਰ ਵਾਲੀਆਂ ਦਿੱਸਦੀਆਂ ਹਨ। ਹੁਣ ਅਚਾਨਕ ਢੇਸੇ ਨੂੰ ਚੇਤਾ ਆਇਆ ਤੇ ਉੱਚੀ ਬੋਲਿਆ:-

ਓਏ ਮੂਰਖਾ! ਤੈਨੂੰ ਤਾਂ ਹੁਕਮ ਸੀ ਕਿ ਚੁੱਪ ਕਰਕੇ ਬੈਠ ਆ ਤੇ ਤੂੰ ਤਾਂ ਬਾਹਰੋਂ ਚੁੱਪ ਬੈਠਾ ਹੈਂ ਤੇ ਤੇਰੇ ਅੰਦਰ ਘੋੜ ਦੌੜ ਹੋ ਰਹੀ ਹੈ, ਤੇ ਰੌਲੇ ਪੈ ਰਹੇ ਹਨ, ਤੂੰ ਹੁਕਮ ਨਹੀਂ ਪਾਲ ਰਿਹਾ। ਅਡੋਲ ਹੋ, ਚੁੱਪ ਹੋ, ਕੁਛ ਨਾ ਕਰ, ਕੁਛ ਨਾ ਕਰ, ਟਿਕ ਚੁੱਪ!

 www.sikhbookclub.com

ਇਹ ਕਹਿ ਫੇਰ ਸਾਰੇ ਖ਼ਿਆਲ ਬਾਹਰ ਦੇ ਬਾਹਰ ਵਰਜ ਰਹਾਵੇ ਤੇ ਅੰਦਰ ਦੇ ਫੁਰਨੇ ਅੰਦਰ ਵਰਜ ਰਹਾਵੇ, ਪਰ ਇਹ ਬੀ ਜਤਨ ਹੀ ਹੋਇਆ, ਚੁੱਪ ਨਾ ਹੋਈ। ਚੁੱਪ ਕਿਵੇਂ ਹੋਵੇ? ਬਥੇਰੀ ਚੁੱਪ ਕਰੇ, ਪਰ ਚੁੱਪ ਨਾ ਹੋਵੇ। ਸੋਚ ਫੇਰ ਆ ਪਵੇ। ਸੋਚ ਸੋਚੇ ਤਾਂ ਕੋਈ ਸੋਚ ਅਸੋਚ ਵਿਚ ਨਾ ਲੈ ਜਾਵੇ, ਉਹ ਤਾਂ ਸੋਚ ਦੀ ਰੀਢ ਸਗੋਂ ਖੁੱਲ੍ਹ ਪਵੇ। ਸੋ ਰਤਾ ਅੰਦਰ ਵਿਹਲ ਜਹੀ ਭਾਸਕੇ ਢੇਸਾ ਜਾਂ ਤਾਂ 'ਸੋਚ' ਵਿਚ ਪੈ ਜਾਵੇ ਜਾਂ 'ਅਸੋਚ ਦੇ ਤਰਲੇ' ਵਿਚ ਪੈ ਜਾਵੇ। ਤਾਂ ਫੇਰ ਸੋਚੇ ਕਿ ਹੁਣ ਚੁੱਪ ਹੈ, ਇਹੋ ਵਿਹਲ ਜੇਹੀ ਚੁੱਪ ਹੈ, ਇਹ ਚੁੱਪ ਫੇਰ ਅਚੁੱਪ ਭਾਸੇ। ਹਾਂ, ਇਹ ਭਾਸੇ ਕਿ ਇਹ ਚੁੱਪ ਦਾ 'ਤਰਲਾ' ਹੈ। ਫੇਰ ਆਖੇ, ਮਨਾ! ਹੁਕਮ ਸੀ ਚੁੱਪ ਬੈਠ, ਤੂੰ ਕਿਉਂ ਤਰਲੇ ਵਿਚ ਹੈਂ? ਚੁੱਪ ਬੈਠ, ਪਰ ਜਦ ਚੁੱਪ ਬੈਠੇ, ਤਰਲੇ ਛੱਡੇ ਤਾਂ ਸੋਚ ਆ ਪਵੇ, ਜੇ ਸੋਚ ਨੂੰ ਬਾਹਰ ਕੱਢੇ ਤਾਂ ਉਹ ਚੁੱਪ ਦਾ ਤਰਲਾ ਬਣ ਜਾਵੇ, ਚੁੱਪ ਨਾ ਬਣੇ।

ਉਹ ਘੜੀ ਮੁੱਕਣ ਤੇ ਆ ਰਹੀ ਸੀ। ਢੇਸੇ ਕਿਹਾ ਅੱਜ ਫੇਰ ਸਤਿਗੁਰ ਨੇ ਕਹਿਣਾ ਹੈ, **ਅਜੇ ਵੇਲਾ ਨਹੀਂ ਆਇਆ।** ਹਾਂ, ਜੇ ਆਖਣਗੇ ਤਾਂ ਸੱਚ ਆਖਣਗੇ। ਦੇਖੋ! ਮੈਂ ਇਕ ਘੜੀ ਕੀਹ, ਇਕ ਪਲ ਚੁੱਪ ਨਹੀਂ ਬੈਠ ਸਕਦਾ। ਸੱਚ ਹੀ ਕਹਿਣਗੇ ਨਾ। ਹਾਇ! ਕਿਵੇਂ ਚਰਨੀਂ ਲਾਈ ਰੱਖਣ, ਕਿਤੇ ਸਤਿਗੁਰ ਦੇ ਦਰੋਂ ਧੱਕਾ ਨਾ ਮਿਲ ਜਾਵੇ; ਨਹੀਂ ਨਹੀਂ, ਉਹ ਦਿਆਲੂ ਹਨ, ਧੱਕਾ ਨਹੀਂ ਦੇਣਗੇ, ਏਹੋ ਕਹਿਣਗੇ:

'ਅਜੇ ਵੇਲਾ ਨਹੀਂ ਆਇਆ'।

ਉਹ ਹੋ! ਫੇਰ ਮੈਂ ਸੋਚੀਂ ਪੈ ਗਿਆ, ਸੋਚ ਮਨ ਦਾ ਸੁਭਾਉ ਹੈ ਜੋ ਨਹੀਂ ਛੁਟਦਾ, ਪਰ ਨਹੀਂ ਛੁਟਦਾ। ਢੇਸਿਆ! ਚੁੱਪ ਕਰ, ਸਤਿਗੁਰ ਦੇ ਪਿਆਰੇ ਮੁਖੜੇ ਵਲ ਧਿਆਨ ਕਰ। ਹੁਣ ਨਾ ਚੁੱਪ ਹੁੰਦੀ ਹੈ ਤੇ ਨਾ ਸੋਚ ਹਟਦੀ ਹੈ, ਹੁਣ ਉਨ੍ਹਾਂ ਪਿਆਰੇ ਨੈਣਾਂ ਵਲ ਤੱਕ! ਬੱਸ, ਏਥੇ ਟਿਕ ਜਾ। ਇਹੋ ਅਚੁੱਪ ਤੇ ਏਹੋ ਸੋਚ ਰੱਖ ਲੈ। ਨਾ ਸਹੀ ਚੁੱਪ ਤੇ ਨਾ ਸਹੀ ਅਸੋਚ। ਪੇਸ਼ ਜੋ ਇਸ ਮਨ ਅੱਗੇ ਨਾ ਜਾਂਦੀ ਹੋਈ। ਹੁਣ ਢੇਸੇ ਟੇਕ ਲਾਈ ਤੇ ਲੱਗਾ ਸਤਿਗੁਰ ਦੇ ਚੰਦ ਮੁਖ ਨੂੰ ਅੱਖਾਂ ਅਗੇ ਟਿਕਾਉਣ, ਪਰ ਉਹ ਚੇਤਾ ਹੀ ਵਿਸਰ ਗਿਆ, ਖਿਆਲ ਮਾਲਕ ਜੀ ਵਲ ਜਾਵੇ, ਪਰ ਧਿਆਨ ਕੋਈ ਨਾਂ ਬੁੱਝੇ, ਦਰਸ਼ਨ ਕੋਈ ਨਾ ਹੋਣ। ਢੇਸਾ ਜ਼ੋਰ ਲਾ ਥੱਕਾ, ਪਰ '**ਜੋਰੁ ਨ ਸੁਰਤੀ ਗਿਆਨਿ ਵੀਚਾਰਿ॥**'{ਜਪੁਜੀ} ਜ਼ੋਰ ਦੀ ਪੇਸ਼ ਨਾ ਗਈ! ਫੇਰ ਨਿਰਾਸ ਹੋ ਕੇ ਰੋ ਪਿਆ, ਹਾਇ! ਮੈਂ ਮੂਰਖ! ਜਿਸ ਨੇ ਕਈ ਵਰ੍ਹੇ ਟਾਂਮੇ ਬੰਨ੍ਹੀ ਰੱਖੇ ਕਿ ਕੁਛ ਹੈ ਹੀ ਨਹੀਂ ਤੇ ਮੇਰੀ ਅਕਲ ਮੁਕੰਮਲ ਹੈ, ਅੱਜ ਮੈਂ ਐਨਾ ਬੇਬਸ ਬੱਚੇ ਵਰਗਾ ਹੋ ਰਿਹਾ ਹਾਂ ਕਿ ਮੈਂ ਆਪਣੇ ਆਪ ਨੂੰ ਚੁੱਪ ਨਹੀਂ ਰੱਖ ਸਕਦਾ। ਆਪਣੇ ਮਾਲਕ ਦਾ ਮੂੰਹ ਨਹੀਂ ਤੱਕ ਸਕਦਾ, ਆਪਣੇ ਆਪ ਨੂੰ ਚੁਪ ਨਹੀਂ ਰਖ ਸਕਦਾ..... ਓਏ ਢੇਸਿਆ! ਸਹੁਰਿਆ!! ਗੁਰਮੁਖ ਦਾ ਦਰਸ਼ਨ ਤੈਨੂੰ ਨਹੀਂ ਹੋ ਸਕਿਆ, ਤੇ ਗੁਰੂ ਦਾ ਦਿਦਾਰ ਕਿਕੂੰ ਹੋਵੇ! ਜਿੱਥੇ ਗੁਰਮੁਖ ਪੈਰ ਨਹੀਂ ਪਾਉਂਦੇ, ਉਥੇ ਗੁਰੂ ਕਿਵੇਂ ਪਾਉਂਦਾ ਹੈ? ਅਜ ਪਤਾ ਲਗਾ, ਮੈਂ ਮੂਰਖ ਹਾਂ, ਸਭ ਸਿਆਣਪਾਂ ਸੜ ਗਈਆਂ। ਤ੍ਰਿਸ਼ਨਾ ਭੁੱਖ ਤਾਂ ਮੇਰੀ ਘਟੀ ਸੀ, ਪਰ ਕੀਹ ਘਟੀ? ਕੋਈ ਤ੍ਰਿਸ਼ਨਾ ਹੈ ਤਾਂ ਪਈਆਂ ਸੂਰਤਾਂ ਮੂਰਤਾਂ, ਥਾਵਾਂ ਦੇ ਨਕਸ਼ੇ ਤੇ ਸੰਕਲਪ ਅੱਖਾਂ ਅੱਗੇ ਦਬਾ ਦਬ ਆ ਰਹੇ ਹਨ।


www.sikhbookclub.com

ਅਭੁੱਖ ਹੋ ਕੇ, ਚੁੱਪ ਹੋ ਕੇ ਮੈਥੋਂ ਇਕ ਘੜੀ ਨਾ ਬਹਿ ਹੋਇਆ*! ਇਸ ਘੜੀ ਵਿਚ ਹੁਕਮ ਬਜਾ ਲਿਆਉਣ ਲਈ ਮੈਂ ਸਾਰੀਆਂ ਸਿਆਣਪਾਂ ਖਰਚ ਕੀਤੀਆਂ, ਪਰ ਹਾਇ, ਢੇਸਿਆ! ਤੇਰੀ ਕਾਈ ਪੇਸ਼ ਨਾ ਚੱਲੀ, ਇਕ ਗਲ, ਇਕ ਸਿਆਣਪ ਦੀ ਬੀ ਕੋਈ ਗਲ ਨ ਚੱਲੀ। ਵੇਖ! ਦਾਤੇ ਦਾ ਹੁਕਮ ਨਾ ਮੰਨ ਹੋਇਆ। ਘੜੀ ਰੱਬ ਜਾਣੇ ਬੀਤ ਹੀ ਗਈ ਹੋਊ। ਮੈਂ ਕੀ ਮੂੰਹ ਦੇਸਾਂ? ਮੈਂ ਅੜਮੰਨ, ਹੁਕਮ ਅਦੂਲ ਮੂਰਖ! ਹਾਇ, ਮੈਂ ਕੀ ਮੂੰਹ ਦੇਸਾਂ? ਹੁਣ ਕੀਹ ਕਰਾਂ? ਉਠ ਚੱਲਾਂ? ਦਾਤਾ ਜੀ ਉਡੀਕਦੇ ਹੋਣਗੇ। ਓਹ ਪੁੱਛਣਗੇ ਬਹਿ ਆਇਆ ਹੈਂ? ਮੈਂ ਕਹਾਂਗਾ, ਹਾਂ ਜੀ। ਉਹ ਕਹਿਣਗੇ ਚੁੱਪ ਬਹਿ ਆਇਆ ਹੈਂ? ਤਾਂ ਕੀਕੂੰ ਕਹਾਂਗਾ, 'ਹਾਂ ਜੀ?' ਮੈਂ ਜੀਭ ਦੀ ਚੁੱਪ ਧਾਰੀ, ਕੰਨਾਂ ਦੀ ਸ਼ਾਂ ਸ਼ਾਂ ਸੁਣ ਕੇ ਉਸ ਵਲੋਂ ਚੁੱਪ ਧਾਰੀ, ਮੈਂ ਸੋਚਾਂ ਸੋਚਣ ਦਾ ਜਤਨ ਕੀਤਾ, ਮੈਂ ਸੋਚਾਂ ਸੋਚ ਕੇ ਕੋਈ ਪੇਸ਼ ਚਲਾਉਣ ਵਾਲੀ ਸੋਚ ਸੋਚਣ ਦਾ ਜ਼ੋਰ ਲਾਇਆ। ਲੱਖ ਸਿਆਣਪ ਸੋਚੀ, ਪੇਸ਼ ਨਾ ਗਈ, ਪਰ ਨਾ ਗਈ, ਮੈਂ ਅਸੋਚ ਤੇ ਚੁੱਪ ਹੋਣ ਦਾ ਤਰਲਾ ਲਾਇਆ, ਪਰ ਅੰਦਰਲਾ ਨਾ ਚੁੱਪ ਹੋਇਆ। ਆਖਸਾਂ ਜੀ ਬਹਿ ਆਇਆ ਹਾਂ, ਪਰ ਚੁੱਪ ਨਹੀਂ ਹੋ ਸਕੀ। ਇਉਂ ਸੋਚਦਿਆਂ ਢੇਸੇ ਨੂੰ ਗੱਚ ਭਰ ਆਇਆ ਸੀ, ਨੈਣਾਂ ਤੋਂ ਅੱਥਰੂ ਨਿਕਲ ਰਹੇ ਸਨ। 'ਹਾਇ! ਮੈਂ ਨਾਚੀਜ਼' ਹਾਇ 'ਮੈਂ ਕੁਛ ਨਾ' ਇਸ ਤਰ੍ਹਾਂ ਦੇ ਗੱਚ ਵਿਚ ਆਪੇ ਤੋਂ ਬੇ-ਆਪੇ ਜਿਹੇ ਵਿਚ ਵਿਰਾਗ ਆ ਗਿਆ ਕਿ ਅਚਾਨਕ ਇਕ ਛਿਨ ਆਈ, ਇਕ ਝਲਕਾਰਾ ਵੱਜਾ, ਇਕ ਅੱਖ ਚਮਕਾਰ ਦਾ ਸਮਾਂ ਲੰਘਿਆ ਕਿ ਢੇਸੇ ਨੂੰ ਸਤਿਗੁਰ ਜੀ ਦੇ ਖੂਹ ਪਰ ਬੈਠੇ ਜਲ ਦੀ ਆਡ ਵਿਚ ਰਖੇ ਚਰਨ ਕਮਲ ਦਿਸ ਪਏ, ਆਵਾਜ਼ ਆਈ,-ਕਹੁ "ਵਾਹਿਗੁਰੂ"-

ਢੇਸੇ ਦੇ ਲੂੰ ਲੂੰ ਵਿਚੋਂ ਵਾਹਿਗੁਰੂ ਨਿਕਲ ਗਿਆ। ਢੇਸਾ ਬੇਸੁੱਧ ਸੀ। ਹੁਣ ਸੁੱਧ ਆਈ ਤਾਂ ਜੀਭ ਕਹਿ ਰਹੀ ਸੀ:-"ਵਾਹਿਗੁਰੂ"

ਲੂੰਆਂ ਵਿਚ ਇਕ ਝਰਨਾਟ ਛਿੜ ਰਹੀ ਸੀ, ਨੈਣਾਂ ਵਿਚ ਇਕ ਠੰਢ ਵਾਪਰ ਰਹੀ ਸੀ, ਸਰੀਰ ਵਿਚ ਹਲਕਾਪਨ ਸੀ, ਅੰਦਰ ਬਾਹਰ ਇਕ ਮੱਧਮ ਮੱਧਮ ਸੁਆਦ ਜੇਹਾ ਸੀ, ਜੀਭ ਪਰ ਇਕ ਰਸ ਸੀ ਤੇ ਜੀਭ ਹਿਲ ਰਹੀ ਸੀ ਤੇ ਕਹਿ ਰਹੀ ਸੀ-"ਵਾਹਿਗੁਰੂ"

ਢੇਸੇ ਨੇ 'ਬੋਲਹੁ ਜੀ ਵਾਹਿਗੁਰੂ' ਰੋਜ਼ ਸੁਣਿਆ ਸੀ, ਆਪ ਬੀ ਕਈ ਵਾਰੀ 'ਸ੍ਰੀ ਵਾਹਿਗੁਰੂ' ਕਿਹਾ ਸੀ, ਪਰ ਇਹ 'ਵਾਹਿਗੁਰੂ' ਕਦੇ ਨਹੀਂ ਕਿਹਾ ਸੀ, ਜਿਸਦਾ ਕਿ ਇਹ ਅਸਰ ਹੈ। ਹਾਂ, ਉਸਨੇ ਅੱਜ ਇਹ ਅਨੋਖਾ 'ਵਾਹਿਗੁਰੂ' ਸੁਣਿਆ, ਜੀ ਹਾਂ, ਸਤਿਗੁਰ ਨੂੰ ਵਾਹਿਗੁਰੂ ਕਹਿੰਦੇ ਸੁਣਿਆ, ਫੇਰ ਸੁਣਨ ਨੂੰ ਜੁ ਉਤਾਵਲਾ ਹੋਇਆ ਤਾਂ ਅੱਖ ਖੁਲ੍ਹੀ, ਛੇਤੀ ਜੁ ਅੱਖ ਖੁਲ੍ਹੀ, ਤਾਂ ਉੱਥੇ ਸਤਿਗੁਰ ਜੀ ਕੋਈ ਨਹੀਂ ਸੇ, ਢੇਸਾ ਸੀ ਇਕੱਲਾ ਤੇ ਢੇਸੇ ਦੀ ਜੀਭ ਤੇ ਸੀ 'ਵਾਹਿਗੁਰੂ' ਪਰ ਜੀਭ ਹੁਣ ਰਸ ਵਾਲੀ ਹੋ ਰਹੀ ਸੀ। ਇਹ ਕੀਹ ਸੀ? ਢੇਸਾ ਨਹੀਂ ਸਮਝ ਸਕਿਆ ਪਰ ਉਹ ਇਕ ਸੁਆਦ ਵਿਚ ਸੀ ਤੇ ਕਦੇ ਇਕ ਨਾ ਪ੍ਰਤੀਤ ਕੀਤੇ ਸੁੱਖ ਵਿਚ ਸੀ।

---

* ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

{ਜਪੁਜੀ, ਪੰਨਾ ੧}


www.sikhbookclub.com

ਹੁਣ ਘੜੀਓਂ ਵੱਧ ਬੀਤ ਗਿਆ ਜਾਪਦਾ ਸੀ, ਢੇਸਾ ਉੱਠਿਆ। ਉੱਠੇ ਕੌਣ? ਪਰ ਹੁਕਮ ਯਾਦ ਸੀ, ਸੋ ਉੱਠਣਾ ਪਿਆ। ਉੱਠਿਆ ਤੇ ਟੁਰ ਪਿਆ।

ਅੰਦਰ ਇਕ ਨਾਮ ਦੀ ਹੋਂਦ ਯਾ ਧੁਨਿ ਭਾਸਦੀ ਹੈ, ਇਕ ਜਾਗ੍ਰਤ ਭਾਸਦੀ ਹੈ, ਇਕ ਸੁਆਦ ਭਾਸਦਾ ਹੈ, ਅਰ ਸਿਮਰਨ 'ਵਾਹਿਗੁਰੂ' ਦਾ ਜਾਰੀ ਹੈ। ਇਉਂ ਢੇਸਾ ਸਨੇ ਸਨੇ ਰਸ ਮੱਤਾ ਨੈਣ ਅਲਸਾਇਆ ਟੁਰੀ ਆਇਆ। ਅੱਗੇ ਖੂਹ ਤੇ ਦਾਤਾ ਜੀ ਕੋਈ ਨਹੀਂ ਸਨ। ਉਹ ਉਥੋਂ ਜਾ ਚੁਕੇ ਸਨ। ਢੇਸੇ ਨੂੰ ਹੁਣ ਪਿਆਰ ਦੀ ਖਿੱਚ ਦਾ ਤੁਣੱਕਾ ਤਾਂ ਵੱਜਾ, ਪਰ ਘਬਰਾ ਨਹੀਂ ਹੋਇਆ। ਫੇਰ ਡੇਰੇ ਆਇਆ, ਸਤਿਗੁਰ ਜੀ ਉੱਥੇ ਬੀ ਨਹੀਂ ਸਨ। ਹੁਣ ਹੋਰ ਪਿਆਰ ਦੀ ਖਿੱਚ ਵੱਜੀ, ਪਰ ਘਬਰਾ ਨਹੀਂ ਪਿਆ। ਢੇਸਾ ਹੁਣ ਸਾਈਂਦਾਸ ਦੇ ਘਰ ਆਇਆ, ਅੰਦਰ ਗਿਆ ਤਾਂ ਦਾਤਾ ਜੀ ਪਲੰਘ ਤੇ ਬੈਠੇ ਸਨ। ਰਾਮੋ ਪੱਖਾ ਕਰ ਰਹੀ ਸੀ ਤੇ ਸਾਈਂ ਦਾਸ ਜੀ ਚਰਨਾਂ ਪਾਸ ਬੈਠੇ ਸਨ। ਸਤਿਗੁਰ ਹੱਸ ਕੇ ਬੋਲੇ-ਢੇਸਿਆ! ਚੁੱਪ ਬੈਠ ਆਇਆ ਹੈਂ?

ਢੇਸਾ ਚਰਨਾਂ ਨਾਲ ਲਿਪਟ ਗਿਆ, ਰੋ ਪਿਆ ਤੇ ਬੋਲਿਆ:-ਸੱਚਿਆ! ਮੈਂ ਮੂਰਖ, ਮੈਂ ਮੂਰਖ, ਮੈਂ ਮੂਰਖ!

ਸਤਿਗੁਰ ਜੀ-ਸੁਣਾ, ਚੁਪ ਬੈਠੌਂ ਕਿ ਨਾ?

ਢੇਸਾ-ਇਹ ਤਨ ਭੌਂਕਣਾ ਚੁਪ ਨਹੀਂ ਬਹਿਣ ਦੇਂਦਾ। ਤੇਰੀ ਮਿਹਰ, ਤੇਰੇ ਚਰਨਾਂ ਤੋਂ ਬਲਿਹਾਰ! ਤੂੰ ਕੋਈ ਝਲਕਾ ਮਾਰਿਆ, ਕੋਈ ਝਾਉਲਾ ਪਾਇਓਈ ਕਿ ਕੋਈ ਚਮਕਾਰਾ ਦਿੱਤੋ ਈ, ਮੈਨੂੰ ਕੁਛ ਪਤਾ ਨਹੀਂ ਲੱਗਾ!

ਸਤਿਗੁਰ-ਕੁਛ ਹੋਇਆ ਸੀ?

ਢੇਸਾ-ਪਾਤਸ਼ਾਹ-

**"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥"**

{ਰਾਗ ਗਉੜੀ ਮਹਲਾ ੪, ਪੰਨਾ ੧੬੭}

ਸਤਿਗੁਰ-ਕੁਝ ਸੁਣਿਆ, ਡਿੱਠਾ, ਸਮਝਿਆ?

ਢੇਸਾ-ਸੁਣਿਆ: ਆਪਣੇ ਸਰੀਰ ਦੀ ਸ਼ਾਂ ਸ਼ਾਂ। ਡਿੱਠਾ: ਆਪਣੇ ਪਰਾਏ ਮਿੱਤ੍ਰ ਵੈਰੀਆਂ ਦੀਆਂ ਤਸਵੀਰਾਂ ਦੇ ਨਕਸ਼ੇ। ਨਾ ਡਿੱਠਾ ਪਰ ਨਾ ਡਿੱਠਾ ਦੇਖਣ ਜੋਗ; ਨਾ ਸੁਣਿਆ ਪਰ ਨਾ ਸੁਣਿਆ ਸੁਣਨੇ ਜੋਗ।

ਸਤਿਗੁਰ-ਫੇਰ ਖਾਲੀ ਆਇਆ? ਜੇਹਾ ਗਿਆ ਤੇਹਾ........?

ਢੇਸਾ-ਖਾਲੀ ਗਿਆ ਪਾਤਸ਼ਾਹ! ਭਰਿਆ ਆਇਆ। ਤੂੰ ਮਿਹਰ ਕੀਤੀ, ਕੋਈ ਛਿਨ ਆਈ। ਮੈਂ ਡਿੱਠੇ ਤੇਰੇ ਚਰਨ ਕਮਲ ਮਕਰੰਦ ਰਸ ਨਾਲ ਭਰੇ, ਮੈਂ ਸੁਣਿਆ: 'ਵਾਹਿਗੁਰੂ' ਜੋ ਸੁਣਿਆ ਬਹਿ ਗਿਆ ਜੀਭ ਤੇ, ਤੇ ਉਸ ਤੋਂ ਹੇਠਾਂ ਲਹਿ ਗਿਆ ਤੇ ਹਲਕਾ ਕਰ ਗਿਆ ਸਰੀਰ, ਮਨ ਤੇ ਆਤਮਾ ਨੂੰ। ਖੀਵਾ ਹੋ ਰਿਹਾ ਹਾਂ, ਸੁਆਦ ਵਿਚ ਹਾਂ ਤੇ ਜੀਭ ਕਹਿ ਰਹੀ ਹੈ-

ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!!

 www.sikhbookclub.com

ਇਹ ਕਹਿ ਢੇਸਾ ਫੇਰ ਚਰਨਾਂ ਨਾਲ ਲਿਪਟ ਗਿਆ।

ਹੁਣ ਸਤਿਗੁਰਾਂ ਨੇ ਸਿਰ ਤੇ ਪਿਆਰ ਦਿੱਤਾ ਤੇ ਆਖਿਆ: ਢੇਸਿਆ! ਤੈਨੂੰ ਨਾਮ ਦੀ ਦਾਤ ਧੁਰੋਂ ਹੋਈ ਹੈ, ਪਰ ਵੇਖ! ਇਹ ਦਾਤ ਅਜਰ ਵਸਤੂ ਹੈ, ਇਸ ਨੂੰ ਜਰਨਾ ਕਠਨ ਹੈ ਤੇ ਵੇਖੀਂ ਇਹ ਗੁਆ ਨਾ ਬੈਠੀਂ!

ਸਾਈਂਦਾਸ ਵੱਲ-

ਸਾਈਂਦਾਸ! ਢੇਸਾ ਨਾਮ-ਧਰੀਕ ਹੋਇਆ ਹੈ, ਇਸ ਤੇ ਮੇਹਰ ਤੇਰੇ ਪਿਆਰ ਦਾ ਸਦਕਾ ਹੋਈ ਹੈ। ਇਸ ਤੇ ਮੇਹਰ ਰੱਖੀਂ, ਸਤਿਸੰਗ ਦੀ ਬਹੁਤ ਲੋੜ ਹੈ। ਇਹ ਪਿਛੋਂ ਤਪ-ਹੀਨ ਹੈ, ਏਥੇ ਸੇਵਾ-ਘਾਲ ਦਾ ਪੱਕਾ ਨਹੀਂ, ਤੂੰ ਇਸ ਨੂੰ ਸੰਭਾਲੇਂਗਾ ਤਾਂ ਜੋ ਨਾਮ ਇਸ ਨੂੰ ਪ੍ਰਾਪਤ ਹੋਇਆ ਹੈ, ਇਹ ਮਨ ਦੀ ਸੂਖਮ ਮੈਲ ਨੂੰ ਕੱਟੇਗਾ, ਨਾਲੇ ਅੰਮ੍ਰਿਤ ਰੂਪ ਹੋ ਕੇ ਇਸ ਨੂੰ ਰਸ ਵਿਚ ਤੇ ਲਿਵ ਵਿਚ ਲੈ ਜਾਵੇਗਾ। ਹਾਲੇ ਜੋ ਰਸ ਇਸ ਨੂੰ ਪਿਆ ਹੈ ਉਹ ਰਾਸ ਪਾ ਦਿੱਤੀ ਹੈ। ਇਸ ਦੇ ਵਣਜ ਵਪਾਰ ਦਾ ਧਿਆਨ ਰਖੀਂ, ਤਾਂ ਜੋ ਆਪਣੀ ਰਾਸ ਵਾਲਾ ਹੋ ਜਾਵੇ। ਇਹ ਕਹਿ ਸਤਿਗੁਰਾਂ ਨੇ ਢੇਸੇ ਨੂੰ ਵਿਦਾ ਕੀਤਾ।

ਇਹ ਸੀ ਵਿਥਿਆ ਜੋ ਸਤਿਗੁਰ ਜੀ ਦੇ ਟੁਰਨ ਤੋਂ ਪਹਿਲਾਂ ਢੇਸੇ ਨਾਲ ਵਾਪਰ ਚੁੱਕੀ ਸੀ। ਸਤਿਗੁਰ ਜੀ ਹੁਣ ਅੰਮ੍ਰਿਤਸਰ ਸਨ, ਪਿਛੇ ਸਾਈਂ ਦਾਸ ਸੀ, ਸਤਿਸੰਗ ਸੀ ਤੇ ਵਾਹਿਗੁਰੂ ਦੇ ਦੇਸ਼ ਮੰਡਲ ਦਾ ਕੰਮ ਜਾਰੀ ਸੀ।


www.sikhbookclub.com

# ੩੯. ਭਾਈ ਗੜ੍ਹੀਆ ਜੀ

## -ਗੁਰੂ ਸੇਵਾ ਦਾ ਇਕ ਆਦਰਸ਼-

## ਮੈਨੂੰ ਪਹੁੰਚਾਓ

### ੧. ਗੁਰਦੁਆਰੇ ਤੋਂ ਬਾਹਰ ਸੜਕ ਤੇ

ਬਿਪ੍ਰ-ਭਾਈ ਗੜ੍ਹੀਆ, ਕਿੱਧਰ ਦੇ ਤਜਾਰੇ ਹਨ?

ਗੜ੍ਹੀਆ-ਕਸ਼ਮੀਰ ਚੱਲੇ ਹਾਂ।

ਬਿਪ੍ਰ-ਸੁੱਖ ਤਾਂ ਹੈ?

ਗੜ੍ਹੀਆ-ਮੀਰੀ ਪੀਰੀ ਦੇ ਮਾਲਕ ਨੇ ਆਗਜਾ ਕੀਤੀ ਹੈ ਕਿ ਜਾ ਕੇ ਓਥੋਂ ਦਰਬ ਲਿਆਓ ਤੇ ਮੈਨੂੰ ਪਹੁੰਚਾਓ।

ਬਿਪ੍ਰ-ਬੜੇ ਸੁਭਾਗ ਹੋ, ਜੋ ਸਤਿਗੁਰ ਜੀ ਦੀ ਸੇਵਾ ਪਰ ਚੱਲੇ ਹੋ।

ਗੜ੍ਹੀਆ-ਇਸ ਵਿਚ ਸੰਸਾ ਨਹੀਂ, ਪਰ ਕਾਰ ਕਠਨ ਹੈ, ਵਾਹਿਗੁਰੂ ਨਿਬਾਹਵੇ।

ਬਿਪ੍ਰ-ਤੁਸਾਂ ਲਈ ਕਠਨ ਨਹੀਂ, ਤੁਸਾਂ ਮੋਹ ਮਾਯਾ ਦਾ ਲੇਪ ਚੁਕਾ ਦਿੱਤਾ ਹੈ, ਨਿਰੰਤਰ ਸਿਮਰਨ ਵਿਚ ਵਸਦੇ ਹੋ, ਗੁਰਬਾਣੀ ਦੇ ਰਸਿਕ ਹੋ, ਪਾਠ ਕਰਦੇ ਹੋ ਤਾਂ ਮਾਨੋਂ ਦਰਜਾ ਸੁਣਨ ਵਾਸਤੇ ਖੜੋ ਜਾਂਦੇ ਹਨ। ਮੁਰਗਾਈ ਨੂੰ ਹੜ ਦਾ ਕੀ ਡਰ ਹੈ, ਦਿਨ ਰਾਤ ਸਿਮਰਣ ਦੀਆਂ ਤਾਰੀਆਂ ਵਾਲੇ ਨੂੰ ਮਾਯਾ ਕਾਂਗ ਦਾ ਕੀ ਭੈ?

ਗੜ੍ਹੀਆ-ਮੈਂ ਤਾਂ ਗੁਰੂ ਕੇ ਕੂਕਰਾਂ ਦਾ ਕੂਕਰ ਹੋਣ ਜੋਗਾ ਭੀ ਨਹੀਂ, ਬਿਪ੍ਰ ਜੀ! ਜਿਸਦੀ ਸਾਈਂ ਰੱਖੇ ਉਸਦੀ ਰਹਿੰਦੀ ਏ।

ਬਿਪ੍ਰ-ਤੁਸਾਡਾ ਵਾਹਿਗੁਰੂ ਰਾਖਾ, ਕਦ ਟੁਰੋਗੇ?

ਗੜ੍ਹੀਆ-ਕਦ ਟੁਰੋਗੇ? ਮੈਂ ਤਾਂ ਟੁਰਿਆ ਜਾ ਰਿਹਾ ਹਾਂ।

ਬਿਪ੍ਰ-ਕਿਸੇ ਨਾਲ ਗੱਲ ਬਾਤ, ਘਰ ਦਿਆਂ ਨੂੰ ਸੁਨੇਹਾ ਪੱਤਾ, ਮਿੱਤ੍ਰ ਪਿਆਰੇ, ਕਿਸੇ ਤੋਂ ਵਿਦਾ ਵਿਦੈਗੀ?

ਗੜ੍ਹੀਆ-ਸਭ ਕੁਛ ਹੋ ਲਿਆ, ਜਦ ਮਨ ਪਿਆਰੇ ਦੀ ਸੇਵਾ ਵਿਚ ਲੱਗ ਪਿਆ ਤਾਂ ਗੁਰਦੇਵ ਮਾਤਾ ਗੁਰਦੇਵ ਪਿਤਾ................

ਬਿਪ੍ਰ-ਧੰਨ ਸਿੱਖੀ, ਧੰਨ ਸਿਦਕ।

### ੨. ਗੁਜਰਾਤ ਦੇ ਇਕ ਤਕੀਏ ਵਿੱਚ

ਦੌਲਾ-ਸਾਈਂ ਜੀ! ਸਭ ਕੁਛ ਕੀਤਾ ਪਰ ਇਕ 'ਟਿਕਾਉ', ਅੰਦਰ ਦਾ 'ਟਿਕਾਉ' ਹਿਲਾਉ ਵਿਚ ਹੀ ਰਹਿੰਦਾ ਹੈ।

ਮੌਲਾ-ਸਾਈਂ ਜੀ! ਆਪ ਹਿਲਾਉ ਵਿਚ? ਸਾਰੇ ਗੁਜਰਾਤ ਵਿਚ ਆਪ ਵਰਗਾ ਮੋਮਦਿਲ ਕੋਈ ਨਹੀਂ। ਕਿਸੇ ਨੂੰ ਪੀੜ ਹੋਵੇ ਤੁਸੀਂ ਦਰਦ ਵੰਡਾਂਦੇ ਹੋ, ਕਿਸੇ ਦੀ ਅੱਖ ਦੁਖੇ, ਤੁਸੀਂ ਰਾਤਾਂ ਨਹੀਂ ਸੌਂਦੇ! ਹੁਣ ਕਾਲ ਪਿਆ ਤੁਸਾਂ ਪੁਲ ਬਨਵਾਣਾ ਸ਼ੁਰੂ ਕਰ ਦਿੱਤਾ ਹੈ, ਹਜ਼ਾਰਾਂ ਜੀ ਮਜ਼ੂਰੀ ਕਰਕੇ ਪੇਟ ਭਰ ਰਹੇ ਹਨ। ਫੇਰ ਗੁਪਤ ਪਰਗਟ ਦੇ ਖਜ਼ਾਨੇ ਆਪ ਨੂੰ ਪਤਾ ਹਨ, ਜ਼ਿਮੀਂ ਪੱਟਦੇ ਹੋ ਤਾਂ ਦਰਬ ਕੱਢਦੇ ਤੇ ਗ੍ਰੀਬਾਂ ਦਾ ਭਲਾ ਕਰਦੇ ਹੋ, ਇਤਨੇ ਨੇਕ ਦਯਾਲੂ ਤੇ ਸ਼ਕਤੀਵਾਨ! ਤੁਸੀਂ ਟਿਕਾਉ ਵਿਚ ਨਹੀਂ?

ਦੌਲਾ-ਆਪਣੀ ਮਹਿਮਾ ਆਪ ਕਰਨੀ ਤਾਂ ਮੂਰਖਤਾ ਹੈ, ਪਰ ਸੁਣਨੀ ਭੀ ਸ਼ੋਭਦੀ ਨਹੀਂ। ਮੋਲਿਆ! ਅੰਦਰ ਹਿਲਦਾ ਰਹਿੰਦਾ ਹੈ, ਸੱਚ ਤਾਂ ਇਹੋ ਹੈ।

ਮੌਲਾ-ਸੱਚੀਂ ਮੈਨੂੰ ਚੇਤਾ ਭੁੱਲ ਗਿਆ। ਤੁਸੀਂ ਕਿਹਾ ਕਰਦੇ ਹੋ, ਕੋਈ ਸੰਤ ਆਵੇ ਤਾਂ ਮੈਨੂੰ ਖਬਰ ਜ਼ਰੂਰ ਪਹੁੰਚੇ। ਮੈਂ ਪਰਸੋਂ ਦਾ ਪਿਆ ਚੇਤੇ ਕਰਦਾ ਸਾਂ, ਪਰ ਜਦ ਏਥੇ ਆਉਂਦਾ ਹਾਂ ਤਾਂ ਭੁੱਲ ਭੁੱਲ ਜਾਂਦਾ ਰਿਹਾ ਹਾਂ।

ਦੌਲਾ-ਕਿਉਂ, ਕੋਈ ਅੱਲਾ ਦੀ ਪਜਾਰੀ ਸੂਰਤ ਜਲਵਾਗਰ ਹੋਈ ਹੈ?

ਮੌਲਾ-ਸੂਰਤ ਤੇ ਸੀਰਤ, ਦਿਲ ਤੇ ਦਿਲ ਦੀ ਪੰਘਰ, ਗਲੇ ਦੀ ਖ਼ੁਸ਼-ਇਲਹਾਨੀ ਤੇ ਰਮਜ਼ ਦੀ ਨਿਸ਼ਾਨੀ ਕਮਾਲ ਹਨ।

ਦੌਲਾ-ਕੌਣ ਹਨ?

ਮੌਲਾ-ਹਨ ਤਾਂ ਪਤਾ ਨਹੀਂ ਕੌਣ, ਨਾਮ ਗੜ੍ਹੀਆ ਹੈ, ਕਸ਼ਮੀਰ ਜਾ ਰਹੇ ਹਨ, ਗੁਰ ਨਾਨਕ ਦੇਵ ਜੀ ਦੇ ਛੇਵੇਂ ਗੱਦੀ ਨਸ਼ੀਨ ਦੇ ਮੁਰੀਦ ਹਨ। ਪਰ ਕਮਾਲ ਹੈ, ਬਾਬਾ ਜੀ! ਦਰਸ਼ਨ ਤੇ ਕਮਾਲ! ਗਜ਼ਬ ਹੋਜਾ ਪਿਆ ਹੈ।

ਦੌਲਾ-ਚੱਲ ਬਈ ਸੱਜਨਾਂ ਫੇਰ ਦਰਸ਼ਨ ਕਰੀਏ?

ਮੌਲਾ-ਤੁਸੀਂ ਚੱਲੋ ਟੁਰ ਕੇ? ਆਪ! ਕਮਰੇ ਸ਼ਾਨ (ਹੇਠੀ)....................

ਦੌਲਾ-ਜਦ ਕਲੇਜਾ ਸੱਖਣਾ ਹੈ ਤਾਂ ਕਸਰ ਤਾਂ ਅੰਦਰ ਹੈ, ਸ਼ਾਨ ਕਾਹਦੀ, ਭੁੱਖ ਤੇ ਮੰਗਣ ਵਿਚ ਲਾਜ? ਚੱਲ ਯਾਰਾ, ਲੈ ਚੱਲ।

ਮੌਲਾ-ਸੁਬਹਾਨ, ਆਓ ਸਿਰ ਮੱਥੇ ਤੇ।

ਦੋਵੇਂ ਸ਼ਹਿਰ ਗੁਜਰਾਤ ਨੂੰ ਚਲੇ ਗਏ।

## ੩. ਧਰਮਸਾਲ

**ਧਰਮਸਾਲ** ਵਿਚ ਕੀਰਤਨ ਹੋ ਰਿਹਾ ਸੀ, ਦੌਲਾ ਫਕੀਰ ਤੇ ਮੌਲਾ ਨਾਨਬਾਈ ਪੁੱਜ ਕੇ ਦਲ੍ਹੀਜ਼ਾਂ ਤੋਂ ਬਾਹਰ ਬੈਠ ਗਏ।

ਮੌਲਾ-ਦੇਖੋ ਖੁਸ਼-ਇਲਹਾਨੀ, ਕੈਸਾ ਗਲਾ ਹੈ? ਹੈ ਨਾ ਬੁਲਬੁਲ ਕਿ ਕੋਇਲ? ਨਹੀਂ; ਫਰਿਸ਼ਤਾ ਹੈ।

 www.sikhbookclub.com

ਦੌਲਾ-ਬੋਲ ਨਾ, ਸੁਣ! ਸੁਣ ਨਾ, ਗਰਕ ਹੋ! ਗਿਣਨ ਦਾ ਵੇਲਾ ਨਹੀਂ, ਸੁਣ ਤੇ ਜੁੜ।

ਮੌਲਾ-ਜਿਵੇਂ ਰਜ਼ਾ।

ਦੋਵੇਂ ਚੁੱਪ ਹੋ ਗਏ ਤੇ ਨੈਣ ਮੁੰਦ ਗਏ।

ਜਦ ਅੰਦਰ ਭੋਗ ਪਿਆ, ਸੰਗਤ ਬਾਹਰ ਆਈ ਤਾਂ ਟੋਡਾ ਦੇਖ ਕੇ ਬੋਲਿਆ:-

ਸਾਈਂ ਦੌਲਾ! ਤੁਸੀਂ ਏਥੇ, ਹੈਂ, ਅੰਦਰ ਕਿਉਂ ਨਾ ਲੰਘ ਆਏ?

ਮੌਲਾ-ਜਾਣਦੇ ਹੀ ਹੋ ਨਾ, ਮੁਸਲਮਾਨੀ ਕਰਕੇ ਜਚ ਗਏ, ਮਤਾਂ ਤੁਸੀਂ ਅੰਦਰ ਆਯਾਂ ਬੁਰਾ ਮੰਨਾਂਦੇ।

ਟੋਡਾ-ਸਾਈਂ ਦੇ ਸਾਰੇ ਬੰਦੇ, ਗੁਰ ਨਾਨਕ ਦੇ ਸਾਰੇ ਪਿਆਰੇ, ਕਰਨੀ ਪਰਵਾਨ, ਕੀ ਹਿੰਦੂ ਕੀ ਮੁਸਲਮਾਨ।

ਸਾਈਂ ਜੀ! ਰਸਤੇ ਲੰਘਦੇ ਜਾਂਦੇ ਏਥੇ ਬੈਠ ਗਏ ਕਿ ਉਚੇਚੇ ਆਏ?

ਦੌਲਾ-ਮੌਲੇ ਨੇ ਕਿਹਾ ਕੋਈ ਹੰਸ ਆਯਾ ਹੈ, ਸੋਹਣਾ ਭੀ ਹੈ, ਸਜ਼ਾਦਾ ਭੀ ਹੈ, ਗਾਂਦਾ ਭੀ ਹੈ, ਮਨ ਪਰਚਾਂਦਾ ਭੀ ਹੈ, ਫਿਰ ਸਾਨੂੰ ਬੀ ਇਸ਼ਕ ਧ੍ਰੂ ਲਿਆਇਆ। ਦੀਦਾਰ ਦੀ ਤਲਬ ਪਕੜ ਲਿਆਈ, ਹੈਰਤ ਦੀ ਜੰਜੀਰ ਫਕੀਰਾਂ ਨੂੰ ਲਈ ਫਿਰਦੀ ਹੈ।

ਟੋਡਾ-ਫੇਰ ਅੰਦਰ ਆਓ ਨਾ, ਆਪ ਵਿਹੜੇ ਵਿਚ ਬੈਠੇ ਹਨ, ਆਓ ਨਾ, ਮੈਂ ਲੈ ਚਲਾਂ, ਕੋਈ ਡਰ ਨਹੀਂ।

ਤ੍ਰੈਏ ਅੰਦਰ ਚਲੇ ਗਏ।

ਟੋਡਾ-ਸਤਿਕਾਰ ਯੋਗ ਭਾਈ ਸਾਹਿਬ (ਗੜ੍ਹੀਆ ਜੀਓ) ਸਾਈਂ ਦੌਲਾ ਜੀ ਸਾਡੇ ਸ਼ਹਿਰ ਦੇ ਪਰੋਪਕਾਰੀ ਤੇ ਮੋਮਦਿਲ ਵਾਲੇ ਆਪ ਦੇ ਦਰਸ਼ਨਾਂ ਨੂੰ ਆਏ ਹਨ।

ਗੜ੍ਹੀਆ-(ਉੱਠ ਕੇ ਤੇ ਆਦਰ ਨਾਲ ਅੱਗੋਂ ਲੈ ਕੇ) ਆਓ ਜੀ, ਜੀ ਆਯਾਂ ਨੂੰ, ਗੁਰ ਨਾਨਕ ਦੇਵ ਦੀ ਜੈ, ਜੀ ਆਯਾਂ ਨੂੰ।

ਗੜ੍ਹੀਏ ਨੇ ਆਦਰ ਨਾਲ ਬਿਠਾ ਲਏ।

ਦੌਲਾ-ਆਪ ਪ੍ਰਸੰਨ ਹੋ? ਹਾਂ ਠੀਕ ਹੈ, ਗੁਰੂ ਨਾਨਕ ਦੇ ਹੋ?

ਗੜ੍ਹੀਆ-ਜੀ ਗੁਰ ਨਾਨਕ ਦੇ ਨਾਮ ਲੇਵਾ ਤੇ ਉਸੇ ਪ੍ਰਸੰਨ-ਬਦਨ ਦੇ ਦਾਸ ਹੋਣ ਕਰਕੇ ਪ੍ਰਸੰਨ। ਆਪ ਅੱਛੇ ਹੋ?

ਦੌਲਾ-ਅੱਛੇ ਹੀ ਹਾਂ, ਅੱਛਾ ਕਰਦੇ ਭੀ ਹਾਂ ਪਰ ਕੋਈ ਅੰਦਰ ਟਿਕਵੀਂ ਅਛਜਾਈ ਨਹੀਂ ਮਿਲੀ।

ਗੜ੍ਹੀਆ-ਬਾਹਰ ਕਾਰ ਕਰਦਿਆਂ ਜੇ ਅੰਦਰ ਝਾਤੀ ਪਵੇ ਤਾਂ ਟਿਕੇ।

ਦੌਲਾ-ਕਿਵੇਂ?

 www.sikhbookclub.com

ਗੜ੍ਹੀਆ-(ਗਾਉ ਕੇ)

"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥"

{ਗਉੜੀ ਸੁਖਮਨੀ ਮ: ੫, ਪੰਨਾ ੨੬੨}

ਦੌਲਾ-(ਵਜਦ ਵਿਚ ਆ ਕੇ) ਵਾਹ ਵਾਹ! ਕਮਾਲ ਹੈ, ਹਾਂ ਜੀ-

"ਹਾਸਲ ਭਾ ਮਕਸੂਦ ਹਮਾਰਾ"

ਗੜ੍ਹੀਆ ਜੀ ਕਿਸੇ ਰੰਗ ਵਿਚ ਆ ਗਏ ਤੇ ਸੁਖਮਨੀ ਦਾ ਪਾਠ ਕਿਸੇ ਪਰਮ ਪ੍ਰੇਮ ਵਿਚ ਕਰਨ ਲਗ ਪਏ। ਭੋਗ ਪੈ ਗਿਆ ਤਾਂ ਨੈਣ ਖੋਲ੍ਹੇ ਤੇ ਬੋਲੇ-

ਗੜ੍ਹੀਆ-ਧੰਨ ਹੈ ਦੌਲਾ ਜੀ, ਜਿਨ੍ਹਾਂ ਨੂੰ ਐਉਂ ਨਾਮ ਵਿਚ ਲਿਵ ਪ੍ਰਾਪਤ ਹੋਈ! ਧੰਨ ਸਤਿਗੁਰ ਦਾਤਾ, ਮੀਰੀ ਪੀਰੀ ਦਾ ਮਾਲਕ!!

## ੪. ਕਸ਼ਮੀਰ ਦੀ ਸੜਕ

**ਗੁਜਰਾਤ** ਤੋਂ ਕਸ਼ਮੀਰ ਦੀ ਸੜਕ ਗੜ੍ਹੀਆ ਜੀ ਜਾ ਰਹੇ ਹਨ, ਸੰਗਤ ਵਿਦਾ ਹੋ ਗਈ ਹੈ ਤੇ ਦੌਲਾ ਜੀ ਨਾਲ ਨਾਲ ਅਜੇ ਹੋਰ ਅੱਗੇ ਅਪੜਾਵਨ ਜਾ ਰਹੇ ਹਨ!

ਦੌਲਾ-ਗੁਰ ਨਾਨਕ ਦੇਵ ਦੇ ਤਾਰੇ ਜੀ! ਕਦ ਤਕ ਮੁਹਾੜਾਂ ਮੋੜੋਗੇ?

ਗੜ੍ਹੀਆ-ਜਦ ਸੇਵਾ ਹੋ ਚੁਕੀ।

ਦੌਲਾ-ਕੋਈ ਇਕ ਦੋ ਮਹੀਨੇ ਤਕ?

ਗੜ੍ਹੀਆ-ਜਿੰਨੀ ਛੇਤੀ ਹੋ ਸਕਿਆ।

ਦੌਲਾ-ਫੇਰ ਇਧਰੋਂ ਮਿਹਰ ਕਰੋਗੇ ਕਿ ਜੰਮੂ ਦੇ ਰਸਤੇ?

ਗੜ੍ਹੀਆ-ਜਿਵੇਂ ਤੁਸੀਂ ਰਾਜ਼ੀ।

ਦੌਲਾ-ਏਧਰ ਦੀ ਮਿਹਰ ਕਰਨੀ।

ਗੜ੍ਹੀਆ-ਸਤਿ ਬਚਨ, ਪਰ ਜੋ ਮਾਲਕ ਕਰੇ।

ਦੋਵੇਂ ਚੁਪ ਹੋ ਗਏ ਤੇ ਦੌਲਾ ਸੋਚੀਂ ਪੈ ਗਿਆ। ਇਹ ਗੁਰ ਨਾਨਕ ਦੇ ਘਰ ਦੇ ਰਸੀਦਾ ਫਕੀਰ ਤੇ ਪੈਰੀਂ ਜੁੱਤੀ ਟੁਟੀ ਹੋਈ ਹੈ, ਰੇਤ ਨਾਲ ਭਰ ਭਰ ਜਾਂਦੀ ਹੈ, ਤੁਰਨ ਵਿਚ ਔਖ ਪਾ ਰਹੀ ਹੈ। ਕੈਸੇ ਗੁਣੀ ਲੋਕ ਹਨ। ਕਾਸ਼! ਕੋਈ ਕਰਾਮਾਤ ਇਨ੍ਹਾਂ ਪਾਸ ਹੁੰਦੀ ਤਾਂ ਦੌਲਤ ਭੀ ਖੁੱਲ੍ਹੀ ਉਡਾ ਸਕਦੇ। ਮ਼ੇਰੇ ਤੇ ਇਨ੍ਹਾਂ ਨੇ ਕਮਾਲ ਮਿਹਰ ਕੀਤੀ ਹੈ, ਨਾਮ ਵਿਚ ਨਿਵਾਸ ਦਿਤਾ ਹੈ। ਮੈਂ ਇਨ੍ਹਾਂ ਨੂੰ ਗੁਪਤ ਖਜ਼ਾਨੇ ਲੱਭ ਲੈਣ ਦੀ ਤਾਕਤ ਕਿਉਂ ਨਾ ਦੇ ਦਿਆਂ? ਜੋ ਆਪਣੇ ਨਿਰਬਾਹ ਵੇਲੇ ਔਖੇ ਨਾ ਹੋਜਾ ਕਰਨ। ਗੜ੍ਹੀਏ ਵੱਲ ਤੱਕ ਕੇ:-

ਮਹਾਰਾਜ!

ਗੜ੍ਹੀਆ-ਕਿਉਂ ਸਾਈਂ ਜੀ।

ਦੌਲਾ-ਇਕ ਅਰਜ਼ ਹੈ।

ਗੜ੍ਹੀਆ-ਕਰੀਏ ਹੁਕਮ?

ਦੌਲਾ-ਇਹ ਮਾਯਾ ਭਗਤਾਂ ਦੀ ਦਾਸੀ ਹੈ।

ਗੜ੍ਹੀਆ-ਹਾਂ ਦਾਸੀ ਹੈ। ਤੁਸਾਂ ਤੱਕਣੀ ਹੈ ਤਾਂ ਦੇਖੋ ਨਾ-

ਦੌਲਾ-(ਜ਼ਮੀਨ ਵੱਲ ਤੱਕ ਕੇ ਤੇ ਘਬਰਾ ਕੇ) ਓਹ ਮੇਰੇ ਅੱਲਾ! ਹੈਂ, ਸਾਰੀ ਜ਼ਿਮੀਂ ਹੀ ਸੋਨਾ ਹੈ, ਰੇਤ ਦਾ ਕਿਣਕਾ ਕਿਣਕਾ ਸੋਨਾ ਹੈ। ਸੜਕ ਦਾ ਕੰਕਰ ਕੰਕਰ ਸੁਰਨ ਦਾ ਢੇਲਾ ਹੈ।

ਗੜ੍ਹੀਆ-ਕਿਉਂ ਸਾਈਂ ਜੀ! ਮਾਯਾ ਹੈ ਨਾਂ ਚੇਰੀ।

ਦੌਲਾ-ਸੁਬਹਾਨ।

ਗੜ੍ਹੀਆ-ਪਰ ਫਕੀਰ ਨੂੰ ਲੋੜ ਨਹੀਂ। ਫਕੀਰ ਖੁਸ਼ ਹੈ, ਰਜ਼ਾ ਵਿਚ ਰਾਜ਼ੀ ਹੈ। ਫਕੀਰ ਦੀ ਨਜ਼ਰ! ਹਾਂ ਜੀ, ਸਿੱਖ ਦੀ ਨਜ਼ਰ। ਹਾਂ-

**"ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥"**

{ਗਉੜੀ ਬੈਰਾਗਣਿ ਰਵਿਦਾਸ ਜੀ, ਪੰਨਾ ੩੪੬}

ਸਿੱਧੀ ਨਜ਼ਰ ਰਹੇ ਰੱਬ ਉਤੇ ਤੇ ਹਿੱਲੇ ਨਾ ਕਦੀ ਰੱਬ ਉਤੋਂ। ਬਾਕੀ ਜੀਵਨ ਦਾ ਨਿਰਬਾਹ ਜੀਕੂੰ ਰੱਬ ਕਰੇ ਸੋ ਕਰੇ। ਹੁਣ ਤੁਸੀਂ ਆਪਣੇ ਦਿਲ ਦੇ ਨਾ ਟਿਕਣ ਦਾ ਕਾਰਣ ਵੀਚਾਰੋ ਕਿ ਐਨੇ ਨਰਮ ਦਿਲ ਦਾਨੀ ਹੋ ਕੇ ਦਿਲ ਤੁਸਾਡਾ ਕਿਉਂ ਨਾ ਟਿਕਿਆ? ਜਿਸ ਦਿਲ ਨੇ ਏਕਾਗਰ ਹੋ ਕੇ ਆਪੇ ਵਿਚ ਆ ਕੇ ਆਪੇ ਦਾ ਰਸ ਲੈਣਾ ਸੀ, ਸੋ ਤਾਂ ਜ਼ਿਮੀ ਦੇ ਅੰਦਰ ਦੱਬੇ ਖਜ਼ਾਨਿਆਂ ਨੂੰ ਲੱਭਣ ਤੇ ਲਗ ਪਿਆ, ਕਿਸੇ ਦੇਹ ਨਾਲ ਮਜੂਰੀ ਕਰਕੇ ਦੌਲਤ ਲੱਭੀ, ਕਿਸੇ ਨੇ ਅਕਲ ਨਾਲ ਵਪਾਰ ਕਰਕੇ ਕਮਾਈ, ਕਿਸੇ ਮਨ ਦੀ ਏਕਾਗ੍ਰਤਾ ਨਾਲ ਲੁਕੀ ਛਪੀ ਲੱਭ ਕੇ ਕੱਢ ਆਂਦੀ, ਹੈ ਗੱਲ ਇੱਕੋ। ਮਨ ਮਾਯਾ ਵਿਚ ਹੈ ਤੇ ਮਨ ਹਿਲਾਉ ਵਿਚ ਹੈ, ਤਿੰਨਾਂ ਦੇ ਮਨਾਂ ਨੇ ਕੰਮ ਕੀਤਾ, ਮਾਯਾ ਵੱਲ ਲੱਗੇ, ਤ੍ਰਿਸ਼ਨਾਂ ਵਿਚ ਗਏ। ਸੁੱਖ ਤਾਂ ਤਦ ਹੈ ਜੇ ਮਨ ਟਿਕ ਕੇ ਆਪੇ ਵਿਚ ਆਵੇ ਤੇ ਰਜ਼ਾ ਸਮਝੇ ਤੇ ਜਦ ਰਜ਼ਾ ਵਿਚ ਆਵੇ ਤਾਂ ਏਕਾਗ੍ਰਤਾ ਆਪਣੇ ਸਰੂਪ ਦਾ ਰਸ ਦੇਵੇ।

ਦੌਲਾ-(ਪੈਰੀਂ ਪੈ ਕੇ) ਸੱਚ ਕਿਹਾ ਨੇ। ਠੰਡ ਤਾਂ ਪੈ ਗਈ ਸੀ, ਪਰ ਸੋਝੀ ਹੁਣ ਆ ਪਈ ਹੈ। ਛੌੜ ਕੱਟ ਦਿੱਤੇ ਨੇ। ਹੁਣ ਇਹਾ ਅਰਜ਼ੋਈ ਹੈ ਕਿ ਮੁੜਦੇ ਹੋਏ ਜ਼ਰੂਰ ਦਰਸ਼ਨ ਦੇਣੇ।

ਗੜ੍ਹੀਆ-ਜਿਵੇਂ ਰਜ਼ਾ ਹੋਸੀ, ਹੋ ਜਾਸੀ। ਇਹ ਕਹਿ ਗੜ੍ਹੀਆ ਜੀ ਕਸ਼ਮੀਰ ਵੱਲ ਗਏ ਤੇ ਦੌਲਾ ਜੀ ਗੁਜਰਾਤ ਮੁੜੇ।

## ੫. ਕਸ਼ਮੀਰ

ਇਕ ਸਿੱਖ-ਮੀਰੀ ਪੀਰੀ ਦੇ ਮਾਲਕ ਦਾ ਪਿਆਰਾ ਭਾਈ ਗੜ੍ਹੀਆ ਆਯਾ ਹੈ।

ਦੂਜਾ ਸਿੱਖ-ਕਿੱਥੇ ਹੈ?

ਪਹਿਲਾ ਸਿੱਖ-ਗੁਰਦੁਆਰੇ ਉਤਰਿਆ ਹੈ।

ਦੂਜਾ ਸਿੱਖ-ਗੁਰਦੁਆਰਾ ਤਾਂ ਅਜੇ ਉੱਸਰ ਰਿਹਾ ਹੈ? ਗੁਰੂ ਪਿਆਰੇ ਨੂੰ ਖੇਚਲ ਨਾ ਹੋਵੇ, ਥਾਂ ਬੜਾ ਥੋੜਾ ਹੈ।

ਪਹਿਲਾ ਸਿੱਖ-ਠੀਕ ਹੈ, ਪਰ 'ਤਿੱਖੇ ਤਿੰਨ ਨ ਮੇਉਂਦੇ ਛੱਪਰ ਚਾਲੀ ਹੱਥ, ਗੁਰਮੁਖ ਐਨੇਂ ਮੇਉਂਦੇ ਜਿੰਨੇ ਛੱਪਰ ਕੱਖ'।

ਦੂਜਾ-ਸੱਚ ਹੈ, ਪਰ ਸੁੱਖ, ਆਰਾਮ, ਸੇਵਾ?

ਪਹਿਲਾ-ਦਿਲ ਦੀ ਪ੍ਰੀਤ ਚਾਹੀਏ, ਭਾਉ ਹੋਵੇ, ਫੇਰ ਜੋ ਸਰ ਆਵੇ ਗੁਰਸਿੱਖਾਂ ਨੂੰ ਪ੍ਰਸੰਨ ਕਰ ਦੇਂਦਾ ਹੈ।

ਦੂਜਾ-ਬਈ ਗੁਰਦੁਆਰਾ ਮਸਤਾਨਾ ਹੈ ਚਿਰਾਂ ਤੋਂ, ਸਾਨੂੰ ਪੱਕਾ ਤੇ ਸੁਹਾਣਾ ਰਚਣਾ ਚਾਹੀਏ।

ਪਹਿਲਾ-ਉੱਦਮ ਹੋ ਰਿਹਾ ਹੈ ਤੇ ਗੁਰੂ ਭਾਵੇਂ ਤਾਂ ਹੋ ਜਾਸੀ। ਪਰ ਉਸ ਤੋਂ ਪਹਿਲਾ ਉੱਦਮ ਪਦਾਰਥ ਦਾ ਹੈ, ਜਿਸਦੇ ਲੈਣ ਵਾਸਤੇ ਗੜ੍ਹੀਆ ਆਇਆ ਹੈ।

ਦੂਜਾ-ਸਤਿਗੁਰ ਸੱਚੇ ਪਾਤਸ਼ਾਹ ਹਨ, ਦਸਵੰਧ ਸਾਡੇ ਘਰਾਂ ਵਿਚ ਕੱਠੇ ਹੋਏ ਪਏ ਹਨ, ਪਰ ਕੋਈ ਖਾਸ ਲੋੜ ਹੈ?

ਪਹਿਲਾ-ਜਗਤ ਦੀਆਂ ਲੋੜਾਂ ਪੂਰਨਹਾਰ ਨੂੰ ਲੋੜ ਕਿਉਂ ਹੋਵੇ? ਸਾਡਾ ਹੀ ਕੋਈ ਭਲਾ ਕਰਨਾ ਹੋਊ। ਸੱਚੇ ਪਾਤਸ਼ਾਹ ਨੇ ਜੋ ਅਨਾਥਾਂ ਦੀ ਰਖਜਾ ਦਾ ਕੰਮ ਨਾਲ ਚਾਇਆ ਹੈ, ਉਸ ਲਈ ਫੌਜ, ਘੋੜੇ, ਜੰਗੀ ਸਾਮਾਨ ਦੀ ਲੋੜ ਹੈ ਤੇ ਰੁਪਜਾ ਖਰਚ ਹੁੰਦਾ ਹੈ।

ਦੂਜਾ-ਠੀਕ ਹੈ, ਫੇਰ ਧਨ ਇਕੱਤ੍ਰ ਕਰਕੇ ਗੜ੍ਹੀਆ ਜੀ ਨੂੰ ਛੇਤੀ ਟੋਰਨਾ ਚਾਹੀਏ।

ਪਹਿਲਾ-ਅੱਜ ਤ੍ਰਿਕਾਲਾਂ ਦੇ ਦੀਵਾਨ ਵਿਚ ਆ ਜਾਣਾ।

ਦੂਜਾ-ਦਰਸ਼ਨ ਤਾਂ ਮੈਂ ਹੁਣੇ ਕਰਸਾਂ ਤੇ ਸ਼ਾਮਾਂ ਪਈਆਂ ਫੇਰ ਆ ਜਾਸਾਂ।

## ੬. ਧਰਮਸਾਲ

**ਅਗਲੇ** ਦਿਨ ਸੰਗਤ ਸਾਰੀ ਆ ਜੁੜੀ, ਸੰਗਤ ਦੇ ਮੁਖੀਏ ਨੇ ਭਾਈ ਗੜ੍ਹੀਏ ਦੇ ਅੱਗੇ ਥੈਲੀ ਰੱਖ ਕੇ ਨਾਲ ਕਾਗਤ ਵੇਰਵੇ ਦਾ ਰੱਖ ਦਿੱਤਾ।

ਸੰਗਤ ਦਾ ਮੁਖੀਆ-ਮੀਰੀ ਪੀਰੀ ਦੇ ਮਾਲਕ ਦੇ ਚਰਨਾਂ ਕੰਵਲਾਂ ਦੇ ਭੌਰੇ ਸਾਡੇ ਸਤਿਕਾਰ ਯੋਗ ਜੀ! ਇਹ ਸਤਿਗੁਰ ਦੇ ਬਖਸ਼ੇ ਖਜ਼ਾਨੇ ਵਿਚੋਂ ਉਸ ਮਹਾਨ ਦਾਤੇ ਦੀ ਆਗਿਆ ਮੂਜਬ ਹਾਜ਼ਰ ਹੈ ਤੇ ਨਾਲ ਵੇਰਵੇ ਦਾ ਕਾਗਤ ਹੈ।

ਗੜ੍ਹੀਆ-(ਥੈਲੀ ਉਲਟ ਕੇ ਗਿਣੀ ਤੇ ਫੇਰ ਭਰੀ) ਠੀਕ ਹੈ, ਗਿਣ ਲੀਤੀ ਹੈ।

(ਫੇਰ ਫਹਿਰਿਸਤ ਤੇ ਜੋੜ ਵੇਖ ਕੇ) ਠੀਕ ਹੈ, ਸਾਧ ਸੰਗਤ ਜੀ! ਜ਼ਰਾ ਕਾਗਤ ਕਲਮ ਦੁਆਤ ਇਕ ਮੈਨੂੰ ਭੀ ਦੇਣਾ।

ਮੁਖੀਆ-(ਅਚਰਜ ਹੋ ਕੇ ਤੇ ਕਲਮ ਦਵਾਤ ਅੱਗੇ ਕਰਕੇ) ਲਓ ਮਹਾਰਾਜ! ਪਰ ਆਪ ਕੀਹ ਕਰੋਗੇ?

 www.sikhbookclub.com

ਗੜ੍ਹੀਆ-ਦੱਸਦਾ ਹਾਂ।

ਭਾਈ ਗੜ੍ਹੀਆ ਜੀ ਨੇ ਕਾਗਤ ਤੇ ਕੁਛ ਲਿਖ ਕੇ ਮੁਖੀਏ ਦੇ ਹੱਥ ਦਿੱਤਾ।

ਮੁਖੀਆ-ਵਾਹਿਗੁਰੂ, ਵਾਹਿਗੁਰੂ, ਆਪ ਨੇ ਰਸੀਦ ਕਿਉਂ ਲਿਖੀ ਹੈ, ਇਹ ਕੋਈ ਕਾਰ-ਵਿਹਾਰ ਹੈ ਕਿ ਰਸੀਦਾਂ ਦੀ ਲੋੜ ਹੈ, ਤੇ ਆਪ ਕੋਈ ਓਪਰੇ ਹੋ ਕਿ ਅਸੀਂ ਆਪ ਤੋਂ ਰਸੀਦਾਂ ਲਵੀਏ? (ਕਾਗਜ਼ ਰਸੀਦ ਵਾਲਾ ਗੜ੍ਹੀਏ ਦੇ ਚਰਨਾਂ ਵਿੱਚ ਰੱਖਕੇ) ਅਸਾਂ ਨਹੀਂ ਬੇਅਦਬੀ ਕਰਨੀ।

ਗੜ੍ਹੀਆ-ਨਹੀਂ ਨਹੀਂ, ਇਸ ਵਿਚ ਕੋਈ ਡਰ ਨਹੀਂ, ਨਾ ਬੇਅਦਬੀ ਹੈ, ਨਾ ਬੇ-ਇਤਬਾਰੀ। ਇਹ ਸੁੱਚਾ ਤ੍ਰੀਕਾ ਹੈ, ਨਾ ਦੇਂਦਾ ਭੁੱਲੇ, ਨਾ ਲੈਂਦਾ ਭੁੱਲੇ। ਹਿਸਾਬ ਸਾਫ ਤੇ ਦਿਲ ਸਾਫ, ਫੇਰ ਤ੍ਰੀਕਾ ਸਾਫ।

ਮੁਖੀਆ-ਨਹੀਂ ਜੀ, ਅਸੀਂ ਇਹ ਗੱਲ ਨਹੀਂ ਕਰਨੀ, ਹੋਜਾ ਸਭ ਕੁਛ ਗੁਰੂ ਦਾ ਤੇ ਗੁਰੂ ਕਿਆਂ ਤੋਂ ਰਸੀਦ।

ਗੜ੍ਹੀਆ-ਨਹੀਂ, ਮੈਂ ਰਸੀਦ ਜ਼ਰੂਰ ਦੇਣੀ ਹੈ, ਇਸ ਵਿੱਚ ਮੇਰੀ ਸੁਰਖਰੋਈ ਹੈ। ਮੈਂ ਮਾਲਕ ਦਾ ਚਾਕਰ ਹਾਂ ਤੇ ਚਾਕਰੀ 'ਤਰਲਾ' ਹੈ ਕਿ ਸਤਿਗੁਰ ਨਿਬਾਹ ਦੇਵੇ ਤੇ ਮੇਰੀ ਰਹਿ ਬਣ ਆਵੇ।

ਸਾਰੀ ਸੰਗਤ-ਨਹੀਂ ਮਹਾਰਾਜ! ਤੁਸੀਂ ਤਰਸ ਕਰੋ ਤੇ ਸਾਨੂੰ ਪਾਪੋਂ ਭਾਰੇ ਨਾ ਕਰੋ।

ਗੜ੍ਹੀਆ-ਸੰਗਤ ਦਾ ਹੁਕਮ ਸਿਰ ਮੱਥੇ ਤੇ ਹੈ, ਪਰ ਮੇਰੀ ਖੁਸ਼ੀ ਤੇ ਸੁਰਖਰੋਈ ਏਸ ਦੇ ਦੇਣ ਵਿਚ ਹੀ ਹੈ, ਜੇ ਪਰਵਾਨ ਕਰ ਲਵੋ ਤਾਂ ਦਿਆਲਤਾ ਹੈ। ਇਕ ਮੰਗ ਹੈ, ਜੋ ਸੰਗਤ ਦੇ ਘਰ ਕੀ ਪਰਵਾਹ ਹੈ।

ਸੰਗਤ-(ਜਲ ਭਰੇ ਨੈਣਾਂ ਨਾਲ) ਧੰਨ ਸਿੱਖੀ, ਸੱਤ ਬਚਨ! ਆਪ ਦੀ ਪ੍ਰਸੰਨਤਾ ਸਾਡੀ ਖੁਸ਼ੀ ਹੈ, ਜਿਵੇਂ ਰਜ਼ਾ।

ਇਸ ਤੋਂ ਬਾਦ ਭਾਈ ਗੜ੍ਹੀਆ ਜੀ ਰੁਪਜਾ ਸੰਭਾਲ ਕੇ ਬਾਜ਼ਾਰ ਚਲੇ ਗਏ।

## ੭. ਕਸ਼ਮੀਰ-ਡਲ ਦਾ ਕਿਨਾਰਾ

### ਭਾਈ ਗੜ੍ਹੀਆ ਤੇ ਇਕ ਪੁਣਛ ਦਾ ਬ੍ਰਾਹਮਣ ਜਾਤੀ ਤੋਂ ਬਣਿਆ ਸਿੱਖ

ਗੜ੍ਹੀਆ-ਹੱਛਾ! ਕਸ਼ਮੀਰ ਦੇ ਲੋਕ ਬੜੇ ਗਰੀਬ ਹਨ?

ਸਿੱਖ-ਅਮੀਰੀ ਬੀ ਹੈ ਪਰ ਨਾਲ ਬੜੀ ਗਰੀਬੀ ਹੈ। ਏਥੇ ਵਪਾਰ ਘੱਟ ਹੈ ਤੇ ਹਾਕਮ ਬੜੇ ਜਬਰ ਕਰਦੇ ਹਨ: ਵਗਾਰਾਂ, ਪਾਤਸ਼ਾਹਾਂ ਦੀਆਂ ਬੁੱਤੀਆਂ ਹੀ ਸਦਾ ਰਹਿੰਦੀਆਂ ਹਨ, ਤੇ ਐਤਕੀ ਕਾਲ ਸਮਾਂ ਹੈ।

ਗੜ੍ਹੀਆ-ਫੇਰ ਮੈਨੂੰ ਸਿੱਖਾਂ ਨੇ ਕਾਰ ਭੇਟ ਦੀ ਚੋਖੀ ਰਕਮ ਕਿੱਥੋਂ ਦੇ ਦਿੱਤੀ ਹੈ?

ਸਿੱਖ-ਇਹ ਤਾਂ ਸਰਦੇ ਪੁਜਦੇ ਵਾਲੇ ਸਿਖਾਂ ਦੇ ਦਸਵੰਧ ਹਨ ਨਾ, ਤੇ ਇਸ ਸਾਲ ਏਥੇ ਗਿਰਾਵਾਂ ਵਿਚ ਬਹੁਤ ਲੋਕ ਸਿੱਖ ਸਜੇ ਹਨ ਜੋ ਬੜੇ ਗਰੀਬ ਹਨ ਤੇ ਕਾਲ ਪੀੜਤ ਹਨ। ਉਹਨਾਂ ਦੀ ਮਜ਼ੂਰੀ

ਪੇਟ ਭਰਨ ਜੋਗੀ ਭੀ ਨਹੀਂ ਹੁੰਦੀ। ਉਹ ਲੋਕ ਬੜੇ ਸ਼ੋਕ ਵਿੱਚ ਹਨ ਕਿ ਸਤਿਗੁਰ ਦੇ ਚਰਨਾਂ ਵਿਚ ਉਹਨਾਂ ਵਲੋਂ ਕੁਛ ਨਹੀਂ ਅੱਪੜਨਾ।

ਗੜ੍ਹੀਆ-ਧੰਨ ਪਿਆਰ ਤੇ ਸਿੱਖੀ ਹੈ, ਪਰ ਸੱਜਣ ਜੀ! ਓਹ ਜੋ ਮੀਰੀ ਪੀਰੀ ਦਾ ਮਾਲਕ ਹੈ, ਤੁਹਾਨੂੰ ਪਤਾ ਹੈ ਉਹ ਮਨੁਖ ਤਾਂ ਨਹੀਂ, ਉਸਦੇ ਮੱਥੇ ਪਰ ਤਾਂ ਅਰਸ਼ਾਂ ਦੀ ਸ਼ਹਜ਼ਾਦਗੀ ਹੈ। ਓਹ ਦਾਤਾ ਹੈ ਲੇਵਾ ਤਾਂ ਨਹੀਂ, ਓਹ ਪਾਲਕ ਹੈ ਕੁਛ ਖੋਹਣਹਾਰ ਨਹੀਂ, ਇਹ ਤਾਂ ਇਕ ਚੋਜ ਹਨ, ਫਿਕਰ ਦੀ ਗੱਲ ਨਹੀਂ, ਗੁਰੂ ਭਲੀ ਕਰੇਗਾ।

## ੮. ਧਰਮਸਾਲਾ ਦਾ ਬਾਹਰਲਾ ਦਲਾਨ

**ਦੁਪਹਿਰਾਂ** ਦਾ ਵੇਲਾ, ਲੰਗਰ ਵੰਡੀਜ ਰਿਹਾ ਹੈ ਤੇ ਬੇਗਿਣਤ ਸੰਗਤ ਛਕ ਰਹੀ ਤੇ ਛਕ ਬੀ ਚੁਕੀ ਹੈ ਤੇ ਓਹ ਸੰਗਤ ਘਰੀਂ ਜਾ ਰਹੀ ਹੈ।

ਕਸ਼ਮੀਰੀ ਸਿੱਖ-ਧੰਨ ਸਿੱਖੀ, ਅੱਜ ਭਾਈ ਗੜ੍ਹੀਏ ਨੇ ਔਧੀ ਕਰ ਦਿੱਤੀ ਹੈ, ਕਿਤਨਾ 'ਸੰਗਤ-ਪ੍ਰੇਮ' ਇਹਨਾਂ ਦੇ ਜੀ ਵਿਚ ਹੈ, ਕਿੰਨੇ ਕੋਮਲ ਤੇ ਪਿਆਰ ਵਾਲੇ ਹਨ।

ਪੁਣਛ ਦਾ ਸਿੱਖ-ਸੱਚ ਜਾਣੋਂ, ਮੈਂ ਅੱਜ ਤੀਜੇ ਦਿਨ ਅੰਨ ਖਾਧਾ ਹੈ।

ਕਸ਼ਮੀਰੀ-ਤੇ ਮੈਨੂੰ ਦੂਸਰਾ ਦਿਨ ਹੈ, ਇੰਨੇ ਪੈਸੇ ਮਸਾਂ ਲਿਆਉਂਦਾ ਹਾਂ ਕਿ ਬੱਚੇ ਇੱਕ ਡੰਗ ਅੰਨ ਖਾਂਦੇ ਅਤੇ ਅਸੀਂ ਦੋਵੇਂ ਇੱਕ ਦਿਨ ਖਾਂਦੇ ਤੇ ਇਕ ਦਿਨ ਨਾਗਾ ਕਰਦੇ ਹਾਂ।

ਪੁਣਛੀ-ਦਿਨ ਜੁ ਐਸੇ ਹੀ ਆ ਗਏ, ਕਦੇ ਕਰਤਾਰ ਰੰਗ ਫੇਰੇਗਾ। ਮੇਰਾ ਤਾਂ ਜੀ ਹੈ ਕਿਤੇ (ਬੁੰਨ) ਹੇਠਾਂ ਚਲੇ ਚਲੀਏ।

ਕਸ਼ਮੀਰੀ-ਹੇਠਾਂ ਗਰਮੀ ਬੜੀ ਹੈ।

ਪੁਣਛੀ-ਗਰਮੀ ਨੂੰ ਕੀਹ ਕਰੀਏ, ਪੇਟ ਭਰ ਅੰਨ ਤਾਂ ਮਿਲੇਗਾ।

ਕਸ਼ਮੀਰੀ-ਪਾਤਸ਼ਾਹ ਦਿੱਲੀਓਂ ਆ ਰਿਹਾ ਹੈ।

ਪੁਣਛੀ-ਬਸ ਫੇਰ ਮੋਏ, ਵਗਾਰ ਪੈ ਜਾਊ ਤੇ ਘਰ ਦਿਆਂ ਨੂੰ ਇਕ ਡੰਗੇ ਚੋਲ ਭੀ ਕੌਣ ਦੇਊ?

ਕਸ਼ਮੀਰੀ-ਗੁਰੂ ਰਾਖਾ, ਕੁਛ ਤਾਂ ਉਪਾਉ ਕਰੇ ਹੀ ਗਾ ਨਾ।

ਪੁਣਛੀ-ਵਗਾਰ ਨਹੀਂ ਪੈਣ ਲਗੀ, ਪਾਤਸ਼ਾਹ ਨੂੰ ਪਤਾ ਹੈ ਕਿ ਕਾਲ ਹੈ।

ਕਸ਼ਮੀਰੀ-ਪਾਤਸ਼ਾਹ ਤਾਂ ਨਹੀਂ ਪਾਣ ਲੱਗਾ, ਹੇਠਲੇ ਅਪਰਾਧ ਕਰਦੇ ਹਨ।

ਪੁਣਛੀ-ਫੇਰ?

ਕਸ਼ਮੀਰੀ-ਭਾਈ ਗੜ੍ਹੀਏ ਨੇ ਲੌਢੇ ਪਹਿਰ ਮਟਨ ਸਾਹਬ ਸੱਦਿਆ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ, ਓਥੇ ਸੰਗਤ ਦਾ ਕੱਠ ਹੈ ਤੇ ਓਥੇ ਹੀ ਉਹਨਾਂ ਨੂੰ ਪੁੱਛਾਂਗੇ।

ਇਸ ਤਰ੍ਹਾਂ ਗੱਲਾਂ ਕਰਦੇ ਸਿੱਖ ਭਾਈ ਗੜ੍ਹੀਏ ਦੇ ਕੀਤੇ ਲੰਗਰ ਤੋਂ ਵਿਦਾ ਹੋ ਰਹੇ ਹਨ।


www.sikhbookclub.com

# ੯. ਮਟਨ ਸਾਹਿਬ ਸੰਗਤ ਜੁੜ ਰਹੀ ਹੈ

ਭਾਈ ਗੜ੍ਹੀਆ-ਪ੍ਰੇਮੀਓ! ਅੱਜ ਸਵੇਰੇ ਸ੍ਰੀ ਮੀਰੀ ਪੀਰੀ ਦੇ ਮਾਲਕ ਗੁਰੂ ਦਾ ਗੁਰਪੁਰਬ ਸੀ, ਉਸ ਉਤਸਵ ਵਿੱਚ ਮਹਾਰਾਜ ਦਾ ਲੰਗਰ ਸੀ, ਤੁਸਾਂ ਸਾਰਿਆਂ ਛਕਿਆ। ਮੈਂ ਸਤਿਗੁਰੂ ਦੇ ਧਿਆਨ ਵਿੱਚ ਲੱਗ ਕੇ ਸਤਿਗੁਰਾਂ ਨੂੰ ਛਕਾਇਆ, ਸੋ ਤੁਸਾਂ ਨਹੀਂ ਛਕਿਆ, ਸਤਿਗੁਰ ਨੇ ਆਪ ਛਕਿਆ।

"ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ"

{ਮਾਝ ਮਹਲਾ ੪, ਪੰਨਾ ੯੪}

ਇਹ ਮੇਰੇ ਸਤਿਗੁਰ ਦਾ ਵਾਕ ਹੈ। ਤੁਸਾਂ ਛਕਿਆ ਤਾਂ ਗੁਰੂ ਨੇ, ਗੁਰੂ ਨੇ ਛਕਿਆ ਤਾਂ ਤੁਸਾਂ ਨੇ। ਹੁਣ ਇਸ ਦਾਸ ਦਾ ਚਿੱਤ ਕਰਦਾ ਹੈ ਕਿ ਜੋ ਤੁਹਾਡੇ ਵਿਚੋਂ ਐਥੇ ਰਹਿੰਦੇ ਹਨ ਤੇ ਅਗਲੀ ਫਸਲ ਤੱਕ ਤੋਟਾ ਦੇਖਦੇ ਹਨ, ਓਹ ਆਓ ਤੇ ਨਿਰਬਾਹ ਜੋਗਾ ਧਨ ਸਤਿਗੁਰ ਦੇ ਖਜ਼ਾਨਿਓਂ ਲੈ ਲਓ।

ਮੇਰੇ ਸਤਿਗੁਰ ਦੇ ਪਜਾਰਿਓ! ਤੁਸੀਂ ਸਿੱਖ ਹੋ, ਸੱਚ ਤੇ ਤੁਸਾਡੀ ਟੇਕ ਹੈ ਤੇ ਨਾਮ ਤੁਹਾਡਾ ਆਸਰਾ ਹੈ, ਜਿਸ ਤਰ੍ਹਾਂ ਬੱਚੇ ਦਾ ਆਸਰਾ ਦੁੱਧ ਹੁੰਦਾ ਹੈ, ਸਰੀਰ ਬੀ ਪਾਲਨਾ ਧਰਮ ਹੈ-

"ਜਪੀਐ ਨਾਮੁ ਅੰਨ ਕੈ ਸਾਦਿ॥"

{ਰਾਗੁ ਗੋਂਡ ਬਾਣੀ ਕਬੀਰ ਜੀਉ ਕੀ, ਪੰਨਾ ੮੭੩}

ਨਾਮ ਜਪੋ, ਕਿਰਤ ਕਰੋ, ਹੋਵੇ ਤਾਂ ਵੰਡ ਛਕੋ। ਸਤਿਗੁਰ ਦੇ ਖਜ਼ਾਨੇ ਅਟੁਟ ਹਨ, ਤੁਹਾਡੇ ਵਿਚੋਂ ਕੋਈ ਭੁੱਖ ਨਾ ਸਹੇ, ਜਿੰਨੀ ਲੋੜ ਹੈ, ਲੈ ਲਓ।

ਇਕ ਸਿੱਖ-ਪਾਤਸ਼ਾਹ! ਆਪ ਦਾ ਦਿੱਤਾ ਸਭ ਕੁਛ ਹੈ, ਅਸਾਂ ਸਤਿਗੁਰਾਂ ਦੀ ਸੇਵਾ ਕਰਨੀ ਹੈ ਕਿ ਸਤਿਗੁਰ ਦੇ ਖਜ਼ਾਨੇ ਤੇ ਭਾਰ ਪਾਣਾ ਹੈ? ਆਪ ਬੜੇ ਦਿਆਲੂ ਹੋ, ਸਾਡਾ ਵੇਲਾ ਲੰਘਦਾ ਜਾਂਦਾ ਹੈ। ਗੁਰੂ ਮੇਹਰ ਕਰੂ, ਫਸਲ ਚੰਗੀ ਹੋ ਪਊ, ਇਹ ਸੀੜ੍ਹੇ ਦੇ ਦਿਨ ਲੰਘ ਜਾਣਗੇ।

ਗੜ੍ਹੀਆ-ਨਹੀਂ ਸਜਣੋਂ! ਗੁਰੂ ਦਾਤਾ ਹੈ ਅਸੀ ਭਿਖਾਰੀ ਹਾਂ, ਮੈਨੂੰ ਸੇਵਾ ਖਜ਼ਾਨੇ ਦੀ ਮਿਲੀ ਹੈ, ਸੋ ਮੈਂ ਠੀਕ ਠੀਕ ਕਰਨੀ ਹੈ। ਮੇਰਾ ਦਿਲ ਸ਼ਾਹਦੀ ਦੇਂਦਾ ਹੈ ਕਿ ਸਤਿਗੁਰ ਇਸ ਵਿੱਚ ਖੁਸ਼ ਹਨ ਕਿ ਉਹਨਾਂ ਦੇ ਬੱਚੇ ਸੁੱਖੀ ਹੋਣ। ਜੇ ਦਾਤਾ ਰੋਜ਼ ਪਾਲਦਾ ਹੈ, ਉਸੇ ਦੀ ਦਾਤ ਸਮਝ ਕੇ ਆਓ, ਜਿੰਨੀ ਜਿੰਨੀ ਫਸਲ ਤਾਈਂ ਲੋੜ ਭਾਸਦੀ ਹੈ, ਲੈ ਲਓ ਤੇ ਮੇਰੀ ਸਤਿਗੁਰ ਦੇ ਦਾਸ ਦੀ ਇਹ ਬੇਨਤੀ ਨਾ ਮੋੜੋ।

ਇਸ ਵੇਲੇ ਦੇ ਪਿਆਰ ਦਾ ਅਚਰਜ ਅਸਰ ਸੀ, ਹਰ ਲੋੜਵੰਦ ਅੱਗੇ ਵਧਦਾ ਸੀ, ਅੱਖਾਂ ਵਿੱਚ ਪਿਆਰ ਤੇ ਸ਼ੁਕਰ ਦਾ ਨੀਰ ਸੀ। ਅੱਗੇ ਭਾਈ ਗੜ੍ਹੀਆ ਜੀ ਨੇ ਇਕ ਸਿਲ ਉਤੇ ਰੁਪਜਾਂ ਦਾ ਢੇਰ ਲਾਯਾ ਹੋਇਆ ਸੀ, ਲੋੜਵੰਦ ਆਪੇ ਲੇਖਾ ਕਰਕੇ, ਜਿੰਨੀ ਲੋੜ ਖਿਆਲ ਕਰਦਾ, ਭਾਈ ਜੀ ਦੇ ਦੇਂਦੇ। ਰੁਪਏ ਲੈ ਕੇ ਲੋੜਵੰਦ ਇਕ ਅਚਰਜ ਪਿਆਰ ਤੇ ਨੈਣਾਂ ਦੀ ਨਰਮੀ ਤੇ ਕੋਮਲਤਾਈ

ਨਾਲ ਭਾਈ ਜੀ ਵਲ ਤੱਕਦਾ ਟੁਰ ਜਾਂਦਾ।

ਗੜ੍ਹੀਆ-ਬੱਸ, ਸਾਰੇ ਭਰਾ ਲੈ ਚੁਕੇ। ਦੇਖੋ ਮਿਤ੍ਰ ਸਤਿਗੁਰ ਦੇ ਅਤੁਟ ਖਜ਼ਾਨੇ, ਅਜੇ ਨਹੀਂ ਜੇ ਧਨ ਮੁੱਕਾ। ਲਓ ਬਾਕੀ ਦੇ ਰੁਪਏ ਥੈਲੀ ਪਾ ਕੇ ਸਾਂਭੀਏ, ਇਹ ਕੱਲ ਸਤਿਗੁਰਾਂ ਨੂੰ ਪਹੁੰਚਾਵਾਂਗੇ।

ਇਹ ਕਹਿ ਕੇ ਰਹਰਾਸਿ ਦਾ ਪਾਠ ਕੀਤਾ, ਸੰਗਤ ਨੇ ਸੁਣਿਆ, ਭੋਗ ਪਾਯਾ ਤੇ ਥੈਲੀ ਚਾ ਕੇ ਭਾਈ ਗੜ੍ਹੀਆ ਜੀ ਅਪਣੇ ਬਿਸ੍ਰਾਮ ਦੇ ਟਿਕਾਣੇ ਅੱਪੜੇ। ਦੂਏ ਦਿਨ ਮੀਰਾਂ ਕੱਦਲ ਤੇ ਹੋਰ ਬਜ਼ਾਰੀਂ ਗਲੀਂ ਫਿਰੇ, ਲੋਕਾਂ ਨੂੰ ਮਿਲ ਮਿਲ, ਗਰੀਬਾਂ ਦੇ ਘਰ ਪੁੱਛ ਪੁੱਛ, ਲੋੜਵੰਦਾਂ ਨੂੰ ਬਿਨਾਂ ਜਾਤ ਜਨਮ ਪੁੱਛੇ ਦੇ, ਜੋ ਸਰਿਆ ਵੰਡ ਆਏ। ਫੇਰ ਭੀ ਥੈਲੀ ਵਿੱਚ ਕੁਛ ਰੁਪਏ ਬਚ ਰਹੇ, ਓਹ ਆਪ ਨੇ ਅਗਲੇ ਦਿਨ ਫੇਰ ਸਾਰੇ ਸ਼ਹਿਰ ਲਈ ਖੁਲ੍ਹਾ ਲੰਗਰ ਕੀਤਾ ਤੇ ਸਭ ਨੂੰ ਛਕਾਯਾ, ਜੋ ਜੀ ਆਯਾ ਲਾਹੇਵੰਦ ਗਿਆ। ਛੇਕੜ ਸਵਾ ਰੁਪੱਜਾ ਥੈਲੀ ਵਿਚ ਰਹਿ ਗਿਆ ਤੇ ਨਾਲ ਫਹਿਰਿਸਤ ਦਸਵੰਧ ਦੇਣ ਵਾਲਿਆਂ ਦੀ ਬਾਕੀ ਰਹਿ ਗਈ। ਇਹ ਗੰਢ ਵਿਚ ਬੰਨ੍ਹ ਕੇ, ਓਨ੍ਹੀਂ ਪੁਰਾਣੇ ਕੱਪੜੀਂ ਤੇ ਟੁੱਟੀ ਜੁੱਤੀ ਨਾਲ ਭਾਈ ਜੀ ਪੰਜਾਬ ਵਲ ਪਧਾਰ ਗਏ।

## ੧੦. ਸਤਿਗੁਰ ਦੀ ਨਗਰੀ

**ਗੁਰੂ ਮੰਦਰ** ਵਲ ਗੜ੍ਹੀਆ ਆ ਰਿਹਾ ਹੈ।

ਵੱਡਾ ਮਸੰਦ-ਆਓ ਭਾਈ ਗੜ੍ਹੀਆ ਜੀ ਕਸ਼ਮੀਰ ਤੋਂ ਆ ਗਏ, ਰਾਜੀ ਖ਼ੁਸ਼ੀ ਆਏ?

ਗੜ੍ਹੀਆ-ਜੀ ਸਤਿਗੁਰ ਦੀ ਮੇਹਰ।

ਮਸੰਦ-ਜੋ ਧਨ ਲਿਆਏ ਹੋ, ਖਜ਼ਾਨੇ ਦਾਖਲ ਕਰਾਓ ਤੇ ਫਹਿਰਿਸਤ ਲਿਆਏ ਹੋ ਤਾਂ ਦੇ ਦਿਓ। ਕਿਨਾਂ ਕੁਛ ਲਿਆਏ ਹੋ?

ਗੜ੍ਹੀਆ-ਜਿੰਨਾ ਸੰਗਤ ਨੇ ਦਿੱਤਾ, ਸੋ ਲੀਤਾ, ਜੋ ਲੀਤਾ ਉਹ ਸਤਿਗੁਰ ਦਾਤੇ ਦਾ। ਹੁਕਮ ਸੀ ਮੈਨੂੰ ਟੁਰਨ ਵੇਲੇ ਮੀਰੀ ਪੀਰੀ ਦੇ ਮਾਲਕ ਦਾ ਕਿ ਜੋ ਧਨ ਮਿਲੇ, ਮੈਨੂੰ ਪਹੁੰਚਾਓਂ। ਸੋ ਆਪ ਦਾ ਹੀ ਹੁਕਮ ਹੈ? ਸਤਿਗੁਰ ਦਾ ਹੁਕਮ, ਮੈਂ ਦੱਸ ਦਿੱਤਾ ਹੈ।

ਮਸੰਦ-ਜੋ ਹੁਕਮ ਸੀ, ਸੋ ਕਰੋ, ਸਤਿਗੁਰ ਜੀ ਦੇ ਆਪਣੇ ਪਵਿਤ੍ਰ ਕਰ ਕਮਲਾਂ ਵਿਚ ਪਹੁੰਚਾਓ!

ਇਹ ਸੁਣ ਕੇ ਭਾਈ ਗੜ੍ਹੀਆ ਸੀਸ ਨਿਵਾ ਕੇ ਗੁਰ ਮੰਦਰ ਵਲ ਗਿਆ।

## ੧੧. ਗੋਲਕੀਏ ਮਸੰਦ ਦਾ ਘਰ

**ਭਾਈ ਗੜ੍ਹੀਏ** ਨਾਲ ਗੱਲਾਂ ਕਰਕੇ ਵੱਡਾ ਮਸੰਦ, ਜਿਸਨੂੰ ਗੋਲਕੀਆ ਕਹਿੰਦੇ ਸਨ ਤੇ ਜੋ ਇਕ ਤਰ੍ਹਾਂ ਦਾ ਖਜ਼ਾਨਚੀ ਹੁੰਦਾ ਸੀ, ਆਪਣੇ ਘਰ ਪੁੱਜਾ। ਅਗੇ ਉਸਦੀ ਵਹੁਟੀ ਅਜੇ ਦੀਵਾਨ ਵਿਚੋਂ ਨਹੀਂ ਸੀ ਆਈ।

ਉਹ ਕੁਛ ਖਾ ਪੀ ਕੇ ਜ਼ਰਾ ਆਰਾਮ ਕਰਨ ਬੈਠ ਗਿਆ ਕਿ ਇੰਨੇ ਨੂੰ ਵਹੁਟੀ ਆ ਗਈ।

ਵਹੁਟੀ-ਤੁਸੀਂ ਅੱਜ ਦੀਵਾਨ ਸਮਾਪਤੀ ਤੋਂ ਪਹਿਲੇ ਆ ਗਏ?


www.sikhbookclub.com

ਮਸੰਦ-ਮੈਨੂੰ ਕੁਛ ਭੁੱਖ ਤ੍ਰੇਹ ਨੇ ਵਜਾਕੁਲ ਕਰ ਦਿੱਤਾ ਸੀ। ਰਾਤੀਂ ਪ੍ਰਸ਼ਾਦ ਨਾ ਛਕਣ ਕਰਕੇ, ਅੱਜ ਸਵੇਰੇ ਹੀ ਭੁੱਖ ਤ੍ਰਿਖੀ ਹੋ ਉਠੀ ਸੀ।

ਵਹੁਟੀ-ਮੈਨੂੰ ਕਿਉਂ ਨਾ ਲੈ ਆਏ, ਮੈਂ ਕੁਛ ਛਕਾਣ ਦੀ ਸੇਵਾ ਕਰਦੀ।

ਮਸੰਦ-ਨਹੀਂ, ਅੱਗੇ ਰੁਲਦੂ ਜੋ ਹੈਗਾ ਸੀ, ਤੇ ਅੱਜ ਕੀਰਤਨ ਸੋਹਣਾ ਅਨੰਦ-ਦਾਇਕ ਸੀ, ਮੈਂ ਕਿਹਾ, ਤੁਹਾਡੇ ਰਸ ਵਿੱਚ ਫਰਕ ਕਾਸ ਨੂੰ ਆਵੇ?

ਵਹੁਟੀ-ਇਹ ਤਾਂ ਆਪਦੀ ਦਿਆਲਤਾ ਹੈ, ਪਰ ਇਸ ਸੇਵਾ ਦਾ ਅਵਸਰ ਮੈਨੂੰ ਮਿਲਿਆ ਕਰੇ।

ਮਸੰਦ-ਨਾਮ ਵਿਚ ਰਿਹਾ ਕਰੋ। ਨਾਮ ਬਿਨਾਂ ਜੀਵਨ ਬਿਰਥਾ ਹੈ।

ਵਹੁਟੀ-ਵਾਰੇ ਵਾਰੇ ਜਾਈਏ ਨਾਮ ਵਾਲਿਆਂ ਦੇ, ਅੱਜ ਦੇਖੋ ਨਾ ਗੜ੍ਹੀਏ ਜੀ ਦਾ ਕੇਡਾ ਯਸ ਹੋ ਰਿਹਾ ਹੈ।

ਮਸੰਦ-ਕਿਵੇਂ ਹੋਈ?

ਵਹੁਟੀ-ਸਤਿਗੁਰਾਂ ਨੇ ਕਸ਼ਮੀਰ ਘੱਲਿਆ ਸੀ ਨਾ।

ਮਸੰਦ-ਉਹ ਮੈਨੂੰ ਪਤਾ ਹੈ।

ਵਹੁਟੀ-ਮਾਯਾ ਲੈਣ।

ਮਸੰਦ-ਹਾਂ ਪਤਾ ਹੈ, ਫੇਰ ਕੀ ਲਿਆਇਆ?

ਵਹੁਟੀ-ਲਿਆਇਆ?

ਮਸੰਦ-ਕਿਉਂ, ਉਸ ਨੂੰ ਤਾਂ ਹੁਕਮ ਸੀ ਕਿ ਸਤਿਗੁਰ ਜੀ ਦੇ ਆਪਣੇ ਹੱਥਾਂ ਵਿਚ ਦੇਵੇ।

ਵਹੁਟੀ-ਹਾਂ ਮੀਰੀ ਪੀਰੀ ਦੇ ਮਾਲਕ ਜੀ ਨੇ ਕਿਹਾ ਸੀ:-"ਮੈਨੂੰ ਪਹੁੰਚਾਓ"।

ਮਸੰਦ-ਫੇਰ, ਜਦ ਮੈਂ ਆਯਾ ਹਾਂ ਤਾਂ ਅੰਦਰ ਜਾ ਰਹੇ ਸਨ ਤੇ ਕੁਛ ਕੱਛ ਵਿੱਚ ਲਈ ਜਾਂਦੇ ਸਨ।

ਵਹੁਟੀ-ਜੀ ਹਾਂ ਥੈਲੀ ਸੀ।

ਮਸੰਦ-ਕਿੰਨੀ ਕੁ ਮਾਇਆ ਸੀ?

ਵਹੁਟੀ-ਇਹੋ ਤਾਂ ਗਲ ਹੈ। ਜਦੋਂ ਭੋਗ ਪੈ ਚੁਕਾ ਤੇ ਬਾਹਰ ਦੇ ਸਿਖ ਤੇ ਸੰਗਤਾਂ ਚਰਨ ਪਰਸ ਚੁੱਕੇ ਤਾਂ ਭਾਈ ਗੜ੍ਹੀਏ ਜੀ ਨੂੰ ਤੱਕ ਕੇ ਮਹਾਰਾਜ ਜੀ ਨੇ ਨੇੜੇ ਸਦਿਆ ਤੇ ਸੁਖ ਸਾਂਦ ਪੁੱਛੀ।

ਆਪ ਨੇ ਮੱਥਾ ਟੇਕ ਕੇ ਸ੍ਰੀ ਜੀ ਦੇ ਹੱਥਾਂ ਵਿਚ ਇਕ ਥੈਲੀ ਦੇ ਦਿਤੀ, ਮਹਾਰਾਜ ਜੀ ਨੇ ਥੈਲੀ ਖੋਲ੍ਹੀ ਤਾਂ ਵਿਚੋਂ ਨਿਕਲਿਆ ਸਵਾ ਰੁਪਿਆ ਤੇ ਇਕ ਫਹਿਰਿਸਤ ਕਸ਼ਮੀਰ ਦੀ ਸੰਗਤ ਦੇ ਮੁਖੀਏ ਦੇ ਹੱਥਾਂ ਦੀ ਲਿਖੀ ਹੋਈ, ਜੋ ਕਈ ਹਜ਼ਾਰ ਦੀ ਸੀ।

ਮਸੰਦ-(ਪੀਲਾ ਹੋ ਕੇ) ਹੈਂ? ਸਵਾ ਰੁਪਿਆ ਤੇ ਫਹਿਰਿਸਤ ਕਈ ਹਜ਼ਾਰ ਦੀ, ਭਾਈ ਗੜ੍ਹੀਆ ਤੇ ਇਹ ਗੱਲ? ਨਹੀਂ। ਇਸ ਵਿਚ ਕੋਈ ਰੱਬੀ ਹਿਕਮਤ ਹੈ। ਨਾਮ ਦਾ ਰਸੀਆ ਤੇ ਰਸਾਂ ਤੋਂ ਬੀਤ ਚੁਕਾ ਤੇ ਪਕੜਾਂ ਤੋਂ ਲੰਘ ਚੁਕਾ ਗੜ੍ਹੀਆ ਮਾਯਾ ਦੇ ਕੁਫੇਰ ਵਿਚ ਕਦੇ ਨਹੀਂ ਆ ਸਕਦਾ।

ਵਹੁਟੀ-ਇਹੋ ਤਾਂ ਸੁਆਦਲੀ ਗੱਲ ਹੈ। ਤਕੋ ਨਾ ਇਸ ਤੋਂ ਪਹਿਲਾਂ ਮਹਾਰਾਜ ਜੀ ਨੂੰ ਦੌਲਾ ਗੁਜਰਾਤ ਦਾ ਪਰਉਪਕਾਰੀ ਤੇ ਸਿੱਧੀ ਵਾਲਾ ਮਿਲ ਚੁਕਾ ਸੀ ਤੇ ਦਸ ਚੁਕਾ ਸੀ 'ਕਿ ਮੈਂ ਅੰਦਰਲੇ ਦੀ ਤ੍ਰਿਪਤੀ ਤੋਂ ਭੁੱਖਾ, ਉਪਕਾਰ, ਸ਼ੁਭ ਕਰਮ ਕਰਕੇ ਬੀ ਭੁੱਖਾ ਹੀ ਸਾਂ ਤੇ ਸਿੱਧੀਆਂ ਦਾ ਬਲ ਹੋਣ ਤੇ ਬੀ ਨਿਤਾਣਾ ਹੀ ਸਾਂ। ਭਾਈ ਗੜ੍ਹੀਏ ਨਾਮ ਦਾਨ ਦੇ ਕੇ ਮੇਰੇ ਅੰਦਰਲੇ ਨੂੰ ਉੱਚਾ ਕਰਕੇ ਆਪ ਦੀ ਚਰਨੀਂ ਲਾਇਆ, ਠੰਡ ਵਰਤਾਈ ਹੈ। ਮੈਂ ਭਾਈ ਜੀ ਨੂੰ ਬਿਨੈ ਕੀਤੀ ਸੀ ਕਿ ਕਸ਼ਮੀਰੋਂ ਮੁੜਦੇ ਏਧਰੋਂ ਕਿਰਪਾ ਕਰਨੀ। ਮੇਰੀ ਆਸ਼ਾ ਸੀ ਕਿ ਉਹਨਾਂ ਦੇ ਲੜ ਲਗ ਆਪਦੇ ਚਰਨ ਪਰਸਾਂ। ਪਰ ਓਹ ਬੇ-ਪਰਵਾਹ ਫਕੀਰ ਹਨ, ਸ਼ਾਇਦ ਜੰਮੂ ਦੇ ਰਸਤੇ ਲੰਘ ਆਏ। ਮੈਂ ਇਸ ਕਰਕੇ ਉਤਾਵਲਾ ਹੋ ਚਰਨ ਪਰਸਨ ਆਯਾ ਹਾਂ।' ਉਸ ਵੇਲੇ ਮਹਾਰਾਜ ਦੀ ਅਪਾਰ ਕ੍ਰਿਪਾ ਉਸ ਪਰ ਹੋਈ ਤੇ ਗੜ੍ਹੀਏ ਵਾਸਤੇ ਮਹਾਰਾਜ ਜੀ ਨੇ ਕਿਹਾ ਸੀ, "ਧੰਨ ਸਿੱਖੀ, ਆਪ ਜਪੇ ਹੋਰਾਂ ਜਪਾਵੇ, ਧੰਨ ਗੁਰੂ ਕੇ ਸਿੱਖ, ਆਪ ਬਚਨ ਹੋਰਨਾਂ ਬਚਾਵਨ, ਆਪ ਉਬਰਨ ਹੋਰਨਾਂ ਉਬਾਰਨ, ਆਪ ਤਰਨ ਹੋਰਨਾਂ ਤਾਰਨ।" ਅਸਲ ਵਿਚ ਦੌਲਾ ਪਹਿਲੋਂ ਟੁਰ ਆਯਾ ਸੀ ਤੇ ਗੜ੍ਹੀਆ ਜੀ ਮਗਰੋਂ ਗੁਜਰਾਤ ਦੇ ਰਸਤੇ ਹੀ ਆਏ ਸੀ ਤੇ ਦੌਲੇ ਨੂੰ ਪਤਾ ਨਹੀਂ ਸੀ ਕਿ ਗੜ੍ਹੀਆ ਜੀ ਮੇਰੇ ਮਗਰ ਖੜ੍ਹੇ ਹਨ।

ਮਸੰਦ-ਹੋਈ ਨਾ ਓਹੋ ਗੱਲ ਕਿ ਗੜ੍ਹੀਆ ਇਕ ਲਾਲ ਹੈ ਲਾਲ-ਫੇਰ?

ਵਹੁਟੀ-ਠੀਕ ਹੈ। ਸੁਆਦ ਹੀ ਇਸੇ ਗੱਲ ਦਾ ਸੀ, ਜਦੋਂ ਮਹਾਰਾਜ ਨੇ ਫਹਿਰਿਸਤ ਪੜ੍ਹੀ ਤਾਂ ਗੜ੍ਹੀਆ ਜੀ ਵਲ ਤੱਕ ਕੇ ਮੁਸਕਰਾਏ, ਤੇ ਬੜੇ ਪਿਆਰ ਨਾਲ ਬੋਲੇ-

"ਮੈਨੂੰ ਪਹੁੰਚ ਗਈ"

ਇਸ ਵੇਲੇ ਆਪ ਦੇ ਪਵਿਤਰ ਨੇਤਰਾਂ ਵਿਚ ਇਕ ਰਸ ਸੀ ਤੇ ਅਚਰਜ ਤਰਾਵਤ ਸੀ। ਇਸ ਤੋਂ ਮਗਰੋਂ ਕਿਤਨੀ ਦੇਰ ਤਕ ਮਹਾਰਾਜ ਜੀ ਨੇਤਰ ਮੁੰਦ ਬੈਠੇ ਰਹੇ। ਉਹ ਨਕਸ਼ਾ, ਉਹ ਜਲਵਾ, ਉਹ ਦਿਦਾਰਾ, ਕਿਹਾ ਨਹੀਂ ਜਾ ਸਕਦਾ। ਇਸੇ ਕਰਕੇ ਮੈਂ ਕਿਹਾ ਸੀ ਕਿ ਆਪ ਕਿਉਂ ਆ ਗਏ? ਓਹ ਦਰਸ਼ਨ ਡਾਢੇ ਰੰਗੀਲੇ ਦਰਸ਼ਨ ਸਨ।

ਜਦ ਆਪ ਨੇ ਨੈਣ ਖੋਲ੍ਹੇ ਤਦ ਬੋਲੇ:-

"ਹੇ ਗੜ੍ਹੀਆ! ਤੁਸਾਡੀ ਘਾਲ ਥਾਂ ਪਈ, ਹੁਣ ਅਪਣੇ ਵਤਨ ਜਾਵੋ, ਜਗਤ ਵਿਚ ਵਾਹਿਗੁਰੂ ਦੀ ਸਿਖੀ ਫੈਲਾਵੋ, ਵਿਛੁੜੇ ਮੇਲੋ, ਟੁਟੇ ਗੰਢੋ, ਨਾਮ ਦਾ ਰਸ ਭੁੰਚੋ ਤੇ ਭੁੰਚਾਵੋ।"

ਇਹ ਕਹਿ ਕੇ ਮਾਲਕ ਨੇ ਦਾਮ ਨੂੰ ਗਲੇ ਲਾਯਾ, ਪਜਾਰ ਦਿੱਤਾ, ਉਹੋ ਥੈਲੀ ਲੱਕ ਨਾਲ ਬੰਨ੍ਹ ਦਿਤੀ ਤੇ ਵਿਚੇ ਸਵਾ ਰੁਪੱਜਾ ਪਾ ਦਿਤਾ ਤੇ ਕਿਹਾ, "ਅਖੁੱਟ ਖਜ਼ਾਨੇ, ਜੋ ਆਵੇ ਸਫਲਾ ਕਰੋ!"

ਇਹ ਕੌਤਕ ਸੰਗਤ ਦੇਖ ਰਹੀ ਸੀ। ਅਨੰਦ ਆ ਰਿਹਾ ਸੀ, ਪਰ ਵਿਚਲਾ ਪਤਾ ਨਹੀਂ ਸੀ ਲਗਾ! ਦੌਲਾ ਅਤਿ ਪ੍ਰਸੰਨ ਹੋ ਰਿਹਾ ਸੀ, ਤੇ ਆਪਣੇ ਵਧਵੇਂ ਅਹਿਲਾਦ ਵਿਚ ਬੋਲ ਪਿਆ, "ਹੇ ਜਗਤ ਦੇ ਤਾਰਣ ਕਰਤਾ! ਗੜ੍ਹੀਏ ਜੀ ਦੀ ਕਰਨੀ ਸੁਣਨ ਲਈ ਜੀ ਉੱਛਲ ਰਿਹਾ ਹੈ।" ਤਦ ਮਹਾਰਾਜ ਜੀ ਵਲੋਂ ਗੜ੍ਹੀਏ ਨੂੰ ਆਗਿਆ ਹੋਈ ਕਿ ਸੰਗਤ ਨੂੰ ਦੱਸ ਦਿਓ ਕਿ ਤੁਸਾਂ ਕਿਵੇਂ ਮੈਨੂੰ ਮਾਯਾ

ਪਹੁੰਚਾਈ ਹੈ। ਸਿਰ ਪਰ ਆਗਿਆ ਧਰਕੇ ਕਿਸੇ ਡਾਢੀ ਸ਼ਰਮਾਕਲ ਸੁਰ ਵਿਚ ਭਾਈ ਗੜ੍ਹੀਆ ਜੀ ਨੇ ਦਸਿਆ ਕਿ ਕਸ਼ਮੀਰ ਵਿਚੋਂ ਜੋ ਮਾਇਆ ਮਿਲੀ ਤਾਂ ਸਤਿਗੁਰਾਂ ਨੂੰ ਪੁਚਾਣੀ ਸੀ। ਸਤਿਗੁਰ ਜੀ ਘਟ ਘਟ ਵਿਚ ਵਜਾਪਕ ਹਨ, ਓਥੇ ਕਾਲ ਸੀ, ਅਨੇਕਾਂ ਗੁਰੂ ਕੇ ਸਿੱਖ ਤੇ ਰੱਬ ਦੇ ਬੇਟੇ ਦੁੱਖੀ ਸਨ। ਉਹ ਸਾਰੇ ਬ੍ਰਿਛ ਦੀਆਂ ਟਾਹਣੀਆਂ ਸਨ, ਜੋ ਕੁਮਲਾ ਰਹੀਆਂ ਸਨ। ਬਰਖਾ ਦੇ ਤ੍ਰੌਂਕੇ ਤੇ ਠੰਡੀ ਹਵਾ ਦੇ ਲੋੜਵੰਦ ਸਨ। ਇਸ ਭੁਲਣਹਾਰ ਦਾਸ ਨੇ ਮੀਰੀ ਪੀਰੀ ਦੇ ਮਾਲਕ ਦੇ ਚਰਨ ਕਮਲਾਂ ਦਾ ਧਜਾਨ ਧਰਕੇ ਸਭ ਮਾਇਆ ਵੰਡ ਦਿਤੀ ਤੇ ਗਫੇ ਲੁਆ ਦਿਤੇ। ਮੈਂ ਅੱਖੀਂ ਡਿੱਠਾਂ ਕਿ ਇਹ ਰੂਪ ਹੀ ਸਾਰੇ ਭੋਜਨ ਛਕ ਰਿਹਾ ਸੀ ਤੇ ਇਸ ਰੂਪ ਦੀ ਜੇਬ ਵਿਚ ਮਾਇਆ ਜਾ ਰਹੀ ਸੀ। ਸਾਧ ਸੰਗਤ ਵਿਚ ਸਤਿਗੁਰ ਵਰਤਦਾ ਹੈ ਤੇ ਮੈਂ ਸਾਧ ਸੰਗਤ ਵਿਚ ਅਰਪਨ ਕਰਕੇ ਦਿਦਾਰਾ ਪਾ ਲਿਆ ਕਿ ਮਾਲਕ ਨੂੰ ਅੱਪੜ ਪਿਆ ਹੈ। ਹੁਣ ਆਪ ਨੇ ਆਪ ਨੂੰ ਦਸ ਦਿੱਤਾ ਹੈ, **"ਮੈਨੂੰ ਪੁਜ ਗਿਆ ਹੈ।"**

ਕ੍ਰਿਪਾਲੂ ਸਾਧ ਸੰਗਤ ਜੀ! ਮੈਂ ਤਾਂ ਖਬਰੇ ਚੰਗਾ ਕੀਤਾ ਹੈ ਕਿ ਮਾੜਾ, ਠੀਕ ਸੀ ਕਿ ਨਾ, ਪਰ ਜੋ ਮੇਰੇ ਅੰਦਰ ਉਸ ਵੇਲੇ ਸੀ, ਸੋ ਇਹੋ ਸੀ, ਤੇ ਇਸੇ ਭਾਵ ਤੇ ਜੋ ਹੋ ਗਿਆ, ਸੋ ਹੋ ਗਿਆ। ਹੁਣ ਫੇਰ ਮੇਹਰ ਕੀਤੀ ਹੈ, ਜੋ ਦਾਤਾ ਨੇ ਪੁਜਾ ਲਈ ਤੇ ਦਸਿਆ ਹੈ, **"ਮੈਨੂੰ ਪੁੱਜ ਗਈ।"**

ਉਸ ਵੇਲੇ ਡਾਢੇ ਬਿਹਬਲ ਜੇਹੇ ਹੋ ਕੇ ਸਤਿਗੁਰ ਬੋਲ ਉਠੇ-"ਹਾਂ ਸੱਜਨੋਂ!

"ਗੜ੍ਹੀਏ ਨੇ ਮੈਨੂੰ ਰੋਟੀ ਖੁਆਈ। ਮੈਂ ਠੀਕ ਕਸ਼ਮੀਰ ਵਿਚ ਸਾਂ ਤੇ ਭੁੱਖ ਵਿਚ ਸਾਂ, ਇਸ ਨੇ ਮੈਨੂੰ ਪ੍ਰਸ਼ਾਦ ਛਕਾਇਆ, ਮੈਂ ਓਥੇ ਓਸ ਕਾਲ ਲੋੜ ਵਿਚ ਸਾਂ, ਇਸ ਨੇ ਮੇਰੇ ਜੇਬੇ ਭਰੇ, ਏਸ ਮੈਨੂੰ ਮਾਇਆ ਪੁਚਾਈ। ਮੈਨੂੰ ਸਾਰੀ ਅੱਪੜ ਪਈ ਸੀ।"

ਮਹਾਰਾਜ ਇਹ ਕਹਿ ਕੇ ਫੇਰ ਅੰਤਰ ਧਿਆਨ ਹੋ ਗਏ, ਤੇ ਸੰਗਤ ਸਾਰੀ ਵਿਚ, ਛਮਾਂ ਛਮ ਨੈਣ ਬਰਸੇ ਤੇ "ਧੰਨ ਸਤਿਗੁਰ, ਧੰਨ ਸਿਖੀ, ਧੰਨ ਸਤਿਗੁਰ, ਧੰਨ ਸਿਖੀ" ਦੀ ਗੂੰਜ ਨੇ ਇਕ ਅਰਸ਼ੀ ਨਜ਼ਾਰਾ ਬੰਨ੍ਹ ਦਿਤਾ ਸੀ।

ਸਾਈਂ ਜੀਓ! ਮੈਂ ਇਸ ਅੰਮ੍ਰਿਤ ਸਰੋਵਰ ਇਸ਼ਨਾਨ ਕਰਕੇ ਆਈ ਹਾਂ, ਇਸ ਅਲੋਕਕ ਦਰਸ਼ਨ ਦੀ ਪਿਆਰੀ ਫੁਹਾਰ ਵਿਚ ਤ੍ਰਿਬੁਡ ਹੋ ਕੇ ਆਈ ਹਾਂ, ਜੋ ਆਖਦੀ ਹਾਂ ਆਪ ਅਗੇ ਕਿਉਂ ਆ ਗਏ?

ਇਸ ਵੇਲੇ ਗੋਲਕੀਆ ਬੀ ਮਗਨਾਨੰਦ ਹੋ ਰਿਹਾ ਸੀ। ਨੈਣਾਂ ਵਿਚ ਨੀਰ ਸੀ ਤੇ ਵਹੁਟੀ ਦੀ ਗੱਲ ਸੁਣ ਰਿਹਾ ਸੀ ਪਰ ਜਵਾਬ ਦੇਣੋਂ ਕਿਤੇ ਦੂਰ, ਲਿਵ ਵਿਚ ਤਾਰੀਆਂ ਲਾ ਰਿਹਾ ਸੀ।

 www.sikhbookclub.com

# ੪੦. ਮਾਈ ਭਾਗ ਭਰੀ

**"ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥੨੯॥"**

{ਰਾਮਕਲੀ ਮਹਲਾ ੩, ਅਨੰਦੁ, ਪੰਨਾ ੯੨੧}

(੧)

**ਭਾਗਭਰੀ**-(ਅਪਨੇ ਆਪ ਨਾਲ) ਮੇਰੇ ਬੱਚੇ ਨੂੰ ਕੀ ਹੋ ਗਿਆ? ਕਿਹਾ ਚੰਗਾ ਹੁੰਦਾ ਸੀ, ਰਾਹ ਜਾਂਦੇ ਨਾਲ ਪਿਆਰ ਕਰਦਾ ਸੀ, ਜਣੇ ਖਦੇ ਨੂੰ ਹਸਾਂਦਾ ਸੀ, ਹੱਸ ਹੱਸ ਤੇ ਹੱਸਾ ਹੱਸਾ ਕੇ ਢਿੱਡੀਂ ਪੀੜਾਂ ਪਾਂਦਾ ਸੀ, ਗਲੀ ਮਹੱਲਾ ਸਾਰੇ 'ਪ੍ਰਸੰਨ-ਮੁਖ', 'ਪ੍ਰਸੰਨ-ਖਦਨ' ਆਖਦੇ ਹੁੰਦੇ ਸਨ, ਹੁਣ ਨਾ ਕਿਸੇ ਨਾਲ ਬੋਲਦਾ ਹੈ, ਨਾ ਚਾਲਦਾ ਹੈ, ਨਾ ਹਸਦਾ ਹੈ, ਨਾ ਖੇਡਦਾ ਹੈ। ਅਜੇ ਕੁੱਕੜ ਬਾਂਗ ਨਹੀਂ ਦੇਂਦੇ ਕਿ ਖੁੰਬ ਵਾਂਙ ਉੱਠ ਬੈਠਦਾ ਹੈ, ਠੰਡੇ ਠਾਰ ਪਾਣੀ ਨਾਲ ਨ੍ਹਾ ਕੇ ਚੌਂਕੜੀ ਮਾਰ ਬਹਿ ਜਾਂਦਾ ਹੈ, ਸਾਰਾ ਦਿਨ ਨਾ ਬੋਲਦਾ ਹੈ, ਨਾ ਚਾਲਦਾ ਹੈ, ਬੁੱਲ ਫੁੜਕਦੇ ਦਿਸਦੇ ਹਨ, ਪਰ ਸੁਣੀਂਦਾ ਕੁਛ ਨਹੀਂ। ਮੱਥਾ ਤੇ ਅੱਖਾਂ ਕੁਛ ਟਿਕਵੀਂ ਉਦਾਸੀ ਵਾਲੇ ਦਿਸਦੇ ਹਨ। ਅੱਗੇ ਕਦੇ ਗੁੱਸੇ ਬੀ ਹੋ ਪੈਂਦਾ ਸੀ, ਹੁਣ ਗੱਡੇ ਪਏ ਲੰਘਣ, ਮੁਸਕਰਾ ਛਡਦਾ ਹੈ। ਕੰਮ ਕਾਜ ਤੇ ਜਾਂਦਾ ਹੈ, ਪਰ ਅੱਗੇ ਵਾਂਙੂੰ ਖੁੱਭ ਕੇ ਕੰਮ ਕਰਦਾ ਨਹੀਂ ਦਿਸਦਾ। ਵਹੁਟੀ ਬੀ ਆਖਦੀ ਹੈ ਕਿ ਸੁਭਾ ਹੋਰਵੇਂ ਤੇ ਵੱਖਰਾ ਵੱਖਰਾ ਜਿਹਾ ਹੋ ਗਿਆ ਹੈ, ਬਾਲਾਂ ਨਾਲ ਬੀ ਓਹ ਲਾਡੀਆਂ ਨਹੀਂ ਕਰਦਾ ਜੋ ਕਦੇ ਕਰਦਾ ਹੁੰਦਾ ਸੀ। ਤੰਗ ਬੀ ਕਿਸੇ ਨੂੰ ਨਹੀਂ ਕਰਦਾ, ਪਰ ਭਿੱਜਦਾ ਬੀ ਕਿਸੇ ਨਾਲ ਨਹੀਂ। ਹੇ ਭਗਵਾਨ! ਮੇਰੇ ਬੱਚੇ ਨੂੰ ਕੀ ਹੋ ਗਿਆ ਹੈ? ਤੀਰਥ ਪਰਸਨ ਗਿਆ, ਸਾਰੀਆਂ ਖੁਸ਼ੀਆਂ ਹੀ ਕਿਤੇ ਡੋਬ ਆਯਾ ਹੈ? ਮੈਂ ਹੁਣ ਬਿਰਧ ਸਾਂ, ਪੁੱਤ ਦੇ ਚਾਉ ਮਲ੍ਹਾਰਾਂ ਦੇ ਆਸਰੇ ਮੇਰੇ ਦਿਨ ਲੰਘਣੇ ਸਨ, ਪਰ ਪੁੱਤ ਤਾਂ ਪਤਾ ਨਹੀਂ ਕਿਥੋਂ ਦਾ ਰੋਗ ਸਹੇੜ ਲਿਆਇਆ ਹੈ? ਮੈਂ ਕਿਵੇਂ ਕਰਾਂ! ਆਪ ਪੁੱਛ ਨਾ ਲਵਾਂ! ਨੂੰਹ ਆਖਦੀ ਹੈ, "ਨਾ ਪੁੱਛੋ, ਕਿਤੇ ਗੁੱਸੇ ਨਾ ਹੋ ਪੈਣ, ਯਾ ਕਿਤੇ ਘਰੋਂ ਹੀ ਨਾ ਟੁਰ ਪੈਣ।" ਪਰ ਮੇਰਾ ਦਿਲ ਨਹੀਂ ਮੰਨਦਾ, ਸੇਵਾ ਦਾਸ ਐਨਾ ਨਿਰਦਈ ਕਿੱਥੋਂ ਹੋਣ ਲੱਗਾ ਹੈ ਕਿ ਅਪਣੀ ਮਾਂ ਨਾਲ, ਜਿਸ ਨਾਲ ਸਾਰੀ ਉਮਰ ਅਟੁੱਟ ਪਜਾਰ ਕਰਦਾ ਰਿਹਾ ਹੈ, ਕਦੇ ਐਨਾ ਬਿਰਮੋਹਾ ਹੋ ਜਾਏ ਕਿ ਘਰੋਂ ਉੱਠ ਹੀ ਟੁਰੇ। ਨਹੀਂ ਨਹੀਂ, ਕਦੇ ਨਹੀਂ। ਅੱਜ ਮੈਂ ਜ਼ਰੂਰ ਪੁੱਛਣਾ ਹੈ, ਉਸਦੇ ਮੂੰਹ ਤੋਂ ਚੁੱਪ ਦੀ ਮੁਹਰ ਤੋੜਨੀ ਹੈ ਤੇ ਦਿਲ ਦੀ ਲੈਣੀ ਦੇਣੀ ਹੈ, ਕੋਈ ਸਾਨੂੰ ਸੋਝਲਾ ਤਾਂ ਪਵੇ ਕਿ ਬੱਚੇ ਦੇ ਅੰਦਰ ਕੀ ਵਰਤ ਰਹੀ ਹੈ? ਕਿਤੇ ਕੋਈ ਪੀੜਾ ਹੀ ਨਾ ਹੋਵੇ ਜੋ ਸਾਨੂੰ ਦੁੱਖ ਤੋਂ ਬਚਾਣ ਦਾ ਮਾਰਿਆ ਨਾ ਦਸਦਾ ਹੋਵੇ।

ਮਾਈ ਇਨ੍ਹਾਂ ਸੋਚਾਂ ਵਿਚ ਬੈਠੀ ਸੀ ਕਿ ਸੇਵਾਦਾਸ ਜੀ ਆ ਗਏ, ਤੇ ਮਾਤਾ ਜੀ ਨੂੰ ਸਿਰ ਨਿਵਾ ਕੇ ਅਪਣੇ ਆਸਣ ਤੇ ਜਾ ਬੈਠੇ। ਮਾਈ ਬੀ ਸਹਿਜੇ ਸਹਿਜੇ ਕੋਲ ਜਾ ਬੈਠੀ, ਤੇ ਬੋਲੀ:-

ਮੈਂ ਵਾਰੀ, ਮੈਂ ਸਦਕੇ ਲਾਲ, ਰਾਜੀ ਹੋ, ਚਿਤ ਚੰਗਾ ਹੈ?

ਸੇਵਾਦਾਸ-ਹਾਂ ਮਾਂ ਜੀ।

ਮਾਤਾ-ਬੱਚਾ! ਅੱਜ ਸਵੱਖਤੇ ਆ ਗਏ ਹੋ?

ਸੇਵਾਦਾਸ-ਅੱਜ ਕੰਮ ਮੁੱਕ ਗਿਆ ਸੀ।

ਮਾਤਾ-ਕੁਝ ਓਪਰੇ ਓਪਰੇ ਰਹਿੰਦੇ ਹੋ, ਚਿੱਤ ਵਿਚ ਕੋਈ ਖੇਚਲ ਜਾਂ ਸਰੀਰ ਨੂੰ ਕੋਈ ਔਖ ਤਾਂ ਨਹੀਂ?

ਸੇਵਾਦਾਸ-(ਅਚਰਜ ਜੇਹਾ ਹੋ ਕੇ, ਫੇਰ ਮੁਸਕਰਾ ਕੇ) ਨਹੀਂ ਮਾਂ ਜੀ!

ਮਾਤਾ-ਮੈਂ ਸਦਕੇ ਲਾਲ, ਮੇਰੀ ਖੜ ਪੁੱਜੀ ਪਈ ਹੈ, ਕੋਈ ਦਿਨਾਂ ਦੀ ਖੇਡ ਹੈ, ਤੁਸੀਂ ਜਾਣਦੇ ਹੋ, ਬੁੱਢਿਆਂ ਦੇ ਦਿਲ ਹੌਲੇ ਹੋ ਜਾਂਦੇ ਹਨ, ਆਪਣੇ ਸਦਾ ਖਿੜੇ ਸੁਭਾਵ ਮੂਜਬ ਹਸਦੇ ਖੇਡਦੇ ਦਿਸਦੇ ਰਿਹਾ ਕਰੋ ਤਾਂ ਮੇਰਾ ਸਮਾਂ ਖੁਸ਼ੀ ਖੁਸ਼ੀ ਬੀਤਦਾ ਹੈ। ਜੇ ਤੁਸੀਂ ਉਦਾਸ ਦਿਸਦੇ ਹੋ ਤਾਂ ਮੈਂ ਓਦਰ ਜਾਂਦੀ ਹਾਂ, ਤੁਸਾਡੇ ਚੰਦ ਮੁੱਖ ਤੇ ਬੱਦਲਵਾਈ ਵੇਖ ਕੇ ਮਾਂ ਸਹਿਮ ਜਾਂਦੀ ਹੈ।

ਸੇਵਾਦਾਸ-ਕਿਉਂ ਮਾਂ ਜੀ, ਮੈਂ ਦੁੱਖੀ ਨਹੀਂ, ਮੈਂ ਉਦਾਸ ਨਹੀਂ।

ਮਾਤਾ-ਫੇਰ ਨਾ ਉਸ ਤਰ੍ਹਾਂ ਹੱਸ੍ਦੇ ਹੋ, ਨਾ ਖੇਲਦੇ ਹੋ, ਨਾ ਖਿੜਦੇ ਹੋ, ਨਾ ਹਸਾਉਂਦੇ ਹੋ, ਨਾ ਗੱਲਾਂ ਕਥਾਂ ਨਾਲ ਪਰਚਾਉਂਦੇ ਹੋ, ਚੁੱਪ ਬੁੱਲਾਂ ਤੇ ਬਹਿ ਗਈ ਹੈ, ਤੱਕਣੀ ਵਿਚ ਕੋਈ ਟਿਕਾਉ ਟਿਕ ਗਿਆ ਹੈ, ਮੱਥੇ ਤੇ ਕੋਈ ਚਾਦਰ ਵਿੱਛ ਰਹੀ ਹੈ। ਉਹ ਪਜਾਰ ਵਾਲੀ ਮੁਸਕਰਾਹਟ, ਉਹ ਜੀਉਂਦੀ ਜੀਉਂਦੀ ਅੱਖਾਂ ਦੀ ਸਲੋਨੀ ਹਿਲਾਵਟ, ਉਹ ਮੱਥੇ ਤੇ ਖੇੜਿਆਂ ਦਾ ਖਿੜ ਖਿੜ ਪੈਣਾ ਨਹੀਂ ਦੀਹਦਾ। ਅੱਸਾਂ ਨਾਲ ਪਿਆਰ ਨਹੀਂ ਕਰਦੇ ਹੋ, ਵਹੁਟੀ ਨਾਲ ਕੋਈ ਬੇਮਲੂਮੀ ਵਿੱਥ ਹੈ, ਬਾਲਾਂ ਨਾਲ ਓਪਰਾਪਨ ਹੈ, ਕਾਰ-ਵਿਹਾਰ ਵਿਚ ਕੁਛ ਉਚਾਟ ਲਗਨ ਹੈ। ਇਹ ਸਾਰਾ ਵਟਾਉ ਸਟਾਉ ਸਾਡੇ ਕਲੇਜੇ ਕੱਢ ਰਿਹਾ ਹੈ ਤੇ ਦਿਲਗੀਰੀ ਦੇ ਹੱਥ ਦਿਲ ਦੀਆਂ ਵਾਗਾਂ ਸੌਂਪ ਰਿਹਾ ਹੈ।

ਸੇਵਾਦਾਸ-(ਠੰਡਾ ਸਾਹ ਲੈ ਕੇ) ਮਾਂ ਜੀ! ਕੇ ਦਸਾਂ, ਮੈਨੂੰ ਕੋਈ ਔਹਰ ਨਹੀਂ, ਕੋਈ ਦਿਲਗੀਰੀ ਨਹੀਂ, ਤੁਸੀਂ ਕੋਈ ਤੌਖਲਾ ਨਾ ਕਰੋ। ਤੌਖਲੇ ਵਾਲੀ ਗੱਲ ਰਤੀ ਨਹੀਂ।

ਮਾਤਾ-ਸ਼ੁਕਰ ਹੈ ਕਿ ਮੇਰੇ ਬੱਚੇ ਨੂੰ ਕਿਸੇ ਤਰ੍ਹਾਂ ਦੀ ਖੇਚਲ ਨਹੀਂ, ਪਰ ਪੁੱਤਰ! ਮਾਂ ਸ੍ਦਕੇ, ਇਹ ਖੇੜੇ ਵਾਲਾ ਸੁਭਾ ਚੁੱਪ ਕਿਉਂ ਖਾ ਗਿਆ ਹੈ?

ਸੇਵਾਦਾਸ-ਕੀਹ ਦਸਾਂ ਮਾਂ! ਵਿਹਲਾ ਧਿਆਨ ਹੋਵੇ ਤਾਂ ਦਿਲ ਵਿਹਲੀਆਂ ਖੁਸ਼ੀਆਂ ਗੱਪਾਂ ਸ਼ਪਾਂ ਵਿਚ ਸਮਾਂ ਲੰਘਾਂਦਾ ਹੈ, ਧਜਾਨ ਕਿਤੇ ਰੁੱਝੇ ਤਾਂ ਫੇਰ ਜ਼ਰਾ ਰੁਝੇਵੇਂ ਨੇ ਅਪਨੀ ਵਲ ਰਖਣਾ ਹੋਇਆ।

ਮਾਤਾ-ਕੋਈ ਨਵ੍ਹਾਂ ਵਿਹਾਰ ਕਰ ਆਏ ਹੋ, ਜਿਸਦਾ ਸਾਨੂੰ ਸਿਰ ਪੈਰ ਨਹੀਂ ਦਿਸਦਾ, ਕਿ ਕੋਈ ਹੋਰ ਨਵਾਂ ਕੰਮ ਕੀਤਾ ਨੇ, ਜਿਸ ਨੇ ਧਜਾਨ ਐਸਾ ਖਿਚਿਆ ਹੈ ਕਿ ਮੈਨੂੰ ਮੈਨਾਵੰਤੀ ਦੇ ਸੁਪਨੇ ਖਾ ਲੱਥੇ ਹਨ।

ਸੇਵਾਦਾਸ-(ਮੁਸਕਰਾ ਕੇ) ਵਿਹਾਰ ਤਾਂ ਨਹੀਂ ਕੀਤਾ। ਕੋਈ ਸੁੱਤੇ ਸੁੱਤੇ ਦੀ ਜਾਗ ਖੁਲ੍ਹ ਪਈ ਹੈ, ਮੈਂ ਕਿਸੇ ਜਾਗ ਵਿਚ ਰਹਿੰਦ੍ਹਾ ਹਾਂ।

ਮਾਂ-ਉਹ ਜਾਗ ਭਾਗ ਸੁਲੱਖੀ ਹੋਵੇ! ਪਰ ਕੁਛ ਸਾਨੂੰ ਬੀ ਦੱਸ ਨਾ ਕਿ ਉਸ ਜਾਗ ਨੇ ਸਾਡੀ ਵਲੋਂ ਮੋਹ ਕਿਉਂ ਚਾ ਘੱਤਿਆ ਹੈ। ਜੇ ਜੀਉਣ ਜੋਗਿਆ! ਕੋਈ ਉਦਾਸੀ ਦੀ ਗਲ ਨਿਖੁੱਟੀ ਮਾਂ ਕੋਲੋਂ

ਹੋਈ ਹੋਵੇ ਕਿ ਭਾਗਾਂ ਵਾਲੀ ਮੇਰੀ ਨੌਂਹ ਤੋਂ ਕੋਈ ਅਵੱਗਜਾ ਹੋ ਗਈ ਹੋਵੇ ਤਾਂ ਦੱਸ, ਤੈਨੂੰ ਕੇਹੀ ਜਾਗ ਆਈ? ਹੇ ਸ਼ਿਵ! ਸੁੱਖ ਵਰਤਾਵੀਂ, ਮੇਰੀ ਅੰਤਲੀ ਉਮਰਾ ਨਾ ਖਰਾਬ ਹੋਵੇ!

ਸੇਵਾਦਾਸ-ਅੰਮਾਂ ਜੀ! ਆਪ ਤੌਖਲਾ ਨਾਂ ਕਰੋ, ਨਾ ਆਪ ਵਲੋਂ, ਨਾ ਆਪ ਦੀ ਨੌਂਹ ਵਲੋਂ, ਮੈਨੂੰ ਕੋਈ ਠੋਕਰ ਲੱਗੀ ਹੈ। ਮੇਰੇ ਟੁਰੇ ਜਾਂਦੇ ਦਾ ਅਗੰਮੋਂ ਕੋਈ ਠੁੱਡਾ ਲੱਗ ਗਿਆ ਤੇ ਮੈਂ ਠੋਕਰ ਖਾ ਕੇ ਕਿਸੇ ਜਾਗ ਵਿਚ ਆ ਗਿਆ ਹਾਂ!

ਮਾਂ-ਕੇਹੀ ਜਾਗ! ਜਾਗ ਕੇਹੀ ਆ ਗਈ! ਗੋਪੀ ਚੰਦ ਵਾਲੀ ਜਾਗ ਤਾਂ ਨਹੀਂ? ਮੈਂ ਨਿਖੁੱਟੀ ਸਦਾ ਹੀ ਕਹਿੰਦੀ ਰਹਿੰਦੀ ਸਾਂ ਬੱਚਾ! ਭਲੇ ਰਾਹ ਟੁਰਨਾ। ਕਿਤੇ ਕੋਈ ਗੋਰਖ ਤਾਂ ਉਚਾਟ ਮੰਤ੍ਰ ਨਹੀਂ ਪੜ੍ਹ ਗਿਆ?

ਸੇਵਾਦਾਸ-(ਜ਼ਰਾ ਮੁਸਕਰਾ ਕੇ) ਆਖਰ ਮਾਂ! ਸਾਕ ਸਭ ਚਾਰ ਦਿਨਾਂ ਦੇ ਹੀ ਹਨ ਨਾ, ਕਿਸੇ ਨਾਲ ਤਾਂ ਨਹੀਂ ਨਿਭਣਾ!

ਮਾਂ-ਮੈਂ ਮੋਈ, ਹਾਇ! ਮੈਂ ਤੱਤੜੀ ਨੇ ਲਾਲ ਨੂੰ ਕਿਉਂ ਤੀਰਥੀਂ ਟੋਰਿਆ, ਕੌਣ ਕੋਈ ਸਿਰ ਬੂਟੀਆਂ ਧੂੜਨ ਵਾਲਾ ਲਾਲ ਨੂੰ ਮਿਲ ਪਿਆ, ਜੋ ਅੱਜ ਸਾਕ ਝੂਠੇ ਹੋ ਗਏ, ਬੱਚਾ! ਜੰਮਣ ਵਾਲੀ, ਦੁੱਖ ਦਰਦਾਂ ਸਹਿਕੇ ਪਾਲਣ ਵਾਲੀ, ਸੋਆਂ ਸੁਣ ਤੇ ਮੁਖੜਾ ਦੇਖ ਕੇ ਜੀਉਣ ਵਾਲੀ ਬੀ ਕੂੜੀ ਹੋ ਗਈ? ਮੈਂ ਤਾਂ ਕਦੇ ਪਦਾਰਥ ਨਹੀਂ ਮੰਗਿਆ, ਕਦੇ ਗਊਂ ਨਹੀਂ ਆਖੀ, ਮੈਂ ਤਾਂ ਵੇਖ ਵੇਖ ਠਰਦੀ ਹਾਂ, ਮੇਰਾ ਬੀ ਮੋਹ ਕੂੜਾ ਹੈ? ਹਾਇ! ਮੇਰੀਆਂ ਲਿਖੀਆਂ, ਲਾਲ ਜੀ! ਮੇਰੇ ਤਾਂ ਕੋਈ ਦਿਨ ਬਾਕੀ ਹਨ, ਇਹ ਨਾ ਕੌੜੇ ਕਰ ਦੇਣ! (ਰੋ ਪਈ)।

ਸੇਵਾਦਾਸ--(ਗੰਭੀਰ ਸੁਰ ਵਿੱਚ) ਮਾਂ ਜੀ! ਮੈਂ ਕਿਹਾ ਹੈ, ਤੌਖਲਾ ਨਾ ਕਰੋ, ਮੈਂ ਜੋਗੀ ਨਹੀਂ ਬਣਨ ਲੱਗਾ, ਕੱਪੜੇ ਨਹੀਂ ਰੰਙਣ ਲੱਗਾ, ਘਰੋਂ ਨੱਸ ਨਹੀਂ ਜਾਣ ਲੱਗਾ, ਤੁਸੀਂ ਜੇਰਾ ਕਰੋ, ਉਦਾਸੀ ਮੇਰੀ ਬੀ ਮੇਰੀ ਉਦਾਸੀ ਹੈ, ਇਸਦਾ ਬੀ ਫਿਕਰ ਨਾ ਕਰੋ, ਮੈਂ ਅੰਦਰੋਂ ਉਦਾਸ ਨਹੀਂ ਹਾਂ।

ਮਾਂ-(ਕੰਡ ਤੇ ਹੱਥ ਫੇਰਕੇ) ਜੁਗਾਂ ਜੀਏਂ ਵੇ ਲਾਲ! ਸ਼ੁਕਰ ਹੈ ਤੂੰ ਘਰੋਂ ਨਹੀਂ ਜਾਏਂਗਾ, ਸ਼ੁਕਰ ਹੈ, ਪਰ ਮੇਰਾ ਮਨ ਚੰਦ੍ਰਾ ਅਜੇ ਬੀ ਥਾਵੇਂ ਨਹੀਂਓਂ ਆਉਂਦਾ, ਕੁਛ ਤਾਂ ਚਾਨਣਾ ਪਾ, ਕੁਛ ਤਾਂ ਗੰਢ ਖੋਹਲ, ਕੁਛ ਤਾਂ ਚੁੱਪ ਦੀ ਮੋਹਰ ਤੋੜ, ਮੈਨੂੰ ਏਨਾਂ ਪਤਾ ਲੱਗ ਜਾਏ ਕਿ ਤੇਰੇ ਅੰਦਰ ਕੀ ਵਰਤ ਰਹੀ ਹੈ।

ਸੇਵਾਦਾਸ-ਅੰਮਾਂ! ਮੇਰੇ ਅੰਦਰ ਇਹ ਵਰਤ ਰਹੀ ਹੈ ਕਿ ਮੈਂ ਉਮਰਾ ਵਿਅਰਥ ਗੁਆਈ, ਇਹ ਤਾਂ ਹਈ ਉਦਾਸੀ, ਹੱਛਾ ਜੋ ਗਈ, ਸੋ ਗਈ, ਬੀਤੀ, ਹੁਣ ਸੰਭਲੀਏ, ਇਹ ਤਾਂ ਹਈ ਮੇਰੇ ਅੰਦਰ ਇਕ ਯਤਨ, ਏਹ ਮੇਹਨਤ ਦੀ ਵਿਚਾਰ ਜੋ ਮੈਨੂੰ ਪਛਤਾਵੇ ਤੋਂ ਸਾਬਣ ਦਾ ਕੰਮ ਤਾਂ ਲੈਣ ਦੇਂਦੀ ਹੈ, ਪਰ ਰੁੜ੍ਹ ਜਾਨ ਦਾ ਨੁਕਸਾਨ ਨਹੀਂ ਉਠਾਣ ਦੇਂਦੀ। ਫੇਰ ਮੈਂ ਜਿਸ ਤਰ੍ਹਾਂ ਸਮਝਦਾ ਹਾਂ ਕਿ ਉਮਰਾ ਸਫਲ ਐਉਂ ਹੈ, ਉਹ ਕਰਨ ਦਾ ਜਤਨ ਮੇਰੇ ਵਿਚ ਇਕ ਟਿਕਾਉ ਤੇ ਇਕ ਠਰ੍ਹੰਮੇ ਦਾ ਸੁਆਦ ਜੇਹਾ ਪੈਦਾ ਕਰਦਾ ਹੈ। ਮਾਂ ਜੀ! ਇਹ ਵਰਤਦੀ ਹੈ ਮੇਰੇ ਅੰਦਰ।

ਮਾਂ-ਤੇ ਲਾਲ ਜੀ! ਸਾਨੂੰ ਤੁਸੀਂ ਸਹਿਮੇ ਹੋਏ ਦਿਸਦੇ ਹੋ?

 www.sikhbookclub.com

ਸੇਵਾਦਾਸ-ਦਿੱਸਣਾ ਤਾਂ ਹੋਜਾ, ਮੈਨੂੰ ਐਵੇਂ ਬੀਤ ਗਈ ਦਾ ਅਰਮਾਨ ਅਜੇ ਸ਼ਾਂਤ ਨਹੀਂ ਨਾ ਹੋਜਾ, ਹੋ ਜਾਏਗਾ।

ਮਾਂ-ਤੇ ਫੇਰ ਜੋ ਕੁਛ ਲੱਭਾ ਹੈ ਸੋ ਪੱਕ ਤੈਨੂੰ ਸਾਥੋਂ ਨਹੀਂ ਵਿਛੋੜੇਗਾ, ਪੱਕ? ਦੇਖ ਨਿੱਕੇ ਨਿੱਕੇ ਬਾਲਾਂ ਵੱਲ, ਦੇਖ ਬੁੱਢੀ ਮਾਂ ਵੱਲ ਤੇ ਦੇਖ, ਮਾਂ ਪਿਉ ਛੱਡ ਆਈ ਤੇਰੇ ਲੜ ਲੱਗੀ, ਤੇਰੇ ਜੋਗੀ ਹੋ ਰਹੀ, ਅਪਨੀ ਅਪਨਾਈ ਵੱਲ, ਤੇ ਤਰਸ ਕਰੀਂ ਸਭਨਾਂ ਤੇ ਲਾਲ! ਕੰਡ ਨ ਦਿਖਾਈਂ, ਅਸੀਂ ਜੋ ਕਹੇਂਗਾ, ਕਰਾਂਗੇ।

ਸੇਵਾਦਾਸ-(ਮੁਸਕਰਾ ਕੇ ਤੇ ਫੇਰ ਉਦਾਸ ਹੋ ਕੇ) ਮਾਂ ਜੀ! ਤੌਖਲਾ ਨਾ ਕਰੋ, ਮੈਂ ਤਜਾਗੀ ਨਹੀਂ ਹੋਣਾ, ਮੈਂ ਤਾਂ ਮਨ ਦਾ ਤਜਾਗ ਸਿੱਖਣਾ ਹੈ, ਸਰੀਰ ਦੇ ਤਜਾਗੀ ਅੱਗੇ ਥੋੜੇ ਹਨ। ਤੁਸੀਂ ਰਤੀ ਤੌਖਲਾ ਨਾ ਕਰੋ।

ਮਾਂ-ਜੀਉ ਸਦਕੇ ਤੇਰੀ ਮਿੱਠੀ ਜੀਭ ਤੋਂ ਤੇ ਸਚਿਆਰ ਜੀਭ ਤੋਂ, ਪਰ ਪੁੱਤ! ਮਾਂ ਦੀਆਂ ਆਂਦਰਾਂ ਕਮਲੀਆਂ ਹੁੰਦੀਆਂ ਹਨ, ਧੀਰਜ ਬੱਝ ਬੱਝ ਕੇ ਮੈਂ ਕਲਵਲ ਹੋ ਹੋ ਜਾਂਦੀ ਹਾਂ, ਜ਼ਰਾ ਵਧੇਰੇ ਹਾਲ ਦੱਸ, ਕਿਵੇਂ ਹੋਈ? ਇਹ ਜਾਗ ਕਿਵੇਂ ਆਈ? ਕਿਸ ਭਾਗ ਸੁਲੱਖੇ ਕੋਲੋਂ ਆਈ? ਤੇ ਕਿਵੇਂ ਇਹ ਟੁਰੀ ਰਹੇਗੀ ਤੇ ਗ੍ਰਿਹਸਤ ਵਿਚ ਰਹਿ ਕੇ ਜੋਗ ਕਿਵੇਂ ਕਮਾਓਗੇ? ਅੱਗੇ ਤਾਂ ਕਦੇ ਨਹੀਂ ਐਸੀ ਹੋਈ।

ਸੇਵਾਦਾਸ-ਮਾਂ ਜੀ! ਮੈਂ ਤੁਹਾਡੇ ਮੋਹ ਨੂੰ ਤੁਸਾਡੀ ਸੁਖਦਾਈ ਮਮਤਾ ਨੂੰ ਸਮਝਦਾ ਹਾਂ, ਪਰ ਅੰਮੀਏ! ਕੀ ਦਸਾਂ, ਜਦੋਂ ਮੇਹਰ ਹੁੰਦੀ ਹੈ, ਬਹਾਨਾ ਬਣ ਜਾਂਦਾ ਹੈ, ਤੀਰਥ ਜਾਤ੍ਰਾ ਕਰਦਿਆਂ ਮੈਨੂੰ ਸੂੰਹ ਪਈ ਕਿ ਕੋਈ ਨਵਾਂ ਤੀਰਥ ਪ੍ਰਗਟ ਹੋਜਾ ਹੈ ਤੇ ਉਹ ਸਾਡੀ ਪੰਜ ਪਾਣੀਆਂ ਦੀ ਧਰਤੀ ਵਿੱਚ ਹੈ, ਮੈਂ ਕਿਹਾ, "ਚੰਗਾ, ਦਰਸ਼ਨ ਕਰਾਂਗੇ", ਕਿਸੇ ਟਿਕਾਣੇ ਸਫਰ ਵਿੱਚ ਮੈਂ ਕਿਸੇ ਸਿਪਾਹੀ ਬਾਣੇ ਵਾਲੇ ਆਦਮੀ ਨੂੰ ਕੁਛ ਪੜ੍ਹਦਿਆਂ ਡਿੱਠਾ ਤੇ ਮਖੌਲ ਕੀਤਾ, ਮਖੌਲ ਕਰਨਾ ਸੀ ਕਿ ਉਹ ਮੇਰੇ ਗਲ ਪੈ ਗਿਆ, ਮੈਂ ਆਖਾਂ, "ਸਿਪਾਹੀ ਕੀਹ ਤੇ ਜੋਗ ਕੀਹ?" ਤੇ ਉਹ ਕਹੇ, "ਉਹ ਜੋਗ ਕਾਹਦਾ ਜੋ ਹਰ ਕੋਈ ਨਾ ਕਰ ਸਕੇ, ਸਿਪਾਹੀ ਕੀਹ ਤੇ ਵਿਹਾਰੀ ਕੀਹ, ਧੋਬੀ ਕੀਹ ਤੇ ਬਾਣੀਆ ਕੀਹ, ਤਜਾਗੀ ਕੀਹ ਤੇ ਗ੍ਰਿਹਸਤੀ ਕੀ, ਜੋਗ ਉਹ ਜੋ ਸਭ ਨੂੰ ਜੋਗੀ ਬਣਾ ਕੱਢੇ, ਜੇ ਜੋਗ ਨੇ ਹਰ ਕਿਸੇ ਲਈ ਨਹੀਂ ਹੋਣਾ ਤਾਂ ਉਹ ਕਾਹਦਾ ਜੋਗ?" ਤੂੰ ਜਾਣਨੀ ਏਂ ਮੇਰਾ ਜੁਗਤੀ ਸੁਭਾ, ਮੈਂ ਕਰ ਬੈਠਾ ਸਾਂ ਮਖੌਲ, ਮੈਨੂੰ ਲੈਣੇ ਦੇ ਦੇਣੇ ਪੈ ਗਏ, ਉਸ ਤਲਵਰੀਏ ਨੇ, ਉਹ ਗਜਾਨ ਦੇ ਵਾਕ ਕੀਤੇ ਕਿ ਮੈਂ ਹਾਰ ਗਿਆ ਤੇ ਹਰ ਮੰਨੀ। ਪਰ ਹਾਰ ਤੇ ਛੁਟਕਾਰਾ ਨਾ ਹੋਜਾ, ਮੇਰੇ ਅੰਦਰ ਖੋਹ ਲੱਗ ਗਈ ਕਿ ਇਸ ਤੋਂ ਉਹ ਭੇਤ ਮਿਲੇ, ਜਿਸ ਨਾਲ ਗ੍ਰਿਹਿ ਵਿੱਚ ਜੋਗ ਮਿਲੇ। ਬੱਸ ਮਾਂ! ਮੈਂ ਸਿਰ ਜਾਦੂ ਧੂੜੇ ਹੋਏ ਵਾਂਗ ਪਿਆ ਮਗਰ ਮਗਰ ਫਿਰਾਂ, ਉਸਨੇ ਮੈਨੂੰ ਬੜਾ ਕੁਛ ਦੱਸਿਆ, ਪਰ ਆਖਿਆ ਕਿ ਜਦੋਂ ਘਰਾਂ ਨੂੰ ਮੁੜੇਂ ਪਹਾੜੀ ਚੜ੍ਹਨ ਤੋਂ ਪਹਿਲਾਂ ਰਾਵੀ ਬਜਾਸ ਦੇ ਵਿਚਕਾਰ ਅੰਮ੍ਰਿਤ ਤੀਰਥ ਤੇ ਜਾਵੀਂ। ਸੋ ਮਾਂ! ਮੈਂ ਮੁੜਦੀ ਵਾਰ ਓਥੇ ਗਿਆ, ਤੀਰਥ ਡਿੱਠਾ, ਸ਼ਾਹੀ ਸੜਕ ਤੋਂ ਕੋਹ ਸਵਾ ਕੋਹ ਤੇ ਹੈ। ਬੜਾ ਰਮਣੀਕ ਟਿਕਾਣਾ ਹੈ। ਤੀਰਥ ਕਾਹਦਾ ਤੀਰਥ ਰਾਜ ਹੈ, ਦਰਸ਼ਨ ਕਰਕੇ ਬੜੀ ਠੰਡ ਪਈ, ਅੱਠ ਪਹਿਰ ਕੀਰਤਨ ਹੁੰਦਾ ਹੈ,

ਪਰਮੇਸ਼ਰ ਦਾ ਜੱਸ ਬੜੇ ਬੜੇ ਰਸੀਏ ਤੇ ਕਰਨੀ ਵਾਲੇ ਲੋਕ ਕਰਦੇ ਹਨ, ਜਲ ਦੇ ਵਿਚਕਾਰ ਮੰਦਰ ਖੜਾ ਹੈ, ਦਰਸ਼ਨ, ਰੌਸ਼ਨੀ ਸਭੁਆਂ ਅਚਰਜ ਹੈ, ਏਥੇ ਆ ਕੇ ਮੈਨੂੰ ਪਤਾ ਲੱਗਾ ਕਿ ਏਥੇ ਦੋ ਤੀਰਥ ਹਨ, ਇਕ ਇਹ ਤੀਰਥ ਤੇ ਇਕ ਤੀਰਥ ਵਾਲਾ ਆਪ।

ਮਾਂ-(ਉਤਾਵਲੀ ਹੋ ਕੇ) ਕੋਈ ਜੋਗੀ, ਉਹ ਕੌਣ ਸੀ?

ਸੇਵਾਦਾਸ-ਮਾਂ ਉਹ ਗ੍ਰਹਿਸਤੀ ਹੈ।

ਮਾਂ-ਸ਼ੁਕਰ! ਹਾਂ, ਫੇਰ ਕਿਵੇਂ ਹੋਈ?

ਸੇਵਾਦਾਸ-ਪਤਾ ਲੱਗਾ ਕਿ ਇੱਕ ਤਾਂ ਇਹ ਤੀਰਥ ਹੈ, ਤੇ ਇੱਕ ਤੀਰਥ ਰੂਪ ਇਸ ਤੀਰਥ ਦਾ ਵਾਲੀ ਹੈ, ਉਸਦੇ ਦਰਸ਼ਨ ਹੋਣ ਦੀ ਆਸ ਲੱਗੀ, ਉਹ ਇਕ ਪਿੰਡ ਗਏ ਹੋਏ ਸੇ, ਉਡੀਕ ਵਿਚ ਮੈਂ ਠਹਿਰ ਗਿਆ, ਉਹ ਆਏ ਸੱਚ ਮੁੱਚ ਆਏ, ਮੈਂ ਡਿੱਠੇ ਤੇ ਸੱਚੀ ਮੁੱਚੀ ਡਿੱਠੇ, ਡਿੱਠੇ, ਹਾਂ ਮਾਂ (ਨੈਣ ਬੰਦ ਹੋ ਗਏ, ਕੁਝ ਅੱਥਰੂ ਢੱਠੇ) ਹਾਂ ਮਾਂ! ਮੈਂ ਡਿੱਠੇ, ਨੈਣਾਂ ਵਿਚ ਬਹਾਲੇ, ਨੈਣਾਂ ਤੋਂ ਅੰਦਰ ਲੰਘ ਗਏ, ਕਿਤੇ ਅੰਦਰ ਚਲੇ ਗਏ, ਕਿਤੇ ਜਾ ਕੇ ਬਹਿ ਗਏ, ਹੈਂ ਮਾਂ, ਤੱਕੋ ਨਾ, ਟਿਕ ਗਏ, ਅੰਦਰ ਵਾਰ। ਅੰਦਰ ਬਹਿ ਗਏ, ਫੇਰ ਮੈਂ ਨੈਣ ਖੁਹਲੇ ਤਾਂ ਮੇਰੇ ਸਾਹਮਣੇ ਖੜ੍ਹੇ ਸਨ ਤੇ ਤੀਰ ਮੇਰੇ ਸਿਰ ਨਾਲ ਲਾ ਰੱਖਿਆ ਸਾ ਨੇ, ਮੈਂ ਬੇਵਸਾ ਹੋ ਕੇ ਪੈਰਾਂ ਤੇ ਢਹਿ ਪਿਆ, ਮੇਰੇ ਨੈਣ ਬੰਦ ਹੋ ਗਏ ਤਾਂ ਕੀ ਵੇਖਾਂ ਓਹ ਮੇਰੇ ਅੰਦਰ ਓਸੇ ਤਰ੍ਹਾਂ ਬਿਰਾਜੇ ਹਨ! ਫੇਰ ਮੇਰਾ ਜੀ ਨਾ ਕਰੇ ਅੱਖਾਂ ਖੋਲ੍ਹਾਂ, ਮੈਂ ਕਹਾਂ, ਮਤੇ ਬਾਹਰ ਨਾ ਨਿਕਲ ਜਾਣ। ਪਰ ਕੁਛ ਚਿਰ ਮਗਰੋਂ ਮੇਰੇ ਸਿਰ ਤੇ ਪਜਾਰ ਮਿਲਿਆ, ਮੈਂ ਫੇਰ ਤੱਕਿਆ ਤਾਂ ਓਹ ਓਵੇਂ ਖੜ੍ਹੇ ਸਨ, ਨਹੀਂ, ਮੇਰੇ ਪਰ ਝੁਕ ਰਹੇ ਸਨ ਤੇ ਮੇਰੇ ਸਿਰ ਤੇ ਪਜਾਰ ਦੇ ਰਹੇ ਸਨ, ਮੈਂ ਜਾਤਾ ਮੇਰੇ ਅੰਦਰੋਂ ਨਿਕਲ ਆਏ, ਦੇਖਣ ਲਈ ਮੈਂ ਫੇਰ ਨੈਣ ਮੀਟੇ ਤਾਂ ਓਸੇ ਤਰ੍ਹਾਂ ਅੰਦਰ ਵੱਸ ਰਹੇ ਸਨ, ਮੈਂ ਫੇਰ ਬਾਹਰ ਤੱਕਿਆ ਤਾਂ ਕ੍ਰਿਪਾਲ ਮੇਹਰਾਂ ਕਰ ਰਹੇ ਸਨ। ਮੇਰੀ ਸਮਝੇ ਨਾ ਆਯਾ ਕਿ ਅੰਦਰ ਹਨ ਕਿ ਬਾਹਰ? ਕਿ ਨੈਣ ਮੀਟਿਆਂ ਅੰਦਰ ਲੰਘ ਜਾਂਦੇ ਹਨ, ਖੋਹਲਿਆਂ ਬਾਹਰ ਆ ਜਾਂਦੇ ਹਨ। ਮੈਂ ਬਉਰਾ ਜਿਹਾ ਹੋ ਗਿਆ, ਉਹ ਬਉਰਾ ਸਭ ਕੋਈ ਹੋਵੇ, ਤੂੰ ਹੋਵੇਂ, ਤੇਰਾ ਪ੍ਰਵਾਰ ਹੋਵੇ। ਉਹ ਬਉਰਾਪਨ ਹੋਸ਼ਾਂ ਤੋਂ ਸੋਹਣਾ ਹੈ, ਕੀ ਦੱਸਾਂ ਸੁਆਦ ਅੰਮਾਂ! (ਰੋ ਕੇ) ਲੂੰ ਲੂੰ ਵਿਚ ਇਕ ਝਰਨਾਟ ਸੀ ਤੇ ਰਸ ਸੀ ਤੇ ਹਲਕਾਪਨ ਸੀ ਤੇ ਵਿੱਚ ਵਿੱਚ ਇਕ ਲਹਿਰ, ਆਪੇ ਗੁੰਮ ਹੋਣ ਦੀ ਸੀ। ਖੈਰ! ਵੇਖੇ ਬਿਨਾਂ ਕੀ ਪਤਾ। ਜਦੋਂ ਮੈਨੂੰ ਓਸ ਤੀਰਾਂ ਵਾਲੇ ਨੇ ਪਜਾਰ ਦੇ ਦੇ ਕੇ ਰਸ ਵਿਚ ਰੰਗ ਲਿਆ ਤਾਂ ਕਿਹਾ, ਸਾਵਧਾਨ ਹੋ, ਨਿਹਾਲ ਸਿੱਖਾ! ਨਿਹਾਲ। ਜਪ **ਵਾਹਿਗੁਰੂ**। ਤਾਂ ਮਾਂ! ਮੈਂ ਕੀ ਡਿੱਠਾ ਕਿ ਲੂੰ ਲੂੰ ਵਿਚ ਆਪੇ **ਵਾਹਿਗੁਰੂ ਵਾਹਿਗੁਰੂ** ਹੋ ਰਿਹਾ ਹੈ, ਤੇ ਇਕ ਸੁਆਦ ਦੀ ਛਹਿਬਰ ਲੱਗ ਰਹੀ ਹੈ।

ਮਾਂ-(ਕੁਛ ਸੁਆਦ ਵਿੱਚ ਕੁਛ ਘਬਰਾ ਕੇ) ਤੇ...ਤੇ...ਬ...ਬੱਚਾ, ਸਦਾ-ਸ਼ਿਵ ਛੱਡ ਆਇਓਂ?

ਸੇਵਾਦਾਸ-ਨਾ ਮਾਂ, ਲੈ ਆਇਆ, ਸਦਾ ਕਲਜਾਨ ਰੂਪ ਹੈ ਜੇਹੜਾ ਉਹ ਵਸ ਗਿਆ ਲੂੰ ਲੂੰ ਵਿਚ, ਉਹ ਧਸ ਗਿਆ ਅੰਦਰਲੇ ਦੇ ਅੰਦਰ, ਮੈਂ ਛੱਡ ਕਿਉਂ ਆਯਾ? ਹਾਂ, ਇਕ ਨਿਰਜਿੰਦ ਵਹਿਮ ਆਪੇ ਨੂੰ ਚਮੋੜਿਆ ਹੋਯਾ ਸੀ, ਉਹ ਜ਼ਰੂਰ ਢੈ ਪਿਆ। ਮਨ ਦੇ ਖਯਾਲ ਹਨ। ਵਹਿਮ ਹਨ। ਮਨ

ਦੇ ਸਾਜੇ ਦੇਵ, ਮਨ ਦਾ ਆਪਣਾ ਰੂਪ ਹਨ, ਪਰ ਜੋ ਸੱਚੀ ਮੁੱਚੀ ਦਾ ਹੈ ਉਹ ਜੀਉਂਦਾ ਹੈ, ਜਾਗਦਾ ਹੈ। ਉਹਦੇ ਆਯਾਂ ਜਿੰਦ ਆਉਂਦੀ ਹੈ, ਅੰਦਰ ਇਕ ਜਾਗ੍ਰਤ ਹੁੰਦੀ ਹੈ, ਸਦਾ ਜਾਗ ਦੀ ਪ੍ਰਤੀਤੀ ਹੋ ਆਉਂਦੀ ਹੈ। ਸੋ ਮਾਂ! ਮੇਰੇ ਅੰਦਰ ਇਹ ਵਰਤੀ।

ਮਾਂ-ਵਰਤੀ, ਤੇ ਇਹ ਤਾਂ ਚੰਗੀ ਵਰਤੀ, ਸੁੱਖਾਂ ਦੀ ਵਰਤੀ, ਫੇਰ ਹਸਦਾ ਕਿਉਂ ਨਹੀਂ? ਲੱਭਾ, ਕੁਝ ਲੱਭਾ, ਸਭ ਤੋਂ ਚੰਗਾ ਲੱਭਾ, ਫੇਰ ਵੈਰਾਗ ਕਿਉਂ?

ਸੇਵਾਦਾਸ-ਮਾਂ! ਤੌਖਲਾ ਨਾ ਕਰ। ਮੇਰਾ ਵੈਰਾਗ ਮੇਰਾ ਹੈ, ਇਹ ਦਾਤੇ ਦਾ ਨਹੀਂ। ਦਾਤੇ ਤਾਂ ਸੁੱਖ ਤੇ ਰਸ ਤੇ ਠੰਡ ਤੇ ਉਮਾਹ ਬਖਸ਼ਿਆ, ਮੈਨੂੰ ਜਦੋਂ ਸੁਆਦ ਆਵੇ ਹਾਹੁਕਾ ਆ ਘੇਰਦਾ ਹੈ ਕਿ ਹਾਏ! ਮੈਂ ਐਨੀ ਉਮਰਾ ਐਵੇਂ ਕਿਉਂ ਗੁਆਈ? ਇਹ ਅਰਮਾਨ ਮੇਰੀ ਉਦਾਸੀ ਹੈ, ਮੇਰਾ ਧਿਆਨ ਉਸ ਅੰਦਰ ਬੈਠੇ ਦੇ ਰੰਗ ਵਿਚ ਰਹਿਣ ਕਰਕੇ ਮੈਂ ਟਿਕਾਉ ਵਿਚ ਹਾਂ, ਉਂਞ ਮੈਂ ਅੱਗੇ ਤੋਂ ਕਿਤੇ ਵਧੀਕ ਖੁਸ਼ ਹਾਂ। ਪਰ ਖੁਸ਼ੀ ਦੀ ਕਿਸਮ ਹੋਰ ਹੈ।

ਮਾਂ-ਤੇ ਫੇਰ ਪੁੱਤ। ਉਨ੍ਹਾਂ ਕਲਜਾਨ ਰੂਪੀ ਜੀ ਨੇ ਤੁਸਾਂ ਕੀ ਨਾ ਕਿਹਾ, "ਲੈ ਕਮੰਡਲ, ਪਾੜ ਕੱਪੜੇ, ਮਲ ਸੁਆਹ ਤੇ ਬੈਠ ਧੂਣੀ ਰਮਾ ਕੇ?" ਏਸ ਸੁਆਦ ਵਿਚ ਜਿਵੇਂ ਭਰਥਰੀ ਨੂੰ ਕਿਹਾ ਸੀ ਤੇ ਉਹ ਰੋਂਦੀ ਪਿੰਗਲਾ ਛੱਡ ਕੇ, ਸਾਧਨੀ ਹੋ ਕੇ, ਨਾਲ ਸੇਵਾ ਕਰਨ ਦੀ ਬੇਨਤੀ ਕਰਨ ਵਾਲੀ, ਵਿਲਕਦੀ ਨਾਰ ਨੂੰ ਛੱਡ ਕੇ ਟੁਰ ਗਿਆ ਤੇ ਜਿਵੇਂ ਵਾਸਤੇ ਘੱਤਦੀ ਮੈਨਾਂਵੰਤੀ ਨੂੰ ਲੋਂਹਦਿਆਂ ਤੇ ਰਣਵਾਸ ਦੇ ਸਾਰੇ ਸਮਾਜ ਨੂੰ ਛਾਲਾਂ ਮਾਰ ਮਾਰ ਮਰਦਿਆਂ ਵੇਖ ਕੇ ਬੀ ਟੁਰ ਗਿਆ ਸੀ ਗੋਪੀ ਚੰਦ।

ਸੇਵਾਦਾਸ-(ਕਾਹਲਾ ਹੋ ਕੇ) ਨਾ, ਨਾ, ਨਾ ਮਾਂ। ਉਹ ਆਪ ਗ੍ਰਿਹਸਤੀ ਹਨ, ਪਰਵਾਰ ਵਾਲੇ ਹਨ, ਮਾਤਾ ਵਾਲੇ ਹਨ, ਮਾਤਾ ਦਾ ਬੜਾ ਸਤਿਕਾਰ ਕਰਦੇ ਹਨ।

ਮਾਂ-ਫੇਰ ਜੋਗੀ ਹਨ?

ਸੇਵਾਦਾਸ-ਬ੍ਰਹਮ ਜੋਗੀ। ਜੋਗੀਆਂ ਦੇ ਪੂਜਜ। ਜੇ ਕੁਫਰ ਨਾ ਹੋਵੇ ਤਾਂ ਮੈਂ ਕਹਾਂਗਾ ਕਿ ਉਹ ਆਪ ਹਨ, ਸਾਰੇ ਅਵਤਾਰਾਂ ਦੇ ਗੁਰੂ ਹਨ, ਉਤੋਂ ਧੁਰੋਂ ਆਏ ਹਨ।

ਮਾਂ-ਕਿਸੇ ਨੂੰ ਨਹੀਂ ਆਖਦੇ ਕਿ ਸਾਧੂ ਹੋ ਜਾਓ?

ਸੇਵਾਦਾਸ-ਕੋਈ ਤਯਾਗੀ ਆ ਜਾਵੇ ਤਾਂ ਉਸਨੂੰ ਬੀ ਤਾਰਦੇ ਹਨ, ਪਰ ਤਯਾਗ ਉਨ੍ਹਾਂ ਨੇ ਮਾਰਗ ਨਹੀਂ ਬਨਾਯਾ। ਉਹ 'ਪ੍ਰਵਾਣ ਗ੍ਰਿਹਸਤ ਉਦਾਸ' ਦਾ ਮਾਰਗ ਟੋਰ ਰਹੇ ਹਨ। ਗ੍ਰਿਹਸਤ ਵਿਚ ਪਰਮੇਸ਼ਰ ਮਿਲਾਂਦੇ ਹਨ, ਉਂਞ ਵਿਤਕਰਾ ਕੋਈ ਨਹੀਂ ਕਿ ਤਯਾਗੀ ਨੂੰ ਨਹੀਂ ਤਾਰਨਾ, ਤਾਰਦੇ ਸਭ ਨੂੰ ਹਨ, ਪਰ ਗ੍ਰਿਹਸਤੀ ਨੂੰ ਤਯਾਗ ਦਾ ਉਪਦੇਸ਼ ਨਹੀਂ ਕਰਦੇ। ਗ੍ਰਿਹਸਤ ਨੂੰ, ਪਰਿਵਾਰ ਨੂੰ ਹੀ ਉਹ ਪਰਮੇਸ਼ਰ ਰਸੀਏ ਕਰ ਦੇਂਦੇ ਹਨ।

ਮਾਂ-ਵਾਹ ਵਾਹ! ਧੰਨ ਬੱਚਾ ਤੇਰੇ ਭਾਗ, ਤੇ ਧੰਨ ਸਾਡੇ ਭਾਗ! ਤੁਸੀਂ ਲਾਲ ਜੀ! ਉਨ੍ਹਾਂ ਦੀ ਮਾਈ ਦਾ ਦਰਸ਼ਨ ਕੀਤਾ ਹੈ, ਉਹ ਮਾਂ ਨੂੰ ਪਯਾਰ ਕਰਦੇ ਹਨ?

ਸੇਵਾਦਾਸ-(ਮੁਸਕਰਾ ਕੇ) ਹਾਂ ਮਾਂ ਜੀ।


www.sikhbookclub.com

(੨)

**ਇਸ** ਪ੍ਰਕਾਰ ਦੀਆਂ ਗੱਲਾਂ ਬਾਤਾਂ ਮਗਰੋਂ ਮਾਂ ਪੁੱਤ ਵਿਛੜੇ। ਪੁਤ ਨੇ ਬਾਹਰ ਜਾ ਕੇ ਪਾਠ ਕੀਤਾ ਅਰਦਾਸ ਕੀਤੀ, ਘਰ ਆਯਾ, ਪ੍ਰਸ਼ਾਦ ਛਕਿਆ ਤੇ ਸੌਂ ਗਿਆ। ਮਾਂ ਬੀ ਰੋਟੀ ਖਾ ਕੇ ਸੌਂ ਗਈ। ਪਰ ਪਹਿਲਾ ਠੌਂਕਾ ਘੰਟੇ ਕੁ ਦੀ ਨੀਂਦ ਦੇ ਮਗਰੋਂ ਖੁੱਲ੍ਹ ਗਿਆ ਤੇ ਫੇਰ ਨੀਂਦ ਨਾ ਪਵੇ, ਪੁੱਤ ਨਾਲ ਕੀਤੇ ਬਚਨ ਅੱਖਾਂ ਅੱਗੇ ਆਉਣ। ਤਯਾਗ ਕੀਤੇ ਬਿਨਾਂ, ਟੱਬਰ ਛੱਡੇ ਬਿਨਾਂ 'ਜੋਗ' ਐਡੀ ਅਚਰਜ ਗੱਲ ਸੀ ਕਿ ਪੰਡਤਾਣੀ ਇਸਨੂੰ ਮੰਨ ਨਹੀਂ ਸਕਦੀ ਸੀ, ਪਰ ਹੁਣ ਸਾਹਮਣੇ ਆਪਣੇ ਪੁੱਤ ਨੂੰ ਵੇਖਦੀ ਸੀ, ਤੇ ਪੁੱਤ ਦੇ ਤਾਰਨਹਾਰ ਦੇ ਹਾਲ ਸੁਣਦੀ ਸੀ। ਕਿੰਨਾ ਚਿਰ ਸੋਚਾਂ ਸੋਚ ਕੇ ਉਸਦੇ ਮਨ ਨੇ ਐਉਂ ਵਿਚਾਰਿਆ ਕਿ ਹੁਣ ਕਲਜੁਗ ਹੈ, ਜੀਵਾਂ ਦੇ ਬਲ ਘਟ ਗਏ ਹਨ, ਸੱਤਯਾ ਤੇ ਸਤ ਦੋਵੇਂ ਨੀਵੇਂ ਹੋ ਗਏ ਹਨ, ਨਾ ਸਰੀਰ ਵਿਚ ਤਤਿੱਖਯਾ ਦਾ ਬਲ ਹੈ, ਨਾ ਮਨ ਵਿਚ ਤਯਾਗ ਲਈ ਕਾਫੀ ਹੱਠ ਹੈ, ਭਗਵਾਨ ਨੇ ਜਗਤ ਦੀ ਕਲਯਾਨ ਕਰਨੀ ਹੋਈ, ਇਸ ਕਰਕੇ ਸੌ ਵਿਸਵਾ ਉਹ ਆਪ ਆਯਾ ਹੈ, ਜੋ ਜੀਵਾਂ ਦਾ ਉਧਾਰ ਕਿਸੇ ਸੌਖੇ ਰਸਤੇ ਕਰੇ। ਗ੍ਰਿਹਿਸਤ ਵਿਚ ਉਦਾਸ ਕੋਈ ਨਵਾਂ ਸ਼ਾਸਤ੍ਰ ਹੈ, ਨਵਾਂ ਤ੍ਰੀਕਾ ਹੈ, ਹਾਂ ਜੁਗ ਜੁਗ ਦਾ ਅਵਤਾਰ ਹੁੰਦਾ ਆਯਾ ਹੈ, ਕਲਜੁਗ ਦਾ ਅਵਤਾਰ ਨਹੀਂ ਸੀ ਹੋਯਾ, ਹੁਣ ਏਸ ਜੁਗ ਦੀ ਲੋੜ ਮੂਜਬ ਆਪ ਆਯਾ ਹੋਣਾ ਹੈ, ਨਹੀਂ ਤਾਂ ਪੁਤ੍ਰਾਂ ਧੀਆਂ, ਮਾਵਾਂ, ਭੈਣਾਂ ਵਿਚ ਬੈਠਿਆਂ ਆਤਮਾ ਦੀ ਕਲਯਾਨ ਕਿਵੇਂ?

ਹਾਂ ਸੱਚੀਂ, ਬੱਚਾ ਆਖਦਾ ਸੀ ਮੈਂ ਦਰਸ਼ਨ ਕੀਤਾ ਤਾਂ ਮੇਰੇ ਅੰਦਰ ਜਾ ਵੱਸੇ ਤੇ ਹੁਣ ਤੱਕ ਵਸਦੇ ਹਨ। ਏਹ ਅੰਦਰ ਕੌਣ ਵੱਸ ਸਕਦਾ ਹੈ, ਇਹ ਪ੍ਰਤੱਖ ਸ਼ਕਤੀ ਹੈ, ਇਹ ਕਰਾਮਾਤ ਹੈ, ਇਹ ਅਵਤਾਰ ਦੀ ਨਿਸ਼ਾਨੀ ਹੈ, ਤਾਰਨਹਾਰ, ਠੀਕ ਹੈ, ਭਲਾ ਸੇਵਾਦਾਸ ਐਡਾ ਮਖੌਲੀਆ ਰਾਹ ਜਾਂਦੇ ਨੂੰ ਜੁਗਤ ਕਰੇ, ਇਹ ਕਿਸ ਤੋਂ ਸੱਟ ਖਾਂਦਾ ਸੀ, ਸੱਟ ਬੀ ਕੇਹੀ ਖਾਧੀ ਸੂ। ਮੇਰਾ ਦੁਲਾਰਾ, ਵਹੁਟੀ ਦਾ ਪਯਾਰਾ, ਬਾਲਾਂ ਦਾ ਪ੍ਰੇਮੀ, ਕਿਸ ਤਰ੍ਹਾਂ ਆਪਣੇ ਧਯਾਨ ਮਗਨ ਰਹਿੰਦਾ ਹੈ, ਹੈਂ! ਅਸੀਂ ਜਾਤਾ ਦੁੱਖੀ ਹੈ, ਉਦਾਸ ਹੈ, ਪਰ ਉਹ ਅੰਦਰੋਂ ਲਾਲ ਗੁਲਾਲ ਸੀ। ਵਾਹ ਵਾ, ਮੇਰੇ ਲਾਲ! ਤੂੰ ਠੀਕ ਠੋਕਰ ਖਾਧੀ, ਕਿਸੇ ਨੂੰ ਮਖੌਲ ਕੀਤਾ ਸਿਪਾਹੀਜ਼ਾਦੇ ਨੂੰ, ਹੈਂ, ਮਖੌਲੋਂ ਦਰੋਪਤੀ ਮਾਰੀ ਗਈ, ਪਰ ਤੂੰ ਤਰ ਗਿਆ, ਸਿਪਾਹੀ ਜੋਗੀ ਹੋਊ, ਕੁਸ਼ਲ, ਜੋਗੀ ਜਿਸਨੇ ਮਖੌਲ ਦੇ ਬਦਲੇ ਪੁੱਤ ਨੂੰ ਸੱਚੇ ਮਾਰਗ ਪਾ ਦਿੱਤਾ।

ਵਾਹ ਵਾਹ ਭਾਗ ਹੋਏ! ਜੇ ਪੁੱਤ ਘਰੋਂ ਨਾਂ ਟੁਰ ਜਾਏ ਤੇ ਜੋਗ ਕਮਾਏ ਤਾਂ ਮੈਂ ਕਿਉਂ ਓਦਰਾਂ? ਖੁਸ਼ ਨਾ ਹੋਵਾਂ, ਸ਼ੁਕਰ ਨਾ ਕਰਾਂ, ਅੱਜ ਮੈਨਾਂਵੰਤੀ ਹੁੰਦੀ, ਕਿਉਂ ਰੋ ਰੋ ਮਰਦੀ। ਪੁੱਤ ਨੂੰ ਤਖਤ ਤੇ ਬੈਠਾ ਜੋਗ ਕਮਾਂਦਾ ਵੇਖਦੀ, ਪਰ ਜੁਗਾਂ ਦੇ ਧਰਮ। ਹਾਂ ਪਿੰਗਲਾ ਕਿਉਂ ਰੋ ਰੋ ਮਰਦੀ, ਕਿਉਂ ਨਾ ਭਰਥਰੀ ਰਾਜ ਕਮਾਂਦਾ ਤੇ ਪਿੰਗਲਾ ਦੇ ਮੰਦਰਾਂ ਵਿਚ ਰਾਤ ਭਜਨ ਵਿੱਚ ਲਾਂਦਾ। ਵੇਖਾਂ ਅਸੀਂ ਸੌਂ ਗਏ ਹਾਂ, ਪੁੱਤ ਸੌਂ ਗਿਆ ਹੈ, ਅੱਧੀ ਰਾਤ ਬੀਤੀ ਹੈ। ਵੇਖੋ ਲਾਲ ਖੁੰਬ ਵਾਂਙੂ ਉਠ ਬੈਠਾ ਹੈ, ਅਪਨੇ ਮੰਜੇ ਤੇ ਹੀ ਆਸਨ ਲਾਏ ਧਯਾਨ-ਮਗਨ ਹੈ, ਪਿੰਗਲਾ ਆਖਦੀ ਸੀ "ਬਾਗ ਵਿਚ ਬੰਗਲਾ ਪੁਆ ਦੇਂਦੀ ਹਾਂ, ਤੂੰ ਜੋਗ ਕਮਾ, ਮੈਂ ਦਰਸ਼ਨ ਕਰਾਂ।" ਪਰ ਭਰਥਰੀ ਆਖੇ "ਜੋਗ ਹੋ ਹੀ ਨਹੀਂ ਸਕਦਾ", ਦੇਖੋ


www.sikhbookclub.com

ਮੇਰੀ ਕਰਮਾਂ ਵਾਲੀ ਨੂੰਹ ਦਾ ਪਤੀ, ਕਿਸ ਤਰ੍ਹਾਂ ਸਾਨੂੰ ਸੁੱਤਾ ਜਾਣ ਕੇ ਘਰ ਨੂੰ ਬਨ ਬਣਾ ਬੈਠਾ ਹੈ, ਹੁਣ ਘਰ ਬਨ ਹੈ। ਸਾਰੇ ਸੁੱਤੇ ਪਏ ਹਨ। ਸੁੱਤਾ ਮੋਜਾ ਇਕ ਬਰਾਬਰ ਹੈ, ਘਰ ਨੂੰ ਉਜਾੜ ਵੇਖਕੇ ਮੇਰਾ ਲਾਲ ਬਨਬਾਸੀ ਰਿਖੀ ਸਮਾਨ ਕਿਸ ਤਰ੍ਹਾਂ ਆਸਣ ਲਾ ਬੈਠਾ ਹੈ, ਸੱਚ ਮੁੱਚ ਇਹ ਮਾਰਗ ਨਵਾਂ ਹੈ, ਚੰਗਾ ਹੈ ਤੇ ਸੋਹਣਾ ਹੈ, ਵਿਛੋੜੇ ਦੇ ਸੱਲ ਤਾਂ ਨਹੀਂ ਸਹਿਣੇ ਪੈਂਦੇ।

ਹਾਂ, ਹੇ ਮੇਰੇ ਮਨ! ਸ਼ੁਕਰ ਹੈ ਲਾਲ ਨਹੀਂ ਵਿਛੜੇਗਾ, ਪਰ ਤੂੰ ਤਾਂ ਵਿਛੜਨਾ ਹੈ, ਤੂੰ ਬਿਰਧ ਹੈਂ, ਮਰਨ ਕਿਨਾਰੇ ਹੈਂ, ਮਰ ਕੇ ਤਾਂ ਵਿਛੜਸੇਂ (ਰੋ ਕੇ) ਹਾਇ। ਮੈਂ ਆਪਣੇ ਪਜਾਰੇ ਪੁੱਤ ਤੋਂ ਵਿਛੜਸਾਂ। ਹਾਇ! ਮੈਂ ਕੀ ਕਰਾਂ? ਉਮਰਾ ਨਹੀਂ ਵਧ ਸਕਦੀ! ਸਦਾ ਦਾ ਏਹ ਜੀਉਣਾ ਹੀ ਨਹੀਂ, ਤਾਂ ਤੇ ਮਰਨਾ ਹੈ! ਮਰਕੇ ਅੱਗੇ ਕੀ ਹੈ? ਪਤਾ ਨਹੀਂ, ਲੇਖਾ ਦੇਣਾ ਹੈ, ਕਰਮ ਚੰਗੇ ਨਹੀਂ, ਮੋਹ ਮਾਯਾ ਦਾ ਜ਼ਾਲ ਹੈ, ਮੈਂ ਫਸੀ ਪਈ ਹਾਂ, ਕਿਵੇਂ ਛੁੱਟਾਂ? (ਡੋਬ ਪੈ ਗਿਆ)।

(ਜਾਗ ਕੇ) ਮੈਂ ਕਿਉਂ ਭੁੱਲੀ ਫਿਰਦੀ ਹਾਂ। ਮੇਰੇ ਤਾਂ ਘਰ ਵਿੱਚ ਗੰਗਾ ਆ ਗਈ, ਜਦੋਂ ਪੁੱਤ ਨੂੰ ਕੋਈ ਦਾਤਾ ਮਿਲ ਪਿਆ ਹੈ ਜੋ ਗ੍ਰਿਹਸਤ ਵਿੱਚ ਨਿਰਬਾਨ ਕਰਦਾ ਹੈ ਤਾਂ ਮੇਰੇ ਪੁਰ ਬੀ ਤ੍ਰੁਠ ਸਕਦਾ ਹੈ। ਹੈਂ! ਕਿਉਂ ਨਹੀਂ! ਤ੍ਰੁਠ ਸੱਕਦਾ ਹੈ, ਜਦ ਉਹ ਆਪੇ ਹੈ ਤੇ ਬਿਰਦ ਹੈ ਤਾਰਨਹਾਰ, ਕਲਜਾਨ ਅਸਾਂ ਜੀਵਾਂ ਦੀ, ਤਦ ਫੇਰ ਮੈਂ ਜੇਹੀ ਬੀ ਤਰ ਸਕੇਗੀ। ਹੈਂ! ਮੈਂ ਸਵੇਰੇ ਲਾਲ ਨਾਲ ਗੱਲਾਂ ਕਰਾਂ, ਜੇ ਮੇਰਾ ਬੀ ਕੁਛ ਬਣ ਸਕੇ। ਮੇਰੇ ਅੰਦਰ ਮੋਹ ਤਾਂ ਅਗਲਾ ਹੈ, ਡਾਢਾ ਡੂੰਘਾ ਹੈ, ਮੇਰਾ ਬੀ ਛੁੱਟ ਸਕਸੀ। ਕੀਹ ਜਾਣੀਏਂ ਖਬਰੇ, ਪਰ ਅਵਤਾਰ ਅੱਗੇ ਕੀ ਔਖ ਹੈ, ਜੋ ਚਾਹੇ ਕਰ ਸਕੇ, ਹੋਜਾ ਜੋ ਅਵਤਾਰ। ਚੰਗਾ (ਹੁਲਾਰਾ ਖਾ ਕੇ) ਕੀਹ ਜਾਣੀਏ, ਅੰਤ ਵੇਲੇ ਮੈਂ ਬੀ ਤਰ ਜਾਣਾ ਹੋਵੇ। ਅਸਮਾਨ ਦੇ ਤਾਰੇ ਕੇਹੇ ਸੋਹਣੇ ਹਨ, ਨੀਲ ਕਿਹਾ ਨਿੱਤਰਦਾ ਹੈ, ਅੰਦਰੋਂ ਸ਼ੀਤਾਂ ਵਿੱਚੋਂ ਕੇਹੀ ਝਲਕ ਸੋਹਣੀ ਪੈਂਦੀ ਹੈ। ਹੱਛਾ ਮਨ! ਉਤਾਵਲਾ ਨਾ ਹੋ, ਦਿਨ ਚੜ੍ਹਨ ਦੇ।

ਏਨੇਂ ਨੂੰ ਸੇਵਾਦਾਸ ਉਠ ਬੈਠਾ, ਕੁਛ ਪੜ੍ਹਦੇ ਇਸ਼ਨਾਨ ਕੀਤੋ ਸੁ; ਫੇਰ ਜਪਦਾ ਜਪਦਾ ਬੈਠ ਗਿਆ, ਇਧਰ ਬੁੱਢੀ ਮਾਈ ਨੂੰ ਨੀਂਦ ਨੇ ਘੁੱਟ ਲਿਆ।

ਦਿਨ ਚੜ੍ਹਿਆ, ਸੇਵਾਦਾਸ ਕਾਰੇ ਗਿਆ, ਜਦੋਂ ਵੇਹਲਾ ਹੋ ਕੇ ਘਰ ਰੋਟੀ ਖਾਣ ਆਯਾ ਤਾਂ ਮਾਂ ਪਾਸ ਆ ਬੈਠੀ। "ਬੱਚਾ! ਲਾਲ ਮੇਰੇ, ਚਿੱਤ ਸੁੱਖੀ ਹੈ?"

ਪੁੱਤ-ਹਾਂ ਮਾਂ, ਮੈਂ ਸੁੱਖੀ ਹਾਂ।

ਮਾਂ-ਅੱਜ ਕੁਛ ਉਦਾਸੀ ਬੀ ਘੱਟ ਹੈ।

ਪੁੱਤ-ਹਾਂ ਮਾਂ, ਅੱਜ ਚਿੱਤ ਚਰਨਾਂ ਕਵਲਾਂ ਵਿੱਚ ਲੱਗਾ ਰਿਹਾ ਹੈ।

ਮਾਂ-ਲਾਲ! ਉਹੋ ਦਾਤਾ ਜੀ, ਜੋ ਤੈਨੂੰ ਮਿਲੇ ਹਨ, ਸਭ ਦਾ ਕਲਜਾਨ ਕਰਦੇ ਹਨ?

ਪੁੱਤ-ਹਾਂ ਮਾਂ।

ਮਾਂ-ਮਰਦਾਂ ਦਾ ਕਿ ਤ੍ਰੀਮਤਾਂ ਦਾ ਬੀ?

ਪੁੱਤ-ਸਭ ਦਾ।


www.sikhbookclub.com

ਮਾਂ-ਤ੍ਰੀਮਤਾਂ ਨੂੰ ਤਾਂ ਸਾਡੇ ਬ੍ਰਾਹਮਣ ਮੰਤ੍ਰ ਬੀ ਨਹੀਂ ਦੇਂਦੇ?

ਪੁੱਤ-ਉਹ ਵਿਤਕਰਾ ਜਾਣਦੇ ਹੀ ਨਹੀਂ, ਮਰਦ ਤ੍ਰੀਮਤ ਸਭ ਨੂੰ ਪਰਮੇਸੁਰ ਦੇ ਚਰਨੀਂ ਲਾਂਦੇ ਹਨ।

ਮਾਂ-ਤੇ ਬੁੱਢਿਆਂ ਠੇਰਿਆਂ ਦੀ ਬੀ?

ਪੁੱਤ-ਹਾਂ ਮਾਂ, ਉਹ ਆਖਦੇ ਹਨ:-

**"ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥੧੩॥"**

{ਮਹਲਾ ੩, ਸਲੋਕ ਸ਼ੇਖ ਫਰੀਦ ਕੇ, ਪੰਨਾ ੧੩੭੮}

ਮਾਂ-ਸ਼ੁਕਰ ਹੈ, ਸ਼ੁਕਰ ਹੈ।

ਪੁੱਤ-ਅੰਮਾ! ਕੀ ਗੱਲ ਹੈ?

ਮਾਂ-ਬੱਚਾ! ਐਤਨੇ ਦਿਨ ਤਾਂ ਮੈਨੂੰ ਏਸ ਤੌਖਲੇ ਖਾਧਾ ਕਿ ਤੇਰੇ ਤੌਰ ਬਦਲ ਚੁੱਕੇ ਹਨ, ਕੋਈ ਕਾਰੀ ਤੀਰ ਲੱਗ ਗਿਆ ਹੈ, ਤੂੰ ਕਿਸੇ ਵੇਲੇ ਮੇਰੇ ਨਾਲ ਮੈਨਾਂਵੰਤੀ ਵਾਲਾ ਹਾਲ ਕਰਨਾ ਹੈ, ਪਰ ਕੱਲ੍ਹ ਦੀਆਂ ਗੱਲਾਂ ਤੋਂ ਮਗਰੋਂ ਇਧਰੋਂ ਠੰਡ ਪਈ ਪਰ ਹੋਰ ਲੱਗ ਉੱਠੀ, ਤੇ ਉਹ ਇਹ ਕਿ ਮੈਂ ਬਿਰਧ ਹਾਂ, ਤੇ ਮਰਨ ਕਿਨਾਰੇ ਹਾਂ, ਮੈਂ ਮਰ ਕੇ ਲਾਲ ਤੋਂ ਵਿੱਛੜ ਜਾਸਾਂ, ਇਸ ਵਿਜੋਗ ਰਾਤੀਂ ਨੀਂਦ ਨਹੀਂ ਪੈਣ ਦਿੱਤੀ, ਕਈ ਤੰਦਣ ਤਾਣ ਸੋਚਦੀ ਨੂੰ ਛੇਕੜ ਇਸ ਗੱਲ ਧਿਆਨ ਬੰਨ੍ਹਾ ਦਿੱਤਾ ਕਿ ਖਬਰੇ ਤੇਰੇ ਦਾਤਾ ਜੀ ਮੇਰਾ ਮੋਹ ਮਾਯਾ ਦਾ ਜਾਲ ਕੱਟ ਦੇਣ ਤਾਂ ਮੈਂ ਬੀ ਬੀਤ ਰਾਗ ਹੋ ਮਰਾਂ। ਏਸ ਕਰਕੇ ਪੁੱਛਿਆ ਸੀ ਕਿ ਕਿਤੇ ਮੈਂ ਬੇਲੋੜੀ ਦੀ ਬੀ ਠੌਰ ਹੈ?

ਪੁੱਤ-(ਅੱਖਾਂ ਮੀਟ ਕੇ ਫੇਰ ਖੋਹਲ ਕੇ) ਅੰਮਾ! ਮੋਹ ਮਾਯਾ ਜ਼ੋਰ ਨਾਲ ਨਹੀਂ ਟੁਟਦੀ, ਮੋਹ ਮਮਤਾ ਤਾਂ ਸਾਡੇ ਆਪੇ ਦੀ ਕੋਈ ਤਾਕਤ ਹੈ, ਜੋ ਬੇਟਿਕਾਣੇ ਲੱਗ ਰਹੀ ਹੈ, ਇਸ ਨੂੰ ਟਿਕਾਣੇ ਲਾਯਾਂ ਇਹ ਮਰਦੀ ਹੈ, ਨਹੀਂ। ਇਹ ਮਰਦੀ ਨਹੀਂ, ਇਹ ਕਾਯਾ ਪਲਟਦੀ ਹੈ, ਰੂਪ ਵਟਾਂਦੀ ਹੈ, ਪਜਾਰ ਹੋ, ਪਜਾਰ ਪ੍ਰੇਮ ਬਣ ਜਾਂਦੀ ਹੈ, ਪ੍ਰੇਮ ਸਾਡਾ ਆਪਾ ਹੈ, ਪ੍ਰੇਮ ਵਾਹਿਗੁਰੂ ਹੈ, ਪ੍ਰੇਮ ਵਿਚਲੀ ਡੋਰ ਹੈ ਜੋ ਵਿਛੜੇ ਮੇਲਦੀ ਹੈ। ਸੋ ਉਹ ਦਾਤਾ ਪ੍ਰੇਮ ਹੈ, ਪ੍ਰੇਮ ਦਾਤ ਕਰਦਾ ਹੈ, ਉਨ੍ਹਾਂ ਦੇ ਚਰਨਾਂ ਨਾਲ ਪ੍ਰੇਮ ਲਾਓ; ਮੋਹ ਮਮਤਾ ਆਪ ਕੱਟੀ ਗਈ। ਇਹ ਮੋਹ ਜਦ "ਮੈਂ ਮੇਰੀ" ਨੂੰ ਲੈ ਕੇ, ਗਰਜ਼ਾਂ ਨੂੰ ਲੈ ਕੇ ਅਪਨੱਤਾਂ ਪਾ ਕੇ, ਕਿਤੇ ਲੱਗ ਜਾਂਦਾ ਹੈ ਤਾਂ ਜਿੱਥੇ ਲਗਦਾ ਹੈ ਉਨ੍ਹਾਂ ਵਿੱਚ ਫਸਾ ਦੇਂਦਾ ਹੈ, ਤੇ ਜੇ ਇਹੋ ਮਾਲਕ ਪਰਮੇਸੁਰ ਵਿੱਚ ਲੱਗੇ ਤਾਂ ਸਭ ਥਾਉਂ ਤੋੜ ਦੇਂਦਾ ਹੈ, ਸਾਈਂ ਵਿੱਚ ਲੱਗਣਾ ਸਾਰੇ ਹੋਰ ਥਾਵਾਂ ਤੋਂ ਤ੍ਰੁਟ ਜਾਣਾ ਹੈ।

ਮਾਂ-ਵਾਰੀ ਲਾਲ ਵੇ। ਫੇਰ ਸਮਝਾਵੇਂ ਨਾ!

ਪੁੱਤ-ਮਾਂ ਜੀ! ਰੱਬ ਵਾਹਿਗੁਰੂ ਪਰਮੇਸੁਰ ਸਾਡਾ ਪਿਤਾ ਹੈ, ਅਸੀਂ ਪੁੱਤ ਹਾਂ, ਉਸ ਨੂੰ ਵਿਸਾਰ ਕੇ ਜਗਤ ਵਿੱਚ ਰੁੱਝ ਗਏ ਹਾਂ। ਇਹ ਰੱਬ ਨੂੰ ਵਿਸਾਰ ਕੇ ਜਗਤ ਵਿਚ ਰੁਝਣਾ 'ਮੋਹ' ਹੈ। ਅਸੀਂ ਵਿਸਾਰੇ ਨੂੰ ਛੱਡ ਕੇ ਰੱਬ ਦੀ ਯਾਦ ਵਿੱਚ ਲੱਗੀਏ, ਇਹ ਰੱਬ ਦੀ ਯਾਦ, ਰੱਬ ਦਾ ਪਿਆਰ ਹੈ, ਜੋ

ਯਾਦ ਕਰਦਾ ਹੈ, ਸੋ ਯਾਦ ਕਰਦਾ ਕਰਦਾ ਪ੍ਰੇਮੀ ਹੋ ਜਾਂਦਾ ਹੈ, ਜੋ ਰੱਬ ਦਾ ਪ੍ਰੇਮੀ ਹੈ, ਸੋ ਹੋਰ ਕਿਸੇ ਜਗਤ ਜੁਗਤ ਦਾ ਪ੍ਰੇਮੀ ਨਹੀਂ ਰਹਿ ਜਾਂਦਾ।

ਮਾਂ-ਠੀਕ, ਹੁਣ ਮੈਂ ਸਮਝੀ। ਚਾਲੀ ਸੇਰੀ ਗੱਲ ਆਖੀ ਆ।

ਪੁੱਤ-ਪਰ ਇਹ ਮਾਂ, ਮੇਹਰ ਹੈ ਦਾਤੇ ਦੀ।

ਮਾਂ-ਫੇਰ, ਮੈਂ ਕਿਵੇਂ ਕਰਾਂ, ਮੇਰੇ ਤੇ ਬੀ ਮੇਹਰ ਕਰਾ, ਲੈ ਚਲ।

ਪੁੱਤ-ਮੈਂ ਲੈ ਚਲਦਾ ਹਾਂ, ਪਰ ਸੈਆਂ ਕੋਹਾਂ ਦਾ ਪੰਧ ਹੈ, ਰਸਤੇ ਬਿਖੜੇ ਹਨ, ਤੁਸਾਡੀ ਉਮਰਾ ਡਾਢੀ ਬਿਰਧ ਹੈ, ਸਰੀਰ ਸਫਰ ਦੀ ਖੇਚਲ ਝੱਲਣ ਨਹੀਂ ਲੱਗਾ। ਕਿਤੇ ਉਹ ਨਾ ਹੋਵੇ, ਮੈਂ ਘਰੋਂ ਲੈ ਟੁਰਾਂ ਤੇ ਤੁਸਾਡਾ ਸਰੀਰ ਰਸਤੇ ਵਿੱਚ ਦੁੱਖ ਨਾ ਝੱਲ ਸਕੇ ਤੇ ਬਿਨ ਮਿਲੇ ਹੀ ਟੁਰ ਜਾਏ।

ਮਾਂ-(ਰੋ ਕੇ) ਫੇਰ ਮੈਂ ਕਿਵੇਂ ਕਰਾਂ? ਲਾਲ ਜੀ, ਮੇਰੇ ਅਪਨੇ ਅੰਦਰ ਬੜੀ ਲਾਲਸਾ ਲੱਗ ਪਈ ਹੈ ਚਰਨ ਪਰਸਨ ਦੀ।

ਪੁੱਤ-ਤੁਸੀਂ ਇੱਥੇ ਘਰ ਬੈਠੇ ਹੀ ਅਰਾਧਨਾ ਕਰੋ। ਉਹ ਘਟ ਘਟ ਦੀ ਜਾਣਨਹਾਰ ਹਨ, ਦਿਲਾਂ ਦੇ ਪਜਾਰ ਨੂੰ ਸਮਝ ਜਾਂਦੇ ਹਨ, ਪਜਾਰ ਝਰਨਾਟਾਂ ਅੱਗੇ ਝਰਨਾਟ ਖਾ ਜਾਂਦੇ ਹਨ, ਤੇ ਤ੍ਰੁਠਕੇ ਪਿਰਮ ਰਸਾਂ ਦਾ ਦਾਨ ਦੇ ਦੇਂਦੇ ਹਨ। ਉਨ੍ਹਾਂ ਦੇ ਸਦਾ ਜਾਗਦੇ ਮਨ ਨੂੰ ਦੇਸ ਕਾਲ ਦੀ ਕੈਦ ਬੰਨ੍ਹਦੀ ਨਹੀਂ, ਹੱਦ ਬੰਨੇ ਰੋਕਦੀ ਨਹੀਂ। ਜੇ ਤੁਸਾਡੀ ਅਰਾਧਨਾ ਸੱਚ ਦੀ ਹੋਊ ਤਾਂ ਇੱਥੇ ਬੈਠਿਆਂ 'ਮੇਹਰਾਂ ਦੇ ਸਾਈਂ' ਮੇਹਰਾਂ ਕਰ ਦੇਣਗੇ।

ਇਸ ਤਰ੍ਹਾਂ ਦੀ ਗਲ ਬਾਤ ਦੇ ਮਗਰੋਂ ਸੇਵਾਦਾਸ ਦਾ ਘਰ ਵਿੱਚ ਸਿੱਖੀ ਤੋਰਾ ਖੁੱਲ੍ਹਾ ਹੋ ਗਿਆ। ਘਰ ਸਿੱਖਾਂ ਦਾ ਪ੍ਰਸਾਦ ਕਰਨਾ, ਕੜਾਹ ਪ੍ਰਸਾਦ ਕਰਾਣਾ, ਸੰਗ੍ਰਾਂਦ, ਮੱਸਜਾ, ਗੁਰਪੁਰਬ ਨੂੰ ਕਦੇ ਇਨ੍ਹਾਂ ਦੇ ਘਰ, ਕਦੇ ਕਿਸੇ ਸਿੱਖ ਦੇ ਘਰ ਜੋੜ ਮੇਲ ਹੋਣਾ, ਉਥੇ ਮਾਈ ਨੇ ਪੁਤ੍ਰ ਨਾਲ ਸੇਵਾ ਵਿਚ ਸ਼ਾਮਲ ਹੋਣਾ। ਘਰ ਵਿੱਚ ਬਾਣੀ ਦਾ ਪਾਠ ਕੀਰਤਨ ਬੀ ਖੁੱਲ੍ਹਾ ਹੋਣ ਲਗ ਪਿਆ, ਮਾਈ ਨੇ ਬੀ ਜਪੁ ਸਾਹਿਬ ਕੰਠ ਕੀਤਾ ਤੇ ਪਾਠ ਅਰੰਭ ਦਿਤਾ। ਦਿਨ ਦਿਨ ਇਸ ਤਰ੍ਹਾਂ ਸਤਿਸੰਗ ਹੋਣ ਲੱਗੇ। ਜਿਉਂ ਜਿਉਂ ਮਾਈ ਨੂੰ ਬਾਣੀ, ਕੀਰਤਨ, ਸਤਿਸੰਗ ਦੇ ਰੰਗ ਅੰਤਰ-ਆਤਮੇ ਸੁੱਖ ਦੇਣ ਲੱਗੇ ਤੇ ਗੁਰ-ਦਰਸ਼ਨਾਂ ਦੀ ਤਾਂਘ ਵਧਣ ਲੱਗੀ। ਅਪਨੇ ਸਰੀਰ ਦਾ ਬੁਢੇਪਾ ਤੇ ਕਮਜ਼ੋਰੀ ਵਲੋਂ ਉਹ ਜਾਣਦੀ ਸੀ ਕਿ ਮੈਂ ਅੱਪੜ ਕੇ ਦਰਸ਼ਨ ਨਹੀਂ ਕਰ ਸਕਦੀ, ਤੇ ਬਾਣੀ ਭਜਨ ਪਾਠ ਕਰਕੇ ਉਹ ਅਪਨੇ ਮਨ ਦੇ ਟਿਕਣ ਤੋਂ ਆਤਮ ਸੁੱਖ ਦੀ ਪ੍ਰਾਪਤੀ ਬੀ ਜਾਣਦੀ ਸੀ, ਪਰ ਜਗਤ ਵਿੱਚ ਆਏ ਪਰਤੱਖ ਅੱਖਾਂ ਨਾਲ ਦਿੱਸ ਪੈਣ ਵਾਲੀ ਸੂਰਤ ਵਿਚ ਵਿਚਰਦੇ ਸਰੂਪ ਦੇ ਦਰਸ਼ਨਾਂ ਦੀ ਕਾਮਨਾ ਕਿਵੇਂ ਬੀ ਮਿਟ ਨਹੀਂ ਸਕਦੀ ਸੀ। ਮਾਈ ਸਤਿਸੰਗ ਵਿਚ ਜਾਂਦੀ, ਸੰਗਤ ਦੇ ਦਿਦਾਰ ਵਿਚ ਗੁਰੂ ਦਾ ਦਿਦਾਰ ਸੁਣਦੀ, ਸ਼ਰਧਾ ਧਾਰ ਕੇ ਵੇਖਦੀ, ਪਰ ਉਸ ਖੜਗਧਾਰੀ ਤਾਰਨਹਾਰ ਮੂਰਤੀ ਦੇ ਦਰਸ਼ਨਾਂ ਦੀ ਸਿੱਕ ਨਾ ਮਿਟਦੀ। ਇਸ ਸਿੱਕ ਦੇ ਕਾਰਨ ਅਕਸਰ ਗੁਰਮੁਖਾਂ ਗੁਰਸਿੱਖਾਂ ਤੇ ਸਿੱਖਣੀਆਂ ਤੋਂ, ਜਿਨ੍ਹਾਂ ਦਰਸ਼ਨ ਕੀਤੇ ਸਨ, ਗੁਰੂ ਜੀ ਦੇ ਗੁਣ ਸੁਭਾਵ ਪੁਛਦੀ ਤੇ ਗੱਲਾਂ ਵਿਚ ਜਦ ਕਦੇ ਉਨ੍ਹਾਂ ਦੇ ਪਤਿਤ ਪਾਵਨ ਤੇ ਭਗਤਾਂ ਦੇ ਪ੍ਰੇਮੀ ਹੋਣ ਦਾ ਗੁਣ ਸੁਣਦੀ ਤਾਂ ਉਸਦੇ ਅੰਦਰ ਨਿਰਾਸਾ ਦੇ ਮੰਡਲ ਵਿੱਚੋਂ ਇਕ ਆਸ ਚਮਕ ਉੱਠਦੀ ਕਿ ਭਾਵੇਂ ਮੈਂ

ਨਿਰਬਲ ਹਾਂ, ਗ੍ਰੀਬ ਹਾਂ, ਨਿਤਾਣੀ ਹਾਂ, ਪਰ ਉਨ੍ਹਾਂ ਦਾ ਬਿਰਦ ਤਾਂ ਪਾਲਨਹਾਰ ਹੈ, ਜੋ ਮੈਂ ਜੇਹੀ ਤੇ ਬੀ ਤ੍ਰੁਠ ਪੈਣ ਤਾਂ ਕੀ ਅਚਰਜ ਹੈ? ਪਹਿਲੇ ਪਹਿਲ ਤਾਂ ਇਹ ਇਛਾ, ਇਹ ਚਾਹ ਉਠੇ ਤਾਂ ਅੰਦਰਲਾ ਆਪੇ ਸ਼ਰਮ ਖਾ ਕੇ ਕਹੇ ਤੂੰ ਗੁਰੂ ਗੁਰੂ ਜਪੀ ਚੱਲ, ਕਿਉਂ ਵਿਤੋਂ ਵੱਧ ਆਸਾ ਧਾਰਨਾ ਹੈ? ਪਰ ਜਿਉਂ ਜਿਉਂ ਸਿੱਕਦੇ ਮਨ ਨੂੰ ਸਮਾਂ ਬੀਤੇ ਸਿੱਕ ਵਧਦੀ ਜਾਂਦੀ ਹੈ ਤੇ ਆਸਾ ਮਜਬੂਤ ਹੁੰਦੀ ਜਾਂਦੀ ਹੈ। ਮਾਈ ਦਾ ਪ੍ਰੇਮ ਤੇ ਦਰਸ਼ਨਾਂ ਦੀ ਤਾਂਘ ਵਧਦੀ ਗਈ। ਜਦੋਂ ਸੁਣੇ ਕਿ ਭੀਲਣੀ ਵਰਗੀਆਂ ਨੀਚ ਜਾਤੀਆਂ ਕਰੂਪ ਤਜਾਰੀਆਂ ਦੁੱਖੀਆਂ ਨੂੰ ਮਨ ਦੀ ਮੁਰਾਦ ਮਿਲੀ ਸੀ ਤਦੋਂ ਆਖੇ ਕਿ ਕੋਈ ਅਚਰਜ ਨਹੀਂ ਕਿ ਮੇਰੇ ਥੱਲੇ ਲਹਿ ਗਏ ਨੈਣ ਬੀ ਦਰਸ਼ਨ ਪਾ ਲੈਣ।

ਪ੍ਰੇਮੀ ਆਖਦੇ ਹਨ ਬਾਵਰਾ ਹੁੰਦਾ ਹੈ। ਪਰ ਇਹ ਗੱਲ ਠੀਕ ਨਹੀਂ, ਕਿਉਂਕਿ ਹਰ ਬਾਵਰਾ ਪ੍ਰੇਮੀ ਨਹੀਂ ਹੁੰਦਾ। ਪ੍ਰੇਮੀ ਦਾ ਬਾਵਰਾਪਨ ਅਕਲਮੰਦੀ ਹੁੰਦੀ ਹੈ, ਜੋ ਲੋਕਾਂ ਦੀ ਸਮਝ ਵਿੱਚ ਨਹੀਂ ਆਉਂਦੀ, ਉਹ ਅਪਨੀ ਧੁਨ ਵਿਚ ਹੁੰਦਾ ਹੈ, ਧੁਨ ਦਾ ਪੱਕਾ ਹੁੰਦਾ ਹੈ ਤੇ ਧੁਨ ਦੀ ਸਿੱਧੀ ਲਈ ਸਭ ਕੁਝ ਕਰਦਾ ਹੈ। ਲੋਕਾਂ ਦੇ ਹਿਸਾਬ ਕਿਤਾਬ ਤੋਂ ਪਰੇ ਹੁੰਦਾ ਹੈ। ਇਸ ਲਈ ਪ੍ਰੇਮੀ ਨੂੰ ਬਾਉਰਾ ਕਹਿੰਦੇ ਹਨ। ਸੋ ਮਾਈ ਕੁਛ ਬਾਉਰੀ ਹੋ ਗਈ, ਰੂੰ ਖਰੀਦ ਲਿਆਈ। ਬੁੱਢੇ ਵਾਰੇ ਕੱਤਣ ਤੁੰਬਣ ਲੱਗੀ ਏ। ਪਰ ਮਾਈ ਕੱਤਣ ਤੁੰਬਣ ਨਹੀਂ ਲੱਗੀ, ਉਸਨੇ ਅਪਨੀ ਯਾਦ ਦਾ ਆਸਰਾ, ਗੁਣ ਗਾਉਣ ਦਾ ਵਸੀਲਾ, ਪਜਾਰ ਕਰਨ ਦਾ ਅਨੋਖਾ ਅਭਜਾਸ ਲੱਭਾ ਹੈ। ਸਾਰਾ ਦਿਨ ਇਸ ਆਹਰੇ ਲੱਗੀ ਗੁਰੂ ਗੁਰੂ ਜਪਦੀ ਰਹਿੰਦੀ ਹੈ। ਧਜਾਨ ਦੀ ਸਾਰੀ ਤਾਕਤ ਐਉਂ ਗੁਰੂ ਚਰਨਾਂ ਵਿੱਚ ਲੱਗੀ ਰਹਿੰਦੀ ਹੈ। ਪਰ ਮਾਈ ਸੋਚਾਂ ਵਿਚ ਨਹੀਂ, ਉਹ ਪ੍ਰੇਮ ਦੇ ਤਰੰਗ ਵਿਚ ਇਹ ਬਿਨਾਂ ਸਮਝੇ ਕਰ ਰਹੀ ਹੈ, ਸਮਝੇ ਤਾਂ ਬਾਉਰੀ ਕਾਹਦੀ, ਤੇ ਜੇ ਜੋ ਕੁਛ ਕਰਦੀ ਹੈ, ਉਹ ਨਿਰਾਰਥਕ ਹੋਵੇ ਤਾਂ ਮਾਈ ਪ੍ਰੇਮਣ ਕਾਹਦੀ; ਫੇਰ ਨਿਰੀ ਬਾਉਲੀ।

ਮਾਈ ਹਰ ਰੋਜ਼ ਇਸ ਆਹਰੇ ਲੱਗ ਰਹੀ ਹੈ। ਸਾਰਾ ਦਿਨ ਕੱਤ ਕੱਤ ਨਲੀਆਂ ਉਤਾਰਦੀ ਹੈ, ਸਾਰਾ ਦਿਨ ਗੁਰੂ ਗੁਰੂ ਜਪਦੀ ਹੈ। ਵਿਚ ਵਿਚ ਅਰਾਧਨਾ ਕਰਦੀ ਅਰਦਾਸੇ ਵਿਚ ਗ੍ਰੀਮ ਹੋ ਜਾਂਦੀ ਹੈ ਤੇ ਦਿਲ ਹੀ ਦਿਲ ਆਖਦੀ ਹੈ:-

'ਹੇ ਪ੍ਰਭੂ ਮੈਂ ਬਿਰਧਾ ਬਹੁ ਹੋਈ। ਨਹੀਂ ਸਮਰਥ ਗਮਨਿ ਕੀ ਕੋਈ।
ਪੰਥ ਪਹਾਰਨਿ ਕੋ ਬਹੁ ਦੂਰਿ। ਊਚ ਨੀਚ ਬਲ ਲਖੀਯਤਿ ਭੂਰ॥੨੨॥
ਨਾਂਹਿ ਤ ਮੈਂ ਅੰਮ੍ਰਿਤਸਰ ਆਵਤਿ। ਨਿਜ ਕਰ ਸੌਂ ਅੰਬਰ ਪਹਿਰਾਵਤਿ।
ਸਕਤਿਹੀਨ ਕਿਮ ਗਮਨੌਂ ਸੁਆਮੀ। ਸਭਿ ਘਟ ਬਜਾਪਕ ਅੰਤਰਜਾਮੀ॥੨੩॥

{ਸੂ: ਪ੍ਰ: ਰਾਸਿ ੫, ਅੰਸੂ ੪੭ ਪੰਨਾ ੨੬੯੮}

ਇਸ ਤਰ੍ਹਾਂ ਦੀ ਪ੍ਰੇਮ ਲਗਨ ਵਿਚ, ਹੱਥ ਸੇਵਾ ਵਿਚ ਤੇ ਮਨ ਸਿਮਰਨ ਵਿਚ ਲੱਗਿਆਂ ਸਮਾਂ ਬੀਤਦਾ ਗਿਆ। ਸੂਤ ਕੱਤਿਆ, ਅਟੇਰਿਆ, ਨੜਿਆਂ ਤੇ ਚੜ੍ਹ ਗਿਆ, ਹੁਣ ਮਾਈ ਨੇ ਜੁਲਾਹੇ ਦੇ ਸੂਤ ਸਪੁਰਦ ਕੀਤਾ। ਓਸਨੇ ਬੀ ਉਣਕੇ ਰੇਜਾ ਮਾਈ ਦੇ ਘਰ ਪੁਚਾਇਆ। ਹੁਣ ਮਾਈ ਨੇ ਧੋਬੀ ਨੂੰ ਚੋਖਾ ਕੁਛ ਦੇ ਕੇ ਰੇਜਾ ਧੁਆ ਕੇ ਖੁੰਬ ਵਰਗਾ ਚਿੱਟਾ ਕਰਵਾਯਾ।

ਆਪਣੇ ਘਰ ਵਿਚ ਇਕ ਥਾਂ ਥਾਪਿਆ, ਜੋ ਜੇ ਸਤਿਗੁਰ ਘਰ ਆਉਣ ਤੇ ਉਨ੍ਹਾਂ ਦੇ ਬੈਠਣ ਦਾ ਹੋਵੇ। ਓਹ ਥਾਂ ਸਾਫ ਕਰਕੇ ਧੂਪ ਧੁਖਾਇਆ, ਫੁੱਲਾਂ ਦੇ ਸੇਹਰੇ ਲਟਕਾਏ, ਇਕ ਸੁੰਦਰ ਚੌਕੀ ਓਥੇ ਡਾਹੀ, ਰੇਜਾ ਇਮ ਪਰ ਪਜਾਰ ਨਾਲ ਧਰ ਦਿੱਤਾ, ਰੋਜ਼ ਇਥੇ ਸਫਾਈ ਕਰੇ, ਰੋਜ਼ ਧੂਪ ਧੁਖਾਵੇ, ਰੋਜ਼ ਚੰਦਨ ਘਸ ਕੇ ਚੜ੍ਹਾਵੇ, ਰੋਜ਼ ਸੇਹਰੇ ਬਣਾ ਕੇ ਧਰੇ, ਰੋਜ਼ ਇਸ ਕਾਰ ਤੋਂ ਵਿਹਲੀ ਹੋ ਬੈਠ ਜਾਵੇ ਤੇ ਧਜਾਨ ਕਰੇ ਕਿ ਮਹਾਰਾਜ, ਚੌਂਕੀ ਪਰ ਬਿਰਾਜੇ, ਜਗਮਗ ਜੋਤ ਬਿਰਾਜ ਰਹੇ ਹਨ। ਦੋ ਵੇਲੇ ਇਹ ਧਜਾਨ, ਇਹ ਉਪਾਸ਼ਨਾ, ਇਹ ਪੂਜਾ ਮਾਈ ਨੇ ਠਾਣ ਲਈ। ਇਸ ਤਰ੍ਹਾਂ ਦੀ ਅਥੱਕ ਤੇ ਇਕ ਰੰਗੀ, ਇਸ ਤਰ੍ਹਾਂ ਦੀ ਸੋਹਣੀ ਪ੍ਰੀਤ ਵੇਖ ਕੇ ਸੇਵਾਦਾਸ ਮਾਤਾ ਦਾ ਬਹੁਤ ਸ਼ਰਧਾਲੂ ਹੋ ਗਿਆ। ਬਚਪਨ ਤੋਂ ਆਗਜਾਕਾਰ ਤੇ ਪਜਾਰ ਕਰਨ ਵਾਲਾ ਪੁੱਤ੍ਰ ਸੀ, ਪਰ ਹੁਣ ਮਾਤਾ ਦੇ ਅਵਿਰਲ ਪ੍ਰੇਮ ਦਾ ਸ਼ਰਧਾਲੂ ਹੋ, ਡਾਢੇ ਸਤਿਕਾਰ ਵਿਚ ਆ ਗਿਆ। ਦੋ ਚਾਰ ਐਸੇ ਸਮੇਂ ਆਏ ਕਿ ਬਿਰਾਦਰੀ ਦੇ ਹੋਰ ਬ੍ਰਾਹਮਣਾਂ ਨੇ ਸੇਵਾ ਦਾਸ ਨੂੰ ਮਖੌਲ ਕੀਤਾ ਕਿ ਤੇਰੀ ਮਾਂ ਕਿਸ ਆਹਰੇ, ਇਸ ਬੁੱਢੇ ਵਾਰੇ, ਲੱਗ ਪਈ ਹੈ। ਤਦ ਸੇਵਾਦਾਸ ਨੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਿਰ-ਉੱਤਰ ਕੀਤਾ: "ਤੁਸੀਂ ਮਾਯਾ ਦੇ ਪ੍ਰੇਮੀ ਹੋ ਗਏ ਹੋ। ਪ੍ਰੇਮ ਜਦ ਆਤਮਾ ਵਿਚ ਉਪਜਦਾ ਹੈ ਤਾਂ ਇਕ ਨਵੀਂ ਜਿੰਦ ਜਾਗਦੀ ਹੈ, ਰੱਬੀ ਪ੍ਰੇਮ ਅਪਨੇ ਰਾਹ ਆਪ ਜਾਣਦਾ ਹੈ। ਇਹ ਗੁਰੂ ਜੀ ਦੀ ਮਰਜ਼ੀ ਹੈ, ਆਉਣ ਕਿ ਨਾਂ, ਪਰ ਜੋ ਅਰਾਧਨਾ ਕਰਨ ਵਾਲਾ, ਸੱਚੇ ਪ੍ਰੇਮ ਵਿਚ, ਉਨ੍ਹਾਂ ਨੂੰ ਯਾਦ ਕਰ ਰਿਹਾ ਹੈ, ਉਹ ਸੰਸਾਰ ਦੇ ਸਾਰੇ ਮੋਹ ਨੂੰ ਅਨਜਾਣੇ ਜਿੱਤ ਰਿਹਾ ਹੈ, ਉਸਦੀ ਸੁਰਤ ਏਕਾਗਰ ਹੋ ਰਹੀ ਹੈ, ਅਰ ਗੁਰੂ, ਜਗਤ ਤਾਰਨਹਾਰ ਦੇ ਚਰਨਾਂ ਕੰਵਲਾਂ ਤੇ ਜੁੜ ਰਹੀ ਹੈ, ਉਹਦਾ ਇਹ ਸਾਰਾ ਕੰਮ ਅਸਲ ਭਗਤੀ, ਅਸਲ ਪ੍ਰੇਮਾ ਭਗਤੀ ਹੈ, ਅਸਲ ਭਗਤੀ-ਯੋਗ ਹੈ।"

ਮਾਈ ਦੀ ਉਪਾਸ਼ਨਾ ਦੇ ਬਹੁਤੇ ਸਮੇਂ ਲੰਘਦੇ ਜਾਣ ਤੇ ਆਪਣੀਆਂ ਸਿੱਖ ਸੰਗਤਾਂ ਵੱਲੋਂ ਬੀ ਸਨੇਹੇ ਆਏ ਕਿ ਅਸੀਂ ਪੰਜਾਬ ਚਲੇ ਹਾਂ, ਰੇਜਾ ਦੇ ਦਿਓ ਤਾਂ ਅਸੀਂ ਸਤਿਗੁਰਾਂ ਦੇ ਚਰਨੀਂ ਅਰਪ ਦਿਆਂਗੇ। ਸੇਵਾਦਸ ਨੂੰ ਸਿਆਣਿਆਂ ਸਿੱਖਾਂ ਸਮਝਾਇਆ ਬੀ ਕਿ ਮਹਾਰਾਜ ਨੂੰ ਰਾਜਸੀ ਕੰਮਾਂ ਦਾ ਬੀ ਹੱਲ ਕਰਨਾ ਅਕਸਰ ਰਹਿੰਦਾ ਹੈ, ਦੁਸ਼ਟਾਂ ਦੇ ਸ਼ੁੱਧ ਕਰਨੇ ਲਈ ਜੰਗ ਸਾਮਾਨ ਬੀ ਕਰਨੇ ਹੁੰਦੇ ਹਨ, ਉਨ੍ਹਾਂ ਨੂੰ ਵਿਹਲ ਕਿੱਥੇ ਕਿ ਕਸ਼ਮੀਰ ਆਉਣ, ਨਾਲ ਸਮਾਜ ਬੀ ਬਹੁਤ ਹੋਣਾ ਹੋਯਾ, ਇੱਡੇ ਕਠਨ ਪਹਾੜਾਂ ਨੂੰ ਚੀਰ, ਕਿਸ ਤਰ੍ਹਾਂ ਆਉਣਾ ਹੋ ਸਕੇ? ਕਿਸੇ ਸਮਝਾਯਾ ਕਿ ਆਦਿ ਗੁਰੂ ਦੇਸ਼ਾਂ ਵਿਚ ਫਿਰੇ ਹਨ, ਫੇਰ ਹੋਰ ਗੁਰੂ ਜੀ ਘੱਟ ਫਿਰੇ ਹਨ, ਤੇ ਗੁਰੂ ਜੀ ਨੂੰ ਖੇਚਲ ਦੇਣੀ ਠੀਕ ਨਹੀਂ, ਬਸਤ੍ਰ ਓਥੇ ਹੀ ਘਲ ਦਿਓ। ਇਸ ਤਰ੍ਹਾਂ ਦੀਆਂ ਸਮਝੌਤੀਆਂ ਦੇ ਉੱਤਰ ਸਿੱਧੀ ਮਾਤਾ ਦੇ ਪ੍ਰੇਮ ਵਾਲੇ ਮਨ ਤੋਂ ਇਹ ਨਿਕਲਦੇ ਸਨ ਕਿ ਗੁਰੂ ਸੰਗਤਾਂ ਦਾ ਗੁਰੂ ਹੈ, ਪਰ ਗੁਰੂ ਮੇਰਾ ਨਿਜ ਦਾ ਆਪਣਾ ਗੁਰੂ ਹੈ। ਮੇਰਾ ਪਜਾਰ ਇਸ ਤਰ੍ਹਾਂ ਦਾ ਹੈ ਕਿ ਮੈਨੂੰ ਦਰਸ਼ਨ ਬਿਨ ਚੈਨ ਨਹੀਂ। ਕਲੇਜਾ ਦਰਸ਼ਨਾਂ ਨੂੰ ਤੜਫਦਾ ਹੈ, ਤੇ ਜਿਹਦੇ ਦਰਸ਼ਨਾਂ ਨੂੰ ਤੜਫਦਾ ਹੈ, ਜਦ ਓਹ ਮੇਰਾ ਹੈ, ਆਪਣਾ ਹੈ, ਮੇਰੇ ਕਾਲਜੇ ਵਿਚ ਉਸ ਤੋਂ ਨੇੜੇ ਹੋਰ ਕੋਈ ਨਹੀਂ, ਮੈਨੂੰ ਮਰਨ ਜੀਵਨ ਦੀ ਸ਼ੰਕਾ ਨਹੀਂ ਰਹੀ, ਮੁਕਤੀ ਮਕਤੀ ਦੀ ਚਾਹ ਨਹੀਂ ਰਹੀ, ਸਾਰੇ ਬਖੇੜੇ, ਕਲੇਸ਼ ਛੱਡ, ਇਕ ਦਰਸ਼ਨ-ਤਾਂਘ ਬੇਵਸੇ ਲੱਗ ਰਹੀ ਹੈ ਜੋ ਮੇਰੇ ਹਟਾਯਾਂ ਹਟਦੀ ਨਹੀਂ, ਤਦ ਮੈਂ ਕੀ ਕਰਾਂ? ਸੇਵਾ ਦਾਸ ਮੇਰਾ ਪੁਤ੍ਰ ਹੈ, ਮੈਂ ਜਾਣਦੀ ਹਾਂ, ਮੇਰਾ ਹੈ। ਇਸ ਤਰ੍ਹਾਂ ਦੀ


www.sikhbookclub.com

'ਮੈਂ' ਮੈਨੂੰ ਪੈ ਗਈ ਹੈ ਕਿ "ਗੁਰੂ, ਮੇਰਾ ਗੁਰੂ ਹੈ" ਇਹ ਮੈਂ ਕਿਵੇਂ ਕੱਢਾਂ? ਮੈਂ ਨਹੀਂ ਚਾਹੁੰਦੀ ਕਿ ਗੁਰੂ ਜੀ ਨੂੰ ਮੈਂ ਖੇਚਲ ਦਿਆਂ, ਪਰ 'ਗੁਰੂ ਮੇਰਾ ਹੈ' 'ਮੈਨੂੰ ਦਰਸ਼ਨ ਹੋਣ' ਇਹ ਅਪਣੱਤ, ਇਹ ਸਿਕ, ਮੇਰੀ ਦੂਰ ਨਹੀਂ ਹੋਣੀ, ਮੈਨੂੰ ਦੱਸੋ, ਕਿਵੇਂ ਕਰਾਂ? ਬਾਕੀ ਰਿਹਾ ਆਸ਼ਾ ਦਾ ਪੂਰਨ ਹੋਣਾ, ਏਹ ਉਨ੍ਹਾਂ ਦੇ ਵੱਸ ਹੈ, ਮੈਨੂੰ ਅਸੀਸ ਦਿਓ ਕਿ ਮੇਰੀ ਸਿੱਕ ਨਾ ਮਿਟੇ, ਮਰਾਂ ਤਾਂ ਇਸੇ ਸਿੱਕ ਵਿਚ ਮਰਾਂ, ਗੁਰੂ ਦੀ ਰਜ਼ਾ, ਜੋ ਚਾਹੇ ਕਰੇ। ਮਿਲੇ ਮੇਹਰ, ਨਾ ਮਿਲੇ ਮੇਹਰ, ਪਰ ਦਰਸ਼ਨ-ਤਾਂਘ ਮੇਰੀ ਨਾ ਮਿੱਟੇ। ਜਦੋਂ ਮੌਤ ਮੇਰੇ ਨੈਣ ਸਦਾ ਲਈ ਮੀਟੇ, ਦਰਸ਼ਨ-ਤਾਂਘ ਮੇਰੀ ਉਸ ਵੇਲੇ ਬੀ ਨਾ ਮਿਟੇ, ਪਰ ਨਾ ਮਿਟੇ। ਗੁਰੂ ਜੀ ਬੜੇ ਕੰਮਾਂ ਤੇ ਰੋਝਿਆਂ ਵਾਲੇ ਹਨ, ਮੇਰੀ ਕੰਗਲੀ ਦੇ ਮੋਟੇ ਕੱਪੜੇ ਦੇ ਮੁਥਾਜ ਨਹੀਂ, ਇਹ ਮੈਂ ਜਾਣਦੀ ਹਾਂ, ਪਰ ਅਰਸ਼ਾਂ ਵਿਚੋਂ ਜੇ ਮਾਤ-ਲੋਕ ਵਿਚ ਆਏ ਤਾਂ ਕਿਸੇ ਮੇਹਰ ਕਰਨ ਲਈ ਆਏ, ਮੇਹਰ ਉਨ੍ਹਾਂ ਦਾ ਬਿਰਦ ਹੈ, ਉਹ ਮੇਹਰ ਏਥੇ ਬੀ ਲਿਆ ਸਕਦੀ ਹੈ। ਮੇਰੀ ਸਿੱਕ, ਮੇਰਾ ਕੱਪੜਾ, ਕੁਛ ਮੁੱਲ ਨਹੀਂ ਰਖਦੇ, ਅਸੀਂ ਮੁਰਦੇ ਹਾਂ, ਮੁਰਦਿਆਂ ਦੀ ਹਿਲਜੁਲ ਕੋਈ ਅਰਥ ਨਹੀਂ ਰਖਦੀ, ਉਹ ਜੀਉਂਦਾ ਹੈ, ਜੀਅ ਦਾ ਦਾਤਾ ਹੈ, ਉਹ ਮੇਹਰਾਂ ਦਾ ਸਾਈਂ ਹੈ, ਸਰਬ ਸਮਰੱਥ ਹੈ, ਜੋ ਚਾਹੇ ਕਰ ਸਕਦਾ ਹੈ, ਉਹ ਅਪਨਤਾ ਦਾ ਮਹਿਰਮ ਹੈ, ਉਹ ਪਲਕੇ ਨਿਹਾਲ ਕਰਨਹਾਰਾ ਹੈ। ਹੋਣਾ ਹੈ ਸੋ ਹੋਵੇ, ਪਰ ਮੈਨੂੰ ਮੱਤਾਂ ਨਾ ਦਿਓ, ਮੇਰੇ ਸਿਦਕ ਦੀ ਮੇਣਤੀ ਕਰਕੇ, ਮੈਨੂੰ ਅਕਲਾਂ ਦੀ ਜਾਚ ਨਾ ਦੱਸੋ। ਮੈਨੂੰ ਜੀਣ ਦਿਓ ਸਿੱਕ ਵਿੱਚ, ਸੱਧਰ ਵਿੱਚ, ਤਰਸਨ ਵਿੱਚ, ਅਰਾਧਣ ਵਿੱਚ, ਪਜਾਰ ਵਿੱਚ, ਦਿਨ ਰਾਤ ਦੀ ਲਗਨ-ਲਿਵ ਵਿੱਚ, ਦਰਸ਼ਨ-ਤਾਂਘ ਵਿੱਚ, ਬੱਸ ਕੀ ਹੋਜਾ, ਕੀ ਹੋਊ, ਕਿੰਞ ਹੋਣਾ ਚਾਹੀਏ? ਮੈਨੂੰ ਨਾ ਦਸੋ, ਮੈਂ ਜੀਓ ਪਈ ਸਤਿਗੁਰੂ ਦੀ ਦਰਸ਼ਨ-ਤਾਂਘ ਵਿੱਚ:-

ਮਿਲਹਿ ਅਵੱਸਜ, ਮੋਹਿ ਬਿਸਵਾਸਾ। ਜੀਵਤਿ ਮੈ ਨਹਿ ਤਜਾਯੋ ਆਸਾ।
ਨਾਂਹਿ ਤ ਮਰਿਕੈ ਮਿਲਿ ਹੌਂ ਜਾਇ। ਮੈਂ ਨਾ ਪ੍ਰਤਗਜਾ ਤਜੋਂ ਕਦਾਇ॥੪੫॥

{ਗੁ: ਪ੍ਰ: ਸੂ: ਪ੍ਰ: ਰਾਸਿ ੫, ਅੰਸ ੪੮, ਪੰਨਾ ੨੭੦੦}

(੩)

ਸ੍ਰੀ ਅੰਮ੍ਰਿਤਸਰ ਵਿਚ ਗੁਰੂ ਕੇ ਖਜ਼ਾਰ ਦੇ ਪਿਛਲੇ ਪਾਸੇ ਇਕ ਅਸਥਾਨ 'ਗੁਰੂ ਕੇ ਮਹਿਲ' ਕਰਕੇ ਅਜੇ ਤਕ ਹੈ। ਇੱਥੇ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ ਰਿਹਾ ਕਰਦੇ ਸਨ। ਕਦੇ ਇਹ ਬੜਾ ਸੁੰਦਰ ਤੇ ਰਮਣੀਕ ਤੇ ਵੱਡਾ ਘੇਰੇਦਾਰ ਥਾਉਂ ਸੀ, ਸਮੇਂ ਦੇ ਫੇਰ, ਸਿੱਖਾਂ ਦੀ ਅਨਗਹਿਲੀ ਤੇ ਚੁਫੇਰੇ ਹਿੰਦੂ ਵੱਸੋਂ ਦੇ ਪਰਭਾਉ ਕਰਕੇ, ਹੁਣ ਥੋੜਾ ਜਿਹਾ ਥਾਉਂ ਤੇ ਛੋਟਾ ਜਿਹਾ ਮੰਦਰ ਰਹਿ ਗਿਆ ਹੈ, ਜੋ ਨਿਸ਼ਾਨੀ ਜ਼ਰੂਰ ਦੱਸਦਾ ਹੈ ਕਿ ਐਥੇ ਕਦੇ ਜਗਤ ਦੇ ਤਾਰਨਹਾਰ ਰੰਗ ਲਾ ਗਏ ਹਨ।*

ਇਨ੍ਹਾਂ ਆਤਮ ਰੰਗਾਂ ਵਿਚ ਚਹਿਲ ਪਹਿਲ ਕਰਦੇ ਮਹਿਲਾਂ ਵਿਚ ਇਕ ਦਿਨ ਮਾਤਾ ਗੰਗਾ ਜੀ ਪਤਿਬ੍ਰਤਾ ਧਰਮ ਅਵਤਾਰ ਬੈਠੇ ਸਨ ਕਿ ਉਨ੍ਹਾਂ ਦੇ ਜਗ ਤਾਰਨਹਾਰ ਪੁਤ੍ਰ ਸ੍ਰੀ ਗੁਰੂ ਹਰਿਗੋਬਿੰਦ ਜੀ ਅਕਾਲ ਬੁੰਗੇ ਸਾਹਿਬੋਂ, ਦੀਵਾਨ ਦੀ ਸਮਾਪਤੀ, ਮਗਰੋਂ ਆ ਗਏ ਤੇ ਅਦਬ ਸਤਿਕਾਰ ਨਾਲ ਸਿਰ ਨਿਵਾਉਂਦੇ ਅੱਗੇ ਵਧੇ। ਮਾਤਾ ਜੀ ਨੇ ਸਿਰ ਛਾਤੀ ਨਾਲ ਲਾਇਆ, ਪਜਾਰ ਦਿੱਤਾ ਤੇ ਅੰਦਰੋਂ ਗੁਰਤਾ ਦਾ ਧਜਾਨ ਕਰਕੇ ਡਾਢੇ ਸਤਿਕਾਰ ਨਾਲ ਬਿਠਾਯਾ।

* ਹੁਣ ਸ਼ਾਨਦਾਰ ਨਵੀ ਇਮਾਰਤ ਗੁਰਦਵਾਰੇ ਦੀ ਬਣ ਗਈ ਹੈ।

ਗੁਰੂ ਜੀ-(ਪਲ ਕੁ ਠਹਿਰ ਕੇ ਬੋਲੇ) ਮਾਤਾ ਜੀ, ਕੁਛ ਚਿੱਤ ਉਦਾਸੀ ਰੰਗ ਦਸਦਾ ਹੈ।

ਮਾਤਾ-ਤਾਰਨਹਾਰ ਲਾਲ ਜੀ! ਸੁੱਖ ਤਾਂ ਹੈ?

ਗੁਰੂ ਜੀ-ਕੋਈ ਖਿੱਚ, ਕਿਸੇ ਵੇਲੇ ਪੈਂਦੀ ਹੈ।

ਮਾਤਾ-ਕੇਹੀ?

ਗੁਰੂ ਜੀ-ਕੋਈ ਰੂਹ ਬਿਲਪਦੀ ਦਿਸਦੀ ਹੈ।

ਮਾਤਾ-ਕਿਉਂ?

ਗੁਰੂ ਜੀ-ਕਿਸੇ ਦੀ ਆਤਮਾ ਵਿਚ ਦਰਸ਼ਨ-ਤਾਂਘ ਦੀ ਲੋ ਲੱਗ ਰਹੀ ਹੈ, ਪ੍ਰੇਮ-ਜਾਗ ਆਈ ਹੈ।

ਮਾਤਾ-ਜੀ ਤਾਂ ਵਿਛੜਨ ਤੇ ਨਹੀਂ ਕਰਦਾ (ਅੱਥਰੂ ਭਰ ਆਏ) ਪਰ............

ਗੁਰੂ ਜੀ-ਮਾਤਾ ਜੀ! ਕੋਈ ਦੁੱਖ ਵਿਚ ਹੈ, ਉਸਦੀ ਸਹਾਇਤਾ ਦੀ ਲੋੜ ਹੈ, ਕੋਈ ਸਿੱਕ ਵਿਚ ਹੈ, ਉਸਨੂੰ ਮਿਲਨੇ ਦੀ ਲੋੜ ਹੈ। "ਅਪਨੇ ਜੁ ਹੋਏ"।

ਮਾਤਾ-(ਅੱਖਾਂ ਮੀਟ ਗਈ, ਲੂੰ ਕੰਡੇ ਹੋ ਗਏ) ਸਦਕੇ ਏਸ ਬਿਰਦ ਦੇ **"ਅਪਨੇ ਜੁ ਹੋਏ"**।

ਧੰਨ ਗੁਰੂ ਨਾਨਕ! "ਅਪਨੇ ਜੁ ਹੋਏ"।

ਧੰਨ ਗੁਰੂ ਅੰਗਦ ਦੇਵ! "ਅਪਨੇ ਜੁ ਹੋਏ"।

ਧੰਨ ਗੁਰੂ ਅਮਰ ਦਾਸ! "ਅਪਨੇ ਜੁ ਹੋਏ"।

ਧੰਨ ਗੁਰੂ ਰਾਮ ਦਾਸ! "ਅਪਨੇ ਜੁ ਹੋਏ"।

ਧੰਨ ਗੁਰੂ ਅਰਜਨ ਦੇਵ! "ਅਪਨੇ ਜੁ ਹੋਏ"।

ਧੰਨ ਗੁਰੂ ਹਰਿਗੋਬਿੰਦ! "ਅਪਨੇ ਜੁ ਹੋਏ"।

ਇਹ ਬਿਰਦ ਅਕਾਲ ਪੁਰਖ ਦਾ ਹੈ, ਇਹ ਬਿਰਦ ਗੁਰੂ ਦਾ ਹੈ, ਇਹ ਨਿਸ਼ਾਨੀ ਗੁਰੂ ਦੀ ਹੈ। ਫੇਰ ਅੱਖਾਂ 'ਚੋਂ ਅੱਥਰੂ ਕਿਰੇ ਤੇ ਫੇਰ ਕਿਸੇ ਰੱਬੀ ਅਵਾਜ਼ ਵਿਚ:-

"ਧੰਨ ਮੇਰਾ ਵਾਹਿਗੁਰੂ, ਅਰਸ਼ਾਂ ਕੁਰਸ਼ਾਂ ਦਾ ਮਾਲਕ! ਧੰਨ ਮੇਰਾ ਸੋਹਣਾ ਵਾਹਿਗੁਰੂ ਘਟ-ਘਟ ਦਾ ਵਾਸੀ! ਧੰਨ ਮੇਰਾ ਮਿੱਠਾ ਵਾਹਿਗੁਰੂ, ਜੀ ਜ਼ੀ ਦਾ ਪ੍ਰੇਮੀ! ਧੰਨ ਮੇਰਾ ਵਾਹਿਗੁਰੂ, ਪਜਾਗਾ ਵਾਹਿਗੁਰੂ, ਸਭ ਦਾ ਅਪਨਾ! ਧੰਨ ਮੇਰਾ ਮੇਹਰਾਂ ਦਾ ਮਾਲਕ ਵਾਹਿਗੁਰੂ, ਤੂੰ ਸਾਡਾ ਅਸੀਂ ਤੇਰੇ। ਤੇਰੇ ਮੇਰੇ ਵਿਚ ਓਪਰਾਪਨ ਨਹੀਂ।

"ਹੇ ਪਿਆਰੇ ਵਾਹਿਗੁਰੂ! ਮੇਰੇ ਤੇਰੇ ਵਿਚ ਓਪਰਾਪਨ ਨਹੀਂ! ਤੂੰ ਅਪਨਾ ਲੈ। ਓਪਰਾਪਨ ਨਾ ਰਹੇ। ਹੇ ਅਪਨੇ, ਮੇਰੇ ਅਪਨੇ ਵਾਹਿਗੁਰੂ! ਅਸੀਂ ਤੇਰੇ **"ਅਪਨੇ ਜੁ ਹੋਏ"** ਹੇ ਤੇਰੇ "ਗੁਰੂ" ਬਿਰਦ ਤੋਂ ਸਦਕੇ "ਤੇਰੇ ਜੁ ਹੋਏ"। ਵਾਹ "ਵਾਹਿਗੁਰੂ" ਦਾ "ਅਪਨੱਤ" "ਬਿਰਦ" ਵਾਹਿਗੁਰੂ ਦਾ "ਅਪਨਤ ਬਿਰਦ"। ਸ਼ੁਕਰ! ਸ਼ੁਕਰ!! ਸ਼ੁਕਰ!!!"

ਮਾਤਾ ਜੀ ਇਸ ਇਲਾਹੀ ਰੰਗ ਵਿਚ ਚਲੇ ਗਏ। ਉਸ ਪਯਾਰਾਂ ਵਾਲੇ, ਅਪਨੱਤਾਂ ਵਾਲੇ ਗੁਰੂ ਦਾ ਉਹ ਪਯਾਰ, ਦੂਈ ਦੁਜੈਗੀ ਤੋਂ ਖਾਲੀ ਡਾਢੇ ਮੋਹ ਦਾ ਭਰਿਆ ਵਾਕ "ਅਪਨੇਂ ਜੁ ਹੋਏ" ਮਾਤਾ ਜੀ ਨੂੰ ਇਸ ਸਿਫਤ ਸਲਾਹ ਦੇ ਰੰਗ ਵਿਚ ਚਾੜ੍ਹ ਗਿਆ, ਤੇ ਨਾਲ ਗੁਰੂ ਜੀ ਆਪ ਉਸੇ ਰੰਗ ਵਿਚ ਝੂਮ ਰਹੇ ਹਨ, ਸਾਈਂ ਮਾਲਕ, ਵਾਹਿਗੁਰੂ ਦੀ ਅਪਨੱਤ ਤੇ ਮੇਹਰ ਦਾ ਮੀਂਹ ਵੱਸ ਰਿਹਾ ਹੈ, ਕਿੰਨਾ ਚਿਰ ਇਸ ਸ਼ੁਕਰ ਤੇ ਪ੍ਰੇਮ ਦੀ ਰਸ-ਭਰੀ ਲਹਿਰ ਵਿਚ ਲੰਘ ਗਿਆ।

ਫੇਰ ਗੁਰੂ ਜੀ ਬੋਲੇ-ਪ੍ਰਦੇਸ ਜਾਣਾ ਹੈ।

ਮਾਤਾ-(ਗਦ ਗਦ ਕੰਠ ਤੋਂ) ਹੇ ਜਗਤ ਗੁਰੂ ਜੀ! ਜਾਓ, ਹੇ ਤਾਰਨਹਾਰ ਜੀ! ਜਾਓ, ਹੇ ਮੇਹਰਾਂ ਦੇ ਸਾਈਂ ਜੀ! ਜਾਓ, ਹੇ ਬਿਰਦਪਾਲ ਜੀ! ਜਾਓ, ਪਰ ਹੇ ਪੁਤ੍ਰ ਜੀ! ਹੇ ਲਾਲ ਜੀ! ਹੇ ਮਾਂ ਦੀਆਂ ਅੱਖਾਂ ਦੇ ਚਾਨਣ ਜੀ! ਐਨੀ ਛੇਤੀ ਮੁੜਨਾ ਕਿ ਮਾਂ ਦੀਆਂ ਆਂਦ੍ਰਾਂ ਝਲ ਲੈਣ।

ਗੁਰੂ ਜੀ-(ਸਿਰ ਨਿਹੁੜਾ ਕੇ) ਮਾਤਾ ਜੀ! ਜਿਵੇਂ ਆਗਯਾ, ਪਰ ਪੈਂਡਾ ਦੂਰ ਹੈ, ਕਸ਼ਮੀਰ ਜਾਣਾ ਹੈ, ਭਿੰਬਰ ਵਾਲੇ ਰਸਤੇ, ਪਰ ਮੁੜਨਾ ਪਰਲੇ ਰਸਤੇ ਪਹਾੜਾਂ ਥਾਣੀ ਹੈ, ਗੁਰੂ ਬਾਬੇ ਦੇ ਪੰਜੇ ਸਾਹਿਬ ਕੋਲ ਦੀ ਜਾ ਨਿਕਲਣਾ ਏ, ਸਮਾਂ ਤਾਂ ਲੱਗਸੀ, ਜੀਵਾਂ ਦਾ ਉਧਾਰ......

ਮਾਤਾ-(ਛੇਤੀ ਨਾਲ) ਲਾਲ ਜੀ, ਉਸ ਜਾਗਦੀ ਜੋਤ ਅਕਾਲ ਪੁਰਖ ਦੀ ਸੇਵਾ ਵਿਚ ਤੁਹਾਡੇ ਰਸਤੇ ਵਿਚ ਮੇਰਾ ਪਿਆਰ ਕਦੇ ਅਟਕਾ ਨਾ ਪਾਵੇ। ਜਿਸਦੇ ਤੇਜ ਅੱਗੇ ਸੂਰਜਾਂ ਦੇ ਝੁੰਡ ਕੰਬਦੇ ਹਨ, ਜਿਸਦੇ ਪ੍ਰਤਾਪ ਤੇ ਜਲਾਲ ਅੱਗੇ ਜਗਤ ਸਿਰ ਨਿਹੁੜਾਉਂਦਾ ਹੈ, ਮੇਰੀ ਨਿੱਕੀ ਮਰਜ਼ੀ ਉਸ ਮਹਾਂ ਤੇਜ ਦੀ ਰਜ਼ਾ ਵਿਚ ਸਦਾ ਇੱਕ-ਸੁਰ ਰਹੇ, ਇਨਸਾਨੀ ਸਮਝ ਦੇ ਖਯਾਲ ਤੋਂ, ਮਾਂ ਨੂੰ ਇਨਸਾਨੀ ਦਿਲ ਵਾਲੀ ਜਾਣ ਕੇ, ਇਨਸਾਨੀ ਮੋਹ ਦੇ ਵਲਵਲੇ ਨੂੰ ਬੀ ਚੇਤੇ ਰੱਖਣਾ ਤੇ ਐਨਾ ਚਿਰ ਨਾ ਲਾਉਣਾ ਕਿ ਮੈਂ ਵਿਲਪ ਜਾਵਾਂ।

ਗੁਰੂ ਜੀ-ਸਤਿ ਬਚਨ ਮਾਤਾ ਜੀ, ਉਨਾਂ ਸਮਾਂ ਲਾਸਾਂ ਵਾਹਿਗੁਰੂ ਜੀ ਦੀ ਰਜ਼ਾ ਵਿਚ, ਜੋ ਉਨ੍ਹਾਂ ਦੇ ਰੱਬੀ ਕੰਮ ਲਈ ਪ੍ਰੇਰਨ ਹੋਯਾ।

ਇਉਂ ਕਹਿੰਦੇ, ਸਿਰ ਨਿਵਾਉਂਦੇ ਮਾਤਾ ਦੇ ਗਲੇ ਲੱਗਦੇ, ਪਯਾਰ ਅਸੀਸਾਂ ਲੈਂਦੇ ਵਿਦਾ ਹੋਏ।

ਅਰਸ਼ੋਂ ਦੁਨੀਆਂ ਨੂੰ ਪਯਾਰ ਕਰਨ ਆਏ ਪੁੱਤ ਨੂੰ ਟੋਰ ਕੇ ਮਾਤਾ ਨੇ ਅੰਦਰੋਂ ਬੂਹੇ ਮਾਰ ਲਏ ਤੇ ਉਸੇ ਪੂਰੇ ਵਾਹਿਗੁਰੂ-ਪ੍ਰੇਮ ਦੇ ਰੰਗ ਵਿਚ ਅਰਦਾਸ-ਮਗਨ ਹੋ ਗਈ:-

"ਹੇ ਵਾਹਿਗੁਰੂ! ਹੇ ਪਯਾਰੇ ਪਿਤਾ! ਹੇ ਮੇਰੇ, ਮੇਰੇ ਅਪਨੇ ਵਾਹਿਗੁਰੂ"!

**"ਕਬਹੂ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥"**

ਹੇ ਮੇਰੇ ਅਪਨੇ ਪਰਮੇਸੁਰ!

**"ਕਬਹੂ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥"**

ਇਕ ਅਚਰਜ ਰੱਬੀ ਸੁਰ ਵਿਚ ਮਾਤਾ ਜੀ ਫੇਰ ਗਾਵੇ:-

**"ਕਬਹੂ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥"**

{ਬਿਲਾਵਲੁ ਮਹਲਾ ੫, ਪੰਨਾ ੮੨੯}


www.sikhbookclub.com

ਹੇ ਦਾਤਾ, ਹੇ ਮੇਰੇ ਸੁੰਦਰਾਂ ਦੇ ਸੁੰਦਰ ਵਾਹਿਗੁਰੂ! ਕਦੇ ਨਾ ਵਿਸਰੋ, ਕਦੇ ਨਾ ਦੂਰ ਹੋਵੋ; ਕਦੇ ਨਾ ਉਹਲੇ ਹੋਵੋ, ਕਦੇ ਨਾ ਵਿੱਥ ਪਵੇ। ਹੇ ਚਾਨਣ, ਹੇ ਸੂਰਜਾਂ ਦੇ ਸੂਰਜ!

"ਏਹ ਨੇਤ੍ਰ ਅੰਧ ਸੇ"

ਇਨ੍ਹਾਂ ਵਿਚ ਸਦਾ ਬੈਠੋ, ਸਦਾ ਦਿੱਸੋ, ਸਦਾ ਵੱਸੋ, ਕਦੀ ਨਾ ਵਿਛੜੋ।

ਹੇ ਮਾਲਕ! ਲਾਲ ਤੇਰੀ ਜੋਤ ਹੈ, ਨੈਣ ਦੇਹ ਸਦਾ ਤੇਰਾ ਜਲਵਾ ਦੇਖਾਂ। ਮੇਰੀਆਂ ਮਮਤਾ ਭਰੀਆਂ ਅੱਖੀਆਂ "ਪੁੱਤ" ਵੇਖਦੀਆਂ ਹਨ, ਮੈਨੂੰ ਸਦਾ "ਅਪਨੀ ਜੋਤ" ਵਿਖਾਲ। ਮੈਂ ਤੈਨੂੰ ਵੇਖਾਂ, ਇਕ ਤੈਨੂੰ ਵੇਖਾਂ, ਲਾਲ ਵਿਚ ਇਕ ਤੇਰਾ ਜਲਵਾ ਦੇਖਾਂ। ਪਰ ਮੈਂ ਪੁੱਤ ਵੇਖਦੀ ਹਾਂ, ਹਾਂ, ਮੈਂ ਗੁਰੂ ਵੇਖਦੀ ਹਾਂ, ਗੁਰੂ ਵੇਖਾਂ, ਤੇਰੀ ਰਜ਼ਾ ਵੇਖਾਂ, ਤੇਰੀ ਰਜ਼ਾ ਵਿਚ ਕਦੇ ਅਪਨਾ ਆਪ ਅੱਗੇ ਆਉਂਦਾ ਨਾ ਦੇਖਾਂ, ਹੇ ਆਪੇ ਤਾਰਨਹਾਰ ਮੇਹਰਾਂ ਵਾਲੇ!

"ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ॥"

{ਬਿਲਾਵਲੁ ਮਹਲਾ ੫, ਪੰਨਾ ੮੨੬}

ਐਉਂ ਅਰਦਾਸਾਂ ਕਰਦੀ, ਉੱਚੇ ਭਾਵਾਂ ਵਿਚ ਲੀਨ ਹੁੰਦੀ ਮਾਤਾ ਉੱਠੀ ਗਲ ਪੱਲਾ ਪਾਯਾ, ਵਾਹਿਗੁਰੂ ਦੇ ਜਲਾਲੀ ਰੂਪ ਦੇ ਅਨੁਭਵ ਵਿਚ ਜ਼ਮੀਨ ਉਤੇ ਡੰਡੌਤ ਮੱਥਾ ਟੇਕ ਕਿਸੇ ਡਾਢੇ ਉੱਚੇ ਰਸ ਦੇ ਰੰਗ ਵਿਚ ਗਾਵੀ:-

"ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਿਤ ਜੁਗੁ ਜੁਗੁ ਏਕੋ ਵੇਸੁ॥"

{ਜਪੁਜੀ, ਪੰਨਾ ੬}

ਏਸ ਆਦੇਸ ਵਿੱਚ ਅਰਥਾਤ ਮੱਥਾ ਟੇਕਣ ਵਿੱਚ ਉਸ ਆਦਿ ਤੇ ਆਦਿ ਤੋਂ ਰਹਿਤ, ਮਾਯਾ ਤੋਂ ਰਹਿਤ, ਸਦਾ ਇੱਕ-ਰਸ ਦੇ ਚਰਨ-ਕਮਲਾਂ ਵਿੱਚ ਮੱਥਾ ਟੇਕਦੀ ਲੀਨ ਹੋ, ਲੀਨ ਹੋ ਰਹੀ।

(੪)

ਮਾਤਾ ਜੀ ਤੋਂ ਵਿਦਾ ਹੋ ਗੁਰੂ ਸਾਹਿਬ ਡੇਰੇ ਗਏ, ਉੱਥੇ ਜਾ ਕੇ ਅਪਨੇ ਕਾਰਦਾਰਾਂ ਨੂੰ ਬੁਲਾ ਕੇ ਚੋਣਵੇਂ ਸੂਰਮੇ ਨਾਲ ਚੱਲਣ ਲਈ ਤਯਾਰ ਕਰਵਾਏ, ਤੇ ਪਿੱਛੇ ਦਾ ਇੰਤਜ਼ਾਮ ਯੋਗ ਕਰਮਚਾਰੀਆਂ ਨੂੰ ਸੌਂਪ ਕੇ ਆਪ ਟੁਰ ਪਏ!

ਅੰਮ੍ਰਿਤਸਰੋਂ ਟੁਰ ਕੇ ਸੰਗਤਾਂ ਨੂੰ ਨਿਹਾਲ ਕਰਦੇ ਆਪ ਚਪਰਾਹੜ ਪੁਰ ਪਿੰਡ ਜੋ ਸਯਾਲਕੋਟ ਦੇ ਜ਼ਿਲੇ ਹੈ, ਅੱਪੜੇ। ਮੈਦਾਨ ਵਿੱਚ ਇਕ ਬ੍ਰਾਹਮਣ ਖੜਾ ਸੀ, ਉਸਨੇ ਦੂਰ ਤੋਂ ਘੋੜ ਅਸਵਾਰ ਆਉਂਦੇ ਵੇਖੇ, ਸਭ ਤੋਂ ਅੱਗੇ ਪਹੁੰਚੇ ਸਵਾਰ ਤੋਂ ਉਸ ਨੇ ਪੁਛਿਆ ਏ ਕੌਣ ਹੈ? ਸਵਾਰ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਜੋ ਵਾਹਿਗੁਰੂ ਵੱਲੋਂ ਜਗਤ ਨੂੰ ਤਾਰਨ ਆਏ ਹਨ, ਉਨ੍ਹਾਂ ਦੀ ਸਵਾਰੀ ਆ ਰਹੀ ਹੈ। 'ਅਵਤਾਰ' ਤੇ 'ਅਸਵਾਰ' ਦੋ ਗੱਲਾਂ ਸੋਚਦਾ ਬ੍ਰਾਹਮਨ ਓਥੇ ਖੜਾ ਰਿਹਾ, ਏਨੇਂ ਨੂੰ ਸਤਿਗੁਰ ਘੋੜੇ ਨੂੰ ਅੱਡੀ ਆਏ ਆਪ ਆ ਨਿਕਲੇ ਤੇ ਕਹਿਣ ਲੱਗੇ: "ਹੇ ਬ੍ਰਾਹਮਨ! ਕਿਤੇ ਜਲ ਨੇੜੇ ਹੈ?" ਬ੍ਰਾਹਮਨ ਨੇ ਨੁਹਾਰ ਤੇ ਕਲਗੀ ਜਿਗਾ ਤੋਂ ਪਛਾਤਾ ਕਿ ਹੋਵੇ ਨਾ ਤਾਂ ਹਰਿਗੋਬਿੰਦ ਗੁਰੂ ਇਹੋ


www.sikhbookclub.com

ਹੈ। ਮੂੰਹ ਪੱਕਾ ਕਰਕੇ ਕਹਿਣ ਲੱਗਾ:-"ਹੇ ਸਤਿਗੁਰੂ! ਆਪ ਜਗਤ-ਗੁਰੂ ਹੋ, ਘਟ-ਘਟ ਦੀ ਜਾਨਣਹਾਰੇ ਹੋ, ਆਪ ਤੋਂ ਕੀ ਕੁਛ ਗੁੱਝਾ ਛਿਪਾ ਹੈ? ਜਿੱਥੇ ਪਾਣੀ ਹੈ, ਆਪ ਜਾਣ ਰਹੇ ਹੋ।" ਸਤਿਗੁਰੂ ਇਹ ਸੁਣ ਕੇ ਬ੍ਰਾਹਮਣ ਵਲ ਗੌਰ ਨਾਲ ਤੱਕੇ ਤੇ ਫੇਰ ਹੇਠਾਂ ਉਤਰੇ, ਇੰਨੇ ਨੂੰ ਬਾਕੀ ਸੈਨਾਂ ਬੀ ਆ ਗਈ, ਜੋ ਸਵਾਰ ਨੇੜੇ ਤੇੜੇ ਪਾਣੀ ਦੇਖਣ ਗਏ ਸਨ, ਉਹ ਬੀ ਆ ਗਏ ਤੇ ਦੱਸਣ ਲੱਗੇ ਕਿ ਪਾਣੀ ਕਿਤੇ ਨੇੜੇ ਤਾਂ ਨਹੀਂ ਦਿਸਦਾ। ਸਤਿਗੁਰੂ ਜੀ ਇਕ ਡਾਢੇ ਗੰਭੀਰ ਤੇ ਤੇਜ ਦੇ ਰੰਗ ਵਿਚ ਖੜੇ ਸਨ, ਸਵਾਰਾਂ ਦੀ ਗੱਲ ਮਾਨੋਂ ਸੁਣੀ ਹੀ ਨਹੀਂ। ਆਪ ਦੇ ਹੱਥ ਵਿਚ ਇਕ ਭਾਰੀ ਬਰਛਾ ਸੀ, ਜਿੱਥੇ ਖੜੇ ਸਨ ਉੱਥੇ ਹੀ ਉਹ ਬਰਛਾ ਜ਼ਿਮੀਂ ਵਿਚ ਖੋਭ ਕੇ ਕੱਢ ਲਿਆ, ਬਰਛੇ ਦੇ ਬਾਹਰ ਨਿਕਲਦੇ ਸਾਰ ਪਾਣੀ ਦੀ ਧਾਰ ਨਾਲ ਆਈ*।

ਇਸ ਤਰ੍ਹਾਂ ਬ੍ਰਾਹਮਨ ਅਪਨੀ ਕਰਨੀ ਤੇ ਸ਼ਰਮਿੰਦਾ ਹੋ ਕੇ ਪੈਰੀਂ ਡਿੱਗ ਪਿਆ ਤੇ ਭੁੱਲ ਬਖਸ਼ਾਈ, ਸਤਿਗੁਰੂ ਨੇ ਮੇਹਰ ਕੀਤੀ ਤੇ ਵਾਹਿਗੁਰੂ ਜੀ ਦਾ ਪਿਆਰ ਇਸ ਨੂੰ ਦਾਨ ਕੀਤਾ। ਇਥੇ ਇਕ ਦੋ ਦਿਨ ਡੇਰਾ ਰਿਹਾ ਤੇ ਉਸ ਚਸ਼ਮੇ ਦਾ ਪਾਣੀ ਕਾਫੀ ਕੰਮ ਦੇਂਦਾ ਰਿਹਾ। ਫੇਰ ਸਤਿਗੁਰੂ ਜੀ ਗੜੌੜੀ ਵਜ਼ੀਰਾਬਾਦ ਅਨੇਕ ਥਾਈਂ ਠਹਿਰਦੇ ਉਪਦੇਸ਼ ਦੇਂਦੇ ਸੰਗਤਾਂ ਤਾਰਦੇ ਅਨੇਕਾਂ ਜੀਵਾਂ ਦਾ ਉਧਾਰ ਕਰਦੇ ਮੀਰਪੁਰ ਦੌਮਕ ਜਾ ਉਤਰੇ। ਏਥੇ ਸੰਨਜਾਮੀ ਬੈਰਾਗੀਆਂ ਦਾ ਕੋਈ ਇਕੱਠ ਸੀ, ਸਾਰੇ ਦੀਵਾਨ ਵਿਚ ਆ ਜੁੜੇ, ਇਨ੍ਹਾਂ ਵਿਚ ਇਕ ਬੀਰਮ ਨਾਮੇ ਬ੍ਰਾਹਮਣ ਬੀ ਆ ਗਿਆ। ਇਹ ਚਿਰ ਤੋਂ ਸੱਚੇ ਮਾਰਗ ਦਾ ਢੂੰਡਾਊ ਸੀ, ਵਾਹਿਗੁਰੂ ਦੀ ਮੇਹਰ ਨਾਲ ਇਸ ਦੀ ਨਿਸ਼ਾ ਹੋਈ ਤੇ ਨਾਮਧ੍ਰੀਕ ਹੋ ਕੇ ਸਿੱਖ ਬਣਿਆ, ਉਸਦੀ ਉਲਾਦ ਦੇ ਕਈ ਲੋਕ ਹੁਣ ਤੱਕ ਸਿੱਖ ਸੁਣੀਂਦੇ ਹਨ। ਇਸ ਤੋਂ ਅੱਗੇ ਕੈਣ ਪਿੰਡ ਵਿਚ ਝੰਗੜ ਨਾਮੇ ਇਕ ਪੂਜਨੀਕ ਬ੍ਰਾਹਮਣ ਅਪਨੀ ਸੇਵਕੀ ਦਾ ਆਗੂ ਪ੍ਰਸਿਧ ਆਦਮੀ ਸੀ। ਸਤਿਗੁਰਾਂ ਦੇ ਦਰਸ਼ਨ ਨੂੰ ਆਯਾ, ਜਦੋਂ ਅਪਨੇ ਸੰਸੇ ਨਵਿਰਤ ਹੋਏ ਵੇਖੇ ਤਾਂ ਸਾਰੀ ਲੋਕ ਲਾਜ ਛੱਡ ਕੇ ਗੁਰੂ ਕਾ ਸਿੱਖ ਹੋ ਗਿਆ। ਭਿੰਬਰ ਲੰਘ ਕੇ ਸਮਾਣੀ ਪਿੰਡ ਦਾ ਮੂਲਾ ਜੋ ਅਪਨੇ ਇਲਾਕੇ ਦਾ ਗੁਰੂ ਸੀ, ਸਤਿਗੁਰਾਂ ਦਾ ਸਿੱਖ ਬਣ ਗਿਆ। ਇਹ ਲੋਕ ਰਸਮੀ ਆਗੂ ਸੇ, ਇਨ੍ਹਾਂ ਦੇ ਆਤਮੇ ਵਿਚ ਜਾਗ੍ਰਤ ਨਹੀਂ ਸੀ। ਰੱਬੀ ਹੁਲਾਰਾ ਇਨ੍ਹਾਂ ਦੇ ਅੰਦਰ ਨਹੀਂ ਸੀ, ਸਤਿਗੁਰ ਦੇ ਦੀਦਾਰ ਨਾਲ ਵਾਹਿਗੁਰੂ ਪ੍ਰੇਮ ਦਾ ਝਲਕਾ ਵੱਜ ਜਾਂਦਾ ਸੀ ਤੇ ਮਾਨੋ ਸੁੱਤੇ ਜਾਗ ਪੈਂਦੇ ਤੇ ਮੋਏ ਜੀਉ ਉਠਦੇ ਸਨ। ਇਨ੍ਹਾਂ ਦੇ ਪ੍ਰੇਮੀ ਹੋਣ ਨਾਲ ਇਨ੍ਹਾਂ ਦੀਆਂ ਸੰਗਤਾਂ ਬੀ ਜੀਵਣ ਕਣੀ ਪਾ ਲੈਂਦੀਆਂ ਸਨ।

ਬੈਰਾਮ ਗਲੇ ਜਾ ਗੁਰੂ ਜੀ ਨੇ ਡੇਰੇ ਪਾਏ ਤੇ ਸ਼ਿਕਾਰ ਚੜ੍ਹੇ। ਇਸ ਇਲਾਕੇ ਦਾ ਇਕ ਝੰਡਾ ਨਾਮੇ ਸਿੱਖ ਗੁਰੂ ਜੀ ਨੂੰ ਜੰਗਲ ਦੇ ਸਾਰੇ ਰਸਤੇ ਦਸਦਾ ਫਿਰਿਆ। ਇਕ ਥਾਂ ਜਾ ਕੇ ਸਤਿਗੁਰਾਂ ਨੇ ਕਿਹਾ "ਝੰਡਾ! ਏਥੇ ਠਹਿਰ ਜਾਹ, ਅਸੀਂ ਮੁੜ ਕੇ ਆਵਾਂਗੇ ਤਾਂ ਸਾਡੇ ਨਾਲ ਚਲੀਂ।" ਸਤਿਗੁਰੂ ਜੀ ਅੱਗੋਂ ਹੋ ਕੇ ਕਿਸੇ ਹੋਰ ਰਸਤੇ ਡੇਰੇ ਅੱਪੜ ਗਏ। ਤੀਏ ਦਿਨ ਫੇਰ ਸਤਿਗੁਰੂ ਸੈਰ ਸ਼ਿਕਾਰ ਕਰਦੇ ਉਸੇ ਰਾਹ ਆ ਨਿਕਲੇ ਤਾਂ ਝੰਡਾ ਉਸੇ ਟਿਕਾਣੇ ਸਤਿਗੁਰੂ ਦੀ ਉਡੀਕ ਵਿਚ ਰਸਤਾ ਵੇਖ ਰਿਹਾ ਸੀ।

* ਏਥੇ ਹੁਣ ਤਕ ਤਲਾਉ ਹੈ, ਸ੍ਰੋਤ ਹੈ ਕਿ ਸ੍ਰ: ਸ਼ਿਵਦੇਵ ਸਿੰਘ ਜੀ ਏਥੇ ਜੋੜਮੇਲ ਦਾ ਪ੍ਰਬੰਧ ਕਰਦੇ ਹਨ। ਸ੍ਰੀਮਾਨ ਸੰਤ ਸ਼ਾਮ ਸਿੰਘ ਜੀ ਨੇ ਅੰਮ੍ਰਿਤਸਰੋਂ ਸੰਗਤਾਂ ਲਿਜਾ ਕੇ ਤੇ ਸਿਆਲਕੋਟ ਦੀਆਂ ਸੰਗਤਾਂ ਨੇ ਇਸ ਸਰੋਵਰ ਦੀ, ਜੋ ਅੱਟ ਰਿਹਾ ਸੀ, ਕਾਰ ਕੀਤੀ ਹੈ ਤੇ ਜਲ ਆਪੇ ਉਮਗਦਾ ਹੈ।

ਸਤਿਗੁਰੂ ਜੀ ਨੇ ਨੇੜੇ ਆ ਕੇ ਝੰਡੇ ਨੂੰ ਗਲ ਲਾਯਾ, "ਭਾਈ ਝੰਡਾ, ਭਾਈ ਝੰਡਾ!" ਆਖ ਕੇ ਤ੍ਰੈ ਵਾਰ ਕਿਹਾ, "ਨਿਹਾਲ! ਨਿਹਾਲ!! ਨਿਹਾਲ!!!" ਏਹ ਸਿੱਖ ਇੱਡਾ ਉਚਾ ਹੋਯਾ ਕਿ ਉਸ ਇਲਾਕੇ ਦੀ ਸਿੱਖੀ ਦੀ ਮੰਜੀ ਏਸਨੂੰ ਬਖਸ਼ੀ।

ਇਸ ਤਰ੍ਹਾਂ ਜਗ੍ਹਾ ਜਗ੍ਹਾ ਠਹਿਰਦੇ ਸੰਗਤਾਂ ਤਾਰਦੇ ਵਾਹਿਗੁਰੂ ਤੋਂ ਵਿਛੜੀਆਂ ਰੂਹਾਂ ਨੂੰ ਮਿਲਾਪ ਕਰਾਉਂਦੇ, ਨਵੀਆਂ ਜਿੰਦ ਕਣੀਆਂ ਪਾ ਪਾ ਰੂਹਾਨੀ, ਆਤਮ-ਜੀਵਨ ਦਾਨ ਕਰਦੇ ਅਖੀਰ ਡੇਰੇ ਕਟੂ ਸ਼ਾਹ ਫਕੀਰ ਦੇ ਘਰ ਜਾ ਟਿਕੇ, ਏਹ ਜ਼ਨਮ ਦਾ ਮੁਸਲਮਾਨ ਸੀ, ਫਕੀਰੀ ਦੇ ਸ਼ੌਕ ਵਿਚ ਦੁਨੀਆਂ ਫਿਰਦਾ ਕਦੇ ਅੰਮ੍ਰਿਤਸਰ ਅੱਪੜਿਆ ਸੀ। ਉਥੇ ਇਸਦੀ ਨਿਸ਼ਾ ਹੋਈ ਸੀ। ਰਿੱਧੀਆਂ ਸਿੱਧੀਆਂ ਨਾਟਕ ਚੇਟਕ ਤਾਂ ਬਥੇਰੇ ਜਾਣਦਾ ਸੀ, ਪਰ ਅੰਤਰ-ਆਤਮੇ ਠੰਡ ਨਹੀਂ ਸੀ। ਅੰਦਰਲਾ ਠੌਰ ਨਹੀਂ ਬੰਨ੍ਹਦਾ ਸੀ। ਸਤਿਗੁਰਾਂ ਦੀ ਮੇਹਰ ਨਾਲ ਇਸ ਨੂੰ ਸ਼ਾਂਤ ਆਈ, ਵਾਹਿਗੁਰੂ ਚਰਨਾਂ ਦਾ ਪ੍ਰੇਮ ਪ੍ਰਾਪਤ ਹੋਇਆ। ਸਿੱਖੀ ਧਾਰਨ ਕੀਤੀ ਤੇ ਏਸ ਟਿਕਾਣੇ ਆ ਡੇਰੇ ਲਾਏ ਸਨ, ਰਹਿਤ ਕੁਛ ਮਸਤਾਨਾ ਜੇਹੀ ਸੀ, ਪਰ ਇਹ ਹਾਲਤ ਨਾਮ-ਰਸ ਵਿਚ ਨਿਰੰਤ੍ਰ ਡੁਬੇ ਰਹਿਣ ਕਰਕੇ ਸੀ। ਸਤਿਗੁਰ ਜੀ ਇਸ ਪ੍ਰੇਮੀ ਦੇ ਡੇਰੇ ਆਪ ਆ ਉਤਰੇ, ਕਟੂ ਸ਼ਾਹ ਦੇ ਆਦਰ ਤੇ ਸਤਿਕਾਰ ਦਾ ਕੋਈ ਅੰਤ ਨਹੀਂ ਸੀ, ਜਿਸਨੂੰ ਅਪਨੇ ਦਾਤਾ ਜੀ ਇਸ ਤਰ੍ਹਾਂ ਘਰ ਆ ਕੇ ਮਿਲੇ।

ਸੋ ਸਤਿਗੁਰੂ ਜੀ ਥੋੜਾ ਚਿਰ ਠਹਿਰ ਕੇ ਸ੍ਰੀ ਨਗਰ ਕਸ਼ਮੀਰ ਦੀ ਰਾਜਧਾਨੀ ਵੱਲ ਟੁਰ ਪਏ।

ਉਧਰ ਮਾਈ ਅਪਨੇ ਘਰ ਅਪਨੇ ਆਹਰੇ ਓਸੇ ਤਰ੍ਹਾਂ ਲੱਗੀ ਰਹੀ। ਇਕ ਦਿਨ ਸਵੇਰ ਸਾਰ ਉੱਠੀ ਤਾਂ ਬੜੀ ਘਬਰਾਈ ਹੋਈ ਸੀ, ਪੁੱਤ ਨੇ ਆ ਕੇ ਮੱਥਾ ਟੇਕਿਆ ਤੇ ਆਖਿਆ:-

ਮਾਤਾ ਜੀ! ਅੱਜ ਬੜੇ ਉਦਾਸ ਹੋ?

ਮਾਤਾ-ਬੱਚਾ! ਮੈਂ ਇਕ ਸੁਪਨਾ ਡਿੱਠਾ ਹੈ, ਤੇ ਸੁਪਨੇ ਵਿਚ ਇਕ ਜਤਨ ਕਰਦੀ ਰਹੀ ਹਾਂ, ਜਿਸ ਕਰਕੇ ਥੱਕ ਗਈ ਹਾਂ। ਉਹ ਥਕਾਨ ਮੇਰੇ ਜਾਗ ਪੈਣ ਤੇ ਬੀ ਮੇਰੇ ਸਰੀਰ ਵਿਚ ਹੈ, ਇਸ ਤੋਂ ਭੈ ਜਿਹਾ ਲਗਦਾ ਹੈ ਕਿ ਸੁਪਨਾ ਕੋਈ ਸੱਚੀ ਨਿਸ਼ਾਨੀ ਨਾ ਦੇਂਦਾ ਹੋਵੇ।

ਸੇਵਾਦਾਸ-ਮਾਂ ਜੀ, ਉਹ ਸੁਪਨਾ ਕੀ ਸੀ?

ਮਾਤਾ-ਉਹ ਐਉਂ ਸੀ, ਕਿ ਜਾਂ ਮੈਂ ਸੌਂ ਗਈ ਤਾਂ ਮੈਨੂੰ ਭਾਸਿਆ ਕਿ ਕੋਈ ਤੱਤੀ ਹਵਾ ਚੱਲ ਪਈ ਹੈ ਤੇ ਮੈਨੂੰ ਨੀਂਦ ਨਹੀਂ ਪੈਣ ਦੇਂਦੀ ਤੇ ਉਂਵ ਮੈਂ ਸੁੱਤੀ ਪਈ ਸਾਂ। ਫੇਰ ਹਨੇਰਾ ਹੋ ਗਿਆ, ਫੇਰ ਇਕ ਲਾਲ ਗੂੜ੍ਹਾ ਚਾਨਣਾ ਆਇਆ, ਏਨੇਂ ਵਿਚ ਇਕ ਸੂਰਤ ਮੈਂ ਵੇਖੀ, ਇਸ ਦੀ ਕੁਛ ਅਚਰਜ ਜੇਹੀ ਨੁਹਾਰ ਸੀ, ਮੈਥੋਂ ਕੁਛ ਵਿੱਥ ਉੱਤੇ ਤੇ ਕੁਛ ਆਦਰ ਵਾਲੇ ਨੈਣਾਂ ਨਾਲ ਤਕ ਕੇ ਖੜੋ ਗਿਆ ਤੇ ਆਖਣ ਲੱਗਾ: 'ਜੈ ਹੋ ਮਾਈ, ਤੇਰੀ ਔਧ ਪੁੱਗ ਗਈ ਹੈ, ਤਯਾਰੀ ਕਰੋ।' ਮੈਂ ਕਿਹਾ, 'ਮੇਰੀ ਤਯਾਰੀ ਹੈ, ਮੈਂ ਗੁਰੂ ਹਜ਼ੂਰ ਹਾਜ਼ਰ ਹਾਂ, ਸਿਮਰਨ, ਸਦਾ ਦਾ ਸਿਮਰਨ, ਹਰ ਘੜੀ ਦੀ ਤਯਾਰੀ ਹੈ, ਜੋ ਛਿਨ ਛਿਨ ਨਾ ਵਿਸਾਰੇ ਉਹ ਛਿਨ ਛਿਨ ਵਿਚ ਤਯਾਰ ਰਹਿੰਦਾ ਹੈ, ਮੇਰੀ ਤਯਾਰੀ ਹੋਈ ਹਵਾਈ ਹੈ।' ਉਹ ਕਹਿਣ ਲੱਗਾ, 'ਹਾਂ, ਪਰ ਨਹੀਂ, ਤੂੰ ਅਜੇ ਤਯਾਰ ਨਹੀਂ, ਉਡੀਕਾਂ ਵਿਚ ਹੈਂ ਤੇ ਸਮਾਂ ਹੋਰ ਠਹਿਰਨ ਦੀ ਆਗਯਾ ਨਹੀਂ ਦੇਂਦਾ।' 'ਪਤਾ ਨਹੀਂ ਪੁੱਤ! ਮੈਨੂੰ ਸੱਤਰੀ ਬਹੱਤ੍ਰੀ ਤੋਂ ਅੱਗੇ ਮੌਤੋਂ ਬੀ ਲੰਘ ਚੁਕੀ

ਨੂੰ ਅਕਲ ਕਿੱਥੋਂ ਫੁਰ ਪਈ, ਪਰ ਅੰਦਰੋਂ ਹੀ ਸੁਪਨੇ ਦੀ ਗ਼ਾਫ਼ਲੀ ਵਿੱਚ ਫੁਰ ਪਿਆ, ਮੈਂ ਤਾਂ ਸਮੇਂ ਦੇ ਮਾਲਕ ਕਾਲ ਦੇ ਰਾਜ ਅਕਾਲ ਦੀ ਸਰਨ ਹਾਂ, ਮੇਰੇ ਪਰ ਸਮੇਂ ਦਾ ਹੁਕਮ ਕਿਵੇਂ ਹੈ? ਸੋ ਮੈਂ ਉੱਤਰ ਦਿਤਾ, 'ਮੈਂ ਉਸਦੀ ਉਡੀਕ ਵਿਚ ਹਾਂ, ਜੋ ਕਾਲ ਤੋਂ ਰਹਿਤ, ਸਰਬ ਕਾਲ ਦੇ ਉਤੇ ਹੁਕਮ ਰਖਦਾ ਹੈ, ਜੇ ਉਸਦਾ ਇਹ ਹੁਕਮ ਹੈ ਤਾਂ ਮੇਰੇ ਸਿਰ ਮੱਥੇ ਤੇ ਹੈ, ਤੇ ਜੇ ਇਹ ਉਸ ਦਾ ਹੁਕਮ ਨਹੀਂ ਤਾਂ ਮੇਰੀ ਉਡੀਕ ਇਕ ਡੋਰ ਹੈ ਜੋ ਸਮੇਂ ਦੇ ਮੁੱਕ ਜਾਣ ਤੇ ਬੀ ਮੇਰੀ ਜਿੰਦੜੀ ਨੂੰ ਲਈ ਜਾਏਗੀ।' ਉਸਨੇ ਆਖਯਾ, 'ਮੈਂ ਸਨੇਹਾ ਦੇ ਦਿੱਤਾ ਹੈ, ਇਹ ਸਨੇਹਾ ਕਾਲ ਦੇ ਲੇਖਾ ਰੱਖਣ ਵਾਲੇ ਦਾ ਹੈ, ਕਾਲ ਦਾ ਇਹ ਗੁਪਤ ਲੇਖਾ ਹੈ, ਜੋ ਹੁਣ ਤੇਰੇ ਲਈ ਮੁੱਕਦਾ ਹੈ।' ਮੈਂ ਕਿਹਾ, 'ਫੇਰ ਮੈਂ ਤਾਂ ਅਜੇ ਤਿਆਰ ਨਹੀਂ, ਮੇਰੇ ਵੱਸ ਨਹੀਂ, ਮੈਂ ਤਾਂ ਕਿਸੇ ਲਿਵ ਵਿਚ ਬੱਝੀ ਪਈ ਹਾਂ, ਤੁਸੀਂ ਜੇ ਸਮਰੱਥ ਹੋ ਤਾਂ ਤੋੜ ਲਓ ਤੇ ਲੈ ਚਲੋ, ਉਜ਼ਰ ਨਹੀਂ, ਰੋਂਦੀ ਟੁਰਸਾਂ, ਕੁਰਲਾਂਦੀ ਜਾਸਾਂ, ਕੂੰਜ ਵਾਂਙੂ ਕੂ ਕੂ ਕਰਸਾਂ, ਆਖਸਾਂ 'ਹਾਇ ਨਾ ਵਿਛੋੜੋ, ਨਾ ਵਿੱਥ ਪਾਓ, ਮਿਲ ਲੈਣ ਦਿਓ, ਸਿੱਕ ਲਾਹ ਲੈਣ ਦਿਓ। ਜੇ ਬਲੀ ਹੋ ਤਾਂ ਲੈ ਜਾਸੋ, ਖੁਸ਼ੀ ਨਾਲ ਮੈਂ ਨਹੀਂ ਜੇ ਤਿਆਰ, ਮੇਰੇ ਵੱਸ ਦੀ ਗੱਲ ਨਹੀਂ, ਮੇਰੀ ਲਗਨ ਮੇਰੇ ਵੱਸੋਂ ਪਰੇ ਹੋ ਚੁੱਕੀ ਹੈ!' ਉਸ ਨੇ ਆਖਯਾ, 'ਮੈਂ ਅਦਬ ਨਾਲ ਸਨੇਹਾ ਦਿੱਤਾ ਹੈ, ਬਲ ਤਾਂ ਮੇਰੇ ਵਿਚ ਹੈ ਪਰ ਮੈਂ ਤੁਸਾਡੇ ਨੇੜੇ ਨਹੀਂ ਆ ਸਕਦਾ, ਤੁਹਾਡੇ ਅੰਦਰ 'ਸਿਮਰਨ' ਹੈ, ਮੈਂ ਤੁਹਾਨੂੰ ਤ੍ਰੋੜ ਮ੍ਰੋੜ ਕੇ ਨਹੀਂ ਲਿਜਾ ਸਕਦਾ, ਤੁਹਾਡੇ ਅੰਦਰ ਨਾਮ-ਰਸ ਦਾ ਤੇਜ ਹੈ, ਅਸੀਂ ਗੋਬਿੰਦ ਭਜਨ, ਗੋਬਿੰਦ ਕੀਰਤਨ ਵਾਲੇ ਥਾਂ ਜ਼ੋਰ ਨਹੀਂ ਰਖਦੇ, ਸੰਦੇਸ਼ਾ ਦੇ ਦਿੱਤਾ ਹੈ।' ਮੈਂ ਫਿਰ ਹੱਸ ਕੇ ਕਿਹਾ, 'ਮੈਂ ਅਚਰਜ ਹਾਂ ਕਿ ਤੁਸੀਂ ਸੰਦੇਸਾ ਦੇਣ ਬੀ ਕਿਉਂ ਆਏ, ਮੈਨੂੰ ਸੁਪਨੇ ਵਿਚ ਬੀ ਕਿਉਂ ਦਿੱਸੇ? ਮੈਨੂੰ ਸੰਦੇਸਾ ਦੇਣ ਗੁਰੂ ਕਾ ਸਿੱਖ ਆਉਂਦਾ, ਮੈਨੂੰ ਲੈਣ ਮਹਾਰਾਜ ਦਾ ਪਿਆਰਾ ਆਉਂਦਾ ਜੋ ਕਾਲ ਨੂੰ ਜਿੱਤ ਚੁੱਕੇ ਹਨ, ਤੁਸੀਂ ਕਾਲ ਦੇ ਲੇਖੇਦਾਰ ਕਿਉਂ ਆਏ?' ਤਦ ਉਸਨੇ ਹੱਸ ਕੇ ਕਿਹਾ-'ਮਾਈ! ਤੂੰ ਸੱਚ ਆਖਦੀ ਹੈਂ, ਤੁਸੀਂ 'ਏਕੇ ਦੇ ਪਜਾਰ ਵਾਲੇ' 'ਇੱਕ ਦੀ ਲਗਨ ਵਾਲੇ' ਸਾਡੀ ਸਰਕਾਰ ਤੋਂ ਬਾਹਰ ਹੋ, ਪਰ ਤੁਸੀਂ ਆਪ ਕਦੇ ਕਦੇ ਨਿਰਾਸ ਹੋ, ਅਪਨੀ ਉਮਰ ਗਿਣਿਆ ਕਰਦੇ ਹੋ ਤੇ ਸੰਸੇ ਵਿਚ ਟੁਰ ਜਾਯਾ ਕਰਦੇ ਹੋ ਕਿ ਖਬਰੇ ਉਮਰਾ ਸਾਥ ਦੇਵੇ ਕਿ ਨਾ? ਤੁਸੀਂ ਜਾਣਦੇ ਹੋ 'ਸੰਸਾ ਇਹ ਸੰਸਾਰ ਹੈ' ਸੋ ਇਸ ਪਿੱਛੇ ਮੈਂ ਆਯਾ, ਪਰ ਨਿਰਾ ਖਬਰ ਕਰਨ ਆਯਾ ਹਾਂ।' ਤਦ ਮੈਂ ਕਿਹਾ, 'ਤੇਰਾ ਧੰਨ ਹੋਵੇ, ਤੂੰ ਮੈਨੂੰ ਮੱਤ ਦਿੱਤੀ ਹੈ, ਨਿਖੁੱਟੀ ਦੇ ਦਿਲ ਨੂੰ ਸੰਸਾ ਲੱਗ ਹੀ ਜਾਂਦਾ ਹੈ, ਚੰਗਾ ਤੁਸੀਂ ਹੁਣ ਜਾਓ।' ਲਾਲ ਜੀ! ਓਹ ਜਾਵੇ ਨਾ, ਨੇੜੇ ਬੀ ਨਾ ਆਵੇ, ਸੀ ਬੀ ਅਦਬ ਵਿਚ, ਪਰ ਮੈਂ ਚਾਹਵਾਂ ਜਾਵੇ, ਸੋ ਉਸ ਨੂੰ ਮੈਂ ਦਿਲੋਂ ਸੰਕਲਪ ਨਾਲ ਜ਼ੋਰ ਲਾ ਲਾ ਕੇ ਟੋਰਾਂ, ਤੇ ਐਉਂ ਮੇਰਾ ਬਲ ਖਰਚ ਹੋਵੇ, ਸੋ ਮੈਂ ਸਤਿਗੁਰ ਜੀ ਨੂੰ ਧੰਨ ਗੁਰੂ ਹਰਿਗੋਬਿੰਦ! ਧੰਨ ਗੁਰੂ ਹਰਿਗੋਬਿੰਦ! ਕਰਕੇ ਯਾਦ ਕੀਤਾ, ਫੇਰ ਉਹ ਟੁਰ ਗਿਆ। ਇਹ ਸੀ ਸੁਪਨਾ! ਸੋ ਜੇ ਸੱਚ ਹੈ, ਮਲੂਮ ਸੱਚ ਹੁੰਦਾ ਹੈ, ਤਦ ਮੇਰੀ ਖੜ ਪੁੱਜ ਚੁੱਕੀ, ਪਰ ਸਿੱਕ ਪੂਰੀ ਨਹੀਂ ਹੋਈ। ਸੇਵਾਦਾਸ, ਪੁਤ੍ਰਾ! ਕੋਈ ਉਪਰਾਲਾ ਕਰ!

ਸੇਵਾਦਾਸ-ਮਾਂ ਜੀ! ਸਤਿਗੁਰ ਦੇ ਵਾਕ ਸੱਚ ਹਨ:-

"ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥"

{ਗਉੜੀ ਬਾਵਨ ਅਖਰੀ ਮਹਲਾ ੫-੩੧, ਪੰਨਾ ੨੫੬}


www.sikhbookclub.com

ਇਹ ਧਰਮਰਾਜ ਦਾ ਆਪਣੇ ਦੂਤਾਂ ਨੂੰ ਹੁਕਮ ਹੈ। ਵਾਕ ਸੱਤ ਹੈ, ਤੁਸੀਂ ਹੁਣ ਵੇਖ ਲਿਆ ਤੇ ਓਹ ਤੁਹਾਨੂੰ ਦੱਸ ਗਿਆ ਕਿ ਸੰਸਾ ਕਰਦੇ ਹੋ, ਦੂਰ ਖੜੇ ਕੇ ਸੰਦੇਸਾ ਦੇਣ ਦਾ ਹੀਆ ਬੀ ਤਾਂ ਪਿਆ ਹੈ, ਸੋ ਹੁਣ ਸੰਸਾ ਨ ਕੀਤਾ ਕਰੋ।

ਮਾਈ-ਗੁਰੂ ਜੀ ਦਾ ਬਿਰਦ ਪਤਿਤ ਪਾਵਨ ਹੈ, ਜ਼ਰੂਰ ਆਉਣਗੇ। ਪਰ ਮੇਰੀ ਕੰਗਲੀ ਦੀ ਲਿਵ ਡੋਰੀ ਪੱਕੀ ਨਹੀਂ, ਜੇ ਰਤਾ ਮੈਥੋਂ ਛੁੱਟੀ, ਤਦ ਕਾਲ ਲੈ ਜਾਏਗਾ। ਮੈਂ ਕਿਵੇਂ ਡੋਰ ਪਕੜਾਂ, ਮੇਰੇ ਕਲੇਜੇ ਹੁਣ ਵਿਛੋੜੇ ਦੀ ਪੀੜ ਸਹਿਣ ਦੀ ਬੀ ਤਾਕਤ ਨਹੀਂ। ਮੇਰਾ ਮੱਥਾ ਤੜਫਦਾ ਹੈ, ਕਦ ਚਰਨ ਪਰਸਾਂ, ਕਦ ਇਹ ਸੀਸ ਹੋਵੇ ਤੇ ਉਹ ਚਰਨ ਹੋਣ।

ਸੇਵਾਦਾਸ-ਮਾਤਾ, ਤੁਸਾਡੀ ਨਾਮ ਵਿਚ ਲਿਵ ਤਾਂ ਲੱਗ ਗਈ, ਅੱਠ ਪਹਿਰ ਗੁਰੂ ਜਪਦੇ ਹੋ, ਹਿਰਦੇ-ਨਿਵਾਸ ਲੱਭ ਪਿਆ ਹੈ, ਕੀ ਏਹ ਸ਼ੁਕਰ ਨਹੀਂ?

ਮਾਂ-ਲੱਖ ਲੱਖ ਤੇ ਕ੍ਰੋੜ ਕ੍ਰੋੜ ਸ਼ੁਕਰ ਹੈ, ਪਰ ਏਹ ਤੁਕ ਬਚਾ ਵਾਚ ਖਾਂ:-

**"ਦਰਸਨੁ ਦੇਖਤ ਦੋਖ ਨਸੇ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥"**

{ਬਿਲਾਵਲੁ ਮਹਲਾ ੫, ਪੰਨਾ ੮੨੬}

ਦਰਸ਼ਨ ਦੇਖਿਆਂ ਸਭ ਦੁੱਖ ਤੇ ਦੋਸ਼ ਦੂਰ ਹੋ ਗਏ। ਏਹ ਦਰਸ਼ਨ ਦਾ ਪ੍ਰਤਾਪ ਹੈ, ਫੇਰ ਮੰਗਦੇ ਕੀ ਹਨ, ਕਿ ਕਦੇ ਮੇਰੀਆਂ ਅੱਖਾਂ ਅੱਗੋਂ ਦੂਰ ਨ ਹੋਵੋ, ਹੇ ਤੁਸੀਂ! ਜੋ ਮੇਰੇ ਜੀਅ ਦੇ ਨਾਲ ਵਸ ਰਹੇ ਹੋ।

ਪੁੱਤ! 'ਜੀਅ ਕੈ ਸੰਗਿ ਬਸੇ', ਤਾਂ ਹੋ ਚੁਕੇ, ਵਿਥ ਵਿਰਲ ਨਹੀਂ, ਪਰ ਦਰਸ਼ਨ ਦਾ ਸੁਆਦ ਇਸ ਤੋਂ ਕੁਛ ਹੋਰਵੇਂ ਹੈ, ਜਿਸ ਲਈ ਅੰਦ੍ਰਲੀ ਤੜਪ ਗੁਰੂ ਜੀ ਐਉਂ ਦੱਸਦੇ ਹਨ। ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀਅ ਦੇ ਨਾਲ ਤਾਂ ਬਸੇ, ਪਰ ਦਰਸ਼ਨ ਹੋਣ ਨਾ, ਕਦੇ ਝਲਕਾ ਦੇਣ ਨਾ, ਫੇਰ ਆਸ ਪੂਰੀ ਹੋਵੇ। ਪਰ ਹਾਇ! ਮੇਰੇ ਦਿਨ ਮੁਕ ਚੁੱਕੇ, ਮੇਰੇ ਲੇਖੇ ਵਿਚ ਸੁਾਸ ਬਾਕੀ ਨਹੀਂ ਰਹੇ, ਮੇਰੇ ਵਿਚ ਕੋਈ ਗੁਣ, ਸੱਤਜਾ ਨਹੀਂ, ਪਰ ਸਿੱਕ ਅਜੇ ਹੈ ਤੇ ਤ੍ਰਿੱਖੀ ਹੋ ਰਹੀ ਹੈ, ਕੋਈ ਉਪਾਉ ਕਰ।

ਪੁਤ੍ਰ-(ਨੈਣ ਭਰ ਕੇ) ਜੋ ਕਹੁ, ਸੁ ਕਰਾਂ।

ਮਾਂ-ਅਰਦਾਸ ਕਰ।

ਪੁਤ੍ਰ-ਅੰਮਾਂ ਅਰਦਾਸ ਕਰਨੀ ਬੇਅਦਬੀ ਏ, ਓਹ ਅਪਨੀ ਮੌਜ ਨਾਲ ਕੰਗਲਿਆਂ ਦੇ ਘਰ ਵਲਿੱਖਾਂ ਚੀਰ ਕੇ ਆ ਜਾਣ, ਪਰ ਅਰਦਾਸ ਕਰਨੀ ਤਾਂ ਦਾਸਾਂ ਵਲੋਂ ਖੇਚਲ ਦੇਣੀ ਹੈ।

ਮਾਂ-(ਕੰਬ ਕੇ) ਠੀਕ ਹੈ, ਪਰ ਬੱਚਾ, ਮੇਰੀ ਦਰਸ਼ਨ-ਤਾਂਘ ਤਾਂ ਬੇਅਦਬੀ ਨਹੀਂ? ਇਹ ਬੀ ਤਾਂ ਇਕ ਅਰਦਾਸ ਹੈ?

ਪੁਤ-ਨਹੀਂ ਮਾਂ ਜੀ, ਇਹ ਅਰਦਾਸ ਤਾਂ ਅਦਬ ਦੀ, ਪਜਾਰ ਦੀ ਚਾਹਨਾ ਹੈ, ਇਹ ਖੇਚਲ ਦੇਣ ਲਈ ਗੁਸਤਾਖੀ ਨਹੀਂ, ਇਹ ਪਜਾਰ ਹੈ ਤੇ ਨਾਲ ਰਜ਼ਾ ਪਰ ਟੁਰਨ ਦਾ ਜਤਨ ਹੈ।

 www.sikhbookclub.com

ਮਾਂ-ਚੰਗਾ ਲਾਲ ਜੀ, ਹੁਣ ਮੈਂ ਉੱਠਾਂ ਨ੍ਹਾਵਾਂ ਧੋਵਾਂ, ਅਪਨੇ ਧਜਾਨ ਜੀ ਦੇ ਹਜ਼ੂਰ ਹਾਜ਼ਰ ਹੋਵਾਂ।

ਇਸ ਪ੍ਰਕਾਰ ਕਈ ਵੇਰ ਮਾਂ ਪੁਤ ਦੇ ਆਪੋ ਵਿਚ ਸਤਿਸੰਗ ਦੇ ਵਿਚਾਰ ਹੁੰਦੇ ਰਹੇ। ਮਾਈ ਦੀ ਉਹੋ ਲਗਨ, ਉਹੋ ਅਰਾਧਨਾ ਤੇ ਉਹੋ ਪਜਾਰ। ਵਿੱਚ ਜੋ ਸੰਸਾ ਕਦੇ ਪੈਂਦਾ ਸੀ, ਉਹ ਨਿਕਲ ਗਿਆ, ਤੇ ਖਿੱਚ ਦੂਣੀ ਕਰ ਗਿਆ। ਦਰਸ਼ਨ-ਤਾਂਘ ਦੀ ਤਾਰ ਖਿਚੀਂਦੀ ਗਈ। ਮੈਂ ਮਰ ਜਾਮਾਂ, ਮਲੂਮ ਹੋਵੇ ਨਹੀਂ, ਚਰਨ ਪਰਸੇ ਬਿਨਾਂ ਨਹੀਂ। ਪਰ ਇਹ ਕਾਂਬਾ ਹੁਣ ਵਧੇਰੇ ਆਵੇ ਕਿ ਓਹ ਬੜੇ ਕੰਮਾਂ ਵਾਲੇ, ਜਗਤ ਜਲੰਦੇ ਨੂੰ ਰੱਖਣ ਆਏ ਮੈਂ ਨਿਕਾਰੀ ਦੀ ਖਾਤਰ ਅਪਨਾ ਸਮਾਂ ਵਿਅਰਥ ਗੁਆਉਣਗੇ, ਪਰ ਫੇਰ ਕੋਈ ਤਾਕਤ ਅੰਦਰੋਂ ਆਖੇ, ਨਹੀਂ "ਮੇਰੇ ਜੁ ਹੋਏ" "ਅਪਨੇ ਜੁ ਹੋਏ" ਕਿਉਂ ਨਾ ਮਿਲਨਗੇ? ਮੇਰੇ ਕੋਈ ਵੱਸ ਹੈ ਕਿ ਮੈਂ ਦਰਸ਼ਨ-ਤਾਂਘ ਨੂੰ ਫੜ ਕੇ ਅੰਦਰ ਰੱਖਿਆ ਹੈ, ਇਹ ਤਾਂ ਮੇਰੇ ਵਸੋਂ ਬਾਹਰ ਦੀ ਹੈ।

ਹੁਣ ਸੇਵਾ ਦਾਸ ਕਦੇ ਕਦੇ ਸੁਣੇ ਕਿ ਗੁਰੂ ਜੀ ਆ ਰਹੇ ਹਨ। ਪਰ ਉਧਰੋਂ ਪਾਤਸ਼ਾਹ ਕਸ਼ਮੀਰ ਆ ਰਿਹਾ ਸੀ, ਉਹ ਖਬਰਾਂ ਉਡਣ ਤੇ ਅਗੋਂ ਕਸ਼ਮੀਰ ਦੇ ਹਾਕਮ ਪਏ ਤਜਾਰੀਆਂ ਕਰਨ! ਇਸ ਕਰਕੇ ਰੌਲਾ ਪੈ ਜਾਵੇ ਕਿ ਕੌਣ ਆ ਰਿਹਾ ਹੈ। ਸਤਿਗੁਰ ਜੀ ਨੇ ਕੋਈ ਸੰਦੇਸਾ ਅੱਗੇ ਘਲਿਆ ਨਹੀਂ, ਪਰ ਉਤਾਵਲ ਪਹੁੰਚਣ ਦੀ ਮਲੂਮ ਹੁੰਦੀ ਹੈ, ਕਿਉਂਕਿ ਗੁਰਦੁਆਰਜਾਂ ਦੇ ਨਿਸ਼ਾਨ ਦਸਦੇ ਹਨ ਕਿ ਚੰਗੀ ਲੰਮੀ ਲੰਮੀ ਮੰਜ਼ਲ ਕਰਕੇ ਸਫਰ ਮੁਕਾਂਦੇ ਗਏ ਹਨ।

ਇਕ ਦਿਨ ਸਵੇਰ ਸਾਰ ਮਾਈ ਨੇ ਸੇਵਾਦਾਸ ਨੂੰ ਵਾਜ ਦਿਤੀ। ਸੇਵਾਦਾਸ ਉਸ ਵੇਲੇ ਭਜਨ ਕਰਕੇ ਉੱਠਜਾ ਹੀ ਸੀ। ਅੱਗੋਂ ਵਾਜ ਦਿਤੀਓਸ-ਹਾਂ, ਮਾਂ ਜੀ।

ਮਾਤਾ-ਤੂੰ ਤਾਂ ਸਤਿਗੁਰ ਵੇਖੇ ਹਨ; ਬੜਾ ਸੁੰਦਰ ਸਰੀਰ ਹੈ ਚੰਗੇ ਲੰਮੇ ਤੇ ਭਰਵੇਂ ਹਨ।

ਸੇਵਾਦਾਸ-ਹਾਂ, ਮਾਂ ਜੀ।

ਮਾਤਾ-ਬਾਹਾਂ ਸਾਥੋਂ ਲੰਮੀਆਂ ਹਨ?

ਸੇਵਾਦਾਸ-ਜੀ, ਮਾਂ ਜੀ।

ਮਾਤਾ-ਹਸਦੇ ਹਨ ਤਾਂ ਅੱਖਾਂ ਵਿਚ ਇਕ ਬਿਜਲੀ ਚਮਕ ਲਸ਼ਕਾਰਾ ਮਾਰਦੀ ਹੈ?

ਸੇਵਾਦਾਸ (ਅਚਰਜ ਹੋ ਕੇ) ਕਿਉਂ ਮਾਂ ਜੀ, ਤੁਸਾਂ ਦਰਸ਼ਨ ਪਾਏ ਹਨ?

ਮਾਤਾ-ਬੱਚਾ! ਮੈਂ ਇਕ ਝਾਉਲਾ ਡਿੱਠਾ ਹੈ ਕਿ ਇੱਕ ਗੱਦੀ ਪਰ ਬੈਠੇ ਹਨ, ਕੋਈ ਸ਼ਹਿਤ ਲਿਆਯਾ ਹੈ ਤੇ ਅੱਗੇ ਰੱਖੀ ਹੈ। ਤੇ ਓਹ ਸਿੱਖ ਹੈ ਨਾ ਬ੍ਰਹਮ ਗਜਾਨੀ ਅਲਮਸਤ ਜਿਨੂੰ ਕਟੂ ਸ਼ਾਹ ਆਖਦੇ ਹਨ, ਉਹ ਬੈਠਾ ਹੈ। ਆਪ ਆਖਦੇ ਹਨ ਜੇ ਸ਼ਹਿਤ ਮੈਂ ਖਾਣੀ ਹੈ ਤਾਂ ਕਟੂ ਸ਼ਾਹ ਦੇ ਮੂੰਹ ਪਾਓ, ਨਾਮ ਰਸੀਏ ਦੀ ਰਸਨਾ ਮੇਰੀ ਰਸਨਾ ਹੈ, ਤੇ ਅੱਗੋਂ ਕਟੂ ਸ਼ਾਹ ਸ਼ਹਿਤ ਖਾ ਕੇ ਚਮਕ ਉਠਿਆ ਤੇ ਕਹਿੰਦਾ ਹੈ ਧੰਨ ਹਰਿਗੋਬਿੰਦ! ਧੰਨ ਗੁਰੂ ਹਰਿਗੋਬਿੰਦ! ਧੰਨ ਗ੍ਰੀਬ ਨਿਵਾਜ, ਧੰਨ ਦਾਸ ਨਿਵਾਜ, ਧੰਨ ਪਤਿਤਾਂ ਦਾ ਪਿਆਰਨਹਾਰ, ਧੰਨ ਨੀਚਾਂ ਦਾ ਸਾਥੀ, ਧੰਨ ਨਿਮਾਣਿਆਂ ਦਾ ਬੇਲੀ! ਤੇ ਫੇਰ ਮੈਂ ਡਿੱਠਾ ਕਿ ਉਹ ਸ਼ਹਿਤ ਸਤਿਗੁਰਾਂ ਨੇ ਸੰਗਤ ਨੂੰ ਵਰਤਾਈ ਤੇ ਵੇਖੋ ਉਸਦਾ ਸੁਆਦ ਉਨ੍ਹਾਂ ਨੂੰ ਆ ਰਿਹਾ ਸੀ। ਐਉਂ ਦਾ ਇਕ ਝਾਉਲਾ ਲੰਘਿਆ ਹੈ। ਕਿਉਂ ਪੁੱਤ! ਇਹ ਸੂਰਤ ਗੁਰੂ ਜੀ ਦੀ ਹੈ?

ਸੇਵਾਦਾਸ ਸੁਣਦਾ ਸੁਣਦਾ ਕਿਸੇ ਸੁਆਦ ਵਿਚ ਮਗਨ ਹੋ ਰਿਹਾ ਸੀ, ਬੋਲ ਨਹੀਂ ਸਕਦਾ ਸੀ, ਉਸਦੇ ਨੈਣਾਂ ਅੱਗੇ ਉਹ ਰੱਬੀ ਜਲਾਲ ਵਾਲੀ ਮੂਰਤ ਫਿਰ ਰਹੀ ਸੀ, ਤੇ ਪਜਾਰ ਦੀ ਝਰਨਾਟ ਨਾਲ ਥੱਰਰ ਥੱਰਰ ਕਾਲਜੇ ਵਿਚ ਹੁੰਦੀ ਸੀ, ਉਹ ਸੁਣ ਰਿਹਾ ਸੀ, ਉੱਧਰ ਉਸਦੇ ਅੰਦਰ ਮੂਰਤ ਅੰਕਤ ਹੋ ਰਹੀ ਸੀ, ਉਸਨੂੰ ਘੋੜੇ ਚੜ੍ਹੇ ਦਿੱਸਣ ਲਗ ਪਏ ਤੇ ਐਉਂ ਭਾਸੇ ਕਿ ਆ ਰਹੇ ਹਨ। ਉੱਧਰ ਮਾਂ ਪੁਛਦੀ ਪੁਛਦੀ ਚੁੱਪ ਹੋ ਗਈ। ਸੁਪਨਾ ਫੇਰ ਅੱਖਾਂ ਅੱਗੇ ਆ ਗਿਆ, ਉਹ ਸੂਰਤ ਫੇਰ ਦਿੱਸ ਪਈ ਤੇ ਅਪਨੇ ਵਿਚ ਖਿੱਚ ਲੈ ਗਈ, ਮਾਈ ਦੇ ਬਾਹਰੋਂ ਮੀਟੇ ਹੋਏ ਨੈਣ ਅੰਦਰੋਂ ਖੁਲ੍ਹ ਕੇ ਉਸੇ ਦੇ ਦਰਸ਼ਨ ਵਿਚ ਮਸਤ ਹੋ ਗਏ। ਜਿਵੇਂ ਸੂਰਜ ਦੀ ਤਾਬ ਰੱਖਣ ਵਾਲੇ ਨੈਣ ਸੂਰਜ ਤੇ ਟਿਕ ਜਾਣ। ਸੇਵਾ ਦਾਸ ਦਾ ਮਨ ਗੁਰੂ ਜੀ ਦੀ ਸਫਰ ਵਿਚ ਤੋਰ ਵੇਖ ਰਿਹਾ ਹੈ ਕਿ ਆ ਰਹੇ ਹਨ, ਮਾਂ ਉਨ੍ਹਾਂ ਦੇ ਟਿਕੇ ਜਲਾਲ ਦੇ ਦਰਸ਼ਨ ਵਿਚ ਆਪਾ ਭੁੱਲੀ ਬੈਠੀ ਹੈ ਕਿ ਕਾਠੀ ਦਰਵਾਜ਼ੇ ਵਲੋਂ ਖੜਕਾਰ ਹੋਣ ਲੱਗ ਗਿਆ, ਟਾਪਾਂ ਦੀ ਅਵਾਜ਼ ਆਈ ਪਰ ਦੋਹਾਂ ਦੇ ਕੰਨ ਸੁਣ ਨਹੀਂ ਰਹੇ, ਦੋਹਾਂ ਦੇ ਨੈਣ ਬੰਦ ਹੋਏ ਧਜਾਨ ਮਗਨ ਦਰਸ਼ਨ ਦਾ ਅਨੰਦ ਲੈ ਰਹੇ ਹਨ, ਕਿ ਬੂਹੇ ਦੇ ਬਾਹਿਰ ਹੁਣ ਤਾਂ ਐਨ ਘਰ ਦੇ ਅੱਗੋਂ ਬੇਚੈਨ ਘੋੜੇ ਦੀਆਂ ਟਾਪਾਂ ਟੱਪ ਟੱਪ ਸੁਣਾਈ ਦੇਣ। ਸੇਵਾਦਾਸ ਨੇ ਧਜਾਨ ਵਿਚ ਖੜੇ ਤੱਕੇ, ਘਬਰਾ ਕੇ ਨੈਣ ਖੁੱਲ੍ਹ ਗਏ, ਕੰਨਾਂ ਨੇ ਹੁਣ ਟਾਪਾਂ ਦੀ ਟਪ ਟਪ ਸੁਣੀ। ਕਾਹਲੀ ਨਾਲ ਉੱਠਜਾ, ਚੁੰਧਿਜਾਈਆਂ ਅੱਖਾਂ ਨਾਲ ਮਿਕਨਾਤੀਸੀ ਪੱਥਰ ਦੀ ਖਿੱਚ ਵਾਂਙ ਖਿਚੀਂਦੇ ਜਾ ਬੂਹਾ ਖੁਹਲਿਆ, ਸੱਚ ਮੁੱਚ ਮੀਰੀ ਪੀਰੀ ਦੇ ਮਾਲਕ ਦਰ ਤੇ ਖਲੇ ਹਨ, ਹੱਥ ਵਿਚ ਭਾਰੀ ਬਰਛਾ, ਮੱਥੇ ਤੇ ਰੱਬੀ ਜਲਾਲ, ਨੈਣਾਂ ਵਿਚ ਇਲਾਹੀ ਤੇਜ, ਪਜਾਰ ਦਾ ਮੀਂਹ ਵਸਾਂਦੇ ਘੋੜੇ ਤੇ ਬੈਠੇ ਹਨ ਤੇ ਘੋੜਾ ਕਾਂਹਲਾ ਹੋ ਰਿਹਾ ਹੈ, ਖੁਰ ਚੁੱਕਦਾ, ਖੁਰ ਰਖਦਾ ਹੈ, ਪਰ ਸੇਵਾ ਦਾਸ ਉਸੇ ਲਗਨ ਵਿਚ ਜਾ ਰਕਾਬ ਤੇ ਸਿਰ ਧਰਦਾ ਹੈ, ਚਰਨ ਪਰਸਦਾ ਹੈ, ਪਸ਼ੂ ਘੋੜਾ ਬੀ ਸ਼ਾਂਤ ਹੋ ਖੜੋ ਜਾਂਦਾ ਹੈ, ਕੋਈ ਅਰਾਮੀ ਲਹਿਰ ਸੇਵਾ ਦਾਸ ਦੇ ਪਜਾਰ ਦੀ ਉਸਨੂੰ ਬੀ ਅਡੋਲ ਕਰ ਦੇਂਦੀ ਹੈ। ਰਕਾਬ ਤੋਂ ਸਿਰ ਚਾ ਕੇ ਚੇਹਰੇ ਵੱਲ ਤੱਕਦਾ ਤੇ ਬਿਹਬਲ ਹੋ ਫਿਰ ਸਿਰ ਰਕਾਬ ਤੇ ਰੱਖ ਦੇਂਦਾ ਹੈ। ਸੱਚ ਹੈ ਤੇ ਸੱਚ ਹੈ ਕਿ ਅਸਾਂ ਨਿਮਾਣਿਆਂ ਦੇ ਘਰ ਆ ਗਏ ਹਨ, ਅਸਾਂ ਨਚੀਜਿਆਂ ਦੇ ਘਰ ਵਲਿੱਖਾਂ ਚੀਰ ਕੇ ਜਗਤ ਦੇ ਸੁਆਮੀ ਆ ਗਏ ਹਨ, ਹਾਂ ਸੱਚ ਹੈ ਸੇਵਾਦਾਸ! ਜੋ ਬ੍ਰਹਮ ਲੋਕ ਤੋਂ, ਸਚਖੰਡ ਤੋਂ ਮਾਤ ਲੋਕ ਵਿੱਚ ਪਜਾਰ ਦੇ ਬੱਧੇ ਆਉਂਦੇ ਹਨ, ਉਹਨਾਂ ਤੇ ਤ੍ਰੁੱਠਵੇਂ ਪਜਾਰ ਦੇ ਅੱਗੇ ਮਾਤ ਲੋਕ ਦੀਆਂ ਵਿੱਥਾਂ ਤੇ ਦੂਰੀਆਂ ਪੈਂਡੇ ਕੀ ਚੀਜ਼ ਹਨ, ਆ ਗਏ ਤੇ ਸਚਮੁਚ ਆ ਗਏ ਹਨ, ਰਕਾਬ ਫੜਕੇ ਘੋੜੇ ਤੋਂ ਉਤਾਰਿਆ, ਫੇਰ ਚਰਨਾਂ ਤੇ ਢਹਿ ਕੇ ਪਜਾਰ ਕੀਤਾ, ਫੇਰ ਅੰਦਰ ਲੈ ਆਯਾ। ਪਲੰਘ ਡਾਹਕੇ ਬਿਠਾਯਾ, ਤੇ ਅੰਦਰ ਜਾ ਕੇ ਧਜਾਨ-ਮਗਨ ਮਾਤਾ ਨੂੰ ਦੱਸਿਆ ਕਿ ਆ ਗਏ ਹਨ! ਮਹਾਰਾਜ ਆ ਗਏ ਹਨ! ਆਵਾਜ਼ ਸੁਣ ਕੇ ਮਾਂ ਦੇ ਨੈਣ ਖੁਲ੍ਹ ਗਏ! ਪਰ ਨ ਸਮਝਕੇ ਕਿ ਕੀ ਹੈ, ਮਾਈ ਨੇ ਨੈਣ ਘੁਟ ਲਏ ਕਿ ਕਿਵੇਂ ਦਰਸ਼ਨ ਉਹਲੇ ਨਾ ਹੋਵੇ, ਮਾਨੋਂ ਨੈਣਾਂ ਦੀ ਘੁੱਟ ਦਰਸ਼ਨਾਂ ਨੂੰ ਘੁੱਟ ਸਕਦੀ ਹੈ। ਪਰ ਇਨਸਾਨ, ਮਹਾਰਾਜ ਦੇ ਦਰਸ਼ਨਾਂ ਦੀ ਪਜਾਸ ਦਾ ਕੁੱਠਾ ਇਨਸਾਨ, ਪਰਤੱਖ ਦਰਸ਼ਨਾਂ ਦੀ ਤ੍ਰੇਹ ਦਾ ਲੁੱਠਾ, ਇਨਸਾਨ ਹੋਰ ਕਰੇ ਬੀ ਕੀਹ? ਸੇਵਾ ਦਾਸ ਨੇ ਮਾਂ ਨੂੰ ਫੇਰ ਕਿਹਾ, ਅੰਮਾਂ! ਆ ਗਏ, ਆ ਗਏ ਹਨ।

 www.sikhbookclub.com

ਅੰਮਾਂ-(ਬੰਦ ਨੈਣਾਂ ਵਿਚੋਂ ਹੀ) ਹਾਂ ਬੇਟਾ! ਮੈਂ ਦਰਸ਼ਨ ਕਰ ਰਹੀ ਹਾਂ।

ਪੁੱਤ-ਅੰਮਾਂ! ਸਾਮਰਤੱਖ ਆ ਗਏ ਹਨ।

ਮਾਂ-ਸਾਮਰਤੱਖ ਦਰਸ਼ਨ ਹਨ, ਨਾ ਬੁਲਾ, ਮੈਥੋਂ ਵਿਛੜਨ ਨਹੀਂ ਹੁੰਦਾ।

ਪੁੱਤ-ਅੰਮਾਂ! ਪਰਤੱਖ ਆਏ ਬੈਠੇ ਹਨ।

ਮਾਂ-ਹਾਂ ਪਲੰਘ ਤੇ ਦਰਸ਼ਨ ਦੇ ਰਹੇ ਹਨ।

ਪੁੱਤ-ਅੰਮਾਂ! ਅੱਖਾਂ ਖੋਹਲ ਤੇ ਚੱਲ ਬਾਹਰ।

ਮਾਂ-ਨਾ ਬੁਲਾਓ, ਨਾ ਸਤਾਓ, ਸਿੱਕ ਸਿੱਕਕੇ ਵੇਖੇ ਹਨ, ਰੱਜ ਰੱਜ ਕੇ ਵੇਖ ਲੈਣ ਦਿਓ, ਹਾਇ! ਚੁੱਪ ਕਰੋ ਨਾ।

ਪੁੱਤ-(ਹਿਲਾ ਕੇ) ਕੀਹ ਕਰ ਰਹੇ ਹੋ, ਬੇਅਦਬੀ ਹੋ ਰਹੀ ਹੈ, ਛੇਤੀ ਚਲੋ।

ਮਾਂ-ਆ ਗਏ, ਮੇਰੇ ਆਂਗਨ ਆ ਗਏ, ਮੇਰੇ ਸਾਹਮਣੇ ਆ ਗਏ, ਮੈਨੂੰ ਚਰਨ ਬਖਸ਼ ਦਿਤੇ, ਕਿਉਂ ਹਿਲਾਨੇ ਹੋ, ਰਤਾ ਕੁ ਤਾਂ ਹੋਰ ਸੁਆਦ ਲੈਣ ਦਿਓ।

ਸੇਵਾਦਾਸ ਇਸ ਮਗਨਤਾ ਨੂੰ ਸਮਝ ਨਹੀਂ ਰਿਹਾ ਸੀ, ਪਰ ਉਹ ਬੇਅਦਬੀ ਦੇ ਭੈ, ਤੇ ਛੇਤੀ ਮਾਂ ਦਰਸ਼ਨ ਕਰੇ ਦੇ ਡਾਢੇ ਖੁਸ਼ੀ ਭਰੇ ਰੰਗ ਵਿਚ ਕਾਹਲਾ ਹੋ ਰਿਹਾ ਸੀ। ਪਰ ਬਾਹਰ ਬੈਠੇ **"ਏਕਾ ਸੁਰਤ ਜੇਤੇ ਹੈ ਜੀ"** ਦੇ ਅਸੂਲ ਦੇ ਜਾਣੂ, ਦਿਲਾਂ ਦੇ ਮਹਿਰਮ ਪਲੰਘ ਤੋਂ ਉਤਾਵਲੇ ਹੋ ਉੱਠੇ ਤੇ ਅੰਦਰ ਆ ਕੇ ਮਾਈ ਦੇ ਸਾਹਮਣੇ ਖੜੋ ਗਏ। ਸੇਵਾਦਾਸ ਨੂੰ ਇਸ਼ਾਰਾ ਕੀਤਾ ਕਿ ਨਾ ਬੁਲਾਵੇ, ਧਜਾਨੀ ਧਜਾਨ-ਮਗਨ ਅਡੋਲ ਸਮਾਧੀ ਵਿਚ ਹੈ, ਧਜਾਨਿਸ਼ਟ ਜੀ ਪਰਤੱਖ, ਸਾਮਰਤੱਖ ਸਾਹਮਣੇ ਖੜ੍ਹੇ ਹਨ, ਖੜ੍ਹੇ ਖੜ੍ਹੇ ਨੈਣ ਬੰਦ ਕਰ ਧਜਾਨ ਦੇ ਦੇਸ ਮਾਈ ਦੇ ਧਜਾਨਿਸ਼ਟ ਰੂਪ ਵਿਚ ਬੋਲੇ, 'ਤੱਕੋ ਤਾਂ ਸਹੀ!' ਇਉਂ ਹੁੰਦੇ ਸਾਰ, ਮਾਈ ਦੇ ਨੈਣ ਖੁਲ੍ਹੇ। ਪਰਤੱਖ ਮੂਰਤੀ ਸਾਹਮਣੇ ਵੇਖੀ, ਉਹ ਜੋ ਧਜਾਨ ਵਿਚ ਵੇਖੀ ਸੀ, ਧਜਾਨ ਤੋਂ ਉਥਾਨ ਹੁੰਦੀ ਤੇ ਪਰਤੱਖ ਦਰਸ਼ਨ ਦੇ ਅਚਾਨਕ ਨਜ਼ਾਰੇ ਤੋਂ ਸਮਾਧੀ ਵਲ ਰੁਖ ਖਾਂਦੀ ਸੁਰਤ ਕਿਸ ਅਚਰਜ ਰਸ ਵਿਚ ਆ ਚਰਨਾਂ ਤੇ ਢੈ ਪਈ। ਸਤਿਗੁਰ ਜੀ ਬੈਠ ਗਏ, ਬਿਰਧਾ ਦਾ ਸਿਰ ਗੋਦ ਵਿਚ ਲੈ ਲਿਆ, ਸਿਰ ਤੇ ਰੱਬੀ ਹੱਥ ਪਜਾਰ ਕਰਨ ਲੱਗਾ। ਮਾਈ ਦੀ ਸੁਰਤ ਨਿਆਣੇ ਬੱਚੇ ਵਾਂਗੂ ਗੋਦ ਪਈ, ਕੁਛ ਪਰਤੱਖ ਕੁਛ ਧਜਾਨ ਦੇ ਮਿਸ੍ਰਤ ਰੰਗ ਵਿਚ ਰਸ-ਲੀਨ ਹੋ ਰਸ-ਅਨੁਭਵਤਾ ਦੇ ਹਾਲ ਵਿਚ ਆਉਂਦੀ ਹੈ। ਕਿੰਨੇ ਹੀ ਚਿਰ ਮਗਰੋਂ, ਸਿਰ ਚਾ ਤੱਕਦੀ ਤੇ ਦਰਸ਼ਨ ਪਾਂਦੀ ਹੈ, ਜਲਾਲ ਵੇਖ ਕੇ ਫੇਰ ਸਿਰ ਸੱਟ ਕੇ ਸਿਰ ਤੇ ਫਿਰਦੇ ਹੱਥ ਦਾ ਪਜਾਰ-ਰਸ ਮਾਣਦੀ ਹੈ! ਫਿਰ ਸਿਰ ਚੁੱਕਦੀ ਹੈ, ਫੇਰ ਸਿਰ ਰੱਖਦੀ ਹੈ। ਕਿੰਨੇ ਚਿਰ ਮਗਰੋਂ ਸਾਰੀ ਸੁਰਤ ਪਰਤਾ ਖਾਂਦੀ ਹੈ ਤੇ ਠੰਡਾ ਸਾਹ ਲੈ ਕੇ ਆਖਦੀ ਹੈ: ਆ ਗਏ ਨਿਮਾਣਿਆਂ ਦੇ ਮਾਣ!

ਫੇਰ ਚਰਨ ਲਭਦੀ ਹੈ ਤੇ ਘੁੱਟ ਕੇ ਲਿਪਟ ਜਾਂਦੀ ਹੈ। ਆਖਦੀ ਹੈ:-

**"ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥"**

{ਬਿਲਾ: ਮ: ੫-੮੨੬}

ਕੁਛ ਚਿਰ ਮਗਰੋਂ ਸਿਰ ਚਾ ਕੇ ਵੇਖਦੀ ਹੈ:-

"ਦਰਸਨੁ ਦੇਖਤ ਦੋਖ ਨਸੇ॥
ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥"

ਮਾਈ ਦਾ ਉਸੇ ਬੁੱਢੇਂਦੀ ਅਵੱਸਥਾ ਦਾ ਥਰਥਰਾਂਦਾ ਗਲਾ ਜਿਸ ਵੇਲੇ:-

"ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ॥"

ਦੀ ਪਜਾਰੀ ਆਵਾਜ਼ ਕੱਢਦਾ ਹੈ ਤਾਂ ਨੈਣ ਜਲ ਨਾਲ ਭਰ ਆਉਂਦੇ ਹਨ।

ਇਨਸਾਨ ਦੇ ਅੰਦਰ, ਮਨੁੱਖ ਦੇ ਅੰਦਰ, ਜੋ ਵਾਹਿਗੁਰੂ ਦਰਸ਼ਨਾਂ ਦੀ ਕੁਦਰਤੀ ਸਿੱਕ ਹੈ ਉਸ ਨੂੰ ਸਮਝਣ ਵਾਲੇ ਸਮਝ ਸਕਦੇ ਹਨ ਕਿ ਮਾਈ ਦੇ ਅੰਦਰ ਕੀ ਬੀਤ ਰਹੀ ਹੈ, ਕਿਸ ਤਰ੍ਹਾਂ ਦੀ ਖੁਸ਼ੀ ਹੈ, ਕਿਸ ਤਰ੍ਹਾਂ ਦਾ ਸ਼ੁਕਰ ਹੈ, ਕਿਸ ਤਰ੍ਹਾਂ ਦੀ ਅਰਦਾਸ ਹੈ:-

"ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੈ॥"

{ਬਿਲਾਵਲੁ ਮਹਲਾ ੫, ਪੰਨਾ ੮੨੬}

ਚਿਰ ਕਾਲ ਮਾਈ ਨੇ ਇਹ ਭਗਤੀ ਪ੍ਰੇਮ ਵਾਲੇ ਸ਼ਾਂਤ ਰਸ ਦਾ ਅਨੰਦ ਲਿਆ। ਮਗਨ ਹੋ ਹੋ, ਹੋਸ਼ਾਂ ਵਿਚ ਆਈ ਤੇ ਬੋਲੀ:-

ਹਉ ਵਾਰੀ ਹਉ ਸਦ ਬਲਿਹਾਰੀ, ਹਉ ਸਦਕੇ ਘੋਲੀ ਸਦ ਵਾਰੀ।

ਅੱਜ ਉਹ ਮਾਲਾ ਜੋ ਰੇਜੇ ਤੇ ਲਟਕਾਂਦੀ ਸੀ ਅਪਨੇ ਕੰਬਦੇ ਪਰ ਪਜਾਰ ਭਰੇ ਹੱਥਾਂ ਨਾਲ ਗੁਰੂ ਜੀ ਦੇ ਗਲੇ ਪਾਈ, ਉਸ ਚੌਂਕੀ ਪਰ ਜਿਸ ਪਰ ਰੇਜਾ ਰੱਖਦੀ ਸੀ ਪਰਤੱਖ ਗੁਰੂ ਜੀ ਨੂੰ ਬਿਠਾ ਕੇ ਰੇਜਾ ਚਰਨਾਂ ਤੇ ਰੱਖਿਆ। ਚੰਦਨ ਉਪਰ ਛਿੜਕਾਯਾ। ਇਸ ਪੂਜਾ-ਹਾਲਤ ਵਿਚ ਭਗਤ ਵੱਛਲ ਜੀ ਬੋਲੇ:-

"ਮਾਈ! ਕਪੜੇ ਮੈਲੇ ਹੋ ਰਹੇ ਹਨ, ਅਪਨੇ ਰੇਜੇ ਦੇ ਕਪੜੇ ਪਹਿਨਾ, ਜੋ ਪਹਿਨਣ ਮੈਂ ਆਯਾ ਹਾਂ।"

ਮਾਈ ਸਦਕੇ ਹੋ ਰਹੀ ਸੀ, ਗੁਰੂ ਜੀ ਦੀ ਕੀਰਤੀ ਗਾ ਰਹੀ ਸੀ; ਉੱਚੇ ਕਿਸੇ ਰਸ ਵਿਚ ਮਗਨ ਸੀ, ਆਪਣੇ ਗੁਰੂ ਤੋਂ ਵਾਰਨੇ ਹੋ ਰਹੀ ਸੀ। ਦਰਜੀ ਬੁਲਾਯਾ ਗਿਆ ਤੇ ਉਸੇ ਵੇਲੇ ਰੇਜਾ ਕਟ ਕੇ ਗੁਰੂ ਜੀ ਦਾ ਜਾਮਾ ਸੀਤਾ ਗਿਆ ਤੇ ਪਹਿਰਾਯਾ ਗਿਆ। ਸਤਿਗੁਰੂ ਜੀ ਨੇ ਇਸ ਵੇਲੇ ਇਕ ਐਸੀ ਦ੍ਰਿਸਟਿ ਪਾਈ ਕਿ ਮਾਈ ਦੇ ਨੈਣ ਅੰਦਰੋਂ ਖੁਲ੍ਹੇ। ਜਿਸ ਅਵਸਥਾ ਨੂੰ ਯੋਗੀ ਤਰਸਦੇ ਹਨ, ਹਾਂ:-

"ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥"

{ਰਾਗੁ ਰਾਮਕਲੀ ਮਹਲਾ ੯, ਪੰਨਾ ੯੦੨}

ਇਸ ਪ੍ਰੇਮ ਸਦਕੇ! ਇਸ ਗੁਰੂ ਮੇਹਰ ਤੇ ਸਿੱਖ ਦਰਸ਼ਨ-ਤਾਂਘ ਦੇ ਸਦਾ ਸਦਕੇ!

ਇਹ ਤਾਰਨਹਾਰ ਮੂਰਤੀ, ਇਹ ਤਾਰ ਰਹੀ ਮੂਰਤੀ ਸਦਾ ਥਿਰ ਰਹੋ, ਸਦਾ ਥਿਰ ਰਹੋ! ਸਦਾ ਥਿਰ ਰਹੋ ਭਗਤ ਜਨਾਂ ਦੇ ਰਿਦੇ!


www.sikhbookclub.com

# ੪੧. ਬੁੱਢਣ ਸ਼ਾਹ*

**ਅਜੇ** ਵੇਲਾ ਬਹੁਤ ਹੈ, ਸਾਂ ਤਾਂ ਮੈਂ ਬੈਠਾ ਨਦੀ ਕਿਨਾਰੇ, ਪਰ ਸਤਿਗੁਰ ਨੇ ਮੇਰੀ ਉਮਰਾ ਦੀ ਤਾਰ ਲੰਮੀ ਕਰ ਦਿਤੀ ਹੈ, ਉਸਦੇ ਮਨ ਮੇਹਰ ਆਈ ਕਿ ਮੈਂ ਇਹ ਸਿਮਰਨ ਤੇ ਪ੍ਰੇਮ ਦੀ ਮੌਜ, ਏਹ ਨਾਮ ਦਾ ਰਸ ਤੇ ਸਤਿਸੰਗ ਦਾ ਹੁਲਾਸ ਕੁਛ ਸਮਾਂ ਮਾਣ ਕੇ ਪ੍ਰੇਮ ਦਾ ਸਬਕ ਪਕਾ ਕੇ ਏਥੋਂ ਟੁਰਾਂ, ਇਸ ਲਈ ਮੇਰੀ ਸਾਰ ਰਖਣੀ।

ਇਸ ਤਰ੍ਹਾਂ ਤੇ ਨਿੰਮ੍ਰਤਾ ਦੇ ਪ੍ਰੇਮ ਦੀ ਆਪੋ ਵਿਚ ਗਲ-ਬਾਤ ਕਰਕੇ ਦੋਵੇਂ ਪਿਰਾਂ ਵਿਦਾ ਹੋਈਆਂ, ਹੁਣ ਅਕਸਰ ਵੇਰ ਇਕੱਠੇ ਹੁੰਦੇ, ਕਦੇ ਸਿਖਰ ਟਿੱਲੇ ਉੱਤੇ ਬੁੱਧੂ ਸ਼ਾਹ ਦੇ ਟਿਕਾਣੇ ਅਰ ਕਦੇ ਪੀਂਜੂ ਦੇ ਡੋਘਰੇ[1] ਵਿਚ, ਕਦੇ ਸਤਲੁਜ ਦੇ ਕਿਨਾਰੇ, ਜੰਗ ਵਿਚ ਮੰਗਲ ਹੋ ਗਿਆ। ਗੁਰੂ ਨਾਨਕ ਦਾ ਸਤਿਸੰਗ ਉਜਾੜਾਂ ਵਿਚ ਜਗ ਉਠਿਆ, ਗ੍ਰਿਹਿਸਤੀ ਤੇ ਉਮਰਾਂ ਦੇ ਸੰਨਿਆਸੀ ਫਕੀਰ ਇਕ ਥਾਵੇਂ ਮਿਲ ਬੈਠੇ, ਮੁਸਲਮਾਨ ਦੇ ਘਰ ਦਾ ਜਨਮਿਆ ਬੁੱਢਣ ਸ਼ਾਹ ਤੇ ਬ੍ਰਾਹਮਣ ਕੁਲ ਦਾ ਜੰਮਿਆ ਤੇ ਪੜ੍ਹਿਆ ਪੀਂਜੂ ਸਕੇ ਭਰਾਵਾਂ ਤੋਂ ਵਧੀਕ ਪਿਆਰ ਵਿਚ ਪ੍ਰੋਤੇ ਗਏ! ਗੁਰੂ ਨਾਨਕ ਗੋਦ ਵਿਚ ਸਾਰੇ ਗੁਰੂ ਗ੍ਰਿਹਿ ਜਨਮੇ ਬਾਲਕੇ ਖੇਡਣ ਲੱਗੇ, ਧੰਨ ਸਤਿਗੁਰ ਨਾਨਕ, ਜਿਨ ਮਭ ਮਾਨਸ 'ਦੇਵਤੇ' ਕਰ ਦਿਖਾਏ, ਧੰਨ ਸਤਿਗੁਰ ਨਾਨਕ, ਧੰਨ ਸਤਿਗੁਰ ਨਾਨਕ ਦਾ ਸਤਿਸੰਗ!

ਬੁੱਢਣ ਸ਼ਾਹ ਉਸੇ ਟਿਕਾਣੇ[2] ਆਪਣੇ ਰੰਗ ਲੱਗਾ ਰਿਹਾ, ਸਮਾਂ ਬੀਤਦਾ ਗਿਆ, ਗੁਰੂ ਬਾਬੇ ਨਾਨਕ ਜੀ ਦੇ ਵਰਦਾਨ, ਉਸਦੇ ਪਵਿਤ੍ਰ ਜੀਵਨ, ਉੱਚੇ ਟਿਕਾਣੇ ਨਿਵਾਸ, ਸੁਥਰੀ ਹਵਾ, ਸੁਥਰਾ ਵਾਸ, ਸੁਥਰਾ ਭੋਜਨ ਦੁੱਧ ਦਾ, ਸੁਥਰਾ ਜੀਵਨ ਤੇ ਸੁਥਰੀ ਆਤਮਾ, ਪ੍ਰੇਮ ਰੰਗ ਰੰਗੀ ਨਾਮ ਰੂਪੀ ਪੀਂਘ ਝੂਟਦੀ ਰਹੀ। ਉਮਰ ਦਾ ਧਾਗਾ ਕਿਸੇ ਵੇਲੇ ਟੁੱਟ ਸਕਦਾ ਹੈ, ਪਰ ਜੇ ਧਾਗਾ ਦੇਣ ਵਾਲਾ ਲੰਮਾ ਚਾਹੇ ਤਾਂ ਕੇਹੜੀ ਗੱਲ ਹੈ? ਸੋ ਲੰਮਾ ਹੁੰਦਾ ਗਿਆ, ਦਿਨ ਰੈਨ ਉਸਦਾ ਸਿਮਰਨ ਵਿਚ ਬੀਤਦਾ ਰਿਹਾ। ਹੁਣ ਰਸ ਪੈਂਦਾ ਹੈ, ਇਸ ਕਰਕੇ ਕਦੇ ਘਬਰਾ ਉਦਾਸੀ ਨਹੀਂ ਆਈ, ਧਯਾਨ ਟਿਕ ਗਿਆ ਹੈ, ਨਾਮ ਪੱਕ ਗਿਆ ਹੈ, ਰਸੀਆ ਹੋ ਗਿਆ ਹੈ। ਸਤਿਸੰਗੀ ਪੀਂਜੂ[3] ਜੀ ਸੱਚਖੰਡ ਜਾ ਵੱਸੇ ਹਨ, ਓਹ

---

* ਇਹ ਪ੍ਰਸੰਗ ਸੰਮਤ ਗੁਰੂ ਨਾਨਕ ਸ਼ਾਹੀ ੪੪੬ (੧੯੧੪ ਈਸਵੀ) ਦੇ ਗੁਰਪੁਰਬ ਪੂੰਨਮ ਪਰ ਪ੍ਰਕਾਸ਼ਿਆ ਸੀ। ਇਸਦੇ ਤਿੰਨ ਭਾਗ ਹਨ, ਪਹਿਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਰਤਿਆ, ਜੋ ਸ੍ਰੀ ਗੁਰੂ ਨਾਨਕ ਚਮਤਕਾਰ ਭਾਗ ਪਹਿਲਾ ਵਿਚ 'ਬੁੱਢਣ ਸ਼ਾਹ' ਦੇ ਸਿਰਲੇਖ ਹੇਠ ਛਪਿਆ ਹੈ। ਦੂਜਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵਰਤਿਆ, ਜੋ ਅਸ਼ਟਗੁਰ ਚਮਤਕਾਰ ਵਿਚ ਹੁਣ ਛਪ ਰਿਹਾ ਹੈ ਤੇ ਤੀਜਾ ਹਿੱਸਾ ਜੋ ਦਸਮ ਪਾਤਸ਼ਾਹ ਜੀ ਦੇ ਸਮੇਂ ਵਰਤਿਆ, ਓਹ ਸ੍ਰੀ ਕਲਗੀਧਰ ਚਮਤਕਾਰ, ਭਾਗ ਪਹਿਲਾ ਵਿਚ "ਮੇਰਾ ਦੁੱਧ (ਬੁੱਢਣ ਸ਼ਾਹ)" ਦੇ ਸਿਰਲੇਖ ਹੇਠ ਛੱਪ ਚੁਕਾ ਹੈ।

੧. ਪਹਾੜੀ ਦੇ ਹੇਠਾਂ ਕੇਵਲ ਦੋ ਘਰਾਂ ਦਾ ਪਿੰਡ ਹੋਣ ਕਾਰਨ, ਇਸਦਾ ਨਾਉਂ ਦੁਘਰਾ, ਡੋਘਰਾ ਪੈ ਗਿਆ।

੨. ਕੀਰਤਪੁਰ ਲਾਗੇ ਪਹਾੜੀ ਉਪਰ, ਉਸ ਰਮਣੀਕ ਟਿਕਾਣੇ, ਜਿੱਥੇ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ ਸਨ।

੩. ਬੁੱਢਣ ਸ਼ਾਹ ਦੀ ਪਹਾੜੀ ਦੇ ਹੇਠਾਂ ਡੋਘਰੀ ਦਾ ਵਸਨੀਕ ਪੀਂਜੂ, ਇਕ ਅਯਾਲੀ, ਜਿਸ ਦੇ ਸਾਰੇ ਪਰਵਾਰ ਨੂੰ ਸਤਿਗੁਰ ਨਾਨਕ ਦੇਵ ਜੀ ਨੇ ਤਾਰਿਆ।


www.sikhbookclub.com

ਮੁਟਿਆਰ[੧] ਬੱਕਰੀਆਂ ਚਾਰਨ ਵਾਲੀ ਨਾਮ ਰੰਗ ਦੀ ਦੇਵੀ ਵੀ ੬੦ ਵਰ੍ਹੇ ਦੀ ਉਮਰਾ ਭੋਗ ਕੇ ਲਿਵ ਲੰਗੀਂ ਵਿਚ ਸਰੀਰਕ ਚੋਲਾ ਛੱਡ ਗਈ ਹੈ, ਫਕੀਰ ਦੇ ਬਾਲ ਸਖਾਈ ਛੱਡ ਕੇ ਵੱਡੀ ਉਮਰ ਦੇ ਸਤਿਸੰਗੀ ਵੀ ਚਲ ਖਸੇ। ਡੋਘਰੀ ਵਸਦੀ ਹੈ, ਪੀਂਜੂ ਦਾ ਇਕ ਪੁੱਤ ਤੇ ਭਤੀਜਾ ਉਸੇ ਨਾਮ ਰੰਗ ਰਸੀਏ ਬੁੱਢਣ ਸ਼ਾਹ ਦੇ ਸਤਿਸੰਗੀ ਹਨ। ਗੁਰੂ ਬਾਬੇ ਨੇ ਵੀ ਕਈ ਰੂਪ ਵਟਾਏ ਹਨ, ਨਾਨਕੋਂ ਅੰਗਦ ਤੇ ਅੰਗਦੋਂ ਅਮਰਦਾਸ ਕਹਾ ਚੁਕਾ ਹੈ-

"ਹਰਿ ਜੀਉ ਨਾਮੁ ਪਰਿਓ ਰਾਮਦਸੁ॥" {ਸੋਰਠਿ ਮਹਲਾ ੫, ਪੰਨਾ ੬੧੨}

ਦੀ ਕਲਾ ਵਰਤ ਚੁਕੀ ਹੈ, ਪੰਜਵੇਂ ਜਾਮੇ ਖੇਲ ਚੁਕਾ ਹੈ, ਬਾਣੀ, ਅੱਖਰ, ਸਾਹਿੱਤ, ਸੰਗੀਤ, ਬਾਉਲੀਆਂ, ਮੰਦਰ, ਸ਼ਹਿਰ, ਸ੍ਰੀ ਗੁਰੂ ਗ੍ਰੰਥ ਸਾਹਿਬ ਬਣਾ ਚੁਕਾ ਹੈ, ਅਣ-ਗਿਣਤ ਸ੍ਰਿਸ਼ਟੀ ਤਾਰ ਚੁਕਾ ਹੈ, ਘਰ-ਘਰ ਧਰਮਸਾਲ ਸਜ ਰਹੀ ਹੈ, ਕਾਬਲ, ਕੰਧਾਰ, ਖੁਰਾਸਾਨ, ਬੁਖ਼ਾਰਾ, ਬਗਦਾਦ, ਬਲੋਚਿਸਤਾਨ, ਲਸਵੇਲਾ, ਸਿੰਧ, ਪੂਰਬ, ਆਗਰਾ, ਪਟਨਾ, ਦੱਖਨ, ਪਹਾੜ, ਚਾਰ ਚੁਫੇਰੇ ਸਿੱਖੀ ਦੀ ਸੁਗੰਧ ਫੈਲ ਗਈ ਹੈ, ਲੱਖਾਂ ਸੰਸਾਰ ਸਾਗਰ ਨੂੰ ਤਰ ਰਹੇ ਹਨ, ਪੀਂਜੂ ਜਦ ਤਕ ਰਿਹਾ, ਤੇ ਫੇਰ ਉਸਦਾ ਪਰਵਾਰ, ਹਰ ਜਾਮੇ ਦ੍ਰੇ ਦਰਸ਼ਨਾਂ ਨੂੰ ਜਾਂਦੇ ਰਹੇ ਤੇ ਬੁੱਢਣ ਸ਼ਾਹ ਨੂੰ ਸਾਰੇ ਪ੍ਰਸੰਗ ਗੁਰੂ ਪ੍ਰਤਾਪ ਦੇ ਸੁਣਾਂਦੇ ਰਹੇ। ਉਮ ਨਿਰਜਨ ਉੱਚੀ ਵਖਰੀ ਇਕੱਲੀ ਕੁਟੀਆ ਵਿਚ ਇਹ ਸੱਚੇ ਰਿਖੀਆਂ ਦਾ ਸਤਿਸੰਗ ਆਪਣੇ ਅਨੰਦ ਲੈਂਦਾ ਰਿਹਾ। ਪਾਣੀ ਖੁਲ੍ਹੇ ਸਨ, ਤੇ ਬੱਕਰੀਆਂ ਦੇ ਅੱਜੜ ਦੁੱਧ ਪਿਲਾਂਦੇ ਸਨ, ਮੱਕੀ ਹੋ ਜਾਂਦੀ ਸੀ ਤੇ ਲੋੜਾਂ ਬਹੁਤੀਆਂ ਸਨ ਨਹੀਂ, ਸੁੱਖ ਨਾਲ ਤੇ ਰੰਗ ਨਾਲ ਸਮਾਂ ਟੁਰਦਾ ਗਿਆ ਤੇ ਸਤਿਸੰਗ ਦਾ ਰੌ ਬੱਝਾ ਰਿਹਾ।

ਹੁਣ ਛੇਵ੍ਹਾਂ ਜਾਮਾਂ ਧਾਰਕੇ ਗੁਰ ਨਾਨਕ ਨੇ ਹੋਰ ਰੂਪ ਵਟਾਇਆ, ਮੀਰੀ ਪੀਰੀ ਕੱਠੀ ਕੀਤੀ, ਜੋ ਵਾੜੀ ਲਾਈ ਸੀ, ਉਸਦੀ ਰਾਖੀ ਲਈ ਬੀਰ ਰਸ ਧਾਰਿਆ, ਦੁੱਖੀਆਂ ਦੀ ਰੱਖਜਾ ਦਾ ਝੰਡਾ ਖੜ੍ਹਾ ਕੀਤਾ, ਆਸਾ ਵਿਚ ਨਿਰਾਸ ਰਹਿਣਾ ਦਸਿਆ ਸੀ, ਹੁਣ ਰਾਜ ਵਿਚ ਜੋਗੀ ਰਹਿਣਾ ਸਿਖਾਇਆ, "ਸ਼ਾਂਤ" ਨਾਲ 'ਉਤਸ਼ਾਹ' ਭਰੇ ਕਈ ਕੌਤਕ ਕੀਤੇ, ਕਈ ਰੰਗ ਖੇਲੇ, ਸਤਿਨਾਮੁ ਦਾ ਅਜ਼ਲੀ ਝੰਡਾ ਝੂਲਦਾ ਝੂਲਦਾ ਖੜਗ ਦਾ ਝੰਡਾ ਵੀ ਝੂਲ ਪਿਆ, ਦੀਨ ਰਖਜਾ ਵੀ ਹੋ ਗਈ।

ਹਾਂ ਛੇਵੇਂ ਜਾਮੇਂ ਬਾਬੇ ਨਾਨਕ, ਸਤਿਗੁਰ ਨਾਨਕ, ਗੁਰਾਂ ਗੁਰ ਨਾਨਕ ਨੇ ਇਕ ਦਿਨ ਆਪਣੇ ਪੁੱਤਰ ਗੁਰਦਿੱਤੇ ਨੂੰ ਸੱਦ ਕੇ ਕਿਹਾ ਬੇਟਾ ਤੁਸੀਂ ਹੁਣ ਪਹਾੜਾਂ ਵਲ ਨੂੰ ਜਾਓ। ਸ੍ਰੀਚੰਦ ਜੀ ਤੋਂ ਵਰ ਦਾਨ ਲੈ ਆਏ ਹੋ, ਜਾਓ ਪਰਬਤ ਕੁੱਖ ਵਿਚ ਇਕ ਸ਼ਹਿਰ ਵਸਾਓ, ਅਰ ਓਥੇ ਇਕ ਸਾਡਾ ਪ੍ਰੇਮੀ ਰਹਿੰਦਾ ਹੈ, ਉਸ ਨੂੰ ਸਤਿਸੰਗ ਦਾ ਲਾਭ ਦਿਓ, ਤੇ ਅਸੀਂ ਫੇਰ ਓਥੇ ਆ ਕੇ ਤੁਸਾਂ ਨੂੰ ਵੀ ਮਿਲਾਂਗੇ ਤੇ ਬੁੱਢਣ ਸ਼ਾਹ ਦਾ ਕਾਰਜ ਵੀ ਸੁਆਰਾਂਗੇ।

ਪਿਤਾ ਗੁਰੂ ਜੀ ਦੀ ਆਗਯਾ ਪਾ ਕੇ ਪਰਮਾਰਥ ਦੇ ਪ੍ਰੇਮੀ, ਸ਼ਕਤੀਵਾਨ, ਕਲਾਧਾਰੀ ਤੇ ਨਾਮ-ਰਸੀਆ ਬਾਬਾ ਗੁਰਦਿੱਤਾ ਜੀ, ਜੋ ਛੋਟੀ ਉਮਰੇ ਹੀ ਬਾਬਾ ਜੀ ਕਹਿਲਾਂਦੇ ਸੇ, ਸਤਲੁਜ ਪਾਰ ਹੋ, ਪਹਾੜਾਂ ਨੂੰ ਟੁਰ ਪਏ, ਪਿਤਾ ਗੁਰੂ ਜੀ ਦੇ ਦਸੇ ਟਿਕਾਣੇ ਅਪੜੇ। ਉੱਚੀ ਜਗ੍ਹਾ ਤੇ ਜਾ ਚੜ੍ਹੇ, ਉਪਰ ਜਾ ਕੇ ਚਾਰ ਚੁਫੇਰੇ ਦਾ ਰਮਣੀਕ ਨਜ਼ਾਰਾ ਦੇਖ ਕੇ ਜੀ ਖਿੜ ਗਿਆ, ਮਨ ਵਿਚ ਸੁਆਦ ਆ ਗਿਆ,

[੧] ਪੀਂਜੂ ਦੀ ਲੜਕੀ।

ਕਹਿਣ ਲੱਗੇ ਗੁਰੂ ਬਾਬਾ ਕਹੇ ਕਹੇ ਸੋਹਣੇ ਟਿਕਾਣੇ ਡੇਰੇ ਲਾਂਦਾ ਰਿਹਾ ਹੈ, ਕੁਝ ਅਗੇ ਜਾ ਕੇ ਡਿੱਠਾ ਕੇ ਸ਼ੇਰ ਬਕਰੀਆਂ ਚਾਰ ਰਿਹਾ ਹੈ, ਤੱਕ ਕੇ ਬਾਬਾ ਗੁਰਦਿੱਤਾ ਜੀ ਤਾੜ ਗਏ ਕਿ ਠੀਕ ਟਿਕਾਣੇ ਸਿਰ ਆ ਗਏ ਹਾਂ। ਇਹ ਫਕੀਰ ਦਾ ਟਿਕਾਣਾ ਹੈ, ਜਿੱਥੇ ਸ਼ੇਰ ਬਕਰੀ ਪ੍ਰੇਮ ਕਰ ਰਹੇ ਹਨ, ਓਧਰੋਂ ਬੁੱਢਣ ਸ਼ਾਹ ਦੀ ਨਜ਼ਰ ਪਈ ਕਿ ਘੋੜੇ ਤੇ ਚੜ੍ਹਕੇ ਕੋਈ ਆ ਰਿਹਾ ਹੈ। ਇਹ ਤਾਂ ਓਹੋ ਪਹਿਲਾ ਦਰਸ਼ਨ ਜਾਪਦਾ ਹੈ, ਜੋ ਗੁਰੂ ਬਾਬੇ ਆਖਿਆ ਸੀ ਕਿ ਪਹਿਲਾਂ ਸਤਿਗੁਰ ਦਾ ਪੁਤ੍ਰ ਆਵੇਗਾ। ਸਾਈਂ ਜਾਣੇ ਓਹੋ ਸ਼ਹਿਜ਼ਾਦਾ ਆਇਆ ਹੈ। ਮੱਥਾ ਖਿੜਿਆ ਹੈ, ਚੇਹਰਾ ਰਸ-ਦਾਇਕ ਹੈ, ਨਾਮ ਦੀ ਖੁਸ਼ਬੋ ਆਉਂਦੀ ਹੈ, ਠੀਕ ਸਤਿਗੁਰ ਬਾਲਕਾ ਆਇਆ ਹੈ, ਬੁੱਢੇ ਨੇ ਉਠ ਕੇ ਰਕਾਬ ਤੇ ਜਾ ਸਿਰ ਧਰਿਆ, ਗੁਰਦਿੱਤਾ ਜੀ ਨੇ ਹੇਠਾਂ ਉੱਤਰ ਕੇ ਸਿਰ ਸੰਭਾਲਿਆ, ਘੁਟਕੇ ਮਿਲੇ।

ਬੁੱਢਣ ਸ਼ਾਹ-ਕੀਹ ਆਪ ਹੀ ਇਹ ਪਰਤਾਪੀ ਬਾਣਾ ਧਾਰ ਕੇ ਆਏ ਹੋ?

ਗੁਰਦਿੱਤਾ ਜੀ-ਆਪ ਤਾਂ ਮੇਰੇ ਮਗਰੋਂ ਆਉਣਗੇ, ਮੈਂ ਅੱਗੋਂ ਦਾਸ ਆਇਆ ਹਾਂ ਜੋ ਮਾਲਕ ਦੇ ਬੈਠਣ ਨੂੰ ਜਗਾ ਬਣਾਵਾਂ। ਮੈਂ ਓਹ ਨਹੀਂ, ਪਰ ਮੈਂ "ਉਹ" ਦਾ ਝਾੜੂ ਬਰਦਾਰ ਹਾਂ। ਦੁੱਧ ਤਯਾਰ ਮੈਂ ਕਰਾਵਾਂਗਾ, ਕਟੋਰਾ ਭਰ ਕੇ ਪੀਣਗੇ ਉਹੋ, ਜੋ ਤੇਰੇ ਮੇਰੇ ਮਾਲਕ ਹਨ*।

ਬੁੱਢਣ ਸ਼ਾਹ ਨੂੰ ਸਾਰੀਆਂ ਨਿਸ਼ਾਨੀਆਂ ਮਿਲੀਆਂ, ਪਯਾਰੇ ਦੇ ਪੁਤ ਦਾ ਪ੍ਰੇਮ ਗਦ ਗਦ ਕਰ ਗਿਆ, ਸਰੀਰ ਹੁਣ ਬਹੁਤ ਬੁੱਢਾ ਸੀ, ਪਰ-

"ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥"

{ਸਲੋਕ ਵਾਰਾਂ ਤੇ ਵਧੀਕ, ਮਹਲਾ ੩-੪੪, ਪੰਨਾ ੧੪੧੮}

ਸੂਰਤ ਜੁਆਨ ਸੀ, ਦਿਨੋਂ ਦਿਨ ਜੋਬਨਾਂ ਵਿਚ ਸੀ, ਸਾਈਂ ਨੇ ਆਪਣੇ ਬਨ ਦੇ ਟਿਕਾਣੇ ਤੋਂ ਜ਼ਰਾ ਅਗੇਰੇ ਖੁਲ੍ਹੇ ਥਾਂ ਡੇਰਾ ਕਰਾਯਾ। ਮਸੰਦ, ਦਾਸ, ਨਤੀ (ਇਸਤ੍ਰੀ) ਦਾ ਡੋਲਾ, ਬੱਚੇ, ਹੋਰ ਸਾਰਾ ਲਾਓ ਲਸ਼ਕਰ ਅਸਬਾਬ ਪੁਜ ਗਿਆ। ਤੰਬੂ ਲਗ ਗਏ, ਜੰਗਲ ਦਾ ਮਾਨੋ ਸੁਹਾਵਾ ਮੰਗਲ ਹੋ ਗਿਆ।

ਕੁਝਕੁ ਦਿਨ ਪ੍ਰਸਪਰ ਪ੍ਰੇਮ ਅਰ ਸਤਿਸੰਗ ਮਗਰੋਂ ਬਾਬੇ ਨੇ ਕਿਹਾ, "ਬੁੱਢਣ ਸ਼ਾਹ ਜੀ! ਅਸਾਂ ਏਥੇ ਨਗਰ ਵਸਾਣਾ ਹੈ, ਤੁਸੀਂ ਟਿਕਾਣਾ ਦਸੋ!" ਇਹ ਸੁਣ ਕੇ ਬੁੱਢੇ ਨੇਤ੍ਰਾਂ ਵਿਚ ਨੀਰ ਭਰ ਆਯਾ, ਬੋਲੇ, "ਬਾਬਾ ਜੀ! ਨਗਰ ਉਥੇ ਵਸਾਓ, ਜਿੱਥੇ ਗੁਰੂ ਬਾਬਾ ਚਰਨ ਪਾ ਕੇ, ਨਿਮਾਣੀ ਢੋਕ ਵਸਾ ਗਿਆ, ਪ੍ਰਸ਼ਾਦੇ ਛਕ ਕੇ, ਗ੍ਰੀਬ, ਪਰ ਸੱਚੇ-ਸੁੱਚੇ ਸਿੱਖ ਤਾਰ ਗਿਆ ਹੈ।" ਇਹ ਕਹਿ ਕੇ ਗਦ ਗਦ ਕੰਠ ਬੁੱਢੇ ਨੇ ਡੋਘਰਾ ਦਸਿਆ। ਨਿਰ ਜਨ ਟਿਕਾਣੇ ਦੋ ਨਿਕੀਆਂ ਛੱਪੜੀਆਂ ਤਕ ਕੇ ਗੁਰਦਿੱਤਾ ਜੀ ਅਸਚਰਜ ਹੋਏ, ਕਿ ਉਨ੍ਹਾਂ ਟੁੱਟੀਆਂ ਝੌਂਪੜੀਆਂ ਵਿਚੋਂ ਦੋ ਮਨੁੱਖ ਤੇ ਦੋ ਮਾਈਆਂ ਨਾਮ ਰੰਗ ਵਿਚ ਰੰਗੀਆਂ ਬਾਹਰ ਆਈਆਂ, ਚਰਨ ਪਰਸੇ, ਮੱਥਾ ਟੇਕਿਆ, ਗੁਰ-ਸੁਤ "ਗੁਰਦਿੱਤੇ" ਦੇ ਦਰਸ਼ਨ ਕਰ ਕੇ ਸੁੱਖ ਪਾਯਾ। ਜਦ ਬੁੱਢਣ ਸ਼ਾਹ ਨੇ ਨਗਰ ਵਸਾਣ ਦੀ ਗੱਲ ਕਹੀ, ਤਾਂ ਦੋਹਾਂ ਪ੍ਰੇਮੀਆਂ ਨੇ ਉਹ

* ਇਕ ਰਵਾਯਤ ਇਹ ਹੈ ਕਿ ਬਾਬਾ ਗੁਰਦਿੱਤਾ ਜੀ ਨੇ ਦੁੱਧ ਪੀਣਾ ਸੀ ਤੇ ਪੀਤਾ ਸੀ। ਪਰ ਗੁਰਦਿੱਤਾ ਜੀ ਗੱਦੀ ਤੇ ਨਹੀਂ ਸਨ ਬਿਰਾਜੇ, ਇਸ ਕਰਕੇ, ਉਹ 'ਗੁਰੂ ਨਾਨਕ' ਨਹੀਂ ਸੇ, ਤੇ ਦੁੱਧ 'ਗੁਰੂ ਨਾਨਕ' ਨੇ ਛੇਵੇਂ ਜਾਮੇ ਪੀਣਾ ਸੀ।


www.sikhbookclub.com

ਥਾਂ ਦਸੀ ਜਿੱਥੇ ਗੁਰੂ ਬਾਬਾ ਮਕਈ ਦੀ ਰੋਟੀ ਤੇ ਬੱਕਰੀ ਦਾ ਦੁੱਧ ਛੱਕ ਗਿਆ ਸੀ, ਓਨੀਂ ਥਾਂ ਨੂੰ ਪੀਂਜੂ ਨੇ ਚੌਂਤੜਾ ਬਨਾ ਕੇ ਓੱਚਾ ਕਰ ਰਖਿਆ ਸੀ, ਅਰ ਗੁਰੂ ਬਾਬੇ ਦਾ ਆਸਣ ਜਾਣ ਕੇ ਸਨਮਾਨਤ ਕਰ ਰਖਿਆ ਸੀ। ਬਾਬੇ ਗੁਰਦਿਤੇ ਜੀ ਨੂੰ ਵੀ ਇਹ ਥਾਂ ਬੜੀ ਪਜਾਰੀ ਲਗੀ, ਉਥੋਂ ਦੀ ਧੂੜ ਮੱਥੇ ਤੇ ਲਾਈ ਤੇ ਗੁਰ ਨਾਨਕ ਪ੍ਰੇਮ ਵਿਚ ਗਦ ਗਦ ਹੋ ਗਏ, ਕਿਤਨਾ ਕਾਲ ਪ੍ਰੇਮ ਦੇ ਜਲ ਨਾਲ ਨੈਣ ਭਰਦੇ ਰਹੇ, ਫੇਰ "ਸਤਿਨਾਮੁ" ਕਹਿ ਕੇ ਗੁਰੂ ਬਾਬੇ ਦਾ ਧਿਆਨ ਧਰ ਕੇ ਆਪਣੇ ਹੱਥੀਂ ਟੱਕ ਲਾਇਆ, ਅਰ ਸ਼ਹਿਰ ਵਸਾਣ ਦੀ ਆਗਜਾ ਦਿਤੀ। ਗੁਰੂ ਬਾਬੇ ਦੇ ਪ੍ਰੇਮ ਵਿਚ ਪੀਂਜੂ ਤੇ ਉਸਦੇ ਪਰਵਾਰ ਦੇ ਗੁਰੂ-ਜਸ ਦੇ ਰੰਗਾਂ ਦੀ ਯਾਦ ਵਿਚ ਤੇ ਬੁੱਢਣ ਸ਼ਾਹ ਦੇ ਪ੍ਰੀਤੀ-ਤ੍ਰੰਗਾਂ ਦੇ ਚੇਤੇ ਵਿਚ ਨਿਗਮਨ ਹੋ ਕੇ ਗੁਰਾਂ ਸਵਾਰੇ ਗੁਰਦਿਤੇ, ਗੁਰਾਂ ਤਾਰੇ ਸਾਹਿਬਜ਼ਾਦੇ ਨੇ ਨਗਰ ਦਾ ਨਾਉਂ 'ਗੁਰ ਕੀਰਤ ਪੁਰ' ਰੱਖਿਆ। ਪਰਮੇਸ਼ਰ ਦੇ ਤਾਰੇ ਤੇ ਗੁਰ ਬਾਬੇ ਦੇ ਪਜਾਰੇ ਪੀਂਜੂ ਦੇ ਜੰਗਲ ਦੀ ਟੁੱਟੀ ਝੌਂਪੜੀ ਦਾ 'ਗੁਰ ਕੀਰਤ ਪੁਰ' ਨਗਰ ਵਸ ਗਿਆ ਤੇ ਗੁਰ ਸੁਤ ਸ਼ਹਿਰ ਦਾ ਉਸਾਰਨਹਾਰ, ਪਾਲਣਹਾਰ, ਵਸਾਣਹਾਰ ਤੇ ਰਖਣਹਾਰ ਹੋਇਆ। ਇਹ ਬੜਾ ਸੁੰਦਰ ਟਿਕਾਣਾ ਬਣ ਗਿਆ। ਇਥੇ ਹੀ ਸ੍ਰੀ ਹਰਿਰਾਇ ਜੀ ਦਾ ਅਵਤਾਰ ਹੋਇਆ। ਇਥੇ ਜੋ ਗੁਰ ਨਾਨਕ ਨੇ ਰਬ ਚਿਤਾਰਿਆ ਬੁੱਢਣ ਸ਼ਾਹ, ਪੀਂਜੂ ਤੇ ਪਰਵਾਰ ਨੇ ਗੁਰ ਬਾਬਾ ਚਿਤਾਰਿਆ; ਇਹ ਗੁਰੂ ਦੀ ਕੀਰਤ* ਦੀ ਪੁਰੀ ਹੋ ਗਿਆ।

**"ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥"**

{ਵਾਰਾਂ ਭਾਈ ਗੁਰਦਾਸ ਵਾਰ ੧, ਪਉੜੀ ੨੭}

ਬਾਬਾ ਗੁਰਦਿਤਾ ਜੀ ਨੇ ਸ਼ਹਿਰ ਵਸਾਇਆ, ਸਤਿਸੰਗ ਬੀ ਵੱਡੇ ਰੰਗ ਵਿਚ ਹੋ ਵਰਤਿਆ, ਸਵੇਰੇ ਆਸਾ ਦੀ ਵਾਰ ਲਗੇ, ਸੰਝ ਨੂੰ ਸੋਦਰੁ ਦਾ ਦੀਵਾਨ ਸਜੇ। ਕਥਾ ਵਾਰਤਾ ਸਤਿਸੰਗ ਹੋਵੇ। ਦੁਪਿਹਰ ਨੂੰ ਬਾਬੇ ਹੁਰੀ ਕਦੇ ਸ਼ਿਕਾਰ ਜਾਣ, ਕਦੇ ਬਨ ਵਿਚ ਜਾ ਬੈਠਣ, ਕਦੇ ਬੁੱਢਣ ਸ਼ਾਹ ਨਾਲ ਸਤਿਸੰਗ ਹੋਵੇ।

ਬੁੱਢਣ ਸ਼ਾਹ ਹੁਣ ਅਤਯੰਤ ਬੁੱਢਾ ਸੀ, ਸਾਹਿਬਜ਼ਾਦੇ ਬੜਾ ਪਜਾਰ ਕਰਦੇ ਸੇ। ਇਕ ਦਿਨ ਵਾਰਤਾਲਾਪ ਹੁੰਦਿਆਂ ਬੁੱਢਣ ਸ਼ਾਹ ਨੇ ਪੁੱਛਿਆ, "ਹੇ ਗੁਰਮੁਖ, ਹੇ ਸਤਿਗੁਰ ਦੇ ਪਿਆਰੇ ਜੀ! ਏਹ ਵਿਸਮਾਦ ਦੀ ਪਉੜੀ ਜੋ ਸਤਿਗੁਰ ਨਾਨਕ ਨੇ ਆਖੀ ਹੈ, ਵਿਸਮਾਦ ਦਾ ਕੀ ਭੇਤ ਹੈ?" ਤਦ ਸ੍ਰੀ ਗੁਰਦਿੱਤਾ ਜੀ ਨੇ ਆਖਯਾ: ਵਿਸਮਾਦ ਇਕ ਐਸਾ ਉੱਚਾ ਰੰਗ ਹੈ, ਜੋ ਆਤਮਾ ਦਾ ਆਪਣਾ ਤ੍ਰੰਗ ਹੈ, ਇਹ ਮਨ ਜਾਂ ਸਰੀਰ ਦਾ ਖੇਲ ਨਹੀਂ। ਜਦੋਂ ਕੋਈ ਸੁੰਦਰਤਾ ਲਿਸ਼ਕਾਰਾ ਮਾਰਦੀ ਹੈ, ਤਾਂ ਮਨ ਦੀ ਗਤੀ ਗੁੰਮ ਹੋ ਜਾਂਦੀ ਹੈ, ਤੇ ਆਤਮਾ ਵਿਚ ਅਪਨੇ ਸਹਿਜ ਸੁੱਖ ਦੀ ਇਕ ਰੰਗਤ ਪੈਦਾ ਹੁੰਦੀ ਹੈ, ਮਨ ਜਦ ਉਸ ਰੰਗ ਦੇ ਬਾਦ ਉਠਦਾ ਹੈ ਤਾਂ ਉਸਦਾ ਸੰਸਕਾਰ ਮਨ ਪਰ ਪੈਂਦਾ ਹੈ, ਭਾਵੇਂ ਮਨ ਉਸ ਰਸ ਦਾ ਹਾਲ ਕੁਛ ਨਹੀਂ ਦੱਸ ਸਕਦਾ, ਕਿਉਂ ਕਿ ਮਨ ਦੀ ਉਸ ਵਿਚ ਰੰਮਤਾ ਨਹੀਂ ਹੈ, ਪਰ ਸੰਸਕਾਰ ਪੈਣ ਕਰਕੇ ਸੁਆਦ ਮਾਣਦਾ ਹੈ, ਉਸ ਸੁਆਦ ਵਿਚ "ਵਾਹ ਵਾਹ" ਕਰਦਾ ਹੈ, ਅਰ ਜੇ ਪੁਛੋ ਤਾਂ ਜਿਸ ਤਰ੍ਹਾਂ ਇਸ ਦਾ ਅਪਨਾ ਸੁਭਾ ਹੈ, ਕਿ ਹਰ ਸ਼ੈ ਦਾ ਨਾਮ ਰੱਖ ਲੈਂਦਾ ਹੈ, ਉਸਦਾ ਨਾਮ "ਵਿਸਮਾਦ" ਰਖਦਾ ਹੈ।

* ਅਨੰਦਪੁਰ ਤੋਂ ਪੰਜ ਛੇ ਮੀਲ ਉਰੇ ਸਤਲੁਜ ਦੇ ਨੇੜੇ ਇਹ ਟਿਕਾਣਾ 'ਕੀਰਤਪੁਰ' ਹੁਣ ਤਕ ਹੈ, ਸ਼ਹਿਰ ਦੀ ਵਸੋਂ ਵੀ ਅਜ ਹੈ, ਪਰ ਸਤਿਗੁਰਾਂ ਦੇ ਮੰਦਰ ਤੇ ਦੇਹੁਰੇ ਸਭ ਮਸਤਾਨੇ ਹੋ ਰਹੇ ਹਨ, ਸੇਵਾਦਾਰਾਂ ਤੇ ਸੰਗਤਾਂ ਵਲੋਂ ਸੇਵਾ ਦੀ ਘਾਉਲ ਹੈ।


www.sikhbookclub.com

"ਵਿਸਮਾਦ ਦਾ ਰੰਗ ਉਸ ਵੇਲੇ ਪੈਂਦਾ ਹੈ, ਜਦੋਂ ਰੂਹ ਆਪਣੇ ਰੰਗ ਵਿਚ ਜਾਂਦੀ ਹੈ, ਜਦੋਂ ਰੂਹਾਨੀ ਜੀਵਨ ਪ੍ਰਾਪਤ ਹੁੰਦਾ ਹੈ, ਜਦੋਂ 'ਮਾਨੁਖ' 'ਦੇਵਤਾ' ਬਣਦਾ ਹੈ, ਪਰ ਇਹ ਤਾਂ "ਆਤਮ" ਦਾ ਇਕ ਸਹਿਜ ਦਾ ਤ੍ਰਾਨਾ ਹੈ, ਜਦੋਂ ਆਤਮਾ ਮਨ ਤੋਂ ਅਸੰਗ ਹੋ ਖੜੋਂਦਾ ਹੈ।"

"ਉਂਞ ਕੁਦਰਤ ਦੇ ਪਦਾਰਥ, ਬਿਜਲੀ, ਪਾਣੀ, ਪੌਣ, ਅਗਨੀ, ਸੂਰਜ, ਚੰਦ, ਤਾਰੇ, ਹਵਾ, ਜੰਗਲਾਂ ਦੇ ਨਜ਼ਾਰੇ, ਸਭ ਵਿਸਮਾਦ ਪੈਦਾ ਕਰਦੇ ਹਨ। ਜਦੋਂ ਕੁਦਰਤੀ ਸੁੰਦਰਤਾ ਝਲਕਾ ਮਾਰੇ ਤਦੋਂ ਤ੍ਰਿਖਾ ਜਾਂ ਮਲਕੜਾ ਵਿਸਮਾਦ ਦਾ ਅਸਰ ਪੈਂਦਾ ਹੈ, ਇਸ ਅਸਰ ਨੂੰ ਸਤਿਗੁਰ ਨੇ ਆਸਾ ਵਾਰ ਦੀ ਪਉੜੀ ਵਿਚ ਦਸਿਆ ਹੈ ਕਿ ਏਹ ਜੋ ਕੁਦਰਤ ਦਿਸਦੀ ਹੈ, ਇਸਦੇ ਸਾਰੇ ਚਮਤਕਾਰੇ ਵਿਸਮਾਦ ਕਰਨੇਹਾਰੇ ਹਨ।"

ਬੁੱਢਣ ਸ਼ਾਹ-ਪਰ ਹਰ ਕਿਸੇ ਪਰ ਏਹ ਅਸਰ ਨਹੀਂ ਪੈਂਦਾ, ਸਾਰਾ ਜਹਾਨ ਰੋਜ਼ ਸੂਰਜ, ਚੰਦ, ਤਾਰੇ ਤੱਕਦਾ ਹੈ, ਪਰ ਕੋਈ ਵਿਸਮਾਦ ਨਹੀਂ ਹੁੰਦਾ।

ਗੁਰਦਿੱਤਾ-ਇਸ ਕਰਕੇ ਕਿ ਮਨੁੱਖ ਦਾ ਮਨ ਸੋਚਾਂ ਫਿਕਰਾਂ ਲੋੜਾਂ ਦੇ ਪੂਰਨ ਕਰਨ ਦੇ ਆਹਰਾਂ ਵਿਚ ਲਗ ਕੇ "ਗੇਣਤੀ" ਵਾਲਾ ਹੋ ਗਿਆ ਹੈ, ਦਿਲ ਦੀਆਂ ਦਿਲਗੀਰੀਆਂ ਤੇ ਫਿਕਰਾਂ ਨੇ ਹਰ ਵੇਲੇ ਇਸ ਨੂੰ ਸੋਚਾਂ ਸੋਚਣ, ਫਿਕਰ ਕਰਨ, ਸੰਕਲਪ ਕਰਨ, ਗਿਣਨ, ਸਮਝਣ, ਜੋੜਨ ਤੋੜਨ ਵਿਚ ਲਾ ਰਖਿਆ ਹੈ, ਓਹ ਇਨ੍ਹਾਂ ਨਜ਼ਾਰਿਆਂ ਦੇ ਅਸਰ ਤੋਂ ਵਿਸਮਤ ਨਹੀਂ ਹੁੰਦਾ, ਮਨ ਹੋਰਥੇ ਰੁਝਾ ਹੋਣ ਕਰਕੇ ਆਖਦਾ ਹੈ, ਉਹੋ ਤਾਰੇ ਜੋ ਰੋਜ਼ ਚੜ੍ਹਦੇ ਹਨ, ਉਹੋ ਬਿਜਲੀ ਜੋ ਸਦਾ ਤੱਕੀ ਦੀ ਹੈ, ਇਕ ਤਰ੍ਹਾਂ ਨਾਲ ਮਨੁੱਖ ਨੇ ਦਿਲ ਦੇ ਦਰਵਾਜ਼ੇ ਕੁਦਰਤੀ ਸੁੰਦਰਤਾ ਦੇ ਅਸਰਾਂ ਨੂੰ ਆਪਣੇ ਅੰਦਰ ਲੈਣ ਤੋਂ ਬੰਦ ਕਰ ਦਿਤੇ ਹਨ।

ਦੂਸਰੀ ਗੱਲ ਇਹ ਹੈ ਕਿ ਮਨੁੱਖ "ਸੁੰਦਰ" ਨੂੰ ਦੇਖ ਕੇ ਉਸ ਤੋਂ ਆਪਣੇ ਅੰਦਰ ਉਤਪੰਨ ਹੋਏ ਭਾਵ ਵਿਚ ਲੀਨ ਹੋਣ ਦੀ ਥਾਂ ਉਸ "ਸੁੰਦਰ" ਨੂੰ ਲੈ ਲੈਣ ਵਿਚ ਲਗਦਾ ਹੈ, ਅਰਥਾਤ ਉਸ ਵਿਚ ਕਿਸੇ ਨਾ ਕਿਸੇ ਤਰ੍ਹਾਂ 'ਹਉ' ਵਾੜ ਦੇਂਦਾ ਹੈ। ਜਿਕੂੰ ਜੇ ਸੁੰਦਰ ਇਸਤ੍ਰੀ ਵੇਖਦਾ ਹੈ ਤਾਂ ਚਾਹੁੰਦਾ ਹੈ ਕਿ ਮੈਂ ਲਵਾਂ, ਇਹ ਤ੍ਰਿਸ਼ਨਾ ਉਸਦੇ ਮਨ ਨੂੰ ਮੈਲਾ ਕਰ ਦਿੰਦੀ ਹੈ, ਇਸ ਲਈ ਵਿਸਮਾਦ ਦਾ ਅਸਰ ਨਹੀਂ ਪ੍ਰਤੀਤ ਦੇਂਦਾ, ਜੇ ਬਿਜਲੀ ਕੜਕਦੀ ਵੇਖਦਾ ਹੈ ਤਾਂ ਡਰ ਕੇ ਨੱਸਦਾ ਹੈ ਕਿ ਮਤਾ ਮੈਨੂੰ ਮਾਰ ਨਾ ਦੇਵੇ, ਇਹ ਡਰ ਉਸਦੇ ਮਨ ਨੂੰ ਮੈਲਾ ਕਰ ਦੇਂਦਾ ਹੈ ਅਰ ਉਸਦੇ ਵਿਸਮਾਦ-ਰਸ ਨੂੰ ਪ੍ਰਤੀਤ ਨਹੀਂ ਕਰ ਸਕਦਾ।

ਸੁੰਦਰਤਾ ਸਾਈਂ ਦੇ ਅਪਨੇ ਨੂਰ ਦਾ ਇਕ ਝਲਕਾਰਾ ਹੈ, ਚਾਹੇ ਸੁੰਦਰਤਾ ਕਿਤੋਂ ਲਿਸ਼ਕਾਰਾ ਮਾਰੇ ਇਹ ਲਿਸ਼ਕਾਰਾ ਕਿਸੇ ਨ ਕਿਸੇ ਰੰਗ ਵਿਚ ਇਲਾਹੀ ਹੈ, ਜਿਵੇਂ ਫੁਲ ਤਾਂ ਮਿੱਟੀ ਵਿਚੋਂ ਉਗਿਆ ਹੈ, ਪਾਣੀ ਤੇ ਧਾਤੂਆਂ ਦਾ ਬਣਿਆ ਹੈ, ਪਰ ਉਸ ਵਿਚ ਸੁੰਦਰਤਾ ਇਲਾਹੀ ਜਲਵਾ ਹੈ। ਚੰਦਰਮਾਂ ਤਾਂ ਜੜ੍ਹ ਪਦਾਰਥ ਹੈ, ਪਰ ਉਸਦੀ ਸੁੰਦਰਤਾ ਇਲਾਹੀ ਨੂਰ ਹੈ, ਇਸ ਤਰ੍ਹਾਂ ਜਿਨ੍ਹਾਂ ਪਦਾਰਥਾਂ ਤੋਂ ਸੁੰਦਰਤਾ ਪ੍ਰਗਟ ਹੁੰਦੀ ਹੈ, ਉਹ ਤਾਂ ਪਦਾਰਥ ਹਨ, ਪਰ ਸੁੰਦਰਤਾ ਇਲਾਹੀ ਜਮਾਲ ਹੈ, ਰੱਬੀ ਝਲਕਾ ਹੈ, ਪਰਮੇਸ਼ਰੀ ਲਿਸ਼ਕਾਰਾ ਹੈ, ਜਦ ਇਹ ਲਿਸ਼ਕ ਮਾਰਦੀ ਹੈ, ਸਾਡਾ ਆਪਣਾ ਆਪ ਉਸਦੇ ਅਸਰ ਨਾਲ

ਆਪਣੇ ਆਪ ਵਿਚ ਜੁੜ ਕੇ ਰਸ-ਲੀਨ ਹੋ ਜਾਂਦਾ ਹੈ, ਪਰ ਇਹ ਸਮਾਂ ਖੜਾ ਥੋੜਾ ਹੁੰਦਾ ਹੈ, ਜੇ ਸੁਭਾਉ ਇਉਂ ਦਾ ਪਕ ਜਾਵੇ ਕਿ ਸੁੰਦਰਤਾ ਦੀ ਲਿਸ਼ਕ ਵਜਦੇ ਸਾਰ ਅਸੀਂ ਆਪੇ ਵਿਚ ਰਸ ਲੀਨ ਹੋ ਜਾਈਏ ਤਾਂ ਅਸੀਂ ਸਾਧੂ, ਫਕੀਰ, ਜੋਗੀ, ਸਮਾਧਿ-ਸਥਿਤ ਸੰਤ ਹਾਂ, ਪਰ ਅਸੀਂ ਏਹ ਨਹੀਂ ਕਰਦੇ, ਜਿਸ ਚੀਜ਼ ਤੋਂ ਰਸ ਲੱਝਾ ਹੈ, ਉਸ ਵਲ ਰੁਖ਼ ਕਰਦੇ ਹਾਂ, ਜਾਂ ਉਸਨੂੰ ਲੈ ਕੇ ਆਪਣਾ ਕਰਕੇ ਭੋਗਣ ਤੇ ਮਾਨਣ ਦੇ ਤਰੱਦਦ ਵਿਚ ਲਗ ਪੈਂਦੇ ਹਾਂ, ਜਾਂ ਉਸ ਤੋਂ ਭੈ ਖਾਂਦੇ ਹਾਂ, ਜਾਂ ਉਸਨੂੰ ਪੜਚੋਲਨਾ ਚਾਹੁੰਦੇ ਹਾਂ; ਇਤਆਦਕ, ਕਿਸੇ ਨਾ ਕਿਸੇ ਤਰ੍ਹਾਂ ਅਸੀਂ ਮਨ ਨੂੰ ਉਸਦੇ ਆਹਰ ਵਿਚ ਲਾ ਦੇਂਦੇ ਹਾਂ, ਤੇ ਇਹ ਮਨ ਦਾ ਸੁੰਦਰ ਪਦਾਰਥਾਂ ਵਿਚ ਲਗਣਾ ਇਹ ਸੰਸਾਰਾਕਾਰ ਬ੍ਰਿਤੀ ਹੈ ਤੇ ਬੰਧਨ ਹੈ।

ਜਦੋਂ ਲਿਸ਼ਕਾਰਾ ਵੱਜੇ ਤੇ ਅਸਰ ਕਰੇ ਤਦੋਂ ਮਨ ਨਹੀਂ ਹੋਵੇਗਾ, ਪੰਜਵੇਂ ਜਾਮੇਂ ਗੁਰੂ ਬਾਬੇ ਨੇ ਆਖਿਆ ਹੈ:-

**"ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥**
**ਖੋਜਉ ਤਾਕੇ ਚਰਣ ਕਹਹੁ ਕਤ ਪਾਈਐ॥ ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ॥੧੩॥"**

{ਫੁਨਹੇ ਮਹਲਾ ੫, ਪੰਨਾ ੧੩੬੨}

ਕਹਿੰਦੇ ਹਨ, ਜਦੋਂ ਸੁੰਦਰ ਪਜਾਰੇ ਦੇ ਦਰਸ਼ਨ ਦਾ ਝਲਕਾ ਵੱਜਾ, ਓਦੋਂ ਅਸੀਂ ਸੁੱਤੇ ਹੋਏ ਸਾਂ ਅਰਥਾਤ ਮਨ ਉਸ ਵੇਲੇ ਗੁੰਮ ਸੀ, ਹਾਂ ਮਨ ਦੀ ਸੁਪਨ ਅਵਸਥਾ ਸੀ, ਜਦੋਂ ਕਿ ਅਸੀਂ ਉੱਚੇ ਹੋਏ ਅਰਥਾਤ ਦਰਸ਼ਨ ਪਾਯਾ। ਪ੍ਰਸ਼ਨ ਇਹ ਹੁੰਦਾ ਹੈ ਕਿ ਫੇਰ ਪਜਾਰੇ ਦਾ ਪੱਲਾ ਫੜ ਕਿਉਂ ਨਾ ਲੀਤਾ, ਕਹਿੰਦੇ ਹਨ, ਸੁੰਦਰਤਾ ਦਾ ਝਲਕਾ ਐਸਾ ਵੱਜਾ ਕਿ ਮਨ ਠੱਗਿਆ ਗਿਆ, ਉਹੋ ਗਲ ਫੇਰ ਦਸੀ ਕਿ ਸੁੰਦਰਤਾ ਦਾ ਅਸਰ (ਵਿਸਮਾਦ) ਐਸੀ ਸ਼ੈ ਹੈ ਕਿ ਮਨ ਠੱਗਿਆ ਜਾਂਦਾ ਹੈ, ਮਨ ਬੁੱਧੀ ਉਸ ਵੇਲੇ ਕੰਮ ਨਹੀਂ ਕਰ ਰਹੇ ਹੁੰਦੇ। ਹੁਣ ਆਖਦੇ ਹਨ ਕਿ ਪ੍ਰੀਤਮ ਦੀ ਖੋਜ ਕਰ ਰਹੀ ਹਾਂ ਤੇ ਪੁਛ ਰਹੀ ਹਾਂ ਕਿ ਕੋਈ ਜਤਨ ਦਸੋ, ਓਹ ਘੜੀ ਫੇਰ ਕਿਸ ਵੇਲੇ ਆਵੇ? ਹੁਣ ਜਤਨ ਇਹੀ ਹੈ ਕਿ ਮਨ ਗੇਣਤੀਆਂ ਵਿਚ ਨਾ ਲਗੇ, ਮਨ ਸੋਚ ਫਿਕਰ ਤੋਂ ਨਿਕਲੇ ਤੇ ਪਜਾਰੇ ਵਲ ਲਗੇ, ਫੇਰ ਐਸੇ ਸਮੇਂ ਆਉਣਗੇ ਕਿ ਝਲਕਾ ਪਵੇਗਾ ਤੇ ਵਿਸਮਾਦ ਆਵੇਗਾ।

ਗੱਲ ਕੀ ਮਨ ਜਿਹੜਾ ਗ੍ਰਹਿਣ ਸ਼ਕਤੀ ਵਾਲਾ ਹੈ, ਜੋ ਚਾਹੁੰਦਾ ਹੈ, "ਲਵਾਂ", ਉਸ ਪੁਰ ਵਿਸਮਾਦ ਦਾ ਅਸਰ ਪਿਆ, ਪ੍ਰਤੀਤ ਘਟ ਦੇਂਦਾ ਹੈ, ਜੋ ਮਨ ਤਜਾਗ ਸ਼ਕਤੀ ਵਾਲਾ ਹੈ, ਉਸ ਪਰ ਵਿਸ਼ੇਸ਼ ਅਸਰ ਪੈਂਦਾ ਤੇ ਪ੍ਰਤੀਤ ਦੇਂਦਾ ਹੈ।

ਬੁੱਢਣ ਸ਼ਾਹ-ਸਾਹਿਬਜ਼ਾਦੇ ਜੀ! ਗਲ ਹੈ ਠੀਕ, ਏਥੇ ਇਕ ਪਹਾੜਨ ਕੁੜੀ ਭੋਲੀ ਭਾਲੀ ਆਯਾ ਕਰਦੀ ਸੀ, ਕਦੇ ਕਦੇ ਮੈਨੂੰ ਕੁਛ ਫਲ ਫੁਲ ਦੇ ਜਾਯਾ ਕਰਦੀ ਸੀ, ਕਦੇ ਮੇਰਾ ਚੋਲਾ ਧੋ ਕੇ ਦੇ ਜਾਯਾ ਕਰਦੀ ਸੀ, ਮੈਂ ਹਠੀਆ ਤਪੀਆ ਸਾਂ, ਪਰ ਸੁੱਖੀ ਨਹੀਂ ਸਾਂ, ਉਹ ਕੁੜੀ ਸੁੱਖੀ ਸੀ, ਆਤਮ-ਰਸ ਦੀ ਲਖਤਾ ਰਖਦੀ ਸੀ, ਪਰ ਮੈਂ ਨਾ ਪਛਾਣ ਸਕਿਆ। ਉਸ ਦੇ ਇਸ ਭੇਤ ਦਾ ਜਿਸ ਦਿਨ ਮੈਨੂੰ ਗੁਰੂ ਬਾਬੇ ਦੇ ਦਰਸ਼ਨ ਹੋਏ, ਪਤਾ ਲੱਗਾ ਕਿ ਇਏ ਤਾਂ ਗੂਹੜ ਆਤਮ ਅਵਸੱਥਾ ਵਿਚ ਹੈ ਅਰ ਗੁਰੂ ਬਾਬੇ ਜੀ ਦੀ ਮੇਹਰ ਨਾਲ ਉੱਚੀ ਹੋਈ ਹੈ। ਪਰ ਇਕ ਗਲ ਹੋਰ ਹੈ, ਜੋ ਸੁੱਖ ਇਸ ਵਿਚ ਮੈਂ ਤਦੋਂ ਡਿੱਠਾ,


www.sikhbookclub.com

ਓਹ ਹੋਰ ਤਰ੍ਹਾਂ ਦਾ ਸੀ, ਕੁਦਰਤ ਦੇ ਚਮਤਕਾਰ ਦੇਖ ਕੇ ਮੈਨੂੰ ਕੁਛ ਵਿਸਮਾਦ ਹੋਜਾ ਕਰਦਾ ਸੀ, ਪਰ ਓਹ ਛਿਨ ਦੇ ਕ੍ਰੋੜਵੇਂ ਹਿੱਸੇ ਵਿਚ ਲੰਘ ਜਾਯਾ ਕਰਦਾ ਸੀ, ਪਰ ਜੋ ਵਿਸਮਾਦ ਮੈਂ ਇਸ ਕੁੜੀ ਵਿਚ ਤਕਿਆ ਸੀ, ਓਹ ਬੜੇ ਗੂੜ੍ਹੇ ਰੰਗ ਦਾ ਅਰ ਲਗਾਤਾਰ ਜਾਪਦਾ ਸੀ।

ਗੁਰਦਿਤਾ ਜੀ-ਸਾਈਂ ਜੀ! ਉਹੋ ਗੂੜ੍ਹੇ ਰੰਗ ਦਾ ਵਿਸਮਾਦ ਤੁਸਾਂ ਤਦੋਂ ਡਿੱਠਾ, ਜਦੋਂ ਗੁਰੂ ਬਾਬੇ ਦੇ ਦਰਸ਼ਨ ਪਾਏ। ਠੀਕ ਹੈ?

ਬੁੱਢਣ ਸ਼ਾਹ-ਠੀਕ ਹੈ, ਪਰ ਇਹ ਵੱਡਾ ਤੇ ਉੱਚਾ ਸੀ।

ਗੁਰਦਿਤਾ ਜੀ-ਬਾਬਾ ਜੀ! ਜੋ ਆਮ ਸੁੰਦਰਤਾ ਦੇ ਲਿਸ਼ਕਾਰੇ ਝਲਕੇ ਮਾਰਦੇ ਹਨ ਉਨ੍ਹਾਂ ਲਈ ਅਸੀਂ ਤਿਆਰ ਨਹੀਂ ਹੁੰਦੇ, ਅਸੀਂ ਉਨ੍ਹਾਂ ਨੂੰ ਗੇਣਤੀਆਂ ਵਿਚ ਤੇ ਨਾ ਗਉਲਣ ਵਿਚ ਸੱਟਦੇ ਹਾਂ। ਸਾਨੂੰ ਪਤਾ ਨਹੀਂ ਕਿ ਇਸ ਕੱਖ ਦੇ ਉਹਲੇ ਲੱਖ ਧਰਿਆ ਹੈ। ਜੇਹੜਾ ਗੁਰੂ ਨਾਨਕ ਦੇ ਦਰਸ਼ਨ ਦਾ ਵਿਸਮਾਦ ਸੀ, ਉਹ ਇਉਂ ਵੱਡਾ ਤੇ ਉੱਚਾ ਹੈ ਕਿ ਗੁਰ ਨਾਨਕ ਦੀ ਆਤਮ-ਸੁੰਦਰਤਾ ਦੇ ਖਜ਼ਾਨੇ ਨਾਲ ਅੱਠ ਪਹਿਰ ਭੇਦ ਰਹਿਣ ਕਰਕੇ, ਦਿਨ ਰਾਤ ਆਪਣੇ ਸੁੰਦਰ ਪ੍ਰੀਤਮ ਨਾਲ ਲਿਵਲੀਨ ਰਹਿਣ ਕਰਕੇ ਸੁੰਦਰਤਾ ਦੀ ਅਵਧੀ ਨੂੰ ਪਹੁੰਚੀ ਹੋਈ ਹੈ। ਜਦੋਂ ਇਹ ਸੁੰਦਰਤਾ ਲਿਸ਼ਕਾਰਾ ਮਾਰਦੀ ਹੈ ਤਾਂ ਇਸ ਤਰ੍ਹਾਂ ਦਾ ਡੂੰਘਾ ਅਸਰ ਕਰਦੀ ਹੈ ਕਿ ਦੇਖਣ ਵਾਲੇ ਦਾ ਮਨ ਆਪਣੇ ਜਿਹਾ ਕਰ ਲੈਂਦੀ ਹੈ ਬਿਸਮਾਦ ਨੂੰ ਐਉਂ ਦਸਦੇ ਹਨ:-

"ਮਾਈ ਰੀ ਪੇਖਿ ਰਹੀ ਬਿਸਮਾਦ॥ ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ॥"

{ਸਾਰੰਗ ਮਹਲਾ ੫, ਪੰਨਾ ੧੨੨੬}

ਇਸ ਦਰਸ਼ਨ ਨਾਲ ਕਹਿੰਦੇ ਹਨ "ਕੈਵਲ ਪਦ" (ਮੁਕਤ ਪਦ) ਪ੍ਰਾਪਤ ਹੁੰਦਾ ਹੈ, ਇਨ੍ਹਾਂ ਆਤਮ ਦਰਸ਼ਨਾਂ ਦੀ ਮਹਿਮਾ ਇਉਂ ਦਸੀ ਹੈ:-

"ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥"

{ਰਾਗ ਸੂਹੀ ਮਹਲ ੧, ਪੰਨਾ ੭੬੪}

ਗੁਰੂ ਨਾਨਕ ਦੇਵ ਜੀ ਦੀ ਆਤਮਾ ਸੁੰਦਰਤਾ ਦਾ ਪੁੰਜ ਹੈ, ਜਦ ਉਹ ਪਜਾਰ ਨਾਲ ਕਿਸੇ ਵੱਲ ਤਕਦੇ ਹਨ ਤਾਂ ਉਨ੍ਹਾਂ ਦੀ ਆਤਮ-ਸੁੰਦਰਤਾ ਅਗਲੇ ਨੂੰ ਬਿਸਮਾਦ ਕਰਦੀ ਹੈ, ਉਸ ਬਿਸਮਾਦ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਇਹ ਹਾਲ ਹੁੰਦਾ ਹੈ:-

ਦਰਸਨ ਦੇਖਤ ਹੀ, ਸੁਧ ਕੀ ਨ ਸੁਧ ਰਹੀ, ਬੁਧ ਕੀ ਨ ਬੁਧ ਰਹੀ, ਮਤ ਮੈ ਨ ਮੱਤ ਹੈ॥
ਸੁਰਤ ਮੈ ਨ ਸੁਰਤ, ਔ ਧਜਾਨ ਮੈਂ ਨ ਧਜਾਨ ਰਹਜੋ, ਗਜਾਨ ਮੇ ਨ ਗਜਾਨ ਰਹਜੋ, ਗਤ ਮੈ ਨ ਗਤ ਹੈ॥
ਧੀਰਜ ਕੋ ਧੀਰਜ, ਗਰਬ ਕੋ ਗਰਬ ਗਜੋ, ਰਤ ਮੈਂ ਨ ਰਤਿ ਰਹੀ, ਪਤਿ ਰਤਿ ਪਤਿ ਹੈ॥
ਅਦਭੁਤ ਪਰਮਦਭੁਤ ਬਿਸਮੈ ਬਿਸਮ, ਅਸਚਰਜੈ ਅਸਚਰਜ ਅਤ ਅੱਤ ਹੈ॥

ਬੁੱਢਣ ਸ਼ਾਹ-ਠੀਕ ਹੈ, ਪਰ ਸਤਿਗੁਰ ਨਾਨਕ ਨੂੰ

"ਵਿਸਮਾਦੁ ਪਉਣੁ ਵਿਸਮਾਦੁ ਪਾਣੀ॥"

{ਵਾਰ ਆਸਾ ਮਹਲਾ ੧, ਪੰਨਾ ੪੬੪}

ਹਰ ਸ਼ੈ ਵਿਚ ਵਿਸਮਾਦ ਦੀਹਦਾ ਸੀ?

ਗੁਰਦਿਤਾ ਜੀ-ਕਿਉਂਕਿ ਉਨ੍ਹਾਂ ਦੇ ਮਨ ਵਿਚ ਵੈਰ, ਭਉ, ਤ੍ਰਿਸ਼ਨਾਂ ਨਹੀਂ ਸਨ, ਉਨ੍ਹਾਂ ਦਾ ਮਨ ਪਰਮੇਸ਼ੁਰ ਦੇ ਪਜਾਰ ਵਿਚ ਲਿਵਲੀਨ ਸੀ, ਉਹ ਵਾਹਿਗੁਰੂ ਦੀ ਸੁੰਦਰਤਾ ਵਿਚ ਸਦਾ ਰਸ ਲੀਨ ਸੇ, ਇਸ ਕਰਕੇ ਹਰ ਨਿੱਕੀ ਤੋਂ ਨਿੱਕੀ ਸੁੰਦਰਤਾ ਉਨ੍ਹਾਂ ਲਈ ਵਿਸਮਾਦ ਭਾਵ ਉਤਪੰਨ ਕਰ ਰਹੀ ਸੀ। ਤੁਸੀਂ ਦੇਖੋ, ਕੁਦਰਤ ਦੇ ਚਮਤਕਾਰ ਤਕ ਕੇ ਓਹ ਵਿਸਮਾਦ ਹੁੰਦੇ ਹਨ। ਫਿਰ ਇਹ ਵਿਸਮਾਦ ਉਨ੍ਹਾਂ ਨੂੰ ਅਚਰਜ ਰੂਪ ਹੋ ਦਿਸਦਾ ਹੈ, ਕਦੇ ਤਾਂ ਐਉਂ ਵਿਸਮਾਦ ਹੁੰਦੇ ਹਨ, ਮਾਨੋਂ ਅੱਖਾਂ ਨਾਲ ਸੁੰਦਰਤਾ ਤੱਕੀ ਹੈ। ਕਦੀ ਇਨ੍ਹਾਂ ਕੁਦਰਤੀ ਪਦਾਰਥਾਂ ਵਿਚੋਂ ਉਨ੍ਹਾਂ ਨੂੰ ਪਰਮੇਸ਼ਰ ਦੀ ਇਲਾਹੀ ਧੁਨ ਸੁਣਾਈ ਦੇਂਦੀ ਹੈ। 'ਸੋਦਰੁ' ਵਿਚ ਸਤਿਗੁਰੂ ਜੀ ਸਾਰੀਆਂ ਚੀਜ਼ਾਂ ਨੂੰ ਪਰਮੇਸ਼ਰ ਦਾ ਕੀਰਤਨ ਕਰ ਰਹੇ ਸੁਣਦੇ ਹਨ। ਕੀਰਤਨ ਸੰਗੀਤ ਵੀ ਇਕ ਸੁੰਦਰਤਾ ਹੈ, ਜਿਸਦਾ ਅਨੁਭਵ ਕੰਨਾਂ ਦੁਆਰਾ ਹੁੰਦਾ ਹੈ। ਕਿਤੇ ਗੁਰੂ ਬਾਬੇ ਜੀ ਨੂੰ ਕੁਦਰਤ ਦੇ ਨਜ਼ਾਰੇ, ਨਾਲੇ ਅੱਖਾਂ ਨਾਲ, ਨਾਲੇ ਕੰਨਾਂ ਨਾਲ ਵਿਸਮਾਦ ਦੇ ਰਹੇ ਹਨ ਕਿ ਆਰਤੀ ਦਾ ਸਾਜ ਸਜਿਆ ਦਿਸਦਾ ਹੈ, ਨਾਲੇ ਆਰਤੀ ਦਾ ਗਾਇਨ ਤੇ ਕੀਰਤਨ ਸੁਣਾਈ ਦੇ ਰਿਹਾ ਹੈ। ਜੋ ਗਗਨ, ਰਵ, ਚੰਦ, ਤਾਰੇ, ਮਲਜਾਨ ਪੌਣ, ਬਨਸਪਤੀ ਸਾਨੂੰ ਵਸਤਾਂ ਦਿਸਦੇ ਹਨ, ਗੁਰੂ ਬਾਬੇ ਨੂੰ ਆਰਤੀ ਕਰ ਰਹੇ, ਆਰਤੀ ਗਾ ਰਹੇ, ਦਿਸਦੇ ਹਨ ਅਰ ਵਿਸਮਾਦ ਕਰ ਰਹੇ ਹਨ। ਗੱਲ ਕੀ ਉਨ੍ਹਾਂ ਦੀ ਲਿਵਲੀਨ ਆਤਮਾ ਨੂੰ ਹਰ ਪਾਸਿਓਂ ਨਿੱਕੇ ਤੋਂ ਨਿੱਕੇ ਤੇ ਵੱਡੇ ਤੋਂ ਵੱਡੇ ਕੁਦਰਤੀ ਚਮਤਕਾਰ ਤੋਂ ਵਿਸਮਾਦ ਦੀ ਬਰਖਾ ਹੋ ਰਹੀ ਦਿਸਦੀ ਹੈ। ਗੁਰੂ ਆਪਣੇ ਆਤਮਾ ਦੇ ਝਲਕਾਰੇ ਨਾਲ, ਆਪਣੇ ਦਰਸ਼ਨ ਕਰਨ-ਹਾਰਿਆਂ ਵਿਚ ਏਹ ਰਸ ਪਾਂਦਾ ਹੈ।

ਬੁੱਢਣ ਸ਼ਾਹ-ਫਿਰ ਇਹ ਇਕ ਦਾਤ ਹੈ, ਨਿਰੋਲ ਦਾਤ ਹੈ, ਕਿਸੇ ਸਾਧਨ ਜਤਨ ਦਾ ਫਲ ਤਾਂ ਨਹੀਂ ਨਾ। ਮੇਰੇ ਨਾਲ ਤਾਂ ਇੰਵੇ ਵਰਤਿਆ ਹੈ।

ਗੁਰਦਿੱਤਾ ਜੀ-ਠੀਕ ਹੈ, ਇਹ ਇਲਾਹੀ ਦਾਤ ਹੈ, ਇਹ ਨਦਰ ਹੈ, ਜਿਸ ਵਲ ਸਤਿਗੁਰੂ ਨਾਨਕ ਨੇ ਆਪਣੇ ਪਜਾਰ ਨਾਲ ਤੱਕਿਆ, ਉਸ ਨੂੰ ਗੁਰੂ ਨਾਨਕ ਦੀ ਅੰਦਰਲੀ ਇਲਾਹੀ ਸੁੰਦਰਤਾ ਨੇ ਰੰਗ ਲਾ ਦਿੱਤਾ। ਜਿਸ ਤਰ੍ਹਾਂ ਅੱਗ ਦੀ ਲਾਟ ਪਾਸ ਆ ਕੇ ਦੀਵਿਆਂ ਨੂੰ ਬਾਲ ਦੇਂਦੀ ਹੈ, ਪਰ ਸਾਈਂ ਜੀ! ਆਪਣੇ ਮਨ ਨੂੰ ਇਸ ਦੇ ਲੈਣ ਜੋਗ ਕਰਨੇ ਲਈ ਕੁਛ ਘਾਲ ਕਰਨੀ ਹੀ ਹੁੰਦੀ ਹੈ। ਘਾਲ ਦਾ ਫਲ ਇਹ ਦਾਤ ਨਹੀਂ, ਪਰ ਘਾਲ ਵਾਲੇ ਪਰ ਜੇ ਇਹ ਨਦਰ ਪਏ ਤਾਂ ਆਪਣੇ ਵਰਗਾ ਕਰ ਲੈਂਦੀ ਹੈ?

ਬੁੱਢਣ ਸ਼ਾਹ-ਘਾਲ ਕੀ ਹੈ?

ਗੁਰਦਿੱਤਾ ਜੀ-ਘਾਲ, ਆਪਾ ਨਿਵਾਰਨਾ, ਮਨ ਵਿਚ ਤਜਾਗ ਦਾ ਵਸਾਣਾ, ਮਨ ਗਿਣਤੀਆਂ ਵਿਚ ਘਟ ਵਰਤੇ, ਅਰਥਾਤ ਵੈਰ, ਭੈ, ਖਾਹਿਸ਼ਾਂ, 'ਲਵਾਂ, ਲਵਾਂ', ਇਨ੍ਹਾਂ ਨਾਲ ਨਿਹੁੰ ਤੋੜੇ, ਕੰਮ ਕਰੇ, ਫਲ ਦੀ ਵਾਸ਼ਨਾ ਨਾ ਕਰੇ, ਕਿਸੇ ਆਪਣੀ ਇਛਜਾ ਦਾ ਗੁਲਾਮ ਨਾ ਬਣੇ, ਜੋ ਕਮ ਕਰੇ ਨਿਰਵਾਸ ਕਰੇ, ਭੈ ਨਾ ਖਾਵੇ, ਵੈਰ ਨਾ ਕਰੇ, ਮੋਹ ਵਿੱਚ ਨਾ ਫਸੇ, ਗਲ ਕੀ ਆਪਾ ਨਿਵਾਰੇ।

ਬੁੱਢਣ ਸ਼ਾਹ-ਏਹ ਬੀ ਬੜਾ ਕਠਨ ਹੈ, ਕੋਈ ਜੁਗਤ?


www.sikhbookclub.com

ਗੁਰਦਿੱਤਾ ਜੀ-ਹਰ ਚੜ੍ਹਾਈ ਔਖੀ ਤਾਂ ਹੁੰਦੀ ਹੈ, ਪਰ ਉਚਜਾਂ ਲੈ ਜਾਂਦੀ ਹੈ, ਜੁਗਤ ਏਸਦੀ ਗੁਰੂ ਬਾਬੇ ਨੇ 'ਸੇਵਾ' ਰੱਖੀ ਹੈ, ਨਿਰਚਾਹ ਹੋ ਕੇ ਭਲੇ ਦੇ ਕੰਮ ਕਰਨੇ, ਕੋਈ ਆਪਣੀ ਖਾਹਿਸ਼, ਕੋਈ ਲਾਭ, ਗਉਂ, ਫਲ ਦੀ ਆਸ, ਨਾ ਰਖਣੀ ਤੇ ਸੇਵਾ ਕਰਨੀ, ਇਸ ਤ੍ਰੀਕੇ ਨਾਲ ਇਹ ਸੁਭਾ ਪੱਕਦਾ ਹੈ। ਤੁਸੀਂ ਆਖਿਆ ਹੈ ਕਿ ਕਾਕੀ ਆ ਕੇ ਤੁਹਾਡੇ ਚੋਲੇ ਧੋ ਦਿਆ ਕਰਦੀ ਸੀ, ਉਹ ਨਿਰਵਾਸ ਅਚਾਹ ਸੇਵਾ ਕਰਦੀ ਸੀ, ਉਹ ਆਪਣੇ ਮਨ ਨੂੰ 'ਆਪਾ ਨਿਵਾਰਨ' ਸੁਭਾ ਵਿਚ ਪਕਾਂਦੀ ਸੀ, ਯਾ ਸੁਭਾ ਹੀ ਆਪਾ ਨਿਵਾਰਨ ਦਾ ਹੋ ਚੁਕਾ ਸੀ ਤੇ ਉਸਦੇ ਕੰਮ ਸੁਤੇ ਸਿੱਧ ਸੇਵਾ ਦੇ ਸਨ। ਗੁਰੂ ਬਾਬੇ ਦੇ ਘਰ ਵਿਚ ਨਿਸ਼ਕਾਮ ਸੇਵਾ ਇਸ ਰਸਤੇ ਦਾ ਪਹਿਲਾ ਡੰਡਾ ਰੱਖਿਆ ਹੈ।

ਬੁੱਢਣ ਸ਼ਾਹ-ਇਸ ਤਰ੍ਹਾਂ ਤਾਂ ਮਨ ਤਜਾਰ ਰਹੂ ਕਿ ਜੇ ਕੋਈ ਨਦਰ ਦਾ ਝਲਕਾ ਵਜੇ ਤਾਂ ਸਫਲ ਹੋਵੇ, ਪਰ ਕੋਈ ਹੋਰ ਉਪਰਾਲਾ ਬੀ ਹੈ ਕਿ ਜਿਸ ਨਾਲ ਆਪਣਾ ਸੁਭਾ ਸੁੰਦਰਤਾ ਦੀ ਕਦਰ ਪਾਣ ਵਾਲਾ ਹੋ ਜਾਵੇ? ਐਉਂ ਹੋ ਜਾਵੇ ਕਿ ਝਲਕੇ ਦੇ ਅਮਰ ਦਾ ਸੁਭਾ ਬਣਨ ਲਗ ਜਾਵੇ। ਅਸੀਂ ਸੁੰਦਰਤਾ ਦਾ ਆਪ ਬੂਹਾ ਖੜਕਾਈਏ ਤੇ ਤਜਾਰ ਹੋਈਏ।

ਗੁਰਦਿੱਤਾ ਜੀ-ਜੀ ਹਾਂ! ਇਸ ਲਈ ਗੁਰੂ ਬਾਬੇ ਨੇ ਕੀਰਤਨ ਦਸਿਆ ਹੈ। ਸੰਗੀਤ ਯਾ ਰਾਗ ਇਕ ਐਸੀ ਸੁੰਦਰਤਾ ਹੈ, ਜ਼ਿਸਦਾ ਅਸਰ ਸਭ ਉਪਰ ਪੈਂਦਾ ਹੈ। ਰਾਗ ਵਿਚੋਂ ਸੁੰਦਰਤਾ ਐਸਾ ਬੇ-ਮਲੂਮਾ ਅਸਰ ਕਰਦੀ ਹੈ ਕਿ ਮਨ ਮਗਨਤਾ ਵੱਲ ਰੁਖ਼ ਕਰਦਾ ਹੈ। ਰਾਗ ਗਾਉਣਾ ਮਾਨੋਂ ਸੁੰਦਰਤਾ ਨੂੰ ਆਪ ਹਿਲੋਰੇ ਵਿਚ ਲਿਆਉਣਾ ਹੈ!

ਦੂਸਰੇ 'ਜਸ ਕਰਨਾ', 'ਗੁਣ ਗਾਉਣੇ' ਯਾ 'ਸਿਫਤ ਸਾਲਾਹ' ਕਰਨੀ, ਇਸ ਨਾਲ ਅੰਦਰ ਕਦਰ ਕਰਨ ਦਾ ਸੁਭਾਓ ਵਧਦਾ ਹੈ, ਸਿਫਤ ਕਰਨ ਵਾਲਾ ਸੁਤੇ ਹੀ ਆਪਾ ਨਿਵਾਰ ਰਿਹਾ ਹੈ, ਤੇ ਵਾਹਿਗੁਰੂ ਦੀਆਂ ਸੁੰਦਰਤਾਈਆਂ ਅਤੇ ਗੁਣਾਂ ਦੀ ਕਦਰ ਪਾ ਰਿਹਾ ਹੈ। ਜਦ ਕਿਸੇ ਨੂੰ ਚੰਗਾ ਕਹੀਦਾ ਹੈ ਤਾਂ ਉਸ ਵਿਚ ਆਪਾ ਸੁਤੇ ਹੀ ਨਿਵਾਰੀਦਾ ਹੈ। ਇਸ ਲਈ ਬਾਣੀ ਪੜ੍ਹੀਦੀ ਹੈ, ਜਦ ਸਾਈਂ ਦੀ ਸਿਫਤ ਸਾਲਾਹ ਕਰੀਦੀ ਹੈ ਤਾਂ ਮਨ ਉਸਦੇ ਗੁਣਾਂ ਦੀ ਮਗਨਤਾਈ ਵਲ ਜਾਂਦਾ ਹੈ ਤੇ ਆਪੇ ਨੂੰ ਭੁਲਦਾ ਹੈ ਤੇ ਮਨ ਦੀ ਮੈਲ (ਹਉ) ਉਤਰਦੀ ਹੈ। ਯਥਾ:-

**"ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥"**

{ਗਉੜੀ ਸੁਖਮਨੀ ਮ: ੫-੧੯, ਪੰਨਾ ੨੮੯}

ਹੁਣ ਜਦੋਂ ਰਾਗ ਤੇ ਸਿਫਤ ਸਾਲਾਹ ਕੱਠੇ ਕਰ ਲਈਏ ਤਾਂ ਦੋ ਅਸਰ ਜ਼ਬਰਦਸਤ ਹੋ ਕੇ ਮਨ ਪਰ ਪੈਂਦੇ ਹਨ। "ਰਾਗ ਤੇ ਸਿਫਤ ਸਾਲਾਹ" ਨੂੰ ਕੀਰਤਨ ਆਖਦੇ ਹਨ। ਕੀਰਤਨ ਦਾ ਅਸਰ ਮਨ ਤੋਂ ਹਉਂ ਦੀ ਮੈਲ ਕਢਦਾ ਹੈ। ਮਨ ਵਿਚ ਆਪਾ ਨਿਵਾਰਨ ਦਾ ਅਸਰ ਸੁਤੇ ਹੀ ਪਾ ਦੇਂਦਾ ਹੈ, ਮਨ ਨੂੰ ਵਾਹਿਗੁਰੂ ਦੇ ਗੁਣਾਂ ਸੁੰਦਰਤਾਈਆਂ ਦੀ ਕਦਰ ਤੇ ਉਸ ਵਿਚ ਮੋਹਤ ਹੋਣ ਦਾ ਭਾਵ ਉਤਪਤ ਕਰਦਾ ਹੈ, ਸੁੰਦਰਤਾਈ ਨੂੰ ਆਪ ਸੱਦਦਾ ਹੈ ਤੇ ਉਸਦੇ ਆਦਰ ਲਈ ਤਜਾਰ ਹੁੰਦਾ ਹੈ। ਇਸੇ ਕਰਕੇ ਗੁਰੂ ਬਾਬੇ ਕਿਹਾ ਹੈ:-

**"ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਸਾਹੀ ਪਾਤਸਾਹੁ॥"**

{ਜਪੁਜੀ ਸਾਹਿਬ-੨੫, ਪੰਨਾ ੫}

 www.sikhbookclub.com

ਬੁੱਢਣ ਸ਼ਾਹ-ਗੁਰੂ ਬਾਬਾ, ਧੰਨ ਗੁਰੂ ਬਾਬਾ ਹੈ, ਆਪੇ ਇਹ ਰੰਗ ਬਖਸ਼ ਗਿਆ ਤੇ ਇਹ ਪ੍ਰੇਮ-ਰੰਗ ਆਪੇ ਪਏ ਅਸਰ ਕਰਦੇ ਰਹੇ। ਧੰਨ ਗੁਰੂ ਨਾਨਕ ਨਿਰੰਕਾਰੀ! ਸਾਹਿਬਜ਼ਾਦੇ ਜੀ! ਸੇਵਾ, ਨਿਸ਼ਕਾਮ ਸੇਵਾ ਨਾਲ ਕੀਰਤਨ ਨਾਲ ਮਨ ਤਯਾਰ ਹੋਇਆ, ਹਉਂ ਨਿਵਾਰੀ, ਕਦਰ ਆਈ, ਵਿਸਮਾਦ ਲਈ ਰਾਹ ਖੁਲ੍ਹਾ, ਵਿਸਮਾਦ ਦੇ ਅਸਰ ਪੈਣ ਲਗੇ, ਪਰ ਦੁੱਖ ਇਹ ਰਹਿ ਜਾਂਦਾ ਹੈ ਕਿ ਇਹ ਕਦੇ ਕਦੇ ਝਲਕੇ ਵੱਜਦੇ ਹਨ, ਪਏ ਬੇਨਤੀਆਂ ਕਰੀਦੀਆਂ ਹਨ-

**"ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੈ॥"**

{ਧਨਾਸਰੀ ਭਗਤ ਰਵਿਦਾਸ ਜੀ-੧, ਪੰਨਾ ੬੯੪}

ਕੋਈ ਐਸੀ ਮੇਹਰ ਨਹੀਂ ਕਿ ਲਗਾਤਾਰ ਰੰਗ ਲਗੇ?

ਸਾਂਹਿਬਜ਼ਾਦੇ ਜੀ-ਕਿਉਂ ਨਹੀਂ, ਗੁਰੂ ਬਾਬੇ ਨੇ ਜੋ ਆਪ ਨੂੰ ਕਿਹਾ ਸੀ:-

**"ਬੈਠਹੁ ਮਨ ਸਤਿਨਾਮ ਪਰੋਇ॥"**

{ਗੁ. ਪ੍ਰ. ਸੂ.। ਰਾਸ ੭। ਅੰਸੂ ੯। ਪੰਨਾ ੩੦੯੧}

ਇਹ ਸਤਿਨਾਮੁ ਨਾਲ ਮਨ ਦਾ ਪ੍ਰੋਣਾ, ਨਾਮ ਜਪਣਾ, ਸਿਮਰਨ ਕਰਨਾ, ਯਾ ਪ੍ਰੀਤਮ ਦੀ ਯਾਦ ਵਿਚ ਵਸਣਾ, ਆਪਣੇ ਆਪ ਨੂੰ ਉਸਦੀ ਹਜ਼ੂਰੀ ਵਿਚ ਹਰਦਮ ਪ੍ਰਤੀਤ ਕਰਨਾ, ਇਹ ਹੈ ਸਿਮਰਨ ਕਰਨਾ। ਇਸਦਾ ਭਾਵ ਇਹ ਹੈ ਕਿ ਲਗਾਤਾਰ ਸੁੱਖ ਬੱਝੇ। ਸਿਮਰਨ ਨਾਲ ਉਹ ਭੁੱਲ ਜੋ ਸਾਡੇ ਤੇ ਸਾਡੇ ਸੁੰਦਰ (ਵਾਹਿਗੁਰੂ) ਦੇ ਵਿਚਕਾਰ ਹਾਇਲ ਹੈ, ਦੂਰ ਹੁੰਦੀ ਹੈ। ਜਦ ਲਗਾਤਾਰ ਯਾਦ ਰਹੀ, ਲਗਾਤਾਰ ਹਜ਼ੂਰੀ ਰਹੀ, ਲਗਾਤਾਰ ਅਸੀਂ ਸੁੰਦਰ ਪ੍ਰੀਤਮ ਦੇ ਨਾਲ ਰਹੇ, ਤਦ ਸਮਝੋ ਕਿ ਵਿੱਥ ਗਈ। ਜਦੋਂ ਆਪਾ ਨਿਵਰ ਜਾਵੇ, ਸਿਫਤ ਸਾਲਾਹ ਵੱਸ ਜਾਵੇ, ਧਯਾਨ ਮਾਲਕ ਦੀ ਹਜ਼ੂਰੀ ਵਿਚ ਵੱਸ ਨਿਕਲੇ, ਫੇਰ ਰਸ ਆਪ ਤੋਂ ਆਪ ਲਗਾਤਾਰ ਹੁੰਦਾ ਹੁੰਦਾ ਲਗਾਤਾਰ ਹੋ ਜਾਂਦਾ ਹੈ, ਇਸ ਲਗਾਤਾਰ ਪ੍ਰਵਾਹ ਦਾ ਨਾਮ 'ਲਿਵ' ਹੈ। ਲਿਵ ਲਗੀ ਰਹੇ, ਫੇਰ ਅੰਦਰਲਾ ਆਤਮਾ ਹਉਂ ਦੇ ਬੰਧਨਾਂ ਤੋਂ ਛੁੱਟ ਗਿਆ, ਆਪਾ ਸੁੰਦਰ ਤੇ ਸੁੰਦਰਤਾ ਦੇ ਘਰ ਵਾਹਿਗੁਰੂ ਨਾਲ ਸੁਰ ਹੋ ਗਿਆ, ਸਹਿਜ ਪਦ ਵਿਚ ਆ ਗਿਆ, ਫੇਰ ਵਿਸਮਾਦ ਹੀ ਵਿਸਮਾਦ ਹੈ। ਉਹ ਰੰਗ ਹੈ, ਉਹ ਸੁਆਦ ਹੈ, ਉਹ ਰਸ ਹੈ, ਉਹ ਅਨੰਦ ਹੈ, ਉਹ ਬਿਨੋਦ ਹੈ, ਉਹ ਮੰਗਲ ਹੈ ਕਿ ਜੋ ਸਭ ਤਰ੍ਹਾਂ ਅਕਹਿ ਹੈ, ਉਥੇ ਮਨ ਦੀ ਰੰਮਤਾ ਨਹੀਂ ਜੋ ਵਰਣਨ ਕਰੇ, ਉਥੇ ਚੰਨ ਸੂਰਜ ਨਹੀਂ ਜੋ ਚਾਨਣਾ ਪਾਣ, ਉਥੇ ਵਿੱਥ ਪੁਲਾੜ ਨਹੀਂ ਕਿ ਤੁਸੀਂ ਉਸਦਾ ਰੂਪ ਲਖੋ, ਉਥੇ ਸਮਾਂ ਨਹੀਂ ਕਿ ਤੁਸੀਂ ਉਸਦਾ ਆਦਿ ਅੰਤ ਜਾਣ ਸਕੋ, ਉਥੇ ਕੋਈ ਹੇਤੂ ਨਹੀਂ, ਕੋਈ ਨਮਿਤ ਨਹੀਂ ਕਿ ਤੁਸੀਂ ਕੋਈ ਫਲ, ਸਿਟੇ, ਕਾਰਣ ਤੱਕ ਸਕੋ, ਉਥੇ ਦੂਜਾ ਨਹੀਂ ਜੋ ਤੁਸੀਂ ਕੁਛ ਪ੍ਰਤੀਤ ਕਰ ਸਕੋ, ਮਨ ਦੀ ਸਮਝ ਤੋਂ ਪਰੇ ਅਗੰਮ ਅਗੋਚਰ ਹੈ। ਉਸ ਸੁੱਖ ਤੇ ਰਸ ਦਾ ਜੋ ਮਿਸਰੀ ਦੀ ਡਲੀ ਵਾਂਙੂ ਸਾਰਾ ਮਿੱਠਾ ਹੈ, ਰੂਪ ਕੀਹ ਕਿਹਾ ਜਾਵੇ! ਵਿਸਮਾਦ ਹੈ ਅਰ ਵਿਸਮਾਦ ਹੈ, ਅਰ ਪੂਰਨ ਵਿਸਮਾਦ ਹੈ।

ਬੁੱਢਣ ਸ਼ਾਹ-ਸਾਹਿਬਜ਼ਾਦੇ ਜੀ! ਆਪ ਧੰਨ ਹੋ, ਇਸੇ ਵਿਸਮਾਦ ਸੁੱਖ ਤੋਂ ਬਿਨਾਂ, ਇਸੇ ਨਜ਼ਰ ਨਾਲ ਮਿਲੇ ਇਲਾਹੀ ਲਹਿਰੇ ਤੋਂ ਬਿਨਾਂ, ਮੈਂ ਉਮਰਾ ਦਾ ਇਕ ਹਿੱਸਾ ਤਪਾਂ ਹਠਾਂ ਵਿਚ ਗੁਆ


www.sikhbookclub.com

ਲਿਆ। ਗੁਰੂ ਬਾਬੇ ਨੇ ਮੇਰੇ ਤੇ ਮੇਹਰ ਕੀਤੀ, ਮੇਰੇ ਵਿਚ ਰਸ ਦੀ ਝਰਨਾਟ ਛੇੜੀ, ਮੈਨੂੰ ਜੀਅ ਦਾਨ ਦਿਤਾ, ਮੇਰੇ ਅੰਦਰ ਜੀਉਂਦਾ ਕਿਣਕਾ ਇਲਾਹੀ ਰਸ ਦਾ ਪਾਯਾ, ਤਦ ਤੋਂ ਹੁਣ ਤਕ ਦਾ ਸਮਾਂ ਬੜੇ ਹੀ ਰੰਗ ਵਿਚ ਲੰਘਿਆ ਹੈ। ਸ਼ੁਕਰ ਹੈ ਕਿ ਮੈਂ ਆਤਮ ਸੁੱਖ ਪਾਇਆ।

ਗੁਰਦਿੱਤਾ ਜੀ-ਤਪ ਹੱਠ ਬਾਬਤ ਬੀ ਠੀਕ ਖਿਆਲ ਲੋਕ ਨਹੀਂ ਕਰਦੇ। ਹੱਠ ਪਹਿਲਾ ਦਰਜਾ ਹੈ, ਜਦੋਂ ਮਨ ਨੂੰ ਮਨ ਦੇ ਲੋਭ, ਲਹਿਰ, ਆਸਾ, ਤ੍ਰਿਸ਼ਨਾਂ ਦੇ ਸੁਭਾਵਾਂ ਤੋਂ ਹੋੜੀਦਾ ਹੈ, ਸਤਿਗੁਰੂ ਦੀ ਬਾਣੀ ਦੇ ਬਾਣ ਮਾਰੀਦੇ ਹਨ, ਤਾਂ ਹੱਠ ਕਰੀਦਾ ਹੈ। ਸਾਡਾ ਸੁਭਾਵ ਕਾਮਨਾ ਵਾਲਾ ਹੋਇਆ, ਆਦਤਾਂ ਤ੍ਰਿਸ਼ਨਾਂ ਦੀਆਂ ਜਨਮ ਜਨਮ ਤੋਂ ਹੋਈਆਂ। ਭੈ, ਵੈਰ, ਮੋਹ ਦੀਆਂ ਵਾਦੀਆਂ ਪੱਕੀਆਂ ਹੋ ਚੁਕੀਆਂ ਹੋਈਆਂ, ਇਨ੍ਹਾਂ ਨੂੰ ਜਦ ਹੋੜੀਦਾ, ਮੋੜੀਦਾ, ਤੋੜੀਦਾ ਹੈ, ਸੇਵਾ ਕਰੀਦੀ ਹੈ, ਬਾਣੀ ਪੜ੍ਹੀਦੀ ਹੈ, ਤਾਂ ਹੱਠ ਧਾਰ ਕੇ ਕਰੀਦੀ ਹੈ, ਰਸ ਤਾਂ ਓਦੋਂ ਨਹੀਂ ਹੁੰਦਾ। ਇਸਨੂੰ ਹੱਠ ਕਹਿੰਦੇ ਹਨ। ਹਾਂ ਸਰੀਰ ਨੂੰ ਕਸ਼ਟ ਦੇਣੇ ਤੇ ਕਸ਼ਟਾਂ ਨਾਲ ਸਮਝਣਾ, ਪੁੰਨ ਕੱਠਾ ਹੋ ਰਿਹਾ ਹੈ, ਏਹ ਹੱਠ ਭੁੱਲ ਰੂਪ ਹੈ। ਪਰ ਮਨ ਵਿਚ ਉੱਦਮ, ਹੱਲਾ ਕਰਕੇ ਇਸਤਕਲਾਲ ਨਾਲ ਲਗਣਾ ਤੇ ਹੱਠ ਕਰਕੇ ਪਾਪਾਂ ਦਾ ਤਯਾਗ ਕਰਨਾ, ਵਾਸਨਾ ਨੂੰ ਮੋੜਨਾ, ਮਨ ਧਾਉਂਦੇ ਨੂੰ ਵਰਜਨਾਂ, ਇਹ ਪਹਿਲਾ ਦਰਜਾ ਹੈ ਤੇ ਸਫਲ ਹਠ ਹੈ। ਫੇਰ ਕੁਛ ਮੈਲ ਘਟਦੀ ਹੈ ਤਾਂ ਉਤਸ਼ਾਹ ਹੋ ਆਉਂਦਾ ਹੈ, ਚੰਗੇ ਕੰਮਾਂ ਵਿਚ ਚਾ ਨਾਲ ਲੱਗੀਦਾ ਹੈ, ਸ਼ਾਂਤ ਕੰਮਾਂ ਵਿੱਚ ਮਨ ਲਗਦਾ ਹੈ, ਰਾਜ ਜੋਗ ਵਿਚ ਜੁੜਦਾ ਹੈ, ਇੰਦ੍ਰੇ ਵਸ ਹੁੰਦੇ ਹਨ, ਵਾਸ਼ਨਾਵਾਂ ਘਟ ਜਾਂਦੀਆਂ ਹਨ, ਮਨ ਜੁੜਦਾ ਹੈ ਤੇ ਸੁੱਖ ਪਾਂਦਾ ਹੈ, ਜਦੋਂ ਇਸ ਤੋਂ ਅਗੇ ਅਗੰਮ ਸੁੱਖ ਵਿਚ ਲਿਵਲੀਨ ਵਸਦਾ ਹੈ, ਜਦੋਂ ਵਾਹਿਗੁਰੂ ਵਿਚ ਕੁਦਰਤੀ ਆਤਮ ਰੰਗ ਦਾ ਅਨੰਦ ਲਹਿਰੇ ਲੈਂਦਾ ਹੈ, ਫੇਰ ਸਹਿਜ ਹੈ, ਜੋ ਸਦਾ ਇੱਕ ਰੰਗ ਹੈ। ਪਰ ਕੀਹ ਕਿਹਾ ਜਾਏ:-

"ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥"

{ਸਲੋਕ ਭਗਤ ਕਬੀਰ ਜੀਉ, ਪੰਨਾ ੧੩੭੦}

ਇਸ ਤਰ੍ਹਾਂ ਦੇ ਬਿਲਾਸ ਕਰਕੇ ਸਾਹਿਬਜ਼ਾਦੇ ਜੀ ਤਾਂ ਚਲੇ ਗਏ ਤੇ ਬੁੱਢਣ ਸ਼ਾਹ ਜੀ ਉੱਥੇ ਹੀ ਲਿਵਲੀਨ ਹੋ ਗਏ। ਦਿਨ ਹੁਣ ਚੋਖਾ ਹੋ ਆਯਾ ਸੀ, ਪਰ ਆਪ ਆਪਣੀ ਇਸ ਅਕੰਟਕ ਸਮਾਧ੍ਰੀ ਵਿਚ ਲੀਨ ਸੇ, ਕਿ ਇਕ ਨੀਲਾ ਘੋੜਾ ਉਡਦਾ ਆ ਗਿਆ, ਅਰ ਬਾਂਕਿਆਂ ਜੋੜਿਆਂ ਵਾਲੇ ਮਨ-ਹਰਨ ਮਨੋਹਰ ਸ੍ਰੀ ਗੁਰੂ ਜੀ ਸਾਹਮਣੇ ਆ ਖੜ੍ਹੋਤੇ। ਸੇਲੀਆਂ ਵਾਲਾ ਗੁਰੂ ਨਾਨਕ ਖੜਗਾਂ ਵਾਲਾ ਹਰਿਗੋਬਿੰਦ ਹੋ ਆਇਆ। ਬੁੱਢਣ ਸ਼ਾਹ ਸਮਾਧੀ ਵਿਚ ਦਰਸ਼ਨ ਵਾਸਤੇ ਪ੍ਰਾਰਥਨਾ ਕਰ ਰਿਹਾ ਹੈ, ਤੇ ਦਰਸ਼ਨ ਦਾਤੇ ਸਾਹਮਣੇ ਖੜ੍ਹੇ ਹਨ। ਸਤਿਗੁਰੂ ਨੇ ਕਿਰਪਾ ਕਰਕੇ ਧਯਾਨ ਵਿਚ ਦਰਸ਼ਨ ਦਿਤਾ ਤਾਂ ਅੱਖ ਖੁੱਲ੍ਹੀ, ਦਰਸ਼ਨ ਅੱਖਾਂ ਵਿਚ ਸਮਾਯਾ, ਐਸਾ ਸਮਾਯਾ ਕਿ ਸਾਈਂ ਲੋਕ ਵਿਸਮਾਦ ਰੂਪ ਹੋ ਗਿਆ। ਸਤਿਗੁਰੂ ਨੇ ਬਹੁਤ ਪਯਾਰ ਕੀਤਾ, ਹੋਸ਼ ਵਿਚ ਆਂਦਾ, ਪਰ ਪਯਾਰ ਦੀ ਝਰਨਾਟ ਤੇ ਸਹਿਜ ਦਾ ਰਸ ਮਗਨ ਕਰ ਕਰਕੇ ਫੇਰ ਫੇਰ ਡੇਗੀ ਜਾਂਦਾ ਹੈ, ਆਤਮ-ਖਿੱਚ, ਲਾਵਨਯਤਾ, ਸੂਰਬੀਰਤਾ, ਅਲੂਹੀਅਤਾ ਦੇ ਸੁਹਣੇ ਰੰਗ ਰੂਪ ਵਾਲੇ ਚੋਜੀ ਸਤਿਗੁਰਾਂ ਦੀ ਗੋਦ ਹੈ ਤੇ ਤਯਾਗ ਵਿਰਾਗ ਭਜਨ ਦੀ ਮੂਰਤ ਫਕੀਰ ਦਾ ਸਿਰ ਹੈ, ਇਲਾਹੀ ਪਿਆਰ ਗੁਰ-ਸਿਖੀ ਦਾ ਪ੍ਰੇਮ ਆਪਣਾ ਸੰਗਮ ਦਰਸਾ ਰਿਹਾ ਹੈ।

ਕਿਤਨਾ ਕਾਲ ਇਸ ਤਰ੍ਹਾਂ ਬਤੀਤਿਆ, ਸਤਿਗੁਰੂ ਜੀ ਨੇ ਅਸੀਸ ਦਿਤੀ ਤੇ ਆਖਿਆ:-

"ਮੇਰਾ ਦੁੱਧ"?

ਪ੍ਰੇਮ ਭਰੇ ਬਿਰਧ ਨੇ ਉੱਠ ਕੇ ਬੱਕਰੀਆਂ ਦਾ ਆਪ ਦੁੱਧ ਚੋਇਆ ਤੇ ਚੋਜੀ ਸਤਿਗੁਰ ਨੂੰ ਪਿਲਾਯਾ, ਅਰ ਐਸਾ ਝਲਕਾ ਡਿੱਠਾ ਕਿ ਸਤਿਗੁਰ ਸੇਲੀਆਂ ਵਾਲਾ ਤੇ ਖੜਗਾਂ ਵਾਲਾ ਇੱਕੋ ਕੌਤਕਹਾਰ ਦੇ ਦੋ ਬਾਣੇ ਹੋ ਦਿਸੇ। ਤਦ ਬੁੱਢਣ ਸ਼ਾਹ ਨੇ ਸਤੋਤ੍ਰ ਕਿਹਾ:-

ਨਮੋ ਨਮੋ ਤੁਮਕੋ ਜਗ ਸੁਾਮੀ! ਨਮੋ ਨਮੋ ਪ੍ਰਭੁ ਅੰਤਰ ਜਾਮੀ !੩੨॥
ਨਮੋ ਨਮੋ ਗਨ ਤੁਰਕਨਿ ਹਰਤਾ! ਨਮੋ ਨਮੋ ਉੱਜਲ ਜਸੁ ਕਰਤਾ।

{ਗੁ: ਪ੍ਰ: ਸੂ: ਪ੍ਰ: ਰਾਸ ੮, ਅੰਸੂ ੩੩, ਪੰਨਾ ੩੪੩੯}

ਕੁਛ ਚਿਰ ਮਗਰੋਂ ਸਤਿਗੁਰ ਜੀ ਗੁਰਦਿੱਤਾ ਜੀ ਦੇ ਬਨਾਏ ਮੰਦਰ ਨੂੰ ਗਏ, ਕਮਰਕਸਾ ਖੋਲ੍ਹਿਆ ਤੇ ਇਸ਼ਨਾਨ ਆਦਿ ਵਿਚ ਲਗੇ, ਤੇ ਗੁਰਦਿੱਤਾ ਜੀ ਨੂੰ ਫਕੀਰ ਪਾਸ ਜਾਣੇ ਦਾ ਹੁਕਮ ਮਿਲਿਆ।

ਬਾਬਾ ਜੀ ਤੇ ਬੁੱਢਦ ਸ਼ਾਹ ਜੀ ਗੁਰੂ-ਜਸ ਕਰਦੇ ਰਹੇ। ਸੰਝ ਨੂੰ ਫਕੀਰ ਨੇ ਕਿਹਾ, "ਸਾਹਿਬਜ਼ਾਦੇ ਜੀ! ਜਦ ਤੁਸੀਂ ਸਰੀਰ ਤਿਆਗੋ ਤਾਂ ਏਸੇ ਥਾਂ ਦੇਹੁਰਾ ਬਣੇ।" ਮੁਸਕਰਾ ਕੇ ਸਾਹਿਬਜ਼ਾਦੇ ਨੇ ਕਿਹਾ, "ਵਕਤ ਨੇੜੇ ਹੈ, ਸਾਡਾ ਦੇਹੁਰਾ ਏਥੇ ਹੀ ਬਣਸੀ, ਪਰ ਏਥੇ ਅਜੇ ਬ੍ਰਾਬੇ ਨਾਨਕ ਨੇ ਦਸਵੇਂ ਜਾਮੇਂ ਫੇਰ ਫੇਰਾ ਪਾਣਾ ਹੈ, ਪੰਥ ਸਾਜਣਾ ਹੈ, ਤੇ ਏਹ ਸਾਹਮਣੇ ਸਾਰੇ ਪਹਾੜਾਂ ਵਿਚ ਅਨੰਦ ਖੇੜਨਾ ਹੈ।" ਇਹ ਸੁਣ ਕੇ ਬੁੱਢਣ ਸ਼ਾਹ ਨੇ "ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ" ਕਿਹਾ ਤੇ ਲੇਟ ਗਿਆ, ਇਸ ਤਰ੍ਹਾਂ ਜਦ ਪਹਿਰ ਰਾਤ ਰਹੀ ਤਾਂ ਉਠੇ, ਸ਼ਨਾਨ ਕੀਤਾ, ਵਾਰ ਪੜ੍ਹੀ, ਜਪੁ ਸਾਹਿਬ ਦਾ ਪਾਠ ਕਰ ਰਹੇ ਸਨ, ਕਿ ਖੜਗਾਂ ਵਾਲੇ ਗੁਰ ਨਾਨਕ ਦੇਵ ਜੀ ਆ ਗਏ। ਫਕੀਰ ਨੇ ਉਠ ਕੇ ਮੱਥਾ ਟੇਕਿਆ ਅਰ ਚਰਨਾਂ ਨੂੰ ਲਿਪਟ ਗਿਆ:-

ਦੇਖਤਿ ਬੰਦੇ ਪਦ ਅਰਬਿੰਦਾ। 'ਧੰਨ ਧੰਨ ਤੁਮ ਕੋ ਸੁਖ ਕੰਦਾ।
ਅੰਤ ਸਮੇਂ ਮੁਝ ਦਰਸ਼ਨ ਦੀਨ। ਕਰਜੋ ਕ੍ਰਿਤਾਰਥ ਸੰਕਟ ਹੀਨ'॥੨॥

{ਗੁ: ਪ੍ਰ: ਸੂ: ਪ੍ਰ: ਰਾਸ ੮, ਅੰਸੂ ੩੪, ਪੰਨਾ ੩੪੪੦}

ਸਤਿਗੁਰੂ ਨੇ ਫੁਰਮਾਯਾ; "ਹੇ ਬੁੱਢਣ ਸ਼ਾਹ! ਜੇ ਹੋਰ ਚਿਰ ਜੀਵਨ ਨੂੰ ਲੋੜੇਂ ਤਾਂ ਦੱਸ!" ਫਕੀਰ ਨੇ ਕਿਹਾ, "ਹੇ ਸੁੰਦਰਾਂ ਦੇ ਸੁੰਦਰ! ਕਲੇਜੇ ਸਮਾ ਕੇ ਫੇਰ ਨਾ ਨਿਕਲਣ ਵਾਲੇ ਮੋਹਿਨਾ ਦੇ ਮੋਹਿਨ! ਅਪਨੀ ਰੱਜ਼ਾ ਵਿਚ ਰੱਖ ਤੇ ਅਪਨੇ ਬਖਸ਼ੇ ਵਿਸਮਾਦ ਵਿਚ ਵਿਸਮਾਦ ਕਰ ਦੇਹ, ਆਪਣੀ ਦਿਤੀ ਲਿਵ ਵਿਚ ਲਿਵਲੀਨ ਰੱਖ, ਉਮਰਾ ਬਹੁਤ ਬੀਤੀ ਹੈ, ਹੁਣ ਚਰਨ ਸ਼ਰਨ ਵਿਚ ਵਾਸਾ ਦੇਹ, ਸੰਸਾਰ ਸਾਰਾ ਤੱਕ ਲੀਤਾ ਹੈ, ਰਜ ਚੁਕਾ ਹਾਂ, ਪਰ ਤੇਰਾ ਰੂਪ ਤਕ ਤਕ ਕੇ ਰਜ ਨਹੀਂ ਆਈ, ਹੋਰ ਤੋਂ ਹੋਰ ਤੱਕਣੇ ਨੂੰ ਜੀ ਕਰਦਾ ਹੈ, ਰਜਦਾ ਹਾਂ ਫੇਰ ਜੀ ਕਰਦਾ ਹੈ, ਐਸੀ ਮੇਹਰ ਕਰ ਕਿ ਇਸ ਸੌਂਦਰਜਤਾ ਵਿਚ ਸਮਾਵਾਂ! ਮੈਂ ਸੁਣਿਆ ਹੈ ਕਿ ਚੋਜੀ ਮੇਰੇ ਖੜਗਾਂ ਵਾਲੇ ਗੁਰੂ ਨਾਨਕ ਨੇ ਦਸਵਾਂ ਜਾਮਾ ਧਾਰਨਾ ਹੈ, ਤੇ ਬਲਬੀਰ ਅਰ ਨਾਮ ਧੀਰ ਪੰਥ ਰਚਨਾ ਹੈ, ਤਦੋਂ ਸੱਦ ਲਈਂ, ਭਾਵੇਂ ਹੁਣ ਰੱਖ ਲਈਂ ਤੇ ਇਸ ਆਪਣੇ ਚਿਤ ਮੋਹ ਲੈਣ ਵਾਲੇ ਦਸਵੇਂ ਸਰੂਪ ਦਾ


www.sikhbookclub.com

ਇਕ ਦਰ੍ਸ਼ਨ ਵਿਖਾ ਦੇਈਂ, ਤੇ ਹੁਣ ਸਰੀਰ ਜਰਜਰਾ ਹੈ, ਜਿਵੇਂ ਰਜ਼ਾ ਹੈ ਤੇਰੀ, ਪ੍ਰੀਤਮ ਪ੍ਰਾਨ ਅਧਾਰ! ਜਿਵੇਂ ਰਜ਼ਾ ਹੈ, ਐਉਂ ਕਹਿੰਦਾ ਬੁੱਢਣ ਸ਼ਾਹ ਚਰਨ ਬੰਦਨਾ ਕਰਕੇ ਜੁੜ ਗਿਆ ਅਰ ਐਉਂ ਹੋ ਗਿਆ, ਮਾਨੋਂ ਸਰੀਰ ਵਿਚ ਹੈ ਨਹੀਂ*।

---

* ਲਿਖਦੇ ਤੇ ਆਖਦੇ ਹਨ ਕਿ ਇਸ ਵੇਲੇ ਫਕੀਰ ਸਮਾ ਗਿਆ ਅਰ ਸਤਿਗੁਰ ਨੇ ਹਥੀਂ ਸਸਕਾਰ ਕੀਤਾ ਤੇ ਸਮਾਧ ਬਨਾਈ। ਇਹ ਬੀ ਕਹਿੰਦੇ ਹਨ ਕਿ ਕਬਰ ਬਨਾਈ!

ਪਰ ਦੂਸਰੀ ਰਵਾਯਤ ਇਹ ਹੈ ਕਿ ਜਦ ਸਤਿਗੁਰ ਨੇ ਕਿਹਾ ਕਿ ਹੋਰ ਜੀਣਾ ਹਈ, ਅਸਾਂ ਦਸ ਜਾਮੇਂ ਧਾਰਨੇ ਹਨ, ਤਾਂ ਫਕੀਰ ਦਾ ਜੀ ਉਸ ਦਾਤੇ ਦੇ ਕਲਗੀਆਂ ਵਾਲੇ ਦੇ ਦਰਸ਼ਨਾਂ ਲਈ ਰੀਝ ਆਯਾ, ਇਸ ਰੀਝ ਵਿਚ "ਤੇਰੀ ਰਜ਼ਾ, ਤੇਰੀ ਰਜ਼ਾ" ਕਹਿੰਦਾ ਮਸਤ ਹੋ ਗਿਆ। ਸਤਿਗੁਰ ਨੇ ਅਸੀਸ ਦਿਤੀ ਅਰ ਓਹ ਦਸਵੇਂ ਜਾਮੇ ਤਕ ਉਥੇ ਪ੍ਰੇਮ-ਰੰਗਾਂ ਦੀਆਂ ਸਮਾਧੀਆਂ ਵਿਚ ਰਿਹਾ ਤੇ ਦਸਵੇਂ ਜਾਮੇ ਦੇ ਦਰਸ਼ਨ ਪਾ ਕੇ ਗੁਰ ਸ਼ਰਨ ਸਮਾਯਾ। ਅਸਾਂ ਇਸ ਪਿਛਲੀ ਤੇ ਘਟ ਪ੍ਰਸਿੱਧ ਰਵਾਯਤ ਦੀ ਪੈਰਵੀ ਕੀਤੀ ਹੈ।

ਬੁੱਢਣ ਸ਼ਾਹ ਦੀ ਉਮਰ ਹਿਸਾਬ ਕੀਤੇ ਪੌਣੇ ਦੋ ਸੌ ਸਾਲ ਦੇ ਲਗ-ਭਗ ਪੁਜਦੀ ਹੈ, ਪਰ ਰਵਾਜਤਾਂ ਤੇ ਸੂਰਜ ਪ੍ਰਕਾਸ਼ ਵਾਲੇ ਸਜਨ ਜੀ ਉਨ੍ਹਾਂ ਦੀ ਉਮਰ ੫੦੦ ਬਰਸ ਦੀ ਲਿਖਦੇ ਹਨ, ਇਹ ਬੀ ਰਵਾਯਤ ਹੈ ਕਿ ਫਕੀਰ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਤੋਂ ਪਹਿਲੋਂ ਪ੍ਰਾਣਾਯਾਮੀ, ਦੂਧਾ ਧਾਰੀ, ਹਠ ਯੋਗ ਦਾ ਪੱਕਾ ਅਭਜਾਸੀ ਸੀ।

# ੪੨. ਪੈਂਦੇ ਖਾਂ ਦਾ ਦਿਲ ਬਦਲਿਆ*

ਮਨੁੱਖ ਦੀ ਪ੍ਰਕ੍ਰਿਤੀ ਬੜੀ ਅੱਦਭੁਤ ਹੈ, ਦਿਲ ਦੀ ਹਾਲਤ ਬਦਲਦਿਆਂ ਦੇਰ ਨਹੀਂ ਲਗਦੀ। ਹਰ ਚੰਗੀ ਗਲ ਨੂੰ ਆਪਣੇ ਨਾਲ ਜੋੜਨ ਦਾ ਮਨੁੱਖ ਦਾ ਸੁਭਾਓ ਹੈ। ਪੈਂਦੇ ਖਾਂ ਇਹ ਚੀਜ਼ਾਂ ਮਿਲਣ ਤੇ ਬੜਾ ਖੁਸ਼ ਹੋਇਆ। ਗੁਰੂ ਜੀ ਦੇ ਉਪਕਾਰ ਲਈ ਸ਼ੁਕਰ ਦਾ ਭਾਵ ਦਿਲ ਵਿਚ ਉਤਪੰਨ ਹੋਇਆ ਪਰ ਨਾਲ ਹੀ ਵਿਚਾਰਨ ਲਗਾ ਕਿ ਇਹ ਮੇਰਾ ਸਨਮਾਨ, ਮੇਰੇ ਗੁਣਾਂ ਤੋਂ ਹੈ। ਮੈਂ ਆਪਣੇ ਜਿਹਾ ਇਕੋ ਬੀਰ ਹਾਂ, ਹੁਣ ਤਕ ਜੋ ਜੰਗ ਜਿਤਿਆ ਗਿਆ ਹੈ, ਮੇਰੇ ਬਾਹੂ ਬਲ ਨਾਲ ਜਿਤਿਆ ਗਿਆ ਹੈ। ਗੁਰੂ ਜੀ ਦੀ ਸੈਨਾ ਵਿਚ ਇਕ ਮੈਂ ਨਾ ਹੁੰਦਾ ਤਦ ਕਾਮਯਾਬੀ ਨਾ ਮਿਲਦੀ, ਇਹ ਜੋ ਕੁਛ ਮੈਨੂੰ ਮਿਲਿਆ ਹੈ ਤੇ ਮਿਲ ਰਿਹਾ ਹੈ, ਉਹ ਮੇਰੇ ਹੀ ਗੁਣਾਂ ਦਾ ਉਪਹਾਰ ਹੈ।

ਪੈਂਦੇ ਖਾਂ ਦੇ ਦਿਲ ਵਿਚ ਹੰਕਾਰ ਦਾ ਅੰਕੁਰ ਉਗਮਿਆਂ, ਤੇ ਵਧਿਆ। ਸ਼ੋਕ ਕਿ ਉਸਨੂੰ ਸੋਚ ਨਾ ਫੁਰੀ ਕਿ ਇਸ ਦਾ ਅੰਤ ਕੀ ਹੋਵੇਗਾ?

ਪੈਂਦੇ ਖਾਂ ਘੋੜੇ ਤੇ ਚੜ੍ਹਿਆ, ਘੋੜੇ ਨੂੰ ਟੁਰਾਇਆ, ਫਿਰਾਇਆ, ਦੁੜਾਇਆ, ਕੁਦਾਇਆ ਤੇ ਟਪਾਇਆ। ਘੋੜਾ ਸ਼ਕਲ ਸੂਰਤ ਵਿਚ ਜਿਵੇਂ ਇਕ ਮੂਰਤ ਸੀ, ਤਿਵੇਂ ਗੁਣਾਂ ਵਿਚ ਵੀ ਨਿਪੁੰਨ ਸੀ, ਜਿਸ ਨੇ ਵੇਖਿਆ, ਉਸੇ ਨੇ ਸਲਾਹਿਆ। ਪੈਂਦੇ ਖਾਂ ਘੋੜੇ ਤੇ ਸਵਾਰ ਹੋਇਆ ਆਪਣੀ ਗਲੀ ਬਾਜ਼ਾਰ ਤਕ ਗਿਆ, ਤਾਂਕਿ ਸਾਕ-ਸੰਬੰਧੀਆਂ, ਆਂਢੀਆਂ-ਗਵਾਂਢੀਆਂ ਤੇ ਮੇਲੂਆਂ-ਗੇਲੂਆਂ ਨੂੰ ਇਹ ਚੀਜ਼ਾਂ ਦਸੇ।

ਸਤਿਗੁਰਾਂ ਨੇ ਘੋੜੇ ਦੀ ਦੌੜ ਵੇਖ ਕੇ 'ਵਾਓ ਵਿਰੋਲਾ' ਕਿਹਾ, ਜਿਸ ਤੋਂ ਘੋੜੇ ਦਾ ਨਾਉਂ 'ਵਿਰੋਲਾ' ਹੀ ਮਸ਼ਹੂਰ ਹੋ ਗਿਆ।

ਪੈਂਦੇ ਖਾਂ ਡੇਰੇ ਆਇਆ, ਘੋੜਾ ਤਬੇਲੇ ਬੱਧਾ, ਘਾਹੀ ਨੂੰ ਸੌਂਪਿਆ, ਆਪ ਘਰ ਆਇਆ, ਕਪੜੇ ਉਤਾਰੇ ਤੇ ਮੰਜੇ ਤੇ ਬੈਠ ਗਿਆ।

ਅਜ ਇਹਦੇ ਵਿਚਾਰਾਂ ਵਿਚ ਕੁਛ ਤੂਫਾਨ ਆ ਗਿਆ ਸੀ, ਸਤਿਗੁਰਾਂ ਦੀਆਂ ਬਖਸ਼ਸ਼ਾਂ, ਦਾਤਾਂ ਤੇ ਗਰੀਬ-ਨਿਵਾਜ਼ੀ ਨੂੰ ਉਹ ਉਲਟੇ ਭਾਵ ਵਿਚ ਲੈ ਬੈਠਾ। ਖਿਆਲ ਕਰਦਾ ਕਰਦਾ ਸੋਚਣ ਲੱਗਾ ਕਿ ਸਤਿਗੁਰਾਂ ਪਾਸ ਦੇਸ਼ ਬਦੇਸ਼ ਤੋਂ ਤੋਹਫੇ ਆਉਂਦੇ ਹਨ, ਸਾਰੇ ਸਿਖਾਂ ਸੇਵਕਾਂ ਤੇ ਪੁਤ੍ਰਾਂ ਤਕ ਨਾਲੋਂ ਮੇਰੇ ਤੇ ਵਧੀਕ ਨਿਗਾਹ ਉਹਨਾਂ ਦੀ ਟਿਕਦੀ ਹੈ, ਮੇਰਾ ਕਦ ਕਾਮਤ, ਡੀਲ-ਡੌਲ ਤੇ ਬੀਰਤਾ ਹਨ ਹੀ ਅਜਿਹੀਆਂ ਚੀਜ਼ਾਂ ਜੋ ਉਨ੍ਹਾਂ ਨੂੰ ਮੈਥੋਂ ਸਵਾਏ ਕਿਸੇ ਹੋਰ ਵਿਚ ਨਹੀਂ ਦੀਂਹਦੀਆਂ, ਫਿਰ ਅਜਿਹੀ ਆਲਤ ਵਿਚ ਜੇ ਮੇਰਾ ਮਾਣ ਨਾ ਵਧਾਉਣ ਤਾਂ ਕੀ ਕਰਨ? ਮੈਨੂੰ ਹੱਥ ਵਿਚ ਰਖਣ ਲਈ, ਚੀਜ਼ਾਂ ਨਾ ਦੇਣ ਤਾਂ ਕੀ ਕਰਨ? ਮੇਰੇ ਬਿਨਾਂ ਇਨ੍ਹਾਂ ਦੇ ਜੰਗਾਂ ਦਾ ਕੰਮ ਕਿਸੇ ਹੋਰ ਨੇ ਥੋੜਾ ਸਿਰੇ ਚਾੜ੍ਹ ਦੇਣਾ ਹੈ। ਇਸ ਤਰ੍ਹਾਂ ਵਿਚਾਰਾਂ ਵਿਚਾਰਨ ਲਗਾ।

ਅਸਮਾਨ ਖਾਂ ਨੇ ਪੈਂਦੇ ਖਾਂ ਨੂੰ ਸੁੰਦਰ ਬਸਤਰ ਸਜਾਏ, ਨਵੇਂ ਘੋੜੇ ਤੇ ਸਵਾਰ ਵੇਖਿਆ ਸੀ, ਇਨ੍ਹਾਂ ਦੋਨਾਂ ਚੀਜ਼ਾਂ ਨੂੰ ਵੇਖ ਉਹਦਾ ਦਿਲ ਟਿਕਾਣੇ ਨਾ ਰਿਹਾ, ਪੈਂਦੇ ਖਾਂ ਨੂੰ ਕਹਿਣ ਲਗਾ ਕਿ ਤੁਸੀਂ ਹੁਣ

* ਪੈਂਦੇ ਖਾਂ ਦਾ ਪਹਿਲਾ ਪ੍ਰਸੰਗ ਕਾਂਡ ਨੰਬਰ ੨੮ ਵਿਚ ਹੈ।


www.sikhbookclub.com

ਬ੍ਰਿਧ ਹੋ ਗਏ ਹੋ, ਇਹ ਸੁੰਦਰ ਪੁਸ਼ਾਕ ਜਵਾਨਾਂ ਨੂੰ ਸੋਭਦੀ ਹੈ, ਤੁਹਾਨੂੰ ਨਹੀਂ ਫਬਦੀ, ਘੋੜਾ ਵੀ ਜ਼ੋਰ ਵਾਲਾ ਤੇ ਤੇਜ਼ ਹੈ, ਇਹ ਵੀ ਤੁਹਾਡੇ ਲਈ ਖ਼ਤਰਾ ਹੀ ਹੈ, ਸੋ ਇਹ ਦੋਵੇਂ ਚੀਜ਼ਾਂ ਮੈਨੂੰ ਦੇ ਦੇਵੋ।

ਪੈਂਦੇ ਖਾਂ ਨੇ ਜਵਾਈ ਨੂੰ ਸਾਰੀ ਗਲ ਸਮਝਾਈ ਤੇ ਕਿਹਾ ਕਿ ਇਹ ਚੀਜ਼ਾਂ ਸਤਿਗੁਰ ਨੇ ਦਿਤੀਆਂ ਹਨ, ਤੇ ਹੁਕਮ ਦਿਤਾ ਹੈ ਕਿ ਇਹ ਜੋੜਾ ਪਹਿਨ ਕੇ ਦਰਬਾਰ ਵਿਚ ਆਇਆ ਕਰ। ਅਸਮਾਨ ਖਾਂ ਨੇ ਇਕ ਗਲ ਨਾ ਸੁਣੀ, ਦੋਨੋਂ ਚੀਜ਼ਾਂ ਲੈਣ ਤੇ ਜ਼ੋਰ ਦਿਤਾ, ਸਹੁਰੇ ਪਾਸ ਗਲ ਨ ਮੰਨੀਂਦੀ ਵੇਖ ਕੇ ਸੱਸ ਪਾਸ ਗਿਆ ਤੇ ਉਸ ਨੂੰ ਜਾ ਕੇ ਸਾਰੀ ਵਿਥਿਆ ਸੁਣਾਕੇ ਸਾਫ ਕਹਿ ਦਿਤਾ ਕਿ ਜੇ ਮੈਨੂੰ ਇਹ ਨਵਾਂ ਘੋੜਾ ਤੇ ਜੋੜਾ ਮਿਲ ਜਾਏ ਤਦ ਤਾਂ ਸੁੱਖ, ਨਹੀਂ ਤਾਂ ਮੈਂ ਘਰੋਂ ਨਿਕਲ ਜਾਵਾਂਗਾ ਤੇ ਕੁਛ ਖਾ ਕੇ ਆਤਮਘਾਤ ਕਰ ਲਵਾਂਗਾ।

ਪੈਂਦੇ ਖਾਂ ਦੀ ਤੀਵੀਂ ਜਵਾਈ ਦੇ ਮੂੰਹ ਤੋਂ ਇਹ ਗਲ ਸੁਣ ਕੇ ਕੰਬ ਗਈ। ਪੈਂਦੇ ਖਾਂ ਦੀ ਤੀਵੀਂ ਨੇ ਪਤੀ ਅਗੇ ਸਫਾਰਸ਼ ਕੀਤੀ, ਉਹਦੇ ਨ ਮੰਨਣ ਤੇ ਝਗੜਾ ਹੋ ਪਿਆ, ਤੀਵੀਂ ਨੇ ਕਰ-ਕਤਰ ਕੇ ਪੈਂਦੇ ਖਾਂ ਨੂੰ ਮੰਨਾ ਲਿਆ ਤੇ ਘੋੜਾ ਤੇ ਜੋੜਾ ਅਸਮਾਨ ਖਾਂ ਨੇ ਲੈ ਲਿਆ।

ਅਗਲੇ ਦਿਨ ਸਵੇਰੇ ਬਾਬਾ ਗੁਰਦਿਤਾ ਜੀ ਸ਼ਿਕਾਰ ਖੇਡਣ ਗਏ, ਮੁੜਨ ਵੇਲੇ ਅਸਮਾਨ ਖਾਂ ਦੇ ਪਿੰਡ ਪੁਜੇ। ਓਥੇ ਇਹ ਬਾਜ਼ ਵੀ ਅਸਮਾਨ ਖਾਂ ਦੇ ਹੱਥ ਆ ਗਿਆ ਤੇ ਉਸ ਨੇ ਅੰਦਰ ਲੁਕਾ ਲਿਆ। ਗੁਰੂ ਜੀ ਦੇ ਮੀਰ ਸ਼ਿਕਾਰੀ ਨੇ ਪੈਂਦੇ ਖਾਂ ਨੂੰ ਮਿਲ ਕੇ ਸਾਰੀ ਗਲ ਸਮਝਾਈ, ਪਿੰਡ ਵਿਚ ਢੰਡੋਰਾ ਦਿਵਾਇਆ ਪਰ ਬਾਜ਼ ਕਿਤੋਂ ਮਿਲਿਆ ਨਾ।

ਗੁਰੂ ਜੀ ਨੇ ਆਦਮੀ ਭੇਜ ਕੇ ਪੈਂਦੇ ਖਾਂ ਨੂੰ ਸਦਿਆ। ਪੈਂਦੇ ਖਾਂ ਆਇਆ ਪਰ ਗੁਰੂ ਜੀ ਦਾ ਬਖਸ਼ਿਆ ਜੋੜਾ ਪਹਿਰਿਆ ਹੋਇਆ ਨਹੀਂ ਸੀ, ਜਦ ਦਾ ਘੋੜਾ ਜੋੜਾ ਦਿਤਾ ਸੀ ਉਦੋਂ ਤੋਂ ਹੀ ਵਾਪਸ ਨਾ ਆਉਣ, ਤੇ ਆਉਣ ਸਮੇਂ ਕਪੜੇ ਨਾ ਪਹਿਰਨ ਦਾ ਕਾਰਨ ਪੁਛਿਆ।

ਸਿੱਧੇ ਤੇ ਵਿੰਗੇ ਰਾਹ ਦਾ ਆਰੰਭ ਮੁੱਢ ਇਕ ਥਾਂ ਤੇ ਹੀ ਹੁੰਦਾ ਹੈ, ਤੇ ਨਿਖੜਨ ਦੇ ਟਿਕਾਣੇ ਤੋਂ ਇਨ੍ਹਾਂ ਦਾ ਫਰਕ ਐਵੇਂ ਆਖਣ ਮਾਤਰ ਹੁੰਦਾ ਹੈ, ਪਰ ਜਦ ਇਕ ਵੇਰ ਪਾਂਧੀ ਸਿੱਧੇ ਰਸਤਿਓਂ ਉੱਕ ਕੁਰਾਹੇ ਪੈ ਗਿਆ, ਫਿਰ ਰਬ ਹੀ ਰਾਖਾ ਹੁੰਦਾ ਹੈ। ਇਸੇ ਤਰ੍ਹਾਂ ਝੂਠ ਤੇ ਸੱਚ ਦੀ ਗਲ ਹੈ, ਅਸਲ ਸੱਚ ਹੈ, ਤੇ ਉਹ ਦਸਣ ਵਿਚ ਕੋਈ ਕਸ਼ਟ ਤੇ ਤਕਲੀਫ ਨਹੀਂ, ਬਨਾਵਟ ਬਣਾਉਣ ਵਿਚ ਝੂਠ ਦਾ ਹੀ ਸਾਰਾ ਪਸਾਰਾ ਰਚਣਾ ਪੈਂਦਾ ਹੈ।

ਪੈਂਦੇ ਖਾਂ ਗੁਰੂ ਦਰਬਾਰ ਹਾਜ਼ਰ ਹੋਇਆ। ਗੁਰੂ ਜੀ ਦੀਆਂ ਪੁਛਾਂ ਦਾ ਉੱਤਰ ਉਹਦੇ ਪਾਸ ਨਹੀਂ ਸੀ। ਜੇ ਉਹ ਸਾਰੀ ਗਲ ਜਿਉਂ ਕੀ ਤਿਉਂ ਦਸ ਦੇਂਦਾ ਤਦ ਸਤਿਗੁਰ ਜੀ ਨੇ ਉਸਨੂੰ ਕੀ ਕਹਿਣਾ ਸੀ? ਪੈਂਦੇ ਖਾਂ ਦੇ ਦਾਮਾਦ ਦੀ ਅੜ ਸੁਣ ਕੇ ਉਨ੍ਹਾਂ, ਪੈਂਦੇ ਖਾਂ ਦੀ ਦਿਲਬਰੀ ਲਈ, ਗਲ ਨੂੰ ਵਿਸਾਰ ਦੇਣਾ ਸੀ, ਪਰ ਉਹ ਤੀਵੀਂ ਦੇ ਆਖੇ ਲਗ ਕੇ ਬਾਜ਼ ਦਾ ਪਤਾ ਦੇਣ ਤੋਂ ਉੱਕਾ ਹੀ ਮੁਨਕਰ ਹੋ ਗਿਆ। ਕਈ ਵੇਰ ਪੁਛਣ ਤੇ ਵੀ ਉਸਨੇ ਇਕੋ ਹੀ ਗਲ ਕਹੀ ਕਿ ਬਾਜ਼ ਦਾ ਮੈਨੂੰ ਕੋਈ ਪਤਾ ਨਹੀਂ, ਮੈਂ ਢੰਡੋਰਾ ਫਿਰਾਇਆ ਹੈ, ਲੋਕਾਂ ਦੇ ਘਰਾਂ ਦੀ ਤਲਾਸ਼ੀ ਲਈ ਹੈ, ਸਤਰਾਂ ਵਿਚ ਬੈਠੀਆਂ ਤੀਵੀਆਂ ਤੋਂ ਪੁਛ-ਗਿਛ ਕੀਤੀ ਹੈ; ਪਰ ਕੋਈ ਪਤਾ ਨਹੀਂ ਲਗਾ। ਸਤਿਗੁਰ

 www.sikhbookclub.com

ਜੀ ਨੇ ਇਕ ਨਹੀਂ, ਦੋ ਨਹੀਂ, ਤਿੰਨ ਵੇਰ ਪੁਛਿਆ, ਉਹ ਅਗੋਂ ਸਤਿਗੁਰੂ ਜੀ ਦੀ ਕਸਮ ਖਾ ਗਿਆ ਕਿ ਮੈਨੂੰ ਪਤਾ ਨਹੀਂ।

ਸਤਿਗੁਰੂ ਜਾਣੀ ਜਾਣ ਸਨ, ਪੈਂਦੇ ਖਾਂ ਤੋਂ, ਆਸ ਤੇ ਅਸਲੀਅਤ ਵਿਰੁਧ, ਗਲਾਂ ਸੁਣ ਕੇ ਦੰਗ ਰਹਿ ਗਏ। ਦੋਪਹਿਰ ਵੇਲਾ ਹੋ ਗਿਆ ਸੀ, ਹੁਣ ਗੁਰੂ ਜੀ ਨੇ ਭਾਈ ਬਿੱਧੀ ਚੰਦ ਨੂੰ ਭੇਜਿਆ ਕਿ ਪੈਂਦੇ ਖਾਂ ਦੇ ਘਰੋਂ ਜਾ ਕੇ ਬਾਜ਼ ਲੈ ਆਵੇ। ਭਾਈ ਬਿੱਧੀ ਚੰਦ ਗਿਆ, ਅਸਮਾਨ ਖਾਂ ਨੇ ਇਕ ਕਿਲੀ ਨਾਲ ਕਪੜੇ ਲਟਕਾਏ ਹੋਏ ਸੀ। ਖੰਡਾ ਸਰਹਾਣੇ ਸੀ, ਬਾਜ਼ ਬੀ ਅੱਡੇ ਤੇ ਬੈਠਾ ਸੀ, ਬਿੱਧੀ ਚੰਦ ਪਹੁੰਚਾ ਤੇ ਲੈ ਕੇ ਵਾਪਸ ਆ ਗਿਆ।

ਚੀਜ਼ਾਂ ਵੇਖਦਿਆਂ ਪੈਂਦੇ ਖਾਂ ਦਾ ਹੁਲੀਆ ਵਿਗੜ ਗਿਆ। ਚੇਹਰੇ ਤੇ ਇਕ ਰੰਗ ਆਉਂਦਾ ਤੇ ਇਕ ਜਾਂਦਾ ਸੀ। ਚੀਜ਼ਾਂ ਪਰਤਖ ਉਹਦੇ ਘਰੋਂ ਆਈਆਂ ਸਨ। ਚਾਹੀਦਾ ਸੀ ਅਪਰਾਧ ਮੰਨ ਲੈਂਦਾ, ਉਹ ਉਲਟੇ ਰਾਹ ਪੈ ਗਿਆ।

ਬਦਨਾਮੀ ਤੇ ਬੁਰਾਈ ਅਜਿਹੇ ਫੁਟਬਾਲ ਹਨ, ਜਿਨ੍ਹਾਂ ਨੂੰ ਕੋਈ ਆਪਣੇ ਪਾਸ ਨਹੀਂ ਆਉਣ ਦੇਂਦਾ, ਇਸ ਨੂੰ ਸਦੀਵ ਦੂਜਿਆਂ ਪਾਸੇ ਹੀ ਰੇੜ੍ਹਨ ਦੀ ਕੋਸ਼ਿਸ਼ ਹੁੰਦੀ ਹੈ। ਪੈਂਦੇ ਖਾਂ ਵੀ ਇਸ ਰਾਹ ਟੁਰਿਆ, ਇਹ ਜਾਣ ਬੁਝਕੇ ਕਿ ਚੀਜ਼ਾਂ ਮੇਰੇ ਜ੍ਵਾਈ ਪਾਸੋਂ ਹੀ ਆਈਆਂ ਹਨ ਫਿਰ ਵੀ ਕਹਿਣ ਲਗਾ:-

"ਇਹ ਚੀਜ਼ਾਂ ਮੇਰੇ ਜਵਾਈ ਪਾਸੋਂ ਨਹੀਂ ਨਿਕਲੀਆਂ, ਮੈਨੂੰ ਬਦਨਾਮ ਕਰਨ ਵਾਸਤੇ ਘਾੜਤ ਘੜੀ ਗਈ ਹੈ।" ਇਸ ਤਰ੍ਹਾਂ ਕੁਛ ਬੁੜ ਬੁੜ ਕਰਦਾ ਉੱਠ ਕੇ ਟੁਰ ਗਿਆ।

'ਬਿਦਰ ਨੀਤੀ' ਵਿਚ ਲਿਖਿਆ ਹੈ ਕਿ ਜਦ ਆਦਮੀ ਦੇ ਦਿਨ ਬੁਰੇ ਆਉਂਦੇ ਹਨ, ਤਦ ਧਰਮਰਾਜ ਡੰਡਾ ਲੈ ਕੇ ਉਹਦੇ ਸਿਰ ਨਹੀਂ ਮਾਰਦਾ ਤੇ ਨਾ ਹੀ ਜਿਸ ਦੇ ਦਿਨ ਸਵੱਲੇ ਹੋਣ ਉਹਨੂੰ ਛੱਤ ਪਾੜ ਕੇ ਕੁਛ ਦੇ ਜਾਂਦਾ ਹੈ, ਉਹ ਉਹਦੇ ਖਿਆਲਾਂ ਵਿਚ ਚੰਗੀ ਮੰਦੀ ਤਬਦੀਲੀ ਕਰ ਦੇਂਦਾ ਹੈ, ਜਿਸ ਤੋਂ ਮਨੁੱਖ ਆਪਣੇ ਕੀਤੇ ਦੀ ਸਜ਼ਾ ਤੇ ਇਨਾਮ ਪਾ ਲੈਂਦਾ ਹੈ।

ਅਸਲ ਗਲ ਇਹ ਜਾਪਦੀ ਹੈ ਕਿ ਗੁਰੂ ਜੀ ਨੇ ਮੁਗਲਾਂ ਤੇ ਫਤੇ ਪਾਈਆਂ ਸਨ ਤੇ ਉਹਨਾਂ ਨੂੰ ਭਾਉਂਦਾ ਨਹੀਂ ਸੀ। ਅਸਮਾਨ ਖ਼ਾਂ ਲਾਹੌਰ ਦੇ ਅਹਿਲਕਾਰ ਦਾ ਲੜਕਾ ਸੀ। ਸੋ ਇਸ ਲੜਕੇ ਦੀ ਰਾਹੀਂ ਪੈਂਦੇ ਖਾਂ ਨੂੰ ਗੁਰੂ ਜੀ ਤੋਂ ਵਿਛੜਾਵਨ ਦਾ ਕੰਮ ਹੋ ਰਿਹਾ ਸੀ। ਪੈਂਦੇ ਖਾਂ ਦੇ ਖਿਆਲਾਂ ਵਿਚ; ਐਉਂ ਅਨਜਾਨੇ ਤਬਦੀਲੀ ਤੇ ਵਟਾਉ, ਸਹਿਜੇ ਸਹਿਜੇ ਲਿਆਇਆ ਜਾ ਰਿਹਾ ਸੀ, ਜੋ ਹੁਣ ਵੱਧ ਖਲੋਤਾ।

ਪੈਂਦੇ ਖਾਂ ਦੀ ਹੁਣ ਵਿਗੜੀ ਤਬੀਅਤ ਖਰਾਬੀਆਂ ਵਿਚ ਪੈ ਗਈ। ਲਗਾ ਗੁਰੂ ਜੀ ਦੇ ਵਿਰੁੱਧ ਤੰਦਣ ਤਾਣੇ ਤਣਨ, ਕਰਤਾਰ ਪੁਰ ਦੇ ਲਾਗੇ ਮੁਸਲਮਾਣ ਪਠਾਣਾਂ ਦੀ ਵਸੋਂ ਕਾਫੀ ਸੀ, ਉਨ੍ਹਾਂ ਦੇ ਪਾਸ ਫਿਰ ਫਿਰ ਕੇ ਉਨ੍ਹਾਂ ਨੂੰ ਗੁਰੂ ਜੀ ਦੇ ਵਿਰੁੱਧ ਉਕਸਾਣ ਲਗਾ। ਉਹ ਕਹਿੰਦਾ ਸੀ: "ਇਹ ਗੁਰੂ ਤੁਹਾਡੇ ਇਲਾਕੇ ਵਿਚ ਆ ਰਿਹਾ ਹੈ, ਇਹ ਹੌਲੀ ਹੌਲੀ ਤੁਹਾਡੇ ਘਰ-ਬਾਹਰ ਖੋਹ ਲਏਗਾ, ਜ਼ਮੀਨਾਂ ਉਤੇ ਕਬਜ਼ੇ ਕਰ ਲਏਗਾ ਤੇ ਨਕਦੀ ਮਾਲ ਜੋ ਕੁਛ ਹੈ, ਲੈ ਲਏਗਾ, ਤੁਸੀਂ ਆਪਣੇ ਇਸ ਪ੍ਰਬਲ ਸ਼ਤ੍ਰੂ


www.sikhbookclub.com

ਵਲੋਂ ਗ਼ਾਫ਼ਲ ਹੋਏ ਹੋਏ ਹੋ, ਇਹ ਗਲ ਚੰਗੀ ਨਹੀਂ, ਜਿਸ ਵੇਲੇ ਇਹਦੇ ਪੈਰ ਜਮ ਗਏ ਉਸ ਵੇਲੇ ਤੁਹਾਥੋਂ ਕੁਛ ਨਹੀਂ ਬਣ ਸਕੇਗਾ। ਹੁਣ ਜੇ, ਸਾਰੇ ਇਕੱਠੇ ਹੋ ਕੇ, ਇਹਦੇ ਨਾਲ ਲੜਾਈ ਕਰੋ ਤਦ ਤੁਸੀਂ ਬਚ ਸਕੋਗੇ।"

ਮੁਸਲਮਾਨ ਵਸੋਂ ਇਸ ਨਿਮਕ ਹਰਾਮ ਦੇ ਝਾਂਸੇ ਵਿਚ ਆ ਗਈ, ਤੇ ਕੁਛਕੁ ਨੇ ਇਹਦੇ ਨਾਲ ਮਿਲਕੇ ਲੜਾਈ ਦੀ ਤਿਆਰੀ ਕੀਤੀ। ਪਰ ਇਲਾਕੇ ਦੀ ਵਸੋਂ ਨਾਲ ਲੈ ਕੇ ਲੜਾਈ ਕਰਨਾ ਤੇ ਕਾਮਯਾਬ ਹੋਣਾ ਸੌਖੀ ਗਲ ਨਹੀਂ ਸੀ। ਪੈਂਦੇ ਖਾਂ ਦੇ ਚਾਚੇ ਦਾ ਪੁਤ ਕੁਤਬ ਖਾਂ ਜਾਲੰਧਰ ਦਾ ਸੂਬਾ ਸੀ, ੫੦੦ ਸਵਾਰ ਨਾਲ ਲੈ ਕੇ ਉਹਦੇ ਪਾਸ ਗਿਆ ਤੇ ਕਿਹਾ ਕਿ ਗੁਰੂ ਜੀ ਨੇ ਮੇਰਾ ਅਪਮਾਨ ਕੀਤਾ ਹੈ, ਬੇ-ਪਤੀ ਕੀਤੀ ਹੈ, ਨੌਕਰੀਓਂ ਹਟਾ ਦਿਤਾ ਹੈ, ਮੈਂ ਪਠਾਣ ਦਾ ਪੁੱਤ ਹਾਂ, ਇਸ ਅਪਮਾਨ ਨੇ ਮੇਰੇ ਅੰਦਰ ਅੱਗ ਲਾ ਦਿਤੀ ਹੈ, ਜਦ ਤਕ ਬਦਲਾ ਨਾ ਲੈ ਲਵਾਂ ਮੈਨੂੰ ਚੈਨ ਨਹੀਂ ਆਉਂਦਾ। ਜੇ ਤੂੰ ਮੇਰੀ ਸਹਾਇਤਾ ਕਰੇਂ ਤਦ ਮੈਂ ਗੁਰੂ ਨੂੰ ਕੀਤੀ ਦਾ ਬਦਲਾ ਦੇ ਕੇ ਆਪਣੇ ਦਿਲ ਦਾ ਗੁਬਾਰ ਕੱਢ ਸਕਾਂਗਾ, ਜੇ ਤੂੰ ਭਰਾ ਹੈਂ, ਤਦ ਭਰਾਵਾਂ ਵਾਂਗ ਅੰਗਪਾਲ ਬਣ:-

ਭੀਰ ਪਰ ਰੱਖਜਕ ਬਨੈਂ, ਭ੍ਰਾਤਾ ਸੁਭ ਕੈ ਮੀਤਿ। ਤਿਮ ਦਾਤਾ ਦੁਰ ਭਿੱਛ ਮਹਿ ਤੀਨਹੁ ਲੇਂ ਜਸੁ ਨੀਤ॥੩੧॥
ਭ੍ਰਾਤਨਿ ਪਰਉਪਕਾਰ ਜੋ ਜਿਮ ਧਨ ਸੰਚਜੋ ਹੋਤਿ। ਪਰੈ ਭੀਰ ਦਾਰਿਦ ਜਬੈਂ ਸਭਿ ਸੰਕਟ ਕੋ ਖੋਤਿ।

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੧੨, ਪੰਨਾ ੩੩੫੬}

ਭੀੜ ਪਈ ਤੇ ਭਰਾਤਾ, ਮਿਤਰ ਤੇ ਦਾਤਾ, ਕਾਲ ਵਿਚ ਰਖਜਾ ਕਰਨ ਵਾਲੇ, ਤਿੰਨ ਹੀ ਜਸ ਲੈਂਦੇ ਹਨ, ਭਰਾਵਾਂ ਤੇ ਉਪਕਾਰ ਕਰਨਾ, ਧਨ ਇਕੱਠਾ ਕਰਨ ਤੁਲ ਹੈ, ਦ੍ਰਿਦਰਤਾ, ਭੀੜ ਬਣੇ ਤੇ ਸੰਕਟਾਂ ਨੂੰ ਖੋਹ ਦੇਂਦਾ ਹੈ।

ਕੁਤਬ ਖਾਂ ਨੇ ਪੈਂਦੇ ਖਾਂ ਦੀਆਂ ਗਲਾਂ ਸੁਣੀਆਂ, ਮੂੰਹ ਵਿਚ ਉਂਗਲੀ ਪਾ ਲਈ ਤੇ ਕਹਿਣ ਲਗਾ, "ਪੈਂਦੇ ਖਾਂ! ਤੂੰ ਮੇਰਾ ਭਰਾ ਹੈਂ, ਤੇਰੀ ਮਦਦ ਕਰਨਾ ਮੇਰਾ ਫਰਜ਼ ਹੈ, ਪਰ ਜੋ ਗਲਾਂ ਤੂੰ ਕਹੀਆਂ ਹਨ, ਇਹ ਮੈਨੂੰ ਚੰਗੀਆਂ ਨਹੀਂ ਲਗੀਆਂ। ਜਿਸ ਗੁਰੂ ਨੇ ਤੈਨੂੰ ਪਾਲਿਆ, ਹਰ ਸਮੇਂ ਹਰ ਤਰ੍ਹਾਂ ਦੀ ਸਹਾਇਤਾ ਕੀਤੀ, ਜਿਸਦੇ ਬਾਂਹ ਫੜਨ ਤੇ ਤੂੰ ਆਦਰ ਤੇ ਮਾਨ ਪਾਇਆ, ਜਿਸਦੇ ਲੂਣ ਤੋਂ ਤੇਰੇ ਸਰੀਰ ਦਾ ਇਕ ਇਕ ਰੋਮ ਬਣਿਆ ਹੈ, ਉਹਦੇ ਵਿਰੁਧ ਤੇਰਾ ਜੰਗ ਕਰਨ ਲਈ ਖੜਾ ਹੋਣਾ, ਕੋਈ ਚੰਗਾ ਨਹੀਂ ਸਮਝੇਗਾ। ਜੇਹੜਾ ਵੀ ਸੁਣੇਗਾ, ਸਾਹਮਣੇ ਨਾ ਸਹੀ, ਪਿਛੋਂ ਜ਼ਰੂਰ ਤੈਨੂੰ ਮੰਦਾ ਆਖੇਗਾ। ਇਹ ਕੰਮ ਜਿਹੜਾ ਤੂੰ ਕਰਨ ਲਗਾ ਹੈਂ, ਸਾਊਆਂ ਦਾ ਨਹੀਂ। ਜੇ ਗੁਰੂ ਨੇ ਬਾਜ਼, ਜੋ ਤੂੰ ਆਪਣੇ ਪਿੰਡ ਆਏ ਸਾਹਿਬਜ਼ਾਦੇ ਦਾ ਤੇਰੇ ਜੁਵਾਈ ਨੇ ਲੁਕੋ ਲਿਆ ਸੀ, ਤੇ ਉਨ੍ਹਾਂ ਨੇ ਵਾਪਸ ਮੰਗ ਲਿਆ ਹੈ, ਤਾਂ ਇਹਦੇ ਵਿਚ ਤੈਨੂੰ ਰੋਸ ਕਿਉਂ ਹੋਵੇ? ਤੇਰੀ ਭਲਿਆਈ ਇਸੇ ਵਿਚ ਹੈ ਕਿ ਤੂੰ ਉਨ੍ਹਾਂ ਦੇ ਪਾਸ ਚਲਾ ਜਾਏਂ ਤੇ ਮਾਫ਼ੀ ਮੰਗੇਂ।"

ਪੈਂਦੇ ਖਾਂ ਭਰਾਤਾ ਦੀਆਂ ਗਲਾਂ ਸੁਣ ਕੇ ਗੁੱਸੇ ਵਿਚ ਆ ਗਿਆ ਤੇ ਕਹਿਣ ਲਗਾ, "ਮੈਂ ਤੈਥੋਂ ਸਿਖਜਾ ਲੈਣ ਨਹੀਂ ਆਇਆ, ਮੈਂ ਗੁਰੂ ਦੇ ਨਾਲ ਲੜ ਕੇ ਆਇਆ ਹਾਂ, ਪਠਾਣ ਦਾ ਪੁੱਤ ਹੋ ਕੇ, ਉਹਦੇ ਸਾਹਮਣੇ ਜਾ ਕੇ ਸਿਰ ਨਿਵਾਵਾਂ, ਇਹ ਗਲ ਅਨਹੋਣੀ ਹੈ, ਮਰ ਜਾਣਾ ਕਬੂਲ ਹੈ ਪਰ ਉਨ੍ਹਾਂ

ਪਾਸ ਜਾਣਾ ਕਬੂਲ ਨਹੀਂ, ਜੇ ਤੂੰ ਮੇਰੀ ਮਦਦ ਕਰ ਸਕਦਾ ਹੈਂ ਤਾਂ ਕਰ, ਨਹੀਂ ਤਾਂ ਗੁਰੂ ਦੀ ਮਹਿਮਾ ਦੇ ਵਾਕ ਕਹਿਕੇ ਮੇਰਾ ਦਿਲ ਨਾ ਦੁਖਾ।"

ਕੁਤਬ ਖਾਂ-"ਜਦ ਕਿਸੇ ਦੇ ਬੁਰੇ ਦਿਨ ਆਉਂਦੇ ਹਨ ਤਾਂ ਉਹਦੀ ਪਹਿਲੀ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਕਿਸੇ ਸਜਣ ਦੀ ਨਸੀਹਤ ਤੇ ਕੰਨ ਨਹੀਂ ਧਰਦਾ:-

ਕੁਤਬ ਖਾਨ ਕਹਿ: "ਸਾਚ ਤੂੰ ਪਰ ਲੇਹੁ ਬਿਚਾਰੀ। ਦੀਨਇਮਾਨ ਪਛਾਨਿ ਕੈ ਮੈਂ ਬਾਤ ਉਚਾਰੀ।
ਜਿਨ ਹੁ ਦਿਜਾ ਖਾਵਤਿ ਰਹਿਜ ਤਿਨ ਮਾਰਨ ਚਾਹਾ। ਕਹੁ ਇਮਾਨ ਤਬਿ ਕ੍ਰਿਤ ਰਹਜੋ ਉਚ ਦੀਨ ਭੁਲਾਹਾ।"

{ਗੁ: ਪ੍ਰ: ਸੂ: ਪ੍ਰ: ਰਾਸਿ ੮, ਅੰਸੂ ੧੭, ਪੰਨਾ ੩੩੫੮}

ਪੈਂਦੇ ਖਾਂ-"ਇਕ ਤਾਂ ਤੂੰ ਮੇਰਾ ਉਂਜ ਭਰਾ ਹੈਂ, ਤੇ ਦੂਜਾ ਦੀਨ ਦਾ ਭਰਾ ਹੈਂ, ਕਿਸੇ ਦੀਨਦਾਰ ਵਾਸਤੇ ਇਹ ਗਲ ਨਹੀਂ ਸ਼ੋਭਦੀ ਕਿ ਉਹ ਇਕ ਮੁਸਲਮਾਨ ਦੇ ਮੁਕਾਬਲੇ ਤੇ ਕਾਫ਼ਰ ਦੀ ਮਹਿਮਾ ਕਰੇ। ਫਿਰ ਤੂੰ ਜਿਸ ਇਲਾਕੇ ਦਾ ਸੂਬਾ ਹੈਂ, ਗੁਰੂ ਉਸ ਇਲਾਕੇ ਦੇ ਬਾਦਸ਼ਾਹ ਦਾ ਵੈਰੀ ਹੈ, ਉਸਦੇ ਹਕ ਦੀ ਗਲ ਕਰਨਾ ਤੇਰੇ ਵਾਸਤੇ ਚੰਗੀ ਨਹੀਂ।"

ਪੈਂਦੇ ਖਾਂ ਦੀਆਂ ਇਨਾਂ ਗੱਲਾਂ ਨੇ ਕੁਤਬ ਖਾਂ ਨੂੰ ਚੌਂਕਾ ਦਿਤਾ ਤੇ ਉਹ ਸਮਝ ਗਿਆ ਕਿ ਪੈਂਦੇ ਖਾਂ ਨੇ ਜਿਸਦਾ ਉਮਰ ਭਰ ਖਾਧਾ ਹੈ ਜੇ ਅਜ ਉਹਦੇ ਵਿਰੁਧ ਹੋਇਆ ਫਿਰਦਾ ਹੈ, ਤਦ ਮੇਰੇ ਵਿਰੁਧ ਬਾਦਸ਼ਾਹ ਪਾਸ ਇਹਦਾ ਕੁਛ ਜਾ ਕਹਿਣਾ ਤਾਂ, ਇਸ ਲਈ ਇਕ ਸਾਧਾਰਨ ਗਲ ਹੋਵੇਗੀ। ਪੈਂਦੇ ਖਾਂ ਨੂੰ ਖ਼ਤਰਨਾਕ ਆਦਮੀ ਜਾਣ ਕਹਿਣ ਲਗਾ-"ਭਰਾ ਤੂੰ ਕਿਸੇ ਗਲ ਦਾ ਫ਼ਿਕਰ ਨਾ ਕਰ, ਮੈਂ ਹਰ ਤਰ੍ਹਾਂ ਮਦਦ ਕਰਨ ਵਾਸਤੇ ਤੇਰੇ ਨਾਲ ਹਾਂ। ਚੰਗੀ ਗਲ ਇਹ ਹੈ ਕਿ ਲਾਹੌਰ ਚਲਕੇ ਤੂੰ ਆਪਣਾ ਹਾਲ ਦਸੇਂ, ਉਥੋਂ ਤੈਨੂੰ ਮਦਦ ਮਿਲ ਜਾਏਗੀ ਤੇ ਫਿਰ ਅਸੀਂ ਸਾਰੇ ਮਿਲ ਕੇ ਚੜ੍ਹਾਈ ਕਰ ਦੇਵਾਂਗੇ।"

ਪੈਂਦੇ ਖਾਂ ਨੂੰ ਕੁਤਬ ਖਾਂ ਦੀ ਇਹ ਗਲ ਪਸੰਦ ਆ ਗਈ ਤੇ ਫਰਜ਼ਾਦੀ ਹੋਣ ਲਈ, ਲਾਹੌਰ ਪੁਜਾ।

ਲਾਹੌਰ ਦਰਬਾਰ ਵਿਚ ਪੈਂਦੇ ਖਾਂ ਪੁਜਾ, ਆਪਣੀ ਵਿਥਿਆ ਸੁਣਾਈ ਤੇ ਦਸਿਆ, "ਮੈਂ ਨਿੱਕੇ ਹੁੰਦਿਆਂ ਦਾ ਗੁਰੂ ਹਰਿਗੋਬਿੰਦ ਪਾਸ ਹਾਂ, ਉਨ੍ਹਾਂ ਦੇ ਬਲ ਪਰਾਕ੍ਰਮ ਦਾ ਜਾਣੂ ਹਾਂ, ਪਿਛਲੇ ਜੰਗਾਂ ਜੁੱਧਾਂ ਵਿਚ ਉਹਨਾਂ ਦੇ ਵਲੋਂ ਹੋ ਕੇ ਸ਼ਾਹੀ ਸੈਨਾ ਨਾਲ ਲੜਦਾ ਰਿਹਾ ਹਾਂ, ਗੁਰੂ ਦੀ ਜਿੱਤ ਮੇਰੇ ਬਾਹੂ-ਬਲ ਨਾਲ ਸੀ, ਮੇਰੀ ਇਸ ਬਹਾਦਰੀ ਤੇ ਜਾਂ-ਨਿਸਾਰੀ ਦੇ ਬਦਲੇ ਉਸ ਨੇ ਮੇਰਾ ਘਰ ਤੇ ਮਾਲ ਖੋਹ ਲਿਆ ਹੈ ਤੇ ਪਿੰਡਾਂ ਦੇ ਜੱਟਾਂ ਤੋਂ ਮਰਵਾਇਆ ਹੈ, ਮੇਰੇ ਇਹ ਕਹਿਣ ਤੇ ਕਿ ਮੈਂ ਬਾਦਸ਼ਾਹ ਪਾਸ ਫਰਜ਼ਾਦੀ ਜਾਵਾਂਗਾ, ਮੇਰਾ ਹੋਰ ਵੀ ਅਪਮਾਨ ਕੀਤਾ ਹੈ:-

"ਅਬਿ ਮੁਝ ਕੌ ਦਿਹੁ ਲਸ਼ਕਰ ਸੰਗ। ਕਰੌਂ ਜਾਇ ਮੈਂ ਦੀਰਘ ਜੰਗ।
ਗੁਰ ਕੇ ਗਰ ਦੁਪਟਾ ਗਹਿ ਪਾਵੌਂ। ਐਂਚਿ ਆਪ ਕੇ ਨਿਕਟਿ ਲਜਾਵੌਂ॥੧੯॥
ਪੈਂਦੇ ਖਾਨ ਤਬਿ ਨਾਮ ਕਹਾਊਂ। ਨਤੁਰ ਆਇ ਮੈਂ ਮੁਖ ਨ ਦਿਖਾਊਂ।"

{ਗੁ: ਪ੍ਰ: ਸੂ: ਪ੍ਰ: ਰਾਸਿ ੮, ਅੰਸੂ ੧੪, ਪੰਨਾ ੩੩੯੫}

ਬਹਾਦਰ ਸ਼ਾਹ ਨੇ ਪੈਂਦੇ ਖਾਂ ਦੀਆਂ ਗਲਾਂ ਸੁਣੀਆਂ ਇਹ ਸਮਝ ਕੇ ਕਿ ਇਹ ਗੁਰੂ ਦਾ ਭੇਤੀ ਹੈ, ਜੇ ਕਦੀ ਫੌਜ ਦੇ ਨਾਲ ਇਸਨੂੰ ਭੇਜਿਆ ਤਦ ਇਸ ਦੀ ਟੋਹ ਤੇ ਪਤੇ ਦੇਣ ਤੇ ਗੁਰੂ ਜੀ ਤੇ ਫਤਹ ਪਾਣੀ ਸੌਖੀ ਹੋ ਜਾਏਗੀ ਤੇ ਇੰਜ ਗਈ ਹੋਈ ਕੀਰਤੀ ਮੁੜ ਆਵੇਗੀ, ਤਲਵਾਰ ਤੇ ਪਾਨ ਦਾ ਬੀੜਾ ਦਰਬਾਰ ਵਿਚ ਰਖਿਆ ਤੇ ਕਿਹਾ: "ਜੇਹੜਾ ਸੂਰਮਾ ਇਸ ਜੰਗ ਦਾ ਬੀੜਾ ਉਠਾਣਾ ਚਾਹੇ, ਸਾਹਮਣੇ ਆਵੇ।"

ਕਾਲੇ ਖਾਂ ਨਾਮ ਦਾ ਇਕ ਸਰਦਾਰ ਬੈਠਾ ਸੀ ਉਸ ਨੇ ਦਿਲ ਵਿਚ ਸੋਚਿਆ ਕਿ ਮੇਰਾ ਭਰਾ ਮੁਖ਼ਲਸ ਖਾਂ ਗੁਰੂ ਦੇ ਨਾਲ ਜੰਗ ਕਰਦਾ ਮਰ ਚੁਕਾ ਹੈ, ਮੈਂ ਉਹਦਾ ਬਦਲਾ ਲੈਣਾ ਹੈ। ਮੈਨੂੰ ਹੁਣ ਇਹ ਅਵਸਰ ਹੱਥ ਆ ਗਿਆ ਹੈ। ਜੇ ਮੈਨੂੰ ਆਗਜਾ ਮਿਲ ਜਾਏ ਤਾਂ ਬਾਦਸ਼ਾਹ ਦਾ ਕੰਮ ਹੋ ਜਾਏ ਤੇ ਦੂਜਾ ਮੈਂ ਆਪਣੇ ਭਰਾ ਦਾ ਬਦਲਾ ਲੈ ਕੇ ਛਾਤੀ ਠੰਡੀ ਕਰ ਲਵਾਂਗਾ। ਇਹ ਵਿਚਾਰ ਕੇ:-

ਉਠਿ ਕਰ ਜੋਰਤਿ ਬੋਲਜੋ ਸੋਇ। "ਹਜ਼ਰਤ ਹੁਕਮ ਮੋਹਿ ਕੵਉ ਹੋਇ॥੩੪॥
ਸੈਨਾ ਸਕਲ ਜੰਗ ਕਰ ਘੈ ਹੈਂ। ਹਰਿਗੁਬਿੰਦ ਜੀਵਤਿ ਗਹਿ ਲੈ ਹੈਂ।
ਨਿਕਟਿ ਆਪ ਕੇ ਜਦ ਹਮ ਲਜਾਵੈਂ। ਭ੍ਰਾਤ ਮੇਰੇ ਕੀ ਕਰਕ ਮਿਟਾਵੈਂ"॥੩੫॥
ਭਰਜੋ ਰਿਦਾ ਰਿਸ ਜ੍ਵਾਲ ਪ੍ਰਕਾਸ਼ੀ। ਸੋ ਸਭਿ ਗੁਰ ਪਰ ਕਰਵ ਨਿਕਾਸੀ।

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੧੪, ਪੰਨਾ ੩੩੬੭}

ਬਾਦਸ਼ਾਹ ਨੇ ਕਾਲੇ ਖਾਂ ਨੂੰ ਜੰਗ ਦੀ ਕਮਾਨ ਸੌਂਪੀ, ਖ੍ਵਾਜਾ ਅਨਵਰ ਖਾਂ ਨਾਲ ਹੋਇਆ, ਪੈਂਦੇ ਖਾਂ ਤੇ ਉਹਦੇ ਦਾਮਾਦ ਅਸਮਾਨ ਖਾਂ ਨੇ ਵੀ ਘੋੜੇ ਸੰਭਾਲੇ, ਤੇ ਕੁਤਬ ਦੀਨ ਜਲੰਧਰ ਵਾਲਾ ਵੀ ਸਾਥ ਦਿਤਾ, ਫੌਜ ਦੇ ਲਾਹੌਰ ਤੋਂ ਚਲਣ ਲਗਿਆਂ ਹੀ ਸ਼ਰਾਬ ਦੇ ਦੌਰ ਚਲਣ ਲਗੇ ਤੇ ਇਹ ਸਰਦਾਰ ਨਸ਼ੇ ਵਿਚ ਮਸਤ ਹੋਏ ਹੋਏ ਅੰਡ ਬੰਡ ਬਕਦੇ ਕਰਤਾਰਪੁਰ ਵਲ ਤੁਰੇ।

ਸੰਨ ੧੬੯੧ ਬਿ: (੧੬੩੪ ਏ. ਡੀ.) ਵਿਚ ਸ਼ਾਹੀ ਫੌਜ ਨੇ ਲਾਹੌਰ ਵਲੋਂ ਕੂਚ ਕੀਤਾ, ਕਵੀ ਸੰਤੋਖ ਸਿੰਘ ਜੀ ਕਾਲੇ ਖਾਂ ਤੇ ਉਹਦੇ ਸਾਥੀਆਂ ਦੀ ਚੜ੍ਹਾਈ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

ਮਨਹੁ ਟੀਡ ਗਨ ਗਮਨੇ ਐਸੇ। ਹਿਮ ਮਹਿ ਗਰਨ ਜਾਤਿ ਹੈਂ ਜੈਸੇ॥੧੪॥
ਮਨਹੁ ਮਕੌਰਨ ਲਾਗੇ ਪੰਖ। ਸਮੁਖ ਬਿ ਹੰਗਨ ਚਲੇ ਅਸੰਖ।

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੧੫, ਪੰਨਾ ੩੩੬੯}

ਜਿਵੇਂ ਟਿਡੀ ਦਲ ਬਰਫ਼ ਵਿਚ ਗਲਨ ਟੁਰ ਪੈਂਦਾ ਹੈ। ਮਾਨੋਂ ਕੀੜਿਆਂ ਨੂੰ ਖੰਭ ਲਗ ਪਏ ਹਨ, ਤੇ ਪੰਛੀਆਂ ਦੇ ਸਾਹਮਣੇ (ਜੋ ਇਨ੍ਹਾਂ ਨੂੰ ਖਾ ਜਾਂਦੇ ਹਨ) ਚਲੇ ਹਨ।

ਇਹ ਫੌਜ ਕੂਚ ਕਰਦੀ ਬਿਆਸਾ ਦੇ ਕੰਡੇ ਤੇ ਪੁਜੀ, ਦੂਰ ਨੇੜੇ ਤੋਂ ਮਲਾਹ ਇਕੱਠੇ ਕੀਤੇ ਤੇ ਕਿਸ਼ਤੀ ਦੇ ਪੂਰ ਭਰ ਭਰਕੇ ਸੈਨਾ ਪਾਰ ਹੋਣ ਲਗੀ, ਪੰਜੇ ਸਰਦਾਰ ਪਾਰ ਹੋਏ, ਦੁਾਬੇ ਦੇ ਰਾਹ ਪਏ ਤੇ ਇਕ ਛਾਂ ਵਾਲੀ ਥਾਂ ਤੇ ਫੌਜ ਨੇ ਡੇਰਾ ਜਾ ਕੀਤਾ, ਰਾਤ ਉਥੇ ਰਹੇ। ਸਵੇਰੇ ਪੰਜੇ ਸਰਦਾਰ ਇਕੱਠੇ ਹੋਏ, "ਜੰਗ ਕਿਵੇਂ ਛੇੜੀ ਜਾਏ?" ਦੇ ਵਿਸ਼ੇ ਤੇ ਗਲ-ਬਾਤ ਹੋਣ ਲਗੀ।

 www.sikhbookclub.com

ਕੁਤਬ ਖ਼ਾਂ ਸੂਬਾ ਜਾਲੰਧਰ ਨੇ ਕਿਹਾ, "ਗੁਰੂ ਬੜਾ ਬਹਾਦਰ ਹੈ, ਅੱਗੇ ਕਈ ਲੜਾਈਆਂ ਵਿਚ ਉਹਦੇ ਹੱਥ ਵੇਖ ਚੁਕੇ ਹਾਂ, ਹੁਣ ਇਕੋ ਹੀ ਗਲ ਜਾਪਦੀ ਹੈ ਕਿ ਇਕੱਠੇ ਹੋ ਕੇ ਜਾ ਕੇ ਇਕ-ਦਮ ਚਾਰੇ ਪਾਸਿਆਂ ਤੋਂ ਘਮਸਾਨ ਦਾ ਯੁਧ ਛੇੜ ਦੇਵੀਏ।

ਪੈਂਦੇ ਖਾਂ ਤੇ ਉਹਦਾ ਜਵਾਈ ਅਸਮਾਨ ਖਾਂ ਕਹਿਣ ਲਗੇ, "ਸੋਚ ਵਿਚਾਰ ਦੀ ਕੋਈ ਲੋੜ ਨਹੀਂ, ਸਾਡੇ ਹੱਥ ਵੇਖਣੇ, ਅਸੀਂ ਉਹ ਕੁਛ ਕਰ ਦਸਾਂਗੇ, ਜੋ ਕਿਸੇ ਦੇ ਵਹਿਮ ਗੁਮਾਨ ਵਿਚ ਵੀ ਨਾ ਹੋਵੇ।"

ਕਾਲੇ ਖਾਂ ਦੀ ਰਾਏ ਸੀ ਕਿ ਪੈਂਦੇ ਖਾਂ ਤੇ ਅਸਮਾਨ ਖਾਂ ਗੁਸੇ ਵਿਚ ਸੋਚਣ ਵਾਲੀ ਗਲ ਨਹੀਂ ਸੋਚ ਰਹੇ, ਵੈਰੀ ਦਾ ਬਲ, ਦਲ, ਕਿਲੇ ਤੇ ਖਜ਼ਾਨਾ, ਇਨ੍ਹਾਂ ਗਲਾਂ ਦਾ ਅਨੁਮਾਨ ਲਾ ਲਾ ਕੇ ਅੱਗੇ ਕਦਮ ਉਠਾਇਆ ਜਾਵੇ। ਪੈਂਦੇ ਖਾਂ ਦੀਆਂ ਗਲਾਂ ਤੇ ਭਰੋਸਾ ਕਰਕੇ ਬਿਨਾਂ ਸੋਚੇ ਕੋਈ ਗਲ ਨਹੀਂ ਕਰਨੀ ਚਾਹੀਦੀ।

ਅਨਵਰ ਖਾਂ ਨੇ ਕਾਲੇ ਖਾਂ ਦੀ ਗਲ ਦੀ ਪੁਸ਼ਟੀ ਕੀਤੀ।

ਖ੍ਵਾਜਾ ਅਨਵਰ ਖਾਂ ਕਰਤਾਰਪੁਰ ਦੇ ਹਾਲਾਤ ਵੇਖਣ ਲਈ ਨੀਯਤ ਹੋਇਆ, ਇਹ ਅੱਗੇ ਕਈ ਵੇਰ ਜਾਲੰਧਰ ਦੇ ਹਾਕਮ ਵਲੋਂ ਏਲਚੀ ਹੋ ਕੇ ਆ ਚੁਕਾ ਸੀ, ਕਰਤਾਰਪੁਰ ਦੀਆਂ ਗਲੀਆਂ, ਕੂਚਿਆਂ ਤੇ ਮਹੱਲਿਆਂ ਦਾ ਜਾਣੂ ਸੀ। ਗੁਰੂ ਜੀ ਦੇ ਦੀਵਾਨਾਂ ਵਿਚ ਆਇਆ, ਸ਼ਹਿਰ ਵਿਚ ਫਿਰਿਆ ਤੇ ਸਿੱਖ ਸਿਪਾਈਆਂ ਵਿਚ ਰਿਹਾ, ਇੱਥੋਂ ਵਾਪਸ ਜਾ ਕੇ ਇਸ ਨੇ ਕਾਲੇ ਖਾਂ ਨੂੰ ਖਬਰ ਦਿਤੀ ਕਿ ਗੁਰੂ ਸਾਹਿਬ ਇਸ ਤੁਹਾਡੇ ਹਮਲੇ ਤੋਂ ਉੱਕਾ ਬੇਖਬਰ ਹਨ, ਤੁਹਾਡੀ ਚੜ੍ਹਾਈ ਦਾ ਉਨ੍ਹਾਂ ਨੂੰ ਪਤਾ ਨਹੀਂ, ਇਸ ਵਾਸਤੇ ਹੁਣ ਤਕ ਉਨ੍ਹਾਂ ਵਲੋਂ ਲੜਾਈ ਦੀ ਕੋਈ ਤਿਆਰੀ ਨਹੀਂ। ਇਸ ਅਚੇਤ ਦਸ਼ਾ ਵਿਚ ਹੱਲਾ ਕਰਨਾ ਕਾਮਯਾਬ ਰਹੇਗਾ। ਇਹ ਹੱਲਾ ਦਿਨ ਨੂੰ ਕਰਨਾ ਚਾਹੀਦਾ ਹੈ ਜਾਂ ਰਾਤ ਨੂੰ, ਇਹ ਤੁਸੀਂ ਵਿਚਾਰ ਕਰ ਲਓ?

ਕਾਲੇ ਖਾਂ ਨੇ ਕੁਤਬ ਖਾਂ ਤੇ ਪੈਂਦੇ ਖਾਂ ਨੂੰ ਸਦਿਆ, ਅਨਵਰ ਖਾਂ ਦਾ ਦਸਿਆ ਹਾਲ ਸੁਣਾਇਆ। ਕਾਫ਼ੀ ਵਿਚਾਰ ਦੇ ਮਗਰੋਂ ਫੈਸਲਾ ਹੋਇਆ ਕਿ:-

ਪਾਛਲ ਰਾਤਿ ਪਰੋ ਕਰਿ ਹੇਲਾ। ਕਰੋ ਚਮੂੰ ਹਤਿ ਰੇਲ ਰੁ ਪੇਲਾ।
ਪੈਂਦਾ ਸਨਮੁਖ ਤਿਨ ਕੇ ਜੈ ਹੈ। ਬਲ ਬਿਸਾਲ ਤੇ ਗਹਿ ਗੁਰ ਲੈ ਹੈ॥੧੩॥
ਅਲਪ ਬਾਹਿਨੀ ਮਾਰਨ ਕਹਾਂ। ਹਤਹਿਂ ਤੁਰਤ ਹਮ ਲਸ਼ਕਰ ਮਹਾਂ।

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੧੯, ਪੰਨਾ ੩੩੮੫}

ਪਿਛਲੀ ਰਾਤ ਹੱਲਾ ਕੀਤਾ ਜਾਏ, ਗੁਰੂ ਜੀ ਦੀ ਸੈਨਾ ਥੋੜੀ ਹੈ ਤੇ ਸਾਡੇ ਪਾਸ ਲਸ਼ਕਰ ਭਾਰੀ ਹੈ, ਇਸ ਵਾਸਤੇ ਗੁਰੂ ਜੀ ਦੀ ਸੈਨਾ ਨੂੰ ਸਹਿਜੇ ਹੀ ਮਾਰ ਲਵਾਂਗੇ। ਇੰਨੀ ਭਾਰੀ ਫੌਜ ਪਾਸ ਹੋਣ ਤੇ ਇਹ ਯਕੀਨ ਹੋ ਜਾਣ ਤੇ ਵੀ ਕਿ ਗੁਰੂ ਜੀ ਜੰਗ ਵਲੋਂ ਅਚੇਤ ਹਨ, ਫਿਰ ਵੀ ਗੁਰੂ ਜੀ ਦੇ ਸਾਹਮਣੇ ਜਾਣ ਦਾ ਕਿਸੇ ਨੂੰ ਹੀਆ ਨਹੀਂ ਪਿਆ, ਇਸ ਜੰਗ ਦੀ ਜੜ੍ਹ ਪੈਂਦੇ ਖਾਂ ਸੀ, ਇਯ ਵਾਸਤੇ ਪੈਂਦੇ ਖਾਂ ਨੂੰ ਗੁਰੂ ਜੀ ਦੇ ਸਾਹਮਣੇ ਜਾਣ ਲਈ ਕਿਹਾ ਗਿਆ।


www.sikhbookclub.com

ਧੀਰ ਮਲ ਨੂੰ ਇਸ ਚੜ੍ਹਾਈ ਦੀ ਖਬਰ ਮਿਲੀ, ਉਹਦਾ ਮਨ ਅਧੀਰ ਹੋ ਗਿਆ ਤੇ ਉਸ ਨੇ ਕਾਲੇ ਖਾਂ ਨੂੰ ਚਿੱਠੀ ਲਿਖੀ ਕਿ ਮੈਂ ਪਾਤਸ਼ਾਹ ਦਾ ਅਨੁਸਾਰੀ ਹਾਂ, ਤੁਹਾਡੇ ਨਾਲ ਵੈਰ ਵਿਰੋਧ ਨਹੀਂ ਕਰਾਂਗਾ। ਚਿੱਠੀ ਪੜ੍ਹ ਕੇ ਕਾਲੇ ਖਾਂ ਤੇ ਉਸਦੇ ਮਲਾਹਕਾਰ ਖੁਸ਼ ਹੋ ਗਏ। ਇਹ ਸਮਝਕੇ ਕਿ ਘਰ ਪਾਟ ਗਿਆ ਹੈ, ਉਨ੍ਹਾਂ ਨੂੰ ਜਿੱਤ ਹੋਰ ਵੀ ਨੇੜੇ ਦਿਸਣ ਲਗੀ। ਕਾਲੇ ਖਾਂ ਨੇ ਧੀਰ ਮਲ ਨੂੰ ਚਿੱਠੀ ਲਿਖੀ ਕਿ ਇਸ ਤਰ੍ਹਾਂ ਦੀਆਂ ਖਬਰਾਂ ਦੇਂਦੇ ਰਹੋ, ਜਿਨ੍ਹਾਂ ਤੋਂ ਫਤਹ ਹੋ ਜਾਏ। ਇਹ ਚਿੱਠੀ ਧੀਰ ਮਲ ਪਾਸ ਪਹੁੰਚਾ ਦਿਤੀ।

ਲਾਹੌਰੋਂ ਕੂਚ ਕਰਨ ਦੇ ਦਿਨ ਤੋਂ ਲੈ ਕੇ ਹੁਣ ਤਕ ਚੜ੍ਹਾਈ ਦੀ ਖਬਰ ਗੁਪਤ ਸੀ, ਜਦ ਕੋਈ ਪੁਛਦਾ ਤਦ ਉੱਤਰ ਇਹ ਦੇਂਦੇ ਕਿ ਰੋਪੜ ਦੇ ਪੀਰ ਦੀ ਮਿਜ਼ਾਰ ਤੇ ਕਾਲੇ ਖਾਂ ਸੁਖਣਾ ਚੜ੍ਹਾਉਣ ਜਾ ਰਿਹਾ ਹੈ, ਦਵਾਬੇ ਵਿਚ ਜਿਨੇ ਪਠਾਣ ਸਨ, ਸਾਰਿਆਂ ਨੂੰ ਹਰਕਾਰੇ ਭੇਜ ਕੇ ਮੰਗਾ ਲਿਆ, ਸਿਪਾਹੀ ਤੇ ਅਫਸਰਾਂ ਦੀ ਖੜੀ ਖਾਤਰਦਾਰੀ ਕੀਤੀ, ਆਪਣੇ ਅੱਗੇ ਪਿਛੇ ਭਾਰੀ ਸੈਨਾ ਇਕੱਠੀ ਹੋਈ ਵੇਖ ਕਾਲੇ ਖਾਂ ਬੜਾ ਖੁਸ਼ ਹੋਇਆ ਤੇ ਉਹਦੇ ਦਿਲ ਵਿਚ ਲੜਾਈ ਕਰਨ ਦੀ ਉਮੰਗ ਵਧਣ ਲਗੀ।

ਰਾਤ ਦੇ ਹਨੇਰੇ ਨੇ ਦਿਨ ਦੀ ਰੋਸ਼ਨੀ ਨੂੰ ਲੁਕਾ ਲਿਆ, ਕਾਲੇ ਖਾਂ ਨੇ ਫੌਜ ਵਿਚ ਗੋਲੀ ਖਾਰੂਦ ਵੰਡ ਦਿਤਾ, ਘੋੜਿਆਂ ਉਤੇ ਜ਼ੀਨਾਂ ਪਾ ਲਈਆਂ, ਸ਼ਰਾਬਾਂ ਪੀ ਲਈਆਂ। ਇਹ ਲਸ਼ਕਰ ਇੰਵ ਤੁਰ ਪਿਆ, ਮਾਨੋ ਸਮੁੰਦਰ ਉਛਾਲੇ ਖਾਂਦਾ ਵਧਦਾ ਆ ਰਿਹਾ ਹੈ।

ਜਦ ਅੱਧਾ ਕੁ ਸਫ਼ਰ ਆਏ ਤਦ ਕੁਤਬ ਖਾਂ ਦਾ ਛੋਟਾ ਭਰਾ ਮਲਕ ਦਾਤਾਰ ਖਾਂ ਆਪਣੀ ਸੈਨਾ ਲੈ ਕੇ ਆ ਮਿਲਿਆ। ਦਾਤਾਰ ਖਾਂ ਦੇ ਪੁਛਣ ਤੇ:-

ਕਾਲੇ ਖਾਂ ਬੋਲਜੋ ਗਰਬਾਇ। 'ਕੇਹਰਿ ਬਲੀ ਰਹੈ ਇਸ ਥਾਇੰ॥੩੬॥
ਬਹੁਤ ਜੀਵ ਸੰਘਾਰਹਿ ਕਰੇ; ਕੋ ਬਲ ਧਾਰਿ ਨ ਆਗੇ ਅਰੇ।
ਤਿਸ ਕੇ ਹਿਤ ਸ਼ਿਕਾਰ ਕੋ ਚਾਲੇ। ਅਬਿ ਸੰਘਾਰਹਿ ਖੋਜ ਬਿਸਾਲੇ॥੩੭॥

(ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੨੦, ਪੰਨਾ ੩੩੮੭)

ਛੋਟੇ ਮੀਰ ਜਾ ਕੇ ਡੇਰਾ ਕੀਤਾ, ਉਹ ਸੈਨਾ ਜੋ ਵਖੋ ਵਖਰੇ ਪਾਸਿਆਂ ਤੋਂ ਆ ਰਹੀ ਸੀ, ਇੱਥੇ ਇਕੱਠੀ ਹੋਈ। ਕਾਲੇ ਖਾਂ ਨੇ ਆਪਣੀ ਕੌਂਸਲ ਸੱਦੀ ਤੇ ਵਿਚਾਰ ਮਗਰੋਂ ਫੈਸਲਾ ਹੋਇਆ ਕਿ ਹੁਣ ਚੁਪ ਚਾਪ ਹਲਾ ਕੀਤਾ ਜਾਏ, ਪੈਂਦੇ ਖਾਂ ਗੁਰੂ ਮਹਿਲਾਂ ਦੇ ਦਰਵਾਜ਼ੇ ਪਾਸ ਜਾ ਖੜਾ ਹੋਵੇ, ਜਿਸ ਵੇਲੇ ਗੁਰੂ ਜੀ ਅੰਦਰੋਂ ਬਾਹਰ ਆਉਣ, ਇਹ ਉਨ੍ਹਾਂ ਨੂੰ ਚੁਕ ਕੇ ਲੈ ਆਵੇ। ਫਿਰ ਪਿੰਡ ਲੁਟ ਲਿਆ ਜਾਏ।

ਕਾਲੇ ਖਾਂ ਦੇ ਕੂਚ ਦੀ ਗੁਰੂ ਜੀ ਨੂੰ ਖਬਰ ਸੀ, ਤੇ ਉਹਦੇ ਲਸ਼ਕਰ ਦੇ ਹਰ ਪੜਾਓ ਤੋਂ ਆਪ ਜਾਣੂ ਸਨ, ਸੰਧਿਆ ਸਮੇਂ ਇਨ੍ਹਾਂ ਨੇ ਆਪਣੀ ਸੈਨਾ ਵਿਚ ਗੋਲੀ ਬਰੂਦ ਵੰਡ ਦਿਤਾ ਤੇ ਕਿਹਾ ਕਿ ਅੱਧੀ ਰਾਤ ਪਿਛੋਂ ਜਾਗ ਪੈਣਾ।

ਰਾਤ ਡੇਢ ਪਹਿਰ ਰਹਿੰਦੀ ਸੀ, ਕਾਲੇ ਖਾਂ ਦਾ ਲਸ਼ਕਰ ਕਰਤਾਰਪੁਰ ਦੇ ਨੇੜੇ ਆ ਗਿਆ, ਧੌਂਸਿਆਂ ਉਤੇ ਚੋਟ ਲਾਈ, ਸਿੱਖ ਅੱਗੇ ਹੀ ਸਾਵਧਾਨ ਸੀ, ਇਕ ਪਹਿਰੇਦਾਰ ਗੁਰੂ ਜੀ ਦੀ ਸੇਵਾ ਵਿਚ

ਹਾਜ਼ਰ ਹੋਇਆ, ਗੁਰੂ ਜੀ ਅੱਗੇ ਸ਼ੌਚ ਇਸ਼ਨਾਨ ਕਰਕੇ ਵਾਹਿਗੁਰੂ ਦੇ ਵਿਚ ਲੀਨ ਸਨ। ਸੇਵਾਦਾਰ ਨੇ ਤੁਰਕਾਨੀ ਫੌਜ ਦੇ ਆ ਪਹੁੰਚਣ ਦੀ ਖਬਰ ਸੁਣਾਈ। ਧੀਰ ਤੇ ਬੀਰ ਗੁਰੂ ਜੀ ਨੇ:-

ਜਪ ਕੀਨਿ ਪਾਠ ਚਿਤ ਏਕ ਹੋਇ। ਪ੍ਰਭੁ ਸਰਬ ਕਲਾ ਸਮਰੱਥ ਸੋਇ॥੧੪॥
ਪਠਿ ਅੰਤ ਕੀਨਿ ਸਿਰ ਕੋ ਨਿਵਾਇ। ਤਬਿ ਸੁਨੀ ਤੁਫੰਗਨ ਧੁਨਿ ਉਠਾਇ।

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੨੦, ਪੰਨਾ ੩੩੮੮}

ਗੁਰੂ ਜੀ ਨੇ ਹੁਕਮ ਦਿਤਾ ਕਿ ਭਾਈ ਲਖੂ ਪੰਜ ਸੌ ਜਵਾਨ ਲੈ ਕੇ ਸਾਹਮਣੇ ਜਾਏ। ਮੇਹਰ ਚੰਦ ਤੇ ਅਮੀਆਂ ਦੋਨੋਂ ਯੋਧੇ ਚਾਰ ਸੌ ਆਦਮੀ ਨਾਲ ਲੈ ਕੇ ਸੱਜੇ ਤੇ ਖੱਬੇ ਹਥੋਂ ਉਹਦੀ ਮਦਦ ਕਰਨ ਤੇ ੯੦੦ ਘੁੜ ਸਵਾਰ ਕਰਤਾਰਪੁਰ ਦੀ ਰਖਿਆ ਕਰਨ।

ਬਾਬਾ ਗੁਰਦਿੱਤਾ ਜੀ ਸ਼ਸਤ੍ਰ ਬਸਤ੍ਰ ਸਜਾ ਹਾਜ਼ਰ ਹੋਏ ਤੇ ਜੰਗ ਵਿਚ ਸ਼ਾਮਲ ਹੋਣ ਦੀ ਆਗਿਆ ਮੰਗੀ, ਸਤਿਗੁਰਾਂ ਨੇ ਉਨ੍ਹਾਂ ਨੂੰ ਸ਼ਹਿਰ ਦੇ ਵਿਚ ਫਿਰ ਕੇ ਦਰਵਾਜ਼ਿਆਂ ਤੇ ਖੜੇ ਯੋਧਿਆਂ ਨੂੰ ਸਾਵਧਾਨ ਰਖਣ ਤੇ ਨੀਯਤ ਕੀਤਾ।

ਕਾਲੇ ਖਾਂ ਤੇ ਭਾਈ ਲਖੂ ਦੀ ਸੈਨਾ ਸਾਹਮਣੇ ਹੋਈ, ਗੋਲੀਆਂ ਚਲੀਆਂ। ਭਾਈ ਲਖੂ ਦੀ ਫੌਜ ਦੇ ਨਿਸ਼ਾਨੇ, ਨਿਸ਼ਾਨੇ ਤੇ ਬੈਠੇ, ਕਾਲੇ ਖਾਂ ਦੀ ਫੌਜ ਦਾ ਫਰੰਟ ਪਹਿਲੇ ਹੱਥ ਹੀ ਢੇਰ ਹੋ ਗਿਆ, ਸੂਰਮੇ ਅਗੇ ਵੱਧ ਵੱਧ ਕੇ ਲੜਨ ਲਗੇ। ਗਰਦ ਇਨੀ ਉੱਡੀ ਕਿ ਆਮੋਂ ਸਾਹਮਦੇ ਖੜੋਤੇ ਵਿਖਾਈ ਨਹੀਂ ਦੇਂਦੇ ਸਨ, ਇਸ ਧੁੰਧੂਕਾਰ ਵਿਚ ਸਿੱਖਾਂ ਦੀਆਂ ਗੋਲੀਆਂ ਵੈਰੀਆਂ ਦੇ ਆਹੂ ਲਾਹ ਰਹੀਆਂ ਸਨ, ਕਾਲੇ ਖਾਂ ਜਿਸ ਪਾਸੇ ਧਿਆਨ ਮਾਰਦਾ ਸੀ, ਆਪਣੀ ਸੈਨਾ ਨੂੰ ਲਹੂ ਲੁਹਾਨ ਤੇ ਸੱਥਰਾਂ ਵਾਂਗ ਧਰਤੀ ਤੇ ਪਿਆ ਵੇਖਦਾ ਸੀ, ਉਸਨੇ ਆਪਣੀ ਫੌਜ ਨੂੰ ਕੜਕ ਕੇ ਕਿਹਾ:-

'ਦ੍ਵੈ ਘਟਿਕਾ ਮੈਂ ਫਜਰ ਹ੍ਵੈ ਸਰਜੋ ਨ ਕਾਰਜ ਕੋਇ।
ਪੁਰਿ ਸਮੀਪਤਾ ਨਹਿ ਭਈ, ਕਹਾਂ ਮਾਰਿ ਲੁੱਟ ਹੋਇ'॥੨੧॥

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੨੧, ਪੰਨਾ ੩੩੯੨}

ਤੁਰਕ ਸੈਨਾ ਲੁਟ ਦੇ ਲਾਲਚ ਵਿਚ ਫਿਰ ਤਕੜੀ ਹੋ ਅਗੇ ਵਧੀ, ਇਧਰੋਂ ਭਾਈ ਲਖੂ ਦੇ ਸੂਰਮਿਆਂ ਨੇ ਅਗੇ ਵਧਦਿਆਂ ਨੂੰ ਹਥੋਂ ਹੱਥ ਲਿਆ:-

ਬਹੁ ਨਮਸਕਾਰਨੀ ਛੇਰਿ ਛੇਹਿ। ਸੁਭਟਨਿ ਸਰੀਰ ਕੋ ਫੋਰਿ ਫੋਰਿ।
ਕਰਿ ਪ੍ਰਾਨਿ ਹਾਨਿ ਛਿਤ ਡਾਲਿ ਡਾਲਿ। ਗਨ ਲੱਥ ਪੱਥ ਹਯ ਘਾਲਿ ਘਾਲਿ॥੨੭॥
ਬਹੁ ਤੁਰਕ ਤੁਰੰਗ ਅੰਬਾਰ ਲਾਗ। ਰਣਖੇਤ ਪਏ ਤਨ ਤਜਾਗਿ ਤਜਾਗਿ।
ਇਕ ਮੁਖ ਕਰਾਹਤੇ "ਹਾਇ ਹਾਇ"। ਦੁਖ ਮਹਾਂ, ਘਾਵ ਗਨ ਖਾਇ ਖਾਇ॥੨੮॥
ਗੁਰ ਸੂਰ ਥੋਰ ਹੂੰ ਲਾਗਿ ਘਾਇ। ਪ੍ਰਭੁ ਮਹਾਰਾਜ ਹੋਵਤਿ ਸਹਾਇ।
ਤੁਰਕਨਿ ਹਜ਼ਾਰ ਹੂੰ ਪ੍ਰਾਨਿ ਹਾਨਿ। ਮਿਲਿ ਧੂਰ ਪਰੇ ਸੁਪਤੇ ਮਹਾਨ॥੨੯॥
ਬਹੁ ਭਜੇ ਪੰਕ ਸ਼੍ਰੋਣੰਤਿ ਚਾਲ। ਇਮ ਲਰਤਿ ਮਰਤਿ ਰਣ ਘਾਲਿ ਘਾਲਿ।
ਬਿਤਿ ਗਈ ਜਾਮਨੀ ਤਮ ਸਮੇਤ। ਨਭ ਚਢਜੋ ਦਿਨੇਸ਼ ਪ੍ਰਕਾਸ਼ ਹੇਤੁ॥੩੦॥

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੨੧, ਪੰਨਾ ੩੩੯੩}

ਇਸ ਜੰਗ ਵਿਚ ਕਰਤਾਰਪੁਰ ਇਕ ਦੀਵੇ ਦੀ ਮਾਨਿੰਦ ਸੀ। ਜਿਸਤੇ ਤੁਰਕ ਪਤੰਗੇ ਅਗੇ ਵਧ ਵਧ ਢੇਰੀ ਹੋ ਰਹੇ ਸਨ।

ਦਿਨ ਚੜ੍ਹਨ ਤਕ ਅਧੀ ਸੈਨਾਂ ਮਰਵਾ ਕੇ ਕਾਲੇ ਖਾਂ ਦਾ ਕਲੇਜਾ ਧਕ ਧਕ ਕਰਨ ਲਗਾ। ਪੈਂਦੇ ਖਾਂ ਤੇ ਉਹਦੇ ਸਾਥੀਆਂ ਨੇ ਜੇਹੜੇ ਸਬਜ਼ ਬਾਗ ਦਸੇ ਸਨ, ਓਹਨਾਂ ਵਿਚ ਕੋਈ ਅਸਲੀਅਤ ਨਾ ਦਿਸੀ। ਅਨਵਰ ਖਾਂ ਉਹਦਾ ਆਪਣਾ ਆਦਮੀ ਸੀ, ਉਹਦਾ ਇਹ ਕਹਿਣਾ ਕਿ ਗੁਰੂ ਜੀ ਜੰਗ ਵਲੋਂ ਬੇਖਬਰੇ ਹਨ, ਵੀ ਸਹੀ ਨਾ ਨਿਕਲਿਆ। ਉਸਨੇ ਸਾਰੇ ਸਰਦਾਰਾਂ ਨੂੰ ਇਕੱਠਾ ਕਰਕੇ ਕਿਹਾ ਕਿ ਹੁਣ ਤਕ ਦੀ ਸਾਡੀ ਚਾਲ ਪੁੱਠੀ ਪਈ ਹੈ, ਜੰਗ ਜਿੰਨਾ ਲੰਮਾ ਹੋਵੇਗਾ ਉਨ੍ਹਾਂ ਹੀ ਨੁਕਸਾਨ ਜ਼ਿਆਦਾ ਹੋਵੇਗਾ ਤੇ ਕਾਮਯਬੀ ਸ਼ੁਭੇ ਵਿਚ ਹੋਵੇਗੀ। ਇਸ ਵਾਸਤੇ ਸਾਰੇ ਪਾਸਿਓਂ ਕਰਤਾਰਪੁਰ ਨੂੰ ਘੇਰਕੇ ਹਲਾ ਕਰਨਾ ਚਾਹੀਦਾ ਹੈ। ਕੁਤਬ ਖਾਂ-ਚੜ੍ਹਦੇ ਵਲ, ਅਨਵਰ ਤੇ ਅਸਮਾਨ ਖਾਂ ਦਖਣ, ਪੈਂਦੇ ਖਾਂ ਉੱਤਰ ਤੇ ਕਾਲੇ ਖਾਂ ਆਪ ਪਛਮ ਵਾਲੇ ਪਾਸੇ ਹੋਣੇ ਦਾ ਫੈਸਲਾ ਕੀਤਾ, ਦਸ ਦਸ ਹਜ਼ਾਰ ਸਵਾਰ ਨਾਲ ਲਏ ਤੇ ਧੌਂਸੇ ਵਜਾ ਕੇ ਅਗੇ ਵਧੇ।

ਗੁਰੂ ਜੀ ਨੂੰ ਵੈਰੀ ਦੇ ਚਾਰੇ ਪਾਸਿਆਂ ਦੇ ਹੱਲੇ ਦੀ ਸੂ ਮਿਲੀ, ਉਨ੍ਹਾਂ ਨੇ ਵੈਰੀ ਦੇ ਹਮਲੇ ਨੂੰ ਰੋਕਣ ਲਈ ਚਾਰ ਪਾਸਿਆਂ ਤੇ ਆਪਣੀ ਸੈਨਾਂ ਖੜੀ ਕੀਤੀ। ਚੜਦੇ ਪਾਸੇ ਜਾਤੀ ਮਲਕ, ਮੇਹਰ ਚੰਦ ਤੇ ਅਮੀਆਂ ਦਖਣ ਨੂੰ, ਭਾਈ ਲਖੂ ਪੱਛਮ ਪਾਸੇ ਤੇ ਬਿੱਧੀ ਚੰਦ ਉੱਤਰ ਦਿਸ਼ਾ ਵਲ ਹੋਏ।

ਕਾਲੇ ਖਾਂ ਨੂੰ ਆਪਣੀ ਹਾਰ ਦਿਸ ਰਹੀ ਸੀ। ਇਸ ਕਰਕੇ ਉਸਨੇ ਸੈਨਾ ਨਾਲ ਬੜਾ ਜ਼ੋਰ ਪਾਇਆ, ਭਾਈ ਲਖੂ ਉਹਦੇ ਸਾਹਮਣੇ ਹੋਇਆ, ਗੋਲੀਆਂ ਚਲਣ ਲਗੀਆਂ, ਤੀਰ ਆਪਣਾ ਕੰਮ ਕਰਨ ਲਗੇ ਤੇ ਨੇਜੇ ਇਕ ਇਕ ਦੋ ਦੋ ਦੀਆਂ ਛਾਤੀਆਂ ਵਿੰਨ੍ਹ ਕੇ ਪਾਰ ਹੋ ਰਹੇ ਸਨ।

ਗੁਰੂ ਜੀ ਕਿਲ੍ਹੇ ਦੇ ਪਾਸ ਖੜ੍ਹੇ ਸਨ, ਜਿਸਨੂੰ ਅਗੇ ਵਧਦਾ ਵੇਖਦੇ, ਇਕ ਤੀਰ ਬਖਸ਼ਦੇ, ਤੀਰ ਸੱਪਾਂ ਵਾਂਗ ਸ਼ੂਕਦੇ ਯੋਧਿਆਂ ਨੂੰ ਧਰਤੀ ਤੇ ਸਵਾ ਰਹੇ ਸਨ...ਜੋ ਅੱਗੇ ਵਧਿਆ, ਡਿੱਗਾ, ਜੋ ਸਾਹਮਣੇ ਹੋਇਆ ਸੋ ਮੋਇਆ।

ਖ੍ਵਾਜਾ ਅਨਵਰ, ਬਿੱਧੀ ਚੰਦ ਨਾਲ ਪੁਰਾਣੀ ਰਿਸ ਰਖਦਾ ਸੀ, ਉਸਨੇ ਵੰਗਾਰਿਆ, ਕਮਾਣ ਸੰਭਾਲੀ ਤੇ ਤੀਰਾਂ ਤੇ ਤੀਰ ਛੱਡਣ ਲੱਗਾ। ਬਿੱਧੀ ਚੰਦ ਅਨਵਰ ਦੇ ਸਾਹਮਣੇ ਹੋਇਆ ਤੇ ਤੀਰਾਂ ਦੇ ਮੁਕਾਬਲੇ ਤੇ ਤੀਰ ਮਾਰਨ ਲਗਾ, ਇਹਦੇ ਤੀਰ ਸਨ ਕਿ ਮੌਤ ਦੇ ਸੰਦੇਸ਼ੇ, ਜਿਸਨੂੰ ਲਗਦੇ ਪਾਣੀ ਨਹੀਂ ਮੰਗਣ ਦੇਂਦੇ ਸੀ, ਅਨਵਰ ਖਾਂ ਨੂੰ ਸਾਮ੍ਹਣੇ ਆਉਂਦਿਆਂ ਵੇਖ ਕੇ ਬਿੱਧੀ ਚੰਦ ਨੇ ਕਿਹਾ "ਤੂੰ ਸੁੱਤੇ ਸ਼ੇਰ ਨੂੰ ਜਗਾਉਣ ਆਇਆ ਹੈਂ, ਆਪਣੀ ਜਾਨ ਦੀ ਹੁਣ ਸੁੱਖ.ਨਾ ਸਮਝ।" ਅਨਵਰ ਨੇ ਗੁੱਸਾ ਖਾ ਤੀਰ ਛਡਿਆ ਜੋ ਬਿੱਧੀ ਚੰਦ ਦੇ ਘੋੜੇ ਦੀ ਜ਼ੀਨ ਵਿਚ ਲਗਾ, ਬਿੱਧੀ ਚੰਦ ਨੇ ਘੋੜੇ ਨੂੰ ਅੱਡੀ ਲਾਈ ਤੇ ਅਨਵਰ ਖਾਂ ਦੇ ਚਾਰੇ ਪਾਸੇ ਘੋੜੇ ਨੂੰ ਫਿਰਾ ਕੇ ਸਾਹਮਣੇ ਆ:-

ਧਨੁ ਤਾਨ ਕਾਨ ਲਗਿ ਰਿਸ ਮਹਾਨ। ਰਿਪੁ ਤਾਕਿ ਲੱਛ ਛੋਡਯੋ ਸੁ ਬਾਨ॥੩੪॥
ਸਮ ਸਰਪ ਸ਼ੂਕ ਚਾਲਯੋ ਬਿਸਾਲ। ਬਡ ਬੇਗ ਸਹਿਤ ਲਗਿ ਸੱਤ੍ਰ ਭਾਲ।

ਪੰਖਨਿ ਸਮੇਤ ਧਸਿ ਹੋਇ ਪਾਰਿ। ਕੁਛ ਰਹਯੋ ਦਿਖਤਿ ਬਾਗਰ ਅਕਾਰ॥੩੫॥
ਜੁਗ ਭੌਂਹਿ ਬੀਚ ਸੋ ਅਸੁ ਸੁਹਾਇ। ਜਨੁ ਤਿਲਕ ਲਾਲ ਸੁੰਦਰ ਲਗਾਇ।
ਕਿਹ ਜਤਨ ਸੰਗ ਕੈ ਗੁਲ ਅਨਾਰ। ਬਹੁ ਸਜਹਿਂ, ਭਾਲ ਰਾਖਯੋ ਸੁਧਾਰਿ॥੩੬॥
ਜਨੁ ਬੈਠਿ ਨਿੱਡਜ ਮਹਿ ਸਿਰ ਨਿਕਾਰਿ। ਇਹੁ ਬਤਸ ਸਾਰਕਾ ਮੁਖ ਪਸਾਰਿ।
ਜਨੁ ਬਿਧੀ ਚੰਦ ਕੋ ਕ੍ਰੋਧ ਲਾਲ। ਥਿਰ ਭਯੋ ਜਾਇ ਤਕਿ ਸ਼ੱਤ੍ਰੁ ਭਾਲ॥੩੭॥
ਗਿਰ ਪਰਯੋ ਭੂਮਿ ਪਰ ਝੂੰਮ ਸੋਇ। ਲਗਿ ਬਾਯੁ ਬੇਗ ਜਯੋਂ ਬ੍ਰਿਛ ਕੋਇ।

{ਗੁ: ਪ੍ਰ: ਸੂ: ਪ੍ਰ: ਰਾਸਿ ੮, ਅੰਸੂ ੨੩, ਪੰਨਾ ੩੪੦੦}

ਬਿੱਧੀ ਚੰਦ ਨੇ ਤੀਰ ਕਮਾਨ ਵਿਚ ਰਖਿਆ, ਕੰਨ ਤਕ ਖਿਚ ਕੇ ਇਸ ਜ਼ੋਰ ਨਾਲ ਛਡਿਆ ਜੋ ਅਨਵਰ ਖਾਂ ਦੇ ਮੱਥੇ ਵਿਚ ਲਗਾ। ਖੰਭਾਂ ਸਮੇਤ ਪਾਰ ਹੋ ਗਿਆ। ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਤੀਰ ਦਾ ਪਿਛਲਾ ਕੁਛ ਹਿੱਸਾ ਬਾਹਰ ਰਹਿ ਗਿਆ, ਉਹ ਦੋਨਾਂ ਭੱਵਾਂ ਵਿਚ ਇੰਵ ਸ਼ੋਭਾ ਪਾ ਰਿਹਾ ਹੈ, ਮਾਨੋਂ ਕਿਸੇ ਨੇ ਲਾਲ ਤਿਲਕ ਉਹਦੇ ਮੱਥੇ ਤੇ ਲਾਇਆ ਹੈ, ਮਾਨੋਂ ਬਤਕ ਦਾ ਬੱਚਾ ਮੂੰਹ ਅਢ ਕੇ ਬੈਠਾ ਹੈ, ਜਾਂ ਇਉਂ ਸਮਝੋ ਕਿ ਬਿੱਧੀ ਚੰਦ ਦੇ ਗੁੱਸੇ ਦੀ ਲਾਲੀ ਅਨਵਰ ਦੇ ਮੱਥੇ ਤੇ ਟਿਕ ਗਈ ਹੈ। ਤੀਰ ਦੇ ਲਗਣ ਨਾਲ ਅਨਵਰ ਖਾਂ ਭੁਆਟਣੀ ਖਾ ਧਰਤੀ ਤੇ ਡਿਗ ਪਿਆ, ਸਿੱਖਾਂ ਦੇ ਨਾਅਰਿਆਂ ਨਾਲ ਅਸਮਾਨ ਗੂੰਜ ਉਠਿਆ, ਇੰਵ ਦੱਖਣ ਪਾਸੇ ਦੀ ਬਾਹੀ ਤੇ ਹਮਲਾਅਵਰਾਂ ਪਰ ਫਤਹ ਹੋ ਗਈ।

ਕੁਤਬ ਖਾਂ ਨੇ ਭਾਈ ਲਖੂ ਵਲ ਘੋੜੇ ਦਾ ਮੂੰਹ ਫੇਰਿਆ, ਭਾਈ ਲਖੂ ਵੈਰੀ ਨੂੰ ਆਉਂਦਿਆਂ ਵੇਖ ਸਾਹਮਣੇ ਡੱਟ ਗਿਆ, ਦੋਨਾਂ ਨੇ ਤੀਰਾਂ ਦੀ ਵਰਖਾ ਸ਼ੁਰੂ ਕਰ ਦਿਤੀ, ਢਾਲਾਂ ਛਾਨਣੀ ਹੋ ਰਹੀਆਂ ਸਨ। ਭਾਈ ਲਖੂ ਨੇ ਤੀਰ ਮਾਰਿਆ ਕੁਤਬ ਖਾਨ ਦੀ ਛਾਤੀ ਵਿਚ ਲੱਗਾ ਤੇ ਘੋੜੇ ਤੋਂ ਹੇਠ ਜਾ ਪਿਆ, ਸੰਭਲਿਆ, ਉਠਿਆ, ਇੰਨੇ ਨੂੰ ਭਾਈ ਲਖੂ ਫਿਰ ਅਗੇ ਵਧਿਆ, ਕੁਤਬ ਖਾਂ ਦੇ ਸੰਬੰਧੀ ਵਿਚਕਾਰ ਆ ਗਏ, ਉਹਨਾਂ ਚਾਰੇ ਪਾਸਿਆਂ ਤੋਂ ਭਾਈ ਲਖੂ ਤੇ ਵਾਰ ਕਰਨੇ ਸ਼ੁਰੂ ਕਰ ਦਿਤੇ, ਭਾਈ ਲਖੂ ਨੇ ਬੜੀ ਸੂਰਮਤਾ ਨਾਲ ਉਹਨਾਂ ਦੇ ਵਾਰ ਬਚਾਏ ਪਰ ਅੰਤ ਨੂੰ ਇਕ ਤੀਰ ਲਗਣ ਨਾਲ ਆਪ ਗੁਰਪੁਰੀ ਨੂੰ ਚੜ੍ਹਾਈ ਕਰ ਗਏ।

ਕਾਲੇ ਖਾਂ ਨੇ ਪੈਂਦੇ ਖਾਂ ਨੂੰ ਲਲਕਾਰਿਆ ਕਿ ਤੂੰ ਪਾਤਸ਼ਾਹ ਪਾਸ ਜਾ ਕੇ ਕਿਹਾ ਸੀ ਕਿ ਮੈਂ ਗੁਰੂ ਨੂੰ ਫੜ ਲਿਆਵਾਂਗਾ। ਮੇਰੇ ਕਈ ਸਰਦਾਰ ਤੇ ਸੈਨਾ ਮਰ ਗਈ ਹੈ, ਤੂੰ ਆਪਣਾ ਬਲ ਕਿਸ ਵੇਲੇ ਵਿਖਾਵੇਂਗਾ? ਪੈਂਦੇ ਖਾਂ ਨੇ ਕਿਹਾ, "ਤੁਸੀਂ ਕੁਛ ਜਵਾਨ ਦੇਵੋ, ਮੈਂ ਗੁਰੂ ਵਲ ਜਾਂਦਾ ਹਾਂ। ਮੇਰੇ ਨਾਲ ਦੇ ਸਰਦਾਰ ਉਹਨਾਂ ਸਿੱਖਾਂ ਦੇ ਰਾਹ ਦੀ ਰੋਕ ਬਣਨ ਜੋ ਗੁਰੂ ਦੀ ਸਹਾਇਤਾ ਲਈ ਆਉਣ, ਫਿਰ ਵੇਖੋ ਮੈਂ ਆਪਣਾ ਕਥਨ ਕਿਵੇਂ ਪੂਰਾ ਕਰਦਾ ਹਾਂ।"

ਅਸਮਾਨ ਖਾਂ ਨਾਲ ਲੈ ਕੇ ਪੈਂਦੇ ਖਾਂ ਗੁਰੂ ਜੀ ਵਲ ਆਇਆ, ਜਾਣੀ ਜਾਣ ਸਤਿਗੁਰੂ ਨੇ ਪੈਂਦੇ ਖਾਂ ਦੇ ਦਿਲ ਦੀ ਗੱਲ ਜਾਚ ਲਈ, ਫੌਜ ਤੋਂ ਇਕ ਪਾਸੇ ਹੋ ਗਏ, ਸਿੱਖਾਂ ਨੂੰ ਆਪਣੇ ਨੇੜਿਓਂ ਹਟਾ ਦਿਤਾ ਤੇ ਪੈਂਦੇ ਖਾਂ ਨੂੰ ਆਪਣੀ ਜ਼ੋਰ ਅਜ਼ਮਾਈ ਦਾ ਸਮਾਂ ਦਿਤਾ। ਬਾਬਾ ਗੁਰਦਿੱਤਾ ਜੀ ਅਗੇ

ਵੱਧੇ, ਉਨ੍ਹਾਂ ਨੇ ਅਸਮਾਨ ਖ਼ਾਂ ਨੂੰ ਅਗੇ ਵਧਣੋਂ ਰੋਕ ਲਿਆ। ਗੁਰੂ ਜੀ ਜਿੱਕੇ ਖੜੋਤੇ ਸਨ ਉੱਥੇ ਇਕ ਛੋਟੀ ਜਹੀ ਦੀਵਾਰ ਸੀ। ਵਿਰੋਲਾ ਉਸਨੂੰ ਟਪਕੇ ਅੰਦਰ ਆ ਗਿਆ। ਪੈਂਦੇ ਖਾਂ ਗੁਰੂ ਜੀ ਦੇ ਨੇੜੇ ਆਇਆ, ਗੁਰੂ ਜੀ ਨੇ ਉਸ ਵਲ ਵੇਖਿਆ ਤੇ ਕਿਹਾ, "ਪੈਂਦੇ ਖਾਂ! ਤੂੰ ਸੂਬਿਆਂ ਤੇ ਬਾਦਿਹ ਪਾਸ ਇਕਰਾਰ ਕੀਤਾ ਹੈ ਕਿ ਮੈਂ ਗੁਰੂ ਨੂੰ ਫੜਕੇ ਲੈ ਆਵਾਂਗਾ, ਇਸ ਕਰਕੇ ਪਹਿਲੀ ਵਾਰ ਤੇਰੀ ਹੈ, ਆ! ਬਲ ਲਾ ਲੈ, ਤਾਂ ਜੋ ਤੇਰੇ ਦਿਲ ਵਿਚ ਕੋਈ ਅਰਮਾਨ ਰਹਿ ਨਾ ਜਾਵੇ।"

ਪੈਂਦੇ ਖਾਂ ਨੇ ਖੰਡਾ ਸੰਭਾਲਿਆ ਤੇ ਗੁਰੂ ਜੀ ਤੇ ਵਾਰ ਕੀਤਾ। ਗੁਰੂ ਜੀ ਨੇ ਪੈਰ ਦੇ ਨਾਲ ਘੋੜੇ ਦੀ ਰਕਾਬ ਅਗੇ ਕਰ ਦਿੱਤੀ, ਪੈਂਦੇ ਖਾਂ ਦਾ ਵਾਰ ਖਾਲੀ ਗਿਆ। ਸਤਿਗੁਰਾਂ ਦਾ ਵਾਲ ਵੀ ਵਿੰਗਾ ਨਾ ਹੋਇਆ।

ਪੈਂਦੇ ਖਾਂ ਨੇ ਫਿਰ ਖੰਡਾ ਸੰਭਾਲਿਆ ਤੇ ਪੂਰੇ ਜ਼ੋਰ ਨਾਲ ਉਛਲ ਕੇ ਵਾਰ ਕੀਤਾ, ਗੁਰੂ ਜੀ ਨੇ ਢਾਲ ਸਾਹਮਣੇ ਕੀਤੀ, ਇਹ ਵਾਰ ਵੀ ਖਾਲੀ ਗਿਆ, ਸਤਿਗੁਰੂ ਜੀ ਧੀਰਜ ਧਾਰ ਉਸੇ ਤਰ੍ਹਾਂ ਉਹਦੇ ਅਗੇ ਖੜੇ ਰਹੇ। ਹੁਣ ਪੈਂਦੇ ਖਾਂ ਨੂੰ ਚਿੰਤਾ ਪੈ ਗਈ ਕਿ ਗੁਰੂ ਜੀ ਅਤਿ ਸੂਰਮੇ ਹਨ, ਮੈਂ ਜੋ ਅਨੁਮਾਨ ਲਾਇਆ ਸੀ ਉਹ ਗ਼ਲਤ ਸੀ। ਗੁੱਸੇ ਵਿਚ ਆ ਦੂਜੇ ਪਾਸੇ ਹੋ ਫਿਰ ਖੰਡਾ ਚਲਾਇਆ, ਗੁਰੂ ਜੀ ਨੇ ਢਾਲ ਅਗੇ ਕੀਤੀ, ਖੰਡਾ ਢਾਲ ਦੇ ਫੁਲ ਤੇ ਲਗਾ ਤੇ ਦੋ ਟੁਕੜੇ ਹੋ ਗਿਆ, ਮੁੱਠ ਪੈਂਦੇ ਖਾਂ ਦੇ ਹੱਥ ਵਿਚ ਰਹਿ ਗਈ। ਪੈਂਦੇ ਖਾਂ ਨੇ ਚਾਹਿਆ ਕਿ ਜਫਾ ਮਾਰ ਕੇ ਗੁਰੂ ਜੀ ਨੂੰ ਚੁਕ ਲਵਾਂ। ਪੈਂਦੇ ਖਾਂ ਹਿਮਾਲਾ ਪਰਬਤ ਨੂੰ ਚੁਕਣਾ ਚਾਹੁੰਦਾ ਹੈਂ ਤੇ ਲੋਚਦਾ ਹੈ ਕਿ ਸੂਰਜ ਨੂੰ ਖੀਸੇ ਵਿਚ ਪਾ ਲਵਾਂ। ਘੋੜਿਓਂ ਉਤਰ ਗੁਰੂ ਜੀ ਦੇ ਘੋੜੇ ਨੂੰ ਜਫਾ ਮਾਰ ਕੇ ਖੜਾ ਕਰ ਲਿਆ, ਗੁਰੂ ਜੀ ਨੇ ਘੋੜੇ ਨੂੰ ਅੱਡੀ ਮਾਰੀ, ਘੋੜਾ ਇਸ਼ਾਰੇ ਨਾਲ ਹਵਾ ਹੋ ਜਾਣ ਵਾਲਾ ਸੀ, ਪ੍ਰੰਤੂ ਪੈਂਦੇ ਖਾਂ ਨੇ ਹਿਲਣ ਨਾ ਦਿਤਾ, ਗੁਰੂ ਜੀ ਨੇ ਢਾਲ ਸੰਭਾਲੀ ਤੇ ਪੈਂਦੇ ਖਾਂ ਦੇ ਸਿਰ ਤੇ ਇਸ ਜ਼ੋਰ ਨਾਲ ਮਾਰੀ ਕਿ ਉਹ ਚੱਕਰ ਖਾ ਕੇ ਪਿਛਾੜ ਜਾ ਪਿਆ। ਇਹਦਾ ਸਰੀਰ ਪਸੀਨੇ ਨਾਲ ਨਹਾਤਾ ਪਿਆ ਸੀ ਤੇ ਬੇਹੋਸ਼ ਸੀ, ਸਤਿਗੁਰਾਂ ਨੇ ਇਸ ਅਧਮੋਈ ਹਾਲਤ ਵਿਚ ਉਸਤੇ ਵਾਰ ਨਹੀਂ ਕੀਤਾ। ਹਜ਼ੂਰ ਘੋੜੇ ਤੋਂ ਉਤਰ ਪਏ, ਪੈਂਦੇ ਖਾਂ ਪਾਸ ਖੜੇ ਹੋ ਗਏ। ਦੋਹਾਂ ਧਿਰਾਂ ਦੇ ਬੀਰ ਗੁਰੂ ਜੀ ਦੀ ਪਰਲੇ ਦਰਜੇ ਦੀ ਬੀਰਤਾ ਤੇ ਦਿਲ ਦੀ ਵਿਸ਼ਾਲਤਾ ਵੇਖਕੇ ਦੰਗ ਸਨ, ਜਿਨਾਂ ਚਿਰ ਪੈਂਦੇ ਖਾਂ ਬੇਹੋਸ਼ ਪਿਆ ਰਿਹਾ ਗੁਰੂ ਜੀ ਨੇ ਕੁਛ ਨਹੀਂ ਕਿਹਾ, ਜਦ ਹੋਸ਼ ਆਈ ਪੈਂਦੇ ਖਾਂ ਉਠਿਆ, ਤਦ ਸਤਿਗੁਰੂ ਜੀ ਨੇ ਕਿਹਾ:-

ਬੋਲੇ ਬੰਗਾਰ, 'ਸੁਨ ਰੇ ਪਠਾਨ! ਮਮ ਵਾਰ ਦੇਹੁ ਬਨਿ ਸਾਵਧਾਨ॥੪੭॥
ਕਰਿ ਲੀਨ ਤੀਨ, ਤੈਂ ਬਲ ਲਗਾਇ।'

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੨੭, ਪੰਨਾ ੩੪੧੪}

ਹੇ ਪਠਾਣ! ਤੂੰ ਆਪਣੇ ਸਾਰੇ ਬਲ ਨਾਲ ਤਿੰਨ ਵਾਰ ਕਰ ਲਏ ਹਨ, ਹੁਣ ਤਿਆਰ ਹੋ ਤੇ ਸਾਡੇ ਹੱਥ ਵੇਖ।

ਪੈਂਦੇ ਖਾਂ ਕਰੋਧ ਵਿਚ ਆ ਕਹਿਣ ਲਗਾ, "ਹੁਣ ਤੁਸੀਂ ਮੇਰੇ ਕਾਬੂ ਵਿਚ ਹੋ, ਤੁਹਾਨੂੰ ਵਾਰ ਕਰਨ ਦਾ ਮੌਕਾ ਨਹੀਂ ਦੇਵਾਂਗਾ। ਤੁਸੀਂ ਮੇਰੇ ਪਾਸੋਂ ਛੁੱਟ ਨਹੀਂ ਸਕਦੇ, ਮੈਂ ਚੁਕ ਕੇ ਲੈ ਜਾਵਾਂਗਾ। ਜੇ


www.sikhbookclub.com

ਕੁਛ ਸਕਦੇ ਹੋ ਕਰ ਲਓ।"

ਗੁਰੂ ਜੀ ਪੈਂਦੇ ਖਾਂ ਦੇ ਨੇੜੇ ਹੋ ਗਏ, ਅੱਗੇ ਢਾਲ ਕੀਤੀ ਤੇ ਚਾਹਿਆ ਕਿ ਇਕੋ ਹਥ ਨਾਲ ਹੀ ਉਹਦੇ ਦੋ ਟੁਕੜੇ ਕਰ ਦੇਣ।

ਪੈਂਦੇ ਖਾਂ ਇਯ ਦਾਓ ਵਿਚ ਸੀ ਕਿ ਗੁਰੂ ਜੀ ਨੂੰ ਜੱਫੀ ਪਾ ਕੇ ਉਠਾ ਲਏ ਤੇ ਚੁਕ ਕੇ ਬ੍ਹਾਹਰ ਲੈ ਜਾਏ, ਜਿੱਥੋਂ ਕੋਈ ਛੁਡਾ ਨਾ ਸਕੇ। ਇਹ ਸੋਚ ਕੇ ਵਾਰ ਰੋਕਣ ਲਈ ਅਗੇ ਕੀਤੀ ਤਲਵਾਰ ਪਿਛੇ ਕਰ ਲਈ ਤੇ ਗੁਰੂ ਜੀ ਨੂੰ ਫੜਨਾ ਚਾਹਿਆ। ਗੁਰੂ ਜੀ ਨੇ ਉਹਦੇ ਦਾਓ ਨੂੰ ਬਚਾਕੇ ਡਾਢੀ ਸਫਾਈ ਨਾਲ ਵਾਰ ਕੀਤਾ ਜਿਵੇਂ ਤਰਖਾਣ ਕਰਤਵ ਲੈ ਕੇ ਲਕੜੀ ਦੇ ਦੋ ਟੁਕੜੇ ਕਰ ਦੇਂਦਾ ਹੈ, ਤਿਵੇਂ ਪੈਂਦੇ ਖਾਂ ਕਾਰੇ ਘਾਉ ਖਾ ਕੇ ਢੱਠਾ। ਜਦ ਪੈਂਦੇ ਖਾਂ ਹਨੇਰੀ ਦੇ ਝੂਣੇ ਨਾਲ ਡਿਗਣ ਲਗੇ ਬ੍ਰਿਛ ਵਾਂਗ ਧਰਤੀ ਤੇ ਡਿੱਗਾ, ਤਦ ਸਤਿਗੁਰ ਜੀ ਨੇ ਕਿਹਾ ਤੇਰਾ ਜਨਮ ਮੁਸਲਮਾਨ ਦਾ ਹੈ, ਕਲਮਾ ਪੜ੍ਹ। ਪੈਂਦੇ ਖਾਂ ਦੀਆਂ ਅੱਖਾਂ ਅਗੇ ਅੰਤ ਦੇ ਸਮੇਂ ਦਾ ਚਿੱਤਰ ਆ ਗਿਆ, ਗੁਰੂ ਜੀ ਦੀਆਂ ਮੇਹਰਾਂ ਪ੍ਰਿਤਪਾਲਨਾ, ਉਦਾਰਤਾ, ਨੇਕੀ ਤੇ ਪਿਆਰ ਦੇ ਸਲੂਕ ਚਿੱਤਰ ਬੰਨਕੇ ਅੱਖਾਂ ਅਗੋਂ ਗੁਜ਼ਰਨ ਲਗੇ। ਫਿਰ ਆਪਣੇ ਵਲੋਂ ਕੀਤੀ ਲੂਣ ਹਰਾਮੀ, ਵਿਸ਼ਵਾਸ਼ ਘਾਤ ਚੇਤੇ ਆਏ, ਅੱਖਾਂ ਵਿਚ ਨੀਰ ਭਰ ਆਇਆ, ਪਛਤਾਵੇ ਨੇ ਰੰਗ ਜਮਾਇਆ, ਹੱਥ ਜੁੜ ਗਏ। ਕਵੀ ਸੰਤੋਖ ਸਿੰਘ ਜੀ ਦਸਦੇ ਹਨ ਕਿ:-

ਦੋਹਰਾ॥ ਗਿਰਨ ਲਗਜੋ ਪੈਂਦਾ ਕਹੈ, ਸ੍ਰੀ ਗੁਰ ਤੁਵ ਤਰਵਾਰ।
ਭਈ ਰੂਪ ਕਲਮਾ ਅਬਹਿ, ਕਰੀਯਹਿ ਮੋਹਿ ਉਧਾਰ'॥੫੫॥
ਦੋਹਰਾ॥ ਪੈਂਦੇ ਖਾਂ ਜਬਿ ਦੀਨ ਹ੍ਵੈ, ਕੀਨਸਿ ਬਾਕ ਬਖਾਨ।
'ਸ੍ਰੀ ਗੁਰ ਤੁਮਰੇ ਹਾਥ ਕੀ ਮਿਸਰੀ ਕਲਮਾ ਜਾਨ'॥੧॥

{ਗੁ: ਪ੍ਰ: ਸੂ: ਪ੍ਰ:, ਰਾਸਿ ੮, ਅੰਸੂ ੨੭, ੨੮, ਪੰਨਾ ੩੪੧੫}

ਪੈਂਦੇ ਖਾਂ ਦੇ ਜੁੜਨ ਵਾਲੇ ਬੁਲਾਂ ਵਿਚੋਂ ਮੱਧਮ ਜਿਹੀ ਆਵਾਜ਼ ਆਈ, "ਹੇ ਸਤਿਗੁਰੂ! ਹੁਣ ਮੇਰਾ ਕਲਮਾ ਆਪ ਜੀ ਦੀ ਤਲਵਾਰ ਹੀ ਬਣ ਗਈ ਹੈ, ਇਸੇ ਨੇ ਪਾਰ ਉਤਾਰਾ ਕਰਨਾ ਹੈ।" ਇਹ ਵਾਕ ਸਤਿਗੁਰੂ ਜੀ ਨੇ ਸੁਣੇ, ਨਿਰਵੈਰ ਸਤਿਗੁਰੂ ਉਹਦੇ ਔਗਣਾਂ ਨੂੰ ਭੁਲ ਗਏ, ਧੁੱਪ ਦੇ ਵਿਚ ਆਖਰੀ ਸਵਾਸਾਂ ਤੇ ਪਏ ਤੜਫਦੇ ਦੇ ਸਿਰ ਉਤੇ ਢਾਲ ਦਾ ਪ੍ਰਛਾਵਾਂ ਕੀਤਾ, ਪੈਂਦੇ ਖਾਂ ਦੀਆਂ ਅੱਖਾਂ ਮੀਟੀਆਂ ਗਈਆਂ ਤੇ ਉਹ ਸਦਾ ਦੀ ਨੀਂਦਰ ਸੌਂ ਗਿਆ।*

---

* ਕਾਲੇ ਖਾਂ, ਕੁਤਬਦੀਨ, ਅਨਵਰ ਖਾਂ ਸਾਰੇ ਸਰਦਾਰ ਇਸ ਜੰਗ ਵਿਚ ਮਾਰੇ ਗਏ ਤੇ ਸ੍ਰੀ ਗੁਰੂ ਜੀ ਦੀ ਫਤਹ ਹੋਈ ਸੀ।


www.sikhbookclub.com